

# Moving to Indiana?

**Contact Ray Dhaliwal @ 317-993-4987**

*Ray Dhaliwal*
*Real Estate Broker*

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

for Free Consultation!!!

Helpful in Easy and Accessible Home Loans at low Interest Rates.

CENTURY 21 SCHEETZ
RAYD@C21Scheetz.com



Twenty First Year of Publication | ਨਿਊ ਯਾਰਕ ਐਡੀਸ਼ਨ | Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 21, Issue 32, August 8, 2020 | 20451 N. Plum Grove Rd., Palatine, IL 60074 | Ph:847-359-0746, Fax:847-705-9388


# ਨਸ਼ਿਆਂ ਦਾ ਕਹਿਰ: ਕੈਪਟਨ ਦੇ ਚਾਰ ਹਫਤੇ ਬਨਾਮ ਚਾਲੀ ਹਫਤੇ

## ਜ਼ਹਿਰੀਲੀ ਸ਼ਰਾਬ ਨਾਲ ਸੌ ਤੋਂ ਵੱਧ ਮੌਤਾਂ ਨੇ ਸਾਰੇ ਦਾਅਵਿਆਂ ਦੀ ਫੂਕ ਕੱਢੀ

**ਚੰਡੀਗੜ੍ਹ:** ਪੰਜਾਬ ਦੇ ਬਟਾਲਾ, ਤਰਨ ਤਾਰਨ ਅਤੇ ਅੰਮ੍ਰਿਤਸਰ ਜ਼ਿਲ੍ਹਿਆਂ ਵਿਚ ਜ਼ਹਿਰੀਲੀ ਸ਼ਰਾਬ ਪੀਣ ਨਾਲ 100 ਤੋਂ ਵੱਧ ਮੌਤਾਂ ਨੇ ਸਭ ਨੂੰ ਹਿਲਾ ਕੇ ਰੱਖ ਦਿੱਤਾ ਹੈ। ਇਸ ਦੁਖਾਂਤ ਨੇ ਜਿਥੇ ਸੂਬੇ ਵਿਚ ਸਿਆਸਤਦਾਨਾਂ, ਪੁਲਿਸ ਤੇ ਡਰੱਗ ਮਾਫੀਆ ਦੇ ਗੱਠਜੋੜ ਦੀ ਪੋਲ ਖੋਲ੍ਹ ਦਿੱਤੀ ਹੈ, ਉਥੇ ਕੈਪਟਨ ਸਰਕਾਰ ਵਲੋਂ ਸੂਬੇ ਵਿਚ ਨਸ਼ਿਆਂ ਦਾ ਲੱਕ ਤੋੜਨ ਦੇ ਦਾਅਵਿਆਂ ਦੀ ਵੀ ਫੂਕ ਕੱਢ ਦਿੱਤੀ ਹੈ। ਕੈਪਟਨ ਅਮਰਿੰਦਰ ਸਿੰਘ ਨੇ 2017 ਵਿਚ ਵਿਧਾਨ ਸਭਾ ਚੋਣਾਂ ਵੇਲੇ ਗੁਟਕੇ ਉਤੇ ਹੱਥ ਰੱਖ ਕੇ ਸਹੁੰ ਖਾਧੀ ਸੀ ਕਿ ਜੇ ਉਨ੍ਹਾਂ





ਦੀ ਪਾਰਟੀ ਸੱਤਾ ਵਿਚ ਆ ਗਈ ਤਾਂ ਚਾਰ ਹਫਤਿਆਂ ਵਿਚ ਨਸ਼ਿਆਂ ਦੀ ਸਪਲਾਈ ਦਾ ਲੱਕ ਤੋੜ ਦਿੱਤਾ ਜਾਵੇਗਾ ਪਰ ਹੁਣ ਜਦੋਂ ਉਨ੍ਹਾਂ ਦੀ ਸਰਕਾਰ ਬਣੀ ਨੂੰ ਪੂਰੇ ਚਾਲੀ ਹਫਤੇ ਹੋ ਹਏ ਹਨ ਤਾਂ ਇੰਨਾ ਵੱਡਾ ਦੁਖਾਂਤ ਵਾਪਰ ਗਿਆ ਹੈ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਹੁਣ ਇਨ੍ਹਾਂ ਮੌਤਾਂ ਨੂੰ ਕਤਲ ਕਰਾਰ ਦਿੰਦੇ ਹੋਏ ਦਾਅਵਾ ਕਰ ਰਹੇ ਹਨ ਕਿ ਇਸ ਲਈ ਜ਼ਿੰਮੇਵਾਰ ਕਿਸੇ ਵੀ ਦੋਸ਼ੀ ਨੂੰ ਬਖਸ਼ਿਆ ਨਹੀਂ ਜਾਵੇਗਾ ਪਰ ਕੈਪਟਨ ਸਰਕਾਰ ਦਾ ਪਿਛਲੇ ਸਾਢੇ ਤਿੰਨ ਸਾਲ ਦਾ ਇਤਿਹਾਸ ਕੁਝ ਹੋ ਹੀ ਇਸ਼ਾਰਾ ਕਰਦਾ ਹੈ। ਹੁਣ ਜਦੋਂ ਸ਼ਰਾਬ ਮਾਫੀਆ ਨਾਲ ਵੱਡੇ ਸਿਆਸੀ ਆਗੂਆਂ ਦੀ ਫੋਟੋਆਂ ਲਗਾਤਾਰ ਸਾਹਮਣੇ ਆ ਰਹੀਆਂ ਹਨ ਪਰ ਸਰਕਾਰ ਇਸ ਵਾਰ ਵੀ ਕੁਝ ਅਫਸਰਾਂ ਨੂੰ ਇਧਰੋਂ ਉਧਰ ਕਰ ਕੇ ਮਾਮਲਾ ਠੰਢਾ ਕਰਨ ਵਾਲੀ ਨੀਤੀ ਉਤੇ ਚੱਲ ਰਹੀ ਹੈ। ਪੁਲਿਸ ਅਤੇ ਡਰੱਗ ਮਾਫੀਆ ਦੇ ਗੱਠਜੋੜ ਦਾ ਪਤਾ ਇਸ ਗੱਲ ਤੋਂ ਹੀ ਲੱਗ ਜਾਂਦਾ ਹੈ ਕਿ ਪਿਛਲੇ ਇਕ ਹਫਤੇ ਵਿਚ ਸਿਰਫ ਤਿੰਨ ਜ਼ਿਲ੍ਹਿਆਂ ਵਿਚੋਂ ਹਜ਼ਾਰਾਂ ਲਿਟਰ ਨਕਲੀ ਸ਼ਰਾਬ ਬਰਾਮਦ ਹੋ ਗਈ, ਕਈ ਨਾਜਾਇਜ਼ ਫੈਕਟਰੀਆਂ ਸੀਲ ਕਰ ਦਿੱਤੀਆਂ ਅਤੇ ਸੈਂਕੜੇ ਤਸਕਰ ਵੀ ਗ੍ਰਿਫਤਾਰ ਹੋ ਗਏ ਜਿਨ੍ਹਾਂ ਨੂੰ ਹੁਣ ਤੱਕ ਪੁਲਿਸ ਨੇ ਵੇਖ ਕੇ ਵੀ ਅੱਖਾਂ ਮੀਟੀਆਂ ਹੋਈਆਂ ਸਨ। ਮੁਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਇਨ੍ਹਾਂ ਜ਼ਿਲ੍ਹਿਆਂ ਵਿਚ ਇਹ ਧੰਦਾ ਪਿਛਲੇ ਕਾਫੀ ਸਾਲਾਂ ਤੋਂ ਸ਼ਰੇਆਮ ਚੱਲ ਰਿਹਾ ਸੀ।

ਪਿੰਡ ਮੁੱਛਲ ਵਿਚ ਨਾਜਾਇਜ਼ ਸ਼ਰਾਬ ਵੇਚਣ ਦੇ ਮਾਮਲੇ ਵਿਚ ਗ੍ਰਿਫਤਾਰ ਔਰਤ ਬਲਵਿੰਦਰ ਕੌਰ ਵਲੋਂ ਨਾਜਾਇਜ਼ ਸ਼ਰਾਬ ਦਾ ਕਾਰੋਬਾਰ ਪਿਛਲੇ ਲਗਭਗ ਦੋ ਦਹਾਕਿਆਂ ਤੋਂ ਚਲਾਇਆ ਜਾ ਰਿਹਾ ਸੀ ਅਤੇ ਇਸ ਬਾਰੇ ਪੁਲਿਸ ਵੀ ਭਲੀਭਾਂਤ ਜਾਣੂ ਸੀ। ਇਹ ਔਰਤ ਸ਼ਰੇਆਮ ਦਾਅਵਾ ਕਰ ਰਹੀ ਹੈ ਕਿ ਇਹ ਇਸ ਬਦਲੇ ਪੁਲਿਸ ਨੂੰ ਮੋਟੀ ਰਕਮ ਦਿੰਦੀ ਸੀ। ਪਿੰਡ ਵਾਸੀਆਂ ਨੇ ਕਈ ਵਾਰ ਪੁਲਿਸ ਨੂੰ ਸੂਚਿਤ ਕੀਤਾ ਸੀ ਪਰ ਹਰ ਵਾਰ ਹੀ ਪੁਲਿਸ ਨੇ ਅੱਖਾਂ ਬੰਦ ਕਰਕੇ ਸਮਾਂ ਲੰਘਾ ਦਿੱਤਾ।

ਪਤਾ ਲੱਗਾ ਹੈ ਕਿ ਮ੍ਰਿਤਕਾਂ ਵਿਚ ਜ਼ਿਆਦਾਤਰ ਮਿਹਨਤ ਮਜ਼ਦੂਰੀ ਕਰਨ ਵਾਲੇ ਦਿਹਾੜੀਦਾਰ ਜਾਂ ਆਰਥਕ ਚੱਕੀ ਵਿਚ ਪਿਸ ਰਹੇ ਲੋਕ ਹਨ, ਜਿਹੜੇ ਪਿੰਡਾਂ ਵਿਚ ਸ਼ਰੇਆਮ ਵਿਕਦੀ ਨਕਲੀ ਸ਼ਰਾਬ ਦਾ ਸੇਵਨ ਕਰਦੇ ਹਨ। ਨਕਲੀ ਸ਼ਰਾਬ ਤਿਆਰ ਕਰਨ ਲਈ 20 ਲੀਟਰ ਪਾਣੀ ਵਿਚ ਸਿਰਫ ਇਕ ਲੀਟਰ 'ਮਿਥਾਈਲ ਅਲਕੋਹਲ' ਮਿਲਾ ਕੇ ਸ਼ਰਾਬ ਤਿਆਰ ਕਰ ਕੇ ਉਸ ਨੂੰ ਪਲਾਸਟਿਕ ਦੀਆਂ ਛੋਟੀਆਂ ਥੈਲੀਆਂ ਵਿਚ ਭਰ ਕੇ 20 ਰੁਪਏ ਤੋਂ ਲੈ ਕੇ 30 ਰੁਪਏ ਵਿਚ ਵੇਚਿਆ ਜਾਂਦਾ ਹੈ। ਇਸ ਤੋਂ ਇਲਾਵਾ ਮੱਝਾਂ ਨੂੰ ਲਗਾਉਣ ਵਾਲੇ ਟੀਕੇ 'ਆਕਸੀਟੌਕਸਿਨ' ਵੀ ਇਸ ਸ਼ਰਾਬ

(ਬਾਕੀ ਸਫਾ 6 ਉਤੇ)


## ਕੈਪਟਨ ਸਰਕਾਰ ਨੂੰ 'ਆਪਣਿਆਂ' ਨੇ ਹੀ ਘੇਰਿਆ

**ਚੰਡੀਗੜ੍ਹ:** ਜ਼ਹਿਰੀਲੀ ਸ਼ਰਾਬ ਕਾਰਨ ਮੌਤਾਂ ਦੇ ਮਾਮਲੇ ਉਤੇ ਕੈਪਟਨ ਸਰਕਾਰ ਬੁਰੀ ਤਰ੍ਹਾਂ ਘਿਰ ਗਈ ਹੈ। ਕੈਪਟਨ ਦੇ ਮੰਤਰੀਆਂ ਤੇ ਵਿਧਾਇਕਾਂ ਦੀ ਹਾਲਤ ਇਹ ਹੈ ਕਿ ਕੋਈ ਵੀ ਪੀੜਤ ਪਰਿਵਾਰਾਂ ਕੋਲ ਪਹੁੰਚ ਕਰ ਕੇ ਦੁੱਖ ਵੰਡਾਉਣ ਦੀ ਥਾਂ ਦੂਰੋਂ ਹਮਦਰਦੀ ਵਿਖਾ ਰਿਹਾ ਹੈ। ਇਥੋਂ ਤੱਕ ਕਿ ਇੰਨਾ ਐਡੇ ਵੱਡਾ ਦੁਖਾਂਤ ਹੋਣ ਦੇ ਬਾਵਜੂਦ ਕੈਪਟਨ ਅਜੇ ਕਿਸੇ ਪੀੜਤ ਪਰਿਵਾਰ ਦੇ ਮੱਥੇ ਨਹੀਂ ਲੱਗਿਆ। ਇਸ ਤੋਂ ਇਲਾਵਾ ਆਮ ਆਦਮੀ ਪਾਰਟੀ ਤੇ ਅਕਾਲੀ ਦਲ ਵਲੋਂ ਸਰਕਾਰ ਨੂੰ ਘੇਰਿਆ ਹੋਇਆ ਹੈ।

ਕੈਪਟਨ ਸਰਕਾਰ ਲਈ ਵੱਡੀ ਨਮੋਸ਼ੀ ਇਹ ਹੈ ਕਿ ਵਿਰੋਧੀਆਂ ਤੋਂ ਇਲਾਵਾ ਆਪਣਿਆਂ ਨੇ ਵੀ ਸਰਕਾਰ ਦੀ ਨਾਲਾਇਕੀ ਉਤੇ ਸਵਾਲ ਚੁੱਕ ਦਿੱਤੇ ਹਨ। ਪੰਜਾਬ ਪ੍ਰਦੇਸ਼ ਕਮੇਟੀ ਦੇ ਸਾਬਕਾ ਉਪ ਪ੍ਰਧਾਨ ਤੇ ਦੋ ਵਾਰ ਵਿਧਾਇਕ ਰਹਿ ਚੁੱਕੇ ਚੌਧਰੀ ਤਰਲੋਚਨ ਸਿੰਘ ਸੂੰਢ ਨੇ ਕੈਪਟਨ ਅਮਰਿੰਦਰ ਸਿੰਘ ਖਿਲਾਫ ਮੋਰਚਾ ਖੋਲ੍ਹਦਿਆਂ ਨੈਤਿਕਤਾ ਦੇ ਆਧਾਰ 'ਤੇ ਅਸਤੀਫਾ ਦੇਣ ਦੀ ਮੰਗ ਕੀਤੀ ਹੈ। ਕਾਂਗਰਸੀ ਸੰਸਦ ਮੈਂਬਰ ਪ੍ਰਤਾਪ ਸਿੰਘ ਬਾਜਵਾ ਅਤੇ ਸ਼ਮਸ਼ੇਰ ਸਿੰਘ ਦੂਲੋ ਨੇ ਪੰਜਾਬ ਦੇ ਸ਼ਰਾਬ ਮਾਫੀਏ ਦੇ ਮਾਮਲੇ 'ਤੇ ਆਪਣੀ ਹੀ ਪਾਰਟੀ ਦੀ ਸਰਕਾਰ ਖਿਲਾਫ ਬਿਗਲ ਵਜਾ ਦਿੱਤਾ ਹੈ।

ਦੋਵੇਂ ਸੰਸਦ ਮੈਂਬਰਾਂ ਨੇ ਸ਼ਰਾਬ ਮਾਫੀਏ ਦੇ ਮੁੱਦੇ 'ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਸਿੱਧਾ ਨਿਸ਼ਾਨੇ 'ਤੇ ਲਿਆ ਹੈ। ਦੋਵਾਂ ਨੇ ਪੰਜਾਬ ਦੇ ਰਾਜਪਾਲ ਵੀ.ਪੀ. ਸਿੰਘ ਬਦਨੌਰ ਨਾਲ ਮੁਲਾਕਾਤ ਕੀਤੀ ਅਤੇ ਜ਼ਹਿਰੀਲੀ ਸ਼ਰਾਬ ਕਾਰਨ ਮਾਝੇ ਵਿਚ ਵਾਪਰੀ ਤਰਾਸਦੀ ਅਤੇ ਪੰਜਾਬ ਦੇ ਸ਼ਰਾਬ ਮਾਫੀਏ ਦੀ ਸੀ.ਬੀ.ਆਈ. ਅਤੇ ਈਡੀ ਤੋਂ ਜਾਂਚ ਕਰਾਏ ਜਾਣ ਦੀ ਮੰਗ ਕੀਤੀ ਹੈ। ਦੋਵਾਂ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਨੂੰ ਪੰਜਾਬ ਸਰਕਾਰ ਦੀ ਜਾਂਚ 'ਤੇ ਭਰੋਸਾ ਨਹੀਂ ਹੈ।


**Tanya`s Beauty Salon**



*Threading/Waxing
*Facial (Men & Women)
*Anti-Aging Facial-Bleach
*Hair Cut-Color and Style

We Specialize in Bridal & Henna

85-03 Roosevelt Ave.,
Jackson Heights, NY 11373
Ph: 718-205-7832



**LEAF XPRESS**
INIANAPOLIS, IN

**Now Hiring!**

We are looking for professional CDL A drivers.
*Newer Model well maintained Trucks and Trailers.
*COMPETITIVE PAY!! HOME EVERY WEEKEND!!
*Atleast 2 years of experience required.

Call, ISHAN: 317-688-9222

28-



ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ

120-20 101 Ave. S. Richmond Hill,
New York 11419

# ਸਿੱਖ ਨੌਜਵਾਨਾਂ ਨੂੰ ਜੇਲ੍ਹੀਂ ਡੱਕਣ ਦੇ ਮੁੱਦੇ 'ਤੇ ਸਿਆਸੀ ਧਿਰਾਂ ਆਪਸ 'ਚ ਭਿੜੀਆਂ

**ਚੰਡੀਗੜ੍ਹ:** ਯੂ.ਏ.ਪੀ.ਏ. ਕਾਨੂੰਨ ਤਹਿਤ ਸਿੱਖ ਨੌਜਵਾਨਾਂ ਨੂੰ ਜੇਲ੍ਹਾਂ ਵਿਚ ਡੱਕਣ ਦੇ ਮਾਮਲੇ ਉਤੇ ਪੰਜਾਬ ਦੀਆਂ ਸਿਆਸੀ ਧਿਰਾਂ ਨੇ ਇਕ-ਦੂਜੇ ਨੂੰ ਘੇਰਨਾ ਸ਼ੁਰੂ ਕਰ ਦਿੱਤਾ ਹੈ। ਇਸ ਮੁੱਦੇ ਉਤੇ ਅਕਾਲੀ ਦਲ ਬਾਦਲ ਤੇ ਕਾਂਗਰਸ ਨੇ ਇਕ ਦੂਜੇ ਉਤੇ ਗੰਭੀਰ ਦੋਸ਼ ਲਾਏ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸੂਬਾਈ ਪੁਲਿਸ ਦੇ ਮੁਖੀ ਦਿਨਕਰ ਗੁਪਤਾ ਨੂੰ ਸਿੱਖ ਵਿਰੋਧੀ ਮਾਨਸਿਕਤਾ ਵਾਲਾ ਪੁਲਿਸ ਅਫਸਰ ਕਰਾਰ ਦਿੱਤਾ ਹੈ। ਅਕਾਲੀ ਦਲ ਦੇ ਪ੍ਰਧਾਨ ਨੇ ਪੰਜਾਬ ਪੁਲਿਸ ਉਤੇ ਗੈਰਕਾਨੂੰਨੀ ਗਤੀਵਿਧੀਆਂ ਰੋਕੂ ਐਕਟ (ਯੂ.ਏ.ਪੀ.ਏ.) ਦੀ ਅੰਨ੍ਹੇਵਾਹ ਵਰਤੋਂ ਦੇ ਦੋਸ਼ ਲਾਉਂਦਿਆਂ ਚਿਤਾਵਨੀ ਵੀ ਦਿੱਤੀ ਹੈ। ਸ੍ਰੀ ਬਾਦਲ ਨੇ ਕਿਹਾ ਕਿ ਸੂਬੇ ਦੇ ਪੁਲਿਸ ਮੁਖੀ ਨੂੰ ਸਪਸ਼ਟ ਹਦਾਇਤਾਂ ਹੋਣੀਆਂ ਚਾਹੀਦੀਆਂ ਹਨ ਕਿ ਛੋਟੀਆਂ ਗਲਤੀਆਂ ਲਈ ਸਿੱਖ ਨੌਜਵਾਨਾਂ ਉਤੇ ਯੂ.ਏ.ਪੀ.ਏ. ਤਹਿਤ ਕੇਸ ਦਰਜ ਨਾ ਕੀਤੇ ਜਾਣ।

ਸਿੱਖ ਨੌਜਵਾਨਾਂ ਨੂੰ ਅਜਿਹੇ ਮਾਮਲਿਆਂ ਵਿਚ ਗ੍ਰਿਫਤਾਰ ਕਰ ਕੇ ਜੇਲ੍ਹਾਂ ਵਿਚ ਡੱਕੇ ਜਾਣ ਦੇ ਕੇਸਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਦੂਜੇ ਪਾਸੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਗੈਰਕਾਨੂੰਨੀ ਸਰਗਰਮੀਆਂ ਰੋਕੂ ਐਕਟ (ਯੂ.ਏ.ਪੀ.ਏ.) ਤਹਿਤ ਕੀਤੀਆਂ ਗ੍ਰਿਫਤਾਰੀਆਂ 'ਤੇ ਸੁਖਬੀਰ ਸਿੰਘ ਬਾਦਲ ਵੱਲੋਂ ਦਿੱਤੀ ਧਮਕੀ ਸਬੰਧੀ ਕਰੜੀ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਉਹ ਪੰਜਾਬ ਅਤੇ ਦੇਸ਼ ਦੀ ਏਕਤਾ ਤੇ ਅਖੰਡਤਾ ਦੀ ਰਾਖੀ ਲਈ ਕਾਨੂੰਨ ਅਨੁਸਾਰ ਸਾਰੇ ਢੁਕਵੇਂ ਕਦਮ ਚੁੱਕਣਗੇ। ਮੁੱਖ ਮੰਤਰੀ ਨੇ ਕਿਹਾ ਕਿ ਅਕਾਲੀ ਦਲ ਦੇ ਪ੍ਰਧਾਨ ਦੀਆਂ ਧਮਕੀਆਂ ਉਨ੍ਹਾਂ ਨੂੰ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਤੋਂ ਰੋਕ ਨਹੀਂ ਸਕਦੀਆਂ।

ਕੈਪਟਨ ਨੇ ਕਿਹਾ ਕਿ ਜੇਕਰ ਸੁਖਬੀਰ ਸਿੰਘ ਬਾਦਲ ਦੇ ਦਾਅਵੇ ਅਨੁਸਾਰ ਯੂ.ਏ.ਪੀ.ਏ. ਤਹਿਤ ਪੰਜਾਬ ਪੁਲਿਸ ਵੱਲੋਂ ਗਲਤ ਢੰਗ ਨਾਲ ਗ੍ਰਿਫਤਾਰ ਕਰਨ ਜਾਂ ਮਾਮਲਾ ਦਰਜ ਸਬੰਧੀ ਕੋਈ ਵਿਸ਼ੇਸ਼ ਕੇਸ ਉਨ੍ਹਾਂ ਦੇ ਧਿਆਨ ਵਿਚ ਹੈ ਤਾਂ ਉਹ ਬੇਲੋੜੀ ਬਿਆਨਬਾਜ਼ੀ ਕਰਨ ਦੀ ਥਾਂ ਉਨ੍ਹਾਂ ਨੂੰ ਇਸ ਦੀ ਸੂਚੀ ਭੇਜ ਸਕਦੇ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਕਿਸੇ ਖਿਲਾਫ ਵੀ ਝੂਠਾ ਮਾਮਲਾ ਦਰਜ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਅਤੇ ਅਕਾਲੀ ਦਲ ਦੇ ਪ੍ਰਧਾਨ ਨੂੰ ਪੰਜਾਬੀ ਨੌਜਵਾਨਾਂ ਵਿਸ਼ੇਸ਼ ਕਰਕੇ ਸਿੱਖਾਂ ਨੂੰ ਪੰਜਾਬ ਪੁਲਿਸ ਖਿਲਾਫ ਭੜਕਾ ਕੇ ਵੱਖਵਾਦੀ ਤਾਕਤਾਂ ਦਾ ਹੱਥ ਠੋਕਾ ਬਣਨ ਤੋਂ ਗੁਰੇਜ ਕਰਨਾ ਚਾਹੀਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਯੂ.ਏ.ਪੀ.ਏ. ਤਹਿਤ ਅਕਾਲੀ-ਭਾਜਪਾ ਸਰਕਾਰ ਵੇਲੇ ਪੰਜਾਬ ਵਿਚ 60 ਤੋਂ ਵੱਧ ਮਾਮਲੇ ਦਰਜ ਕੀਤੇ ਗਏ ਸਨ, ਜਿਨ੍ਹਾਂ ਵਿਚੋਂ 2010 ਵਿਚ 19 ਤੇ 2017 ਵਿਚ 12 ਮਾਮਲੇ ਸਨ। ਇਨ੍ਹਾਂ ਮਾਮਲਿਆਂ ਵਿਚ ਗ੍ਰਿਫਤਾਰ ਕੀਤੇ 225 ਵਿਅਕਤੀਆਂ ਵਿਚੋਂ 120 ਨੂੰ ਬਰੀ ਕਰ ਦਿੱਤਾ ਗਿਆ, ਜਿਸ ਤੋਂ ਸਪੱਸ਼ਟ ਸੰਕੇਤ ਮਿਲਦੇ ਹਨ ਕਿ ਅਕਾਲੀ ਹਕੂਮਤ ਦੌਰਾਨ ਇਸ ਐਕਟ ਦੀ ਅੰਨ੍ਹੇਵਾਹ ਦੁਰਵਰਤੋਂ ਕੀਤੀ ਗਈ ਸੀ। ਕੈਪਟਨ ਨੇ ਕਿਹਾ ਕਿ ਸੁਖਬੀਰ ਬਾਦਲ ਪੰਜਾਬ ਪੁਲਿਸ ਵੱਲੋਂ ਵੱਖਵਾਦੀ ਅਤੇ ਦਹਿਸ਼ਤਗਰਦੀ ਤੱਤਾਂ ਖਿਲਾਫ ਵਿੱਢੀ ਗਈ ਮੁਹਿੰਮ ਦਾ ਵਿਰੋਧ ਕਰ ਕੇ ਸਿੱਖਾਂ ਵਿਚ ਫਿਰਕੂ ਵੰਡੀਆਂ ਪਾਉਣ ਦਾ ਕੋਝਾ ਯਤਨ ਕਰ ਰਹੇ ਹਨ।



## ਰੈਫਰੈਂਡਮ-2020: ਕੈਪਟਨ ਨੇ ਸੁਖਬੀਰ ਘੇਰਿਆ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਿੱਖਸ ਫਾਰ ਜਸਟਿਸ ਦੇ ਰਾਇਸ਼ੁਮਾਰੀ-2020 ਨੂੰ ਖੁੱਲ੍ਹੇ ਤੌਰ 'ਤੇ ਰੱਦ ਕਰ ਦੇਣ ਵਾਲੇ ਦੇਸ਼ਾਂ ਦੀ ਕਤਾਰ ਵਿਚ ਯੂ.ਕੇ. ਦੇ ਵੀ ਸ਼ਾਮਲ ਹੋਣ ਮਗਰੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਘੇਰਿਆ ਹੈ। ਉਨ੍ਹਾਂ ਕਿਹਾ ਕਿ ਕੈਨੇਡਾ ਤੋਂ ਬਾਅਦ ਹੁਣ ਯੂ.ਕੇ. ਨੇ ਵੀ ਸਾਫ ਤੌਰ 'ਤੇ ਇਹ ਬਿਆਨ ਜਾਰੀ ਕੀਤਾ ਹੈ ਕਿ ਉਸ ਦਾ ਇਸ ਗੈਰ-ਅਧਿਕਾਰਤ ਰੈਫਰੈਂਡਮ ਨਾਲ ਕੋਈ ਵੀ ਸਬੰਧ ਨਹੀਂ ਹੈ ਅਤੇ ਉਹ ਪੰਜਾਬ ਨੂੰ ਭਾਰਤ ਦਾ ਹਿੱਸਾ ਸਮਝਦੇ ਹਨ। ਯੂ.ਕੇ. ਦੇ ਬਿਆਨ ਦਾ ਸਵਾਗਤ ਕਰਦੇ ਹੋਏ ਮੁੱਖ ਮੰਤਰੀ ਨੇ ਹੈਰਾਨੀ ਜ਼ਾਹਰ ਕੀਤੀ ਕਿ ਕਿਉਂ ਸੁਖਬੀਰ ਨੇ ਪਾਕਿਸਤਾਨ ਦੀ ਹਮਾਇਤ ਹਾਸਲ ਸਿੱਖਸ ਫਾਰ ਜਸਟਿਸ ਅਤੇ ਭਾਰਤ ਤੇ ਖਾਸ ਕਰਕੇ ਪੰਜਾਬ ਨੂੰ ਅਸਥਿਰ ਕਰਨ ਵਿਚ ਲੱਗੀਆਂ ਦਹਿਸ਼ਤਗਰਦੀ ਅਤੇ ਗਰਮਖਿਆਲੀ ਜਥੇਬੰਦੀਆਂ ਵੱਲੋਂ ਦਰਪੇਸ਼ ਖਤਰੇ ਤੋਂ ਅੱਖਾਂ ਮੀਚੀਆਂ ਹੋਈਆਂ ਹਨ।

## ਤਸ਼ੱਦਦ ਖਿਲਾਫ ਸੰਘਰਸ਼ ਵਿੱਢਣ ਦਾ ਐਲਾਨ

**ਲੁਧਿਆਣਾ:** ਸਿੱਖ ਸਟੂਡੈਂਟਸ ਫੈਡਰੇਸ਼ਨ (ਗਰੇਵਾਲ) ਦੇ ਪ੍ਰਧਾਨ ਤੇ ਮੈਂਬਰ ਸ਼੍ਰੋਮਣੀ ਕਮੇਟੀ ਗੁਰਚਰਨ ਸਿੰਘ ਗਰੇਵਾਲ ਅਤੇ ਸੀਨੀਅਰ ਮੀਤ ਪ੍ਰਧਾਨ ਤੇ ਮੀਤ ਪ੍ਰਧਾਨ ਸ਼੍ਰੋਮਣੀ ਕਮੇਟੀ ਜਥੇਦਾਰ ਗੁਰਬਖਸ਼ ਸਿੰਘ ਖਾਲਸਾ ਨੇ ਕਿਹਾ ਹੈ ਕਿ ਪੰਜਾਬ ਦੀ ਕਾਂਗਰਸ ਸਰਕਾਰ ਵੱਲੋਂ ਕਾਲੇ ਕਾਨੂੰਨਾਂ ਦੀ ਆੜ 'ਚ ਪੰਜਾਬ ਦੇ ਸਿੱਖ ਨੌਜਵਾਨਾਂ 'ਤੇ ਜੋ ਤਸ਼ੱਦਦ ਢਾਹਿਆ ਜਾ ਰਿਹਾ ਹੈ, ਉਸ ਦੀ ਉਹ ਕਰੜੇ ਸ਼ਬਦਾਂ ਵਿਚ ਨਿੰਦਾ ਕਰਦੇ ਹਨ ਅਤੇ ਜੇਕਰ ਸਰਕਾਰ ਨੇ ਆਪਣਾ ਇਹ ਰਵੱਈਆ ਨਾ ਤਿਆਗਿਆ ਤਾਂ ਉਹ ਪੰਜਾਬ ਸਰਕਾਰ ਖਿਲਾਫ ਸੰਘਰਸ਼ ਵਿੱਢਣਗੇ।

## ਯੂ.ਏ.ਪੀ.ਏ. ਨੂੰ ਲੈ ਕੇ ਖਹਿਰਾ ਦਾ ਕੈਪਟਨ ਨੂੰ ਪੱਤਰ

**ਚੰਡੀਗੜ੍ਹ:** ਵਿਰੋਧੀ ਧਿਰ ਦੇ ਸਾਬਕਾ ਨੇਤਾ ਅਤੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਯੂ.ਏ.ਪੀ.ਏ. ਕਾਨੂੰਨ ਨੂੰ ਲੈ ਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪੱਤਰ ਲਿਖਿਆ, ਜਿਸ ਵਿਚ ਉਨ੍ਹਾਂ ਲਿਖਿਆ ਇਸ ਪੱਤਰ ਰਾਹੀਂ ਮੈਂ ਤੁਹਾਡਾ ਧਿਆਨ ਕੇਂਦਰ ਵਿਚਲੀ ਮੋਦੀ ਸਰਕਾਰ ਅਤੇ ਪੰਜਾਬ ਵਿਚਲੀ ਕੈਪਟਨ ਸਰਕਾਰ ਵੱਲੋਂ ਯੂ.ਏ.ਪੀ.ਏ. ਕਾਨੂੰਨ ਤਹਿਤ ਪੰਜਾਬੀਆਂ ਅਤੇ ਸਿੱਖਾਂ ਵਿਸ਼ੇਸ਼ ਤੌਰ 'ਤੇ ਦਲਿਤਾਂ ਉਤੇ ਕੀਤੇ ਜਾ ਰਹੇ ਜ਼ੁਲਮਾਂ ਅਤੇ ਵਧੀਕੀਆਂ ਨੂੰ ਤੁਹਾਡੇ ਧਿਆਨ 'ਚ ਲਿਆਉਣਾ ਚਾਹੁੰਦਾ ਹਾਂ। ਉਨ੍ਹਾਂ ਕਿਹਾ ਕਿ ਯੂ.ਏ.ਪੀ.ਏ. ਕਾਨੂੰਨ ਤਹਿਤ ਪੰਜਾਬ ਭਰ ਵਿਚ ਪਿਛਲੇ ਥੋੜ੍ਹੇ ਸਮੇਂ 'ਚ 16 ਮੁਕੱਦਮੇ ਦਰਜ ਹੋਏ ਹਨ ਅਤੇ ਮੌਜੂਦਾ ਸਰਕਾਰ ਦੇ ਕਾਰਜਕਾਲ ਦੌਰਾਨ ਕੁੱਲ 47 ਮੁਕੱਦਮੇ ਦਰਜ ਹੋਏ ਹਨ, ਜਿਨ੍ਹਾਂ ਵਿਚ ਬੇਕਸੂਰ ਗਰੀਬਾਂ ਨੂੰ ਨਾਜਾਇਜ਼ ਢੰਗ ਨਾਲ ਗ੍ਰਿਫਤਾਰ ਕੀਤਾ ਜਾ ਰਿਹਾ ਹੈ ਜੋ ਕਿ ਆਪਣੇ ਵਾਸਤੇ ਕਾਨੂੰਨੀ ਲੜਾਈ ਲੜਨ ਦੇ ਯੋਗ ਵੀ ਨਹੀਂ ਹਨ।

## ਗੁਰਮੀਤ ਰਾਮ ਰਹੀਮ ਤਾਉਮਰ ਰਹੇਗਾ ਡੇਰਾ ਸਿਰਸਾ ਦਾ ਮੁਖੀ


**ਸਿਰਸਾ:** ਸਾਧਵੀ ਨਾਲ ਜਬਰ ਜਨਾਹ ਤੇ ਪੱਤਰਕਾਰ ਰਾਮ ਚੰਦਰ ਛਤਰਪਤੀ ਦੇ ਕਤਲ ਦੇ ਮਾਮਲੇ 'ਚ ਰੋਹਤਕ ਦੀ ਸੁਨਾਰੀਆ ਜੇਲ੍ਹ 'ਚ ਸਜ਼ਾ ਭੁਗਤ ਰਹੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੇ ਆਪਣੀ ਮਾਂ ਨੂੰ ਚਿੱਠੀ ਲਿਖੀ ਹੈ, ਜੋ ਚਰਚਾ ਦਾ ਵਿਸ਼ਾ ਬਣੀ ਹੋਈ ਹੈ।

ਚਿੱਠੀ ਵਿਚ ਜਿਥੇ ਡੇਰਾ ਮੁਖੀ ਨੇ ਆਪਣੀ ਮਾਂ ਨੂੰ ਸਿਹਤ ਦਾ ਧਿਆਨ ਰੱਖਣ ਦੀ ਹਦਾਇਤ ਕੀਤੀ ਹੈ, ਉਥੇ ਹੀ ਆਸ ਵੀ ਪ੍ਰਗਟਾਈ ਹੈ ਕਿ ਜੇ ਪਰਮਾਤਮਾ ਨੇ ਚਾਹਿਆ ਤਾਂ ਉਹ ਜਲਦੀ ਬਾਹਰ ਆ ਕੇ ਖੁਦ ਉਨ੍ਹਾਂ ਦਾ ਇਲਾਜ ਕਰਵਾਉਣਗੇ। ਚਿੱਠੀ ਵਿਚ ਗੁਰਮੀਤ ਰਾਮ ਰਹੀਮ ਸਿੰਘ ਨੇ ਲਿਖਿਆ ਹੈ ਕਿ ਉਹ ਤਾਉਮਰ ਡੇਰਾ ਮੁਖੀ ਬਣ ਕੇ ਲੋਕਾਂ ਦੀ ਸੇਵਾ ਕਰਦੇ ਰਹਿਣਗੇ।

ਡੇਰਾ ਮੁਖੀ ਵੱਲੋਂ ਚਿੱਠੀ ਵਿਚ ਪਰਿਵਾਰ ਦੇ ਜੀਆਂ ਦੇ ਨਾਲ-ਨਾਲ ਗੋਦ ਲਈ ਧੀ ਹਨੀਪ੍ਰੀਤ, ਡੇਰੇ ਦੇ ਸ਼ਰਧਾਲੂਆਂ ਅਤੇ ਪ੍ਰਬੰਧਕਾਂ ਦਾ ਵੀ ਜ਼ਿਕਰ ਕੀਤਾ ਗਿਆ ਹੈ। ਚਿੱਠੀ ਵਿਚ ਜਿਥੇ ਸ਼ਰਧਾਲੂਆਂ ਨੂੰ ਸਰਕਾਰ ਵੱਲੋਂ ਕਰੋਨਾ ਨਾਲ ਨਜਿੱਠਣ ਲਈ ਜਾਰੀ ਕੀਤੀਆਂ ਗਈਆਂ ਹਦਾਇਤਾਂ ਦੀ ਪਾਲਣਾ ਕਰਨ ਦੀ ਗੱਲ ਕਹੀ ਗਈ ਹੈ, ਉਥੇ ਹੀ ਉਨ੍ਹਾਂ ਨੂੰ ਖੂਨਦਾਨ ਤੇ ਭਲਾਈ ਦੇ ਕੰਮ ਜਾਰੀ ਰੱਖਣ ਦੀ ਹਦਾਇਤ ਵੀ ਕੀਤੀ ਗਈ ਹੈ। ਡੇਰੇ ਵਿਚ ਗੁੱਟਬਾਜ਼ੀ ਦੇ ਸਵਾਲਾਂ ਦਾ ਵੀ ਜਵਾਬ ਦਿੱਤਾ ਗਿਆ ਹੈ।

# ਬੁਰਾ ਫਸਿਆ ਸੁਮੇਧ ਸੈਣੀ, ਤਿੰਨ ਸਾਬਕਾ ਇੰਸਪੈਕਟਰ ਦੇਣਗੇ ਗਵਾਹੀ

**ਮੁਹਾਲੀ:** ਸਿਟਕੋ ਦੇ ਜੂਨੀਅਰ ਇੰਜੀਨੀਅਰ (ਜੇਈ) ਬਲਵੰਤ ਸਿੰਘ ਮੁਲਤਾਨੀ ਨੂੰ 29 ਸਾਲ ਪਹਿਲਾਂ ਅਗਵਾ ਕਰਨ ਮਗਰੋਂ ਭੇਤਭਰੀ ਹਾਲਤ ਵਿਚ ਲਾਪਤਾ ਕਰਨ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਸੂਬੇ ਦੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਦੀਆਂ ਮੁਸ਼ਕਲਾਂ ਵਧਦੀਆਂ ਜਾ ਰਹੀਆਂ ਹਨ। ਕੁਝ ਦਿਨ ਪਹਿਲਾਂ ਹੀ ਪੰਜਾਬ ਸਰਕਾਰ ਅਤੇ ਪੀੜਤ ਪਰਿਵਾਰ ਦੀ ਅਪੀਲ ਉਤੇ ਸੈਣੀ ਖਿਲਾਫ ਕੇਸ ਮੁਹਾਲੀ ਦੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਰਜਨੀਸ਼ ਗਰਗ ਦੀ ਨਵੀਂ ਅਦਾਲਤ ਵਿਚ ਤਬਦੀਲ ਕੀਤਾ ਗਿਆ ਹੈ। ਨਵੀਂ ਅਦਾਲਤ ਵਿਚ 7 ਅਗਸਤ ਨੂੰ ਸੁਣਵਾਈ ਹੋਣੀ ਹੈ ਜਿਥੇ ਸਰਕਾਰ ਸੈਣੀ ਦੇ ਪੈਰਾਂ ਵਿਚ ਕਾਨੂੰਨ ਦੀਆਂ ਬੇੜੀਆਂ ਪਾਉਣ ਲਈ ਕਾਨੂੰਨ ਦੇ ਦਾਇਰੇ ਵਿਚ ਰਹਿ ਕੇ ਹਰ ਹੀਲਾ ਵਰਤ ਰਹੀ ਹੈ।



ਉਧਰ ਪੁਰਾਣੇ ਸਾਥੀ ਵੀ ਹੁਣ ਸਾਬਕਾ ਡੀ.ਜੀ.ਪੀ. ਦੀ ਬੇੜੀ ਡੁੱਬਦੀ ਹੋਈ ਦੇਖ ਅਤੇ ਆਪਣੀ ਜਾਨ ਬਚਾਉਣ ਲਈ ਛਾਲਾਂ ਮਾਰ ਕੇ ਭੱਜ ਗਏ ਹਨ। ਚੰਡੀਗੜ੍ਹ ਵਿਚ ਐਸ.ਐਸ.ਪੀ. ਵਜੋਂ ਤਾਇਨਾਤੀ ਦੌਰਾਨ ਸੁਮੇਧ ਸੈਣੀ ਦੀ ਖਾਸ ਟੀਮ 'ਚ ਸ਼ਾਮਲ ਯੂਟੀ ਪੁਲਿਸ ਦੇ ਤਿੰਨ ਸਾਬਕਾ ਇੰਸਪੈਕਟਰ ਸੈਣੀ ਖਿਲਾਫ ਵਾਅਦਾ ਮੁਆਫ ਗਵਾਹ ਬਣਨ ਲਈ ਤਿਆਰ ਹੋ ਗਏ ਹਨ। ਸੁਮੇਧ ਸਿੰਘ ਸੈਣੀ ਸਮੇਤ ਛੇ ਮੁਲਜ਼ਮ ਐਸਪੀ ਬਲਦੇਵ ਸਿੰਘ ਸੈਣੀ ਅਤੇ ਇੰਸਪੈਕਟਰ ਸਤਵੀਰ ਸਿੰਘ, ਹਰ ਸਹਾਏ ਸ਼ਰਮਾ, ਜਗੀਰ ਸਿੰਘ, ਅਨੋਖ ਸਿੰਘ ਅਤੇ ਕੁਲਦੀਪ ਸਿੰਘ ਸੰਧੂ ਖਿਲਾਫ ਮਟੌਰ ਥਾਣੇ ਵਿਚ ਕੇਸ ਦਰਜ ਕੀਤਾ ਗਿਆ ਹੈ।

ਐਸਪੀ ਬਲਦੇਵ ਸਿੰਘ ਸੈਣੀ ਅਤੇ ਇੰਸਪੈਕਟਰ ਸਤਵੀਰ ਸਿੰਘ ਦੀ ਮੌਤ ਹੋ ਚੁੱਕੀ ਹੈ। ਇਨ੍ਹਾਂ ਉਤੇ 11 ਦਸੰਬਰ 1991 ਨੂੰ ਤੜਕੇ 4 ਵਜੇ ਇਥੋਂ ਦੇ ਫੇਜ਼-7 'ਚੋਂ ਬਲਵੰਤ ਸਿੰਘ ਮੁਲਤਾਨੀ ਨੂੰ ਘਰੋਂ ਚੁੱਕ ਕੇ ਤਸ਼ੱਦਦ ਢਾਹੁਣ ਅਤੇ ਬਾਅਦ ਵਿਚ ਗਾਇਬ ਕਰਨ ਦਾ ਦੋਸ਼ ਹੈ।

ਹੁਣ ਸੈਣੀ ਦੇ ਤਿੰਨ ਚਹੇਤੇ ਸਾਬਕਾ ਪੁਲਿਸ ਅਧਿਕਾਰੀ ਹਰ ਸਹਾਏ ਸ਼ਰਮਾ, ਜਗੀਰ ਸਿੰਘ ਅਤੇ ਕੁਲਦੀਪ ਸਿੰਘ ਸੰਧੂ ਵਾਅਦਾ ਮੁਆਫ ਗਵਾਹ ਬਣਨ ਲਈ ਰਾਜ਼ੀ ਹੋ ਗਏ ਹਨ। ਪਿਛਲੇ ਦਿਨੀਂ ਉਨ੍ਹਾਂ ਵੱਲੋਂ ਮੁਹਾਲੀ ਦੀ ਇਕ ਅਦਾਲਤ ਵਿਚ ਧਾਰਾ 164 ਤਹਿਤ ਆਪਣੇ ਬਿਆਨ ਵੀ ਦਰਜ ਕਰਵਾਉਣ ਬਾਰੇ ਪਤਾ ਲੱਗਾ ਹੈ। ਭਾਵੇਂ ਇਸ ਬਾਰੇ ਹਾਲੇ ਕਿਸੇ ਅਧਿਕਾਰੀ ਨੇ ਆਪਣੀ ਮੂੰਹ ਨਹੀਂ ਖੋਲ੍ਹਿਆ। ਬੀਤੀ 30 ਜੁਲਾਈ ਨੂੰ ਸੁਣਵਾਈ ਦੌਰਾਨ ਸਬੰਧਤ ਅਦਾਲਤ ਵਿਚ ਕਿਸੇ ਦੇ ਬਿਆਨ ਦਰਜ ਨਹੀਂ ਹੋਏ ਸਨ। ਮੁਹਾਲੀ ਅਦਾਲਤ ਵਿਚ ਕੇਸ ਦੀ ਸੁਣਵਾਈ ਦੌਰਾਨ ਇਹ ਗੱਲ ਸਾਹਮਣੇ ਆ ਚੁੱਕੀ ਹੈ ਕਿ ਮੁਲਤਾਨੀ ਨੂੰ ਘਰੋਂ ਚੁੱਕ ਕੇ ਲਿਜਾਉਣ ਲਈ ਵਾਲੀ ਯੂਟੀ ਪੁਲਿਸ ਦੀ ਟੀਮ ਨੇ ਆਪਣੇ ਸੀਨੀਅਰ ਅਧਿਕਾਰੀਆਂ ਤੋਂ ਕੋਈ ਪ੍ਰਵਾਨਗੀ ਨਹੀਂ ਲਈ ਸੀ। ਉਸ ਸਮੇਂ ਸੁਮੇਧ ਸੈਣੀ ਚੰਡੀਗੜ੍ਹ ਵਿਚ ਐਸ.ਐਸ.ਪੀ. ਦੇ ਅਹੁਦੇ ਉਤੇ ਤਾਇਨਾਤ ਸਨ।

# ਗਾਇਬ ਹੋਏ ਪਾਵਨ ਸਰੂਪਾਂ ਦੀ ਜਾਂਚ ਦਾ ਮਾਮਲਾ ਮੁੜ ਉਲਝਿਆ

**ਅੰਮ੍ਰਿਤਸਰ:** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੀ ਸੇਵਾਮੁਕਤ ਜੱਜ ਨਵਿਤਾ ਸਿੰਘ ਵੱਲੋਂ ਅਚਨਚੇਤੀ 267 ਪਾਵਨ ਸਰੂਪ ਮਾਮਲੇ ਸਬੰਧੀ ਜਾਂਚ ਕਰਨ ਤੋਂ ਅਸਮਰੱਥਾ ਪ੍ਰਗਟਾਉਂਦਿਆਂ ਆਪਣਾ ਨਾਂ ਵਾਪਸ ਲੈਣ ਦਾ ਮਾਮਲਾ ਭਖ ਗਿਆ ਹੈ। ਇਸ ਕਾਰਨ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇਹ ਜਾਂਚ ਤੇਲੰਗਾਨਾ ਹਾਈ ਕੋਰਟ ਦੇ ਵਕੀਲ ਡਾ. ਈਸ਼ਰ ਸਿੰਘ ਨੂੰ ਸੌਂਪ ਦਿੱਤੀ ਹੈ, ਜੋ ਕਿ ਹੁਣ ਮੁੱਖ ਜਾਂਚ ਅਧਿਕਾਰੀ ਵਜੋਂ ਇਸ ਮਾਮਲੇ ਦੀ ਜਾਂਚ ਕਰਨਗੇ।

ਉਨ੍ਹਾਂ ਨਾਲ ਕੁਝ ਨਵੇਂ ਸਹਾਇਕ ਸਾਥੀਆਂ ਦੇ ਨਾਵਾਂ ਦਾ ਵੀ ਐਲਾਨ ਕੀਤਾ ਗਿਆ ਹੈ। ਦੂਜੇ ਪਾਸੇ, ਇਸ ਮਾਮਲੇ ਵਿਚ ਮੁੱਖ ਸ਼ਿਕਾਇਤਕਰਤਾ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਨੇ ਹਾਈਕੋਰਟ ਦੇ ਸੇਵਾਮੁਕਤ ਜੱਜ ਤੋਂ ਬਿਨਾਂ ਕਿਸੇ ਹੋਰ ਕੋਲੋਂ ਇਹ ਜਾਂਚ ਕਰਾਉਣ ਦੇ ਫੈਸਲੇ ਨਾਲ ਅਸਹਿਮਤੀ ਪ੍ਰਗਟਾਉਂਦਿਆਂ ਨਵੀਂ ਜਾਂਚ ਟੀਮ ਨੂੰ ਰੱਦ ਕਰ ਦਿੱਤਾ ਹੈ। ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੇ ਮੁੱਖ ਜਾਂਚਕਰਤਾ ਸਰਬਜੀਤ ਸਿੰਘ ਨੇ ਆਖਿਆ ਕਿ ਉਨ੍ਹਾਂ ਦੀ ਪਹਿਲੀ ਮੰਗ ਇਹੀ ਸੀ ਕਿ ਮਾਮਲੇ ਦੀ ਜਾਂਚ ਹਾਈ ਕੋਰਟ ਦੇ ਮੌਜੂਦਾ ਜਾਂ ਸੇਵਾ ਮੁਕਤ ਜੱਜ ਕੋਲੋਂ ਕਰਾਈ ਜਾਵੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਇਹੀ ਸਿਫਾਰਸ਼ ਕੀਤੀ ਸੀ। ਉਨ੍ਹਾਂ ਆਖਿਆ ਕਿ ਹੁਣ ਜਦੋਂ ਇਹ ਜਾਂਚ ਵਕੀਲਾਂ ਦੀ ਕਮੇਟੀ ਨੂੰ ਸੌਂਪ ਦਿੱਤੀ ਗਈ ਹੈ ਤਾਂ ਜਾਂਚ ਦੇ ਕੋਈ ਮਾਅਨੇ ਨਹੀਂ ਰਹਿ ਜਾਂਦੇ। ਉਨ੍ਹਾਂ ਦੋਸ਼ ਲਾਇਆ ਕਿ ਬੀਤੇ ਦਿਨੀਂ ਚੱਲ ਰਹੀ ਜਾਂਚ ਦੌਰਾਨ ਸ਼੍ਰੋਮਣੀ ਕਮੇਟੀ ਅਮਲੇ ਵਲੋਂ ਦਖਲਅੰਦਾਜ਼ੀ ਕੀਤੀ ਗਈ ਹੈ। ਉਨ੍ਹਾਂ ਖਦਸ਼ਾ ਪ੍ਰਗਟਾਇਆ ਕਿ ਰਿਕਾਰਡ ਨਾਲ ਛੇੜਛਾੜ ਕੀਤੀ ਗਈ ਹੈ ਅਤੇ ਕੁਝ ਨਵੇਂ ਸਰੂਪ ਛਾਪ ਕੇ ਪਿਛਲੇ ਰਿਕਾਰਡ ਵਿਚ ਸ਼ਾਮਲ ਕੀਤੇ ਗਏ ਹਨ।

ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਦਫਤਰ ਵੱਲੋਂ ਜਾਰੀ ਬਿਆਨ ਵਿਚ ਦੱਸਿਆ ਗਿਆ ਹੈ ਕਿ ਸੇਵਾਮੁਕਤ ਜੱਜ ਨਵਿਤਾ ਸਿੰਘ ਨੇ ਕਿਸੇ ਘਰੇਲੂ ਮਜਬੂਰੀ ਕਾਰਨ ਜਾਂਚ ਕਰਨ ਤੋਂ ਅਸਮਰੱਥਾ ਜ਼ਾਹਰ ਕੀਤੀ ਹੈ। ਇਸ ਸਬੰਧੀ ਉਨ੍ਹਾਂ ਵੱਲੋਂ ਇਕ ਪੱਤਰ ਵੀ ਭੇਜਿਆ ਗਿਆ ਹੈ। ਇਸ ਲਈ ਉਨ੍ਹਾਂ ਦੀ ਥਾਂ ਉਤੇ ਸ੍ਰੀ ਅਕਾਲ ਤਖਤ ਵੱਲੋਂ ਇਸ ਮਾਮਲੇ ਦੀ ਜਾਂਚ ਵਾਸਤੇ ਮੁੱਖ ਜਾਂਚ ਅਧਿਕਾਰੀ ਵਜੋਂ ਤੇਲੰਗਾਨਾ ਹਾਈਕੋਰਟ ਦੇ ਵਕੀਲ ਡਾ. ਈਸ਼ਰ ਸਿੰਘ ਨੂੰ ਜ਼ਿੰਮੇਵਾਰੀ ਸੌਂਪ ਦਿੱਤੀ ਗਈ ਹੈ। ਇਸ ਤੋਂ ਪਹਿਲਾਂ ਉਹ ਜਸਟਿਸ ਨਵਿਤਾ ਸਿੰਘ ਨਾਲ ਸਹਾਇਕ ਜਾਂਚ ਅਧਿਕਾਰੀ ਵਜੋਂ ਕੰਮ ਕਰ ਰਹੇ ਸਨ। ਹੁਣ ਸਹਾਇਕ ਜਾਂਚ ਟੀਮ ਵਿਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੀ ਵਕੀਲ ਡਾ. ਹਰਪ੍ਰੀਤ ਕੌਰ ਅਤੇ ਚਾਰਟਰਡ ਅਕਾਊਂਟੈਂਟ ਬੀਬੀ ਹਰਲੀਨ ਕੌਰ ਦੇ ਨਾਂ ਸ਼ਾਮਲ ਕੀਤੇ ਗਏ ਹਨ। ਉਨ੍ਹਾਂ ਆਖਿਆ ਕਿ ਇਸ ਨਵੀਂ ਤਬਦੀਲੀ ਨਾਲ ਜਾਂਚ ਕਾਰਜ ਉਤੇ ਕੋਈ ਫਰਕ ਨਹੀਂ ਪਵੇਗਾ ਅਤੇ ਜਾਂਚ ਪੂਰੀ ਨਿਰਪੱਖਤਾ ਨਾਲ ਕੀਤੀ ਜਾਵੇਗੀ। ਇਹ ਜਾਂਚ ਪਹਿਲਾਂ ਨਿਰਧਾਰਤ ਇਕ ਮਹੀਨੇ ਦੇ ਸਮੇਂ ਵਿਚ ਹੀ ਮੁਕੰਮਲ ਹੋਵੇਗੀ। ਜਾਂਚ ਕਮੇਟੀ ਦੀ ਰਿਪੋਰਟ ਅਨੁਸਾਰ ਦੋਸ਼ੀਆਂ ਖਿਲਾਫ ਕਾਰਵਾਈ ਹੋਵੇਗੀ। ਉਨ੍ਹਾਂ ਸਪੱਸ਼ਟ ਕੀਤਾ ਕਿ ਦੋਸ਼ੀਆਂ ਨੂੰ ਬਖਸ਼ਿਆ ਨਹੀਂ ਜਾਵੇਗਾ।ਜਸਟਿਸ ਨਵਿਤਾ ਸਿੰਘ ਨੇ ਆਪਣੇ ਇਸ ਫੈਸਲੇ ਬਾਰੇ ਕੋਈ ਟਿੱਪਣੀ ਕਰਨ ਤੋਂ ਇਨਕਾਰ ਕੀਤਾ ਹੈ। ਉਨ੍ਹਾਂ ਆਖਿਆ ਕਿ ਅਕਾਲ ਤਖਤ ਵੱਲੋਂ ਮੀਡੀਆ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਸ੍ਰੀ ਅਕਾਲ ਤਖਤ ਦੇ ਸੂਤਰਾਂ ਮੁਤਾਬਕ ਜਸਟਿਸ ਨਵਿਤਾ ਸਿੰਘ ਨੂੰ ਡਿੰਗ ਕੇ ਸੱਟ ਲੱਗੀ ਹੈ, ਜਿਸ ਕਾਰਨ ਉਨ੍ਹਾਂ ਨੇ ਜਾਂਚ ਕਰਨ ਤੋਂ ਅਸਮਰੱਥਾ ਪ੍ਰਗਟਾਈ ਹੈ।

ਦੱਸਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਦੇ ਪਬਲੀਕੇਸ਼ਨ ਵਿਭਾਗ ਦੇ ਰਿਕਾਰਡ ਵਿਚੋਂ 267 ਪਾਵਨ ਸਰੂਪ ਘੱਟ ਗਏ ਸਨ, ਜਿਨ੍ਹਾਂ ਦੀ ਜਾਂਚ ਸ਼੍ਰੋਮਣੀ ਕਮੇਟੀ ਵਲੋਂ ਸ਼ੁਰੂ ਕੀਤੀ ਗਈ ਸੀ ਪ੍ਰੰਤੂ ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਨਿਰਪੱਖ ਜਾਂਚ ਕਰਾਉਣ ਵਾਸਤੇ ਇਹ ਮਾਮਲਾ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਸੌਂਪ ਦਿੱਤਾ ਗਿਆ ਸੀ।




## ਪੰਥਕ ਅਕਾਲੀ ਲਹਿਰ ਵੱਲੋਂ ਵੀ ਨਵੀਂ ਜਾਂਚ ਕਮੇਟੀ ਰੱਦ

**ਅੰਮ੍ਰਿਤਸਰ:** ਪੰਜਾਬ ਮਨੁੱਖੀ ਅਧਿਕਾਰ ਸੰਗਠਨ ਤੋਂ ਬਾਅਦ ਪੰਥਕ ਅਕਾਲੀ ਲਹਿਰ ਜਥੇਬੰਦੀ ਨੇ ਵੀ ਲਾਪਤਾ 267 ਪਾਵਨ ਸਰੂਪਾਂ ਦੀ ਜਾਂਚ ਮਾਮਲੇ ਵਿਚ ਬਣਾਈ ਗਈ ਨਵੀਂ ਜਾਂਚ ਕਮੇਟੀ ਨੂੰ ਨਾ-ਮਨਜ਼ੂਰ ਕਰ ਦਿੱਤਾ ਹੈ। ਜਥੇਬੰਦੀ ਨੇ ਇਸ ਮਾਮਲੇ ਵਿਚ ਬੇਅਦਬੀ ਦੀ ਧਾਰਾ ਹੇਠ ਕੇਸ ਦਰਜ ਕਰਨ ਅਤੇ ਕਸੂਰਵਾਰਾਂ ਨੂੰ ਗ੍ਰਿਫਤਾਰ ਕਰਨ ਦੀ ਮੰਗ ਕੀਤੀ ਹੈ। ਪੰਥਕ ਅਕਾਲੀ ਲਹਿਰ ਦੇ ਮੁਖੀ ਅਤੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਨੇ ਆਖਿਆ ਕਿ ਹਾਈ ਕੋਰਟ ਦੀ ਸਾਬਕਾ ਜੱਜ ਨਵਿਤਾ ਸਿੰਘ ਵੱਲੋਂ ਇਸ ਮਾਮਲੇ ਦੀ ਜਾਂਚ ਕਰਨ ਸਬੰਧੀ ਕੀਤੀ ਨਾਂਹ ਤੋਂ ਲੱਗਦਾ ਹੈ ਕਿ ਉਨ੍ਹਾਂ ਉਤੇ ਦਬਾਅ ਪਾਇਆ ਜਾ ਰਿਹਾ ਸੀ। ਇਸ ਤੋਂ ਸਪੱਸ਼ਟ ਹੈ ਕਿ ਇਸ ਮਾਮਲੇ ਵਿਚ 'ਸਭ ਅੱਛਾ ਨਹੀਂ ਹੈ'।

# ਕਰੋਨਾ ਦੇ ਟਾਕਰੇ ਲਈ ਛੇ ਜੇਲ੍ਹਾਂ ਨੂੰ ਵਿਸ਼ੇਸ਼ ਦਰਜਾ

**ਚੰਡੀਗੜ੍ਹ:** ਪੰਜਾਬ ਦੇ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਦੱਸਿਆ ਕਿ ਕੋਵਿਡ-19 ਦੇ ਚੱਲਦਿਆਂ ਸਰਕਾਰ ਵੱਲੋਂ ਨਵੇਂ ਕੈਦੀਆਂ ਲਈ 6 ਜੇਲ੍ਹਾਂ ਨੂੰ ਵਿਸ਼ੇਸ਼ ਜੇਲ੍ਹਾਂ ਵਿਚ ਤਬਦੀਲ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਦੋ ਹੋਰ ਜੇਲ੍ਹਾਂ ਨੂੰ ਕੋਵਿਡ-19 ਦੇ ਮਰੀਜ਼ ਕੈਦੀਆਂ ਦੇ ਇਲਾਜ ਲਈ ਲੈਵਲ-1 ਕੋਵਿਡ ਕੇਅਰ ਸੈਂਟਰ ਵਜੋਂ ਐਲਾਨ ਦਿੱਤਾ ਗਿਆ ਹੈ।

ਸ੍ਰੀ ਰੰਧਾਵਾ ਨੇ ਦੱਸਿਆ ਕਿ ਛੇ ਜੇਲ੍ਹਾਂ ਨੂੰ ਨਵੇਂ ਕੈਦੀਆਂ ਲਈ ਇਕਾਂਤਵਾਸ ਜੇਲ੍ਹਾਂ ਵਿਚ ਤਬਦੀਲ ਕੀਤਾ ਗਿਆ ਹੈ। ਪਹਿਲੇ ਪੜਾਅ ਵਿਚ ਬਰਨਾਲਾ ਤੇ ਪੱਟੀ ਜੇਲ੍ਹ ਨੂੰ ਇਕਾਂਤਵਾਸ ਜੇਲ੍ਹਾਂ ਵਿਚ ਤਬਦੀਲ ਕੀਤਾ ਗਿਆ ਸੀ। ਕਰੋਨਾ ਦੇ ਵਧਦੇ ਪ੍ਰਕੋਪ ਨੂੰ ਦੇਖਦਿਆਂ ਬਠਿੰਡਾ, ਪਠਾਨਕੋਟ, ਲੁਧਿਆਣਾ ਤੇ ਮਹਿਲਾ ਜੇਲ੍ਹ ਲੁਧਿਆਣਾ ਨੂੰ ਵੀ ਵਿਸ਼ੇਸ਼ ਜੇਲ੍ਹਾਂ ਐਲਾਨਦਿਆਂ ਨਵੇਂ ਕੈਦੀਆਂ ਦੇ ਇਕਾਂਤਵਾਸ ਲਈ ਰਾਖਵਾਂ ਰੱਖ ਲਿਆ ਗਿਆ ਹੈ। ਜੇਲ੍ਹ ਮੰਤਰੀ ਨੇ ਦੱਸਿਆ ਕਿ ਹਰ ਨਵੇਂ ਕੈਦੀ



ਨੂੰ ਪਹਿਲਾਂ ਇਨ੍ਹਾਂ ਜੇਲ੍ਹਾਂ ਵਿਚ ਭੇਜਿਆ ਜਾਂਦਾ ਹੈ, ਜਿਥੇ ਇਨ੍ਹਾਂ ਦੀ ਪੂਰੀ ਸਕਰੀਨਿੰਗ ਤੋਂ ਬਾਅਦ 14 ਦਿਨਾਂ ਦੇ ਇਕਾਂਤਵਾਸ ਉਤੇ ਰੱਖਿਆ ਜਾਂਦਾ ਹੈ। ਇਸ ਤੋਂ ਬਾਅਦ ਟੈਸਟਿੰਗ ਕਰਵਾਉਣ ਮਗਰੋਂ ਠੀਕ ਪਾਏ ਜਾਣ ਵਾਲੇ ਕੈਦੀਆਂ ਨੂੰ ਸੰਗਰੂਰ ਜੇਲ੍ਹ ਭੇਜਿਆ ਜਾਂਦਾ ਹੈ, ਜਿਥੇ ਉਨ੍ਹਾਂ ਨੂੰ ਸਾਵਧਾਨੀ ਵਜੋਂ 14 ਦਿਨ ਹੋਰ ਇਕਾਂਤਵਾਸ ਉਤੇ ਰੱਖਿਆ ਜਾਂਦਾ ਹੈ। ਰੰਧਾਵਾ ਨੇ ਦੱਸਿਆ ਕਿ ਪੰਜਾਬ ਦੀਆਂ ਕੁੱਲ 25 ਜੇਲ੍ਹਾਂ ਵਿਚ ਇਸ ਵੇਲੇ 23,500 ਕੈਦੀਆਂ ਦੀ ਸਮਰੱਥਾ ਹੈ ਅਤੇ 17,000 ਕੈਦੀ ਜੇਲ੍ਹਾਂ ਵਿਚ ਹਨ। ਉਨ੍ਹਾਂ ਕਿਹਾ ਕਿ ਜੇਲ੍ਹਾਂ ਵਿਚ ਸਮਾਜਿਕ ਵਿੱਥ ਦਾ ਪਾਲਣਾ ਕਰਨਾ ਯਕੀਨੀ ਬਣਾਉਣ ਲਈ ਹੁਣ ਤੱਕ 11,500 ਕੈਦੀਆਂ ਨੂੰ ਪੈਰੋਲ ਉਤੇ ਛੱਡਿਆ ਗਿਆ ਹੈ।

# ਵੀਜ਼ਾ ਧੋਖਾਧੜੀ ਮਾਮਲੇ 'ਚ ਟਰੰਪ ਪ੍ਰਸ਼ਾਸਨ ਹੋਇਆ ਸਖਤ

**ਵਾਸ਼ਿੰਗਟਨ:** ਟਰੰਪ ਪ੍ਰਸ਼ਾਸਨ ਨੇ ਕੰਮ ਨਾਲ ਜੁੜੇ ਵੀਜ਼ਾ ਪ੍ਰੋਗਰਾਮਾਂ 'ਚ ਸ਼ੋਸ਼ਣ ਤੇ ਧੋਖਾਧੜੀ ਰੋਕਣ ਲਈ ਕਈ ਕਦਮ ਚੁੱਕੇ ਹਨ। ਐਚ-1ਬੀ ਵੀਜ਼ਾ ਨੂੰ ਵੀ ਇਸ ਕਾਰਵਾਈ ਵਿਚ ਸ਼ਾਮਲ ਕੀਤਾ ਗਿਆ ਹੈ। ਅਮਰੀਕੀ ਨਾਗਰਿਕਤਾ ਤੇ ਆਵਾਸ ਸੇਵਾਵਾਂ ਦੇ ਅਧਿਕਾਰੀ ਨੇ ਇਹ ਜਾਣਕਾਰੀ ਸੰਸਦ ਮੈਂਬਰਾਂ ਨੂੰ ਦਿੱਤੀ ਹੈ।

ਜ਼ਿਕਰਯੋਗ ਹੈ ਕਿ ਭਾਰਤ ਤੋਂ ਆਉਣ ਵਾਲੇ ਜ਼ਿਆਦਾਤਰ ਤਕਨੀਕੀ ਪੇਸ਼ੇਵਰ ਐਚ-1ਬੀ ਵੀਜ਼ਾ ਉਤੇ ਹੀ ਅਮਰੀਕਾ ਆਉਂਦੇ ਹਨ। ਆਵਾਸ ਸੇਵਾ ਨੇ ਨੇਮ, ਨੀਤੀਆਂ ਤੇ ਕੁਝ ਅਪਰੇਸ਼ਨਲ ਤਬਦੀਲੀਆਂ ਕੀਤੀਆਂ ਹਨ ਜਿਨ੍ਹਾਂ ਨਾਲ ਅਮਰੀਕੀ ਕਾਮਿਆਂ ਅਤੇ ਕਾਰੋਬਾਰਾਂ ਦੇ ਆਰਥਿਕ ਹਿੱਤ




ਸੁਰੱਖਿਅਤ ਹੋਣਗੇ। ਨਾਗਰਿਕ ਤੇ ਆਵਾਸ ਸੇਵਾਵਾਂ ਦੇ ਡਿਪਟੀ ਡਾਇਰੈਕਟਰ ਜੋਸਫ ਐਡਲੋਅ ਨੇ ਦੱਸਿਆ ਕਿ ਚੋਣਵੇਂ ਐਚ-1ਬੀ ਪਟੀਸ਼ਨਰਾਂ ਨੂੰ ਹੁਣ ਫੀਸ ਅਦਾ ਕਰਨੀ ਪਵੇਗੀ ਜਿਸ ਨਾਲ ਅਮਰੀਕੀ ਕਾਮਿਆਂ ਨੂੰ ਸਿਖਲਾਈ ਦਿੱਤੀ ਜਾਵੇਗੀ।

ਐਲ-1 ਵੀਜ਼ਾ ਨਾਲ ਜੁੜੇ ਕਈ ਨੇਮ ਵੀ ਬਦਲੇ ਗਏ ਹਨ। ਐਚ-1ਬੀ ਵੀਜ਼ਾ ਜਾਰੀ ਕਰਨ ਨਾਲ ਜੁੜੀ ਪ੍ਰਕਿਰਿਆ ਵੀ ਬਦਲੀ ਗਈ ਹੈ। ਨਵੇਂ ਨੇਮਾਂ ਤਹਿਤ ਅਮਰੀਕੀ ਸੰਸਥਾਵਾਂ ਤੋਂ ਮਾਸਟਰ ਡਿਗਰੀ ਕਰਨ ਵਾਲਿਆਂ ਜਾਂ ਇਸ ਤੋਂ ਉਪਰਲੇ ਪੱਧਰ ਦੀ ਸਿੱਖਿਆ ਲੈਣ ਵਾਲਿਆਂ ਨੂੰ ਲਾਹਾ ਮਿਲੇਗਾ।

ਨਿਆਂ ਵਿਭਾਗ ਨਾਲ ਤਾਲਮੇਲ ਵੀ ਵਧਾਇਆ ਜਾਵੇਗਾ ਤਾਂ ਕਿ ਧੋਖਾਧੜੀ ਕਰਨ ਵਾਲੇ ਰੁਜ਼ਗਾਰਦਾਤਾ ਦੀ ਬਿਹਤਰ ਢੰਗ ਨਾਲ ਸ਼ਨਾਖ਼ਤ ਕਰ ਕੇ ਉਸ ਨੂੰ ਹਟਾਇਆ ਜਾ ਸਕੇ। 'ਐਚ-1ਬੀ ਐਂਪਲਾਇਰ ਡੇਟਾ ਹੱਬ' ਵੀ ਬਣਾਇਆ ਗਿਆ ਹੈ ਜਿਥੋਂ ਜਨਤਕ ਤੌਰ ਉਤੇ ਜਾਣਕਾਰੀ ਮਿਲ ਸਕੇਗੀ।

## ਸੰਤ ਦਇਆ ਸਿੰਘ ਦਾ ਕਰੋਨਾ ਕਾਰਨ ਦੇਹਾਂਤ

**ਜਲੰਧਰ:** ਸੰਤ ਦਇਆ ਸਿੰਘ (70) ਟਾਹਲੀ ਸਾਹਿਬ ਵਾਲਿਆਂ ਦੀ ਕਰੋਨਾ ਕਾਰਨ ਮੌਤ ਹੋ ਗਈ। ਉਹ 28 ਜੁਲਾਈ ਤੋਂ ਜਲੰਧਰ ਦੇ ਇਕ ਨਿੱਜੀ ਹਸਪਤਾਲ ਵਿਚ ਜੇਰੇ ਇਲਾਜ ਸਨ। ਉਨ੍ਹਾਂ ਨੂੰ 31 ਜੁਲਾਈ ਦੀ ਰਾਤ ਨੂੰ ਲੁਧਿਆਣਾ ਤਬਦੀਲ ਕੀਤਾ ਗਿਆ, ਜਿਥੇ ਥੋੜੇ ਸਮੇਂ ਬਾਅਦ ਹੀ ਉਨ੍ਹਾਂ ਦਾ ਦੇਹਾਂਤ ਹੋ ਗਿਆ।

ਜਾਣਕਾਰੀ ਅਨੁਸਾਰ ਉਹ ਆਯੁਰਵੈਦਿਕ ਦਵਾਈਆਂ ਦੇ ਮਾਹਰ ਸਨ। ਇਸ ਤੋਂ ਇਲਾਵਾ ਉਨ੍ਹਾਂ ਨੂੰ ਪੁਰਾਤਨ ਗ੍ਰੰਥ ਇਕੱਠੇ ਕਰਨ ਅਤੇ ਉਨ੍ਹਾਂ ਦਾ ਅਧਿਐਨ ਕਰਨ ਦਾ ਸ਼ੌਂਕ ਵੀ ਸੀ। ਕਈ ਗ੍ਰੰਥ ਉਰਦੂ ਵਿਚ ਸਨ, ਜਿਨ੍ਹਾਂ ਦਾ ਉਹ ਪੰਜਾਬੀ ਵਿਚ ਉਲੱਥਾ ਕਰਵਾ ਰਹੇ ਸਨ।

ਇਸ ਦੌਰਾਨ ਤਖਤਾਂ ਦੇ ਜਥੇਦਾਰਾਂ ਤੇ ਹੋਰ ਧਾਰਮਿਕ ਸ਼ਖ਼ਸੀਅਤਾਂ ਨੇ ਸੰਤ ਦਇਆ ਸਿੰਘ ਦੀ ਮੌਤ ਉਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਪੰਥ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।


# ਕੁਕ ਅਤੇ ਤੰਦੂਰੀਏ ਦੀ ਲੋੜ ਹੈ

ਮਿਲਵਾਕੀ, ਵਿਸਕਾਸਿਨ ਵਿਚ ਨਾਰਥ ਇੰਡੀਅਨ ਕੁਕ ਅਤੇ ਤੰਦੂਰੀਏ ਦੀ ਲੋੜ ਹੈ

ਚੰਗੀ ਤਨਖਾਹ, ਰਿਹਾਇਸ਼ ਫਰੀ

ਕਾਲ ਕਰੋ, ਮਿਸਟਰ ਸਿੰਘ

ਫੋਨ: 414-581-3784

bsingh1350@me.com

28-


# Matrimonials

## ਲੜਕੀ ਦੀ ਲੋੜ ਹੈ

Saini Sikh clean shaven handsome boy, 29, 6', M.B.A. Bio Technology doing BDS in Australia, seeks suitable well educated Saini/Jatt Sikh girl. All family well settled in USA. Cont. Mohan Saini, Ph: 516-503-9541 or email: mohan1w34@gmail.com 30-33

Suitable match for USA citizen clean shaven Jatt Sikh boy, 35 yrs, 5'-11", Masters in Event Tourism Management. No dowry. Contact: 317-909-3287; WhatsApp+1-317-529-3886. 28-31

Wanted Suitable girl for slim, handsome Jatt Sikh boy, 29 yrs, 6 feet tall, on work permit and currently owns a liquor store. Whole family in America. Contact, Ph: 815-621-9077 28-31

Wanted Suitable girl for US Citizen Khatri Gursikh boy, 35 yrs, height 5'-10", BS & MS (USA), working as a Pharmaceutical Engineer in Chicago area. Contact, Ph: 630-290-1375 or neenakr2016@gmail.com 28-31

ਅਮਰੀਕਨ ਗਰੀਨ ਕਾਰਡ ਹੋਲਡਰ, ਜੱਟ ਸਿੱਖ ਉਮਰ 30 ਸਾਲ, 5'-9", ਵੈਸ਼ਨੂੰ ਲੜਕੇ ਅਤੇ ਦੂਜੇ ਯੂ. ਐਸ. ਵਰਕ ਪਰਮਿਟ ਹੋਲਡਰ, ਉਮਰ 29 ਸਾਲ, 5'-9" ਵੈਸ਼ਨੂੰ ਲੜਕੇ ਲਈ ਲੜਕੀਆਂ ਦੀ ਲੋੜ ਹੈ। ਸੰਪਰਕ ਕਰੋ, ਫੋਨ: 216-235-5171 25-28

ਸੈਣੀ ਸਿੱਖ, 34 ਸਾਲ, ਕੱਦ 5'-9", ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892 29-32

ਸੈਣੀ ਸਿੱਖ, 30 ਸਾਲ, ਕੱਦ 5'-7", ਬੀ. ਕਾਮ., ਲੀਕਰ ਸਟੋਰ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਸੈਣੀ ਪਰਿਵਾਰਕ ਲੜਕੀ ਦੀ ਲੋੜ ਹੈ। ਸੰਪਰਕ ਕਰੋ, ਫੋਨ: 309-868-7373 29-32

Handsome Jat Sikh Johal boy, 25 yrs, 6'-2". B.Sc. Computer Science from USA. Working in Bay Area as Sr. Production Engineer, good package $150K. Owns Rural & Urban Property. Two sisters (Elder sister married & well settled in USA & younger sister doctor). Required beautiful, tall, professionally qualified US citizen Jat Sikh girl. Please contact: +91-98141-20374 (Father, India), 775-357-4816 (Sister, USA) or Email: Simjohal174@gmail.com 25-28


**Punjab Times**

*Punjabtimes1@gmail.com*

*Ph: 847-359-0746*

*punjabtimesusa.com*


## ਲੜਕੇ ਦੀ ਲੋੜ ਹੈ

US born, Hindu Nai beautiful girl, 31 yrs, 5'-2, Masters in English and a JD (law) degree, divorced with one child looking for a well-settled and educated boy in America. Whole family is well-settled in New York. Please contact, Ph: 347-252-6400 26-29

Wanted suitable match in USA Born or raised and we consider student visa also for good looking Punjabi Brahmin girl, 28 yrs, 5'-4", well educated BBA, working as a HR Manager in multinational company. Please contact Hindu family only. Please email: pk-1960@hotmail.com, Ph: 216-288-1676 21-24


*To Advertise with Punjab Times Call: 847-359-0746*

*Visit us on the web:* ***www.punjabtimesusa.com***



# ਜਥੇ ਦੀ ਲੋੜ ਹੈ

ਸਿੱਖ ਸੈਂਟਰ, ਸੈਨ ਐਨਟੋਨੀਓ (ਟੈਕਸਸ) ਲਈ ਤਿੰਨ ਜਣਿਆਂ ਦੇ ਜਥੇ ਦੀ ਲੋੜ ਹੈ। ਜਥੇ ਦਾ ਕਾਰਜ ਜੋੜਮੇਲ ਮੌਕੇ ਜੋੜਮੇਲ ਦੀ ਅਗਵਾਈ ਕਰਨਾ, ਕੀਰਤਨ, ਕਥਾ ਤੇ ਅਰਦਾਸ ਕਰਨਾ ਅਤੇ ਸੰਗਤ ਨੂੰ ਪ੍ਰੇਰਨਾ ਤੇ ਅਧਿਆਤਮਿਕ ਰਾਹ ਦਿਖਾਉਣਾ ਹੋਵੇਗਾ। ਅਜਿਹੇ ਕਾਰਜ ਦਾ ਪਹਿਲਾਂ ਤਜਰਬਾ ਹੋਣਾ ਜ਼ਰੂਰੀ ਹੈ।

ਸੰਪਰਕ ਕਰੋ: ਬਲਵਿੰਦਰ ਸਿੰਘ ਢਿੱਲੋਂ
ਪ੍ਰਧਾਨ, ਸਿੱਖ ਸੈਂਟਰ, ਸੈਨ ਐਨਟੋਨੀਓ (ਟੈਕਸਸ)
ਫੋਨ: 210-573-3017

## ਯੋਗਤਾਵਾਂ

*ਜਥੇ ਵਿਚ ਸ਼ਾਮਿਲ ਹੋਣ ਵਾਲਿਆਂ ਨੂੰ ਗੁਰਬਾਣੀ ਦਾ ਡੂੰਘਾ ਗਿਆਨ ਅਤੇ ਅੰਗਰੇਜ਼ੀ ਦਾ ਕੁਝ ਗਿਆਨ ਹੋਵੇ।
*ਕਲਾਸੀਕਲ ਸੰਗੀਤ ਦਾ ਗਿਆਨ, ਰਾਗ, ਤਬਲਾ ਤਾਲ ਤੇ ਹਾਰਮੋਨੀਅਮ ਦਾ ਗਿਆਨ ਹੋਵੇ।
*ਸਾਹਿਤ ਬਾਰੇ ਗਿਆਨ, ਭਾਸ਼ਣ ਤੇ ਵਿਅਕਤੀਗਤ ਗੁਣ ਵੀ ਹੋਣ।
*ਡਿਊਟੀ ਵਧੀਆ ਢੰਗ ਨਾਲ ਨਿਭਾਉਣ ਲਈ ਸੰਗਤ ਨੂੰ ਪ੍ਰਭਾਵਿਤ ਕਰਨ ਦਾ ਗੁਣ ਵੀ ਹੋਵੇ।

## ਡਿਊਟੀ ਵਿਚ ਸ਼ਾਮਿਲ ਹਨ

ਗੁਰੂ ਗ੍ਰੰਥ ਸਾਹਿਬ ਦਾ ਪਾਠ, ਹਫਤਾਵਾਰੀ ਦੀਵਾਨਾਂ ਵਿਚ ਸ਼ਬਦ ਗਾਇਨ, ਵਿਆਹ ਤੇ ਮੰਗਣੀ ਸਮਾਗਮ, ਸਸਕਾਰ ਅਤੇ ਹੋਰ ਧਾਰਮਿਕ ਰਸਮਾਂ/ਸਮਾਗਮ ਕਰਵਾਉਣੇ।

ਤਨਖਾਹ: 4000 ਡਾਲਰ ਪ੍ਰਤੀ ਮਹੀਨਾ ਅਤੇ ਕੀਰਤਨ ਭੇਟਾ
ਜੇ ਲੋੜ ਹੋਵੇ ਤਾਂ ਅੰਗਰੇਜ਼ੀ ਜਾਂ ਕੰਪਿਊਟਰ ਸਿਖਲਾਈ ਲਈ ਅਦਾਇਗੀ ਵੀ ਕੀਤੀ ਜਾਵੇਗੀ।

# ਹਾਦਸੇ 'ਚ ਪੁਸ਼ਮਿੰਦਰ ਸਿੰਘ ਗਿੱਲ ਦੀ ਮੌਤ

**ਮਿਲਵਾਕੀ (ਬਿਊਰੋ):** ਸਥਾਨਕ ਪਤਵੰਤੇ ਸੱਜਣ ਪੁਸ਼ਮਿੰਦਰ ਸਿੰਘ ਗਿੱਲ (59 ਸਾਲਾ) ਦੀ ਗੈਸ ਸਟੇਸ਼ਨ 'ਤੇ ਵਾਪਰੇ ਇਕ ਹਾਦਸੇ ਵਿਚ ਮੌਤ ਹੋ ਗਈ। ਜਾਣਕਾਰੀ ਅਨੁਸਾਰ ਉਹ ਆਪਣੇ ਗੈਸ ਸਟੇਸ਼ਨ 'ਤੇ ਪੰਪਾਂ ਨੇੜੇ ਮੈਨਹੋਲ



'ਤੇ ਨਿਸ਼ਾਨੀ ਲਾਉਣ ਲਈ ਬੈਠ ਕੇ ਕੰਮ ਕਰ ਰਹੇ ਸਨ ਕਿ ਪਿਛੋਂ ਟਰੱਕ ਉਨ੍ਹਾਂ ਦੇ ਉਪਰ ਚੜ੍ਹ ਗਿਆ। ਪੁਸ਼ਮਿੰਦਰ ਸਿੰਘ ਗਿੱਲ ਪਿਛੇ ਪਤਨੀ ਕਿਰਨਪਾਲ ਕੌਰ ਗਿੱਲ, ਲੜਕਾ ਜਿੰਦਾ ਗਿੱਲ ਤੇ ਲੜਕੀ ਸਹਿਜ ਗਿੱਲ ਛੱਡ ਗਏ ਹਨ। ਪੁਸ਼ਮਿੰਦਰ ਸਿੰਘ ਗਿੱਲ ਸਿਆਟਲ ਦੀ ਸਤਿਕਾਰਤ ਹਸਤੀ ਅਤੇ ਖੇਡ ਕੈਂਪ ਵਿਚ ਵਡਮੁੱਲਾ ਯੋਗਦਾਨ ਪਾਉਣ ਵਾਲੇ ਮਲਕੀਅਤ ਸਿੰਘ ਝੱਲੀ ਦੇ ਜਵਾਈ ਸਨ।

ਮਿਲਵਾਕੀ ਤੋਂ ਹਰਭਜਨ ਸਿੰਘ ਸੰਧਵਾਲੀਆ, ਜੋਗਿੰਦਰ ਸਿੰਘ ਤੇ ਰੱਖੜਾ ਪਰਿਵਾਰ ਮੁਤਾਬਕ ਪੁਸ਼ਮਿੰਦਰ ਸਿੰਘ ਗਿੱਲ ਬਹੁਤ ਹੀ ਮਿਲਣਸਾਰ, ਮਿਹਨਤੀ ਤੇ ਸਾਊ ਸੁਭਾਅ ਇਨਸਾਨ ਸਨ। ਸਿਆਟਲ ਤੋਂ ਚਰਨਜੀਤ ਸਿੰਘ ਧਾਲੀਵਾਲ, ਮਲਕੀਅਤ ਸਿੰਘ ਝੱਲੀ, ਸਰਬਜੀਤ ਸਿੰਘ ਝੱਲੀ, ਜਸਰੂਪ ਸਿੰਘ, ਸੁਖਪ੍ਰੀਤ ਸਿੰਘ ਮੱਲੀ, ਹਰਦੀਪ ਸਿੰਘ ਸਿੱਧੂ ਸਮੇਤ ਖੇਡ ਕੈਂਪ ਦੇ ਪ੍ਰਬੰਧਕਾਂ ਨੇ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕਰਦਿਆਂ ਵਿਛੜੀ ਰੂਹ ਦੀ ਆਤਮਿਕ ਸ਼ਾਂਤੀ ਲਈ ਵਾਹਿਗੁਰੂ ਅੱਗੇ ਅਰਦਾਸ ਕੀਤੀ ਹੈ।

## ਸਿੱਖ ਕਤਲੇਆਮ ਵਿਚ ਸ਼ਾਮਲ ਅਸਦੁੱਲ੍ਹਾ ਹਲਾਕ

**ਕਾਬੁਲ:** ਅਫਗਾਨਿਸਤਾਨ ਦੇ ਕੌਮੀ ਸੁਰੱਖਿਆ ਡਾਇਰੈਕਟੋਰੇਟ (ਐਨ.ਡੀ.ਐਸ.) ਨੇ ਕਿਹਾ ਹੈ ਕਿ ਇਸਲਾਮਿਕ ਸਟੇਟ ਖੁਰਾਸਾਨ ਪ੍ਰਾਂਤ (ਆਈ.ਐਸ.ਕੇ.ਪੀ.) ਦੇ ਖੁਫੀਆ ਮੁਖੀ ਅਸਦੁੱਲ੍ਹਾ ਓਰਕਜ਼ਈ ਨੂੰ ਮਾਰ ਦਿੱਤਾ ਗਿਆ ਹੈ।

ਐਨ.ਡੀ.ਐਸ. ਅਨੁਸਾਰ ਓਰਕਜ਼ਈ ਅਫਗਾਨਿਸਤਾਨ ਵਿਚ ਕਈ ਫੌਜੀ ਅਤੇ ਨਾਗਰਿਕ ਹਮਲਿਆਂ ਦੀ ਸਾਜ਼ਿਸ਼ ਰਚਣ ਵਿਚ ਸ਼ਾਮਲ ਸੀ। ਇਸ ਸਮੂਹ ਨੇ 25 ਮਾਰਚ ਨੂੰ ਕਾਬੁਲ ਦੇ ਗੁਰਦੁਆਰੇ ਉਤੇ ਹਮਲਾ ਕਰਕੇ ਘੱਟੋ-ਘੱਟ 25 ਸਿੱਖਾਂ ਦਾ ਕਤਲੇਆਮ ਕੀਤਾ ਸੀ।


ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ
'ਦੇਸੀ ਬਾਜ਼ਾਰ' ਗਰੀਨਵੁੱਡ, ਇੰਡੀਆਨਾ ਲਈ ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ
ਚੰਗੀ ਤਨਖਾਹ ਤੇ ਹੋਰ ਸਹੂਲਤਾਂ
ਸੰਪਰਕ ਕਰੋ: 317-888-2040


# ਪੰਜਾਬ ਸਰਕਾਰ ਵਲੋਂ ਪ੍ਰੀਖਿਆਵਾਂ ਲਈ ਹਰੀ ਝੰਡੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਅਨਲੌਕ-3.0 ਤਹਿਤ ਬੋਰਡਾਂ, ਯੂਨੀਵਰਸਿਟੀਆਂ, ਪਬਲਿਕ ਸਰਵਿਸ ਕਮਿਸ਼ਨਜ਼ ਅਤੇ ਹੋਰ ਅਦਾਰਿਆਂ ਨੂੰ ਪ੍ਰੀਖਿਆਵਾਂ ਲੈਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਸ ਦੇ ਨਾਲ ਹੀ ਸਰਕਾਰ ਨੇ ਪੰਜ ਅਗਸਤ ਤੋਂ ਜਿਮ ਅਤੇ ਯੋਗ ਸੰਸਥਾਵਾਂ ਖੋਲ੍ਹਣ ਦੀ ਇਜਾਜ਼ਤ ਵੀ ਦੇ ਦਿੱਤੀ ਹੈ। ਪ੍ਰੀਖਿਆਵਾਂ ਅਤੇ ਜਿਮ/ਯੋਗ ਸੰਸਥਾਵਾਂ ਲਈ ਕੇਂਦਰ ਸਰਕਾਰ ਵੱਲੋਂ ਜਾਰੀ ਨਿਯਮਾਂ (ਸਟੈਂਡਰਡ ਆਪਰੇਟਿੰਗ ਪ੍ਰੋਸੀਜ਼ਰ) ਦੀ ਪਾਲਣਾ ਲਾਜ਼ਮੀ ਹੋਵੇਗੀ।

ਪ੍ਰੀਖਿਆਵਾਂ ਦੌਰਾਨ ਸਮਾਜਿਕ ਦੂਰੀ ਅਤੇ ਸੈਨੀਟੇਸ਼ਨ ਦਾ ਖਿਆਲ ਰੱਖਣਾ ਜ਼ਰੂਰੀ ਹੋਵੇਗਾ। ਰਾਤ 11 ਤੋਂ ਸਵੇਰ ਪੰਜ ਵਜੇ ਕਰਫਿਊ ਜਾਰੀ ਰਹੇਗਾ ਅਤੇ ਜ਼ਰੂਰੀ ਵਸਤਾਂ ਦੀ ਆਵਾਜਾਈ ਨੂੰ ਇਸ ਸਮੇਂ ਦੌਰਾਨ ਖੁੱਲ੍ਹ ਹੋਵੇਗੀ। ਵਿਆਹਾਂ ਅਤੇ ਸ਼ਰਧਾਂਜਲੀ ਸਮਾਗਮਾਂ ਲਈ ਪਹਿਲਾਂ ਵਾਲੇ ਨਿਯਮ ਹੀ ਲਾਗੂ ਰਹਿਣਗੇ ਅਤੇ ਧਾਰਮਿਕ ਸਥਾਨ ਸਵੇਰ 5 ਤੋਂ ਸ਼ਾਮ ਅੱਠ ਵਜੇ ਤੱਕ ਖੁੱਲ੍ਹੇ ਰਹਿਣਗੇ। ਪੰਜਾਹ ਫੀਸਦੀ ਸਮਰੱਥਾ ਨਾਲ ਰੈਸਟੋਰੈਂਟ ਰਾਤ ਦੇ 10 ਵਜੇ ਤੱਕ ਖੁੱਲ੍ਹੇ ਰਹਿਣਗੇ ਅਤੇ ਇਥੇ ਸ਼ਰਾਬ ਵਰਤਾਏ ਜਾਣ ਦੀ ਵੀ ਖੁੱਲ੍ਹ ਹੋਵੇਗੀ। ਪੰਜਾਬ ਸਰਕਾਰ ਨੇ ਹਾਲੇ ਬਾਰ ਨਹੀਂ ਖੋਲ੍ਹੇ ਹਨ। ਤੀਹ ਮਹਿਮਾਨਾਂ ਨਾਲ ਵਿਆਹ ਪਾਰਟੀਆਂ ਆਦਿ ਕਰਨ ਦੀ ਖੁੱਲ੍ਹ ਹੋਵੇਗੀ। ਦੁਕਾਨਾਂ ਸਵੇਰ 7 ਤੋਂ ਸ਼ਾਮ 8 ਵਜੇ ਤੱਕ ਖੁੱਲ੍ਹ ਸਕਣਗੀਆਂ ਜਦਕਿ ਠੇਕੇ ਸਵੇਰ 8 ਤੋਂ ਰਾਤ ਦੇ 10 ਵਜੇ ਤੱਕ ਖੁੱਲ੍ਹ ਸਕਣਗੇ। ਹਫਤਾਵਾਰੀ ਬੰਦਸ਼ਾਂ ਤਹਿਤ ਜ਼ਰੂਰੀ ਵਸਤਾਂ ਦੀਆਂ ਦੁਕਾਨਾਂ ਸਾਰੇ ਦਿਨ ਖੁੱਲ੍ਹਣਗੀਆਂ ਜਦਕਿ ਐਤਵਾਰ ਵਾਲੇ ਦਿਨ ਜ਼ਰੂਰੀ ਵਸਤਾਂ ਨੂੰ ਛੱਡ ਕੇ ਬਾਕੀ ਦੁਕਾਨਾਂ ਬੰਦ ਰਹਿਣਗੀਆਂ। ਰੈਸਟੋਰੈਂਟ ਤੇ ਠੇਕੇ ਸਾਰਾ ਹਫਤਾ ਖੁੱਲ੍ਹੇ ਰਹਿਣਗੇ। ਸਪੋਰਟਸ ਕੰਪਲੈਕਸ ਅਤੇ ਪਬਲਿਕ ਪਾਰਕ ਸਵੇਰ 5 ਤੋਂ ਸ਼ਾਮ ਅੱਠ ਵਜੇ ਤੱਕ ਖੁੱਲ੍ਹਣਗੇ।

# ਪੰਜਾਬ ਦੀ ਧੀ ਨੇ ਫਰਾਂਸ 'ਚ ਖੱਟਿਆ ਨਾਂ

**ਪੈਰਿਸ:** ਪੰਜਾਬ ਦੀ ਧੀ ਅਵਨੀਤ ਕੌਰ ਨੇ ਫਰਾਂਸ ਦੇ ਨਿਊਕਲੀਅਰ ਐਨਰਜੀ ਕਮਿਸ਼ਨ (ਦਿ ਫਰੈਂਚ ਆਲਟਰਨੇਟਿਵ ਐਨਰਜੀ ਐਂਡ ਆਟੋਮਿਕ ਐਨਰਜੀ ਕਮਿਸ਼ਨ) ਵਿਚ ਬਿਜਲੀ ਪੈਦਾ ਕਰਨ ਵਾਲੇ ਨਿਊਕਲੀਅਰ ਰਿਐਕਟਰਾਂ 'ਚ ਵਰਤੇ ਜਾਂਦੇ ਰੇਡੀਓ ਨਿਊਕਲਾਈਡ ਸਮੇਤ ਸਾਰੇ ਉਪਕਰਨਾਂ ਨੂੰ ਨਸ਼ਟ ਕਰਨ ਦੀ ਖੋਜ ਕਰਨ ਵਾਲੀ ਚਾਰ ਮੈਂਬਰੀ ਟੀਮ ਦਾ ਹਿੱਸਾ ਬਣ ਕੇ ਪ੍ਰੋਜੈਕਟ ਨੂੰ ਮੁਕੰਮਲ ਕਰਕੇ ਪੰਜਾਬੀ ਭਾਈਚਾਰੇ ਦਾ ਮਾਣ ਵਧਾਇਆ ਹੈ। ਅਵਨੀਤ ਕੌਰ ਪੰਜਾਬ ਦੇ ਕਪੂਰਥਲਾ ਜ਼ਿਲ੍ਹੇ ਦੀ ਤਹਿਸੀਲ ਫਗਵਾੜਾ ਦੇ ਪਿੰਡ ਸੁਨੜਾ ਰਾਜਪੂਤਾਂ ਨਾਲ ਸਬੰਧ ਰੱਖਦੀ ਹੈ ਅਤੇ ਦਲਵਿੰਦਰ ਸਿੰਘ ਘੁੰਮਣ ਦੀ ਬੇਟੀ ਹੈ। ਅਵਨੀਤ ਕੌਰ ਨੇ ਮੁਢਲੀ ਪੜ੍ਹਾਈ ਫਗਵਾੜਾ ਤੋਂ ਕੀਤੀ ਹੈ ਅਤੇ ਕੈਮੀਕਲ ਇੰਜੀਨੀਅਰਿੰਗ ਵਿੱਚ ਮਾਸਟਰ ਡਿਗਰੀ ਪੀਅਰੇ ਐਂਡ ਮੈਰੀ ਕਿਊਰੀ ਯੂਨੀਵਰਸਿਟੀ (ਸੋਰਬਨ ਯੂਨੀਵਰਸਿਟੀ ਤੋਂ ਕਰਨ ਦੇ ਨਾਲ-ਨਾਲ ਇੰਡਸਟਰੀ ਸੇਫਟੀ ਅਤੇ ਰਿਸਕ ਮੈਨੇਜਮੈਂਟ ਵਿਚ ਐਮ.ਐਸ.ਸੀ. ਦਾ ਡਬਲ ਡਿਪਲੋਮਾ) ਕੀਤੀ ਹੈ। ਉਹ ਪਿਛਲੇ ਦੋ ਸਾਲ ਤੋਂ ਇਸ ਪ੍ਰੋਜੈਕਟ ਉਤੇ ਕੰਮ ਕਰ ਰਹੀ ਸੀ।

## ਬੇਅਦਬੀ ਮਾਮਲੇ ਦੀ ਸੁਣਵਾਈ ਟਲੀ

**ਮੁਹਾਲੀ:** ਬਰਗਾੜੀ ਸਮੇਤ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿਚ ਗੁਰੂ ਗ੍ਰੰਥ ਸਾਹਿਬ ਦੀ ਹੋਈ ਬੇਅਦਬੀ ਦੇ ਮਾਮਲਿਆਂ ਸਬੰਧੀ ਕੇਸ ਦੀ ਸੁਣਵਾਈ ਅੱਗੇ ਟਲ ਗਈ ਹੈ। ਮੁਹਾਲੀ ਸਥਿਤ ਸੀ.ਬੀ.ਆਈ. ਦੇ ਵਿਸ਼ੇਸ਼ ਜੱਜ ਛੁੱਟੀ ਉਤੇ ਹੋਣ ਕਾਰਨ ਇਸ ਮਾਮਲੇ ਦੀ ਸੁਣਵਾਈ ਨਹੀਂ ਹੋ ਸਕੀ। ਅਗਲੀ ਸੁਣਵਾਈ ਹੁਣ 19 ਅਗਸਤ ਨੂੰ ਹੋਵੇਗੀ।

ਪੰਜਾਬ ਸਰਕਾਰ ਵੱਲੋਂ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਹਰੇਨ ਰਾਵਲ ਨੇ ਕੇਸ ਦੀ ਪੈਰਵੀ ਕਰਨ ਲਈ ਪੇਸ਼ ਹੋਣਾ ਸੀ। ਸੀ.ਬੀ.ਆਈ. ਪਹਿਲਾਂ ਹੀ ਸੁਪਰੀਮ ਕੋਰਟ ਵਿਚ ਸੀ.ਬੀ.ਆਈ. ਦੀ ਰੀਵਿਊ ਪਟੀਸ਼ਨ ਪੈਂਡਿੰਗ ਪਈ ਹੋਣ ਦਾ ਹਵਾਲਾ ਦਿੰਦਿਆਂ ਮੁਹਾਲੀ ਅਦਾਲਤ 'ਚ ਸੁਣਵਾਈ ਮੁਲਤਵੀ ਕਰਨ ਦੀ ਮੰਗ ਕਰਦੀ ਆ ਰਹੀ ਹੈ।


ਵੇਟਰ, ਹੈਲਪਰ, ਤੰਦੂਰੀਏ ਤੇ ਡਿਸ਼ ਵਾਸ਼ਰ ਦੀ ਲੋੜ ਹੈ
ਮੈਡੀਸਨ, ਵਿਸਕਾਨਸਿਨ ਵਿਚ ਵੇਟਰ, ਕਿਚਨ ਹੈਲਪਰ, ਤੰਦੂਰੀਏ ਅਤੇ ਡਿਸ਼ ਵਾਸ਼ਰ ਦੀ ਲੋੜ ਹੈ। ਚੰਗੀ ਤਨਖਾਹ ਅਤੇ ਰਿਹਾਇਸ਼ ਦਾ ਪ੍ਰਬੰਧ।
ਸੰਪਰਕ ਕਰੋ, ਦਵਿੰਦਰ ਸਿੰਘ
ਫੋਨ: 262-391-7666
26-



ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899
Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**Live on Jas TV**
Saturday 9:30AM and Sunday 4PM (Pacific Time)
7021 Village Park Way, Dublin, CA 94568
Email: Homeomedicine@yahoo.com



Michigan Truck Driving School
6405 Middlebelt Road, Romulus, MI 48174
ਖੁਸ਼ਖਬਰੀ ! ਖੁਸ਼ਖਬਰੀ ! !
ਖੁਸ਼ਖਬਰੀ ! ! !
ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
Raj Jamarai Cell:734-644-1010 Office:734-747-4298



Midway Business Broker







For All Your Commercial Real Estate Needs
MIDWAY Business Broker
We Build Your Dreams
We Help You To
*Gas Station
*Commercial
*Liquor Store
*Hotel/Motel
*Miscellaneous Store
We will assist you to provide funding from $25K to $500K in 48 hrs.
List your business at: WWW.MBBBIZ.COM
Ajeet Singh: 847-529-9778
Nick Verma: 630-664-1435

# ਹੁਣ ਧੱਕੇ ਨਾਲ ਪੰਚਾਇਤੀ ਜ਼ਮੀਨਾਂ ਖੋਹਣ ਲੱਗੀ ਕੈਪਟਨ ਦੀ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਕਰੋਨਾ ਵਾਇਰਸ ਦੀ ਆੜ ਹੇਠ ਪਿੰਡਾਂ ਦੀਆਂ ਸਾਂਝੀਆਂ ਜ਼ਮੀਨਾਂ (ਸ਼ਾਮਲਾਟਾਂ) ਨੂੰ ਸਰਕਾਰੀ ਕਬਜ਼ੇ ਹੇਠ ਕਰਨ ਲਈ ਕਾਹਲੀ ਦਿਖਾਈ ਦੇ ਰਹੀ ਹੈ। ਦੂਜੇ ਪਾਸੇ ਸਰਕਾਰ ਦੀ ਇਸ ਧੱਕੇਸ਼ਾਹੀ ਖਿਲਾਫ ਲੋਕ ਰੋਹ ਵੀ ਵਧਦਾ ਜਾ ਰਿਹਾ ਹੈ।

ਲੁਧਿਆਣਾ ਦੇ ਪਿੰਡ ਮੱਤੇਵਾੜਾ ਕੋਲ ਬਣਾਏ ਜਾ ਰਹੇ ਸਨਅਤੀ ਪਾਰਕ ਮਾਮਲੇ ਉਤੇ ਸਰਕਾਰ ਦੀ ਨੀਅਤ ਉਤੇ ਸਵਾਲ ਉਠ ਰਹੇ ਹਨ।

ਸੇਖੋਵਾਲ ਦੀ ਪੰਚਾਇਤ ਨੇ ਜਿਥੇ ਮਤਾ ਪਾ ਕੇ 400 ਏਕੜ ਜ਼ਮੀਨ ਦੇਣ ਤੋਂ ਮਨ੍ਹਾਂ ਕਰ ਦਿੱਤਾ ਹੈ, ਉਥੇ ਪੁਲਿਸ ਤੇ ਪ੍ਰਸ਼ਾਸਨਿਕ ਅਧਿਕਾਰੀ ਪਿੰਡ ਦੀ ਸਰਪੰਚ ਅਮਰੀਕ ਕੌਰ ਨੂੰ ਜਬਰੀ ਚੁੱਕ ਕੇ ਕੂੰਮਕਲਾਂ ਤਹਿਸੀਲ 'ਚ ਲੈ ਗਏ ਤੇ ਰਜਿਸਟਰੀ ਕਰਵਾਉਣ ਦੀ ਕੋਸ਼ਿਸ਼ ਕੀਤੀ। ਗੁੱਸੇ ਵਿਚ ਆਏ ਪਿੰਡ ਦੇ ਲੋਕਾਂ ਵੱਲੋਂ ਕੂੰਮਕਲਾਂ ਤਹਿਸੀਲ ਘੇਰ ਲਈ ਤੇ ਸਰਕਾਰ ਦੀ ਧੱਕੇਸ਼ਾਹੀ ਦਾ ਵਿਰੋਧ ਕੀਤਾ।



ਜਾਣਕਾਰੀ ਅਨੁਸਾਰ 30 ਜੁਲਾਈ ਦੀ ਸ਼ਾਮ ਨੂੰ ਕੂੰਮਕਲਾਂ ਪੁਲਿਸ ਤੇ ਪੰਚਾਇਤ ਵਿਭਾਗ ਦੀਆਂ ਤਕਰੀਬਨ ਚਾਰ ਗੱਡੀਆਂ ਪਿੰਡ ਸੇਖੋਵਾਲ ਪੁੱਜੀਆਂ, ਜਿਥੋਂ ਪਿੰਡ ਦੀ ਸਰਪੰਚ ਅਮਰੀਕ ਕੌਰ, ਸਾਬਕਾ ਸਰਪੰਚ ਧੀਰ ਸਿੰਘ ਅਤੇ ਪੰਚ ਖਜਾਨ ਨੂੰ 400 ਏਕੜ ਪੰਚਾਇਤੀ ਜ਼ਮੀਨ ਸਰਕਾਰ ਦੇ ਨਾਮ ਤਬਦੀਲ ਕਰਨ ਲਈ ਕੂੰਮਕਲਾਂ ਤਹਿਸੀਲ ਲਿਆਂਦਾ ਗਿਆ। ਦੇਰ ਰਾਤ ਰਜਿਸਟਰੀ ਕਰਵਾਉਣ ਲਈ ਇਹ ਤਹਿਸੀਲ ਖੋਲ੍ਹ ਦਿੱਤੀ ਗਈ, ਪਰ ਉਥੇ ਸਰਪੰਚ ਤੇ ਪੰਚਾਇਤ ਮੈਂਬਰ ਨੇ ਇਹ ਜ਼ਮੀਨ ਸਰਕਾਰ ਨੂੰ ਦੇਣ ਤੋਂ ਮਨ੍ਹਾਂ ਕਰਦਿਆਂ ਰਜਿਸਟਰੀ ਉਤੇ ਦਸਤਖ਼ਤ ਨਾ ਕੀਤੇ। ਇਸ ਦਾ ਪਤਾ ਲੱਗਦੇ ਹੀ ਲੋਕ ਸੰਘਰਸ਼ ਕਮੇਟੀ, ਲੋਕ ਇਨਸਾਫ ਪਾਰਟੀ, ਆਮ ਆਦਮੀ ਪਾਰਟੀ ਦੇ ਆਗੂਆਂ ਨੇ ਤਹਿਸੀਲ ਦਫਤਰ ਅਤੇ ਪੁਲਿਸ ਥਾਣੇ ਦਾ ਘਿਰਾਓ ਕਰ ਕੇ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਲੋਕਾਂ ਦੇ ਰੋਹ ਨੂੰ ਦੇਖਦਿਆਂ ਮਹਿਲਾ ਸਰਪੰਚ ਨੂੰ ਛੱਡ ਦਿੱਤਾ ਗਿਆ ਤੇ ਦੇਰ ਰਾਤ ਰਜਿਸਟਰੀ ਕਰਵਾਉਣ ਲਈ ਖੋਲ੍ਹੀ ਤਹਿਸੀਲ ਬੰਦ ਕਰ ਦਿੱਤੀ ਗਈ। ਮੌਕੇ ਤੋਂ ਤਹਿਸੀਲ ਦਾ ਸਾਰਾ ਸਟਾਫ ਵੀ ਖਿਸਕ ਗਿਆ।

ਦੱਸ ਦਈਏ ਕਿ ਪੰਚਾਇਤੀ ਰਾਜ ਕਾਨੂੰਨ 1994 ਮੁਤਾਬਕ ਪੰਚਾਇਤੀ ਮਤਾ ਪਿੰਡ ਦੀ ਕਿਸੇ ਸਾਂਝੀ ਥਾਂ ਮੀਟਿੰਗ ਕਰ ਕੇ ਰਜਿਸਟਰ 'ਚ ਏਜੰਡਾ ਨੋਟਿਸ ਕੱਢ ਕੇ ਪਾਸ ਕਰਵਾਇਆ ਜਾਣਾ ਚਾਹੀਦਾ ਹੈ। ਸਰਪੰਚ ਅਮਰੀਕ ਕੌਰ ਪਹਿਲਾਂ ਹੀ ਇਹ ਖੁਲਾਸਾ ਕਰ ਚੁੱਕੀ ਹੈ ਕਿ ਇਹ ਮਤਾ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਦਫਤਰ ਵਿਚ ਪਹਿਲਾਂ ਹੀ ਪੰਚਾਇਤ ਸਕੱਤਰ ਜਾਂ ਬੀ.ਡੀ.ਪੀ.ਓ. ਰਾਹੀਂ ਪਵਾ ਲਿਆ ਗਿਆ ਸੀ ਅਤੇ ਪੰਚਾਇਤ ਨੂੰ ਉਥੇ ਕੇਵਲ ਦਸਤਖ਼ਤ ਕਰਨ ਲਈ ਲਿਜਾਇਆ ਗਿਆ। ਉਨ੍ਹਾਂ ਨੂੰ ਸਰਕਾਰ ਵੱਲੋਂ 200 ਏਕੜ ਜ਼ਮੀਨ ਲੈਣ ਦੀ ਗੱਲ ਦੱਸੀ ਗਈ ਪਰ ਹੁਣ ਸੱਚਾਈ ਸਾਹਮਣੇ ਆਈ ਹੈ ਕਿ ਪਿੰਡ ਨਾਲ ਠੱਗੀ ਵੱਜ ਗਈ ਹੈ।

ਪੰਚਾਇਤ ਵੱਲੋਂ ਗ੍ਰਾਮ ਸਭਾ ਦਾ ਇਜਲਾਸ ਬੁਲਾਇਆ ਗਿਆ ਪਰ ਪੁਲਿਸ ਨੇ ਕੋਵਿਡ-19 ਦੀ ਦਲੀਲ ਦੇ ਕੇ ਗ੍ਰਾਮ ਸਭਾ ਨਾ ਕਰਨ ਦੀ ਹਦਾਇਤ ਕਰ ਦਿੱਤੀ। ਫਿਰ ਵੀ ਪਿੰਡ ਦੇ ਲਗਭਗ ਸਾਰੇ ਵਸਨੀਕਾਂ ਦੇ ਦਸਤਖ਼ਤਾਂ ਵਾਲਾ ਮਤਾ ਮੁੱਖ ਮੰਤਰੀ ਤੱਕ ਅਤੇ ਹੋਰ ਬਹੁਤ ਸਾਰੇ ਉਚ ਅਧਿਕਾਰੀਆਂ ਤੱਕ ਪਹੁੰਚਾ ਦਿੱਤਾ ਸੀ ਕਿ ਉਹ ਕਿਸੇ ਵੀ ਕੀਮਤ ਉਤੇ ਜ਼ਮੀਨ ਦੇਣ ਲਈ ਤਿਆਰ ਨਹੀਂ ਹਨ। ਸੰਵਿਧਾਨ ਦੀ 73ਵੀਂ ਸੋਧ ਮੁਤਾਬਕ ਸ਼ਾਮਲਾਟ ਜ਼ਮੀਨ ਗ੍ਰਾਮ ਸਭਾ ਦੀ ਮਲਕੀਅਤ ਹੈ। ਇਸੇ ਕਰ ਕੇ ਜ਼ਮੀਨ ਐਕੁਆਇਰ ਕਰਨ ਲਈ ਬਣਾਏ 2013 ਦੇ ਕਾਨੂੰਨ ਮੁਤਾਬਕ ਗ੍ਰਾਮ ਸਭਾ ਦੇ 80 ਫੀਸਦੀ ਵੋਟਰਾਂ ਦੀ ਸਹਿਮਤੀ ਜ਼ਰੂਰੀ ਹੈ।

## ਵਿਰੋਧੀ ਧਿਰ ਵਲੋਂ ਸਰਕਾਰ ਨੂੰ ਘੇਰਾ

**ਲੁਧਿਆਣਾ:** ਪਿੰਡ ਸੇਖੋਵਾਲ ਦੀ ਸਰਪੰਚ ਨੂੰ ਜਬਰੀ ਤਹਿਸੀਲ ਲਿਜਾ ਕੇ ਰਜਿਸਟਰੀ ਕਰਵਾਉਣ ਦੇ ਮਾਮਲੇ ਸਬੰਧੀ ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ ਤੇ ਵਿਧਾਇਕ ਸਰਬਜੀਤ ਕੌਰ ਮਾਣੂੰਕੇ ਨੇ ਪਿੰਡ ਦਾ ਦੌਰਾ ਕੀਤਾ ਤੇ ਸਰਪੰਚ ਤੇ ਪੰਚਾਇਤ ਦੇ ਮੈਂਬਰਾਂ ਨਾਲ ਮੁਲਾਕਾਤ ਕੀਤੀ। ਸ੍ਰੀ ਚੀਮਾ ਨੇ ਮੰਗ ਕੀਤੀ ਕਿ ਜਿਹੜੇ ਅਧਿਕਾਰੀ ਸਰਪੰਚ ਨੂੰ ਜਬਰੀ ਲੈ ਕੇ ਗਏ ਸਨ, ਉਨ੍ਹਾਂ ਖਿਲਾਫ ਅਗਵਾ ਕਰਨ ਦਾ ਕੇਸ ਦਰਜ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਪਿੰਡ ਵਾਸੀਆਂ ਨੂੰ ਜੋ ਵੀ ਮਦਦ ਦੀ ਲੋੜ ਹੋਵੇਗੀ, ਉਹ ਜ਼ਰੂਰ ਕਰਨਗੇ।

# ਬਠਿੰਡਾ ਥਰਮਲ: ਮਨਪ੍ਰੀਤ ਨੇ ਕੇਂਦਰ ਦੀ ਚਿੱਠੀ ਵਾਲਾ ਦਾਅਵਾ ਨਕਾਰਿਆ

**ਬਠਿੰਡਾ:** ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਬਠਿੰਡਾ ਥਰਮਲ ਨੂੰ ਪਰਾਲੀ ਨਾਲ ਚਲਾਉਣ ਬਾਰੇ ਕੇਂਦਰ ਤੋਂ ਕੋਈ ਵੀ ਚਿੱਠੀ ਆਉਣ ਤੋਂ ਇਨਕਾਰ ਕਰਦਿਆਂ ਆਖਿਆ ਕਿ ਅਕਾਲੀ ਆਗੂਆਂ ਦੇ ਇਸ ਬਾਰੇ ਦਾਅਵੇ ਬੇਬੁਨਿਆਦ ਹਨ। ਉਨ੍ਹਾਂ ਨਗਰ ਨਿਗਮਾਂ ਤੇ ਨਗਰ ਕੌਂਸਲ ਦੀਆਂ ਚੋਣਾਂ ਅਕਤੂਬਰ ਦੇ ਪਹਿਲੇ ਜਾਂ ਦੂਜੇ ਹਫਤੇ ਹੋਣ ਬਾਰੇ ਖੁਲਾਸਾ ਕਰਦਿਆਂ ਕਿਹਾ ਕਿ ਕਾਂਗਰਸ ਚੋਣਾਂ ਲਈ ਪੂਰੀ ਤਰ੍ਹਾਂ ਤਿਆਰ ਹੈ। ਕੇਂਦਰ ਸਰਕਾਰ ਵੱਲੋਂ ਖੇਤੀ ਸਬੰਧੀ ਪਾਸ ਕੀਤੇ ਗਏ ਆਰਡੀਨੈਂਸ ਬਾਰੇ ਸ਼੍ਰੋਮਣੀ ਅਕਾਲੀ ਦਲ ਦੀ 'ਦੋਗਲੀ ਨੀਤੀ' ਗਰਦਾਨਦਿਆਂ ਉਨ੍ਹਾਂ ਕਿਹਾ ਕਿ ਕਿਸਾਨ ਕਦੇ ਵੀ ਉਸ ਪਾਰਟੀ ਨੂੰ ਮੁਆਫ ਨਹੀਂ ਕਰਨਗੇ।



ਸ੍ਰੀ ਬਾਦਲ ਨੇ ਆਖਿਆ ਕਿ ਥਰਮਲ ਦੇ ਬਦਲ ਬਾਰੇ ਜੋ ਸੁਪਨਾ ਪੰਜਾਬ ਸਰਕਾਰ ਨੇ ਸੰਜੋਇਆ ਹੈ, ਉਹ ਪਰਾਲੀ ਵਾਲੇ ਥਰਮਲ ਤੋਂ ਇੰਨਾ ਕੁ ਵੱਡਾ ਤੇ ਸ਼ਾਨਦਾਰ ਹੈ ਕਿ ਬਠਿੰਡਾ ਵਾਸੀਆਂ ਨੇ ਕਦੇ ਸੋਚਿਆ ਵੀ ਨਹੀਂ ਹੋਣਾ। ਉਨ੍ਹਾਂ ਕਿਹਾ ਕਿ ਉਸ ਸੁਪਨੇ ਨੂੰ ਹਕੀਕੀ ਰੂਪ 'ਚ ਤਬਦੀਲ ਹੋਣ ਮਗਰੋਂ ਬਠਿੰਡਾ ਸ਼ਹਿਰ ਦੀ ਤਰੱਕੀ 'ਚ ਲਹਿਰਾਂ-ਬਹਿਰਾਂ ਹੋਣ ਵਾਲੀਆਂ ਹਨ। ਉਨ੍ਹਾਂ ਸਰਫੇ ਦੀ ਗੱਲ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਆਪਣੇ ਖਜ਼ਾਨੇ 'ਚੋਂ ਇਕ ਮੋਰੀ ਵਾਲੇ ਪੈਸੇ ਦੀ ਦੁਰਵਰਤੋਂ ਵੀ ਨਹੀਂ ਹੋਣ ਦੇਵੇਗੀ।

# ਅਫਸਰਸ਼ਾਹੀ ਨੂੰ ਲੱਗਾ ਕੈਪਟਨ ਦੀ ਸਰਫਾ ਮੁਹਿੰਮ ਦਾ ਸੇਕ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਬੱਚਤ ਮੁਹਿੰਮ ਵਜੋਂ ਚੰਡੀਗੜ੍ਹ 'ਚ ਤਾਇਨਾਤ ਆਈ.ਏ.ਐਸ. ਅਫਸਰਾਂ ਲਈ ਦੂਸਰੀ ਦਫਾ ਤੇਲ ਦਾ ਕੱਟ ਲਾ ਦਿੱਤਾ ਹੈ। ਕੁਝ ਅਰਸਾ ਪਹਿਲਾਂ ਵਿੱਤ ਵਿਭਾਗ ਨੇ ਤੇਲ ਉਤੇ 25 ਫੀਸਦੀ ਕੱਟ ਲਾਇਆ ਸੀ ਅਤੇ ਹੁਣ ਸਰਕਾਰ ਨੇ ਫਿਰ 25 ਫੀਸਦੀ ਹੋਰ ਤੇਲ 'ਚ ਕਟੌਤੀ ਕਰ ਦਿੱਤੀ ਹੈ।

ਵਿੱਤ ਵਿਭਾਗ ਵੱਲੋਂ ਜਾਰੀ ਪੱਤਰ ਅਨੁਸਾਰ ਚੰਡੀਗੜ੍ਹ ਵਿਚ ਤਾਇਨਾਤ ਵਿਸ਼ੇਸ਼ ਸਕੱਤਰਾਂ, ਪ੍ਰਬੰਧਕੀ ਸਕੱਤਰਾਂ, ਪ੍ਰਮੁੱਖ ਸਕੱਤਰਾਂ ਅਤੇ ਵਧੀਕ ਮੁੱਖ ਸਕੱਤਰਾਂ ਨੂੰ ਮਿਲਦੇ ਤੇਲ ਉਤੇ 25 ਫੀਸਦੀ ਕੱਟ ਲਾ ਦਿੱਤਾ ਗਿਆ ਹੈ। ਹਾਲਾਂਕਿ ਵਿੱਤ ਮਹਿਕਮੇ ਤਰਫੋਂ ਕਟੌਤੀ ਮੁਹਿੰਮ 'ਚੋਂ ਵਜ਼ੀਰਾਂ ਨੂੰ ਬਾਹਰ ਰੱਖਿਆ ਗਿਆ ਹੈ। ਵਿਧਾਇਕਾਂ ਅਤੇ ਸੰਸਦ ਮੈਂਬਰਾਂ ਨੂੰ ਤਾਂ ਪਹਿਲਾਂ ਹੀ 500 ਲਿਟਰ ਪ੍ਰਤੀ ਮਹੀਨਾ ਦਾ ਤੇਲ ਮਿਲਦਾ ਹੈ ਜਦੋਂ ਕਿ ਵਜ਼ੀਰਾਂ ਨੂੰ ਤੇਲ ਖਰਚ ਦੀ ਖੁੱਲ੍ਹ ਹੈ। ਜੋ ਵਜ਼ੀਰ ਪ੍ਰਾਈਵੇਟ ਵਾਹਨ ਵਰਤਦੇ ਹਨ, ਉਨ੍ਹਾਂ ਨੂੰ ਪ੍ਰਤੀ ਕਿਲੋਮੀਟਰ ਪਿੱਛੇ 15 ਰੁਪਏ ਦਿੱਤੇ ਜਾ ਰਹੇ ਹਨ। ਇਕ ਦਫਾ ਇਹ ਵਧਾ ਕੇ 18 ਰੁਪਏ ਕਰ ਦਿੱਤੇ ਸਨ ਪਰ ਰੌਲਾ ਪੈਣ ਮਗਰੋਂ ਮੁੜ 15 ਰੁਪਏ ਕਰ ਦਿੱਤੇ ਸਨ।

ਪੰਜਾਬ ਸਰਕਾਰ ਵਲੋਂ ਇਸ ਕਟੌਤੀ ਤੋਂ ਸਿਹਤ ਵਿਭਾਗ, ਮੈਡੀਕਲ ਐਜੂਕੇਸ਼ਨ, ਪੁਲਿਸ, ਖੁਰਾਕ ਤੇ ਸਪਲਾਈ, ਖੇਤੀ ਅਤੇ ਜ਼ਿਲ੍ਹਾ ਅਧਿਕਾਰੀਆਂ ਨੂੰ ਛੋਟ ਦਿੱਤੀ ਗਈ ਹੈ। ਵਿੱਤ ਮਹਿਕਮੇ ਦਾ ਤਰਕ ਹੈ ਕਿ ਚੰਡੀਗੜ੍ਹ 'ਚ ਤਾਇਨਾਤ ਅਧਿਕਾਰੀ ਪੰਜਾਹ ਫੀਸਦੀ ਸਟਾਫ ਨਾਲ ਕੰਮ ਕਰ ਰਹੇ ਹਨ ਜਾਂ ਫਿਰ ਘੱਟ ਯਾਤਰਾ ਕਰ ਰਹੇ ਹਨ। ਇਸ ਵੇਲੇ ਕਰੋਨਾ ਕਰਕੇ ਵੈਸੇ ਵੀ ਤੇਲ ਦੀ ਖਪਤ ਕਾਫੀ ਘੱਟ ਸੀ। ਮੁੱਖ ਸਕੱਤਰ ਦੇ ਤੇਲ ਖਰਚ 'ਚ ਕੋਈ ਕਟੌਤੀ ਨਹੀਂ ਕੀਤੀ ਗਈ ਹੈ।

ਵੇਰਵਿਆਂ ਅਨੁਸਾਰ ਪ੍ਰਮੁੱਖ ਸਕੱਤਰਾਂ ਤੇ ਸਕੱਤਰਾਂ ਨੂੰ ਪਹਿਲਾਂ ਪ੍ਰਤੀ ਮਹੀਨਾ 300 ਲਿਟਰ ਤੇਲ ਮਿਲਦਾ ਸੀ ਜੋ ਹੁਣ 150 ਲਿਟਰ ਪ੍ਰਤੀ ਮਹੀਨਾ (ਦੋ ਕੱਟਾਂ ਕਰਕੇ) ਰਹਿ ਗਿਆ ਹੈ। ਵਧੀਕ ਮੁੱਖ ਸਕੱਤਰਾਂ ਨੂੰ ਪ੍ਰਤੀ ਮਹੀਨਾ 345 ਲਿਟਰ ਅਤੇ ਮੁੱਖ ਸਕੱਤਰ ਨੂੰ ਪ੍ਰਤੀ ਮਹੀਨਾ 500 ਲਿਟਰ ਤੇਲ ਮਿਲਦਾ ਸੀ ਜੋ ਹੁਣ ਦੋ ਵਾਰ ਕਟੌਤੀ ਲਾਉਣ ਮਗਰੋਂ ਕ੍ਰਮਵਾਰ 173 ਲਿਟਰ ਅਤੇ 250 ਲਿਟਰ ਰਹਿ ਗਿਆ ਹੈ। ਡਿਪਟੀ ਕਮਿਸ਼ਨਰਾਂ ਨੂੰ ਪ੍ਰਤੀ ਮਹੀਨਾ 400 ਲਿਟਰ ਤੇਲ ਮਿਲਦਾ ਸੀ।

ਉਚ ਅਧਿਕਾਰੀਆਂ ਕੋਲ ਇਸ ਵੇਲੇ ਇਨੋਵਾ ਗੱਡੀਆਂ ਹਨ ਜਿਨ੍ਹਾਂ ਦੀ ਐਵਰੇਜ 10 ਕਿਲੋਮੀਟਰ ਪ੍ਰਤੀ ਲਿਟਰ ਹੈ। ਮੋਟੇ ਹਿਸਾਬ ਨਾਲ ਦੇਖੀਏ ਤਾਂ ਹੁਣ ਮੁੱਖ ਸਕੱਤਰ ਰੋਜ਼ਾਨਾ 80 ਕਿਲੋਮੀਟਰ ਸਫ਼ਰ ਕਰ ਸਕੇਗੀ ਜਦੋਂ ਵਧੀਕ ਮੁੱਖ ਸਕੱਤਰ ਰੋਜ਼ਾਨਾ ਔਸਤਨ 55 ਕਿਲੋਮੀਟਰ ਸਰਕਾਰੀ ਖਰਚੇ ਤੇ ਸਫਰ ਕਰ ਸਕਣਗੇ। ਇਸੇ ਤਰ੍ਹਾਂ ਸਕੱਤਰ ਅਤੇ ਪ੍ਰਮੁੱਖ ਸਕੱਤਰ ਰੋਜ਼ਾਨਾ ਔਸਤਨ ਸਰਕਾਰੀ ਤੇਲ ਨਾਲ ਔਸਤਨ 50 ਕਿਲੋਮੀਟਰ ਦਾ ਸਫ਼ਰ ਕਰ ਸਕਣਗੇ।

ਯਾਦ ਰਹੇ ਕਿ ਅਫਸਰਾਂ ਨਾਲ ਕਈ ਮਾਮਲਿਆਂ ਬਾਰੇ ਰੱਫੜ ਪਹਿਲਾਂ ਵੀ ਸਾਹਮਣੇ ਆਉਂਦੇ ਰਹੇ ਹਨ। ਮੰਤਰੀ ਅਤੇ ਵਿਧਾਇਕ ਤਾਂ ਕਈ ਵਾਰ ਇਹ ਗੱਲ ਚਿਤਾਰ ਚੁੱਕੇ ਹਨ ਕਿ ਅਫਸਰ ਉਨ੍ਹਾਂ ਦੀ ਗੱਲ ਹੀ ਨਹੀਂ ਸੁਣਦੇ। ਇਸੇ ਕਰ ਕੇ ਪਿਛਲੇ ਮਹੀਨਿਆਂ ਦੌਰਾਨ ਚੋਟੀ ਦੇ ਅਫਸਰ ਕਰਨ ਅਵਤਾਰ ਸਿੰਘ ਨਾਲ ਵੀ ਮੰਤਰੀਆਂ ਦਾ ਰੱਫੜ ਪੈ ਗਿਆ ਸੀ ਜੋ ਮਗਰੋਂ ਇੰਨਾ ਜ਼ਿਆਦਾ ਵਧ ਗਿਆ ਕਿ ਇਸ ਅਫਸਰ ਨੂੰ ਲਾਂਭੇ ਕਰਨਾ ਪਿਆ। ਅੱਜਕੱਲ੍ਹ ਉਹ ਲੰਮੀ ਛੁੱਟੀ 'ਤੇ ਹਨ ਅਤੇ ਉਨ੍ਹਾਂ ਸਮੇਂ ਤੋਂ ਪਹਿਲਾਂ ਹੀ ਸੇਵਾ ਮੁਕਤੀ ਲਈ ਅਰਜ਼ੀ ਦੇ ਦਿੱਤੀ ਹੈ।

# ਕਿਸਾਨਾਂ ਵਲੋਂ ਮੰਤਰੀਆਂ ਤੇ ਵਿਧਾਇਕਾਂ ਦੇ ਘਰ ਘੇਰਨ ਦਾ ਐਲਾਨ

**ਪਟਿਆਲਾ:** ਕੁੱਲ ਹਿੰਦ ਕਿਸਾਨ ਸੰਘਰਸ਼ ਤਾਲਮੇਲ ਕਮੇਟੀ ਵੱਲੋਂ 9 ਕਿਸਾਨੀ ਮੰਗਾਂ ਤਹਿਤ 10 ਅਗਸਤ ਨੂੰ 'ਦੇਸੀ-ਵਿਦੇਸ਼ੀ ਕਾਰਪੋਰੇਟ ਘਰਾਣਿਓ ਖੇਤੀ ਛੱਡੋ' ਦੇ ਬੈਨਰ ਹੇਠਾਂ ਦੇਸ਼ ਵਿਆਪੀ ਕਿਸਾਨ ਅੰਦੋਲਨ ਦੇ ਦਿੱਤੇ ਗਏ ਸੱਦੇ ਤਹਿਤ ਪੰਜਾਬ ਦੀਆਂ 10 ਕਿਸਾਨ ਜਥੇਬੰਦੀਆਂ ਵੀ ਵੱਧ ਚੜ੍ਹ ਕੇ ਸ਼ਿਰਕਤ ਕਰਨਗੀਆਂ। ਕਿਸਾਨੀ ਮਸਲਿਆਂ ਦਾ ਸਥਾਈ ਹੱਲ ਯਕੀਨੀ ਬਣਾਉਣ ਦੇ ਮਨੋਰਥ ਨਾਲ ਕੇਂਦਰ ਸਰਕਾਰ ਉਤੇ ਦਬਾਅ ਵਧਾਉਣ ਲਈ 10 ਅਗਸਤ ਨੂੰ ਜਥੇਬੰਦੀਆਂ ਪੰਜਾਬ ਵਿਚਲੇ ਸਮੂਹ ਕੇਂਦਰੀ ਤੇ ਸੂਬਾਈ ਮੰਤਰੀਆਂ ਸਮੇਤ ਲੋਕ ਸਭਾ ਮੈਂਬਰਾਂ ਅਤੇ ਵਿਧਾਇਕਾਂ ਦੇ ਦਫਤਰਾਂ/ਘਰਾਂ ਤੱਕ ਦਸਤਕ ਦੇਣਗੀ। ਇਸ ਦੌਰਾਨ ਪ੍ਰਧਾਨ ਮੰਤਰੀ ਦੇ ਨਾਮ 9 ਸੂਤਰੀ ਮੰਗ ਪੱਤਰ ਸੌਂਪੇ ਜਾਣਗੇ। ਇਨ੍ਹਾਂ ਰਾਜਸੀ ਨੇਤਾਵਾਂ ਤੱਕ ਐਤਕੀਂ ਕਿਸਾਨਾਂ ਦੇ ਕਾਫਲੇ ਮੋਟਰਸਾਈਕਲਾਂ, ਕਾਰਾਂ, ਜੀਪਾਂ ਅਤੇ ਸਕੂਟਰਾਂ ਉਤੇ ਆਧਾਰਿਤ ਵਾਹਨ ਮਾਰਚ ਰਾਹੀਂ ਪੁੱਜਣਗੇ। ਕਿਸਾਨ ਆਗੂਆਂ ਨੇ ਦੱਸਿਆ ਕਿ ਕਿਸਾਨ ਇਨ੍ਹਾਂ ਲੋਕ ਨੁਮਾਇੰਦਿਆਂ ਤੋਂ ਮੰਗ ਕਰਨਗੇ ਕਿ ਉਹ ਕਿਸਾਨ ਮਸਲਿਆਂ ਦੇ ਸਥਾਈ ਹੱਲ ਲਈ ਮੋਦੀ ਸਰਕਾਰ ਉਤੇ ਜ਼ੋਰ ਪਾਉਣ।



ਕਿਸਾਨ ਮੰਗ ਕਰ ਰਹੇ ਹਨ ਕਿ ਖੇਤੀ ਵਿਰੋਧੀ ਤਿੰਨ ਆਰਡੀਨੈਂਸ ਅਤੇ ਬਿਜਲੀ ਐਕਟ 2020 ਵਾਪਸ ਲੈਣ, ਤੇਲ ਕੀਮਤਾਂ ਘਟਾਉਣ, ਫਸਲਾਂ ਦੇ ਭਾਅ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਮੁਤਾਬਕ ਮਿਥਣ, ਕਿਸਾਨੀ ਕਰਜ਼ਿਆਂ ਉਤੇ ਲੀਕ ਫੇਰਨ, ਦੁੱਧ ਉਤਪਾਦਕਾਂ ਅਤੇ ਦੁੱਧ ਧੰਦੇ 'ਤੇ ਨਿਰਭਰ ਕਿਸਾਨਾਂ ਅਤੇ ਗੰਨਾਂ ਉਤਪਾਦਕਾਂ ਦੀਆਂ ਮੰਗਾਂ ਮੰਨੀਆਂ ਜਾਣ।

## ਆਰਡੀਨੈਂਸਾਂ ਬਾਰੇ ਕੈਪਟਨ ਸਰਕਾਰ ਦੀ ਚੁੱਪ ਉਤੇ ਸਵਾਲ

**ਚੰਡੀਗੜ੍ਹ:** ਖੇਤੀ ਸੁਧਾਰਾਂ ਦੀ ਆੜ ਹੇਠ ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਗਏ 3 ਕਿਸਾਨ ਵਿਰੋਧੀ ਅਤੇ ਆਰਡੀਨੈਂਸਾਂ ਦੇ ਮੁੱਦੇ ਉਤੇ ਸੂਬੇ ਦੀਆਂ ਚਾਰ ਸਿਆਸੀ ਧਿਰਾਂ ਨੇ ਇਕਜੁੱਟ ਹੋ ਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਸੁਆਲ ਖੜ੍ਹੇ ਕੀਤੇ ਹਨ। ਆਮ ਆਦਮੀ ਪਾਰਟੀ (ਆਪ), ਬਹੁਜਨ ਸਮਾਜ ਪਾਰਟੀ (ਬਸਪਾ), ਭਾਰਤੀ ਕਮਿਊਨਿਸਟ ਪਾਰਟੀ (ਸੀ.ਪੀ.ਆਈ.) ਅਤੇ ਭਾਰਤੀ ਕਮਿਊਨਿਸਟ ਪਾਰਟੀ ਮਾਰਕਸਿਸਟ (ਸੀ.ਪੀ.ਐਮ.) ਨੇ ਪੁੱਛਿਆ ਹੈ ਕਿ ਮੁੱਖ ਮੰਤਰੀ ਨੇ ਖੇਤੀ ਵਿਰੋਧੀ ਆਰਡੀਨੈਂਸਾਂ ਖਿਲਾਫ ਸੂਬੇ ਵੱਲੋਂ ਲੋੜੀਂਦੇ ਕਦਮ ਕਿਉਂ ਨਹੀਂ ਉਠਾਏ ਜਦੋਂਕਿ ਆਰਡੀਨੈਂਸਾਂ ਬਾਰੇ ਨੋਟੀਫਿਕੇਸ਼ਨਾਂ ਜਾਰੀ ਹੋ ਚੁੱਕੀਆਂ ਹਨ।

# ਦਲ-ਬਦਲੂ ਕੇਸ: ਖਹਿਰਾ ਤੇ ਸੰਦੋਆ ਨੇ ਕਰੋਨਾ ਦੀ ਓਟ ਲਈ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਨਾਲ ਸਬੰਧਤ 2 ਦਲ-ਬਦਲੂ ਵਿਧਾਇਕਾਂ- ਭੁਲੱਥ ਤੋਂ ਸੁਖਪਾਲ ਸਿੰਘ ਖਹਿਰਾ ਤੇ ਰੋਪੜ ਤੋਂ ਅਮਰਜੀਤ ਸਿੰਘ ਸੰਦੋਆ ਦਾ ਦਲਬਦਲੂ ਕੇਸ ਫਿਰ ਲਟਕ ਗਿਆ ਹੈ ਕਿਉਂਕਿ ਉਨ੍ਹਾਂ ਵੱਲੋਂ ਇਹ ਬੇਨਤੀ ਕੀਤੀ ਗਈ ਹੈ ਕਿ ਇਕ ਤਾਂ ਕੇਸ ਹਾਈਕੋਰਟ ਵਿਚ ਲੰਬਿਤ ਪਿਆ ਹੈ, ਦੂਜਾ ਕਰੋਨਾ ਦੀ ਬਿਮਾਰੀ ਦੇ ਕੇਸ ਵਧ ਰਹੇ ਹਨ।

ਇਸ ਲਈ 31 ਜੁਲਾਈ ਨੂੰ ਸਪੀਕਰ ਦੇ ਸਾਹਮਣੇ ਪੇਸ਼ ਹੋਣ ਤੋਂ ਅਸਮਰਥ ਹਨ, ਜਿਸ ਕਾਰਨ ਸਪੀਕਰ ਰਾਣਾ ਕੇ.ਪੀ. ਸਿੰਘ ਨੇ ਸੁਣਵਾਈ ਅੱਗੇ ਪਾ ਦਿੱਤੀ ਹੈ। ਇਨ੍ਹਾਂ ਦੋਹਾਂ ਨੇ ਲੋਕ ਸਭਾ ਦੀਆਂ ਪਿਛਲੀਆਂ ਚੋਣਾਂ ਸਮੇਂ ਆਪੋ ਆਪਣੀ ਪਾਰਟੀ ਛੱਡ ਕੇ ਤਰਤੀਬ ਅਨੁਸਾਰ ਪੰਜਾਬ ਏਕਤਾ ਪਾਰਟੀ ਬਣਾ ਲਈ ਸੀ ਅਤੇ ਕਾਂਗਰਸ ਵਿਚ ਸ਼ਮੂਲੀਅਤ ਕਰ ਲਈ ਸੀ। ਉਦੋਂ ਦੇ ਹੀ ਇਨ੍ਹਾਂ ਦੋਹਾਂ ਦੇ ਕੇਸ ਲਟਕ ਰਹੇ ਹਨ। ਵਰਣਨਯੋਗ ਹੈ ਕਿ ਦੋਹਾਂ ਨੇ ਇਕ ਮੌਕੇ ਵਿਧਾਇਕੀ ਤੋਂ ਦਿੱਤੇ ਅਸਤੀਫੇ ਵੀ ਵਾਪਸ ਲਏ ਸਨ ਪਰ ਇਸ ਦੇ ਬਾਵਜੂਦ ਇਨ੍ਹਾਂ ਬਾਰੇ ਦਲਬਦਲੂ ਵਿਰੋਧੀ ਕਾਨੂੰਨ ਦੀ ਉਲੰਘਣਾ ਕਰਨ ਦੇ ਦੋਸ਼ ਵਿਚ ਕੇਸ ਬਰਾਬਰ ਚੱਲ ਰਿਹਾ ਹੈ ਪਰ ਸਪੀਕਰ ਨੇ ਫਿਲਹਾਲ ਕੇਸ ਦੀ ਸੁਣਵਾਈ ਰੋਕ ਦਿੱਤੀ ਹੈ। ਵਿਧਾਨ ਸਭਾ ਸਕੱਤਰੇਤ ਤੋਂ ਮਿਲੀ ਜਾਣਕਾਰੀ ਅਨੁਸਾਰ ਇਨ੍ਹਾਂ ਦੋਹਾਂ ਨੂੰ ਨਵੀਂ ਤਰੀਕ ਦਿੱਤੀ ਜਾਏਗੀ ਪਰ ਦਲਬਦਲੂ ਦਾ ਕੇਸ ਪਹਿਲਾਂ ਵਾਂਗ ਜਾਰੀ ਰਹੇਗਾ।

# ਟਰਾਲੇ ਨੂੰ ਅੱਗ ਲੱਗਣ ਕਾਰਨ ਪੰਜਾਬੀ ਨੌਜਵਾਨ ਦੀ ਮੌਤ

**ਬੇਗੋਵਾਲ:** ਕੈਲੀਫੋਰਨੀਆ 'ਚ ਅਚਾਨਕ ਟਰਾਲੇ ਨੂੰ ਅੱਗ ਲੱਗਣ ਕਾਰਨ ਨੰਗਲ ਲੁਬਾਣਾ ਵਾਸੀ ਨੌਜਵਾਨ ਸੁਖਵਿੰਦਰ ਸਿੰਘ ਪੁੱਤਰ ਪਿਸ਼ੌਰਾ ਸਿੰਘ ਦੀ ਮੌਤ ਹੋ ਗਈ। ਇਸ ਸਬੰਧੀ ਮ੍ਰਿਤਕ ਸੁਖਵਿੰਦਰ ਸਿੰਘ ਦੇ ਪਿਤਾ ਨੇ ਭਰੇ ਮਨ ਨਾਲ ਦੱਸਿਆ ਕਿ ਤਕਰੀਬਨ 8 ਸਾਲ ਪਹਿਲਾਂ ਉਨ੍ਹਾਂ ਦਾ ਬੇਟਾ ਏਜੰਟ ਰਾਹੀਂ 24 ਲੱਖ ਲਗਾ ਕੇ ਰੋਜ਼ੀ ਰੋਟੀ ਲਈ ਅਮਰੀਕਾ ਭੇਜਿਆ ਸੀ ਪਰ ਪੇਪਰ ਨਾ ਬਣਨ ਕਾਰਨ ਕੱਚਾ ਸੀ, ਜਿਸ ਕਰਕੇ ਉਹ ਇਕ ਵਾਰ ਵੀ ਵਾਪਸ ਘਰ ਨਹੀਂ ਸੀ ਆਇਆ।

ਜਾਣਕਾਰੀ ਅਨੁਸਾਰ ਸੁਖਵਿੰਦਰ ਸਿੰਘ ਭਾਰਤੀ ਸਮੇਂ ਅਨੁਸਾਰ ਤੜਕਸਾਰ 4 ਵਜੇ ਟਰਾਲੇ 'ਤੇ ਕੈਲੀਫੋਰਨੀਆ ਤੋਂ ਸ਼ਿਕਾਗੋ ਲਈ ਸਾਮਾਨ ਲੈ ਕੇ ਜਾ ਰਿਹਾ ਸੀ ਤਾਂ ਅਚਾਨਕ ਚਲਦੇ ਟਰਾਲੇ ਨੂੰ ਅੱਗ ਲੱਗ ਗਈ, ਜਿਸ ਕਾਰਨ ਉਸ ਦੀ ਮੌਕੇ ਉਤੇ ਹੀ ਮੌਤ ਹੋ ਗਈ। ਉਹ ਦੋ ਭੈਣਾਂ ਦਾ ਇਕਲੌਤਾ ਭਰਾ ਸੀ ਤੇ ਅਜੇ ਵਿਆਹ ਵੀ ਨਹੀਂ ਹੋਇਆ ਸੀ। ਪਿਸ਼ੌਰਾ ਸਿੰਘ ਨੇ ਆਖਿਆ ਕਿ ਇਸ ਘਟਨਾ ਨਾਲ ਉਨ੍ਹਾਂ ਦੇ ਪਰਿਵਾਰ ਦਾ ਲੱਕ ਟੁੱਟ ਗਿਆ ਹੈ।

**Punjab Times**

**Established in 2000**
**21st Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
Iqbal S. Jabowalia
917-375-6395
**Circulation**
Harbhajan Singh
917-856-5229
**Photographer**
Kamaljit Singh Virdi
Ph. 847-502-2703

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਭਾਰਤੀ ਰਾਜਦੂਤ ਅਤੇ ਵਿਸਕਾਨਸਿਨ ਦੇ ਗਵਰਨਰ ਵਲੋਂ ਵਪਾਰ ਅਤੇ ਪੂੰਜੀ ਨਿਵੇਸ਼ ਬਾਰੇ ਵਿਚਾਰ-ਵਟਾਂਦਰਾ

**ਵਾਸ਼ਿੰਗਟਨ:** ਅਮਰੀਕਾ ਵਿਚ ਭਾਰਤ ਦੇ ਰਾਜਦੂਤ ਤਰਨਜੀਤ ਸਿੰਘ ਸੰਧੂ ਤੇ ਵਿਸਕਾਨਸਿਨ ਦੇ ਗਵਰਨਰ ਟੋਨੀ ਐਵਰਜ਼ ਨੇ ਵਰਚੂਅਲ ਮੀਟਿੰਗ ਕੀਤੀ ਅਤੇ ਭਾਰਤ ਤੇ ਵਿਸਕਾਨਸਿਨ ਵਿਚਕਾਰ ਵਪਾਰ ਅਤੇ ਪੂੰਜੀ ਨਿਵੇਸ਼ ਦੇ ਮਾਮਲਿਆਂ ਤੇ ਇਸ ਦੇ ਨਾਲ ਹੀ ਲੋਕਾਂ ਦਾ ਆਪਸੀ ਮੇਲਜੋਲ ਵਧਾਉਣ ਬਾਰੇ ਵਿਚਾਰ-ਵਟਾਂਦਰਾ ਕੀਤਾ।

ਦੋਹਾਂ ਜਣਿਆਂ ਨੇ ਵਿਸਕਾਨਸਿਨ ਅਤੇ ਭਾਰਤ ਦੇ ਸਾਂਝੇ ਖੇਤਰਾਂ ਜਿਵੇਂ ਖੇਤੀ, ਬੁਨਿਆਦੀ ਢਾਂਚਾ ਅਤੇ ਮੈਨੂਫੈਕਚਰਿੰਗ ਬਾਰੇ ਵਿਚਾਰਾਂ ਕੀਤੀਆਂ। ਰਾਜਦੂਤ ਨੇ ਗਵਰਨਰ ਨੂੰ ਭਾਰਤ ਵਲੋਂ ਸਿਹਤ ਸੰਭਾਲ ਅਤੇ ਸਿੱਖਿਆ ਦੇ ਖੇਤਰਾਂ ਵਿਚ ਕੀਤੀਆਂ ਪਹਿਲਕਦਮੀਆਂ ਬਾਰੇ ਦੱਸਿਆ ਅਤੇ ਇਨ੍ਹਾਂ ਦੋਹਾਂ ਖੇਤਰਾਂ ਵਿਚ ਸਹਿਯੋਗ ਵਧਾਉਣ ਬਾਰੇ ਗੱਲ ਤੋਰੀ।

ਯਾਦ ਰਹੇ, ਭਾਰਤ ਤੇ ਵਿਸਕਾਨਸਿਨ ਵਿਚਾਲੇ ਵਾਹਵਾ ਪੂੰਜੀ ਨਿਵੇਸ਼ ਤੇ ਵਪਾਰ ਹੁੰਦਾ ਹੈ। ਇਹ ਵਪਾਰ ਇਕ ਬਿਲੀਅਨ ਅਮਰੀਕੀ ਡਾਲਰ ਤੋਂ ਵੀ ਉਪਰ ਹੈ। ਸੂਚਨਾ ਟੈਕਨੋਲੋਜੀ (ਆਈ. ਟੀ.), ਇੰਜੀਅਰਿੰਗ ਸੇਵਾਵਾਂ, ਮੈਡੀਕਲ ਸਾਜ਼ੋ-ਸਮਾਨ, ਮੈਨੂਫੈਕਚਰਿੰਗ ਖੇਤਰਾਂ ਵਿਚ ਬਹੁਤ ਸਾਰੀਆਂ ਭਾਰਤੀ ਕੰਪਨੀਆਂ ਅੱਗੇ ਆਈਆਂ ਹਨ। ਇਨ੍ਹਾਂ ਕੰਪਨੀਆਂ ਨੇ ਵਿਸਕਾਨਸਿਨ ਵਿਚ ਕਰੀਬ 185 ਮਿਲੀਅਨ ਡਾਲਰ ਲਾਏ ਹਨ, ਜਿਸ ਨਾਲ ਸਟੇਟ ਵਿਚ 2460 ਨਵੀਆਂ ਨੌਕਰੀਆਂ ਪੈਦਾ ਹੋਈਆਂ ਹਨ। ਇਉਂ ਸਥਾਨਕ ਆਰਥਕਤਾ ਅਤੇ ਭਾਈਚਾਰਿਆਂ ਨੂੰ ਹੁਲਾਰਾ ਮਿਲਿਆ ਹੈ। ਇਸੇ ਤਰ੍ਹਾਂ ਵਿਸਕਾਨਸਿਨ ਦੀਆਂ ਆਟੋ-ਮੋਬਾਈਲ, ਇਲੈਕਟਰੀਕਲ ਸਾਜ਼ੋ-ਸਮਾਨ, ਵਿੱਤੀ ਸੇਵਾਵਾਂ ਅਤੇ ਟੈਕਨੋਲੋਜੀ ਖੇਤਰਾਂ ਨਾਲ ਜੁੜੀਆਂ ਕੰਪਨੀਆਂ ਨੇ ਭਾਰਤ ਵਿਚ ਕਾਰੋਬਾਰ ਲਾਏ ਹਨ। ਇਨ੍ਹਾਂ ਵਿਚ ਹਾਰਲੇ ਡੇਵਿਡਸਨ, ਰੌਕਵੈਲ ਆਟੋਮੇਸ਼ਨ, ਮੈਨਪਾਵਰ ਗਰੁਪ ਆਦਿ ਸ਼ਾਮਲ ਹਨ।

ਵਿਸਕਾਨਸਿਨ 'ਚ ਭਾਰਤੀ ਭਾਈਚਾਰੇ ਦੀ ਭਰਪੂਰ ਹਾਜ਼ਰੀ ਹੈ। ਇਸ ਦੇ ਨਾਲ ਹੀ ਭਾਰਤੀ ਵਿਦਿਆਰਥੀਆਂ ਦੀ ਵੀ ਚੋਖੀ ਗਿਣਤੀ ਹੈ। ਇਥੋਂ ਦੀਆਂ ਵਿਦਿਅਕ ਸੰਸਥਾਵਾਂ ਵਿਚ ਕਰੀਬ 1500 ਵਿਦਿਆਰਥੀ ਪੜ੍ਹਦੇ ਹਨ। ਭਾਰਤ ਅਤੇ ਵਿਸਕਾਨਸਿਨ ਵਿਚਕਾਰ ਬੜੇ ਚਿਰਾਂ ਤੋਂ ਵਿਦਿਅਕ ਸਾਂਝ ਹੈ। ਮੱਧ-1880ਵਿਆਂ ਵਿਚ ਵਿਸਕਾਨਸਿਨ ਯੂਨੀਵਰਸਿਟੀ ਵਿਚ ਭਾਰਤੀ ਵਿਦਿਆਰਥੀਆਂ ਆਉਂਦੇ ਰਹੇ ਹਨ। ਉਸ ਵਕਤ ਯੂਨੀਵਰਸਿਟੀ ਵਿਚ ਸੰਸਕ੍ਰਿਤ ਦੀ ਪ੍ਰੋਫੈਸਰਸ਼ਿਪ ਵੀ ਸ਼ੁਰੂ ਕੀਤੀ ਗਈ ਸੀ। ਮਸ਼ਹੂਰ ਸਾਇੰਸਦਾਨ ਡਾ. ਹਰਗੋਬਿੰਦ ਖੁਰਾਣਾ ਨੇ 1968 ਵਿਚ ਉਸ ਖੋਜ ਲਈ ਨੋਬੇਲ ਇਨਾਮ ਜਿੱਤਿਆ ਸੀ, ਜੋ ਉਨ੍ਹਾਂ ਵਿਸਕਾਨਸਿਨ-ਮੈਡੀਸਨ ਯੂਨੀਵਰਸਿਟੀ 'ਚ ਕੀਤੀ ਸੀ।

ਇਸ ਮੌਕੇ ਰਾਜਦੂਤ ਨੇ ਭਾਰਤ ਅਤੇ ਅਮਰੀਕਾ ਵਿਚ ਯੂਨੀਵਰਸਿਟੀ ਤੋਂ ਯੂਨੀਵਰਸਿਟੀ ਦੇ ਹਿਸਾਬ ਨਾਲ ਤਾਲਮੇਲ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਰਾਜਦੂਤ ਤਰਨਜੀਤ ਸਿੰਘ ਸੰਧੂ ਅਤੇ ਗਵਰਨਰ ਟੋਨੀ ਐਵਰਜ਼ ਨੇ ਭਾਰਤ ਅਤੇ ਵਿਸਕਾਨਸਿਨ ਵਿਚਕਾਰ ਸਬੰਧ ਹੋਰ ਮਜ਼ਬੂਤ ਬਣਾਉਣ ਬਾਰੇ ਸਹਿਮਤੀ ਪ੍ਰਗਟਾਈ।

# ਨਸ਼ਿਆਂ ਦਾ ਕਹਿਰ: ਕੈਪਟਨ ਦੇ ਚਾਰ ਹਫਤੇ ਬਨਾਮ ਚਾਲੀ ਹਫਤੇ

*(ਸਫਾ ਇਕ ਦੀ ਬਾਕੀ)*

ਵਿਚ ਮਿਲਾ ਕੇ ਦਿੱਤੇ ਜਾਂਦੇ ਹਨ।

ਇਹ ਦੁਖਾਂਤ ਅਚਾਨਕ ਨਹੀਂ ਵਾਪਰਿਆ। ਪਿਛਲੇ ਕੁਝ ਮਹੀਨਿਆਂ ਤੋਂ ਸ਼ਰਾਬ ਮਾਫੀਆ ਦੀਆਂ ਸਰਗਰਮੀਆਂ ਇਸ ਦੇ ਸੰਕੇਤ ਦੇ ਰਹੀਆਂ ਸਨ। ਇਥੋਂ ਤੱਕ ਕਿ ਖੁਫੀਆ ਵਿੰਗ ਨੇ ਅਜਿਹੇ 500 ਤਸਕਰਾਂ ਦੀ ਸੂਹ ਦਿੱਤੀ ਸੀ ਪਰ ਇਸ ਪਾਸੇ ਕੋਈ ਕਾਰਵਾਈ ਨਹੀਂ ਕੀਤੀ ਗਈ। ਅਸਲ ਵਿਚ, ਕਰੋਨਾ ਮਹਾਮਾਰੀ ਕਾਰਨ ਪਿਛਲੇ ਚਾਰ ਮਹੀਨੇ ਰਾਜ ਵਿਚ ਲੋਕਾਂ ਦੀ ਆਵਾਜਾਈ ਸਬੰਧੀ ਅਨੇਕਾਂ ਤਰ੍ਹਾਂ ਦੀਆਂ ਸਖਤ ਪਾਬੰਦੀਆਂ ਲੱਗੀਆਂ ਹੋਈਆਂ ਸਨ। ਇਸ ਦੇ ਬਾਵਜੂਦ ਰਾਜ ਦੇ ਸ਼ਹਿਰੀ ਅਤੇ ਦਿਹਾਤੀ ਸਭ ਖੇਤਰਾਂ ਵਿਚ ਵੱਡੇ ਪੱਧਰ ਉਤੇ ਸ਼ਰਾਬ ਤੇ ਹੋਰ ਪ੍ਰਕਾਰ ਦੇ ਨਸ਼ਿਆਂ ਦੀ ਨਾਜਾਇਜ਼ ਵਿਕਰੀ ਹੁੰਦੀ ਰਹੀ।

ਇਹ ਪੋਲ ਉਸ ਸਮੇਂ ਖੁੱਲ੍ਹੀ ਜਦੋਂ ਨਾਜਾਇਜ਼ ਵਿਕਰੀ ਤੋਂ ਤੰਗ ਆਏ ਸ਼ਰਾਬ ਦੇ ਠੇਕੇਦਾਰਾਂ ਨੇ ਅੱਗੇ ਤੋਂ ਠੇਕੇ ਲੈਣ ਤੋਂ ਕੋਰੀ ਨਾਂਹ ਕਰ ਦਿੱਤੀ। ਸਰਕਾਰ ਨੇ ਠੇਕੇਦਾਰਾਂ ਨੂੰ ਭਰੋਸਾ ਦਿੱਤਾ ਤੇ ਅਗਲੇ ਹੀ ਦਿਨ ਘਨੌਰ (ਪਟਿਆਲਾ) ਦੇ ਪਿੰਡ ਗੰਡੋਆ ਵਿਚ ਨਾਜਾਇਜ਼ ਸ਼ਰਾਬ ਦੀ ਫੈਕਟਰੀ ਫੜੀ ਗਈ। ਸ਼ਰਾਬ ਦੀ ਇਹ ਫੈਕਟਰੀ ਚਲਾਉਣ ਵਾਲੇ ਲੋਕਾਂ ਵਿਚ ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਦੇ ਸਥਾਨਕ ਕਿਸਮ ਦੇ ਆਗੂ ਸ਼ਾਮਲ ਸਨ ਅਤੇ ਇਨ੍ਹਾਂ ਆਗੂਆਂ ਦੀਆਂ ਤਸਵੀਰਾਂ ਕਾਂਗਰਸ ਅਤੇ ਅਕਾਲੀ ਦਲ ਦੇ ਸੀਨੀਅਰ ਆਗੂਆਂ ਨਾਲ ਵੀ ਸਾਹਮਣੇ ਆਈਆਂ।

ਇਸੇ ਤਰ੍ਹਾਂ ਦੀ ਇਕ ਫੈਕਟਰੀ ਖੰਨਾ ਦੇ ਨੇੜੇ ਤੋਂ ਫੜੀ ਗਈ ਸੀ, ਜਿਸ ਨੂੰ ਇਕ ਕਾਂਗਰਸੀ ਨੇਤਾ ਚਲਾ ਰਿਹਾ ਸੀ। ਇਸ ਆਗੂ ਦੀਆਂ ਤਸਵੀਰਾਂ ਵੀ ਕਾਂਗਰਸ ਦੇ ਕਈ ਸੀਨੀਅਰ ਲੀਡਰਾਂ ਨਾਲ ਸਾਹਮਣੇ ਆਈਆਂ ਹਨ।

ਪਿਛਲੇ ਦਿਨੀਂ ਦੋਸ਼ ਇਹ ਲੱਗੇ ਸਨ ਕਿ ਜਿਥੇ ਰਾਜ ਵਿਚ ਧੜੱਲੇ ਨਾਲ ਨਾਜਾਇਜ਼ ਚਲਦੀਆਂ ਸ਼ਰਾਬ ਫੈਕਟਰੀਆਂ ਵਿਚੋਂ ਤਾਲਾਬੰਦੀ ਦੌਰਾਨ ਵੱਡੀ ਪੱਧਰ 'ਤੇ ਸ਼ਰਾਬ ਸਪਲਾਈ ਕੀਤੀ ਜਾਂਦੀ ਰਹੀ ਹੈ, ਉਥੇ ਮਾਨਤਾ ਪ੍ਰਾਪਤ ਸ਼ਰਾਬ ਫੈਕਟਰੀਆਂ ਵਿਚੋਂ ਵੀ ਰਿਕਾਰਡ ਵਿਚ ਦਰਜ ਕਰਨ ਤੋਂ ਬਿਨਾਂ ਨਾਜਾਇਜ਼ ਢੰਗ ਨਾਲ ਸ਼ਰਾਬ ਦੀ ਵਿਕਰੀ ਰਾਜ ਭਰ ਵਿਚ ਹੁੰਦੀ ਰਹੀ ਹੈ। ਉਸ ਸਮੇਂ ਸਰਕਾਰ ਦੇ ਮੰਤਰੀਆਂ ਤੇ ਵਿਧਾਇਕਾਂ ਨੇ ਤਤਕਾਲੀ ਚੀਫ ਸਕੱਤਰ ਖਿਲਾਫ ਸ਼ਰਾਬ ਤਸਕਰੀ ਸਬੰਧੀ ਮੋਰਚਾ ਖੋਲ੍ਹਿਆ ਸੀ ਤੇ ਮੁੱਖ ਮੰਤਰੀ ਨੇ 1800 ਕਰੋੜ ਰੁਪਏ ਦੀ ਸ਼ਰਾਬ ਤਸਕਰੀ ਦੇ ਮਾਮਲੇ 'ਚ ਵੀ ਕੋਈ ਕਾਰਵਾਈ ਨਹੀਂ ਕੀਤੀ।

ਸ਼ਰਾਬ ਤੋਂ ਇਲਾਵਾ ਸਿੰਥੈਟਿਕ ਅਤੇ ਹੋਰ ਪ੍ਰਕਾਰ ਦੇ ਖਤਰਨਾਕ ਨਸ਼ਿਆਂ ਦੀ ਵਿਕਰੀ ਦੀਆਂ ਵੀ ਤਾਲਾਬੰਦੀ ਦੌਰਾਨ ਰਿਪੋਰਟਾਂ ਸਾਹਮਣੇ ਆਉਂਦੀਆਂ ਰਹੀਆਂ ਹਨ। ਇਹ ਸਾਰਾ ਵਰਤਾਰਾ ਦੱਸਦਾ ਹੈ ਕਿ ਰਾਜ ਵਿਚ ਜਾਇਜ਼-ਨਾਜਾਇਜ਼ ਢੰਗ ਨਾਲ ਸ਼ਰਾਬ ਵੇਚਣ ਵਾਲੇ ਲੋਕਾਂ ਅਤੇ ਸ਼ਰਾਬ ਦੀਆਂ ਨਾਜਾਇਜ਼ ਫੈਕਟਰੀਆਂ ਚਲਾਉਣ ਵਾਲੇ ਪ੍ਰਭਾਵਸ਼ਾਲੀ ਲੋਕਾਂ ਨੂੰ ਸਿਆਸਤਦਾਨਾਂ, ਪੁਲਿਸ ਅਤੇ ਐਕਸਾਈਜ਼ ਵਿਭਾਗ ਦੀ ਕਾਫੀ ਹੱਦ ਤੱਕ ਸਰਪ੍ਰਸਤੀ ਹਾਸਲ ਹੈ।

2017 ਵਿਚ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਇਹ ਵਾਅਦਾ ਕੀਤਾ ਸੀ ਕਿ ਉਹ ਪੰਜਾਬ ਵਿਚ ਸਰਗਰਮ ਵੱਖ-ਵੱਖ ਤਰ੍ਹਾਂ ਦੇ ਮਾਫੀਆ ਗਰੋਹਾਂ ਦੀਆਂ ਕਾਰਵਾਈਆਂ 'ਤੇ ਸਖਤੀ ਨਾਲ ਰੋਕ ਲਾਉਣਗੇ। ਉਨ੍ਹਾਂ ਨੇ ਹੱਥ ਵਿਚ ਗੁਟਕਾ ਫੜ ਕੇ ਇਹ ਵੀ ਸਹੁੰ ਖਾਧੀ ਸੀ ਕਿ ਇਕ ਮਹੀਨੇ ਵਿਚ ਵਿਸ਼ੇਸ਼ ਤੌਰ 'ਤੇ ਨਸ਼ਿਆਂ ਦੀ ਤਸਕਰੀ ਬੰਦ ਕਰਵਾ ਦੇਣਗੇ ਪਰ ਸੱਤਾ ਦੇ ਸਾਢੇ 3 ਸਾਲ ਬੀਤ ਗਏ ਹਨ ਤੇ ਹਾਲਾਤ ਸਾਰਿਆਂ ਦੇ ਸਾਹਮਣੇ ਹਨ।

# ਪੰਜ ਪਿਆਰਿਆਂ ਨੇ ਲੰਗਾਹ ਨੂੰ 21 ਦਿਨ ਝਾੜੂ ਮਾਰਨ ਦੀ ਤਨਖਾਹ ਲਾਈ

**ਅੰਮ੍ਰਿਤਸਰ:** ਪੰਥ ਵਿਚੋਂ ਛੇਕੇ ਗਏ ਸਾਬਕਾ ਅਕਾਲੀ ਮੰਤਰੀ ਸੁੱਚਾ ਸਿੰਘ ਲੰਗਾਹ ਨੇ ਇਤਿਹਾਸਕ ਗੁਰਦੁਆਰਾ ਗੜ੍ਹੀ ਬਾਬਾ ਬੰਦਾ ਸਿੰਘ ਬਹਾਦਰ ਗੁਰਦਾਸ ਨੰਗਲ 'ਚ ਪੰਜ ਪਿਆਰਿਆਂ ਅੱਗੇ ਪੇਸ਼ ਹੋ ਕੇ ਖਿਮਾ ਯਾਚਨਾ ਕੀਤੀ। ਪੰਜ ਪਿਆਰਿਆਂ ਨੇ ਲੰਗਾਹ ਨੂੰ 21 ਦਿਨ ਰੋਜ਼ਾਨਾ ਇਕ ਘੰਟਾ ਗੁਰੂ ਘਰ ਵਿਚ ਝਾੜੂ ਮਾਰਨ ਦੀ ਤਨਖਾਹ ਲਗਾਈ ਅਤੇ ਦੁਬਾਰਾ ਅੰਮ੍ਰਿਤਪਾਨ ਕਰਾਇਆ।

ਉਧਰ, ਅੰਮ੍ਰਿਤਸਰ 'ਚ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਨਿੱਜੀ ਸਹਾਇਕ ਜਸਪਾਲ ਸਿੰਘ ਨੇ ਕਿਹਾ ਕਿ ਲੰਗਾਹ ਨੂੰ ਅਜੇ ਅਕਾਲ ਤਖਤ ਤੋਂ ਕੋਈ ਮੁਆਫੀ ਨਹੀਂ ਮਿਲੀ ਹੈ। ਗੁਰਦੁਆਰਾ ਗੜ੍ਹੀ ਬਾਬਾ ਬੰਦਾ ਸਿੰਘ ਬਹਾਦਰ 'ਚ ਜਥੇਦਾਰ ਬਾਬਾ ਤਰਸੇਮ ਸਿੰਘ ਮੁਖੀ ਤਰਨਾ ਦਲ ਮਹਿਤਾ ਚੌਕ ਦੀ ਅਗਵਾਈ ਹੇਠ ਪੂਰਨਮਾਸ਼ੀ ਮੌਕੇ ਕਰਾਏ ਗਏ ਧਾਰਮਿਕ ਸਮਾਗਮ ਦੌਰਾਨ ਸੁੱਚਾ ਸਿੰਘ ਲੰਗਾਹ ਪਰਿਵਾਰ ਸਣੇ ਪੰਜ ਪਿਆਰਿਆਂ ਅੱਗੇ ਪੇਸ਼ ਹੋਏ। ਉਨ੍ਹਾਂ ਕਿਹਾ ਕਿ ਉਹ ਪੰਜ ਪਿਆਰਿਆਂ ਵਲੋਂ ਲਗਾਈ ਗਈ ਤਨਖਾਹ ਪੂਰੀ ਤਨਦੇਹੀ ਨਾਲ ਨਿਭਾਉਣਗੇ ਅਤੇ ਤਨਖਾਹ ਪੂਰੀ ਕਰਨ ਉਪਰੰਤ ਮੁੜ ਇਸੇ ਅਸਥਾਨ 'ਤੇ ਸੰਧ ਦੀ ਅਰਦਾਸ ਕੀਤੀ ਜਾਵੇਗੀ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਨਿੱਜੀ ਸਹਾਇਕ ਜਸਪਾਲ ਸਿੰਘ ਨੇ ਅੰਮ੍ਰਿਤਸਰ 'ਚ ਕਿਹਾ ਕਿ ਲੰਗਾਹ ਦਾ ਮਾਮਲਾ ਅਜੇ ਸ੍ਰੀ ਅਕਾਲ ਤਖਤ ਦੇ ਵਿਚਾਰ ਅਧੀਨ ਹੈ। ਜਥੇਦਾਰ ਦੇ ਹਵਾਲੇ ਨਾਲ ਉਨ੍ਹਾਂ ਆਖਿਆ ਕਿ ਲੰਗਾਹ ਵਲੋਂ ਮੁਆਫੀ ਪੱਤਰ ਭੇਜਿਆ ਗਿਆ ਸੀ, ਜੋ ਫਿਲਹਾਲ ਪੰਜ ਸਿੰਘ ਸਾਹਿਬਾਨ ਦੇ ਵਿਚਾਰ ਅਧੀਨ ਹੈ। ਲੰਗਾਹ ਨੇ ਪੰਜ ਪਿਆਰਿਆਂ ਦੇ ਸਨਮੁਖ ਹੋਈਆਂ ਭੁੱਲਾਂ ਦੀ ਖਿਮਾ ਯਾਚਨਾ ਕੀਤੀ ਹੈ। ਜ਼ਿਕਰਯੋਗ ਹੈ ਕਿ ਲੰਗਾਹ ਦੀ ਇਕ ਇਤਰਾਜ਼ਯੋਗ ਅਸ਼ਲੀਲ ਵੀਡੀਓ ਵਾਇਰਲ ਹੋਣ ਮਗਰੋਂ ਉਨ੍ਹਾਂ ਨੂੰ ਸ੍ਰੀ ਅਕਾਲ ਤਖਤ ਤੋਂ ਪੰਜ ਸਿੰਘ ਸਾਹਿਬਾਨ ਵਲੋਂ ਪੰਥ ਵਿਚੋਂ ਛੇਕ ਦਿੱਤਾ ਗਿਆ ਸੀ। ਉਹ ਉਸ ਵੇਲੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਵੀ ਸਨ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸਰਗਰਮ ਆਗੂ ਵੀ ਸਨ।

## ਲੰਗਾਹ ਨੂੰ ਮੁਆਫੀ ਮਾਮਲੇ 'ਚ ਸ਼੍ਰੋਮਣੀ ਕਮੇਟੀ ਦੇ ਤਿੰਨ ਮੁਲਾਜ਼ਮ ਮੁਅੱਤਲ

**ਅੰਮ੍ਰਿਤਸਰ:** ਅਕਾਲੀ ਦਲ ਦੇ ਸਾਬਕਾ ਆਗੂ ਸੁੱਚਾ ਸਿੰਘ ਲੰਗਾਹ ਨੂੰ ਦਿੱਤੀ ਗਈ ਮੁਆਫੀ ਦੇ ਮਾਮਲੇ 'ਚ ਸ਼੍ਰੋਮਣੀ ਕਮੇਟੀ ਨੇ ਤਿੰਨ ਮੁਲਾਜ਼ਮਾਂ ਨੂੰ ਡਿਊਟੀ ਦੌਰਾਨ ਕੁਤਾਹੀ ਦੇ ਮਾਮਲੇ ਵਿਚ ਮੁਅੱਤਲ ਕਰ ਦਿੱਤਾ ਹੈ। ਮੁਅੱਤਲ ਕੀਤੇ ਗਏ ਮੁਲਾਜ਼ਮਾਂ 'ਚ ਗੁਰਦੁਆਰੇ ਦੇ ਇੰਚਾਰਜ ਰਛਪਾਲ ਸਿੰਘ, ਗ੍ਰੰਥੀ ਖੁਸ਼ਵੰਤ ਸਿੰਘ ਅਤੇ ਕਥਾਵਾਚਕ ਹਰਮੀਤ ਸਿੰਘ ਸ਼ਾਮਲ ਹਨ। ਗੁਰਦੁਆਰਾ ਬਾਬਾ ਬੰਦਾ ਬਹਾਦਰ ਗੜੀ ਗੁਰਦਾਸ ਨੰਗਲ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਹੈ ਜਿਥੇ ਸਾਲਾਨਾ ਮੇਲੇ ਦੌਰਾਨ ਲੰਗਾਹ ਨੂੰ ਅੰਮ੍ਰਿਤਪਾਨ ਕਰਵਾਇਆ ਗਿਆ ਸੀ। ਸ਼੍ਰੋਮਣੀ ਕਮੇਟੀ ਦੇ ਇਨ੍ਹਾਂ ਕਰਮਚਾਰੀਆਂ ਨੇ ਮੁੱਖ ਦਫਤਰ ਨੂੰ ਇਸ ਘਟਨਾਕ੍ਰਮ ਬਾਰੇ ਕੋਈ ਜਾਣਕਾਰੀ ਵੀ ਨਹੀਂ ਦਿੱਤੀ ਸੀ।

# ਟਰੰਪ ਵਲੋਂ ਭਾਰਤੀ ਆਈ.ਟੀ. ਪੇਸ਼ੇਵਰਾਂ ਨੂੰ ਵੱਡਾ ਝਟਕਾ

**ਵਾਸ਼ਿੰਗਟਨ:** ਅਮਰੀਕਾ ਵਿਚ ਨੌਕਰੀ ਕਰਨ ਦੇ ਇੱਛੁਕ ਭਾਰਤੀ ਆਈ.ਟੀ. ਪੇਸ਼ੇਵਰਾਂ ਨੂੰ ਵੱਡਾ ਝਟਕਾ ਦਿੰਦੇ ਹੋਏ ਰਾਸ਼ਟਰਪਤੀ ਡੋਨਲਡ ਟਰੰਪ ਨੇ ਸੰਘੀ ਏਜੰਸੀਆਂ ਨੂੰ ਵਿਦੇਸ਼ੀ ਕਾਮਿਆਂ ਖਾਸ ਕਰਕੇ ਐਚ-1 ਬੀ ਵੀਜ਼ਾ ਉਤੇ ਕੰਮ ਕਰਨ ਵਾਲਿਆਂ ਨੂੰ ਕੰਮ ਦੇਣ ਤੋਂ ਰੋਕਣ ਲਈ ਆਦੇਸ਼ 'ਤੇ ਦਸਤਖਤ ਕਰ ਦਿੱਤੇ।

ਟਰੰਪ ਪ੍ਰਸ਼ਾਸਨ ਨੇ 23 ਜੂਨ ਨੂੰ ਐਚ-1 ਬੀ ਵੀਜ਼ਾ ਦੇ ਨਾਲ-ਨਾਲ ਹੋਰ ਅਹਿਮ ਵਿਦੇਸ਼ੀ ਵੀਜ਼ੇ ਇਸ ਸਾਲ ਦੇ ਅੰਤ ਤੱਕ ਮੁਲਤਵੀ ਕਰ ਦਿੱਤੇ ਸਨ। ਟਰੰਪ ਦਾ ਤਰਕ ਹੈ ਅਜਿਹਾ ਹੁਕਮ ਪਾਸ ਕਰਕੇ ਉਹ ਅਮਰੀਕੀ ਕਾਮਿਆਂ ਦੇ ਹਿੱਤਾਂ ਦੀ ਰੱਖਿਆ ਕਰ ਰਹੇ ਹਨ, ਜਦ ਕਿ ਸਿਆਸੀ ਮਾਹਰ ਮੰਨ ਰਹੇ ਹਨ ਕਿ ਨਵੰਬਰ ਵਿਚ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਇਹ ਵੋਟਰਾਂ ਨੂੰ ਚੋਗਾ ਪਾਇਆ ਹੈ। ਨਵੀਆਂ ਪਾਬੰਦੀਆਂ 24 ਜੂਨ ਤੋਂ ਲਾਗੂ ਹੋ ਗਈਆਂ ਹਨ।

ਐਚ-1 ਬੀ ਵੀਜ਼ਾ ਭਾਰਤੀ ਆਈ.ਟੀ. ਪੇਸ਼ੇਵਰਾਂ ਵਿਚ ਸਭ ਤੋਂ ਵੱਧ ਮਕਬੂਲ ਹੈ। ਇਸ ਤਹਿਤ ਅਮਰੀਕੀ ਕੰਪਨੀਆਂ ਨੂੰ ਵਿਦੇਸ਼ੀ ਕਾਮਿਆਂ ਨੂੰ ਨੌਕਰੀ ਦੇਣ ਦੀ ਇਜਾਜ਼ਤ ਹੈ। ਰਾਸ਼ਟਰਪਤੀ ਟਰੰਪ ਨੇ ਕਿਹਾ, "ਅੱਜ ਮੈਂ ਕਾਰਜਕਾਰੀ ਆਦੇਸ਼ 'ਤੇ ਹਸਤਾਖਰ ਕਰ ਰਿਹਾ ਹਾਂ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਅਮਰੀਕੀ ਕੰਪਨੀਆਂ ਸਸਤੇ ਵਿਦੇਸ਼ੀ ਕਾਮਿਆਂ ਦੇ ਚੱਕਰ ਵਿਚ ਮਿਹਨਤੀ ਅਮਰੀਕੀਆਂ ਨੂੰ ਨੌਕਰੀਆਂ ਨੂੰ ਨੌਕਰੀਆਂ ਤੋਂ ਨਾ ਕੱਢ ਸਕਣ ਤੇ ਨੌਕਰੀਆਂ ਵਿਚ ਪਹਿਲ ਦੇਣ।"

# ਨਾਸਾ ਵਲੋਂ 'ਮਾਰਸ ਰੋਵਰ' ਰਵਾਨਾ

**ਕੇਪ ਕੈਨੇਵਰਲ (ਅਮਰੀਕਾ):** ਮੰਗਲ ਗ੍ਰਹਿ 'ਤੇ ਪੁਰਾਤਨ ਜੀਵਨ ਦੀਆਂ ਸੰਭਾਵਨਾਵਾਂ ਦਾ ਪਤਾ ਲਾਉਣ ਲਈ ਤਿਆਰ ਹੁਣ ਤੱਕ ਦਾ ਸਭ ਤੋਂ ਵੱਡਾ 'ਮਾਰਸ ਰੋਵਰ' ਮੰਗਲ ਗ੍ਰਹਿ ਲਈ ਰਵਾਨਾ ਹੋ ਗਿਆ। ਇਕ ਕਾਰ ਦੇ ਆਕਾਰ ਜਿੰਨਾ ਇਹ ਪੁਲਾੜ ਵਾਹਨ ਕੈਮਰਿਆਂ, ਮਾਈਕਰੋਫੋਨਾਂ, ਡਰਿੱਲਾਂ ਤੇ ਲੇਜ਼ਰਾਂ ਨਾਲ ਲੈਸ ਹੈ। ਇਹ ਪੁਲਾੜ ਵਾਹਨ ਮੰਗਲ ਗ੍ਰਹਿ ਤੋਂ ਉਥੋਂ ਦੀਆਂ ਚੱਟਾਨਾਂ ਦੇ ਸੈਂਪਲ ਲੈ ਕੇ ਵਾਪਸ ਮੁੜੇਗਾ। ਇਸ ਪ੍ਰਾਜੈਕਟ 'ਤੇ 8 ਬਿਲੀਅਨ ਡਾਲਰ ਖਰਚ ਆਇਆ ਹੈ।

# ਅਕਾਲ ਦਲ ਦੀ 'ਸ਼ਰਾਫਤ' ਉਤੇ ਵੀ ਸਵਾਲ

**ਚੰਡੀਗੜ੍ਹ:** ਜ਼ਹਿਰੀਲੀ ਸ਼ਰਾਬ ਕਾਰਨ ਮੌਤਾਂ ਦੇ ਮਾਮਲੇ ਵਿਚ ਅਕਾਲੀ ਦਲ ਬਾਦਲ ਉਤੇ ਵੀ ਸਵਾਲ ਉਠ ਰਹੇ ਹਨ। ਇਸ ਦੁਖਾਂਤ ਪਿੱਛੋਂ ਹੋਈਆਂ ਗ੍ਰਿਫਤਾਰੀਆਂ ਵਿਚ ਅਕਾਲੀ ਆਗੂਆਂ ਦੀ ਸਰਪ੍ਰਸਤੀ ਵਾਲੇ ਕੁਝ ਤਸਕਰਾਂ ਦੇ ਸਾਹਮਣੇ ਆਉਣ ਪਿੱਛੋਂ ਇਹ ਪੰਥਕ ਪਾਰਟੀ ਵੀ ਘਿਰੀ ਹੋਈ ਹੈ। ਬਟਾਲਾ ਵਿਚ ਇਸ ਮਾਮਲੇ ਵਿਚ ਗ੍ਰਿਫਤਾਰ ਮਹਿਲਾ ਤ੍ਰਿਵੈਣੀ ਚੌਹਾਨ ਦੇ ਅਕਾਲੀ ਦਲ ਸਬੰਧਾਂ ਦੀ ਚਰਚਾ ਜ਼ੋਰਾਂ ਉਤੇ ਹੈ। ਇਸ ਤੋਂ ਇਲਾਵਾ ਪਿੰਡ ਮੁੱਛਲ ਗ੍ਰਿਫਤਾਰ ਬਲਵਿੰਦਰ ਕੌਰ ਵਲੋਂ ਨਾਜਾਇਜ਼ ਸ਼ਰਾਬ ਦਾ ਕਾਰੋਬਾਰ ਪਿਛਲੇ ਲਗਭਗ ਦੋ ਦਹਾਕਿਆਂ ਤੋਂ ਚਲਾਇਆ ਜਾ ਰਿਹਾ ਸੀ ਤੇ ਉਹ ਅਕਾਲੀ ਦਲ ਦੇ ਰਾਜ ਸਮੇਂ ਵੀ ਸਰਗਰਮ ਸੀ। ਇਸ ਤੋਂ ਇਲਾਵਾ ਮ੍ਰਿਤਕਾਂ ਦੇ ਵਾਰਸਾਂ ਲਈ 25-25 ਲੱਖ ਰੁਪਏ ਮੁਆਵਜ਼ਾ ਮੰਗ ਰਹੇ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਨੂੰ ਉਸ ਸਮੇਂ ਭੱਜਣਾ ਪੈ ਗਿਆ ਜਦੋਂ ਪੱਤਰਕਾਰਾਂ ਨੇ ਪੁੱਛ ਲਿਆ ਕਿ ਅਪਰੈਲ 2014 ਵਿਚ ਬਟਾਲਾ ਜ਼ਹਿਰੀਲੀ ਸ਼ਰਾਬ ਪੀਣ ਕਾਰਨ 18 ਲੋਕਾਂ ਦੇ ਮਰਨ 'ਤੇ ਪ੍ਰਤੀ ਪਰਿਵਾਰ 5-5 ਲੱਖ ਰੁਪਏ ਦੇਣ ਦੇ ਵਾਅਦੇ ਨੂੰ ਪੂਰਾ ਕਿਉਂ ਨਹੀਂ ਕੀਤਾ ਗਿਆ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਕਰਤਾਰਪੁਰ ਲਾਂਘਾ ਪ੍ਰਾਜੈਕਟ ਦਾ ਆਡਿਟ ਕਰਾਉਣ ਦਾ ਫੈਸਲਾ

**ਲਾਹੌਰ:** ਪਾਕਿਸਤਾਨ ਸਰਕਾਰ ਦੇ ਧਾਰਮਿਕ ਮਾਮਲਿਆਂ ਬਾਰੇ ਮੰਤਰਾਲੇ ਨੇ ਕਰਤਾਰਪੁਰ ਲਾਂਘਾ ਪ੍ਰੋਜੈਕਟ ਦਾ ਆਡਿਟ ਕਰਵਾਉਣ ਦਾ ਫੈਸਲਾ ਕੀਤਾ ਹੈ।

ਧਾਰਮਿਕ ਮਾਮਲਿਆਂ ਬਾਰੇ ਨੈਸ਼ਨਲ ਅਸੈਂਬਲੀ (ਐਨ.ਏ) ਦੀ ਸਟੈਂਡਿੰਗ ਕਮੇਟੀ ਨੇ ਮੰਤਰਾਲੇ ਦੇ ਸੰਘੀ ਸਕੱਤਰ ਮੌਲਾਨਾ ਅਸਦ ਸਿੰਘ ਅਤੇ ਇਵੈਕੁਈ ਟਰੱਸਟ ਪ੍ਰਾਪਰਟੀ ਬੋਰਡ ਦੇ ਸਕੱਤਰ ਤਾਰਿਕ ਵਜ਼ੀਰ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੇ ਸ਼ਮੂਲੀਅਤ ਕੀਤੀ। ਉਕਤ ਬੈਠਕ 'ਚ ਸ਼ਾਮਲ ਸਤਵੰਤ ਸਿੰਘ ਨੇ ਦੱਸਿਆ ਕਿ ਪਾਕਿਸਤਾਨ ਸਰਕਾਰ ਵੱਲੋਂ ਸ੍ਰੀ ਕਰਤਾਰਪੁਰ ਸਾਹਿਬ ਤੋਂ ਸਿਆਲਕੋਟ ਹਵਾਈ ਅੱਡੇ ਲਈ ਨਵੀਂ ਸੜਕ ਬਣਾਏ ਜਾਣ ਦੀ ਵੀ




ਮਹਿਮੂਦ ਦੀ ਪ੍ਰਧਾਨਗੀ ਹੇਠ ਬੈਠਕ ਕਰਕੇ ਪੈਨਲ ਨੂੰ ਦੱਸਿਆ ਕਿ ਕਰਤਾਰਪੁਰ ਲਾਂਘੇ ਦਾ ਪੂਰਾ ਨਿਰਮਾਣ ਕਾਰਜ 'ਡਿਵੈਲਪਮੈਂਟ ਆਫ ਕਰਤਾਰਪੁਰ ਕੋਰੀਡੋਰ' ਪ੍ਰੋਜੈਕਟ ਅਧੀਨ ਪਾਕਿ ਮਿਲਟਰੀ ਦੀ ਇੰਜੀਨੀਅਰਿੰਗ ਸੰਸਥਾ ਫਰੰਟੀਅਰ ਵਰਕਸ ਆਰਗੇਨਾਈਜ਼ੇਸ਼ਨ (ਐਫ.ਡਬਲਯੂ.ਓ.) ਵੱਲੋਂ ਨੇਪਰੇ ਚਾੜ੍ਹਿਆ ਗਿਆ ਹੈ। ਉਨ੍ਹਾਂ ਕਿਹਾ ਕਿ ਪਾਕਿ ਦੇ ਆਡੀਟਰ ਜਨਰਲ ਨੂੰ ਐਫ.ਡਬਲਯੂ.ਓ. ਦੇ ਆਡਿਟ ਲਈ ਇਕ ਪੱਤਰ ਲਿਖਿਆ ਗਿਆ ਹੈ।

ਇਸ ਬੈਠਕ 'ਚ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਤਵੰਤ ਯੋਜਨਾ ਬਣਾਈ ਜਾ ਰਹੀ ਹੈ, ਜਿਸ ਨਾਲ ਵਿਦੇਸ਼ ਤੋਂ ਹਵਾਈ ਜਹਾਜ਼ ਰਾਹੀਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਪਹੁੰਚਣ ਵਾਲੇ ਸਿੱਖ ਯਾਤਰੂ ਸਿਆਲਕੋਟ ਤੋਂ ਸਿਰਫ ਅੱਧੇ ਘੰਟੇ 'ਚ ਗੁਰਦੁਆਰਾ ਸਾਹਿਬ ਵਿਚ ਪਹੁੰਚ ਸਕਣਗੇ। ਉਨ੍ਹਾਂ ਦੱਸਿਆ ਕਿ ਇਸ ਦੇ ਇਲਾਵਾ ਬੈਠਕ 'ਚ ਲਾਂਘੇ ਦੀ ਉਸਾਰੀ ਦੇ ਦੂਜੇ ਪੜਾਅ ਬਾਰੇ ਗੱਲਬਾਤ ਕਰਦਿਆਂ ਦੱਸਿਆ ਗਿਆ ਕਿ ਦੂਜੇ ਪੜਾਅ ਦੌਰਾਨ ਯਾਤਰੂਆਂ ਦੇ ਲਈ ਗੁਰਦੁਆਰਾ ਸਾਹਿਬ ਦੇ ਬਾਹਰਵਾਰ ਸ਼ਾਪਿੰਗ ਮਾਲ, 500 ਕਮਰਿਆਂ ਦੀ ਸਰਾਂ ਅਤੇ ਹੋਟਲ ਆਦਿ ਦਾ ਨਿਰਮਾਣ ਕਰਵਾਇਆ ਜਾਵੇਗਾ।

# ਕੇਜਰੀਵਾਲ ਸਰਕਾਰ ਦੀ 'ਦਰਿਆਦਿਲੀ' ਨੇ ਉਡਾਈ ਪੰਜਾਬ ਦੀਆਂ ਸਿਆਸੀ ਧਿਰਾਂ ਦੀ ਨੀਂਦ

**ਚੰਡੀਗੜ੍ਹ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਤੇਲ ਉਤੇ ਵੈਟ ਅੱਧਾ ਕਰਕੇ ਲੋਕਾਂ ਨੂੰ 8 ਰੁਪਏ ਸਸਤੇ ਡੀਜ਼ਲ ਦੀ ਵੱਡੀ ਸੌਗਾਤ ਦਿੱਤੀ ਗਈ ਹੈ। ਕੇਜਰੀਵਾਲ ਦੀ ਇਹ ਸੌਗਾਤ ਦੂਜੇ ਸੂਬੇ, ਖਾਸਕਰ ਪੰਜਾਬ ਸਰਕਾਰ ਲਈ ਵੱਡੀ ਸਿਰਦਰਦੀ ਬਣ ਗਈ ਹੈ।

ਇਸ ਤੋਂ ਪਹਿਲਾਂ ਦਿੱਲੀ ਸਰਕਾਰ ਵੱਲੋਂ ਸਸਤੀ ਬਿਜਲੀ ਦੇ ਮੁੱਦੇ ਪੰਜਾਬ ਸਰਕਾਰ ਘਿਰੀ ਹੋਈ ਹੈ। ਦਿੱਲੀ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਲਈ ਸਸਤੀ ਬਿਜਲੀ ਦਾ ਮੁੱਦਾ ਵੱਡੀ ਨਮੋਸ਼ੀ ਬਣਿਆ ਸੀ। ਦਿੱਲੀ ਵਿਚ ਕਾਂਗਰਸ ਵੱਲੋਂ ਪ੍ਰਚਾਰ ਲਈ ਗਏ ਕੈਪਟਨ ਅਮਰਿੰਦਰ ਸਿੰਘ ਨੂੰ ਪੰਜਾਬ ਵਿਚ ਇੰਨੀ ਮਹਿੰਗੀ ਬਿਜਲੀ ਬਾਰੇ ਜਵਾਬ ਦੇਣਾ ਔਖਾ ਹੋ ਗਿਆ ਸੀ।

ਕੇਜਰੀਵਾਲ ਸਰਕਾਰ ਦੀ ਦਰਿਆਦਿਲੀ ਵਿਧਾਨ ਸਭਾ ਚੋਣਾਂ ਵਿਚ ਵੱਡਾ ਮੁੱਦਾ ਬਣਨ ਦੀ ਸੰਭਾਵਨਾ ਜ਼ਾਹਰ ਕੀਤੀ ਜਾ ਰਹੀ ਹੈ। ਨਾਲ ਹੀ ਦਿੱਲੀ ਸਰਕਾਰ ਨੇ ਡੀਜ਼ਲ 8 ਰੁਪਏ ਸਸਤਾ ਕਰਕੇ ਇਹ ਦਿਖਾ ਦਿੱਤਾ ਹੈ ਕਿ ਰਾਜ ਸਰਕਾਰਾਂ ਚਾਹੁਣ ਤਾਂ ਆਪਣੇ ਪੱਧਰ ਉਤੇ ਖਪਤਕਾਰਾਂ ਨੂੰ ਸਸਤਾ ਤੇਲ ਉਪਲਬਧ ਕਰਵਾ ਸਕਦੀਆਂ ਹਨ। ਦੱਸ ਦਈਏ ਕਿ ਪੰਜਾਬ ਵਿਚ ਪੈਟਰੋਲ, ਡੀਜ਼ਲ 'ਤੇ ਵੈਟ ਦਰਾਂ ਘਟਾਉਣ ਦੀ ਜਗ੍ਹਾ ਕਾਂਗਰਸ ਵੱਲੋਂ ਤਾਂ ਕੇਂਦਰ ਨੂੰ ਹੀ ਹੁਣ ਤੱਕ ਤੇਲ ਕੀਮਤਾਂ ਘਟਾਉਣ ਲਈ ਕੋਸਿਆ ਜਾਂਦਾ ਰਿਹਾ ਹੈ। ਪੰਜਾਬ ਵਿਚ ਅਜੇ ਵਿਧਾਨ ਸਭਾ ਚੋਣਾਂ 'ਚ ਡੇਢ ਸਾਲ ਦਾ ਸਮਾਂ ਪਿਆ ਹੈ ਪਰ ਦਿੱਲੀ ਵਿਚ ਤੇਲ ਸਸਤਾ ਕਰਕੇ ਤਾਂ ਆਮ ਆਦਮੀ ਪਾਰਟੀ ਨੇ ਇਹ ਸੰਕੇਤ ਦੇ ਦਿੱਤਾ ਹੈ ਕਿ ਉਸ ਦੀਆਂ ਨਜ਼ਰਾਂ ਜ਼ਰੂਰ ਪੰਜਾਬ ਵਿਚ ਆਉਣ ਵਾਲੀਆਂ ਵਿਧਾਨ



ਸਭਾ ਚੋਣਾਂ ਉਤੇ ਹੈ। ਸਾਲ 2017 ਵਿਚ ਆਮ ਆਦਮੀ ਪਾਰਟੀ ਸੱਤਾ ਦੇ ਕੋਲ ਪੁੱਜ ਕੇ ਵੀ ਸਰਕਾਰ ਬਣਾਉਣ ਤੋਂ ਰਹਿ ਗਈ ਸੀ ਪਰ ਆਮ ਆਦਮੀ ਪਾਰਟੀ ਨੇ ਸਸਤੀ ਬਿਜਲੀ ਤੋਂ ਬਾਅਦ ਤੇਲ ਵਿਚ ਵੱਡੀ ਰਾਹਤ ਦੇ ਕੇ ਦੂਜੀਆਂ ਸਿਆਸੀ ਪਾਰਟੀਆਂ ਲਈ ਜ਼ਰੂਰ ਮੁਸ਼ਕਲ ਪੈਦਾ ਕਰ ਦਿੱਤੀ ਹੈ। ਵੈਟ ਦੀਆਂ ਜ਼ਿਆਦਾ ਦਰਾਂ ਕਰਕੇ ਤੇਲ ਕੰਪਨੀਆਂ ਤੇ ਰਾਜ ਸਰਕਾਰਾਂ ਚਾਂਦੀ ਕੁੱਟ ਰਹੀਆਂ ਹਨ ਪਰ ਇਸ ਨਾਲ ਲੋਕਾਂ ਅਤੇ ਪੈਟਰੋਲ ਪੰਪ ਡੀਲਰਾਂ ਦਾ ਵਿੱਤੀ ਨੁਕਸਾਨ ਹੋ ਰਿਹਾ ਹੈ। ਇਹੋ ਹਾਲ ਪੰਜਾਬ 'ਚ ਬਿਜਲੀ ਦੀਆਂ ਦਰਾਂ ਦਾ ਹੈ।

### ਦਿੱਲੀ ਵਾਂਗ ਪੰਜਾਬ 'ਚ ਡੀਜ਼ਲ ਸਸਤਾ ਨਹੀਂ ਹੋਵੇਗਾ: ਕੈਪਟਨ

**ਚੰਡੀਗੜ੍ਹ:** ਦਿੱਲੀ ਵਾਂਗ ਪੰਜਾਬ ਵੱਲੋਂ ਡੀਜ਼ਲ ਤੋਂ ਵੈਟ ਘਟਾਉਣ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ 'ਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸੂਬੇ ਵਿਚ ਵੈਟ ਪਹਿਲਾਂ ਹੀ ਦਿੱਲੀ ਨਾਲੋਂ ਘੱਟ ਹੈ ਅਤੇ ਵਿੱਤੀ ਹਾਲਾਤ ਕਾਰਨ ਵੈਟ ਹੋਰ ਘਟਾਉਣਾ ਸੰਭਵ ਵੀ ਨਹੀਂ ਹੈ। ਉਨ੍ਹਾਂ ਨੇ ਕੋਵਿਡ ਕੇਸਾਂ ਦੇ ਵਧਦੇ ਅੰਕੜਿਆਂ ਨੂੰ ਦੇਖਦਿਆਂ ਪੰਜਾਬ ਦੇ ਲੋਕਾਂ ਨੂੰ ਖਤਰਨਾਕ ਨਤੀਜਿਆਂ ਤੋਂ ਸਾਵਧਾਨ ਕੀਤਾ ਹੈ। ਕੈਪਟਨ ਨੇ ਪੁੱਛਿਆ ਕਿ ਮਾਸਕ ਪਹਿਨਣਾ, ਹੱਥ ਧੋਣਾ ਅਤੇ ਸੜਕਾਂ ਉਤੇ ਨਾ ਥੁੱਕਣਾ ਏਨਾ ਔਖਾ ਕਿਉਂ ਲਗਦਾ ਹੈ? ਮੁੱਖ ਮੰਤਰੀ ਨੇ ਨਿਰਦੇਸ਼ਾਂ ਦੀ ਪਾਲਣਾ ਨਾ ਕਰਨ ਵਾਲਿਆਂ ਨੂੰ ਪੁੱਛਿਆ," ਕੀ ਤੁਹਾਨੂੰ ਆਪਣੇ ਪੰਜਾਬੀ ਭੈਣ-ਭਰਾਵਾਂ ਦਾ ਕੋਈ ਫਿਕਰ ਨਹੀਂ ਹੈ।'

### ਚੰਡੀਗੜ੍ਹ-ਲੁਧਿਆਣਾ ਪ੍ਰਾਜੈਕਟ 'ਚ ਤੇਜ਼ੀ ਲਈ 4 ਹਜ਼ਾਰ ਕਰੋੜ ਮਨਜ਼ੂਰ

**ਨਵੀਂ ਦਿੱਲੀ:** ਭਾਰਤੀ ਰਾਸ਼ਟਰੀ ਰਾਜ ਮਾਰਗ ਅਥਾਰਟੀ (ਐਨ.ਐਚ.ਏ.ਆਈ.) ਨੇ ਚੰਡੀਗੜ੍ਹ-ਲੁਧਿਆਣਾ ਪ੍ਰਾਜੈਕਟ ਨੂੰ ਤੇਜ਼ੀ ਨਾਲ ਪੂਰਾ ਕਰਨ ਲਈ 4 ਹਜ਼ਾਰ ਕਰੋੜ ਨੂੰ ਮਨਜ਼ੂਰੀ ਦੇ ਦਿੱਤੀ ਹੈ, ਜੋ ਦਿੱਲੀ-ਅੰਮ੍ਰਿਤਸਰ-ਕਟੜਾ ਐਕਸਪ੍ਰੈਸਵੇ ਦਾ ਹੀ ਹਿੱਸਾ ਹੈ। ਪ੍ਰਾਜੈਕਟ ਪੂਰਾ ਹੋਣ ਨਾਲ ਲੁਧਿਆਣਾ ਤੇ ਚੰਡੀਗੜ੍ਹ ਵਿਚਾਲੇ ਸਫਰ ਦਾ ਸਮਾਂ 1.50 ਘੰਟੇ ਤੋਂ ਘਟ ਕੇ 1 ਘੰਟਾ ਰਹਿ ਜਾਵੇਗਾ ਜਦਕਿ ਇਸ ਨਾਲ ਦਿੱਲੀ ਹਵਾਈ ਅੱਡੇ ਤੋਂ ਚੰਡੀਗੜ੍ਹ ਹਵਾਈ ਅੱਡੇ ਵਿਚਾਲੇ ਸਫਰ ਦਾ ਸਮਾਂ ਵੀ ਘਟੇਗਾ। ਜ਼ਿਕਰਯੋਗ ਹੈ ਕਿ ਰਾਸ਼ਟਰੀ ਰਾਜਮਾਰਗ ਅਥਾਰਟੀ ਭਾਰਤਮਾਲਾ ਪ੍ਰਾਜੈਕਟ ਤਹਿਤ 670 ਕਿਲੋਮੀਟਰ ਦਿੱਲੀ-ਅੰਮ੍ਰਿਤਸਰ-ਕਟੜਾ ਗਰੀਨਫੀਲਡ ਐਕਸਪ੍ਰੈਸਵੇ ਦਾ ਗਠਨ ਕਰ ਰਹੀ ਹੈ, ਜਿਸ ਨਾਲ ਲੁਧਿਆਣਾ, ਜਲੰਧਰ, ਗੁਰਦਾਸਪੁਰ ਤੇ ਜੰਮੂ ਆਪਸ 'ਚ ਜੁੜਨਗੇ। ਸਰਕਾਰ ਵੱਲੋਂ ਚੰਡੀਗੜ੍ਹ ਤੋਂ ਲੁਧਿਆਣਾ, ਜਲੰਧਰ ਤੇ ਅੰਮ੍ਰਿਤਸਰ 'ਚ ਐਕਸਪ੍ਰੈਸ ਸੰਪਰਕ ਵਧਾਉਣ ਲਈ ਗਰੀਨਫੀਲਡ ਐਕਸਪ੍ਰੈਸਵੇ ਲੁਧਿਆਣਾ-ਰੋਪੜ ਰੋਡ ਤੋਂ ਖਰੜ ਪ੍ਰਵਾਨ ਹੋ ਚੁਕਾ ਹੈ।

# ਕੈਪਟਨ ਸਰਕਾਰ ਨੂੰ ਹੁਣ 'ਮੁਫਤ ਸਮਾਰਟ ਫੋਨ' ਵੰਡਣ ਦਾ ਚੇਤਾ ਆਇਆ

**ਚੰਡੀਗੜ੍ਹ:** ਪੰਜਾਬ ਕਾਂਗਰਸ ਨੇ ਸੱਤਾ ਵਿਚ ਆਉਣ ਤੋਂ ਪਹਿਲਾਂ ਆਪਣੇ ਚੋਣ ਮਨੋਰਥ ਪੱਤਰ 'ਚ ਵਾਅਦਾ ਕੀਤਾ ਸੀ ਕਿ ਨੌਜਵਾਨਾਂ ਨੂੰ 'ਮੁਫਤ ਸਮਾਰਟ ਫੋਨ' ਦਿੱਤੇ ਜਾਣਗੇ। ਸਰਕਾਰ ਦਾ ਕਾਰਜਕਾਲ 3 ਸਾਲ ਤੋਂ ਜ਼ਿਆਦਾ ਨਿਕਲ ਚੁੱਕਿਆ ਹੈ, ਹੁਣ ਸਮਾਰਟ ਫੋਨ ਵੰਡਣ ਦਾ ਕੰਮ ਸ਼ੁਰੂ ਕਰਨ ਦੀ ਤਿਆਰੀ ਕਰ ਲਈ ਗਈ ਹੈ।

ਪਹਿਲੇ ਗੇੜ 'ਚ ਕੈਪਟਨ ਦੇ ਮੁਫਤ ਸਮਾਰਟ ਫੋਨ ਸਰਕਾਰੀ ਸਕੂਲਾਂ ਦੀਆਂ ਵਿਦਿਆਰਥਣਾਂ ਨੂੰ ਵੰਡਣ ਲਈ ਸਰਕਾਰ ਨੇ ਵਿਉਂਤਬੰਦੀ ਬਣਾ ਲਈ ਹੈ। ਮਿਲੀ ਜਾਣਕਾਰੀ ਅਨੁਸਾਰ ਸਿੱਖਿਆ ਵਿਭਾਗ ਵੱਲੋਂ ਸਮੂਹ ਸੀਨੀਅਰ ਸੈਕੰਡਰੀ ਸਕੂਲਾਂ ਦੇ ਪ੍ਰਿੰਸੀਪਲਾਂ ਅਤੇ ਇੰਚਾਰਜਾਂ ਨੂੰ ਆਪੋ-ਆਪਣੇ ਸਕੂਲ ਦੀਆਂ ਬਾਰ੍ਹਵੀਂ ਜਮਾਤ ਦੀਆਂ ਵਿਦਿਆਰਥਣਾਂ ਖਾਸ ਤੌਰ ਉਤੇ ਅਨੁਸੂਚਿਤ ਜਾਤੀ ਨਾਲ ਸਬੰਧਤ ਵਿਦਿਆਰਥਣਾਂ ਦਾ ਡਾਟਾ ਈ-ਪੰਜਾਬ ਪੋਰਟਲ ਉਤੇ ਅੱਪਡੇਟ ਕਰ ਦੇਣ ਸਬੰਧੀ ਹੁਕਮ ਜਾਰੀ ਕੀਤੇ ਗਏ ਹਨ। ਸਿੱਖਿਆ ਵਿਭਾਗ ਵੱਲੋਂ ਲਿਖਿਆ ਗਿਆ ਹੈ ਕਿ ਕਿਉਂਕਿ ਇਨ੍ਹਾਂ ਵਿਦਿਆਰਥਣਾਂ ਨੂੰ ਪੰਜਾਬ ਸਰਕਾਰ ਵੱਲੋਂ ਮੁਫਤ ਮੋਬਾਇਲ ਦਿੱਤੇ ਜਾਣੇ ਹਨ, ਇਸ ਲਈ ਹਰ ਹਾਲਤ ਡਾਟਾ ਈ-ਪੰਜਾਬ ਉਤੇ ਅੱਪਡੇਟ ਕੀਤਾ ਜਾਵੇ ਅਤੇ ਜੇਕਰ ਕੋਈ ਵਿਦਿਆਰਥਣ ਇਸ ਸਕੀਮ ਤੋਂ ਵਾਂਝੀ ਰਹਿ ਜਾਂਦੀ ਹੈ ਤਾਂ ਇਸ ਦੀ ਮੁਕੰਮਲ ਜ਼ਿੰਮੇਵਾਰੀ ਸਬੰਧਤ ਸਕੂਲ ਮੁਖੀ ਦੀ ਹੋਵੇਗੀ।

ਸਾਰੇ ਸੈਕੰਡਰੀ ਸਕੂਲ ਮੁਖੀਆਂ ਨੂੰ ਜ਼ਿਲ੍ਹਿਆਂ ਦੇ ਸਕੂਲਾਂ ਮੁਖੀਆਂ ਦੇ ਗਰੁੱਪ 'ਚ ਇਸ ਸਬੰਧੀ ਸਰਟੀਫਿਕੇਟ ਪਾਉਣ ਲਈ ਵੀ ਕਿਹਾ ਗਿਆ ਹੈ ਜਿਸ 'ਚ ਉਨ੍ਹਾਂ ਦੇ ਸਕੂਲਾਂ ਦਾ ਈ-ਪੰਜਾਬ ਉਤੇ ਡਾਟਾ ਮੁਕੰਮਲ ਅੱਪਡੇਟ ਹੋਣ ਅਤੇ ਸਕੂਲ ਵਿਚ ਕੁੱਲ ਵਿਦਿਆਰਥਣਾਂ ਦੀ ਗਿਣਤੀ ਅਤੇ ਉਨ੍ਹਾਂ 'ਚੋਂ ਅਨੁਸੂਚਿਤ ਜਾਤੀ ਨਾਲ ਸਬੰਧਤ ਵਿਦਿਆਰਥਣਾਂ ਦੀ ਗਿਣਤੀ ਤੇ ਜਾਣਕਾਰੀ ਦਿੱਤੀ ਹੋਣੀ ਜ਼ਰੂਰੀ ਹੋਵੇਗੀ। ਸਕੂਲ ਮੁਖੀਆ ਨੂੰ ਲਿਖਿਆ ਗਿਆ ਹੈ ਕਿ ਉਕਤ ਸਰਟੀਫਿਕੇਟ ਦੇਣ ਤੱਕ ਦਾਖਲ ਹੋਈ ਵਿਦਿਆਰਥਣ ਦਾ ਡਾਟਾ ਵੀ ਤੁਰਤ ਅੱਪਡੇਟ ਕਰਕੇ ਵਿਦਿਆਰਥਣ ਨੂੰ ਇਸ ਸਕੀਮ ਦਾ ਲਾਭ ਦੇ ਸਕਦੇ ਹਨ। ਹੁਕਮਾਂ 'ਚ ਕਿਹਾ ਗਿਆ ਹੈ ਕਿ ਇਹ ਅਤਿ ਜ਼ਰੂਰੀ ਹੈ ਇਸ ਵਿਚ ਕਿਸੇ ਕਿਸਮ ਦੀ ਅਣਗਹਿਲੀ ਨਾ ਵਰਤੀ ਜਾਵੇ। ਇਨ੍ਹਾਂ ਹੁਕਮਾਂ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਸਰਕਾਰ ਸਕੂਲੀ ਵਿਦਿਆਰਥਣਾਂ ਨੂੰ ਪਹਿਲੇ ਗੇੜ 'ਚ ਮੁਫਤ ਸਮਾਰਟ ਫੋਨ ਵੰਡਣ ਲਈ ਤਿਆਰੀ ਕਰ ਰਹੀ ਹੈ। ਮਿਲੀ ਜਾਣਕਾਰੀ ਅਨੁਸਾਰ ਪਹਿਲੇ ਗੇੜ 'ਚ ਸਕੂਲੀ ਵਿਦਿਆਰਥਣਾਂ ਨੂੰ 50 ਹਜ਼ਾਰ ਦੇ ਕਰੀਬ ਮੋਬਾਇਲ ਫੋਨ ਦਿੱਤੇ ਜਾਣਗੇ।

ਕੈਪਟਨ ਅਮਰਿੰਦਰ ਸਿੰਘ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਰਾਜ ਦੇ 50 ਲੱਖ ਨੌਜਵਾਨਾਂ ਨੂੰ ਮੁਫਤ 4ਜੀ ਸਮਾਰਟ ਫੋਨ ਦੇਣ ਦੇ ਨਾਲ-ਨਾਲ ਇਕ ਸਾਲ ਤੱਕ ਇੰਟਰਨੈੱਟ ਅਤੇ ਕਾਲ ਵੀ ਮੁਫਤ ਦੇਣ ਦਾ ਵਾਅਦਾ ਕੀਤਾ ਸੀ। ਸਰਕਾਰ ਦੀ ਇਸ ਸਕੀਮ ਵਿਚ ਕਰੀਬ 30 ਲੱਖ ਲੋਕ ਆਪਣੇ ਆਪ ਨੂੰ ਰਜਿਸਟਰ ਕਰਵਾ ਚੁੱਕੇ ਹਨ। ਇਸ ਸਕੀਮ ਦੇ ਤਹਿਤ 10ਵੀਂ ਪਾਸ 18 ਤੋਂ 35 ਸਾਲ ਦੇ ਉਹ ਨੌਜਵਾਨ ਜਿਨ੍ਹਾਂ ਦੇ ਪਰਿਵਾਰ ਦੀ ਸਾਲਾਨਾ ਆਮਦਨ 6 ਲੱਖ ਤੋਂ ਘੱਟ ਹੈ, ਨੂੰ ਸਮਾਰਟ ਫੋਨ ਦਿੱਤੇ ਜਾਣਗੇ।

# ਨੌਜਵਾਨ ਪੀੜ੍ਹੀ ਨੂੰ ਸਾਹਿਤ ਨਾਲ ਜੋੜਨ ਦੇ ਸੁਪਨੇ ਧਰੇ-ਧਰਾਏ ਰਹਿ ਗਏ

**ਪਟਿਆਲਾ:** ਪੰਜਾਬ ਵਿਚ ਲਾਇਬ੍ਰੇਰੀ ਸਭਿਆਚਾਰ ਪੈਦਾ ਕਰਨ ਅਤੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਕਰ ਕਿਤਾਬਾਂ ਨਾਲ ਜੋੜਨ ਦੇ ਮਕਸਦ ਨਾਲ ਪੰਜਾਬ ਪਬਲਿਕ ਲਾਇਬ੍ਰੇਰੀ ਐਕਟ ਬਣਾਉਣ ਦੀ ਯੋਜਨਾ ਵੀ ਅਧਵਾਟੇ ਹੀ ਦਮ ਤੋੜ ਗਈ। ਸੂਬਾ ਸਰਕਾਰ ਵੱਲੋਂ ਵੀ ਪੰਜਾਬ ਲਾਇਬ੍ਰੇਰੀ ਐਕਟ ਬਣਾਉਣ ਤੋਂ ਪੂਰੀ ਤਰ੍ਹਾਂ ਪੈਰ ਪਿੱਛੇ ਖਿੱਚ ਲਏ ਨਜ਼ਰ ਆਉਂਦੇ ਹਨ। ਦੂਜੇ ਪਾਸੇ ਸੂਬੇ ਵਿਚਲੀਆਂ ਲਾਇਬ੍ਰੇਰੀਆਂ ਵੀ ਬੇਹੱਦ ਮੰਦਹਾਲੀ ਦੇ ਦੌਰ 'ਚੋਂ ਗੁਜ਼ਰ ਰਹੀਆਂ ਹਨ।

ਪੰਜਾਬ 'ਚ ਵੱਖ-ਵੱਖ ਜ਼ਿਲ੍ਹਿਆਂ ਵਿਚ ਸੈਂਟਰਲ ਸਟੇਟ ਲਾਇਬ੍ਰੇਰੀ ਸਮੇਤ ਕੁੱਲ 14 ਜ਼ਿਲ੍ਹਾ ਲਾਇਬ੍ਰੇਰੀਆਂ ਹਨ ਜਿਨ੍ਹਾਂ ਵਿਚੋਂ 10 ਦੇ ਵਿਚ ਲਾਇਬ੍ਰੇਰੀਅਨ ਤੱਕ ਦੀ ਅਸਾਮੀ ਖਾਲੀ ਪਈ ਹੈ। 2007 ਤੋਂ 2012 ਦੇ ਕਾਰਜਕਾਲ ਦੌਰਾਨ ਅਕਾਲੀ ਸਰਕਾਰ ਵੱਲੋਂ ਸੂਬੇ ਵਿਚ ਪੰਜਾਬ ਲਾਇਬ੍ਰੇਰੀ ਐਕਟ ਲਾਗੂ ਕਰਨ ਲਈ ਯਤਨ ਆਰੰਭੇ ਸਨ ਜਿਸ ਤਹਿਤ ਸ਼ਹਿਰਾਂ, ਪਿੰਡਾਂ ਅਤੇ ਕਸਬਿਆਂ ਆਦਿ 'ਚ ਲਾਇਬ੍ਰੇਰੀਆਂ ਸਥਾਪਤ ਕਰਨ ਦੀ ਯੋਜਨਾ ਸੀ ਪਰ ਦੂਜੇ ਪਾਸੇ ਅੱਜ ਆਲਮ ਇਹ ਹੈ ਕਿ ਪੰਜਾਬ ਲਾਇਬ੍ਰੇਰੀ ਐਕਟ ਬਣਨਾ ਤਾਂ ਦੂਰ ਦੀ ਗੱਲ ਇਸ ਸਬੰਧੀ ਸਰਕਾਰ ਵੱਲੋਂ ਹੁਣ ਕਦੇ ਕੋਈ ਬਿਆਨ ਵੀ ਨਹੀਂ ਦਿੱਤਾ ਗਿਆ।

ਅਕਾਲੀ ਸਰਕਾਰ ਸਮੇਂ ਹੀ ਪੰਜਾਬ ਲਾਇਬ੍ਰੇਰੀ ਐਕਟ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਾਬਕਾ ਚੇਅਰਮੈਨ ਦੀ ਪ੍ਰਧਾਨਗੀ ਹੇਠ ਇਕ ਕਮੇਟੀ ਗਠਿਤ ਕੀਤੀ ਸੀ ਜਿਸ ਵੱਲੋਂ ਐਕਟ ਲਈ ਮੁਢਲਾ ਖਰੜਾ ਵੀ ਤਿਆਰ ਕਰ ਲਿਆ ਗਿਆ ਸੀ। ਉਸ ਤੋਂ ਬਾਅਦ ਵੀ ਇਹ ਯਤਨ ਧਰੇ-ਧਰਾਏ ਹੀ ਰਹਿ ਗਏ। ਇਥੋਂ ਤੱਕ ਕਿ ਪਟਿਆਲਾ ਸਥਿਤ ਸੈਂਟਰਲ ਸਟੇਟ ਵਿਰਾਸਤੀ ਲਾਇਬ੍ਰੇਰੀ ਵੀ ਅਮਲੇ ਅਤੇ ਫੰਡਾਂ ਦੀ ਘਾਟ ਨਾਲ ਬੁਰੀ ਤਰ੍ਹਾਂ ਜੂਝ ਰਹੀ ਹੈ।

ਪੰਜਾਬ ਲਾਇਬ੍ਰੇਰੀ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਜਗਤਾਰ ਸਿੰਘ ਜੋ ਐਕਟ ਬਣਾਉਣ ਲਈ ਖਰੜਾ ਤਿਆਰ ਕਰਨ ਵਾਲੀ ਕਮੇਟੀ ਦੇ ਮੈਂਬਰ ਵੀ ਸਨ, ਨੇ ਆਖਿਆ ਕੇ ਉਨ੍ਹਾਂ ਦੀ ਕਮੇਟੀ ਵੱਲੋਂ ਤਿਆਰ ਰਿਪੋਰਟ ਉਸ ਸਮੇਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੱਕ ਵੀ ਪੇਸ਼ ਕਰ ਦਿੱਤੀ ਸੀ। ਐਕਟ ਬਣਾਉਣਾ ਤਕਰੀਬਨ ਅੰਤਿਮ ਪੜਾਅ 'ਤੇ ਸੀ ਪਰ ਉਸ ਬਾਅਦ ਸੂਬੇ ਵਿਚ ਰਾਜਨੀਤਕ ਤਬਦੀਲੀ ਹੋਣ ਕਾਰਨ ਇਹ ਯੋਜਨਾ ਰੁਕ ਗਈ।

# ਸਿੱਖ ਜਥੇਬੰਦੀਆਂ ਵਲੋਂ ਆਜ਼ਾਦੀ ਦਿਵਸ ਸਮਾਗਮਾਂ ਦਾ ਬਾਈਕਾਟ

**ਅੰਮ੍ਰਿਤਸਰ:** ਦਲ ਖਾਲਸਾ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਤੇ ਯੂਨਾਈਟਿਡ ਅਕਾਲੀ ਦਲ (ਗੁਰਦੀਪ ਸਿੰਘ ਬਠਿੰਡਾ) ਜਥੇਬੰਦੀਆਂ ਵੱਲੋਂ ਵੱਖ-ਵੱਖ ਮਾਮਲਿਆਂ ਨੂੰ ਲੈ ਕੇ 15 ਅਗਸਤ ਨੂੰ ਆਜ਼ਾਦੀ ਦਿਵਸ ਸਮਾਗਮਾਂ ਦਾ ਬਾਈਕਾਟ ਕਰਦਿਆਂ ਇਸ ਨੂੰ ਕਾਲੇ ਦਿਵਸ ਵਜੋਂ ਮਨਾਉਣ ਦਾ ਐਲਾਨ ਕੀਤਾ ਗਿਆ ਹੈ। ਇਸ ਦਿਨ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਵੀ ਕੀਤੇ ਜਾਣਗੇ।

ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰੋ. ਮਹਿੰਦਰਪਾਲ ਸਿੰਘ ਨੇ ਦੱਸਿਆ ਕਿ ਤਿੰਨ ਸਿੱਖ ਜਥੇਬੰਦੀਆਂ ਵੱਲੋਂ ਸਾਂਝੇ ਤੌਰ ਉਤੇ ਆਜ਼ਾਦੀ ਦਿਵਸ ਸਮਾਗਮ ਦਾ ਬਾਈਕਾਟ ਕੀਤਾ ਜਾਵੇਗਾ। ਇਸ ਦਿਨ ਪੰਜਾਬ ਭਰ ਵਿਚ ਵੱਖ-ਵੱਖ ਜ਼ਿਲ੍ਹਿਆਂ ਵਿਚ ਤਿੰਨੋਂ ਸਿੱਖ ਜਥੇਬੰਦੀਆਂ ਵਲੋਂ ਸਰਕਾਰ ਵਿਰੋਧੀ ਵਿਖਾਵੇ ਕੀਤੇ ਜਾਣਗੇ। ਉਨ੍ਹਾਂ ਆਖਿਆ ਕਿ ਕੇਂਦਰ ਸਰਕਾਰ ਵੱਲੋਂ ਯੂ.ਏ.ਪੀ.ਏ. ਕਾਨੂੰਨ ਦੀ ਆੜ ਹੇਠ ਸਿੱਖ ਨੌਜਵਾਨਾਂ ਨੂੰ ਨਿਸ਼ਾਨਾ




ਬਣਾਇਆ ਜਾ ਰਿਹਾ ਹੈ। ਹੁਣ ਤੱਕ 47 ਕੇਸ ਦਰਜ ਕੀਤੇ ਜਾ ਚੁੱਕੇ ਹਨ ਤੇ 9 ਸਿੱਖਾਂ ਨੂੰ ਅਤਿਵਾਦੀ ਐਲਾਨਿਆ ਜਾ ਚੁੱਕਾ ਹੈ ਤੇ ਕਈ ਸਿੱਖ ਨੌਜਵਾਨਾਂ ਉਤੇ ਤਸ਼ੱਦਦ ਢਾਹਿਆ ਜਾ ਰਿਹਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਇਸ ਕਾਲੇ ਕਾਨੂੰਨ ਦੀ ਆੜ ਹੇਠ ਸਰਕਾਰ ਵੱਲੋਂ ਕਾਨੂੰਨ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ ਜਿਨ੍ਹਾਂ ਸਿੱਖਾਂ ਦੀਆਂ ਸਜ਼ਾਵਾਂ ਪੂਰੀਆਂ ਹੋ ਚੁੱਕੀਆਂ ਹਨ, ਉਨ੍ਹਾਂ ਨੂੰ ਵੀ ਜੇਲ੍ਹਾਂ ਤੋਂ ਰਿਹਾਅ ਨਹੀਂ ਕੀਤਾ ਜਾ ਰਿਹਾ।

ਇਨ੍ਹਾਂ ਮੁੱਦਿਆਂ ਤੋਂ ਇਲਾਵਾ ਸਿੱਖ ਜਥੇਬੰਦੀਆਂ ਕੇਂਦਰ ਸਰਕਾਰ ਵੱਲੋਂ ਜਾਰੀ ਕੀਤੇ ਗਏ ਤਿੰਨ ਖੇਤੀ ਬਿੱਲਾਂ ਦਾ ਵੀ ਸਖਤ ਵਿਰੋਧ ਕਰਦੀਆਂ ਹਨ। ਇਸ ਤੋਂ ਇਲਾਵਾ ਗੁਰਦੁਆਰਾ ਕਰਤਾਰਪੁਰ ਲਾਂਘੇ ਨੂੰ ਮੁੜ ਖੋਲ੍ਹਣ ਤੋਂ ਇਨਕਾਰ ਕਰਨ ਅਤੇ ਸਾਕਾ ਨੀਲਾ ਤਾਰਾ ਫੌਜੀ ਹਮਲੇ ਤੇ ਦਿੱਲੀ ਸਿੱਖ ਕਤਲੇਆਮ ਦੇ ਮਾਮਲੇ ਵਿਚ ਹੁਣ ਤੱਕ ਨਿਆਂ ਨਾ ਮਿਲਣ ਦੇ ਸਿੱਟੇ ਵਜੋਂ ਆਜ਼ਾਦੀ ਦਿਵਸ ਸਮਾਗਮਾਂ ਦਾ ਬਾਈਕਾਟ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਸਬੰਧੀ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚ ਸਿੱਖ ਕਾਰਕੁਨ ਕਾਲੇ ਝੰਡੇ ਅਤੇ ਤਖਤੀਆਂ ਚੁੱਕ ਕੇ ਇਕ ਥਾਂ ਉਤੇ ਖੜ੍ਹੇ ਹੋ ਕੇ ਸ਼ਾਂਤਮਈ ਢੰਗ ਨਾਲ 15 ਅਗਸਤ ਨੂੰ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕਰਨਗੇ। ਅੰਮ੍ਰਿਤਸਰ ਵਿਚ ਭੰਡਾਰੀ ਪੁਲ ਉਤੇ 15 ਅਗਸਤ ਨੂੰ 11 ਤੋਂ 1 ਵਜੇ ਤੱਕ ਵਿਖਾਵਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਿੱਖ ਆਗੂਆਂ ਦੀ ਰਿਹਾਈ ਤੱਕ ਸੰਘਰਸ਼ ਜਾਰੀ ਰੱਖਿਆ ਜਾਵੇਗਾ।

# ਮੋਦੀ ਸਰਕਾਰ ਦੀ ਨਵੀਂ ਸਿੱਖਿਆ ਨੀਤੀ ਸਵਾਲਾਂ ਦੇ ਘੇਰੇ ਵਿਚ

**ਨਵੀਂ ਦਿੱਲੀ:** ਕੇਂਦਰੀ ਕੈਬਨਿਟ ਨੇ ਨਵੀਂ ਕੌਮੀ ਸਿੱਖਿਆ ਨੀਤੀ ਨੂੰ ਪ੍ਰਵਾਨਗੀ ਦੇ ਦਿੱਤੀ ਹੈ ਜਿਸ 'ਚ ਸਕੂਲੀ ਸਿੱਖਿਆ ਤੋਂ ਲੈ ਕੇ ਉਚੇਰੀ ਸਿੱਖਿਆ ਤੱਕ ਕਈ ਵੱਡੇ ਬਦਲਾਅ ਕੀਤੇ ਗਏ ਹਨ। ਨਵੀਂ ਨੀਤੀ ਤਹਿਤ ਪੰਜਵੀਂ ਤੱਕ ਮਾਂ ਬੋਲੀ 'ਚ ਪੜ੍ਹਾਈ ਕਰਵਾਈ ਜਾਵੇਗੀ। ਨੀਤੀ ਤਹਿਤ ਉਚੇਰੀ ਸਿੱਖਿਆ ਸੰਸਥਾਵਾਂ 'ਚ ਹੁਣ ਸਿਰਫ ਇਕੋ ਪ੍ਰਬੰਧਕ ਹੋਵੇਗਾ, ਡਿਗਰੀ ਕੋਰਸਾਂ 'ਚ ਦਾਖਲੇ ਅਤੇ ਛੱਡਣ ਤੋਂ ਬਾਅਦ ਵਿਦਿਆਰਥੀਆਂ ਲਈ ਕਈ ਰਾਹ ਹੋਣਗੇ। ਨਵੇਂ ਪ੍ਰਬੰਧ 'ਚ ਐਮ.ਏ. ਅਤੇ ਡਿਗਰੀ ਪ੍ਰੋਗਰਾਮਾਂ ਤੋਂ ਬਾਅਦ ਐਮਫਿਲ ਨੂੰ ਖਤਮ ਕੀਤਾ ਜਾਵੇਗਾ।

ਕੌਮੀ ਸਿੱਖਿਆ ਨੀਤੀ 'ਚ 1992 'ਚ ਸੋਧ ਹੋਈ ਸੀ। ਕੈਬਨਿਟ ਨੇ ਮਨੁੱਖੀ ਸਰੋਤ ਵਿਕਾਸ ਮੰਤਰਾਲੇ ਦਾ ਨਾਮ ਬਦਲ ਕੇ ਸਿੱਖਿਆ ਮੰਤਰਾਲਾ ਰੱਖ ਦਿੱਤਾ ਹੈ। ਇਸ ਦੇ ਨਾਲ ਸਿੱਖਿਆ ਖੇਤਰ 'ਚ ਜੀ.ਡੀ.ਪੀ. ਦਾ 6 ਫੀਸਦੀ ਖਰਚ ਕਰਨ ਦਾ ਟੀਚਾ ਰੱਖਿਆ ਗਿਆ ਹੈ। ਮੋਦੀ ਸਰਕਾਰ ਭਾਵੇਂ ਨਵੀਂ ਸਿੱਖਿਆ ਨੀਤੀ ਦੇ ਵੱਡੇ ਫਾਇਦੇ ਗਿਣਵਾ ਰਹੀ ਹੈ ਪਰ ਸਿੱਖਿਆ ਮਾਹਿਰਾਂ ਸਮੇਤ ਵਿਰੋਧੀ ਧਿਰਾਂ ਨੇ ਸਰਕਾਰ ਦੀ ਨੀਅਤ ਅਤੇ ਨੀਤੀ ਉਤੇ ਸਵਾਲ ਚੁੱਕੇ ਹਨ। ਮਹਾਮਾਰੀ ਦੇ ਸਮੇਂ 'ਚ ਨਵੀਂ ਸਿੱਖਿਆ ਨੀਤੀ ਦੇ ਆਉਣ ਉਤੇ ਹੀ ਵੱਡਾ ਸੁਆਲ ਖੜ੍ਹਾ ਹੁੰਦਾ ਹੈ। ਇਸ ਤੋਂ ਇਲਾਵਾ ਅਕਾਦਮੀਸ਼ੀਅਨਾਂ ਦਾ ਵੀ ਕਹਿਣਾ ਹੈ ਕਿ ਉਨ੍ਹਾਂ ਦੀ ਕੋਈ ਰਾਇ ਨਹੀਂ ਲਈ ਗਈ।

ਕਾਂਗਰਸ ਨੇ ਕਿਹਾ ਕਿ ਨਵੀਂ ਸਿੱਖਿਆ ਨੀਤੀ 'ਚ ਮਨੁੱਖੀ ਵਿਕਾਸ ਤੇ ਜਾਣਕਾਰੀ ਦੇ ਵਿਸਤਾਰ ਦੇ ਬੁਨਿਆਦੀ ਢਾਂਚੇ ਦੀ ਘਾਟ ਹੈ। ਪਾਰਟੀ ਮੁਤਾਬਕ ਇਸ ਵਿਚ ਮਨਮੋਹਣੇ ਵਾਕ ਅਤੇ ਸ਼ਬਦ ਆਡੰਬਰ ਹਨ ਪਰ ਨੀਤੀ ਲਾਗੂ ਕਰਨ ਲਈ ਲੋੜੀਂਦੇ ਫੰਡਾਂ ਦੀ ਘਾਟ ਦੇ ਨਾਲ-ਨਾਲ ਇਸ ਨੂੰ ਲਾਗੂ ਕਰਨ ਲਈ ਸਹੀ ਤਰੀਕੇ ਦੀ ਘਾਟ ਹੈ। ਕਾਂਗਰਸ ਨੇ ਦੋਸ਼ ਲਾਇਆ ਕਿ ਇਹ ਨੀਤੀ ਸੰਸਦ ਮੈਂਬਰਾਂ ਦੀ ਨਿਗਰਾਨੀ ਤੋਂ ਬਾਹਰ ਰਹੀ ਹੈ ਤੇ ਆਰ.ਐਸ.ਐਸ. ਤੋਂ ਬਿਨਾਂ ਕਿਸੇ ਅਕਾਦਮਿਕ ਮਾਹਿਰ ਨਾਲ ਵੀ ਵਿਚਾਰ-ਚਰਚਾ ਨਹੀਂ ਕੀਤੀ ਗਈ।

ਨਵੀਂ ਸਿੱਖਿਆ ਨੀਤੀ ਗਰੀਬ ਤੇ ਅਮੀਰ 'ਚ ਡਿਜੀਟਲ ਪਾੜਾ ਪੈਦਾ ਕਰੇਗੀ ਤੇ ਇਸ ਨਾਲ ਸਿੱਖਿਆ ਮੱਧ ਵਰਗ ਤੇ ਸਮਾਜ ਦੇ ਦੱਬੇ-ਕੁਚਲੇ ਲੋਕਾਂ ਦੀ ਪਹੁੰਚ ਤੋਂ ਵੀ ਬਾਹਰ ਹੋ ਜਾਵੇਗੀ। ਸੀ.ਪੀ.ਐਮ. ਨੇ ਨਵੀਂ ਸਿੱਖਿਆ ਨੀਤੀ ਦਾ ਵਿਰੋਧ ਕਰਦਿਆਂ ਇਸ ਨੂੰ 'ਇਕਪਾਸੜ' ਮੁਹਿੰਮ ਕਰਾਰ ਦਿੱਤਾ ਅਤੇ ਕਿਹਾ ਕਿ ਇਹ 'ਭਾਰਤ ਦੀ ਸਿੱਖਿਆ ਪ੍ਰਣਾਲੀ ਨੂੰ ਤਬਾਹ' ਕਰਨ ਲਈ ਲਿਆਂਦੀ ਗਈ ਹੈ। ਪਾਰਟੀ ਨੇ ਕਿਹਾ ਕਿ ਨਵੀਂ ਨੀਤੀ ਨਾਲ ਸਿੱਖਿਆ ਪ੍ਰਣਾਲੀ 'ਚ ਫਿਰਕੂਵਾਦ ਅਤੇ ਵਪਾਰ ਨੂੰ ਵਧੇਰੇ ਤਰਜੀਹ ਮਿਲੇਗੀ।

ਸਰਕਾਰ ਦੀ ਆਲੋਚਨਾ ਇਸ ਲਈ ਵੀ ਹੋ ਰਹੀ ਹੈ ਕਿ ਇੰਨੀ ਵੱਡੀ ਪੱਧਰ 'ਤੇ ਤਬਦੀਲੀਆਂ ਲਿਆਉਣ ਵਾਲੀ ਇਸ ਨੀਤੀ ਬਾਰੇ ਦੇਸ਼ ਦੀ ਸੰਸਦ ਵਿਚ ਬਹਿਸ ਨਹੀਂ ਕੀਤੀ ਗਈ। ਇਸ ਨੀਤੀ ਅਨੁਸਾਰ ਸਰਕਾਰ ਵਿੱਦਿਆ ਦੇ ਖੇਤਰ ਵਿਚ ਕੁਲ ਘਰੇਲੂ ਉਤਪਾਦਨ ਦਾ 6 ਫੀਸਦੀ ਖਰਚ ਕਰੇਗੀ ਜਦੋਂਕਿ ਮੌਜੂਦਾ ਖਰਚ 4.43 ਫੀਸਦੀ ਹੈ। ਇਸ ਨੀਤੀ ਅਨੁਸਾਰ ਉਚੇਰੀ ਵਿੱਦਿਆ ਦੇ ਪ੍ਰਮੁੱਖ ਅਦਾਰੇ ਜਿਵੇਂ ਯੂਨੀਵਰਸਿਟੀ ਗਰਾਂਟਸ ਕਮਿਸ਼ਨ, ਆਲ ਇੰਡੀਆ ਕੌਂਸਲ ਆਫ਼ ਟੈਕਨੀਕਲ ਐਜੂਕੇਸ਼ਨ ਆਦਿ ਖਤਮ ਕਰ ਕੇ ਹਾਇਰ ਐਜੂਕੇਸ਼ਨ ਕਮਿਸ਼ਨ ਆਫ ਇੰਡੀਆ ਸਥਾਪਿਤ ਕੀਤਾ ਜਾਏਗਾ ਜਿਸ ਅਧੀਨ ਚਾਰ ਉਚ ਪੱਧਰ ਦੀਆਂ ਕੌਂਸਲਾਂ ਕੰਮ ਕਰਨਗੀਆਂ।

ਗਰੈਜੂਏਸ਼ਨ ਦੀ ਡਿਗਰੀ ਤਿੰਨ ਸਾਲਾਂ ਵਾਲੀ ਵੀ ਹੋਵੇਗੀ ਅਤੇ ਚਾਰ ਸਾਲਾ ਵੀ ਜਦੋਂਕਿ ਐਮਫਿਲ ਦੀ ਡਿਗਰੀ ਖਤਮ ਕਰ ਦਿੱਤੀ ਗਈ ਹੈ। ਉਚੇਰੀ ਵਿੱਦਿਆ ਦੇ ਸਾਰੇ ਅਦਾਰਿਆਂ ਵਿਚ ਵੱਖ ਵੱਖ ਵਿਸ਼ਿਆਂ ਨੂੰ ਪੜ੍ਹਾਇਆ ਜਾਏਗਾ ਅਤੇ ਕਿਸੇ ਇਕ ਵਿਸ਼ੇ ਵਾਲੇ ਉਚੇਰੇ ਵਿੱਦਿਅਕ ਅਦਾਰੇ ਬੰਦ ਕਰ ਦਿੱਤੇ ਜਾਣਗੇ।

ਵਿਦੇਸ਼ੀ ਯੂਨੀਵਰਸਿਟੀਆਂ ਭਾਰਤ ਵਿਚ ਆਪਣੇ ਕੈਂਪਸ ਬਣਾ ਸਕਣਗੀਆਂ। ਸੂਬਿਆਂ ਨੂੰ ਛੇਵੀਂ ਜਮਾਤ ਤੋਂ ਤਿੰਨ ਭਾਸ਼ਾਈ ਫਾਰਮੂਲਾ ਲਾਗੂ ਕਰਨ ਵੇਲੇ ਖੁੱਲ੍ਹ ਹੋਵੇਗੀ ਕਿ ਤਿੰਨਾਂ ਭਾਸ਼ਾਵਾਂ ਵਿਚੋਂ ਪੜ੍ਹਾਈਆਂ ਜਾਣ ਵਾਲੀਆਂ ਦੋ ਭਾਸ਼ਾਵਾਂ ਭਾਰਤੀ ਮੂਲ ਦੀਆਂ ਹੋਣ। ਇਸ ਦੇ ਲਾਗੂ ਕਰਨ ਅਤੇ ਸੂਬੇ ਦੀ ਭਾਸ਼ਾ ਵਿਚ ਪੰਜਵੀਂ ਜਮਾਤ ਤਕ ਪੜ੍ਹਾਈ ਕਰਵਾਏ ਜਾਣ ਵਿਚ ਪੂਰੀ ਤਰ੍ਹਾਂ ਸਪੱਸ਼ਟਤਾ ਦਿਖਾਈ ਨਹੀਂ ਦੇ ਰਹੀ ਅਤੇ ਵਿੱਦਿਅਕ ਖੇਤਰ ਦੇ ਮਾਹਿਰ ਇਸ ਨੂੰ ਵੱਖ-ਵੱਖ ਨਜ਼ਰੀਏ ਤੋਂ ਦੇਖ ਰਹੇ ਹਨ।

### ਸਿੱਖਿਆ 'ਚ ਸੁਧਾਰ ਨਾਲ ਜੀਵਨ ਬਦਲੇਗਾ: ਮੋਦੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਨਵੀਂ ਸਿੱਖਿਆ ਨੀਤੀ ਨਾਲ ਸਿੱਖਿਆ ਖੇਤਰ 'ਚ ਲੱਖਾਂ ਲੋਕਾਂ ਦੇ ਜੀਵਨ 'ਚ ਸੁਧਾਰ ਨਜ਼ਰ ਆਵੇਗਾ। ਉਨ੍ਹਾਂ ਕਿਹਾ ਕਿ ਨਵੀਂ ਨੀਤੀ ਨਾਲ ਭਾਰਤ ਗਿਆਨ ਦਾ ਕੇਂਦਰ ਬਣ ਕੇ ਉਭਰੇਗਾ। ਉਨ੍ਹਾਂ ਟਵੀਟ ਕਰ ਕੇ ਕਿਹਾ ਕਿ ਨਵੀਂ ਸਿੱਖਿਆ ਨੀਤੀ ਪਹੁੰਚ, ਨਿਰਪੱਖਤਾ, ਗੁਣਵੱਤਾ ਅਤੇ ਜਵਾਬਦੇਹੀ ਦੇ ਥੰਮ੍ਹਾਂ 'ਤੇ ਆਧਾਰਿਤ ਹੈ। ਉਨ੍ਹਾਂ ਕਿਹਾ ਕਿ 'ਇਕ ਭਾਰਤ ਸ੍ਰੇਸ਼ਠ ਭਾਰਤ' ਦੀ ਭਾਵਨਾ ਤਹਿਤ ਸੰਸਕ੍ਰਿਤ ਸਮੇਤ ਹੋਰ ਭਾਰਤੀ ਭਾਸ਼ਾਵਾਂ ਨੂੰ ਲਾਗੂ ਕੀਤਾ ਜਾਵੇਗਾ।

## ਜਯਾ ਜੇਤਲੀ ਨੂੰ ਚਾਰ ਸਾਲ ਦੀ ਕੈਦ

**ਨਵੀਂ ਦਿੱਲੀ:** ਇਥੋਂ ਦੀ ਅਦਾਲਤ ਨੇ ਸਮਤਾ ਪਾਰਟੀ ਦੀ ਸਾਬਕਾ ਪ੍ਰਧਾਨ ਜਯਾ ਜੇਤਲੀ, ਗੋਪਾਲ ਪਚਰਵਾਲ ਅਤੇ ਮੇਜਰ ਜਨਰਲ (ਸੇਵਾਮੁਕਤ) ਐਸ ਪੀ ਮੁਰਗਈ ਨੂੰ ਰੱਖਿਆ ਸੌਦੇ ਨਾਲ ਸਬੰਧਤ ਤਕਰੀਬਨ 20 ਸਾਲ ਪੁਰਾਣੇ ਭ੍ਰਿਸ਼ਟਾਚਾਰ ਦੇ ਮਾਮਲੇ 'ਚ ਚਾਰ-ਚਾਰ ਸਾਲ ਜੇਲ੍ਹ ਦੀ ਸਜ਼ਾ ਸੁਣਾਈ ਹੈ। ਸੀ.ਬੀ.ਆਈ. ਦੇ ਵਿਸ਼ੇਸ਼ ਜੱਜ ਵੀਰੇਂਦਰ ਭੱਟ ਨੇ ਤਿੰਨੇ ਦੋਸ਼ੀਆਂ ਨੂੰ ਇਕ-ਇਕ ਲੱਖ ਰੁਪਏ ਦਾ ਜੁਰਮਾਨਾ ਵੀ ਕੀਤਾ ਹੈ।

ਅਦਾਲਤ ਨੇ ਕਿਹਾ ਕਿ ਰੱਖਿਆ ਖਰੀਦ ਸੌਦਿਆਂ 'ਚ ਭ੍ਰਿਸ਼ਟਾਚਾਰ ਪ੍ਰਤੀ ਕੋਈ ਢਿੱਲ ਨਹੀਂ ਵਰਤੀ ਜਾਣੀ ਚਾਹੀਦੀ ਹੈ ਕਿਉਂਕਿ ਇਸ ਨਾਲ ਮੁਲਕ ਦੀ ਆਜ਼ਾਦੀ ਅਤੇ ਖੁਦਮੁਖਤਿਆਰੀ ਉਤੇ ਸਿੱਧਾ ਅਸਰ ਪੈਂਦਾ ਹੈ। ਉਨ੍ਹਾਂ ਦੋਸ਼ੀਆਂ ਵੱਲੋਂ ਕੀਤੇ ਗਏ ਜੁਰਮ ਨੂੰ ਸਿਖਰਲੇ ਦਰਜੇ ਦਾ ਕਰਾਰ ਦਿੱਤਾ। ਜਨਵਰੀ 2001 'ਚ ਨਿਊਜ਼ ਪੋਰਟਲ ਤਹਿਲਕਾ ਨੇ ਸਟਿੰਗ 'ਅਪਰੇਸ਼ਨ ਵੈਸਟਐਂਡ' ਕੀਤਾ ਸੀ ਜਿਸ 'ਚ ਥਰਮਲ ਇਮੇਜਰਾਂ ਦੀ ਖਰੀਦ 'ਚ ਭ੍ਰਿਸ਼ਟਾਚਾਰ ਦਾ ਪਰਦਾਫਾਸ਼ ਕੀਤਾ ਗਿਆ ਸੀ।

ਅਦਾਲਤ ਨੇ ਕਿਹਾ ਕਿ ਪਚਰਵਾਲ ਅਤੇ ਜੇਤਲੀ ਸਾਜ਼ਿਸ਼ ਘੜਨ ਦੇ ਦੋਸ਼ੀ ਵੀ ਹਨ। ਉਨ੍ਹਾਂ ਕਿਹਾ ਕਿ ਜੇਤਲੀ ਨੇ ਪਚਰਵਾਲ ਰਾਹੀਂ ਦੋ ਲੱਖ ਰੁਪਏ ਫਰਜ਼ੀ ਕੰਪਨੀ ਵੈਸਟਐਂਡ ਇੰਟਰਨੈਸ਼ਨਲ ਦੇ ਨੁਮਾਇੰਦੇ ਮੈਥਿਊ ਸੈਮੂਅਲ ਤੋਂ ਲਏ ਸਨ ਜਦਕਿ ਮੁਰਗਈ ਨੂੰ 20 ਹਜ਼ਾਰ ਰੁਪਏ ਮਿਲੇ ਸਨ। ਇਸ 'ਚ ਸੁਰੇਂਦਰ ਕੁਮਾਰ ਸੁਰੇਖਾ ਦਾ ਨਾਮ ਵੀ ਆਇਆ ਸੀ ਪਰ ਉਹ ਬਾਅਦ ਵਿਚ ਸਰਕਾਰੀ ਗਵਾਹ ਬਣ ਗਿਆ ਸੀ।

## ਸਰਕਾਰੀ ਕੰਪਨੀਆਂ ਦੇ ਨਿੱਜੀਕਰਨ ਲਈ ਕਾਹਲੀ ਪਈ ਮੋਦੀ ਸਰਕਾਰ

**ਨਵੀਂ ਦਿੱਲੀ:** ਕੇਂਦਰ ਸਰਕਾਰ ਜਲਦੀ ਹੀ ਜਨਤਕ ਖੇਤਰ ਦੇ ਅਦਾਰਿਆਂ (ਪੀ.ਐਸ.ਯੂ.) ਬਾਰੇ ਨਵੀਂ ਨੀਤੀ ਲਿਆਏਗੀ। ਨਵੀਂ ਨੀਤੀ ਰਣਨੀਤਕ ਸੈਕਟਰਾਂ ਨੂੰ ਪਰਿਭਾਸ਼ਿਤ ਕਰੇਗੀ ਤੇ ਇਸ ਵਿਚ ਚਾਰ ਤੋਂ ਵੱਧ ਪੀ.ਐਸ.ਯੂ. ਨਹੀਂ ਹੋਣਗੇ। ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਐਲਾਨ ਕੀਤਾ ਕਿ 'ਆਤਮਨਿਰਭਰ ਭਾਰਤ ਅਭਿਆਨ' ਪੈਕੇਜ ਦੇ ਹਿੱਸੇ ਵਜੋਂ ਰਣਨੀਤਕ ਖੇਤਰ ਵਿਚ ਚਾਰ ਜਨਤਕ ਕੰਪਨੀਆਂ ਹੀ ਰਹਿਣਗੀਆਂ।



ਹੋਰਨਾਂ ਸਾਰੇ ਖੇਤਰਾਂ ਵਿਚ ਸਰਕਾਰੀ ਕੰਪਨੀਆਂ ਦਾ ਨਿੱਜੀਕਰਨ ਹੋ ਜਾਵੇਗਾ। ਸੀਤਾਰਾਮਨ ਨੇ ਕਿਹਾ ਕਿ ਨੀਤੀ ਉਤੇ ਕੰਮ ਚੱਲ ਰਿਹਾ ਹੈ, ਜਲਦੀ ਇਹ ਕੈਬਨਿਟ ਕੋਲ ਜਾਵੇਗੀ। ਸੀਤਾਰਾਮਨ ਨੇ ਕਿਹਾ ਕਿ ਸਿਰਫ ਚਾਰ ਕੰਪਨੀਆਂ ਦੀ ਚੋਣ ਕਰਨ ਲਈ ਕਈ ਮਾਡਲ ਅਪਨਾਏ ਜਾ ਸਕਦੇ ਹਨ। ਵਿੱਤ ਮੰਤਰੀ ਨੇ ਕਿਹਾ ਕਿ ਰਲੇਵਾਂ ਵੀ ਕੀਤਾ ਜਾ ਸਕਦਾ ਹੈ ਜਾਂ ਫਿਰ ਇਨ੍ਹਾਂ ਨੂੰ ਇਸ ਤਰ੍ਹਾਂ ਇਕੱਠਾ ਕੀਤਾ ਜਾ ਸਕਦਾ ਹੈ ਕਿ ਸਿਰਫ ਚਾਰ ਪੀ.ਐਸ.ਯੂ. ਜਾਂ ਇਸ ਤੋਂ ਘੱਟ ਹੀ ਬਚਣ। ਉਨ੍ਹਾਂ ਕਿਹਾ ਕਿ ਨੀਤੀ ਤਹਿਤ ਰਣਨੀਤਕ ਖੇਤਰਾਂ ਦੀ ਸੂਚੀ ਜਲਦੀ ਨੋਟੀਫਾਈ ਕੀਤੀ ਜਾਵੇਗੀ ਜਿਸ ਵਿਚ ਘੱਟੋ-ਘੱਟ ਇਕ ਜਾਂ ਵੱਧ ਤੋਂ ਵੱਧ ਚਾਰ ਕੰਪਨੀਆਂ ਹੀ ਰੱਖੀਆਂ ਜਾਣਗੀਆਂ। ਹੋਰਨਾਂ ਸਾਰੇ ਸੈਕਟਰਾਂ ਵਿਚ ਸੰਭਾਵਨਾਵਾਂ ਦੇ ਅਧਾਰ ਉਤੇ ਕੇਂਦਰੀ ਜਨਤਕ ਖੇਤਰ ਦੇ ਅਦਾਰੇ ਪ੍ਰਾਈਵੇਟ ਹੋ ਜਾਣਗੇ। ਉਨ੍ਹਾਂ ਕਿਹਾ ਕਿ ਭਾਰਤ ਨੂੰ ਇਸ ਨੀਤੀ ਦੀ ਲੋੜ ਹੈ, ਸਾਰੇ ਖੇਤਰ ਪ੍ਰਾਈਵੇਟ ਸੈਕਟਰ ਲਈ ਖੋਲ੍ਹੇ ਜਾਣਗੇ। ਸੀਤਾਰਾਮਨ ਨੇ ਕਿਹਾ ਕਿ ਜਨਤਕ ਅਦਾਰੇ ਤੈਅਸ਼ੁਦਾ ਖੇਤਰਾਂ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਰਹਿਣਗੇ। ਉਨ੍ਹਾਂ ਕਿਹਾ ਕਿ ਮੁਦਰਾ ਨੀਤੀ ਕਮੇਟੀ ਦੀ ਅਗਲੇ ਹਫਤੇ ਹੋਣ ਵਾਲੀ ਮੀਟਿੰਗ ਬਾਰੇ ਫੈਸਲੇ ਆਰ.ਬੀ.ਆਈ. ਲਏਗੀ। ਵਿੱਤ ਮੰਤਰੀ ਨੇ ਕਿਹਾ ਕਿ ਅਰਥਚਾਰਾ ਮੁਸ਼ਕਲ ਹਾਲਤਾਂ ਵਿਚੋਂ ਨਿਕਲਣ ਦੀ ਪੂਰੀ ਕੋਸ਼ਿਸ਼ ਕਰ ਰਿਹਾ ਹੈ ਪਰ ਮਹਾਮਾਰੀ ਕਾਰਨ ਭਵਿੱਖੀ ਤਸਵੀਰ ਧੁੰਦਲੀ ਹੈ, ਇਸ ਲਈ ਕੁਝ ਪੱਕੇ ਤੌਰ ਉਤੇ ਨਹੀਂ ਕਿਹਾ ਜਾ ਸਕਦਾ। ਉਨ੍ਹਾਂ ਕਿਹਾ ਕਿ ਅਰਥ ਵਿਵਸਥਾ ਨੂੰ ਸਹਾਰਾ ਦੇਣ ਲਈ ਸਰਕਾਰ ਨੇ ਸਾਰੇ ਬਦਲ ਖੁੱਲ੍ਹੇ ਰੱਖੇ ਹਨ। ਫਿਲਹਾਲ ਹਰ ਸੈਕਟਰ ਉਭਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਬੈਂਕਾਂ ਦੇ ਨਿੱਜੀਕਰਨ ਬਾਰੇ ਪੁੱਛੇ ਜਾਣ ਉਤੇ ਵਿੱਤ ਮੰਤਰੀ ਨੇ ਕਿਹਾ ਕਿ ਸਰਕਾਰ ਨੇ ਹਾਲੇ ਸਿਰਫ 'ਆਈ.ਡੀ.ਬੀ.ਆਈ.' ਬੈਂਕ ਨੂੰ ਪ੍ਰਾਈਵੇਟ ਕਰਨ ਦਾ ਫੈਸਲਾ ਕੀਤਾ ਹੈ। ਇਸ 'ਚ ਸਰਕਾਰ ਦਾ 46.5 ਫੀਸਦ ਹਿੱਸਾ ਹੈ।

# ਸਵਰਗੀ ਹਰਭਜਨ ਸਿੰਘ ਬੈਂਸ ਨਮਿਤ ਸ਼ਰਧਾਂਜਲੀ ਵਜੋਂ ਕਵੀ ਦਰਬਾਰ

**ਸਿਆਟਲ/ਬਠਿੰਡਾ (ਬਿਊਰੋ):** ਕਈ ਭਾਸ਼ਾਵਾਂ ਦੇ ਗਿਆਤਾ, ਸੰਗੀਤ, ਰਾਗ ਵਿੱਦਿਆ ਵਿਚ ਨਿਪੁੰਨ, ਪਿੰਗਲ-ਅਰੂਜ਼ ਦੇ ਮਾਹਿਰ, ਕਾਵਿ ਦੀਆਂ ਵਿਲੱਖਣ ਨਾਂਵਾਂ ਵਾਲੀਆਂ ਕਈ ਕਿਤਾਬਾਂ ਮਾਂ ਬੋਲੀ ਪੰਜਾਬੀ ਦੀ ਝੋਲੀ ਪਾਉਣ ਵਾਲੇ ਸਭਾ ਦੇ ਮੋਢੀ ਮੈਂਬਰਾਂ ਵਿਚੋਂ ਇਕ ਸਵਰਗਵਾਸੀ ਹਰਭਜਨ ਸਿੰਘ ਬੈਂਸ ਨੂੰ ਸ਼ਰਧਾਂਜਲੀ ਦੇਣ ਵਾਸਤੇ ਪੰਜਾਬੀ ਲਿਖਾਰੀ ਸਭਾ, ਸਿਆਟਲ ਵਲੋਂ 2 ਅਗਸਤ, ਐਤਵਾਰ ਨੂੰ (ਸਿਆਟਲ ਟਾਈਮ ਸਵੇਰੇ 9 ਵਜੇ ਤੇ ਭਾਰਤੀ ਟਾਈਮ ਰਾਤੀਂ 9.30 ਵਜੇ) ਕਵੀ ਦਰਬਾਰ ਅਤੇ ਸਾਹਿਤਕ ਸਮਾਗਮ ਕੀਤਾ ਗਿਆ।

ਪੰਜਾਬੀ ਸਾਹਿਤ ਦੇ ਸਿਰਮੌਰ ਉਸਰੱਈਏ ਪਦਮਸ੍ਰੀ ਡਾ. ਸੁਰਜੀਤ ਪਾਤਰ, ਵਿਦਵਾਨ ਆਲੋਚਕ ਡਾ. ਗੁਰਭਜਨ ਗਿੱਲ, ਪੰਜਾਬ ਦੀ ਉਘੀ ਸ਼ਾਇਰਾ ਸੁਖਵਿੰਦਰ ਅੰਮ੍ਰਿਤ; ਪਾਕਿਸਤਾਨ ਤੋਂ ਲੇਖਿਕਾ ਤਾਹਿਰਾ ਸਰਾ ਅਤੇ ਸਰੀ (ਕੈਨੇਡਾ) ਤੋਂ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਮੁਦੱਈ ਸੁੱਖੀ ਬਾਠ ਨੇ ਹਾਜ਼ਰੀ ਲਵਾਉਂਦਿਆਂ ਪ੍ਰੋਗਰਾਮ ਦੀ ਸ਼ੋਭਾ ਵਧਾਈ। 'ਜ਼ੂਮ' ਤਕਨੀਕ ਰਾਹੀਂ ਕੀਤੇ ਗਏ ਪ੍ਰੋਗਰਾਮ ਦਾ ਲਿਖਾਰੀ ਸਭਾ ਦੇ ਫੇਸਬੁੱਕ ਪੇਜ ਉਤੇ ਸਿੱਧਾ ਪ੍ਰਸਾਰਣ ਵੀ ਕੀਤਾ ਗਿਆ।

ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਸਭਾ ਦੇ ਪ੍ਰਧਾਨ ਡਾ. ਜੇ. ਬੀ. ਸਿੰਘ ਨੇ ਸਾਰਿਆਂ ਨੂੰ ਜੀ ਆਇਆਂ ਕਹਿੰਦਿਆਂ ਵਿਸ਼ੇਸ਼ ਮਹਿਮਾਨਾਂ ਦੀ ਜਾਣ-ਪਛਾਣ ਵਿਲੱਖਣ ਢੰਗ ਨਾਲ ਕਰਵਾਈ। ਸਵਰਗੀ ਬੈਂਸ ਦੇ ਨਜ਼ਦੀਕੀ ਸਾਥੀ ਰਹਿ ਚੁਕੇ ਅਤੇ ਸਭਾ ਦੇ ਸਾਬਕਾ ਪ੍ਰਧਾਨ ਅਵਤਾਰ ਸਿੰਘ ਆਦਮਪੁਰੀ ਨੇ ਵਿਸਥਾਰ ਨਾਲ ਉਨ੍ਹਾਂ ਦੀਆਂ ਸਾਹਿਤਕ ਖੂਬੀਆਂ 'ਤੇ ਸ਼ਖਸੀਅਤ ਦੇ ਖੂਬਸੂਰਤ ਪੱਖਾਂ ਨੂੰ ਸਭ ਦੇ ਰੂਬਰੂ ਕੀਤਾ ਅਤੇ ਨਾਲ ਦੀ ਨਾਲ ਉਨ੍ਹਾਂ ਦੇ ਜੋਸ਼ੀਲੇ ਸੁਭਾਅ ਨੂੰ ਉਜਾਗਰ ਕਰਦੀ ਇਕ ਕਵਿਤਾ ਨਾਲ ਸਾਂਝ ਵੀ ਪਵਾਈ।

ਆਪਣੀ ਨਜ਼ਮ 'ਰੂਪ ਸਰੂਪ ਨਕਸ਼ਿਆਂ ਤੋਂ ਬਿਨ, ਦਿਲ ਤੋਂ ਦਿਲ ਨੂੰ ਰਾਹ ਹੁੰਦੇ ਨੇ' ਨਾਲ ਮਹਿਫਿਲ ਸ਼ੁਰੂ ਕਰਦਿਆਂ ਡਾ. ਗੁਰਭਜਨ ਗਿੱਲ (ਭਾਰਤ) ਨੇ ਕਈ ਕਵਿਤਾਵਾਂ ਨਾਲ ਸਰੋਤਿਆਂ ਤੋਂ ਵਾਹ ਵਾਹ ਖੱਟੀ ਅਤੇ ਉਨ੍ਹਾਂ ਸਵਰਗੀ ਬੈਂਸ ਨੂੰ ਯਾਦ ਕਰਦਿਆਂ ਸ਼ਰਧਾ ਦੇ ਫੁੱਲ ਭੇਟ ਕੀਤੇ।

ਉਘੀ ਕਵਿੱਤਰੀ ਸੁਖਵਿੰਦਰ ਅੰਮ੍ਰਿਤ ਨੇ ਔਰਤ-ਵੇਦਨਾ ਭਰਪੂਰ ਕਵਿਤਾਵਾਂ ਨਾਲ ਜਦ ਆਪਣੀ ਮਿੱਠੀ ਅਤੇ ਦਲੇਰਾਨਾ ਆਵਾਜ਼ ਨਾਲ ਇਹ ਉਚਾਰਿਆਂ, 'ਪਰਾਂ ਵਿਚ ਹੋਣ ਪਰਵਾਜ਼ਾਂ ਤਾਂ ਅੰਬਰ ਮਿਲ ਹੀ ਜਾਂਦੇ ਨੇ, ਨੀ ਕੁੜੀਓ ਨਦੀਆਂ ਵੱਗਦੀਆਂ ਨੂੰ ਸਾਗਰ ਮਿਲ ਹੀ ਜਾਂਦੇ ਨੇ।' ਤਾਂ ਫਿਜ਼ਾ ਵੀ ਜੋਸ਼ ਨਾਲ ਭਰ ਗਈ ਲੱਗੀ।

'ਮੈਂ ਰਾਹਾਂ 'ਤੇ ਨਹੀਂ ਤੁਰਦਾ, ਮੈਂ ਤੁਰਦਾ ਤਾਂ ਰਾਹ ਬਣਦੇ ਨੇ।' ਵਾਕਿਆ ਹੀ ਪੰਜਾਬੀ ਕਾਵਿ ਸਾਹਿਤ ਦੇ ਮਹਾਨ ਰਚੇਤਾ ਪਦਮਸ੍ਰੀ ਸੁਰਜੀਤ ਪਾਤਰ ਨੇ ਅਨੇਕਾਂ ਕਵੀਆਂ ਨੂੰ ਪਗਡੰਡੀਆਂ ਪਾਉਣ ਲਈ ਉਤਸ਼ਾਹਿਤ ਕੀਤਾ। ਸਰਹੱਦਾਂ ਪ੍ਰਤੀ ਅਤੇ ਪੰਜਾਬ ਪ੍ਰਤੀ ਉਨ੍ਹਾਂ ਦੀ ਸੰਵੇਦਨਾ ਕਵਿਤਾਵਾਂ ਵਿਚੋਂ ਟਪਕ ਰਹੀ ਸੀ। ਸਵਰਗੀ ਬੈਂਸ ਨਾਲ ਆਪਣੀਆਂ ਯਾਦਾਂ ਤਾਜ਼ਾ ਕਰਦਿਆਂ ਉਨ੍ਹਾਂ ਨੇ ਆਪਣੀ ਅਕੀਦਤ ਦੇ ਫੁੱਲ ਭੇਟ ਕੀਤੇ।

ਸਭਾ ਲਈ ਸਦਾ ਹੀ ਸ਼ੁਭ ਇੱਛਾਵਾਂ ਦਾ ਗੁਲਦਸਤਾ ਅਤੇ ਆਸ਼ੀਰਵਾਦ ਲਈ ਬੈਠੇ ਪੰਜਾਬੀ ਭਵਨ ਸਰੀ, ਕੈਨੇਡਾ ਦੇ ਸਰਬਰਾਹ ਸੁੱਖੀ ਬਾਠ ਨੇ ਹਰਭਜਨ ਸਿੰਘ ਬੈਂਸ ਨੂੰ ਪੰਜਾਬੀ ਭਵਨ ਸਰੀ ਵਿਖੇ ਸਨਮਾਨਿਤ ਕਰਨ ਦੇ ਪਲਾਂ ਨੂੰ ਯਾਦ ਕਰਦਿਆਂ ਉਨ੍ਹਾਂ ਦੀ ਪੰਜਾਬੀ ਮਾਂ ਬੋਲੀ ਦੀ ਕੀਤੀ ਸੇਵਾ ਨੂੰ ਵੀ ਯਾਦ ਕੀਤਾ।

ਪਾਕਿਸਤਾਨ ਤੋਂ ਤਾਹਿਰਾ ਸਰਾ ਅਤੇ ਸਿਆਟਲ ਤੋਂ ਡਾ. ਪ੍ਰੇਮ ਕੁਮਾਰ ਨੇ ਹਰਭਜਨ ਬੈਂਸ ਨਾਲ ਜ਼ਿੰਦਗੀ 'ਚ ਹੋਈਆਂ ਅਦਬੀ ਮਿਲਣੀਆਂ ਦਾ ਜ਼ਿਕਰ ਕੀਤਾ।

ਸਭਾ ਦੇ ਮੈਂਬਰਾਂ ਤੇ ਅਹੁਦੇਦਾਰਾਂ-ਹਰਦਿਆਲ ਸਿੰਘ ਚੀਮਾ, ਲਖਬੀਰ ਸਿੰਘ ਲੱਕੀ,




ਸੁਖਵਿੰਦਰ ਬੋਦਲਾਂ ਵਾਲਾ, ਹਰਪਾਲ ਸਿੰਘ ਸਿੱਧੂ ਤੇ ਸਾਧੂ ਸਿੰਘ ਝੱਜ ਨੇ ਆਪਣੀਆਂ ਕਾਵਿਤਾਵਾਂ ਨਾਲ ਸਵਰਗੀ ਬੈਂਸ ਨੂੰ ਆਪਣੇ ਚੇਤਿਆਂ ਵਿਚ ਲਿਆਦਾਂ, ਜਦੋਂ ਕਿ ਸਿੰਗਾਰ ਸਿੰਘ ਸਿੱਧੂ, ਬੀਬੀ ਸਵਰਾਜ ਕੌਰ, ਮੰਗਤ ਕੁਲਜਿੰਦ, ਹਰਸ਼ਿੰਦਰ ਸਿੰਘ ਸੰਧੂ, ਬਲਿਹਾਰ ਸਿੰਘ ਲੇਹਲ, ਡਾ. ਜੇ. ਬੀ. ਸਿੰਘ, ਸੁਖਬੀਰ ਬੀਹਲਾ, ਰਾਹੁਲ ਉਪਾਧਿਆਏ, ਜੋਤੀ ਸਿੰਘ, ਜਗਜੀਤ ਸਿੰਘ ਪੰਜੋਲੀ, ਨਵ ਪੰਜੋਲੀ, ਪ੍ਰਿਤਪਾਲ ਸਿੰਘ ਟਿਵਾਣਾ, ਸੁਖਵਿੰਦਰ ਆਹੀ, ਜਸਵੀਰ ਮੰਗੂਵਾਲ ਤੇ ਜੰਗ ਪਾਲ ਸਿੰਘ ਨੇ ਵੱਖ ਵੱਖ ਰੰਗਾਂ ਦੀਆਂ ਕਵਿਤਾਵਾਂ ਨਾਲ ਪ੍ਰੋਗਰਾਮ ਦੀ ਰੌਣਕ ਨੂੰ ਵਧਾਉਂਦਿਆਂ ਸਵਰਗੀ ਬੈਂਸ ਦੇ ਰਚਨਾ-ਸੰਸਾਰ ਅਤੇ ਉਨ੍ਹਾਂ ਦੀ ਬਹੁਪੱਖੀ ਸ਼ਖਸੀਅਤ ਤੋਂ ਰਹਿਨੁਮਾਈ ਲੈਂਦੇ ਰਹਿਣ ਦਾ ਅਹਿਦ ਕੀਤਾ।

ਸਵਰਗੀ ਹਰਭਜਨ ਸਿੰਘ ਬੈਂਸ ਦੇ ਸਪੁੱਤਰ ਹਰਿੰਦਰਪਾਲ ਸਿੰਘ ਬੈਂਸ ਨੇ ਪ੍ਰੋਗਰਾਮ ਵਿਚ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲਵਾਈ ਅਤੇ ਆਪਣੇ ਪਿਤਾ ਜੀ ਦੇ ਵਿਅਕਤਿਤਵ ਦੇ ਅਨੇਕਾਂ ਪਹਿਲੂਆਂ 'ਤੇ ਚਾਨਣਾ ਪਾਇਆ। ਉਨ੍ਹਾਂ ਨੇ ਸਭਾ ਦਾ ਧੰਨਵਾਦ ਵੀ ਕੀਤਾ।

ਅਖੀਰ ਵਿਚ ਬਠਿੰਡਾ ਤੋਂ ਕੱਢੇ ਜਾਂਦੇ ਪੰਜਾਬੀ ਹਾਸ ਵਿਅੰਗ ਦੇ ਤਿਮਾਹੀ ਮੈਗਜ਼ੀਨ 'ਸ਼ਬਦ ਤ੍ਰਿੰਜਣ' ਦਾ ਨਵਾਂ ਅੰਕ ਹਾਜ਼ਰ ਮੈਂਬਰਾਂ ਵੱਲੋਂ ਰੀਲੀਜ਼ ਕੀਤਾ ਗਿਆ। ਪ੍ਰੋਗਰਾਮ ਦਾ ਸੰਚਾਲਨ ਸਭਾ ਦੇ ਸਕੱਤਰ ਬਲਿਹਾਰ ਲੇਹਲ, ਸੁਖਵਿੰਦਰ ਬੋਦਲਾਂ ਵਾਲਾ ਨੇ ਸਭਾ ਦੇ ਪ੍ਰਧਾਨ ਦੇ ਸਹਿਯੋਗ ਨਾਲ ਕੀਤਾ। ਅਖੀਰ ਵਿਚ ਸਭਾ ਦੇ ਉਪ ਪ੍ਰਧਾਨ ਹਰਪਾਲ ਸਿੰਘ ਨੇ ਸਭ ਦਾ ਧੰਨਵਾਦ ਕੀਤਾ।

# ਬਿਹਾਰ ਦੇ ਮੰਡੀ ਮਾਡਲ ਨੇ ਮੋਦੀ ਦੇ ਖੇਤੀ ਸੁਧਾਰਾਂ ਦੀ ਪੋਲ ਖੋਲ੍ਹੀ

## ਪੰਜਾਬ ਦੀ ਕਿਸਾਨੀ ਲਈ ਮਾਰੂ ਸਾਬਤ ਹੋਣਗੇ ਖੇਤੀ ਆਰਡੀਨੈਂਸ



**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਪੰਜਾਬ ਖੇਤੀ ਯੂਨੀਵਰਸਿਟੀ ਰਾਹੀਂ ਬਿਹਾਰ ਦੇ ਖੇਤੀ ਮੰਡੀ ਸਬੰਧੀ ਮਾਡਲ ਦਾ ਅਧਿਐਨ ਕਰਵਾਇਆ ਹੈ। ਰਿਪੋਰਟ ਵਿਚ ਸਾਹਮਣੇ ਲਿਆਂਦੇ ਗਏ ਤੱਥਾਂ ਨੇ ਸਿਧਾਂਤਕ ਪੱਖ ਤੋਂ ਦਿੱਤੇ ਜਾ ਰਹੇ ਇਸ ਤਰਕ ਕਿ ਖੁੱਲ੍ਹੀ ਮੰਡੀ ਦਾ ਸਿਧਾਂਤ ਕਿਸਾਨਾਂ ਦੇ ਹਿੱਤ ਵਿਚ ਨਹੀਂ ਹੈ, ਦੀ ਪੁਸ਼ਟੀ ਕੀਤੀ ਹੈ।

ਇਹ ਰਿਪੋਰਟ ਸਾਹਮਣੇ ਆਉਣ ਪਿੱਛੋਂ ਤਾਅ ਹੈ ਕਿ ਕੇਂਦਰੀ ਖੇਤੀ ਆਰਡੀਨੈਂਸ ਪੰਜਾਬ ਦੀ ਖੇਤੀ ਮੰਡੀ ਨੂੰ ਬਿਹਾਰ ਵਾਂਗ ਝੰਬ ਦੇਣਗੇ। 'ਖੇਤੀ ਬਾਜ਼ਾਰ ਸੁਧਾਰ: ਭਾਰਤੀ ਖੇਤੀ ਲਈ ਭਵਿੱਖ ਦੀ ਚਿੰਤਾ' ਨਾਂ ਦੇ ਇਸ ਅਧਿਐਨ 'ਚ ਇਹ ਤੱਥ ਉੱਭਰੇ ਹਨ ਕਿ ਜਦੋਂ ਬਿਹਾਰ ਸਰਕਾਰ ਨੇ ਸਾਲ 2006 ਵਿਚ 'ਐਗਰੀਕਲਚਰ ਪ੍ਰੋਡਿਊਸ ਮਾਰਕੀਟ ਕਮੇਟੀ ਐਕਟ' ਭੰਗ ਕਰ ਦਿੱਤਾ, ਉਦੋਂ ਕਿਸਾਨੀ ਦੇ ਬੁਰੇ ਦਿਨ ਸ਼ੁਰੂਆਤ ਹੋ ਗਏ। ਐਕਟ ਤੋੜਨ ਸਮੇਂ ਪ੍ਰਾਈਵੇਟ ਨਿਵੇਸ਼ ਦਾ ਪ੍ਰਚਾਰ ਕੀਤਾ ਗਿਆ ਸੀ। ਐਨ.ਸੀ.ਏ.ਈ.ਆਰ-2019 ਦੇ ਹਵਾਲੇ ਨਾਲ ਦੱਸਿਆ ਗਿਆ ਹੈ ਕਿ ਬਿਹਾਰ ਵਿਚ ਪ੍ਰਾਈਵੇਟ ਕੰਪਨੀਆਂ ਨੇ ਮੰਡੀਆਂ ਵਿਚ ਨਵਾਂ ਨਿਵੇਸ਼ ਤਾਂ ਕੀ ਕਰਨਾ ਸੀ, ਸਗੋਂ ਛੋਟਾਂ ਮੰਗਣੀਆਂ ਸ਼ੁਰੂ ਕਰ ਦਿੱਤੀਆਂ। ਮੰਡੀਆਂ ਦਾ ਕੋਈ ਨਵਾਂ ਢਾਂਚਾ ਖੜ੍ਹਾ ਹੀ ਨਹੀਂ ਹੋ ਸਕਿਆ।

ਕੇਂਦਰ ਨੇ 2003 'ਚ ਮਾਡਲ ਕਾਨੂੰਨ ਬਣਾ ਕੇ ਸੂਬਾ ਸਰਕਾਰਾਂ ਨੂੰ ਆਪੋ-ਆਪਣੇ ਖੇਤੀ ਪੈਦਾਵਾਰ ਮਾਰਕਿਟਿੰਗ ਕਮੇਟੀ ਕਾਨੂੰਨਾਂ ਵਿਚ ਸੋਧ ਕਰਨ ਲਈ ਕਿਹਾ ਸੀ। ਬਹੁਤੀਆਂ ਰਾਜ ਸਰਕਾਰਾਂ ਖਾਸ ਤੌਰ ਉਤੇ ਪੰਜਾਬ ਨੇ ਕੇਂਦਰ ਦੀ ਮਨਸ਼ਾ ਮੁਤਾਬਕ ਸੋਧਾਂ ਨਹੀਂ ਕੀਤੀਆਂ। 2017 'ਚ ਭਾਵੇਂ ਕਾਨੂੰਨ ਵਿਚ ਸੋਧ ਹੋਈ ਪਰ ਉਸ ਦੇ ਮੁਕਾਬਲੇ ਹੁਣ ਵਾਲੇ ਕੇਂਦਰੀ ਆਰਡੀਨੈਂਸਾਂ ਨੇ ਮੰਡੀ ਬੋਰਡਾਂ ਅਤੇ ਇਸ ਸਬੰਧੀ ਰਾਜ ਸਰਕਾਰਾਂ ਦੀਆਂ ਸ਼ਕਤੀਆਂ ਨੂੰ ਲਗਭਗ ਖਤਮ ਕਰ ਦਿੱਤਾ ਹੈ। ਬਿਹਾਰ ਸਰਕਾਰ ਨੇ 2006 ਵਿਚ ਆਪਣਾ ਕਾਨੂੰਨ ਵਾਪਸ ਲੈ ਕੇ ਮੰਡੀ ਬੋਰਡ ਭੰਗ ਕਰ ਦਿੱਤਾ ਸੀ। ਕੇਂਦਰ ਸਰਕਾਰ ਵੱਲੋਂ ਦਿੱਤੀਆਂ ਦਲੀਲਾਂ ਮੁਤਾਬਕ ਤਾਂ ਬਿਹਾਰ ਦਾ ਕਿਸਾਨ ਕਿਸੇ ਵੀ ਥਾਂ ਉਤੇ ਜਾ ਕੇ ਜਿਣਸ ਵੇਚਣ ਲਈ ਚੌਦਾਂ ਸਾਲ ਪਹਿਲਾਂ ਹੀ ਆਜ਼ਾਦ ਹੋ ਗਿਆ ਸੀ। ਬਿਹਾਰ ਸਰਕਾਰ ਨੇ ਕਾਰਪੋਰੇਟ ਨਿਵੇਸ਼ ਵਾਸਤੇ ਵੀ ਹੱਥ ਫੈਲਾ ਕੇ ਸਵਾਗਤ ਕੀਤਾ। ਨਤੀਜੇ ਇਹ ਨਿਕਲੇ ਕਿ ਬਿਹਾਰ ਦੇ ਕਿਸਾਨਾਂ ਨੂੰ ਪੁਰਾਣੇ ਸਮੇਂ ਵਰਗਾ ਭਾਅ ਵੀ ਨਹੀਂ ਮਿਲਿਆ।

ਅਨਾਜ ਸੰਕਟ ਨਾਲ ਨਜਿੱਠਣ ਲਈ ਕੇਂਦਰ ਸਰਕਾਰ ਨੇ ਪੰਜਾਬ, ਹਰਿਆਣਾ ਅਤੇ ਪੱਛਮੀ ਯੂਪੀ ਤੋਂ ਹੀ ਕਣਕ ਅਤੇ ਝੋਨਾ ਐਲਾਨੇ ਗਏ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਉਤੇ ਖਰੀਦ ਦੀ ਗਰੰਟੀ ਦਿੱਤੀ ਗਈ ਸੀ। ਸ਼ਾਂਤਾ ਕੁਮਾਰ ਕਮੇਟੀ ਅਨੁਸਾਰ ਖਰੀਦ ਦੀ ਗਰੰਟੀ ਦਾ ਲਾਭ ਦੇਸ਼ ਦੇ ਛੇ ਫੀਸਦੀ ਕਿਸਾਨਾਂ ਨੂੰ ਮਿਲ ਰਿਹਾ ਹੈ। ਇਸ ਦਲੀਲ ਅਨੁਸਾਰ ਬਾਕੀ ਦੇ 94 ਫੀਸਦੀ ਕਿਸਾਨ ਤਾਂ ਪਹਿਲਾਂ ਹੀ ਖੁੱਲ੍ਹੀ ਮੰਡੀ ਉਤੇ ਨਿਰਭਰ ਹਨ ਪਰ ਉਨ੍ਹਾਂ ਨੂੰ ਕਦੇ ਵੀ ਘੱਟੋ-ਘੱਟ ਸਮਰਥਨ ਮੁੱਲ ਤਾਂ ਦੂਰ, ਫਸਲਾਂ ਲਈ ਇਸ ਦੇ ਨੇੜੇ ਤੇੜੇ ਦਾ ਭਾਅ ਵੀ ਨਹੀ ਮਿਲਿਆ। ਇਸੇ ਤਰ੍ਹਾਂ ਕਿਸਾਨਾਂ ਨੂੰ 23 ਵਿਚੋਂ 20 ਫਸਲਾਂ ਦਾ ਪੂਰਾ ਮੁੱਲ ਕਦੇ ਨਹੀਂ ਮਿਲਿਆ।

ਐਕਟ ਤੋੜਨ ਤੋਂ ਪਹਿਲਾਂ ਬਿਹਾਰ ਦੇ ਕਿਸਾਨਾਂ ਦੀ ਕੌਮੀ ਔਸਤ ਦੇ ਮੁਕਾਬਲੇ ਆਮਦਨ 85 ਫੀਸਦੀ ਸੀ, ਜੋ ਮਗਰੋਂ ਘੱਟ ਕੇ 57 ਫੀਸਦੀ ਉਤੇ ਆ ਗਈ। ਸਰਕਾਰੀ ਮੰਡੀ ਪ੍ਰਬੰਧਾਂ ਦੇ ਖਾਤਮੇ ਮਗਰੋਂ ਬਿਹਾਰ ਵਿਚ 10 ਹੈਕਟੇਅਰ ਤੋਂ ਵੱਧ ਜ਼ਮੀਨਾਂ ਦੇ ਮਾਲਕਾਂ ਦੀ ਗਿਣਤੀ ਵਧਣੀ ਸ਼ੁਰੂ ਹੋ ਗਈ, ਜੋ ਪਹਿਲਾਂ ਜ਼ੀਰੋ ਸੀ। 'ਖੇਤੀ ਤੇ ਅਲਾਇਡ' ਦੀ ਬਿਹਾਰ ਵਿਚ ਵਿਕਾਸ ਦਰ ਪਹਿਲਾਂ 1.98 ਫੀਸਦੀ ਸੀ, ਜੋ ਮਗਰੋਂ ਘੱਟ ਕੇ 1.28 ਹੀ ਰਹਿ ਗਈ। ਫਸਲਾਂ ਦਾ ਭਾਅ ਵੀ ਪਹਿਲਾਂ ਨਾਲੋਂ ਘੱਟ ਮਿਲਣ ਲੱਗਿਆ।

### ਜਿਣਸਾਂ ਦੇ ਭਾਅ ਨੂੰ ਵੱਜੀ ਭਾਰੀ ਸੱਟ

**ਚੰਡੀਗੜ੍ਹ:** ਐਕਟ ਤੋੜਨ ਮਗਰੋਂ ਇਕ ਵਾਰ ਤਾਂ ਹੁਲਾਰਾ ਮਿਲਿਆ ਪਰ ਛੇਤੀ ਹੀ ਜਿਣਸਾਂ ਦੇ ਭਾਅ ਡਿੱਗਣੇ ਸ਼ੁਰੂ ਹੋ ਗਏ। ਰਿਪੋਰਟ ਅਨੁਸਾਰ ਕਣਕ ਦਾ ਸਾਲ 2004-05 ਵਿਚ ਸਰਕਾਰੀ ਭਾਅ 640 ਰੁਪਏ ਸੀ ਪਰ ਬਿਹਾਰ ਵਿਚ ਕਿਸਾਨਾਂ ਦੀ ਜਿਣਸ 55 ਰੁਪਏ ਘੱਟ ਕੇ 585 ਰੁਪਏ ਵਿਚ ਵਿਕੀ ਸੀ। ਸਾਲ 2016-17 ਵਿਚ ਜਦੋਂ ਕਣਕ ਦਾ ਸਰਕਾਰੀ ਭਾਅ 1625 ਰੁਪਏ ਸੀ ਤਾਂ ਉਦੋਂ ਬਿਹਾਰ 'ਚ ਜਿਣਸ 326 ਰੁਪਏ ਘੱਟ ਕੇ 1299 ਰੁਪਏ ਵਿਕੀ। ਮਤਲਬ ਕਿ ਸਰਕਾਰੀ ਭਾਅ ਨਾਲੋਂ ਕਿਸਾਨਾਂ ਨੂੰ ਜਿਣਸ ਦਾ ਭਾਅ ਪਹਿਲਾਂ ਨਾਲੋਂ ਜ਼ਿਆਦਾ ਘੱਟ ਮਿਲਣ ਲੱਗਾ। ਇਸੇ ਤਰ੍ਹਾਂ ਝੋਨੇ ਦਾ ਸਾਲ 2004-05 ਵਿਚ ਸਰਕਾਰੀ ਭਾਅ 550 ਰੁਪਏ ਸੀ ਤਾਂ ਉਦੋਂ ਬਿਹਾਰ ਵਿਚ ਕਿਸਾਨਾਂ ਨੂੰ 117 ਰੁਪਏ ਘੱਟ ਕੇ 433 ਰੁਪਏ ਪ੍ਰਤੀ ਕੁਇੰਟਲ ਮਿਲਿਆ। ਮੰਡੀ ਪ੍ਰਬੰਧ ਤੋੜੇ ਜਾਣ ਮਗਰੋਂ ਸਾਲ 2016-17 ਵਿਚ ਸਰਕਾਰੀ ਭਾਅ 1410 ਰੁਪਏ ਸੀ ਪ੍ਰੰਤੂ ਬਿਹਾਰ ਦੇ ਕਿਸਾਨਾਂ ਨੂੰ 297 ਰੁਪਏ ਘਟ ਕੇ 1113 ਰੁਪਏ ਮਿਲਿਆ। ਬਿਹਾਰ ਵਿਚ ਕਣਕ ਹੇਠ ਸਾਲ 2001-02 ਵਿਚ 2.13 ਮਿਲੀਅਨ ਹੈਕਟੇਅਰ ਰਕਬਾ ਸੀ, ਜੋ ਸਾਲ 2016-17 ਵਿਚ ਘਟ ਕੇ 2.11 ਲੱਖ ਹੈਕਟੇਅਰ ਰਹਿ ਗਿਆ।

## ਕੈਨੇਡਾ ਪੜ੍ਹਨ ਗਏ ਨੌਜਵਾਨ ਦੀ ਮੌਤ

**ਪਾਤੜਾਂ:** ਪਿੰਡ ਸ਼ੁਤਰਾਣਾ ਡੇਰਾ ਮਸੀਂਗਨੀਆਂ ਤੋਂ ਤਿੰਨ ਸਾਲ ਪਹਿਲਾਂ ਕੈਨੇਡਾ ਪੜ੍ਹਨ ਗਏ ਲੜਕੇ ਦੀ ਭੇਤਭਰੀ ਹਾਲਤ 'ਚ ਮੌਤ ਹੋ ਗਈ। ਪਰਿਵਾਰਕ ਮੈਂਬਰਾਂ ਨੂੰ ਕੈਨੇਡਾ ਤੋਂ ਪੁਲਿਸ ਮੁਲਾਜ਼ਮ ਨੇ ਇਹ ਜਾਣਕਾਰੀ ਦਿੱਤੀ ਹੈ। ਪਰਿਵਾਰ ਨੇ ਵਿਦੇਸ਼ ਮੰਤਰਾਲੇ ਨੂੰ ਅਪੀਲ ਕੀਤੀ ਹੈ ਕਿ ਨੌਜਵਾਨ ਦੀ ਲਾਸ਼ ਭਾਰਤ ਲਿਆਉਣ ਦੇ ਪ੍ਰਬੰਧ ਕੀਤੇ ਜਾਣ, ਉਨ੍ਹਾਂ ਕੋਲ ਇੰਨੀ ਸਮਰੱਥਾ ਨਹੀਂ ਹੈ।

ਲੜਕੇ ਦੇ ਪਿਤਾ ਸੁਖਵਿੰਦਰ ਸਿੰਘ ਅਤੇ ਤਾਇਆ ਕੈਪਟਨ ਪਰਮਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਲੜਕਾ ਹਰਮਿੰਦਰ ਸਿੰਘ 2017 ਵਿਚ ਕੈਨੇਡਾ 'ਚ ਕੰਪਿਊਟਰ ਦੀ ਪੜ੍ਹਾਈ ਕਰਨ ਗਿਆ ਸੀ। ਪੜ੍ਹਾਈ ਪੂਰੀ ਕਰਨ ਪਿੱਛੋਂ ਉਹਨੇ ਪੀ.ਆਰ. ਲਈ ਅਪਲਾਈ ਕੀਤਾ ਹੋਇਆ ਸੀ।

## ਪਰਾਲੀ ਮੁੱਦੇ 'ਤੇ ਸੁਪਰੀਮ ਕੋਰਟ ਨੇ ਪੰਜਾਬ ਤੇ ਹੋਰ ਰਾਜਾਂ ਤੋਂ ਵੇਰਵੇ ਮੰਗੇ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਦਿੱਲੀ, ਹਰਿਆਣਾ, ਪੰਜਾਬ, ਉਤਰ ਪ੍ਰਦੇਸ਼, ਮੱਧ ਪ੍ਰਦੇਸ਼ ਅਤੇ ਰਾਜਸਥਾਨ ਦੀਆਂ ਸਰਕਾਰਾਂ ਨੂੰ ਉਨ੍ਹਾਂ ਵੱਲੋਂ ਕਿਸਾਨਾਂ ਨੂੰ ਪਰਾਲੀ ਸਾੜਨ ਤੋਂ ਰੋਕਣ ਲਈ ਕੀਤੇ ਗਏ ਪ੍ਰਬੰਧਾਂ ਬਾਰੇ ਪੁੱਛਿਆ ਹੈ। ਪਰਾਲੀ ਸਾੜਨਾ ਇਨ੍ਹਾਂ ਸੂਬਿਆਂ ਵਿਚ ਪ੍ਰਦੂਸ਼ਣ ਦਾ ਵੱਡਾ ਕਾਰਨ ਹੈ।



ਸੁਪਰੀਮ ਕੋਰਟ ਨੇ ਪਿਛਲੇ ਸਾਲ ਪਰਾਲੀ ਸਾੜੇ ਜਾਣ ਦੀਆਂ ਘਟਨਾਵਾਂ, ਥਾਵਾਂ ਤੇ ਕਿੰਨੇ ਕਿਸਾਨ ਇਸ ਲਈ ਜ਼ਿੰਮੇਵਾਰ ਹਨ, ਬਾਰੇ ਸੂਚਿਤ ਕਰਨ ਨੂੰ ਕਿਹਾ ਹੈ ਤਾਂ ਜੋ ਉਨ੍ਹਾਂ ਇਲਾਕਿਆਂ 'ਚ ਪਹਿਲਾਂ ਤੋਂ ਹੀ ਵਿਸ਼ੇਸ਼ ਪ੍ਰਬੰਧ ਕੀਤੇ ਜਾ ਸਕਣ। ਜਸਟਿਸ ਅਰੁਣ ਮਿਸ਼ਰਾ, ਜਸਟਿਸ ਬੀ.ਆਰ. ਗਵਈ ਅਤੇ ਜਸਟਿਸ ਕ੍ਰਿਸ਼ਨ ਮੁਰਾਰੀ ਉਤੇ ਆਧਾਰਿਤ ਬੈਂਚ ਨੇ ਕਿਹਾ, 'ਪਰਾਲੀ ਸਾੜਨ ਸਬੰਧੀ ਅਸੀਂ ਅਗਲੀ ਤਰੀਕ ਨੂੰ ਡਿਜੀਟਲ ਮੀਟਿੰਗ ਰਾਹੀਂ ਦਿੱਲੀ, ਹਰਿਆਣਾ, ਪੰਜਾਬ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਤੇ ਰਾਜਸਥਾਨ ਦੇ ਮੁੱਖ ਸਕੱਤਰਾਂ ਤੋਂ ਸੁਣਨਾ ਚਾਹਾਂਗੇ ਕਿ ਪਰਾਲੀ ਸਾੜਨ ਤੋਂ ਰੋਕਣ ਲਈ ਉਨ੍ਹਾਂ ਵੱਲੋਂ ਕੀ ਬੰਦੋਬਸਤ ਕੀਤੇ ਗਏ ਹਨ ਕਿਉਂਕਿ ਉਹ ਸਮਾਂ ਨੇੜੇ ਆ ਰਿਹਾ ਹੈ ਜਦੋਂ ਪਰਾਲੀ ਸਾੜਨ ਦੀਆਂ ਘਟਨਾਵਾਂ ਸ਼ੁਰੂ ਹੋ ਜਾਂਦੀਆਂ ਹਨ।' ਅਦਾਲਤ ਨੇ ਪ੍ਰਦੂਸ਼ਣ ਮਾਮਲੇ 'ਚ ਸੁਣਵਾਈ ਦੌਰਾਨ ਇਹ ਹੁਕਮ ਪਾਸ ਕੀਤਾ ਹੈ। ਮਾਮਲੇ ਦੀ ਅਗਲੀ ਸੁਣਵਾਈ 10 ਅਗਸਤ ਨੂੰ ਹੋਵੇਗੀ।


Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

*One of the Fastest Growing City in America and Best School System...*



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

**Manjit Singh Nagra**
*Realtor/Broker*
**Cell: 317-750-1900**
6979 Hillsdale Court
Indianapolis, Indiana 46250

**Gurdeep (Garry) Chhokar**
Realtor/Broker
**Cell: 317-500-1247**

Star Alliance BROKERAGE



*We do all type of Home and Commercial Loan. Same day loan approval...*

# ਔਖੇ ਹਾਲਾਤ ਭਾਰਤ ਦੇ, ਪਰ ਸੰਭਾਲਣ ਵਾਲੀ ਨੀਤੀ ਕੋਈ ਨਹੀਂ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਇਸ ਸਾਲ ਦੇ ਮਾਰਚ ਦੇ ਤੀਜੇ ਹਫਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਤਿੰਨ ਹਫਤਿਆਂ ਦੇ ਲੌਕਡਾਊਨ ਦਾ ਐਲਾਨ ਕਰਨ ਵੇਲੇ ਕਿਹਾ ਸੀ ਕਿ ਮਹਾਂਭਾਰਤ ਦੀ ਜੰਗ ਅਠਾਰਾਂ ਦਿਨਾਂ ਵਿਚ ਜਿੱਤੀ ਗਈ ਸੀ, ਮੈਂ ਤੁਹਾਡੇ ਤਿੰਨ ਹਫਤੇ ਮੰਗ ਰਿਹਾ ਹਾਂ, ਇਨ੍ਹਾਂ ਤਿੰਨ ਹਫਤਿਆਂ ਵਿਚ ਅਸੀਂ ਇਹ ਜੰਗ ਜਿੱਤਣੀ ਹੈ। ਲੋਕਾਂ ਨੇ ਹੁੰਗਾਰਾ ਭਰਿਆ ਸੀ। ਫਿਰ ਉਨ੍ਹਾਂ ਇੱਕ ਦਿਨ ਤਾੜੀਆਂ ਵਜਾਉਣ ਤੇ ਥਾਲੀਆਂ ਖੜਕਾਉਣ ਨੂੰ ਕਿਹਾ ਤਾਂ ਲੋਕਾਂ ਨੇ ਖੜਕਾ ਦਿੱਤੀਆਂ ਅਤੇ ਭਾਜਪਾ ਦੇ ਹੱਦੋਂ ਬਾਹਰੇ ਉਤਸ਼ਾਹੀ ਲੋਕ, ਕੁਝ ਅਫਸਰ ਲੋਕ ਵੀ, ਸੜਕਾਂ ਉਤੇ ਬਿਗਲ ਤੇ ਵਾਜੇ ਵਜਾਉਂਦੇ ਨਿਕਲ ਪਏ ਸਨ। ਪ੍ਰਧਾਨ ਮੰਤਰੀ ਨੇ ਜਦੋਂ ਕਿਹਾ ਕਿ ਮੋਮਬੱਤੀਆਂ ਜਗਾਇਓ ਤਾਂ ਸਾਡੇ ਵਰਗੇ ਲੋਕਾਂ ਨੇ ਵੀ ਇਹ ਸੋਚ ਕੇ ਜਗਾ ਦਿੱਤੀਆਂ ਸਨ ਕਿ ਸਾਨੂੰ ਕੋਈ ਇਹ ਨਾ ਕਹੇ ਕਿ ਇਹ ਦੇਸ਼ ਦੀ ਸੁੱਖ ਨਹੀਂ ਮੰਗਦੇ। ਫਿਰ ਵੀ ਜੰਗ ਜਿੱਤੀ ਨਹੀਂ ਗਈ। ਤਿੰਨ ਤਾਂ ਕਿਧਰੇ ਗਏ, ਮਹਾਂਭਾਰਤ ਦੇ ਅਠਾਰਾਂ ਦਿਨਾਂ ਦੇ ਮੁਕਾਬਲੇ ਅਠਾਰਾਂ ਹਫਤੇ ਲੰਘਣ ਪਿਛੋਂ ਵੀ ਜੰਗ ਜਿੱਤ ਸਕਣ ਦੀ ਥਾਂ ਔਕੜ ਵਧ ਗਈ ਹੈ। ਉਦੋਂ ਕਿਸੇ ਰਾਜ ਵਿਚ ਇੱਕ-ਦੋ ਕੇਸ ਵਧਦੇ ਸਨ ਤਾਂ ਰੌਲਾ ਪੈਂਦਾ ਸੀ। ਜੁਲਾਈ ਖਤਮ ਹੋਈ ਤਾਂ ਰੋਜ਼ ਦੇ ਪੰਜਾਹ-ਪਚਵੰਜਾ ਹਜ਼ਾਰ ਕੇਸ ਮਿਲਣ ਲੱਗ ਪਏ ਅਤੇ ਰੋਜ਼ ਦੀਆਂ ਸਾਢੇ ਸੱਤ ਸੌ ਤੋਂ ਵੱਧ ਮੌਤਾਂ ਦੀਆਂ ਖਬਰਾਂ ਸੁਣਨ ਲੱਗ ਪਈਆਂ ਹਨ। ਭਾਰਤ ਕੇਸਾਂ ਦੇ ਪੱਖੋਂ ਤਾਂ ਦੋ ਹਫਤੇ ਪਹਿਲਾਂ ਹੀ ਦੁਨੀਆਂ ਭਰ ਵਿਚ ਤੀਜੇ ਨੰਬਰ ਉਤੇ ਆ ਗਿਆ ਸੀ, ਫਿਰ ਮੌਤਾਂ ਦੇ ਪੱਖੋਂ ਵੀ ਪੰਜਵੇਂ ਥਾਂ ਲਿਖਿਆ ਗਿਆ ਹੈ। ਪ੍ਰਧਾਨ ਮੰਤਰੀ ਮੋਦੀ ਅਜੇ ਵੀ ਕੋਰੋਨਾ ਵਾਇਰਸ ਖਿਲਾਫ ਲੜਾਈ ਵਿਚ ਕਿਸੇ ਕਿਸਮ ਦੀ ਕੋਈ ਕਮਜ਼ੋਰੀ ਮਹਿਸੂਸ ਨਹੀਂ ਕਰਦੇ, ਸਗੋਂ ਪਹਿਲੇ ਕੀਤੇ ਦਾਅਵਿਆਂ ਨੂੰ ਚੇਤੇ ਕਰਨ ਦੀ ਥਾਂ ਨਵੇਂ ਭਾਸ਼ਣਾਂ ਲਈ ਸ਼ਬਦਾਵਲੀ ਦੀ ਚੋਣ ਕਰਨ ਲੱਗੇ ਰਹਿੰਦੇ ਹਨ।

ਜਦੋਂ ਸਥਿਤੀ ਏਨੀ ਗੰਭੀਰ ਹੋਈ ਪਈ ਹੈ, ਦੇਸ਼ ਦੇ ਹਰ ਰਾਜ ਵਿਚ ਇਸ ਨਾਲ ਲੜਨ ਲਈ ਪੈਸੇ ਦੀ ਕਮੀ ਦਾ ਰੌਲਾ ਪੈ ਰਿਹਾ ਹੈ। ਸਰਕਾਰ ਭਾਜਪਾ ਦੀ ਜਾਂ ਉਸ ਦੇ ਕਿਸੇ ਸਹਿਯੋਗੀ ਦੀ ਹੋਵੇ ਤਾਂ ਕਾਂਗਰਸੀ ਉਸ ਨੂੰ ਠਿੱਠ ਕਰਨ ਦੇ ਲਈ ਬਾਜ਼ਾਰਾਂ ਵਿਚ ਨਿਕਲਦੇ ਤੇ ਬਿਆਨਬਾਜ਼ੀ ਕਰਦੇ ਹਨ ਅਤੇ ਜਿੱਥੇ ਕਾਂਗਰਸ ਦੀ ਹੋਵੇ, ਉਥੇ ਭਾਜਪਾ ਤੇ ਇਸ ਦੇ ਸਹਿਯੋਗੀ ਦਲਾਂ ਵਾਲੇ ਇਹੋ ਕੁਝ ਕਰਦੇ ਹਨ। ਰਾਜਾਂ ਕੋਲ ਇਸ ਵੇਲੇ ਕਿਸੇ ਵੀ ਥਾਂ ਲੋੜ ਜੋਗੇ ਪੈਸੇ ਨਹੀਂ। ਅਸੀਂ ਜਿਸ ਯੁੱਗ ਵਿਚ ਪਲੇ ਸਾਂ, ਉਦੋਂ ਬਜ਼ੁਰਗ ਕਿਹਾ ਕਰਦੇ ਸਨ ਕਿ ਇਹ ਨਹੀਂ ਵੇਖੀਦਾ ਕਿ ਵਕਤ ਕਿੰਨਾ ਔਖਾ ਆ ਗਿਆ ਹੈ, ਸਗੋਂ ਇਹ ਸੋਚੀਦਾ ਹੈ ਕਿ ਇਸ ਤੋਂ ਵੀ ਬੁਰਾ ਆ ਸਕਦਾ ਹੈ। ਇਸ ਲਈ ਔਖੇ ਸਮੇਂ ਵੀ ਕੁਝ ਨਾ ਕੁਝ ਬਚਾ ਕੇ ਰੱਖਣਾ ਚਾਹੀਦਾ ਹੈ, ਪਤਾ ਨਹੀਂ ਕਦੋਂ ਲੋੜ ਪੈ ਜਾਵੇ! ਇਹ ਗੱਲ ਅੱਜ ਸੱਚੀ ਸਾਬਤ ਹੋ ਰਹੀ ਹੈ। ਭਾਰਤ ਦੇ ਲਗਭਗ ਹਰ ਰਾਜ ਦੀ ਸਰਕਾਰ ਦਾ ਬਜਟ ਹਰ ਸਾਲ ਘਾਟੇ ਵਾਲਾ ਪੇਸ਼ ਹੁੰਦਾ ਹੈ। ਲੋਕ ਟੈਕਸ ਦਿੰਦੇ ਹਨ, ਪਰ ਉਸ ਵਿਚੋਂ ਕਦੇ ਕੁਝ ਵੀ ਬਚਦਾ ਨਹੀਂ, ਉਲਟਾ ਅਗਲੇ ਸਾਲ ਬਜਟ ਘਾਟਾ ਹੋਰ ਵਧ ਜਾਂਦਾ ਹੈ। ਰਾਜ ਕਰਨ ਵਾਲਿਆਂ ਨੂੰ ਸਥਿਤੀ ਦੇ ਮੁਕਾਬਲੇ ਲਈ ਕੋਈ ਰਾਹ ਲੱਭੇ ਜਾਂ ਨਾ, ਆਪੋ-ਆਪਣੀ ਲੋੜ ਪੂਰੀ ਕਰੀ ਜਾਂਦੇ ਹਨ। ਹਰ ਰਾਜ ਵਿਚ ਇਹੋ ਹੁੰਦਾ ਹੈ।



ਆਮ ਕਹਾਵਤ ਹੈ ਕਿ 'ਜਿਹੋ ਜਿਹੀ ਕੋਕੋ, ਉਹੋ ਜਿਹੇ ਬੱਚੇ।' ਆਮਦਨ ਤੇ ਖਰਚ ਦੇ ਮਾਮਲੇ ਵਿਚ ਭਾਰਤ ਦੇ ਕੇਂਦਰੀ ਹਾਕਮ ਅਤੇ ਰਾਜਾਂ ਵਾਲੇ ਇਸ ਕਹਾਵਤ ਦਾ ਨਮੂਨਾ ਬਣੇ ਜਾਪਦੇ ਹਨ। ਰਾਜਾਂ ਕੋਲ ਇਸ ਵੇਲੇ ਖਰਚਣ ਵਾਸਤੇ ਪੈਸੇ ਨਹੀਂ ਤੇ ਉਹ ਠੀਕ ਕਹਿੰਦੇ ਹਨ ਕਿ ਕਾਰੋਬਾਰ ਬੰਦ ਹੋਣ ਕਾਰਨ ਟੈਕਸਾਂ ਦੀ ਉਗਰਾਹੀ ਡੁੱਬ ਗਈ ਹੈ ਤੇ ਕੇਂਦਰ ਸਰਕਾਰ ਵੀ ਉਨ੍ਹਾਂ ਦੇ ਹਿੱਸੇ ਦੇ ਕੇਂਦਰ ਵੱਲੋਂ ਉਗਰਾਹੇ ਜਾਂਦੇ ਜੀ. ਐਸ. ਟੀ. ਵਿਚ ਬਣਦਾ ਹਿੱਸਾ ਦੇਣ ਤੋਂ ਪਾਸਾ ਵੱਟੀ ਜਾ ਰਹੀ ਹੈ। ਕੇਂਦਰ ਸਰਕਾਰ ਕੋਲ ਰਿਜ਼ਰਵ ਬੈਂਕ ਹੈ, ਫਿਰ ਵੀ ਉਸ ਦਾ ਹੱਥ ਤੰਗ ਹੈ। ਕਾਰਨ ਸਿਰਫ ਇਹ ਹੈ ਕਿ ਜਦੋਂ ਰਿਜ਼ਰਵ ਬੈਂਕ ਦਾ ਖਜਾਨਾ ਭਰਨ ਦੀ ਲੋੜ ਸੀ, ਉਂਜ ਮੋਦੀ ਸਰਕਾਰ ਨੂੰ ਮਿਲਿਆ ਵੀ ਭਰਿਆ ਸੀ, ਇਸ ਪਾਸੇ ਧਿਆਨ ਦੇਣ ਦੀ ਥਾਂ ਉਦੋਂ ਸਰਕਾਰ ਵੋਟਾਂ ਲਈ ਅੱਖ ਰੱਖ ਕੇ ਨੋਟਾਂ ਦੀ ਸੋਟ ਕਰਨ ਰੁੱਝੀ ਰਹੀ ਸੀ। ਪਿਛਲੇ ਸਾਲ ਲੋਕ ਸਭਾ ਚੋਣਾਂ ਹੋਣ ਤੋਂ ਪਹਿਲਾਂ ਰਿਜ਼ਰਵ ਬੈਂਕ ਤੋਂ ਇਸੇ ਲਈ ਪੰਜਾਹ ਹਜ਼ਾਰ ਕਰੋੜ ਰੁਪਏ ਮੰਗੇ ਗਏ ਸਨ ਅਤੇ ਰੌਲਾ ਪੈ ਜਾਣ ਕਾਰਨ ਭਾਵੇਂ ਰਿਜ਼ਰਵ ਬੈਂਕ ਤੋਂ ਇਹ ਲੈਣੇ ਰੋਕ ਦਿੱਤੇ ਸਨ, ਚੋਣਾਂ ਜਿੱਤਦੇ ਸਾਰ ਸਰਕਾਰ ਨੇ ਫਿਰ ਮੰਗ ਕੇ ਮਰਜ਼ੀ ਦੇ ਕੰਮਾਂ ਵਿਚ ਖਰਚ ਦਿੱਤੇ ਸਨ। ਉਦੋਂ ਕਿਸੇ ਨੂੰ ਇਹ ਖਿਆਲ ਤੱਕ ਨਹੀਂ ਸੀ ਕਿ ਕੋਈ ਕਰੋਨਾ ਵਾਇਰਸ ਅਗਲੇ ਦਿਨੀਂ ਹਮਲਾ ਕਰਨ ਲਈ ਘਾਤ ਲਾਈ ਬੈਠਾ ਹੈ। ਜਦੋਂ ਉਸ ਨੇ ਝਪੱਟਾ ਮਾਰਿਆ ਤਾਂ ਵੱਡੇ-ਵੱਡੇ ਅਮੀਰ ਸਮਝੇ ਜਾਂਦੇ ਦੇਸ਼ ਵੀ ਉਸ ਦੀ ਮਾਰ ਨਾਲ ਹਿੱਲ ਗਏ ਸਨ। ਭਾਰਤ ਤਾਂ ਪਹਿਲਾਂ ਹੀ ਆਰਥਕ ਗੜਬੜ ਦਾ ਸ਼ਿਕਾਰ ਸੀ। ਇਸ ਕਰ ਕੇ ਇਸ ਦੀ ਆਰਥਕਤਾ ਇਸ ਅਣਕਿਆਸੀ ਕੁਦਰਤੀ ਹਨੇਰੀ ਅੱਗੇ ਝੂਲਣ ਲੱਗ ਪਈ ਅਤੇ ਘਰਾਂ ਵਿਚ ਲੌਕਡਾਊਨ ਦੇ ਕਾਰਨ ਖਾਲੀ ਬੈਠੇ ਲੋਕਾਂ ਲਈ ਦਿੱਤੇ ਗਏ ਪੈਕੇਜ ਇਸ ਨੂੰ ਹੋਰ ਖੋਖਲਾ ਕਰੀ ਜਾ ਰਹੇ ਹਨ।

ਪਿਛਲੇ ਸਾਲ ਦੇ ਅਖੀਰ ਵਿਚ ਭਾਰਤ ਸਰਕਾਰ ਨੇ ਮਨ ਬਣਾਇਆ ਸੀ ਕਿ ਏਅਰ ਇੰਡੀਆ ਅਤੇ ਕੁਝ ਹੋਰ ਵੱਡੇ ਕੇਂਦਰ ਸਰਕਾਰ ਦੇ ਅਦਾਰੇ ਵੇਚ ਕੇ ਇਨ੍ਹਾਂ ਵਿਚੋਂ ਇੱਕ ਲੱਖ ਕਰੋੜ ਰੁਪਏ ਦੀ ਕਮਾਈ ਕਰਨੀ ਹੈ। ਕਰੋਨਾ ਦੇ ਆਉਣ ਨਾਲ ਉਨ੍ਹਾਂ ਦੀ ਸੇਲ ਰੋਕਣੀ ਪੈ ਗਈ। ਇਸ ਮਗਰੋਂ ਕੁਝ ਰਾਹ ਸੋਚਣ ਦੀ ਲੋੜ ਸੀ। ਇਸ ਦੀ ਥਾਂ ਕੇਂਦਰ ਸਰਕਾਰ ਨੇ ਫਿਰ ਇਹ ਕਹਿ ਦਿੱਤਾ ਕਿ ਤੇਈ ਹੋਰ ਸਰਕਾਰੀ ਅਦਾਰਿਆਂ ਤੋਂ ਆਪਣੇ ਹਿੱਸੇ ਕੱਢ ਕੇ ਉਹ ਵੀ ਵੱਡੇ ਪੂੰਜੀਪਤੀਆਂ ਦੀ ਝੋਲੀ ਪਾ ਦੇਣੇ ਹਨ। ਇਨ੍ਹਾਂ ਵਿਚ ਪੰਜ ਬੈਂਕ ਵੀ ਹਨ। ਜਿਹੜੇ ਬੈਂਕ ਸਰਕਾਰੀ ਹੱਥਾਂ ਵਿਚ ਅਜੇ ਤੱਕ ਚੰਗੇ ਚੱਲੀ ਜਾ ਰਹੇ ਹਨ ਅਤੇ ਇਨ੍ਹਾਂ ਵਿਚ ਜਮ੍ਹਾ ਹੋਇਆ ਲੋਕਾਂ ਦਾ ਪੈਸਾ ਸਰਕਾਰ ਦੀ ਯੋਜਨਾਬੰਦੀ ਦੇ ਹਿਸਾਬ ਨਾਲ ਵਰਤਿਆ ਜਾਂਦਾ ਹੈ, ਇਨ੍ਹਾਂ ਦੇ ਪ੍ਰਾਈਵੇਟ ਹੱਥਾਂ ਵਿਚ ਜਾਣ ਨਾਲ ਉਹ ਯੋਜਨਾਬੰਦੀ ਦੀ ਥਾਂ ਅਮੀਰਾਂ ਦੇ ਕਾਰੋਬਾਰ ਤੇ ਕਮਾਈ 'ਚ ਵਾਧਾ ਕਰਨ ਲਈ ਵਰਤਿਆ ਜਾਵੇਗਾ। ਅਜੇ ਤੱਕ ਇਸ ਗੱਲ ਦੀ ਚਰਚਾ ਸੁਣੀ ਜਾ ਰਹੀ ਸੀ ਕਿ ਵੱਡੇ ਘਰਾਣੇ ਸਰਕਾਰਾਂ ਨੂੰ ਮਰਜ਼ੀ ਨਾਲ ਚਲਾ ਰਹੇ ਹਨ, ਇਸ ਤਾਜ਼ਾ ਕਦਮ ਨਾਲ ਲੋਕਾਂ ਨੂੰ ਇਹ ਕੁਝ ਹੋ ਰਿਹਾ ਸਾਫ ਦਿਖਾਈ ਦੇ ਜਾਵੇਗਾ ਕਿ ਉਨ੍ਹਾਂ ਦਾ ਪੈਸਾ ਸਰਕਾਰ ਵੱਡੇ ਘਰਾਣਿਆਂ ਦੀਆਂ ਤਿਜੌਰੀਆਂ 'ਚ ਪਾਈ ਜਾ ਰਹੀ ਹੈ।

ਜਦੋਂ ਭਾਰਤ ਕਰੋਨਾ ਵਾਇਰਸ ਨਾਲ ਮੱਥਾ ਲਾਈ ਬੈਠਾ ਹੈ, ਭਾਵੇਂ ਸਾਰੀ ਦੁਨੀਆਂ ਇਸ ਰੋਗ ਦੇ ਨਾਲ ਜੂਝਦੀ ਪਈ ਹੈ, ਭਾਰਤ ਉਨ੍ਹਾਂ ਚਾਰ ਦੇਸ਼ਾਂ ਵਿਚੋਂ ਇੱਕ ਹੈ, ਜੋ ਇਸ ਵਕਤ ਸਭ ਤੋਂ ਵੱਡੀ ਮੁਸ਼ਕਿਲ ਵਿਚ ਹਨ ਤਾਂ ਦੂਜੇ ਪਾਸੇ ਇਸ ਦੀ ਸਥਿਤੀ ਸਰਹੱਦਾਂ ਉਤੇ ਵੀ ਸੁਖਾਵੀਂ ਨਹੀਂ। ਪਾਕਿਸਤਾਨ ਆਪਣੇ ਜਨਮ ਵੇਲੇ ਤੋਂ ਭਾਰਤ ਵਿਰੁੱਧ ਆਢਾ ਲਾਈ ਤੁਰਿਆ ਆ ਰਿਹਾ ਹੈ, ਪਰ ਇਸ ਵੇਲੇ ਚੀਨ ਨਾਲ ਵੀ ਸਬੰਧਾਂ ਵਿਚ ਕੌੜ ਸਿਖਰ ਉਤੇ ਹੈ। ਕੋਈ ਨਹੀਂ ਜਾਣਦਾ ਕਿ ਕਦੋਂ ਕਿਸ ਪਾਸੇ ਕਿਸ ਦੇਸ਼ ਨਾਲ ਸਿੱਧੇ ਟਕਰਾਅ ਦੀ ਨੌਬਤ ਆ ਜਾਵੇ, ਸਿਰਫ ਇਹ ਪਤਾ ਹੈ ਕਿ ਬਹੁਤ ਮਹਿੰਗੇ ਭਾਅ ਉਤੇ ਭਾਰਤ ਨੇ ਦੁਨੀਆਂ ਦੇ ਸਿਖਰਲੀ ਸਮਰੱਥਾ ਵਾਲੇ ਰਾਫੇਲ ਜਹਾਜਾਂ ਦਾ ਬੇੜਾ ਤਿਆਰ ਕਰ ਲਿਆ ਹੈ ਅਤੇ ਨਵੀਆਂ ਮਿਜ਼ਾਈਲਾਂ ਵੀ ਛੇਤੀ ਆਉਣ ਵਾਲੀਆਂ ਹਨ। ਇਹ ਸਾਰਾ ਕੁਝ ਹੱਥਾਂ ਵਿਚ ਹੋਣ ਦੇ ਬਾਵਜੂਦ ਜੰਗ ਦੇ ਹਾਲਾਤ ਵਿਚ ਜਿਹੜੇ ਵੱਡੇ ਖਰਚੇ ਦੀ ਲੋੜ ਪੈਣੀ ਹੈ, ਜਦੋਂ ਸਾਰਾ ਪੈਲੀ-ਬੰਨਾ ਵੇਚ ਛੱਡਿਆ ਹੈ ਤੇ ਕੁਝ ਹੋਰ ਵੇਚਣ ਲਈ ਤਿਆਰੀਆਂ ਹੁੰਦੀਆਂ ਹਨ, ਰਿਜ਼ਰਵ ਬੈਂਕ ਵੀ ਨੰਗਾਂ ਦੇ ਭੜੋਲੇ ਵਾਂਗ ਖਾਲੀ ਗਾਗਰ ਖੜਕ ਰਹੀ ਹੈ, ਤਾਂ ਇਹ ਜਹਾਜ ਉਡਾਉਣ ਜੋਗੇ ਪ੍ਰਬੰਧ ਕਰਨੇ ਵੀ ਸੌਖੇ ਨਹੀਂ ਰਹਿ ਜਾਣੇ।

ਕੋਈ ਵਕਤ ਹੁੰਦਾ ਸੀ ਕਿ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਨੇ ਤੇਲ ਕੰਪਨੀਆਂ-ਇੰਡੀਅਨ ਆਇਲ ਤੇ ਹਿੰਦੁਸਤਾਨ ਪੈਟਰੋਲੀਅਮ ਵਿਚੋਂ ਸਰਕਾਰੀ ਹਿੱਸੇ ਕੱਢ ਕੇ ਪ੍ਰਾਈਵੇਟ ਪੂੰਜੀਪਤੀਆਂ ਨੂੰ ਸੌਂਪਣ ਦਾ ਇਰਾਦਾ ਬਣਾ ਲਿਆ ਸੀ। ਉਦੋਂ ਭਾਜਪਾ ਦੀ ਮਾਂ ਮੰਨੇ ਜਾਂਦੇ ਆਰ. ਐਸ. ਐਸ. ਦੀ ਲੀਡਰਸ਼ਿਪ ਨੇ ਇਹ ਕਹਿ ਕੇ ਇਸ ਦਾ ਵਿਰੋਧ ਕੀਤਾ ਸੀ ਕਿ ਕੱਲ੍ਹ ਨੂੰ ਜੰਗ ਲੱਗਣ ਦੀ ਸਥਿਤੀ ਵਿਚ ਬਾਹਰੋਂ ਮਿਲੇ ਇਸ਼ਾਰੇ ਉਤੇ ਪੂੰਜੀਪਤੀਆਂ ਨੇ ਤੇਲ ਦੀ ਸਪਲਾਈ ਵਿਚ ਵਿਘਨ ਪਾਇਆ ਤਾਂ ਉਸ ਵਕਤ ਦੇਸ਼ ਅੱਧ-ਵਿਚਾਲੇ ਫਸ ਕੇ ਰਹਿ ਜਾਵੇਗਾ। ਉਦੋਂ ਉਨ੍ਹਾਂ ਦਾ ਵਿਰੋਧ ਕੰਮ ਆਇਆ ਅਤੇ ਵਾਜਪਾਈ ਸਰਕਾਰ ਨੂੰ ਰੁਕਣਾ ਪਿਆ ਸੀ। ਅੱਜ ਆਰ. ਐਸ. ਐਸ. ਲੀਡਰਸ਼ਿਪ ਖੁਦ ਇਨ੍ਹਾਂ ਕਦਮਾਂ ਦਾ ਚੁੱਪ ਰਹਿ ਕੇ ਸਾਥ ਦੇ ਰਹੀ ਹੈ ਤਾਂ ਬਚਾਉਣ ਵਾਲਾ ਕੌਣ ਹੈ?

ਭਾਰਤ ਇਸ ਵਕਤ ਇੱਕੋ ਸਮੇਂ ਕਈ ਤਰ੍ਹਾਂ ਦੀਆਂ ਉਲਝਣਾਂ ਵਿਚ ਫਸਿਆ ਪਿਆ ਹੈ ਅਤੇ ਹੋਰ ਤੋਂ ਹੋਰ ਫਸਣ ਦੇ ਰਾਹ ਪਿਆ ਜਾਪਦਾ ਹੈ। ਅਸੀਂ ਅੱਜ ਦੀਆਂ ਗੱਲਾਂ ਕਰਦੇ ਹਾਂ, ਜਿਵੇਂ ਬਾਬੇ ਕਹਿੰਦੇ ਹੁੰਦੇ ਸੀ, ਪਤਾ ਨਹੀਂ ਭਲਕ ਨੂੰ ਕਿਹੜੇ ਦਿਨ ਵੇਖਣੇ ਪੈਣ, ਜੇ ਬਦਕਿਸਮਤੀ ਨਾਲ ਹਾਲਾਤ ਹੋਰ ਖਰਾਬ ਹੋ ਗਏ, ਫਿਰ ਭਾਰਤ ਦਾ ਬਣੇਗਾ ਕੀ? ਦੇਸ਼ ਭਗਤੀ ਦੀਆਂ ਗੱਲਾਂ ਸਾਨੂੰ ਉਹ ਲੋਕ ਦੱਸ ਰਹੇ ਹਨ, ਜਿਨ੍ਹਾਂ ਦਾ ਦੇਸ਼ ਦੇ ਆਜ਼ਾਦੀ ਸੰਘਰਸ਼ ਵਿਚ ਬਹੁਤਾ ਯੋਗਦਾਨ ਹੀ ਨਹੀਂ ਸੀ। ਜਿਨ੍ਹਾਂ ਯੋਗਦਾਨ ਪਾਇਆ ਸੀ, ਉਹ ਅੱਜ ਕੱਲ੍ਹ ਰੜਕਦੇ ਨਹੀਂ ਜਾਪਦੇ। ਹਾਲਾਤ ਕੂਕ-ਕੂਕ ਕੇ ਪੁੱਛਦੇ ਹਨ ਕਿ 'ਜਿਨਹੇਂ ਨਾਜ਼ ਹੈ ਹਿੰਦ ਪਰ, ਵੋ ਕਹਾਂ ਹੈਂ, ਕਹਾਂ ਹੈਂ,' ਪਰ ਜਵਾਬ ਦੇਣ ਵਾਲਾ ਕੋਈ ਨਹੀਂ ਲੱਭ ਰਿਹਾ।

# ਇੱਕ ਸਾਲ ਤੋਂ ਕਸ਼ਮੀਰ ਘਾਟੀ ਵਿਚ ਅਨਿਸ਼ਚਿਤਤਾ ਬਰਕਰਾਰ

ਹਰਜਿੰਦਰ ਸਿੰਘ ਗੁਲਪੁਰ
ਮੈਲਬੌਰਨ (ਆਸਟ੍ਰੇਲੀਆ)
ਫੋਨ: 0061411218801

ਪਿਛਲੇ ਸਾਲ 5 ਅਗਸਤ ਨੂੰ ਧਾਰਾ 370 ਖਤਮ ਕੀਤੀ ਗਈ ਸੀ ਅਤੇ ਕਸ਼ਮੀਰ ਘਾਟੀ ਵਿਚ ਤਾਲਾਬੰਦੀ ਲਾਗੂ ਕਰ ਦਿੱਤੀ ਗਈ ਸੀ। ਬਾਅਦ ਵਿਚ ਕੋਵਿਡ-19 ਮਹਾਮਾਰੀ ਵੀ ਤਾਲਾਬੰਦੀ ਦਾ ਕਾਰਨ ਬਣ ਗਈ। ਪੂਰਾ ਇੱਕ ਸਾਲ ਹੋ ਗਿਆ ਹੈ, ਕਸ਼ਮੀਰ ਘਾਟੀ ਵਿਚ ਮੋਬਾਇਲ ਅਤੇ ਇੰਟਰਨੈੱਟ 'ਤੇ ਪਬੰਦੀ ਲੱਗੀ ਹੋਈ ਹੈ। ਜੂਨ 2018 ਵਿਚ ਪੀ. ਡੀ. ਪੀ. ਭਾਜਪਾ ਗਠਜੋੜ ਦੀ ਸਰਕਾਰ ਟੁੱਟਣ ਪਿਛੋਂ ਉਥੇ ਰਾਸ਼ਟਰਪਤੀ ਰਾਜ ਲਾਗੂ ਹੋ ਗਿਆ ਸੀ। ਧਾਰਾ 370 ਖਤਮ ਕਰਨ ਸਮੇਂ 2019 ਵਿਚ ਪੀ. ਡੀ. ਪੀ. ਦੀ ਨੇਤਾ ਅਤੇ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫਤੀ ਸਰਵਜਨਕ ਸੁਰੱਖਿਆ ਕਾਨੂੰਨ (P.S.A.) ਤਹਿਤ ਨਜ਼ਰਬੰਦ ਹੈ। ਨੈਸ਼ਨਲ ਕਾਨਫਰੰਸ ਦੇ ਆਗੂ ਫਾਰੂਕ ਅਬਦੁੱਲਾ ਅਤੇ ਉਮਰ ਅਬਦੁੱਲਾ ਨੂੰ ਇਸ ਸਾਲ ਮਾਰਚ ਵਿਚ ਰਿਹਾ ਕਰ ਦਿੱਤਾ ਗਿਆ ਹੈ। ਇਹ ਦੋਵੇਂ ਪਿਉ-ਪੁੱਤਰ ਰਿਹਾਈ ਪਿਛੋਂ ਪੂਰੀ ਤਰ੍ਹਾਂ ਚੁੱਪ ਹਨ। ਧਾਰਾ 370 ਨੂੰ ਖਤਮ ਕਰਨ ਨਾਲ ਕੁਝ ਵਿਵਾਦ ਵੀ ਪੈਦਾ ਹੋਏ ਹਨ।

ਸਥਾਨਕ ਲੋਕ ਡੋਮੀਸਾਇਲ ਨਿਯਮਾਂ ਦੇ ਖਿਲਾਫ ਹਨ, ਕਿਉਂਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਅਜਿਹਾ ਆਬਾਦੀ ਦੀ ਬਨਾਵਟ ਨੂੰ ਬਦਲਣ ਦਾ ਯਤਨ ਹੈ। ਇਸ ਧਾਰਾ ਦਾ ਸਮਰਥਨ ਕਰਨ ਵਾਲੇ ਜੰਮੂ ਵਾਸੀਆਂ ਨੇ ਵੀ ਇਸ ਨਿਯਮ ਦਾ ਵਿਰੋਧ ਕੀਤਾ ਹੈ, ਕਿਉਂਕਿ ਇਸ ਧਾਰਾ ਦੇ ਖਤਮ ਹੋਣ ਨਾਲ ਸਰਕਾਰੀ ਨੌਕਰੀਆਂ ਵਿਚ ਉਨ੍ਹਾਂ ਵਾਸਤੇ ਰਿਜ਼ਰਵੇਸ਼ਨ ਨਹੀਂ ਹੈ। ਜਸਟਿਸ ਰੰਜਨਾ ਦੇਸਾਈ ਦੀ ਅਗਵਾਈ ਹੇਠਲਾ ਕਮਿਸਨ ਜੰਮੂ ਕਸ਼ਮੀਰ ਦੇ ਨਾਲ ਅਸਾਮ, ਨਾਗਾਲੈਂਡ, ਮਣੀਪੁਰ ਅਤੇ ਅਰੁਣਾਚਲ ਪ੍ਰਦੇਸ਼ ਵਿਚ ਵੀ ਲੋਕ ਸਭਾ ਅਤੇ ਵਿਧਾਨ ਸਭਾ ਖੇਤਰਾਂ ਦੀ ਹਲਕੇਬੰਦੀ ਕਰ ਰਿਹਾ ਹੈ। ਇਸ ਨੂੰ ਵੀ ਆਬਾਦੀ ਦੀ ਬਨਾਵਟ ਵਿਚ ਬਦਲਾਓ ਵਜੋਂ ਦੇਖਿਆ ਜਾ ਰਿਹਾ ਹੈ।

ਪ੍ਰੋ. ਬਦਰੀ ਰੈਨਾ ਦਾ ਕਹਿਣਾ ਹੈ ਕਿ ਹਿੰਦੂਤਵਵਾਦੀ ਤਾਕਤਾਂ ਹਮੇਸ਼ਾ ਇਹ ਮੰਨਦੀਆਂ ਆ ਰਹੀਆਂ ਹਨ ਕਿ ਇਸ ਤਰ੍ਹਾਂ ਦਾ ਬਦਲਾਓ ਹੀ ਸਮੱਸਿਆ ਦਾ ਹੱਲ ਹੈ। ਉਨ੍ਹਾਂ ਨੂੰ ਲੱਗਦਾ ਹੈ ਕਿ ਨਵੀਂ ਹਲਕਾਬੰਦੀ ਨਾਲ ਹਿੰਦੂ ਵਿਧਾਇਕਾਂ ਦੀ ਗਿਣਤੀ ਵਧੇਗੀ, ਫਲਸਰੂਪ ਅਗਲੀ ਵਿਧਾਨ ਸਭਾ ਵਿਚ ਹਿੰਦੂ ਮੁੱਖ ਮੰਤਰੀ ਬਣਾਇਆ ਜਾ ਸਕੇਗਾ।

ਰਣਨੀਤੀਕਾਰਾਂ ਅਤੇ ਸੁਰੱਖਿਆ ਮਾਹਿਰਾਂ ਦੀ ਰਾਏ ਹੈ ਕਿ ਭਾਰਤ ਦੇ ਇਸ ਨਵੇਂ ਸ਼ਾਸ਼ਿਤ ਪ੍ਰਦੇਸ਼ ਨੂੰ ਰਾਜਸੀ ਸਰਗਰਮੀਆਂ ਤੋਂ ਹੁਣ ਜ਼ਿਆਦਾ ਦੇਰ ਮਹਿਰੂਮ ਨਹੀਂ ਰੱਖਣਾ ਚਾਹੀਦਾ। ਮੌਲਿਕ ਅਤੇ ਇੰਟਰਨੈਟ ਜਿਹੇ ਲੋਕਤੰਤਰੀ ਅਧਿਕਾਰਾਂ ਉਤੇ ਲੰਬੇ ਸਮੇਂ ਤੱਕ ਪਾਬੰਦੀ ਠੀਕ ਨਹੀਂ ਹੈ। ਜਨਤਾ ਦੇ ਜੀਵਨ ਨੂੰ ਪਟੜੀ 'ਤੇ ਲਿਆਉਣ ਲਈ ਆਰਥਕ ਸਰਗਰਮੀਆਂ ਸ਼ੁਰੂ ਕਰਨਾ ਬਹੁਤ ਜਰੂਰੀ ਹੈ। ਸੈਰ ਸਪਾਟਾ ਉਦਯੋਗ ਇਥੋਂ ਦੀ ਆਰਥਕਤਾ ਦਾ ਧੁਰਾ ਹੈ। ਅਨਿਸ਼ਚਿਤਤਾ ਕਾਰਨ ਦੋ ਸੀਜ਼ਨ ਬਰਬਾਦ ਹੋ ਗਏ ਹਨ। ਸੁਰੱਖਿਆ ਦੇ ਮੱਦੇਨਜ਼ਰ ਨਿਵੇਸ਼ਕ ਇੱਥੇ ਪੈਸਾ ਲਾਉਣ ਲਈ ਤਿਆਰ ਨਹੀਂ ਹਨ। ਧਾਰਾ 370 ਖਤਮ ਹੋਣ ਪਿਛੋਂ ਘਾਟੀ ਵਿਚ ਹਿੰਸਕ ਮੁਜਾਹਰੇ ਨਹੀਂ ਹੋਏ। ਸਥਾਨਕ ਲੋਕਾਂ ਅਨੁਸਾਰ ਇਸ ਦੀ ਵਜ੍ਹਾ ਸੰਚਾਰ ਉਤੇ ਪਾਬੰਦੀ, ਮੁੱਖ ਧਾਰਾ ਦੇ ਨੇਤਾਵਾਂ ਦੀ ਗ੍ਰਿਫਤਾਰੀ ਅਤੇ ਸੁਰੱਖਿਆ ਬਲਾਂ ਦੀ ਬੜੇ ਪੈਮਾਨੇ 'ਤੇ ਤਾਇਨਾਤੀ ਹੈ। ਆਊਟ ਲੁਕ ਅਨੁਸਾਰ ਆਰ. ਐਸ. ਐਸ. ਨਾਲ ਜੁੜੇ ਰਾਜਨੀਤਕ ਮਾਹਰ ਸ਼ੇਸ਼ਦਰੀ ਚਾਰੀ ਦਾ ਕਹਿਣਾ ਹੈ, "ਪਹਿਲਾਂ ਕੋਈ ਧਾਰਾ 370 ਖਤਮ ਕਰਨ ਦੀ ਗੱਲ ਕਰਦਾ ਸੀ ਤਾਂ ਇਹ ਕਿਹਾ ਜਾਂਦਾ ਸੀ ਕਿ ਦੇਸ਼ ਜਲ ਉਠੇਗਾ, ਪਰ ਐਸਾ ਕੁਝ ਨਹੀਂ ਹੋਇਆ, ਹੁਰੀਅਤ ਕਾਨਫਰੰਸ ਧਮਕੀ ਦਿੰਦੀ ਸੀ ਕਿ ਜੇ ਧਾਰਾ 370 ਨੂੰ ਛੇੜਿਆ ਤਾਂ ਕਸ਼ਮੀਰ ਪਾਕਿਸਤਾਨ ਦਾ ਹਿੱਸਾ ਬਣ ਜਵੇਗਾ। ਹੁਣ ਕਿੱਥੇ ਹੈ ਹੁਰੀਅਤ? 50 ਲੋਕ ਵੀ ਰੋਸ ਪ੍ਰਗਟ ਕਰਨ ਲਈ ਨਹੀਂ ਨਿਕਲੇ।"

ਸਾਬਕਾ ਵਿੱਤ ਮੰਤਰੀ ਜਸਵੰਤ ਸਿਨਹਾ ਅਨੁਸਾਰ ਵਿਰੋਧ ਪ੍ਰਦਰਸ਼ਨ ਇਸ ਲਈ ਨਹੀਂ ਹੋਏ, ਕਿਉਂਕਿ ਧਾਰਾ 370 ਖਤਮ ਕੀਤੇ ਜਾਣ ਨਾਲ ਕਸ਼ਮੀਰੀ ਇੱਕ ਤਰ੍ਹਾਂ ਨਾਲ ਸੁੰਨ ਹੋ ਕੇ ਰਹਿ ਗਏ ਅਤੇ ਅਪਮਾਨਿਤ ਮਹਿਸੂਸ ਕਰਨ ਲੱਗੇ। ਸੈਂਟਰ ਫਾਰ ਡਾਇਲਾਗ ਐਂਡ ਰੀਕਨਸਲੀਏਸ਼ਨ ਵਲੋਂ ਸ੍ਰੀ ਸਿਨਹਾ ਕਈ ਵਾਰ ਘਾਟੀ ਦਾ ਦੌਰਾ ਕਰ ਚੁਕੇ ਹਨ। ਉਹ ਦੱਸਦੇ ਹਨ, "ਆਖਰੀ ਵਾਰ ਮੈਂ ਨਵੰਬਰ ਵਿਚ ਗਿਆ ਤਾਂ ਇੱਕ ਵੀ ਵਿਅਕਤੀ ਨਹੀਂ ਮਿਲਿਆ, ਜਿਸ ਨੇ ਸ਼ਾਂਤੀ ਜਾਂ ਭਾਰਤ ਦੀ ਬਾਤ ਕੀਤੀ ਹੋਵੇ। ਪਹਿਲਾਂ ਅਜਿਹਾ ਨਹੀਂ ਸੀ। ਧਾਰਾ 370 ਖਤਮ ਹੋਣ ਤੋਂ ਪਹਿਲਾਂ ਲੋਕਾਂ ਕੋਲ ਉਮੀਦ ਸੀ। ਘਾਟੀ ਦੀ ਹਾਲਤ ਦੇਖ ਕੇ ਅਜੀਬ ਕਿਸਮ ਦਾ ਅਹਿਸਾਸ ਹੁੰਦਾ ਹੈ।"

ਜੰਮੂ ਕਸ਼ਮੀਰ ਵਿਚ ਹਿੰਸਾ ਵਧਣ ਨੂੰ ਲੈ ਕੇ ਕਾਂਗਰਸ ਸੰਸਦ ਮਨੀਸ਼ ਤਿਵਾੜੀ ਦਾ ਕਹਿਣਾ ਹੈ, "ਦਹਿਸ਼ਤਗਰਦੀ ਦੇ 3 ਪੜਾਅ ਹੁੰਦੇ ਹਨ, ਵੱਖਵਾਦ, ਅਤਿਵਾਦੀ ਵਿਚਾਰ ਅਤੇ ਹਿੰਸਾ। ਹਾਲ ਹੀ ਵਿਚ ਵੱਖਵਾਦ ਵਧਿਆ ਹੀ ਹੈ। ਘਾਟੀ ਦੇ ਨਾਲ ਨਾਲ ਜੰਮੂ ਵਿਚ ਵੀ ਅਸੰਤੋਸ਼ ਦੀ ਅਵਾਜ਼ ਸੁਣਾਈ ਦੇਣ ਲੱਗੀ ਹੈ। ਸੁਰੱਖਿਆ ਦੇ ਲਿਹਾਜ ਨਾਲ ਹਾਲਾਤ ਸ਼ਾਇਦ ਹੀ ਬਿਹਤਰ ਹੋਏ ਹਨ।"

ਤਿਵਾੜੀ ਅਨੁਸਾਰ ਕਿਸੇ ਇਲਾਕੇ ਨੂੰ ਕਰਫਿਊ ਵਿਚ ਰੱਖ ਕੇ ਹਾਲਾਤ ਸੁਧਰਨ ਦਾ ਦਾਅਵਾ ਨਹੀਂ ਕੀਤਾ ਜਾ ਸਕਦਾ। ਇਹੀ ਕਾਰਨ ਹੈ ਕਿ ਨਿੰਜੀ ਨਿਵੇਸ਼ਕ ਇੱਥੇ ਉਦਯੋਗ ਸਥਾਪਤ ਕਰਨ ਲਈ ਤਿਆਰ ਨਹੀਂ। ਤਿਵਾੜੀ ਅਮਰੀਕਾ ਦੇ ਸਾਬਕਾ ਰੱਖਿਆ ਮੰਤਰੀ ਡੋਨਾਲਡ ਰਮਸਫਾਈਲਡ ਦੇ ਸ਼ਬਦਾਂ ਨੂੰ ਕੋਟ ਕਰਦਿਆਂ ਕਹਿੰਦੇ ਹਨ ਕਿ ਪੈਸਾ ਬਹੁਤ ਡਰਪੋਕ ਹੁੰਦਾ ਹੈ, ਇਸ ਲਈ ਇਹ ਸਭ ਤੋਂ ਸੁਰੱਖਿਅਤ ਜਗ੍ਹਾ ਹੀ ਜਾਣਾ ਚਾਹੁੰਦਾ ਹੈ। ਹਾਲਤ ਇਹ ਹੈ ਕਿ ਨਵੀਆਂ ਯੋਜਨਾਵਾਂ ਦੀ ਗੱਲ ਤਾਂ ਦੂਰ, ਪ੍ਰਧਾਨ ਮੰਤਰੀ ਨੇ 2015 ਦੌਰਾਨ 58,627 ਕਰੋੜ ਰੁਪਏ ਦੇ ਪੈਕੇਜ ਦਾ ਐਲਾਨ ਕੀਤਾ ਸੀ, ਇਸ ਵਿਚੋਂ ਅਜੇ ਤੱਕ 49 ਫੀਸਦੀ ਰਕਮ ਹੀ ਵਰਤੀ ਗਈ ਹੈ। ਕੁੱਲ 54 ਪ੍ਰਾਜੈਕਟਾਂ ਵਿਚੋਂ 9 ਪੂਰੇ ਹੋਏ ਹਨ ਅਤੇ 8 ਪੂਰੇ ਹੋਣ ਦੇ ਕਰੀਬ ਹਨ।

ਪ੍ਰੋ. ਰੈਨਾ ਖੁਦ ਕਸ਼ਮੀਰੀ ਪੰਡਿਤ ਹਨ, ਉਨ੍ਹਾਂ ਨੂੰ ਨਹੀਂ ਲਗਦਾ ਕਿ ਉਨ੍ਹਾਂ ਦੇ ਭਾਈਚਾਰੇ ਨਾਲ ਸਬੰਧਿਤ ਲੋਕ ਹੁਣ ਵਾਪਸ ਆਉਣਗੇ, ਕਿਉਂਕਿ ਜਿਸ ਤਰ੍ਹਾਂ ਦੀ ਸੁਰੱਖਿਆ ਉਹ ਚਾਹੁੰਦੇ ਹਨ, ਉਸ ਤਰ੍ਹਾਂ ਦੀ ਸੁਰੱਖਿਆ ਸਰਕਾਰ ਮੁਹੱਈਆ ਨਹੀਂ ਕਰਵਾ ਸਕਦੀ। ਜ਼ਿਆਦਾਤਰ ਲੋਕ ਧਾਰਾ 370 ਦੇ ਖਾਤਮੇ ਨੂੰ ਸਥਾਈ ਮੰਨਦੇ ਹਨ, ਪਰ ਮਨੀਸ਼ ਤਿਵਾੜੀ ਨੂੰ ਅਜਿਹਾ ਨਹੀਂ ਲੱਗਦਾ। ਉਨ੍ਹਾਂ ਮੁਤਾਬਕ ਇਹ ਮਾਮਲਾ ਅਜੇ ਵੀ ਵਿਚਾਰ ਅਧੀਨ ਹੈ। ਕਈ ਗੱਲਾਂ ਅਜੇ ਸਪਸ਼ਟ ਹੋਣੀਆਂ ਹਨ, ਜਿਸ ਤਰ੍ਹਾਂ ਸੰਵਿਧਾਨ ਵਿਚ ਦੋ ਕੇਂਦਰ ਸ਼ਾਸ਼ਿਤ ਰਾਜਾਂ ਲਈ ਇੱਕ ਹਾਈ ਕੋਰਟ ਦੀ ਤਜਵੀਜ਼ ਨਹੀਂ ਹੈ, ਹਾਲਾਂ ਕਿ ਜੰਮੂ ਕਸ਼ਮੀਰ ਨੂੰ ਪੂਰਨ ਰਾਜ ਦਾ ਦਰਜਾ ਮਿਲਣ ਦੀ ਕਾਫੀ ਸੰਭਾਵਨਾ ਹੈ।

ਸਾਬਕਾ ਰਾਅ ਮੁਖੀ ਅਤੇ ਕਸ਼ਮੀਰ ਮਾਮਲਿਆਂ ਬਾਰੇ ਮਰਹੂਮ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੇ ਸਲਾਹਕਾਰ ਰਹੇ ਏ. ਐਸ. ਦੁੱਲਟ ਦਾ ਮੰਨਣਾ ਹੈ ਕਿ ਸਰਕਾਰ ਰਾਜ ਦਾ ਦਰਜਾ ਦੇ ਕੇ ਕਸ਼ਮੀਰੀਆਂ ਨਾਲ ਸੌਦੇਬਾਜ਼ੀ ਕਰ ਸਕਦੀ ਹੈ। ਬਦਲੇ ਵਿਚ ਕਸ਼ਮੀਰੀਆਂ ਨੂੰ ਲੱਗੇਗਾ, ਉਨ੍ਹਾਂ ਨੂੰ ਕੁਝ ਤਾਂ ਵਾਪਸ ਮਿਲਿਆ। ਦੁੱਲਟ ਅਨੁਸਾਰ ਸਰਕਾਰ ਨੂੰ ਗੱਲਬਾਤ ਦੇ ਦਰਵਾਜੇ ਖੋਲ੍ਹਣੇ ਚਾਹੀਦੇ ਹਨ। ਉਮਰ ਅਬਦੁੱਲਾ, ਸੱਜਾਦ ਲੋਨ, ਮਹਿਬੂਬਾ ਮੁਫਤੀ, ਸ਼ਾਹ ਫੈਜ਼ਲ ਅਤੇ ਇਥੋਂ ਤੱਕ ਕਿ ਮਿਰਵਾਇਜ ਨਾਲ ਗੱਲ ਕਰਨ ਵਿਚ ਕੋਈ ਹਰਜ ਨਹੀਂ ਹੈ। ਕਸ਼ਮੀਰ ਘਾਟੀ ਦੀਆਂ ਹਵਾਵਾਂ ਵਿਚ ਬਹੁਤ ਸਾਰੇ ਅਣਕਹੇ ਸਵਾਲ ਤੈਰ ਰਹੇ ਹਨ, ਜਿਨ੍ਹਾਂ ਦਾ ਜਵਾਬ ਦਿੱਤੇ ਬਿਨਾ ਕਸ਼ਮੀਰੀਆਂ ਦਾ ਆਤਮ ਸਨਮਾਨ ਬਹਾਲ ਨਹੀਂ ਕੀਤਾ ਜਾ ਸਕਦਾ।

# ਸੌੜੀ ਸਿਆਸਤ ਅਤੇ ਭਾਸ਼ਾਵਾਂ ਦਾ ਮਸਲਾ

ਭਾਰਤ ਵਿਚ ਤੰਗਨਜ਼ਰੀ ਅਤੇ ਨਫਰਤਾਂ ਦੀ ਹਨੇਰੀ ਹੀ ਚੱਲ ਪਈ ਹੈ। ਇਸ ਦੀ ਤਾਜ਼ਾ ਮਾੜੀ ਉਦਾਹਰਨ ਉਤਰਾਖੰਡ ਵਿਚ ਪੈਂਦੇ ਰੇਲਵੇ ਸਟੇਸ਼ਨਾਂ ਦੇ ਬੋਰਡਾਂ ਉਪਰ ਉਰਦੂ ਹਟਾ ਕੇ ਸੰਸਕ੍ਰਿਤ ਦੇ ਬੋਰਡ ਲਿਖਣ ਦੀ ਕਵਾਇਦ ਹੈ। ਅਸੀਂ ਸਭ ਸਮਝ ਸਕਦੇ ਹਾਂ ਕਿ ਇਸ ਕਵਾਇਦ ਪਿੱਛੇ ਕਿਹੜੀ ਤੰਗਨਜ਼ਰੀ ਅਤੇ ਕਿਸ ਕਿਸਮ ਦੀ ਨਫਰਤ ਹੋਵੇਗੀ। ਉਤਰਾਖੰਡ ਦੀ ਸਰਕਾਰ ਨੇ 2010 ਵਿਚ ਹਿੰਦੀ ਤੋਂ ਬਾਅਦ ਦੀ ਦੂਸਰੀ ਰਾਜ ਭਾਸ਼ਾ ਸੰਸਕ੍ਰਿਤ ਬਣਾ ਦਿੱਤੀ ਸੀ ਜਦੋਂ ਕਿ ਲਗਾਤਾਰ ਹੀ ਇਹ ਦਰਜਾ ਪੰਜਾਬੀ ਨੂੰ ਦਿੱਤੇ ਜਾਣ ਦੀ ਗੱਲ ਚੱਲ ਰਹੀ ਸੀ। ਉਥੋਂ ਦੇ ਲੀਡਰਾਂ ਨੇ ਪ੍ਰਕਾਸ਼ ਸਿੰਘ ਬਾਦਲ ਨਾਲ ਅਜਿਹਾ ਇਕਰਾਰ ਵੀ ਕੀਤਾ ਸੀ ਅਤੇ ਪੰਜਾਬੀ

**ਅਭੈ ਸਿੰਘ**
ਫੋਨ: +91-98783-75903

ਸਾਹਿਤ ਅਕਾਦਮੀ ਬਣਾਉਣ ਦਾ ਵੀ ਭਰੋਸਾ ਦਿਵਾਇਆ ਸੀ ਲੇਕਿਨ ਅਖੀਰ ਸਾਰੇ ਪੱਲੜੇ ਸੰਸਕ੍ਰਿਤ ਦੇ ਹੱਕ ਵਿਚ ਜਾ ਭੁਗਤੇ।

ਉਤਰਾਖੰਡ ਬਣਨ ਦੀ ਤਜਵੀਜ਼ ਵੇਲੇ ਹੀ ਊਧਮ ਸਿੰਘ ਨਗਰ ਜ਼ਿਲ੍ਹੇ ਦੇ ਸ਼ਾਮਿਲ ਹੋਣ ਬਾਰੇ ਵਿਵਾਦ ਚੱਲਦਾ ਸੀ। ਉਹ ਸਾਰਾ ਜ਼ਿਲ੍ਹਾ ਜਿਸ ਦਾ ਵੱਡਾ ਇਲਾਕਾ ਮੈਦਾਨੀ ਹੈ ਤੇ ਖੇਤੀ ਦੀ ਆਮਦਨ ਦਾ ਸਭ ਤੋਂ ਵੱਡਾ ਖੇਤਰ ਵੀ, ਉਥੋਂ ਦੀ ਭਾਰੀ ਵਸੋਂ ਪੰਜਾਬੀ ਹੈ, ਉਥੇ ਪੰਜਾਬ ਦੇ ਪਿੰਡਾਂ ਵਰਗੀ ਝਲਕ ਹੈ। ਇਥੋਂ ਦੀ ਰਾਜਧਾਨੀ ਦੇਹਰਾਦੂਨ ਸ਼ਹਿਰ ਅਤੇ ਇਸ ਦੇ ਨਾਲ ਦੇ ਇਲਾਕੇ ਵੀ ਪੰਜਾਬੀ ਪ੍ਰਭਾਵ ਵਾਲੇ ਹਨ। ਪੰਜਾਬੀ ਦੀ ਆਧੁਨਿਕ ਕਵਿਤਾ ਦੇ ਬਾਨੀ ਭਾਈ ਵੀਰ ਸਿੰਘ ਲੰਮੀ ਦੇਰ ਦੇਹਰਾਦੂਨ ਰਹੇ। ਸੱਤਵੇਂ ਗੁਰੂ ਹਰ ਰਾਏ ਦੇ ਪੁੱਤਰ ਰਾਮ ਰਾਏ ਦਾ ਡੇਰਾ ਇਥੇ ਹੋਣ ਨਾਲ ਵੀ ਪੰਜਾਬੀਆਂ ਦਾ ਰਿਸ਼ਤਾ ਬਣਦਾ ਸੀ। ਸ਼ਹਿਰ ਦਾ ਵਾਸਾ ਅਤੇ ਨਾਮਕਰਨ ਵੀ ਇਸੇ ਡੇਰੇ ਤੋਂ ਹੀ ਬਣਿਆ। ਦੂਸਰੀ ਭਾਸ਼ਾ ਦੇ ਦਰਜੇ ਦੀ ਹੱਕਦਾਰ ਪੰਜਾਬੀ ਹੀ ਬਣਦੀ ਸੀ ਜਾਂ ਉਸ ਤੋਂ ਬਾਅਦ ਉਰਦੂ ਦਾ ਸਥਾਨ ਵੀ ਹੋ ਸਕਦਾ ਹੈ।

ਰੇਲਵੇ ਸਟੇਸ਼ਨਾਂ ਅਤੇ ਬੱਸ ਅੱਡਿਆਂ ਵਗੈਰਾ ਦੇ ਬੋਰਡ ਯਾਤਰੀਆਂ ਦੀ ਸਹੂਲਤ ਵਾਸਤੇ ਲਿਖੇ ਜਾਂਦੇ ਹਨ, ਵਖ-ਵਖ ਭਾਸ਼ਾਵਾਂ ਵਿਚ ਇਸ ਕਰ ਕੇ ਲਿਖੇ ਜਾਂਦੇ ਹਨ ਕਿ ਜਿਸ ਨੂੰ ਇਕ ਭਾਸ਼ਾ ਨਹੀਂ ਆਉਂਦੀ, ਉਹ ਦੂਸਰੀ ਦੇ ਬੋਰਡ ਪੜ੍ਹ ਕੇ ਜ਼ਰੂਰੀ ਜਾਣਕਾਰੀ ਲੈ ਲਵੇ। ਬਹੁਤੇ ਲੋਕ ਸਿਰਫ ਆਪਣੀ ਮਾਦਰੀ ਜ਼ਬਾਨ ਹੀ ਜਾਣਦੇ ਹੁੰਦੇ ਹਨ। ਹੁਣ ਕਿਹੜੇ ਲੋਕਾਂ ਦੀ ਸਹੂਲਤ ਵਾਸਤੇ ਸੰਸਕ੍ਰਿਤ ਦੇ ਬੋਰਡ ਲਗਾਏ ਜਾ ਰਹੇ ਹਨ, ਕੁਝ ਸਮਝ ਨਹੀਂ ਲੱਗਦੀ। ਸਮਝ ਨਹੀਂ ਲੱਗਦੀ ਕਿ ਆਖਰ ਕਿਨ੍ਹਾਂ ਲੋਕਾਂ ਦੀ ਮਾਂ ਬੋਲੀ ਸੰਸਕ੍ਰਿਤ ਹੈ, ਜਾਂ ਕਿਹੜੇ ਲੋਕ ਹਨ ਜੋ ਹਿੰਦੀ ਤੇ ਅੰਗਰੇਜ਼ੀ ਨਹੀਂ ਸਮਝ ਸਕਦੇ ਤੇ ਸਿਰਫ ਸੰਸਕ੍ਰਿਤ ਹੀ ਜਾਣਦੇ ਹਨ। ਕਿਸੇ ਵੀ ਤਰ੍ਹਾਂ ਇਸ ਦੀ ਵਿਹਾਰਕ ਲੋੜ ਨਹੀਂ ਸਮਝ ਆਈ, ਇਸ ਨਾਲ ਸਿਰਫ ਤੰਗਨਜ਼ਰੀ ਅਤੇ ਨਫਰਤ ਦੀ ਚੱਲ ਰਹੀ ਹਵਾ ਨੂੰ ਹੀ ਪੱਠੇ ਪਾਏ ਹੋ ਸਕਦੇ ਹਨ।







ਵੱਡੀ ਗੱਲ ਇਹ ਹੈ ਕਿ ਸੰਸਕ੍ਰਿਤ ਅਤੇ ਹਿੰਦੀ, ਦੋਹਾਂ ਦੀ ਇਕੋ ਲਿਪੀ ਦੇਵਨਾਗਰੀ ਹੈ, ਭਾਵ ਲਿਖਣ ਅਤੇ ਪੜ੍ਹਨ ਵਾਸਤੇ ਇਕੋ ਹੈ। ਸਿਰਫ ਬਨਾਵਟੀ ਤੌਰ 'ਤੇ ਵਖਰਾ ਕਰਨ ਵਾਸਤੇ ਹਿੰਦੀ ਦੇ ਸ਼ਬਦ ਦੇ ਅਖੀਰ ਵਿਚ ਇਕ ਅੱਖਰ 'ਮਾ' ਦੇ ਹੇਠਾਂ ਹਲੰਤ ਲਗਾ ਕੇ ਲਿਖਿਆ ਗਿਆ ਹੈ ਜਿਸ ਨੂੰ ਹੁਣ ਬਹੁਤ ਸਾਰੇ ਸੰਸਕ੍ਰਿਤ ਦੇ ਵਿਦਵਾਨ ਵੀ ਸਹੀ ਨਹੀਂ ਮੰਨਦੇ। ਇਹ ਪ੍ਰਵਾਨਤ ਨਿਯਮ ਹੈ ਕਿ ਕਿਸੇ ਵੀ ਪਰਾਪਰ ਨਾਮ ਦਾ ਤਰਜਮਾ ਨਹੀਂ ਹੋ ਸਕਦਾ, ਭਾਵੇਂ ਉਹ ਕਿਸੇ ਸ਼ਖਸ ਦਾ ਹੋਵੇ ਜਾਂ ਵਸਤੂ ਦਾ ਤੇ ਜਾਂ ਫਿਰ ਸ਼ਹਿਰ ਦਾ ਹੋਵੇ। ਦੇਹਰਾਦੂਨ ਨੂੰ ਦੇਹਰਾਦੂਨਮ ਬਣਾਉਣਾ ਅਤੇ ਰਿਸ਼ੀਕੇਸ਼ ਨੂੰ ਰਿਸ਼ੀਕੇਸ਼ਮ ਤਾਂ ਚੱਲ ਗਿਆ ਪਰ ਜਦੋਂ ਰੁੜਕੀ ਨੂੰ ਰੁੜਕੀਅੱਮ ਬਣਾਇਆ ਤਾਂ ਉਹ ਬਹੁਤ ਅਟਪਟਾ ਲੱਗਾ ਅਤੇ ਲੋਕਾਂ ਨੇ ਉਸ ਉਪਰ ਕਾਗਜ਼ ਦੀਆਂ ਪਰਚੀਆਂ ਲਗਾ ਦਿੱਤੀਆਂ ਸਨ। ਤੁਸੀਂ 'ਸੂਰਜ ਪ੍ਰਕਾਸ਼' ਨਾਮ ਦੇ ਬੰਦੇ ਨੂੰ ਅੰਗਰੇਜ਼ੀ ਵਿਚ ਲਿਖਣ ਵੇਲੇ ਉਸ ਦਾ 'ਸੱਨ ਲਾਈਟ' ਨਹੀਂ ਬਣਾ ਸਕਦੇ।

ਮਰਾਠੀ ਭਾਸ਼ਾ ਦੀ ਲਿਪੀ ਵੀ ਦੇਵਨਾਗਰੀ ਹੈ, ਇਸ ਵਾਸਤੇ ਮਹਾਰਾਸ਼ਟਰ ਵਿਚ ਹਿੰਦੀ ਤੇ ਮਰਾਠੀ ਦੇ ਵਖਰੇ-ਵਖਰੇ ਬੋਰਡ ਨਹੀਂ ਲੱਗੇ। ਇਕੋ ਬੋਰਡ ਹੋਵੇਗਾ, ਉਸ ਨੂੰ ਕੋਈ ਮਰਾਠੀ ਸਮਝ ਲਵੇ ਜਾਂ ਹਿੰਦੀ। ਨੇਪਾਲੀ ਦੀ ਲਿਪੀ ਵੀ ਦੇਵਨਾਗਰੀ ਹੈ। ਉਥੇ ਵੀ ਵਖਰੇ-ਵਖਰੇ ਬੋਰਡਾਂ ਦੀ ਜ਼ਰੂਰਤ ਨਹੀਂ। ਕੀਤਾ ਕੀ ਜਾਵੇ ਜਦੋਂ ਵਖਰੇਂਵਿਆਂ ਦੀ ਲਲਕ ਬਹੁਤ ਪ੍ਰਚੰਡ ਹੋ ਜਾਵੇ ਤਾਂ ਬਨਾਉਟੀ ਤੇ ਬੇਸਿਰ-ਪੈਰ ਦੀਆਂ ਕਾਢਾਂ ਨਿਕਲ ਆਉਂਦੀਆਂ ਹਨ। ਇਹ ਕਦਮ ਸੰਸਕ੍ਰਿਤ ਨੂੰ ਮਾਨ ਸਨਮਾਨ ਦੇਣ ਵਾਲਾ ਨਹੀਂ ਸਗੋ ਮਜ਼ਾਕ ਉਡਾਉਣ ਵਾਲੀ ਗੱਲ ਜਾਪਦਾ ਹੈ। ਇਸ ਦਾ ਅਸਲੀ ਮਕਸਦ ਵੀ ਸੰਸਕ੍ਰਿਤ ਨੂੰ ਸਨਮਾਨ ਦੇਣਾ ਨਹੀਂ, ਉਰਦੂ ਦਾ ਤ੍ਰਿਸਕਾਰ ਕਰਨਾ ਹੈ। ਨਿਸ਼ਾਨਾ ਸੰਸਕ੍ਰਿਤ ਨਹੀਂ, ਉਰਦੂ ਹੈ।

ਉਰਦੂ ਨੂੰ ਮੁਸਲਮਾਨਾਂ ਦੀ ਜ਼ਬਾਨ ਸਮਝਿਆ ਗਿਆ। ਭਾਸ਼ਾਵਾਂ ਧਰਮਾਂ ਦੇ ਬੰਧਨਾਂ ਵਿਚ ਨਹੀਂ ਰਹਿੰਦੀਆਂ। ਉਰਦੂ ਜ਼ਬਾਨ ਦੀ ਅਮੀਰੀ ਦੀ ਆਪਣੀ ਕਸ਼ਿਸ਼ ਹੈ। ਕ੍ਰਿਸ਼ਨ ਚੰਦਰ, ਰਜਿੰਦਰ ਸਿੰਘ ਬੇਦੀ ਅਤੇ ਜਗਨ ਨਾਥ ਆਜ਼ਾਦ ਉਰਦੂ ਦੇ ਮਹਾਨ ਲੇਖਕਾਂ ਵਿਚੋਂ ਹਨ। ਫਿਰ ਵੀ ਮੰਨਦੇ ਹਾਂ ਕਿ ਸਾਡੇ ਮੁਸਲਿਮ ਭੈਣ ਭਰਾ ਉਰਦੂ ਨਾਲ ਵਿਸ਼ੇਸ਼ ਲਗਾਓ ਅਤੇ ਮੁਹੱਬਤ ਰੱਖਦੇ ਹਨ, ਇਸ ਦੀ ਲਿਪੀ ਅਰਬੀ ਸਰੋਤ ਦੀ ਹੈ। ਬਹੁਤੀਆਂ ਇਸਲਾਮਿਕ ਧਾਰਮਿਕ ਕਿਤਾਬਾਂ ਉਰਦੂ ਵਿਚ ਹਨ, ਸ਼ਾਇਦ ਇਸੇ ਕਰ ਕੇ ਕੱਟੜਪੰਥੀਆਂ ਨੂੰ ਉਰਦੂ ਵਿਚੋਂ ਮੁਸਲਮਾਨ ਦਾ ਚਿਹਰਾ ਨਜ਼ਰ ਆਉਂਦਾ ਹੈ ਅਤੇ ਇਹ ਇਸੇ ਨੂੰ ਦੇਖਣਾ ਨਹੀਂ ਚਾਹੁੰਦੇ। ਫਿਰਕਾਪ੍ਰਸਤ ਲਾਣਾ ਸਮਝਦਾ ਹੈ ਕਿ ਹਿੰਦੂ ਰਾਸ਼ਟਰ ਦੇ ਰਸਤੇ ਵਿਚ ਉਰਦੂ ਵੀ ਇਕ ਰੁਕਾਵਟ ਹੋਵੇਗੀ, ਇਸ ਨਾਲ ਹਿੰਦੂ ਰਾਸ਼ਟਰ ਦਾ ਅਕਸ ਨਹੀਂ ਬਣ ਸਕਦਾ।

ਦਰਅਸਲ, ਤੇ ਸ਼ਾਇਦ ਅਜਿਹੇ ਕਾਰਨਾਂ ਕਰ ਕੇ ਹੀ ਉਰਦੂ ਨਾਲ ਆਜ਼ਾਦੀ ਤੋਂ ਫੌਰੀ ਬਾਅਦ ਹੀ ਮਤਰੇਈ ਮਾਂ ਵਾਲਾ ਸਲੂਕ ਸ਼ੁਰੂ ਹੋ ਗਿਆ ਤੇ ਇਸ ਨੂੰ ਦਰਕਿਨਾਰ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ। ਹੋਣਾ ਤਾਂ ਇਹ ਚਾਹੀਦਾ ਸੀ ਕਿ ਦੇਸ਼ ਅੰਦਰ ਉਰਦੂ ਨਾਲ ਲਗਾਓ ਰੱਖਣ ਵਾਲੇ ਲੋਕਾਂ ਦੀ ਸੰਖਿਆ ਦੇਖ ਕੇ, ਇਸ ਦੀ ਇਤਿਹਾਸਕ ਥਾਂ ਸਮਝ ਕੇ ਇਸ ਨੂੰ ਹਿੰਦੀ ਦੇ ਬਰਾਬਰ ਜਾਂ ਘੱਟੋ-ਘੱਟ ਹਿੰਦੀ ਤੋਂ ਬਾਅਦ ਅਹਿਮ ਦਰਜਾ ਦਿੱਤਾ ਜਾਣਾ ਚਾਹੀਦਾ ਸੀ। ਸਾਡੇ ਹਵਾਈ ਅੱਡਿਆਂ ਅਤੇ ਰੇਲਵੇ ਸਟੇਸ਼ਨਾਂ ਉਪਰ ਜੇ ਹਿੰਦੀ ਦੇ ਬਰਾਬਰ ਹੀ ਉਰਦੂ ਦੇ ਵੱਡੇ ਬੋਰਡ ਹੁੰਦੇ ਤਾਂ ਸਾਡੀ ਸ਼ਾਨ ਬਣਨੀ ਸੀ। ਬਹੁਤ ਸਾਰੇ ਲੋਕ ਜੋ ਅਰਬ ਦੇ ਮੁਲਕਾਂ ਜਾਂ ਮੱਧ ਏਸ਼ੀਆ ਤੋਂ ਆਉਂਦੇ ਹਨ, ਉਰਦੂ ਤਾਂ ਭਾਵੇਂ ਨਹੀ ਜਾਣਦੇ ਪਰ ਇਸ ਲਿਪੀ ਨੂੰ ਚੰਗੀ ਤਰ੍ਹਾਂ ਪਛਾਣਦੇ ਹਨ। ਇਸ ਨਾਲ ਸਾਡੀ ਧਰਮ ਨਿਰਪੱਖਤਾ ਦਾ ਅਕਸ ਵੀ ਉਜਾਗਰ ਹੁੰਦਾ ਹੈ ਪਰ ਇਹੀ ਤਾਂ ਸਾਡੇ ਹਾਕਮ ਨਹੀਂ ਚਾਹੁੰਦੇ।

ਖੁਸ਼ਕੀ ਦੇ ਰਸਤੇ ਸਾਡੇ ਮੁਲਕ ਵਿਚ ਆਉਣ ਦਾ ਸਭ ਤੋਂ ਮੁੱਖ ਦਰਵਾਜ਼ਾ ਵਾਘਾ ਬਾਰਡਰ ਹੈ। ਦੂਸਰੇ ਪਾਸਿਓਂ ਆਉਣ ਵਾਲੇ ਜ਼ਿਆਦਾਤਰ ਲੋਕ ਪਾਕਿਸਤਾਨ ਤੋਂ ਹੀ ਹੋਣਗੇ। ਕਿੰਨਾ ਚੰਗਾ ਹੋਵੇ ਜੇ ਸਾਡੇ ਪਾਸੇ ਦੋ ਚਾਰ ਵੱਡੇ ਵੱਡੇ ਬੋਰਡ ਉਰਦੂ ਵਿਚ ਵੀ ਲੱਗੇ ਹੋਣ, ਆਖਰ ਉਰਦੂ ਸਾਡੀ ਕੌਮੀ ਜ਼ਬਾਨ ਵੀ ਹੈ। ਬਹੁਤ ਲੋਕਾਂ ਦੀ ਤਜਵੀਜ਼ ਹੈ ਕਿ ਅਗਰ ਉਥੇ ਮੁਹੰਮਦ ਇਕਬਾਲ ਦਾ ਸ਼ੇਅਰ 'ਸਾਰੇ ਜਹਾਂ ਸੇ ਅੱਛਾ ਹਿੰਦੁਸਤਾਨ ਹਮਾਰਾ' ਅਤੇ ਹੇਠਾਂ ਮੁਹੰਮਦ ਇਕਬਾਲ ਦਾ ਨਾਮ ਲਿਖਿਆ ਹੁੰਦਾ ਤਾਂ ਸਾਡੇ ਵਾਸਤੇ ਠੁੱਕ ਵਾਲੀ ਚੀਜ਼ ਬਣਦਾ। ਸਾਡੇ ਵਾਲੇ ਪਾਸੇ ਦੇ ਮੁੱਖ ਦਰਵਾਜ਼ੇ ਉਪਰ 'ਸਵਰਨ ਜੈਅੰਤ ਦਵਾਰ' ਲਿਖਿਆ ਹੈ ਜਿਸ ਦੀ ਸਾਡੇ ਲੋਕਾਂ ਨੂੰ ਵੀ ਸਮਝ ਨਹੀਂ ਆਉਂਦੀ। ਲਾਹੌਰ ਦੇ ਰੇਲਵੇ ਸਟੇਸ਼ਨ ਉਪਰ ਭਾਰਤ ਤੋਂ ਆਉਣ ਵਾਲੇ ਯਾਤਰੂਆਂ ਦੇ ਸਵਾਗਤ ਵਾਸਤੇ ਹਿੰਦੀ ਵਿਚ ਬੋਰਡ ਲੱਗਾ ਹੋਇਆ ਹੈ ਪਰ ਅਸੀਂ ਅੰਮ੍ਰਿਤਸਰ ਅਜਿਹਾ ਬੋਰਡ ਵੀ ਨਹੀਂ ਲਗਾ ਸਕੇ।

ਹੋਰ ਤਾਂ ਹੋਰ ਕੱਟੜਪੰਥੀ ਅਤੇ ਨਫਰਤਾਂ ਦੀ ਅੱਗ ਵਿਚ ਅਸੀਂ ਆਪਣੀਆਂ ਜ਼ਬਾਨਾਂ ਪਹਿਲਾਂ ਹਿੰਦੀ ਅਤੇ ਹੁਣ ਪੰਜਾਬੀ ਦੀਆਂ ਵੀ ਸ਼ਕਲਾਂ ਵਿਗਾੜਨ ਤੱਕ ਤੁਲ ਪਏ ਹਾਂ। ਇਕ ਇਤਿਹਾਸਕ ਪ੍ਰਕਿਰਿਆ ਦੌਰਾਨ ਪਹਿਲਾਂ ਫਾਰਸੀ ਤੇ ਫਿਰ ਅੰਗਰੇਜ਼ੀ ਨੇ ਸਾਡੀਆਂ ਦੇਸੀ ਜ਼ਬਾਨਾਂ ਨੂੰ ਸ਼ਬਦਾਵਲੀ ਦੇ ਵੱਡੇ ਭੰਡਾਰਾਂ ਨਾਲ ਅਮੀਰ ਬਣਾਇਆ ਸੀ। ਹੁਣ ਚੁਣ ਚੁਣ ਕੇ ਇਨ੍ਹਾਂ ਸ਼ਬਦਾਂ ਨੂੰ ਬਾਹਰ ਕੱਢਿਆ ਜਾ ਰਿਹਾ ਹੈ। ਇਸ ਦੀਆਂ ਬਹੁਤ ਉਦਾਹਰਨਾਂ ਹਨ। ਰੇਲਵੇ ਸਟੇਸ਼ਨ ਉਪਰ ਸੂਚਨਾ ਨਸ਼ਰ ਹੁੰਦੀ ਹੈ ਕਿ ਫਲਾਨੀ ਗੱਡੀ ਵਿਲੰਬ ਸੇ ਆਏਗੀ, ਤਾਂ ਕੋਈ ਸਾਧਾਰਨ ਸ਼ਖਸ ਪੁੱਛ ਲੈਂਦਾ ਹੈ, ਵਿਲੰਬ ਕੀ ਹੁੰਦਾ ਹੈ ਤਾਂ ਉਸ ਨੂੰ ਦੱਸਿਆ ਜਾਂਦਾ ਹੈ ਕਿ ਫਲਾਂ ਗੱਡੀ ਦੇਰੀ ਨਾਲ ਆਵੇਗੀ। ਫਿਰ ਸ਼ਬਦ 'ਦੇਰੀ' ਕਿਉਂ ਨਹੀਂ ਵਰਤਿਆ ਜਾਂਦਾ? ਸਿਰਫ ਇਸ ਕਰ ਕੇ, ਕਿ ਇਸ ਦਾ ਸਰੋਤ ਫਾਰਸੀ ਹੈ। ਦੇਸੀ ਜ਼ਬਾਨਾਂ ਨੂੰ ਦੇਸੀ ਰਹਿਣ ਹੀ ਨਹੀਂ ਦਿੱਤਾ ਜਾ ਰਿਹਾ। ਅਗਲੀ ਪੀੜ੍ਹੀ ਦੇ ਅੰਗਰੇਜ਼ੀ ਵ ਝੁਕਾਅ ਦਾ ਇਕ ਕਾਰਨ ਇਹ ਵੀ ਹੋਵੇਗਾ।

ਪਤਾ ਲੱਗਿਆ ਹੈ ਕਿ ਉਤਰਾਖੰਡ ਦੇ ਇਸ ਕਦਮ ਦਾ ਕਾਫੀ ਵਿਰੋਧ ਹੋਇਆ ਹੈ, ਇਹ ਵਿਰੋਧ ਮੁਸਲਮਾਨਾਂ ਵੱਲੋਂ ਨਹੀਂ, ਸਗੋਂ ਸਭ ਲੋਕਾਂ ਵੱਲੋਂ ਹੋਇਆ ਹੈ। ਸੰਸਕ੍ਰਿਤ ਦੇ ਕੁਝ ਵਿਦਵਾਨਾਂ ਨੇ ਵੀ ਇਸ ਨੂੰ ਗਲਤ ਆਖਿਆ ਹੈ। ਚੰਗੀ ਗੱਲ ਹੈ ਕਿ ਸਰਕਾਰ ਇਸ ਫੈਸਲੇ ਨੂੰ ਬਦਲ ਰਹੀ ਹੈ ਲੇਕਿਨ ਇਸ ਕਾਰਵਾਈ ਨੇ ਬਹੁਤ ਬੇਹੂਦਾ ਇਸ਼ਾਰਾ ਦਿੱਤਾ ਹੈ ਅਤੇ ਇਸ ਨਾਲ ਬੜੀ ਖਤਰਨਾਕ ਅਲਾਮਤ ਸਾਹਮਣੇ ਆਈ ਹੈ।

---

# ਭਾਰਤੀ ਆਰਥਕਤਾ ਦੇ ਹਾਲਾਤ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਾਲ ਹੀ ਵਿਚ ਯੂ.ਐਸ.-ਇੰਡੀਆ ਬਿਜ਼ਨਸ ਕੌਂਸਲ ਦੇ ਸਾਲਾਨਾ ਸੰਮੇਲਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਾਰਤ ਖੁੱਲ੍ਹੀ ਆਰਥਕ ਸ਼ਕਤੀ ਹੈ ਜਿਸ ਵਿਚ ਮੌਕਿਆਂ ਅਤੇ ਬਦਲਾਂ/ਵਿਕਲਪਾਂ ਦੀ ਕੋਈ ਘਾਟ ਨਹੀਂ ਅਤੇ ਭਾਰਤ ਵਿਚ ਨਿਵੇਸ਼ ਕਰਨ ਲਈ ਇਸ ਤੋਂ ਵਧੀਆ ਸਮਾਂ ਕਦੇ ਨਹੀਂ ਹੋਇਆ ਹੈ। ਉਨ੍ਹਾਂ ਨੇ ਭਾਰਤ ਨੂੰ ਵਿਦੇਸ਼ੀ ਨਿਵੇਸ਼ ਲਈ ਭਰੋਸੇਮੰਦ ਆਰਥਕਤਾ ਦੇ ਤੌਰ 'ਤੇ ਵੀ ਪੇਸ਼ ਕੀਤਾ ਪਰ ਪ੍ਰਧਾਨ ਮੰਤਰੀ ਦੀ ਇਹ ਆਸ਼ਾਵਾਦੀ ਸੋਚ ਉਘੇ ਅਰਥ-

**ਡਾ. ਰਾਜੀਵ ਖੋਸਲਾ**
ਫੋਨ: +91-79860-36776

ਸ਼ਾਸਤਰੀਆਂ ਅਤੇ ਖੋਜ ਸੰਗਠਨਾਂ ਦੁਆਰਾ ਸਮੇਂ ਸਮੇਂ ਤੇ ਭਾਰਤੀ ਆਰਥਕਤਾ ਦੇ ਗੰਭੀਰ ਹਾਲਤ ਵਿਚ ਹੋਣ ਦੇ ਦਾਅਵਿਆਂ ਦੇ ਬਿਲਕੁਲ ਵਿਰੁਧ ਹੈ।

ਅਜਿਹੀ ਵਿਵਾਦਪੂਰਨ ਹਾਲਤ ਪਿਛੇ ਜਿਹੇ ਮਹਿਸੂਸ ਕੀਤੀ ਗਈ ਸੀ, ਜਦੋਂ ਵਪਾਰ ਮੰਤਰੀ ਪੀਯੂਸ਼ ਗੋਇਲ ਨੇ ਐਲਾਨ ਕੀਤਾ ਕਿ ਭਾਰਤ ਨੇ ਪਿਛਲੇ 18 ਸਾਲ ਦਾ ਰਿਕਾਰਡ ਤੋੜ ਕੇ ਇਸ ਸਾਲ ਜੂਨ ਦੇ ਮਹੀਨੇ ਵਿਚ 'ਟਰੇਡ ਸਰਪਲੱਸ' ਰਹਿਣ ਦਾ ਤਮਗਾ ਹਾਸਲ ਕੀਤਾ ਹੈ। ਸਰਕਾਰ ਨਾਲ ਜੁੜੇ ਕੁਝ ਬੁਲਾਰਿਆਂ ਅਤੇ ਸੰਸਥਾਵਾਂ ਨੇ ਇਸ ਨੂੰ 'ਆਤਮ-ਨਿਰਭਰ ਭਾਰਤ' ਦੀ ਸਫਲਤਾ ਵਜੋਂ ਵੀ ਪ੍ਰਚਾਰਿਆ। ਉਸ ਵੇਲੇ ਵੀ ਬੁੱਧੀਜੀਵੀਆਂ ਨੇ ਇਹ ਸਾਫ ਕੀਤਾ ਸੀ ਕਿ ਆਤਮ-ਨਿਰਭਰਤਾ ਨਾਲ ਜੁੜੇ ਪ੍ਰੋਜੈਕਟਾਂ ਨੇ ਤਾਂ ਹੁਣੇ ਦਿਨ ਦਾ ਚਾਨਣ ਵੀ ਨਹੀਂ ਵੇਖਿਆ ਅਤੇ ਅਜਿਹੇ ਪ੍ਰੋਜੈਕਟ ਇਸ ਵੇਲੇ ਸੰਸਦ ਦੀ ਮਨਜ਼ੂਰੀ ਲਈ ਗਤੀਸ਼ੀਲ ਹਨ। 'ਟਰੇਡ ਸਰਪਲੱਸ' ਜਾਂ ਕੌਮਾਂਤਰੀ ਵਪਾਰ ਵਿਚ ਵਾਧਾ ਤਾਂ ਦਰਾਮਦਾਂ ਦੇ ਪੱਧਰ ਵਿਚ ਭਾਰੀ ਗਿਰਾਵਟ ਦੇ ਕਾਰਨ ਹੋਇਆ ਹੈ। ਦਰਅਸਲ ਕਰੋਨਾ ਵਾਇਰਸ ਦੇ ਸੰਕਟ ਦੇ ਕਾਰਨ ਘਰੇਲੂ ਕੰਮ-ਧੰਦੇ ਬੰਦ ਹੋ ਗਏ ਜਿਸ ਨਾਲ ਕੱਚੇ ਤੇਲ, ਸੋਨੇ ਅਤੇ ਦਰਾਮਦ ਹੋਣ ਵਾਲੇ ਹੋਰ ਮਾਲ ਵਿਚ ਭਾਰੀ ਕਮੀ ਆ ਗਈ ਜੋ ਭਾਰਤੀ ਆਰਥਕਤਾ ਦੇ ਗਹਿਰੇ ਸੰਕਟ ਵਿਚ ਹੋਣ ਦਾ ਵੀ ਸੰਕੇਤ ਹੈ। ਅੰਕੜੇ ਇਸ਼ਾਰਾ ਕਰਦੇ ਹਨ ਕਿ ਜੂਨ ਦੇ ਮਹੀਨੇ ਵਿਚ ਜਿੱਥੇ ਵਪਾਰਕ ਬਰਾਮਦਾਂ ਵਿਚ 12.4% ਦੀ ਗਿਰਾਵਟ ਆਈ, ਉਥੇ ਹੀ ਦਰਾਮਦਾਂ ਵਿਚ ਇਹ ਕਮੀ 47.6% ਰਹੀ ਜਿਸ ਕਰ ਕੇ ਵਪਾਰਕ ਸਰਪਲੱਸ (ਅਸਥਾਈ ਤੌਰ 'ਤੇ) 790 ਮਿਲੀਅਨ (79 ਕਰੋੜ) ਡਾਲਰ ਹੋ ਗਿਆ। ਕਰੋਨਾਵਾਇਰਸ ਦੇ ਹਮਲੇ ਤੋਂ ਪਹਿਲਾਂ ਹੀ ਅਸੀਂ ਮੰਦੀ ਨਾਲ ਜੂਝ ਰਹੇ ਸੀ ਅਤੇ ਭਾਰਤੀ ਆਰਥਕਤਾ ਦੇ ਬੁਨਿਆਦੀ ਕਾਰਕ ਜਿਵੇਂ ਜੀ.ਡੀ.ਪੀ. ਦੀ ਵਿਕਾਸ ਦਰ, ਨਿਵੇਸ਼, ਮੰਗ, ਬੱਚਤਾਂ ਆਦਿ ਕਮਜ਼ੋਰ ਹੋ ਚੁੱਕੇ ਸਨ। ਤਾਲਾਬੰਦੀ ਕਾਰਨ ਠੱਪ ਹੋਏ ਕਾਰੋਬਾਰਾਂ ਨੇ ਤਾਂ ਸਾਨੂੰ ਹੋਰ ਵੀ ਗੰਭੀਰ ਹਾਲਾਤ ਵਲ ਧੱਕ ਦਿੱਤਾ ਹੈ। ਕਰੋਨਾ ਵਾਇਰਸ ਤੋਂ ਬਾਅਦ ਉਭਰਦੀ ਭਾਰਤੀ ਆਰਥਕਤਾ ਵਿਚ ਬੇਰੁਜ਼ਗਾਰੀ, ਗਰੀਬੀ ਅਤੇ ਅਸਮਾਨਤਾ ਦੇ ਹਾਲਾਤ ਦੇ ਵੇਰਵਾ ਹੇਠਾਂ ਦਿੱਤੇ ਗਏ ਹਨ।

ਕਰੋਨਾ ਸੰਕਟ ਆਉਣ ਤੋਂ ਪਹਿਲਾਂ ਹੀ ਭਾਰਤ ਵਿਚ ਬੇਰੁਜ਼ਗਾਰੀ ਆਪਣੇ ਸਿਖਰ 'ਤੇ ਸਵਾਰ ਸੀ। ਰਾਸ਼ਟਰੀ ਸਰਵੇਖਣ ਦਫਤਰ ਵਲੋਂ ਜਾਰੀ ਅੰਕੜਿਆਂ ਦੇ ਹਿਸਾਬ ਨਾਲ ਸਾਲ 2017-18 ਵਿਚ ਬੇਰੁਜ਼ਗਾਰੀ ਦੀ ਦਰ (6.1%) ਆਪਣੇ 45 ਸਾਲਾਂ ਦੇ ਸਭ ਤੋਂ ਉਚੇ ਪੱਧਰ ਉਤੇ ਸੀ ਜਿਸ ਨੂੰ ਸਰਕਾਰ ਨੇ ਪਹਿਲਾਂ ਤਾਂ ਸਾਲ 2019 ਦੀਆਂ ਚੋਣਾਂ ਦੇ ਮੱਦੇਨਜ਼ਰ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਸਰਕਾਰ ਬਣਨ ਤੋਂ ਬਾਅਦ ਮੰਨ ਵੀ ਲਿਆ। ਸਾਲ 2018-19 ਅਤੇ 2019-20 ਵਿਚ ਵੀ ਬੇਰੁਜ਼ਗਾਰੀ ਦੀ ਦਰ 7% ਤੋਂ ਉਚੀ ਹੀ ਰਹੀ ਹੈ। ਜ਼ਿਕਰਯੋਗ ਹੈ ਕਿ ਜਿੱਥੇ ਜੀ.ਡੀ.ਪੀ. ਦੀ ਵਿਕਾਸ ਦਰ ਦਿਨੋ-ਦਿਨ ਡਿਗ ਰਹੀ ਹੈ, ਉਥੇ ਬੇਰੁਜ਼ਗਾਰੀ ਨਵੀਆਂ ਉਚਾਈਆਂ ਨੂੰ ਛੂਹ ਰਹੀ ਹੈ।

ਅੱਗੇ ਵੀ ਕਾਮਿਆਂ ਦੇ ਸ਼ਹਿਰਾਂ ਤੋਂ ਆਪਣੇ ਪਿੰਡਾਂ ਵਲ ਪਰਵਾਸ ਕਾਰਨ ਬੇਰੁਜ਼ਗਾਰੀ ਦੀ ਦਰ ਉਚੀ ਹੀ ਰਹਿਣ ਦਾ ਖਦਸ਼ਾ ਹੈ, ਕਿਉਂਕਿ ਪੇਂਡੂ ਖੇਤਰ ਵਿਚ ਨੌਕਰੀਆਂ ਦੇ ਬਦਲ ਸ਼ਹਿਰਾਂ ਦੇ ਮੁਕਾਬਲੇ ਘੱਟ ਹਨ। ਇਕ ਤੋਂ ਬਾਅਦ ਇਕ ਸੂਬਾਈ ਸਰਕਾਰਾਂ ਵਲੋਂ ਪੱਕੀ ਜਾਂ ਅਸਥਾਈ ਤੌਰ ਤੇ ਕੀਤੀ ਜਾ ਰਹੀ ਤਾਲਾਬੰਦੀ ਦੇ ਐਲਾਨਾਂ ਕਰ ਕੇ ਅਨਿਸ਼ਚਿਤਤਾ ਦਾ ਮਾਹੌਲ ਬਣਿਆ ਹੋਇਆ ਹੈ, ਜਿਸ ਦੌਰਾਨ ਕਾਰੋਬਾਰ ਆਪਣੀ ਪੂਰੀ ਸਮਰੱਥਾ ਤੇ ਕਾਰਜਸ਼ੀਲ ਨਹੀਂ ਹਨ ਅਤੇ ਘੱਟੋ-ਘੱਟ ਕਾਮਿਆਂ ਨਾਲ ਆਪਣੀ ਆਈ ਚਲਾ ਰਹੇ ਹਨ। ਉਹ ਕਾਮੇ ਜੋ ਆਪਣੇ ਪਿੰਡਾਂ ਨੂੰ ਪਰਤੇ ਹਨ, ਹੁਣ ਜਾਂ ਤਾਂ ਮਗਨਰੇਗਾ ਅਤੇ ਗਰੀਬ ਕਲਿਆਣ ਰੁਜ਼ਗਾਰ ਅਭਿਆਨ ਤਹਿਤ ਕੰਮ ਕਰਨ ਲਈ ਮਜਬੂਰ ਹਨ ਜਾਂ ਉਨ੍ਹਾਂ ਨੇ ਆਪਣੀ ਖਾਨਦਾਨੀ ਜ਼ਮੀਨ ਤੇ ਸਾਉਣੀ ਦੀਆਂ ਫਸਲਾਂ ਦੀ ਬਿਜਾਈ ਕੀਤੀ ਹੈ। ਪੇਂਡੂ ਭਾਰਤ ਵਿਚ ਗੈਰ ਖੇਤੀਬਾੜੀ ਅਤੇ ਸ਼ਹਿਰਾਂ ਵਿਚ ਸਨਅਤੀ ਤੇ ਸੇਵਾਵਾਂ ਖੇਤਰ ਦੇ ਨੌਕਰੀਆਂ ਮੁਹੱਈਆ ਕਰਨ ਵਿਚ ਅਸਮਰਥ ਹੋਣ ਕਾਰਨ ਕਰੋਨਾਵਾਇਰਸ ਦੇ ਖਤਮ ਹੋਣ ਦੇ ਬਾਵਜੂਦ ਬੇਰੁਜ਼ਗਾਰੀ ਦੀ ਦਰ ਭਾਰਤ ਵਿਚ ਵੱਧ ਹੀ ਰਹੇਗੀ।

ਕੌਮਾਂਤਰੀ ਕਿਰਤ ਸੰਗਠਨ ਦੁਆਰਾ ਅਪਰੈਲ ਮਹੀਨੇ ਵਿਚ ਜਾਰੀ ਰਿਪੋਰਟ ਅਨੁਸਾਰ ਭਾਰਤ ਵਿਚ ਬਗੈਰ ਯੋਜਨਾਬੱਧ ਤਰੀਕੇ ਨਾਲ ਹੋਈ ਸਖਤ ਤਾਲਾਬੰਦੀ ਕਾਰਨ ਗੈਰ ਰਸਮੀ ਖੇਤਰ ਵਿਚ ਕੰਮ ਕਰ ਰਹੇ 90% ਲੋਕਾਂ ਉਤੇ ਇਸ ਦਾ ਅਸਰ ਪਿਆ ਹੈ। ਇਸੇ ਰਿਪੋਰਟ ਵਿਚ ਜ਼ਿਕਰ ਕੀਤਾ ਗਿਆ ਹੈ ਕਿ ਕੰਮ ਦੀ ਕਮੀ ਹੋਣ ਕਾਰਨ ਤਕਰੀਬਨ 40 ਕਰੋੜ ਲੋਕਾਂ ਦੇ ਗਰੀਬੀ ਵਿਚ ਡੂੰਘੇ ਧਸਣ ਦਾ ਵੀ ਖਦਸ਼ਾ ਹੈ। ਉਹ ਲੋਕ ਜੋ ਸ਼ਹਿਰਾਂ ਵਿਚ ਛੋਟੇ-ਛੋਟੇ ਕੰਮ ਧੰਦਿਆਂ ਵਿਚ ਰੁੱਝੇ ਹੋਏ ਸਨ ਅਤੇ ਰੇਹੜੀ ਜਾਂ ਸੜਕ ਕਿਨਾਰੇ ਦੁਕਾਨ ਲਾ ਕੇ ਮਹੀਨੇ ਦੇ 10000-12000 ਰੁਪਏ ਕਮਾ ਲੈਂਦੇ ਸਨ, ਤਾਲਾਬੰਦੀ ਕਾਰਨ ਹੁਣ ਆਪੋ-ਆਪਣੇ ਰੁਜ਼ਗਾਰ ਗੁਆ ਬੈਠੇ ਹਨ। ਇਹ ਲੋਕ ਸ਼ਹਿਰਾਂ ਵਿਚੋਂ ਹੋਈ ਆਪਣੀ ਕਮਾਈ ਦਾ 60-70% ਆਪਣੇ ਪਿੰਡਾਂ ਨੂੰ ਭੇਜਦੇ ਸਨ ਜੋ ਹੁਣ ਤਕਰੀਬਨ ਬੰਦ ਹੋ ਗਈ ਹੈ। ਜਿੰਨੇ ਪੈਸੇ ਇਹ ਲੋਕ ਆਪਣੇ ਘਰਾਂ ਵਲ ਭੇਜਦੇ ਸਨ, ਪਿੰਡਾਂ ਵਲ ਪਰਵਾਸ ਕਰ ਕੇ ਓਨੇ ਦੀ ਤਾਂ ਇਨ੍ਹਾਂ ਨੂੰ ਹੁਣ ਮਗਨਰੇਗਾ ਜਾਂ ਮਜ਼ਦੂਰੀ ਤੋਂ ਕੁਲ ਕਮਾਈ ਹੋ ਰਹੀ ਹੈ।

ਆਮਦਨੀ ਵਿਚ ਕਮੀ ਦੇ ਨਤੀਜੇ ਵਜੋਂ ਖਪਤ ਵਿਚ ਵੀ ਭਾਰੀ ਗਿਰਾਵਟ ਦੇਖਣ ਨੂੰ ਮਿਲ ਰਹੀ ਹੈ। ਹੁਣ ਖਪਤਕਾਰਾਂ ਦਾ ਖਰਚਾ ਆਟਾ, ਚੌਲ, ਦਾਲ ਅਤੇ ਸਿਹਤ ਸੰਭਾਲ ਵਰਗੀਆਂ ਜ਼ਰੂਰੀ ਵਸਤਾਂ ਤੱਕ ਸੀਮਤ ਹੋ ਗਿਆ ਹੈ। ਇਲੈਕਟ੍ਰਾਨਿਕਸ, ਕਾਰਾਂ, ਅਤੇ ਗਹਿਣਿਆਂ ਵਰਗੀਆਂ ਮਹਿੰਗੀ ਸ਼੍ਰੇਣੀ ਦੀਆਂ ਵਸਤਾਂ ਦੀ ਵਿਕਰੀ ਵਿਚ ਭਾਰੀ ਗਿਰਾਵਟ ਦੇਖੀ ਜਾ ਰਹੀ ਹੈ। ਇਸ ਦਾ ਹੀ ਅਸਰ ਹੈ ਕਿ ਜਿਹੜੀਆਂ ਇਕਾਈਆਂ ਇਨ੍ਹਾਂ ਮਹਿੰਗੀਆਂ ਵਸਤਾਂ ਦੇ ਵਪਾਰ ਨਾਲ ਜੁੜੀਆਂ ਹੋਈਆਂ ਸਨ, ਉਹ ਤਾਲਾਬੰਦੀ ਕਾਰਨ ਲਗਾਤਾਰ ਘਾਟੇ ਵਿਚ ਹਨ ਅਤੇ ਆਪਣੇ ਕਾਰੀਗਰਾਂ ਨੂੰ ਮੁੜ ਨੌਕਰੀ ਉਤੇ ਰੱਖਣ ਵਿਚ ਅਸਮਰਥ ਹਨ।

ਜਦੋਂ ਵੀ ਕਿਸੇ ਦੇਸ਼ 'ਚ ਮੰਦੀ ਆਈ ਹੈ, ਉਸ ਮੁਲਕ 'ਚ ਇਜਾਰੇਦਾਰੀ ਵਧੀ ਹੈ। ਹਿੰਦੋਸਤਾਨ ਵੀ ਇਸ ਤੋਂ ਅਛੂਤਾ ਨਹੀਂ ਰਿਹਾ। ਕੋਵਿਡ-19 ਵਾਲਾ ਸੰਕਟ ਆਉਣ ਤੋਂ ਪਹਿਲਾਂ ਹੀ ਅਸੀਂ ਮੰਦੀ ਦੀ ਜਕੜ ਵਿਚ ਫਸੇ ਹੋਏ ਸੀ। ਹਰ ਖੇਤਰ ਵਿਚ 2-3 ਵੱਡੀਆਂ ਕੰਪਨੀਆਂ ਦਾ ਰਾਜ ਬਣ ਰਿਹਾ ਸੀ। ਅਸੀਂ ਭਾਵੇਂ ਛੋਟੀਆਂ ਤੋਂ ਛੋਟੀਆਂ ਵਸਤਾਂ ਜਿਵੇਂ ਦੁੱਧ, ਬ੍ਰੈੱਡ, ਮੱਖਣ, ਪਨੀਰ ਦੇਖੀਏ ਜਾਂ ਤਕਨਾਲੋਜੀ ਆਧਾਰਿਤ ਵੱਡੀਆਂ ਕੰਪਨੀਆਂ ਜਿਵੇਂ ਟੈਕਸੀ ਸੇਵਾਵਾਂ, ਮੋਬਾਈਲ ਰੀਚਾਰਜ ਕੰਪਨੀਆਂ, ਆਨਲਾਈਨ ਵਪਾਰ ਵਾਲੀਆਂ ਕੰਪਨੀਆਂ, ਹਵਾਈ ਜਹਾਜ਼ ਕੰਪਨੀਆਂ ਦੇਖੀਏ; ਸਾਨੂੰ ਹਰ ਪਾਸੇ ਘੱਟ ਬਦਲ ਅਤੇ ਵਧਦੀ ਇਜਾਰੇਦਾਰੀ ਨਜ਼ਰ ਆਵੇਗੀ ਜੋ ਮੂਲ ਰੂਪ ਨਾਲ 1991 ਵਿਚ ਮਿੱਥੀ ਗਈ ਮੁਕਾਬਲੇਬਾਜ਼ੀ ਵਾਲੀ ਆਰਥਕਤਾ ਦੇ ਵਿਰੁਧ ਹੈ। ਕੋਵਿਡ-19 ਦੌਰਾਨ ਵੀ ਸੰਗਠਿਤ ਖੇਤਰ ਦੀਆਂ ਕੰਪਨੀਆਂ ਬੰਦ ਹੋਣ ਦੀ ਕਗਾਰ 'ਤੇ ਆ ਗਈਆਂ ਹਨ ਅਤੇ ਸਰਕਾਰ ਵਲੋਂ ਮਦਦ ਨਾ ਮਿਲਣ ਕਾਰਨ ਇਨ੍ਹਾਂ ਦਾ ਰਲੇਵਾਂ ਵੱਡੀਆਂ ਕੰਪਨੀਆਂ ਵਿਚ ਹੋ ਰਿਹਾ ਹੈ। ਇਸ ਨਾਲ ਜਿੱਥੇ ਇਕ ਪਾਸੇ ਤਾਂ ਇਜਾਰੇਦਾਰੀ ਵਧ ਰਹੀ ਹੈ, ਉਥੇ ਰੁਜ਼ਗਾਰ ਦੀਆਂ ਸੰਭਾਵਨਾਵਾਂ ਵੀ ਘਟ ਰਹੀਆਂ ਹਨ।

ਇਸ ਗੰਭੀਰ ਹਾਲਤ ਨੂੰ ਧਿਆਨ ਵਿਚ ਰੱਖਦਿਆਂ ਕੇਂਦਰ ਸਰਕਾਰ ਨੂੰ ਖੋਖਲੀਆਂ ਨਾਅਰੇਬਾਜ਼ੀਆਂ ਅਤੇ ਵਿਦੇਸ਼ੀ ਨਿਵੇਸ਼ ਉਤੇ ਨਿਰਭਰ ਹੋਣ ਦੀ ਬਜਾਏ ਲੋਕ ਪੱਖੀ ਨੀਤੀਆਂ ਬਣਾਉਣ ਦੀ ਲੋੜ ਹੈ ਜੋ ਬੇਰੁਜ਼ਗਾਰੀ, ਗਰੀਬੀ ਅਤੇ ਅਸਮਾਨਤਾ ਦੀ ਸਮੱਸਿਆ ਨੂੰ ਹੱਲ ਕਰਨ ਵਿਚ ਮਦਦਗਾਰ ਹੋਣ। ਅਮਰੀਕਾ ਜਿਹੇ ਪੂੰਜੀਵਾਦੀ ਮੁਲਕ ਵੀ ਬੇਰੁਜ਼ਗਾਰੀ ਤੇ ਠੱਲ੍ਹ ਪਾਉਣ ਲਈ ਪੇ-ਚੈੱਕ ਪ੍ਰੋਟੈਕਸ਼ਨ ਪ੍ਰੋਗਰਾਮ ਵਰਗੇ ਠੋਸ ਉਪਰਾਲੇ ਕਰ ਰਹੇ ਹਨ ਜਿਸ ਤਹਿਤ ਰੈਸਟੋਰੈਂਟਾਂ, ਹਸਪਤਾਲਾਂ, ਪ੍ਰਚੂਨ ਵਿਕਰੇਤਾਵਾਂ ਆਦਿ ਨੂੰ ਆਪਣੇ ਕਰਮਚਾਰੀਆਂ ਨੂੰ ਕੰਮ ਤੇ ਬਰਕਰਾਰ ਰੱਖਣ ਵਾਸਤੇ 1% ਦੀ ਦਰ ਅਤੇ 6 ਮਹੀਨਿਆਂ ਲਈ ਮੁਲਤਵੀ ਭੁਗਤਾਨਾਂ ਦੇ ਨਾਲ ਉਨ੍ਹਾਂ ਦੀਆਂ ਤਨਖਾਹਾਂ ਦੀਆਂ ਕੀਮਤਾਂ ਦੇ ਬਰਾਬਰ 10 ਮਿਲੀਅਨ ਡਾਲਰ ਤੱਕ ਦੀ ਸਹਾਇਤਾ ਦਿੱਤੀ ਜਾ ਰਹੀ ਹੈ। ਇਹ ਮੁਲਕ ਜਾਣਦੇ ਹਨ ਕਿ ਵਧੀ ਬੇਰੁਜ਼ਗਾਰੀ, ਗਰੀਬੀ ਤੇ ਅਸਮਾਨਤਾ ਲੋਕਾਂ ਨੂੰ ਵਿਦਰੋਹ ਦੇ ਰਾਹ ਉਤੇ ਪਾਉਂਦੀ ਹੈ। ਜਿਵੇਂ ਦੁਨੀਆਂ ਨੇ ਮੈਕਸੀਕੋ ਜਾਂ ਮਿਸਰ ਦੇ ਪ੍ਰਸੰਗ ਵਿਚ ਦੇਖਿਆ ਹੈ।

ਪੰਜਾਬ ਟਾਈਮਜ਼

*ਸ਼ਨਿਚਰਵਾਰ, 8 ਅਗਸਤ 2020*

# ਨਸ਼ਿਆਂ ਦਾ ਕਾਰੋਬਾਰ ਅਤੇ ਸਿਆਸਤ

**ਪੰਜਾਬ ਵਿਚ ਜ਼ਹਿਰੀਲੀ ਸ਼ਰਾਬ ਦੇ ਵੱਡੇ ਹਾਦਸੇ ਨੇ ਮੌਕੇ 'ਤੇ ਹੀ ਸਹੀ, ਪਰ ਫਿਲਹਾਲ ਸੂਬੇ ਦੀ ਸਿਆਸਤ ਦਾ ਮੁਹਾਣ ਬਦਲ ਦਿੱਤਾ ਹੈ। ਇਸ ਹਾਦਸੇ ਵਿਚ ਸੌ ਤੋਂ ਉਪਰ ਹੋਈਆਂ ਮੌਤਾਂ ਨੇ ਪੰਜਾਬ ਦੀ ਸਿਆਸਤ ਅਤੇ ਪ੍ਰਸ਼ਾਸਨ ਦੇ ਬਹੁਤ ਸਾਰੇ ਪਰਦੇ ਚਾਕ ਕਰ ਦਿੱਤੇ ਹਨ। ਪਹਿਲੇ ਹੱਲੇ ਤਾਂ ਇਹੀ ਗੱਲ ਸਾਹਮਣੇ ਆਈ ਹੈ ਕਿ ਸ਼ਰਾਬ ਦਾ ਇੰਨੇ ਵੱਡੇ ਪੱਧਰ ਉਤੇ ਕਾਰੋਬਾਰ ਸ਼ਰਾਬ ਤਸਕਰਾਂ, ਪੁਲਿਸ, ਆਬਕਰ ਵਿਭਾਗ ਅਤੇ ਸਿਆਸਤਦਾਨਾਂ ਦੀ ਮਿਲੀਭੁਗਤ ਤੋਂ ਬਿਨਾ ਸੰਭਵ ਨਹੀਂ ਹੈ। ਇਨ੍ਹਾਂ ਲੋਕਾਂ ਦੀ ਬਦਨੀਤੀ ਅਤੇ ਹਵਸ ਕਾਰਨ ਪਰਿਵਾਰਾਂ ਦੇ ਪਰਿਵਾਰ ਉਜੜ ਗਏ, ਪਰ ਅਜੇ ਵੀ ਸਰਕਾਰ ਦੇ ਕੰਨ ਉਤੇ ਜੂੰ ਨਹੀਂ ਸਰਕੀ ਹੈ। ਬੱਸ, ਕੁਝ ਕੁ ਮੁਅੱਤਲੀਆਂ ਅਤੇ ਗ੍ਰਿਫਤਾਰੀਆਂ ਨਾਲ ਮਾਮਲਾ ਠੰਢਾ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਹਾਦਸੇ ਦੀ ਡੂੰਘੀ ਅਤੇ ਨਿਰਪੱਖ ਜਾਂਚ ਅਜਿਹੇ ਨਾਜਾਇਜ਼ ਕਾਰੋਬਾਰਾਂ ਵਿਚ ਸ਼ੱਰੇਆਮ ਲੱਗੇ ਲੋਕਾਂ ਦੇ ਨਕਾਬ ਲਾਹ ਸਕਦੀ ਹੈ, ਪਰ ਪਿਛਲੇ ਦਿਨਾਂ ਤੋਂ ਸਰਕਾਰ ਦੀ ਪਹੁੰਚ ਤੋਂ ਸਾਫ ਦਿਸ ਰਿਹਾ ਹੈ ਕਿ ਇਸ ਦਾ ਅਜਿਹਾ ਕੋਈ ਇਰਾਦਾ ਨਹੀਂ ਹੈ। ਘੱਟੋ-ਘੱਟ ਮੁੱਖ ਮੰਤਰੀ ਅਮਰਿੰਦਰ ਸਿੰਘ ਤੋਂ ਤਾਂ ਅਜਿਹੀ ਕੋਈ ਆਸ ਨਹੀਂ ਹੈ, ਜਿਸ ਨੇ 2017 ਵਾਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਗੁਟਕੇ ਉਤੇ ਹੱਥ ਰੱਖ ਕੇ ਸਹੁੰ ਖਾਧੀ ਸੀ ਕਿ ਜੇ ਉਹ ਅਤੇ ਉਨ੍ਹਾਂ ਦੀ ਕਾਂਗਰਸ ਪਾਰਟੀ ਸੱਤਾ ਵਿਚ ਆ ਜਾਂਦੇ ਹਨ ਤਾਂ ਚਾਰ ਹਫਤਿਆਂ ਵਿਚ ਨਸ਼ਿਆਂ ਦੇ ਕਾਰੋਬਾਰ ਦਾ ਲੱਕ ਤੋੜ ਦੇਣਗੇ। ਉਨ੍ਹਾਂ ਨੂੰ ਸੱਤਾ ਵਿਚ ਆਇਆਂ ਹੁਣ ਚਾਲੀ ਹਫਤੇ ਹੋ ਗਏ ਹਨ, ਪਰ ਪੰਜਾਬ ਵਿਚ ਨਸ਼ਿਆਂ ਦਾ ਕਹਿਰ ਪਹਿਲਾਂ ਵਾਂਗ ਹੀ ਜਾਰੀ ਹੈ। ਹੋਰ ਤਾਂ ਹੋਰ, ਕਰੋਨਾ ਵਾਇਰਸ ਦੇ ਸੰਕਟ ਕਾਰਨ ਜਦੋਂ ਸਾਰਾ ਕੁਝ ਠੱਪ ਵਰਗਾ ਹੋਇਆ ਪਿਆ ਸੀ, ਰਿਕਾਰਡ ਦੱਸਦੇ ਹਨ ਕਿ ਉਸ ਵਕਤ ਵੀ ਨਸ਼ਿਆਂ ਦੀ ਸਪਲਾਈ ਵਿਚ ਕੋਈ ਬਹੁਤਾ ਫਰਕ ਨਹੀਂ ਪਿਆ। ਹਕੀਕਤ ਇਹ ਹੈ ਕਿ ਸਰਕਾਰਾਂ ਦਾ ਵੱਡਾ ਮਾਲੀਆ ਸ਼ਰਾਬ ਦੇ ਕਾਰੋਬਾਰ ਨਾਲ ਜੁੜਿਆ ਹੋਇਆ ਹੈ। ਜਦੋਂ ਅਜੇ ਕਰੋਨਾ ਦਾ ਸੰਕਟ ਸਿਖਰਾਂ ਛੋਹ ਰਿਹਾ ਹੈ, ਸਭ ਅਦਾਰੇ ਬੰਦ ਸਨ ਤਾਂ ਮੁੱਖ ਮੰਤਰੀ ਅਮਰਿੰਦਰ ਸਿੰਘ ਕੇਂਦਰ ਸਰਕਾਰ ਨੂੰ ਵਾਰ-ਵਾਰ ਬੇਨਤੀਆਂ ਕਰ ਰਹੇ ਸਨ ਕਿ ਪੰਜਾਬ ਨੂੰ ਸ਼ਰਾਬ ਦੇ ਠੇਕੇ ਖੋਲ੍ਹਣ ਦੀ ਆਗਿਆ ਦਿੱਤੀ ਜਾਵੇ।**

**ਅੱਜ ਪੰਜਾਬ ਨਸ਼ਿਆਂ ਕਾਰਨ ਉਜੜ ਰਿਹਾ ਹੈ। ਘਰਾਂ ਦੇ ਘਰ ਤਬਾਹ ਹੋ ਰਹੇ ਹਨ। ਨੌਜਵਾਨਾਂ ਦੀ ਮੌਤ ਦੀਆਂ ਖਬਰਾਂ ਨਿੱਤ ਆਉਂਦੀਆਂ ਹਨ, ਪਰ ਇਸ ਮਾਮਲੇ 'ਤੇ ਕੋਈ ਵੀ ਧਿਰ ਸੰਜੀਦਾ ਨਹੀਂ। ਸਰਕਾਰ ਅਤੇ ਵਿਰੋਧੀ ਧਿਰ ਲਈ ਇਹ ਕੋਈ ਏਜੰਡਾ ਹੀ ਨਹੀਂ ਹੈ। ਅਸਲ ਵਿਚ ਸਮੁੱਚੀ ਸਿਆਸਤ ਵੋਟਾਂ ਬਟੋਰਨ ਤੱਕ ਸੀਮਤ ਹੋ ਚੁਕੀ ਹੈ ਅਤੇ ਵੋਟਾਂ ਹਾਸਲ ਕਰਨ ਲਈ ਸਾਰੀਆਂ ਧਿਰਾਂ ਨਸ਼ਿਆਂ ਦੀ ਜਿੰਨੀ ਵਰਤੋਂ ਕਰਦੀਆਂ ਹਨ, ਉਹ ਮਾਮਲਾ ਕਿਸੇ ਤੋਂ ਲੁਕਿਆ ਹੋਇਆ ਨਹੀਂ ਹੈ। ਚੋਣਾਂ ਦੇ ਦਿਨਾਂ ਵਿਚ ਸ਼ਰਾਬ ਦੇ ਸ਼ੱਰੇਆਮ ਲੰਗਰ ਤੱਕ ਲਾਏ ਜਾਂਦੇ ਹਨ ਅਤੇ ਘਰੋ-ਘਰ ਵੀ ਸ਼ਰਾਬ ਪਹੁੰਚਾਈ ਜਾਂਦੀ ਹੈ। ਇਸ ਸੂਰਤ ਵਿਚ ਕਿਹੜੀ ਧਿਰ ਨਸ਼ਿਆਂ ਨੂੰ ਆਪਣਾ ਏਜੰਡਾ ਬਣਾਏਗੀ? ਹੋਰ ਤਾਂ ਹੋਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਰਗੀ ਸਿਰਮੌਰ ਸੰਸਥਾ ਦੀਆਂ ਚੋਣਾਂ ਮੌਕੇ ਵੀ ਸ਼ਰਾਬ ਅਤੇ ਹੋਰ ਨਸ਼ਿਆਂ ਦੀ ਵਰਤੋਂ ਦੀਆਂ ਖਬਰਾਂ ਅਕਸਰ ਛਪਦੀਆਂ ਰਹਿੰਦੀਆਂ ਹਨ। ਇਸ ਸੰਸਥਾ ਤੋਂ ਤਾਂ ਇਹ ਆਸ ਕੀਤੀ ਜਾਂਦੀ ਰਹੀ ਹੈ ਕਿ ਇਹ ਧਰਮ ਪ੍ਰਚਾਰ ਦੇ ਨਾਲ-ਨਾਲ ਲੋਕਾਂ ਨੂੰ ਨਸ਼ਿਆਂ ਦੀ ਦਲਦਲ ਵਿਚੋਂ ਕੱਢਣ ਵਿਚ ਮਦਦ ਕਰ ਸਕਦੀ ਹੈ, ਪਰ ਸਿਆਸਤ ਦੇ ਕੂਹਜ ਨੇ ਅਜਿਹੀਆਂ ਸਭ ਸੰਸਥਾਵਾਂ ਨੂੰ ਆਪਣੀ ਲਪੇਟ ਵਿਚ ਲੈ ਲਿਆ ਹੋਇਆ ਹੈ। ਪਿਛਲੇ ਸਾਲ ਜੁਲਾਈ ਮਹੀਨੇ ਦੇ ਪਹਿਲੇ ਹਫਤੇ ਕੁਝ ਬੁੱਧੀਜੀਵੀਆਂ ਨੇ 'ਨਸ਼ਾ ਵਿਰੋਧੀ ਹਫਤਾ' ਮੁਹਿੰਮ ਚਲਾਉਣ ਦਾ ਐਲਾਨ ਕੀਤਾ ਸੀ। ਲੋਕ ਇਸ ਅਲਾਮਤ ਤੋਂ ਇੰਨੇ ਜ਼ਿਆਦਾ ਔਖੇ ਸਨ ਕਿ ਉਨ੍ਹਾਂ ਇਸ ਮੁਹਿੰਮ ਨੂੰ ਭਰਵਾਂ ਹੁੰਗਾਰਾ ਭਰਿਆ। ਲੋਕ ਆਪ-ਮੁਹਾਰੇ ਸੜਕਾਂ ਉਤੇ ਨਿਕਲੇ, ਪਰ ਇਸ ਮੁਹਿੰਮ ਦੇ ਕਰਤਾ-ਧਰਤਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਸਿਰਫ ਇਕ ਮੀਟਿੰਗ ਕਰ ਕੇ ਮੁੜ ਕਦੀ ਰੜਕੇ ਨਹੀਂ; ਨਾ ਹੀ ਮੀਡੀਆ ਦੇ ਕਿਸੇ ਹਿੱਸੇ ਨੇ ਇਹ ਮੁੱਦਾ ਉਠਾਇਆ।**

**ਇਹ ਹਕੀਕਤ ਹੈ ਕਿ ਨਸ਼ਿਆਂ ਦਾ ਕਾਰੋਬਾਰ ਮੂਲੋਂ ਹੀ ਬੰਦ ਨਹੀਂ ਹੋ ਸਕਦਾ। ਸੰਸਾਰ ਦੀਆਂ ਬਹੁਤ ਸਾਰੀਆਂ ਸਰਕਾਰਾਂ ਨੇ ਇਸ ਬਾਰੇ ਕੋਸ਼ਿਸ਼ਾਂ ਕਰ ਕੇ ਦੇਖ ਲਈਆਂ ਹਨ, ਪਰ ਜਿਥੇ-ਜਿਥੇ ਅਜਿਹੀਆਂ ਕੋਸ਼ਿਸ਼ਾਂ ਹੋਈਆਂ ਹਨ, ਉਥੇ ਨਸ਼ਿਆਂ ਦਾ ਕਹਿਰ ਘਟਿਆ ਜ਼ਰੂਰ ਹੈ। ਬਹੁਤ ਸਾਰੇ ਲੋਕਾਂ ਨੂੰ ਇਸ ਦਲਦਲ ਵਿਚੋਂ ਕੱਢ ਕੇ ਕੰਮ ਵਾਲੇ ਪਾਸੇ ਲਾਇਆ ਜਾ ਸਕਿਆ ਹੈ। ਪੰਜਾਬ ਅਤੇ ਭਾਰਤ ਦੀ ਸਿਆਸਤ ਇੰਨੀ ਪ੍ਰਾਣ-ਰਹਿਤ ਹੋ ਗਈ ਹੈ ਕਿ ਇਸ ਪਾਸੇ ਕੋਸ਼ਿਸ਼ ਤੱਕ ਨਹੀਂ ਕੀਤੀ ਜਾ ਰਹੀ। ਪੰਜਾਬ ਦੇ ਸੰਜੀਦਾ ਲੋਕ ਇਹ ਕਹਿ-ਕਹਿ ਕੇ ਥੱਕ-ਅੱਕ ਚੁਕੇ ਹਨ ਕਿ ਪੁਲਿਸ ਅਤੇ ਸਿਆਸਤਦਾਨਾਂ ਦੀ ਮਿਲੀਭੁਗਤ ਤੋਂ ਬਿਨਾ ਨਸ਼ਿਆਂ ਦੀ ਤਸਕਰੀ ਸੰਭਵ ਹੀ ਨਹੀਂ ਹੈ, ਪਰ ਕੋਈ ਕਾਰਵਾਈ ਨਹੀਂ ਹੋ ਰਹੀ। ਅਸਲ ਵਿਚ ਨਸ਼ਿਆਂ ਦੀ ਸਮੱਸਿਆ ਕੋਈ ਇਕੱਲੀ-ਇਕਹਿਰੀ ਨਹੀਂ, ਇਸ ਦੀਆਂ ਜੜ੍ਹਾਂ ਬੇਰੁਜ਼ਗਾਰੀ ਅਤੇ ਅਜਿਹੀਆਂ ਹੋਰ ਵੱਡੀਆਂ ਸਮੱਸਿਆਵਾਂ ਨਾਲ ਜੁੜੀਆਂ ਹੋਈਆਂ ਹਨ। ਜਦੋਂ ਤੱਕ ਸਰਕਾਰ ਇਨ੍ਹਾਂ ਸਮੱਸਿਆਵਾਂ ਵਲ ਪੂਰੀ ਸੰਜੀਦਗੀ ਨਹੀਂ ਦਿਖਾਉਂਦੀ, ਇਸ ਮਾਮਲੇ ਦਾ ਹੱਲ ਔਖਾ ਹੀ ਨਹੀਂ, ਅਸੰਭਵ ਵੀ ਜਾਪਦਾ ਹੈ। ਇਸ ਸੂਰਤ ਵਿਚ ਪੰਜਾਬ ਦੀਆਂ ਸਾਰੀਆਂ ਸੰਜੀਦਾ ਧਿਰਾਂ ਨੂੰ ਚਾਹੀਦਾ ਹੈ ਕਿ ਉਹ ਇਕੱਠੀਆਂ ਹੋ ਕੇ ਸਰਕਾਰ ਦੇ ਸਾਹਮਣੇ ਏਜੰਡਾ ਰੱਖਣ ਅਤੇ ਫਿਰ ਵਾਰ-ਵਾਰ ਉਸ ਦੀ ਪੈਰਵੀ ਵੀ ਕਰਨ। ਸਿਹਤ ਅਤੇ ਸਿੱਖਿਆ ਦੇ ਪੱਖ ਤੋਂ ਪੰਜਾਬ ਪਹਿਲਾਂ ਹੀ ਹੌਲਾ ਹੋ ਰਿਹਾ ਹੈ। ਇਨ੍ਹਾਂ ਦੋਹਾਂ ਮਾਮਲਿਆਂ ਵਿਚ ਸਰਕਾਰ ਤੇ ਵਿਰੋਧੀ ਧਿਰਾਂ ਦਾ ਰਵੱਈਆ ਕਰੀਬ ਇਕੋ ਜਿਹਾ ਹੈ। ਪੰਜਾਬ ਵਿਚ ਹੁਣ ਅਜਿਹੀ ਸਿਆਸਤ ਦੀ ਲੋੜ ਹੈ, ਜੋ ਇਸ ਖੜੋਤ ਨੂੰ ਤੋੜ ਸਕੇ; ਨਹੀਂ ਤਾਂ ਅਜਿਹੇ ਹਾਦਸੇ ਵਾਪਰਦੇ ਰਹਿਣਗੇ, ਇਨ੍ਹਾਂ ਉਤੇ ਸਿਆਸਤ ਵੀ ਭਖਦੀ ਰਹੇਗੀ, ਪਰ ਕਿਤੇ ਕੋਈ ਤਬਦੀਲੀ ਨਹੀਂ ਹੋ ਸਕੇਗੀ। ਲੋਕਾਂ ਨੂੰ ਇਸੇ ਤਰ੍ਹਾਂ ਮਰਨ ਲਈ ਛੱਡ ਦਿੱਤਾ ਜਾਵੇਗਾ।**

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਫਿਰਕੂ ਪਾੜਾ*

ਸਦੀਆਂ ਪਹਿਲਾਂ ਸੀ ਹਾਕਮ ਨੇ ਕਰੀ ਗਲਤੀ, ਹੁਣ ਦੇ 'ਸ਼ਾਹ' ਉਹ ਗਲਤੀ ਦੁਹਰਾਉਣ ਲੱਗੇ।
ਜਿਨ੍ਹਾਂ ਦੋਸ਼ੀਆਂ ਢਾਹੀ ਮਸੀਤ ਸੀ ਇਹ, ਬਣ ਕੇ 'ਮੁੱਖ ਮਹਿਮਾਨ' ਉਹ ਆਉਣ ਲੱਗੇ।
ਮਿਥੀ 'ਪੰਜ ਅਗਸਤ' ਹੈ ਸ਼ਾਤਰਾਂ ਨੇ, 'ਤਿੰਨ ਸੌ ਸੱਤਰ' ਨੂੰ 'ਯਾਦ ਕਰਵਾਉਣ' ਲੱਗੇ।
ਪੰਜੇ-ਕਮਲ ਨੇ ਕਰੀ ਕਰਤੂਤ ਰਲ ਕੇ, ਬਹੁਗਿਣਤੀ ਦੇ ਤਾਈਂ ਰਿਝਾਉਣ ਲੱਗੇ।
ਪਾਟੋ-ਧਾੜ ਦਾ ਝੰਬਿਆ ਦੇਸ਼ ਪਹਿਲੋਂ, ਫਿਰਕੂ ਵੰਡੀਆਂ ਹੋਰ ਵਧਾਉਣ ਲੱਗੇ।
ਵੱਧਦੇ ਜਾਂਦੇ ਕਰੋਨੇ ਦਾ ਫਿਕਰ ਹੈ ਨਹੀਂ, ਮੰਦਿਰ ਮਸਜਿਦ ਦੀ ਜਗ੍ਹਾ ਬਣਾਉਣ ਲੱਗੇ!

# ਪਾਕਿਸਤਾਨ ਵਿਚ ਸਿੱਖ-ਹਿੰਦੂ ਅਸਥਾਨ ਅਤੇ ਕੱਟੜਪੰਥੀ

***ਪਾਕਿਸਤਾਨੀ ਹਕੂਮਤ ਦੀ ਹਿੰਦੂ ਅਤੇ ਸਿੱਖ ਸਥਾਨਾਂ 'ਚ ਪੈਦਾ ਹੋਈ ਦਿਲਚਸਪੀ ਧਾਰਮਿਕ ਘੱਟਗਿਣਤੀਆਂ ਨਾਲ ਰਿਸ਼ਤਿਆਂ ਪੱਖੋਂ ਅਜਿਹੀ ਮਿਸਾਲੀ ਤਬਦੀਲੀ ਹੈ, ਜਿਸ ਦੀ ਬਹੁਤ ਲੋੜ ਸੀ। ਨਵੀਨੀਕਰਨ ਤੋਂ ਪਹਿਲਾਂ ਇਹ ਗੁਰਦੁਆਰੇ ਤੇ ਮੰਦਿਰ ਖੰਡਰਾਂ ਜਿਹੇ ਸਨ। ਉਂਜ, ਇਸ ਤਬਦੀਲੀ ਨਾਲ ਲੋੜੀਂਦੀਆਂ ਢਾਂਚਾਗਤ ਤਬਦੀਲੀਆਂ ਨਹੀਂ ਹੋ ਰਹੀਆਂ, ਜਿਨ੍ਹਾਂ ਨਾਲ ਪਾਕਿਸਤਾਨੀ ਘੱਟਗਿਣਤੀਆਂ ਦੀ ਆਜ਼ਾਦੀ ਤੇ ਹੱਕਾਂ ਦੀ ਰਾਖੀ ਹੋ ਸਕੇ।***

ਹਾਰੂਨ ਖਾਲਿਦ

ਪਿਛਲੇ ਮਹੀਨੇ ਸੋਸ਼ਲ ਮੀਡੀਆ 'ਤੇ ਇਕ ਵੀਡੀਓ ਵਾਇਰਲ ਹੋਈ ਜਿਸ ਵਿਚ ਇਕ ਮੁੰਡਾ ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ ਵਿਚ ਉਸਾਰੇ ਜਾ ਰਹੇ ਹਿੰਦੂ ਮੰਦਰ ਦੀਆਂ ਭਰੀਆਂ ਨੀਹਾਂ ਨੂੰ ਉਖਾੜ ਰਿਹਾ ਸੀ। ਇਸ ਤੋਂ ਕੁਝ ਦਿਨ ਬਾਅਦ ਇਕ ਹੋਰ ਵੀਡੀਓ ਆਈ ਜਿਸ ਵਿਚ ਇਕ ਬੱਚਾ, ਜਿਹੜਾ ਪੰਜ ਸਾਲਾਂ ਤੋਂ ਵੱਧ ਦਾ ਨਹੀਂ ਸੀ ਜਾਪਦਾ, ਮੁਲਕ ਦੇ ਵਜ਼ੀਰ-ਏ-ਆਜ਼ਮ ਇਮਰਾਨ ਖਾਨ ਨੂੰ ਧਮਕੀ ਦੇ ਰਿਹਾ ਸੀ। ਇਸੇ ਸਮੇਂ ਦੌਰਾਨ ਅਜਿਹੀਆਂ ਹੋਰ ਵੀ ਅਨੇਕਾਂ ਪੋਸਟਾਂ ਪਾਕਿਸਤਾਨੀ ਮੀਡੀਆ ਉਤੇ ਘੁੰਮਣ ਲੱਗੀਆਂ ਜਿਨ੍ਹਾਂ ਵਿਚ ਪ੍ਰਧਾਨ ਮੰਤਰੀ ਨੂੰ ਹਿੰਦੂ ਵਜੋਂ ਦਿਖਾਇਆ ਗਿਆ। ਅਜਿਹਾ ਪਾਕਿਸਤਾਨ ਸਰਕਾਰ ਵਲੋਂ ਇਸ ਮੰਦਰ ਦੀ ਉਸਾਰੀ ਲਈ ਫੰਡ ਦਿੱਤੇ ਜਾਣ ਦੇ ਫੈਸਲੇ ਖਿਲਾਫ ਕੀਤਾ ਜਾ ਰਿਹਾ ਸੀ।

ਇਸਲਾਮਾਬਾਦ ਦੇ ਹਿੰਦੂ ਭਾਈਚਾਰੇ ਲਈ ਮੰਦਰ ਦੀ ਉਸਾਰੀ ਦਾ ਮਨਸੂਬਾ 2017 ਵਿਚ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੀ ਸਰਕਾਰ ਨੇ ਬਣਾਇਆ ਸੀ ਪਰ ਪ੍ਰਸ਼ਾਸਕੀ ਰੁਕਾਵਟਾਂ ਕਾਰਨ ਇਹ ਉਸਾਰੀ ਹੁਣ ਸ਼ੁਰੂ ਹੋਈ ਹੈ। ਇਮਰਾਨ ਖਾਨ ਦੀ ਹਕੂਮਤ ਨੇ ਬੀਤੀ 27 ਜੂਨ ਨੂੰ ਮੰਦਰ ਲਈ ਦਸ ਕਰੋੜ ਪਾਕਿਸਤਾਨੀ ਰੁਪਏ (6 ਲੱਖ ਡਾਲਰ) ਜਾਰੀ ਕੀਤੇ ਤੇ ਉਸਾਰੀ ਦਾ ਮੁੱਢ ਬੱਝਿਆ। ਇਹ ਕਾਰਵਾਈ ਪਾਕਿਸਤਾਨੀ ਹਕੂਮਤ ਦੀ ਮੁਲਕ ਭਰ ਵਿਚ ਗੈਰ-ਮੁਸਲਿਮ ਧਾਰਮਿਕ ਸਥਾਨਾਂ ਦੀ ਹਾਲਤ ਸੁਧਾਰਨ ਅਤੇ ਨਵੇਂ ਸਥਾਨ ਉਸਾਰਨ ਦੀ ਵਿਆਪਕ ਨੀਤੀ ਦਾ ਹਿੱਸਾ ਹੈ। ਇਸ ਤੋਂ ਪਹਿਲਾਂ ਪਾਕਿਸਤਾਨ ਹਕੂਮਤ ਨੇ 2005 ਵਿਚ ਪ੍ਰਸਿੱਧ ਕਟਾਸ ਰਾਜ ਮੰਦਰ ਦਾ ਨਵੀਨੀਕਰਨ ਕੀਤਾ ਸੀ। ਇਸਲਾਮਾਬਾਦ ਤੋਂ ਤਕਰੀਬਨ 150 ਕਿਲੋਮੀਟਰ ਦੂਰ ਸਥਿਤ ਇਹ ਪ੍ਰਾਚੀਨ ਹਿੰਦੂ-ਬੋਧੀ ਸਥਾਨ ਹੈ ਜਿਹੜਾ ਹਿੰਦੂ ਤੀਰਥ ਯਾਤਰੀਆਂ ਲਈ ਖੋਲ੍ਹ ਦਿੱਤਾ ਗਿਆ ਹੈ। ਤਤਕਾਲੀ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੇ ਜਨਵਰੀ 2017 ਵਿਚ ਮੰਦਰ ਦੇ ਦੌਰੇ ਦੌਰਾਨ ਇਸ ਦੇ ਹੋਰ ਸੁਧਾਰ ਦੇ ਹੁਕਮ ਦਿੱਤੇ ਸਨ। ਸਿਆਲਕੋਟ ਸਥਿਤ ਇਤਿਹਾਸਕ ਮੰਦਰ ਦਾ ਵੀ ਨਵੀਨੀਕਰਨ ਕਰ ਕੇ ਇਹ ਹਿੰਦੂ ਭਾਈਚਾਰੇ ਨੂੰ ਸੌਂਪਿਆ ਗਿਆ।

ਇਸੇ ਤਰ੍ਹਾਂ ਹਾਲੀਆ ਸਾਲਾਂ ਦੌਰਾਨ ਪਾਕਿਸਤਾਨੀ ਹਕੂਮਤ ਨੇ ਅਨੇਕਾਂ ਗੁਰਦੁਆਰੇ ਵੀ ਨਵੀਨੀਕਰਨ ਪਿੱਛੋਂ ਸਿੱਖ ਭਾਈਚਾਰੇ ਨੂੰ ਸੌਂਪੇ ਹਨ। ਮਾਰਚ 2016 ਵਿਚ ਪਿਸ਼ਾਵਰ ਦੇ ਇਕ ਇਤਿਹਾਸਕ ਗੁਰਦੁਆਰੇ ਦਾ ਨਵੀਨੀਕਰਨ ਕੀਤਾ ਗਿਆ। ਨਨਕਾਣਾ ਸਾਹਿਬ, ਸਿਆਲਕੋਟ ਤੇ ਐਮਨਾਬਾਦ ਦੇ ਕੁਝ ਗੁਰਦੁਆਰੇ ਵੀ ਨਵੀਨੀਕਰਨ ਪਿੱਛੋਂ ਸੇਵਾ-ਸੰਭਾਲ ਲਈ ਸਿੱਖਾਂ ਨੂੰ ਸੌਂਪੇ ਗਏ। ਮਾਰਚ 2016 ਵਿਚ ਹੀ ਪਾਕਿਸਤਾਨ ਸਰਕਾਰ ਨੇ ਘੱਟਗਿਣਤੀਆਂ ਨਾਲ ਸਬੰਧਿਤ ਕੁਝ ਦਿਹਾੜਿਆਂ 'ਤੇ ਜਨਤਕ ਛੁੱਟੀਆਂ ਕਰਨ ਦਾ ਫੈਸਲਾ ਵੀ ਕੀਤਾ। ਨਵੰਬਰ 2019 ਵਿਚ ਕਰਤਾਰਪੁਰ ਲਾਂਘੇ ਰਾਹੀਂ ਭਾਰਤੀ ਸਿੱਖਾਂ ਲਈ ਇਤਿਹਾਸਕ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਵੀਜ਼ਾ ਰਹਿਤ ਦਰਸ਼ਨਾਂ ਦੀ ਸਹੂਲਤ ਦਿੱਤੀ ਗਈ। ਇਸੇ ਸਾਲ ਜਨਵਰੀ ਵਿਚ ਲਾਹੌਰ ਕਿਲ੍ਹੇ 'ਚ ਮਹਾਰਾਜਾ ਰਣਜੀਤ ਸਿੰਘ ਦਾ ਸ਼ਾਨਦਾਰ ਬੁੱਤ ਲਾਇਆ ਗਿਆ।

ਇਸ ਦੌਰਾਨ ਬਹੁਤੇ ਪ੍ਰੋਜੈਕਟ ਤਾਂ ਨਿਰਵਿਘਨ ਸਿਰੇ ਚੜ੍ਹ ਗਏ ਪਰ ਕੁਝ ਵਿਰੋਧ ਦਾ ਸਬੱਬ ਬਣੇ; ਜਿਵੇਂ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ ਲਾਉਣ ਦੇ ਫੈਸਲੇ 'ਤੇ ਸੋਸ਼ਲ ਮੀਡੀਆ ਉਤੇ ਭਾਰੀ ਵਿਵਾਦ ਪੈਦਾ ਹੋਇਆ। ਬੁੱਤ ਤੋਂ ਪਰਦਾ ਹਟਾਏ ਜਾਣ ਦੇ ਦੋ ਮਹੀਨਿਆਂ ਦੌਰਾਨ ਹੀ ਦੋ ਬੰਦਿਆਂ ਨੇ 'ਧਾਰਮਿਕ ਨਫਰਤ' ਕਾਰਨ ਇਸ ਦੀ ਭੰਨ-ਤੋੜ ਕੀਤੀ। ਇੰਜ ਪਾਕਿਸਤਾਨ ਨੂੰ 'ਅਗਾਂਹਵਧੂ' ਮੁਲਕ ਵਜੋਂ ਪੇਸ਼ ਕਰਨ ਦੀਆਂ ਇਸਲਾਮਾਬਾਦ ਦੀਆਂ ਕੋਸ਼ਿਸ਼ਾਂ ਨੂੰ 'ਇੰਤਹਾਪਸੰਦਾਂ' ਵਲੋਂ ਚੁਣੌਤੀ ਦਿੱਤੀ ਜਾ ਰਹੀ ਹੈ।

ਉਂਜ ਪਾਕਿਸਤਾਨ ਵਲੋਂ ਧਾਰਮਿਕ ਘੱਟਗਿਣਤੀਆਂ ਅਤੇ ਉਨ੍ਹਾਂ ਦੇ ਸਥਾਨਾਂ ਵਿਚ ਲਈ ਜਾ ਰਹੀ ਦਿਲਚਸਪੀ ਨੂੰ 9/11, ਦਹਿਸ਼ਤਗਰਦੀ ਖਿਲਾਫ ਅਖੌਤੀ ਜੰਗ ਤੇ ਇਸ ਦੇ ਸਿੱਟੇ ਵਜੋਂ ਪਾਕਿਸਤਾਨ ਦੀ ਮਜ਼ਹਬੀ ਇੰਤਹਾਪਸੰਦੀ ਨਾਲ ਸਾਂਝ ਦੇ ਹਵਾਲੇ ਨਾਲ ਦੇਖਿਆ ਜਾਣਾ ਚਾਹੀਦਾ ਹੈ। ਇੰਜ ਇਲਾਮਾਬਾਦ ਵਲੋਂ ਧਾਰਮਿਕ ਘੱਟਗਿਣਤੀਆਂ ਦੀ 'ਹਿਫਾਜ਼ਤ' ਲਈ ਦਿਖਾਈ ਜਾ ਰਹੀ ਬੇਤਾਬੀ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ ਕਿ ਇਹ ਇਸ ਵੱਲੋਂ ਖੁਦ ਨੂੰ 'ਇੰਤਹਾਪਸੰਦੀ' ਦੀ ਧਾਰਨਾ ਤੋਂ ਦੂਰ ਲਿਜਾਣ ਦੀਆਂ ਕੋਸ਼ਿਸ਼ਾਂ ਦਾ ਹਿੱਸਾ ਹੈ। ਜੋ ਵੀ ਹੋਵੇ, ਪਾਕਿਸਤਾਨੀ ਹਕੂਮਤ ਦੀ ਹਿੰਦੂ ਅਤੇ ਸਿੱਖ ਸਥਾਨਾਂ ਵਿਚ ਪੈਦਾ ਹੋਈ ਦਿਲਚਸਪੀ ਇਸ ਦੇ ਮੁਲਕ ਦੀਆਂ ਧਾਰਮਿਕ ਘੱਟਗਿਣਤੀਆਂ ਨਾਲ ਰਿਸ਼ਤਿਆਂ ਪੱਖੋਂ ਅਜਿਹੀ ਮਿਸਾਲੀ ਤਬਦੀਲੀ ਹੈ ਜਿਸ ਦੀ ਬਹੁਤ ਲੋੜ ਸੀ। ਗੌਰਤਲਬ ਹੈ ਕਿ ਨਵੀਨੀਕਰਨ ਤੋਂ ਪਹਿਲਾਂ ਇਹ ਗੁਰਦੁਆਰੇ ਤੇ ਮੰਦਰ ਬਿਲਕੁਲ ਖੰਡਰਾਂ ਵਰਗੇ ਸਨ। ਇਸ ਦੇ ਬਾਵਜੂਦ ਇਸ ਤਬਦੀਲੀ ਦੇ ਨਾਲ ਢਾਂਚਾਗਤ ਤਬਦੀਲੀਆਂ ਨਹੀਂ ਹੋ ਰਹੀਆਂ ਜਿਨ੍ਹਾਂ ਨਾਲ ਪਾਕਿਸਤਾਨੀ ਘੱਟਗਿਣਤੀਆਂ ਦੀ ਆਜ਼ਾਦੀ ਤੇ ਹੱਕਾਂ ਦੀ ਰਾਖੀ ਹੋ ਸਕੇ। ਸ਼ਾਇਦ ਇਸ ਤੋਂ ਵੀ ਅਹਿਮ ਇਹ ਹੈ ਕਿ ਪਾਕਿਸਤਾਨੀ ਰਿਆਸਤ ਨੇ ਮੁਲਕ ਵਿਚ ਹਿੰਦੂਆਂ ਤੇ ਸਿੱਖਾਂ ਨੂੰ ਖਲਨਾਇਕਾਂ ਤੇ ਮੁਸਲਮਾਨਾਂ ਨੂੰ ਨਾਇਕਾਂ ਵਜੋਂ ਦਿਖਾਉਣ ਦੇ ਰੁਝਾਨ ਖਿਲਾਫ ਜ਼ਰੂਰੀ ਕਦਮ ਨਹੀਂ ਚੁੱਕੇ। ਪਿਛਲੇ ਸਮੇਂ ਦੌਰਾਨ ਇਸ ਰੁਝਾਨ ਨੂੰ ਪਾਕਿਸਤਾਨੀ ਸਮਾਜ ਵਿਚ ਡੂੰਘੀਆਂ ਜੜ੍ਹਾਂ ਜਮਾਉਣ ਦਾ ਮੌਕਾ ਦਿੱਤਾ ਗਿਆ। ਇਸ ਰੁਝਾਨ ਨੂੰ ਸਭ ਤੋਂ ਵੱਧ ਮਜ਼ਬੂਤੀ ਮੁਲਕ ਦਾ ਵਿੱਦਿਅਕ ਢਾਂਚਾ ਦਿੰਦਾ ਹੈ। ਹੋਰਾਂ ਵਾਂਗ ਪਾਕਿਸਤਾਨੀ ਰਿਆਸਤ ਵੀ ਆਪਣੇ ਵਿੱਦਿਅਕ ਢਾਂਚੇ ਨੂੰ ਆਪਣੀ ਹੋਂਦ ਨੂੰ ਵਾਜਬ ਠਹਿਰਾਉਣ ਅਤੇ ਆਪਣੀ ਕਾਇਮੀ ਦੀਆਂ ਮਿੱਥਾਂ ਨੂੰ ਮਜ਼ਬੂਤ ਕਰਨ ਲਈ ਵਰਤਦੀ ਹੈ।

ਪਾਕਿਸਤਾਨੀ ਵਿੱਦਿਅਕ ਢਾਂਚੇ ਵਿਚ ਸਾਰਾ ਵਰਨਣ ਸਦੀਆਂ ਪੁਰਾਣੇ ਹਿੰਦੂ-ਮੁਸਲਿਮ ਟਕਰਾਅ ਉਤੇ ਕੇਂਦਰਿਤ ਹੈ ਜਿਹੜਾ ਆਖਰ 1947 ਵਿਚ ਮੁਲਕ ਦੀ ਅੰਗਰੇਜ਼ਾਂ ਤੋਂ ਆਜ਼ਾਦੀ ਵੇਲੇ ਦੋ ਹਿੱਸਿਆਂ ਵਿਚ ਹੋਈ ਵੰਡ ਨਾਲ ਸਿਖਰ 'ਤੇ ਪੁੱਜਦਾ ਹੈ। ਪਾਕਿਸਤਾਨ ਵੱਲੋਂ ਇਸ 'ਇਤਿਹਾਸਕ ਟਕਰਾਅ' ਦੀ ਕਹਾਣੀ ਮੁੜ-ਮੁੜ ਸੁਣਾਏ ਜਾਣ ਦੇ ਅਮਲ ਵਿਚ ਕੁਝ ਮੁਸਲਿਮ ਹਾਕਮਾਂ ਨੂੰ ਖਾਸ ਅਹਿਮੀਅਤ ਦਿੱਤੀ ਗਈ ਹੈ, ਜਿਵੇਂ 11ਵੀਂ ਸਦੀ ਦੇ ਅਫਗਾਨ ਹਾਕਮ ਤੇ ਭਾਰਤ ਉਤੇ ਹਮਲੇ ਕਰਨ ਵਾਲੇ ਮਹਿਮੂਦ ਗ਼ਜ਼ਨਵੀ ਦੇ ਪਾਕਿਸਤਾਨ ਦੀ ਇਸ 'ਕੌਮੀ ਕਹਾਣੀ' ਵਿਚ ਖਾਸ ਸੋਹਲੇ ਗਾਏ ਗਏ ਹਨ। ਗਜ਼ਨਵੀ ਵਲੋਂ ਭਾਰਤ ਵਿਚ ਗੁਜਰਾਤ ਸਥਿਤ ਸੋਮਨਾਥ ਮੰਦਰ ਉਤੇ ਵਾਰ-ਵਾਰ ਹਮਲੇ ਕਰ ਕੇ ਇਸ ਨੂੰ ਲੁੱਟੇ ਜਾਣ ਦੀ ਕਾਰਵਾਈ ਨੂੰ ਧਾਰਮਿਕ ਤੇ ਕੌਮੀ ਫਰਜ਼ ਵਜੋਂ ਪੇਸ਼ ਕੀਤਾ ਜਾਂਦਾ ਹੈ। ਇਨ੍ਹਾਂ ਕਹਾਣੀਆਂ ਤੇ ਸਬਕਾਂ ਰਾਹੀਂ ਹਿੰਦੂਆਂ ਨੂੰ ਅਜਿਹੀ ਦੂਜੀ ਧਿਰ ਵਜੋਂ ਦਿਖਾਇਆ ਜਾਂਦਾ ਹੈ ਜਿਸ ਖਿਲਾਫ ਪਾਕਿਸਤਾਨੀ ਕੌਮੀ ਪਛਾਣ ਸਿਰਜੀ ਗਈ ਹੈ। ਦਿਲਚਸਪ ਗੱਲ ਇਹ ਹੈ ਕਿ ਭਾਰਤ ਵਿਚ ਗਜ਼ਨਵੀ ਖਲਨਾਇਕ ਦੀ ਭੂਮਿਕਾ ਵਿਚ ਹੈ ਜਿਸ ਖਿਲਾਫ ਭਾਰਤੀ ਕੌਮੀ ਆਪਾ ਪ੍ਰੀਭਾਸ਼ਿਤ ਹੁੰਦਾ ਹੈ।

ਉਂਜ ਗਜ਼ਨਵੀ ਇਕੱਲਾ ਅਜਿਹਾ ਇਤਿਹਾਸਕ ਮੁਸਲਿਮ ਆਗੂ ਨਹੀਂ ਜਿਸ ਦੀ ਪਾਕਿਸਤਾਨ ਵਿਚ ਹਾਲੇ ਵੀ ਬੱਲੇ-ਬੱਲੇ ਹੈ ਸਗੋਂ ਭਾਰਤ ਉਤੇ ਹਮਲੇ ਕਰਨ ਵਾਲੇ ਹੋਰ ਮੁਸਲਿਮ ਹਾਕਮਾਂ ਜਿਵੇਂ ਮੁਹੰਮਦ ਬਿਨ ਕਾਸਿਮ, ਮੁਹੰਮਦ ਗੌਰੀ, ਬਾਬਰ ਆਦਿ ਨੂੰ ਵੀ ਕੌਮੀ ਨਾਇਕਾਂ ਵਜੋਂ ਦਿਖਾਇਆ ਜਾਂਦਾ ਹੈ। ਫੌਜੀ ਅੱਡਿਆਂ ਅਤੇ ਮਿਜ਼ਾਈਲਾਂ ਦੇ ਨਾਂ ਇਨ੍ਹਾਂ ਦੇ ਨਾਵਾਂ ਉਤੇ ਰੱਖੇ ਗਏ ਹਨ। ਕਸਬਿਆਂ, ਸੜਕਾਂ, ਚੌਕਾਂ ਆਦਿ ਦੇ ਹਿੰਦੂ-ਸਿੱਖ ਨਾਵਾਂ ਨੂੰ ਭੁੱਲ-ਭੁਲਾ ਦਿੱਤਾ ਗਿਆ ਹੈ ਅਤੇ ਇਨ੍ਹਾਂ ਨੂੰ ਮੁੜ ਚੇਤੇ ਕਰਾਉਣ ਦੀ ਕੋਈ ਕੋਸ਼ਿਸ਼ ਨਹੀਂ ਹੋਈ ਜਦੋਂਕਿ ਜੇ ਅਜਿਹਾ ਕੀਤਾ ਜਾਂਦਾ ਤਾਂ ਇਸ ਸਰਜ਼ਮੀਨ ਨਾਲ ਧਾਰਮਿਕ ਘੱਟਗਿਣਤੀਆਂ ਦੇ ਇਤਿਹਾਸਕ ਰਿਸ਼ਤਿਆਂ ਨੂੰ ਜ਼ਾਹਰ ਕੀਤਾ ਜਾ ਸਕਦਾ ਸੀ।

ਇਸ ਦੇ ਸਿੱਟੇ ਵਜੋਂ ਪਾਕਿਸਤਾਨੀ ਸਮਾਜ ਆਪਣੇ ਮੁਲਕ ਦੇ ਭਾਰਤ ਨਾਲ ਸਮਕਾਲੀ ਰਿਸ਼ਤਿਆਂ ਨੂੰ ਹਿੰਦੂਆਂ ਤੇ ਮੁਸਲਮਾਨਾਂ ਦੇ ਇਸ ਖਿਆਲੀ ਬੇਮਿਆਦੀ ਟਕਰਾਅ ਦੀਆਂ ਐਨਕਾਂ ਥਾਣੀ ਦੇਖਦਾ ਹੈ। ਇਸ ਤਰ੍ਹਾਂ ਜਦੋਂ ਵੀ ਦੋਵਾਂ ਮੁਲਕਾਂ ਦੇ ਰਿਸ਼ਤੇ ਵਿਗੜਦੇ ਹਨ ਤਾਂ ਇਸ ਨੂੰ ਇਸ ਕਥਿਤ ਇਤਿਹਾਸਕ ਟਕਰਾਅ ਦੇ ਇਕ ਹੋਰ ਅਧਿਆਏ ਵਜੋਂ ਹੀ ਦੇਖਿਆ ਜਾਂਦਾ ਹੈ। ਮਾਰਚ 2019 ਵਿਚ ਜਦੋਂ ਦੋਵਾਂ ਮੁਲਕਾਂ ਦਰਮਿਆਨ ਤਣਾਅ ਚੋਟੀ 'ਤੇ ਸੀ ਤਾਂ ਲਹਿੰਦੇ ਪੰਜਾਬ ਦੇ ਸੂਚਨਾ ਤੇ ਸਭਿਆਚਾਰ ਮੰਤਰੀ ਫੈਜ਼ੁਲ ਹਸਨ ਚੌਹਾਨ ਨੇ ਹਿੰਦੂ ਭਾਈਚਾਰੇ ਖਿਲਾਫ ਅਪਮਾਨਜਨਕ ਟਿੱਪਣੀਆਂ ਕੀਤੀਆਂ। ਇਨ੍ਹਾਂ ਨਸਲੀ ਟਿੱਪਣੀਆਂ ਦਾ ਭਾਰੀ ਵਿਰੋਧ ਹੋਇਆ ਤੇ ਉਨ੍ਹਾਂ ਨੂੰ ਅਸਤੀਫਾ ਦੇਣਾ ਪਿਆ, ਪਰ ਉਸ ਵਲੋਂ ਭਾਰਤੀ ਰਿਆਸਤ ਨੂੰ ਹਿੰਦੂ ਮੱਤ ਦੇ ਤੁੱਲ ਦਿਖਾਉਣ ਦੀ ਇਹ ਕੋਸ਼ਿਸ਼ ਇਕ ਵੱਡੀ ਸਮੱਸਿਆ ਵੱਲ ਇਸ਼ਾਰਾ ਕਰਦੀ ਸੀ। ਪਾਕਿਸਤਾਨ ਵਿਚ ਹਿੰਦੂ ਭਾਵੇਂ ਸਭ ਤੋਂ ਵੱਡੀ ਧਾਰਮਿਕ ਘੱਟਗਿਣਤੀ ਹਨ ਪਰ ਬਹੁਤੇ ਪਾਕਿਸਤਾਨੀ ਹਾਲੇ ਵੀ ਹਿੰਦੂਆਂ ਤੇ ਹਿੰਦੂ ਮੱਤ ਨੂੰ ਭਾਰਤ ਨਾਲ ਮੇਲ ਕੇ ਹੀ ਦੇਖਦੇ ਹਨ। ਹਾਲੀਆ ਸਾਲਾਂ ਦੌਰਾਨ ਭਾਰਤ ਵਿਚ ਸੱਜੇ ਪੱਖੀ ਹਿੰਦੂਤਵ ਦੇ ਉਭਾਰ ਅਤੇ ਪਾਕਿਸਤਾਨ ਵਿਚ ਲਗਾਤਾਰ ਵਧ ਰਹੇ ਇਸਲਾਮੀਕਰਨ ਕਾਰਨ ਇਹ ਧਾਰਨਾ ਹੋਰ ਮਜ਼ਬੂਤ ਹੋਈ ਹੈ।

ਇਸ ਤਰ੍ਹਾਂ ਮੁਲਕ ਦੇ ਖਾਸ ਵਿਚਾਰਧਾਰਾ ਆਧਾਰਿਤ ਵਿੱਦਿਅਕ ਢਾਂਚੇ ਅਤੇ ਮੀਡੀਆ ਕਾਰਨ ਬਹੁਤੇ ਪਾਕਿਸਤਾਨੀ ਸਾਰੇ ਹਿੰਦੂਆਂ, ਜਿਹੜੇ ਪਾਕਿਸਤਾਨ ਦੇ ਨਾਗਰਿਕ ਵੀ ਹਨ, ਨੂੰ 'ਦੁਸ਼ਮਣਾਂ' ਵਜੋਂ ਦੇਖਦੇ ਹਨ। ਇਸ ਲਈ ਇਸਲਾਮਾਬਾਦ ਦੇ ਤਜਵੀਜ਼ਸ਼ੁਦਾ ਹਿੰਦੂ ਮੰਦਰ ਉਤੇ ਹੋ ਰਹੇ ਹਮਲਿਆਂ ਨੂੰ ਵੀ ਇਸੇ ਰਾਸ਼ਟਰਵਾਦੀ ਚਸ਼ਮੇ ਵਿਚੋਂ ਸਮਝਿਆ ਜਾਣਾ ਚਾਹੀਦਾ ਹੈ। ਇਸ ਕਾਰਨ ਬਹੁਤੇ ਲੋਕਾਂ ਦਾ ਖਿਆਲ ਹੈ ਕਿ ਮੰਦਰਾਂ ਨੂੰ ਤੋੜਨਾ ਉਨ੍ਹਾਂ ਦਾ ਧਾਰਮਿਕ ਤੇ ਕੌਮੀ ਫਰਜ਼ ਹੈ।

ਇਸ ਦੌਰਾਨ ਪਾਕਿਸਤਾਨੀ ਰਿਆਸਤ ਦੀ ਹਿੰਦੂ ਤੇ ਸਿੱਖ ਧਾਰਮਿਕ ਥਾਵਾਂ ਵਿਚ ਪੈਦਾ ਹੋਈ ਤਾਜ਼ਾ ਦਿਲਚਸਪੀ ਦੀ ਯਕੀਨਨ ਸ਼ਲਾਘਾ ਹੋਣੀ ਚਾਹੀਦੀ ਹੈ। ਪਰ ਮੁਲਕ ਦੇ ਵਿੱਦਿਅਕ ਢਾਂਚੇ ਵਿਚ ਬੁਨਿਆਦੀ ਤਬਦੀਲੀਆਂ ਤੇ ਥਾਵਾਂ ਦੇ ਇਤਿਹਾਸਕ ਹਿੰਦੂ ਤੇ ਸਿੱਖ ਨਾਵਾਂ ਨੂੰ ਮੁੜ ਪੇਸ਼ ਕੀਤੇ ਬਿਨਾਂ ਅਤੇ ਹਿੰਦੂਆਂ ਤੇ ਮੁਸਲਮਾਨਾਂ ਦੇ ਖਿਆਲੀ ਟਕਰਾਅ ਦੀ ਧਾਰਨਾ ਖਿਲਾਫ ਸਰਗਰਮ ਮੁਹਿੰਮ ਚਲਾਏ ਬਿਨਾਂ ਸਰਕਾਰ ਵਲੋਂ ਘੱਟਗਿਣਤੀ ਅਕੀਦਿਆਂ ਦੇ ਧਾਰਮਿਕ ਸਥਾਨਾਂ ਦੀ ਸੁਰੱਖਿਆ ਦੀਆਂ ਕੋਸ਼ਿਸ਼ਾਂ ਦਾ ਜਨਤਕ ਵਿਰੋਧ ਹੁੰਦਾ ਰਹੇਗਾ।

ਪਾਕਿਸਤਾਨ ਦੀ ਕੌਮੀ ਕਹਾਣੀ ਹਿੰਦੂਆਂ ਦੀ ਹਾਰ ਅਤੇ ਮੁਸਲਮਾਨਾਂ ਦੀ ਜਿੱਤ ਉਤੇ ਆਧਾਰਿਤ ਹੈ ਜਿਹੜੀ ਇਤਿਹਾਸਕ ਮੁਸਲਿਮ ਹਾਕਮਾਂ ਦੇ ਹਮਲਿਆਂ ਅਤੇ ਜੰਗਾਂ-ਯੁੱਧਾਂ ਰਾਹੀਂ ਸੁਣਾਈ ਜਾਂਦੀ ਹੈ। ਇਉਂ ਪਾਕਿਸਤਾਨੀ ਕੌਮੀ ਰਾਸ਼ਟਰਵਾਦ ਨੂੰ ਇਸਲਾਮੀ ਪਛਾਣ ਦੇ ਚਸ਼ਮੇ ਵਿਚੋਂ ਹੀ ਦੇਖਿਆ ਜਾਂਦਾ ਹੈ। ਇਹ ਨਿਖੇੜਕਾਰੀ ਪਛਾਣ ਹਿੰਦੂਆਂ ਤੇ ਹੋਰ ਗੈਰ-ਮੁਸਲਮਾਨਾਂ ਦਾ ਸਹੀ ਢੰਗ ਨਾਲ ਪਾਕਿਸਤਾਨ ਦਾ ਹਿੱਸਾ ਬਣਨ ਅਤੇ ਕੌਮੀ ਬਹਿਸ ਤੇ ਫੈਸਲਿਆਂ ਵਿਚ ਸ਼ਾਮਲ ਹੋਣਾ ਨਾਮੁਮਕਿਨ ਬਣਾ ਦਿੰਦੀ ਹੈ। ਕਿਹਾ ਜਾ ਸਕਦਾ ਹੈ ਕਿ ਇਸ ਕੌਮੀ ਕਹਾਣੀ ਵਿਚ ਬੁਨਿਆਦੀ ਤਬਦੀਲੀ ਤੋਂ ਬਿਨਾਂ ਮੰਦਰਾਂ ਦੀ ਉਸਾਰੀ ਤੇ ਨਵੀਨੀਕਰਨ ਦੀ ਇਹ ਕਾਰਵਾਈ ਘੱਟਗਿਣਤੀਆਂ ਲਈ ਲਾਰਿਆਂ ਤੋਂ ਸਿਵਾਏ ਹੋਰ ਕੁਝ ਨਹੀਂ ਹੋਵੇਗੀ। ਇਸ ਲਈ ਮੰਦਰ ਉਤੇ ਹੋਏ ਇਸ ਹਮਲੇ ਨੂੰ ਮਹਿਜ਼ 'ਇੰਤਹਾਪਸੰਦੀ ਵਿਰੋਧ' ਕਰਾਰ ਦੇਣਾ ਪਾਕਿਸਤਾਨੀ ਕੌਮੀ ਉਸਾਰੀ ਦੇ ਅਮਲ ਦੇ ਇਸ ਨਿਖੇੜਕਾਰੀ ਤੇ ਫੁੱਟ-ਪਾਊ ਸੁਭਾਅ ਤੋਂ ਅੱਖਾਂ ਮੀਟਣਾ ਹੋਵੇਗਾ। ਜਿਨ੍ਹਾਂ ਲੋਕਾਂ ਨੇ ਮੰਦਰ ਅਤੇ ਪਾਕਿਸਤਾਨ ਵਿਚਲੇ ਹਿੰਦੂਆਂ ਨੂੰ ਧਮਕੀਆਂ ਦਿੱਤੀਆਂ, ਉਹ ਕੋਈ 'ਇੰਤਹਾਪਸੰਦ' ਨਹੀਂ ਸਗੋਂ ਅਜਿਹੇ ਨਮੂਨੇ ਦੇ ਕੌਮੀ ਵਫਾਦਾਰ ਹਨ ਜਿਨ੍ਹਾਂ ਨੂੰ ਮੁਲਕ ਵਿਚ ਬੀਤੇ 70 ਸਾਲਾਂ ਦੌਰਾਨ ਬੜੀ ਮਿਹਨਤ ਨਾਲ ਘੜਿਆ ਗਿਆ ਹੈ।

# 5 ਅਗਸਤ: ਕਿੱਥੇ ਹੈ ਕਸ਼ਮੀਰ ਦਾ 'ਵਿਕਾਸ'?

**ਜੰਮੂ ਕਸ਼ਮੀਰ ਦਾ ਵਿਸ਼ੇਸ਼ ਦਰਜਾ ਖਤਮ ਹੋਏ ਨੂੰ ਪੂਰਾ ਸਾਲ ਹੋ ਗਿਆ ਹੈ। ਉਸ ਵਕਤ ਮੋਦੀ ਸਰਕਾਰ ਨੇ ਗੱਲ ਤਾਂ ਜੰਮੂ ਕਸ਼ਮੀਰ ਦੇ ਵਿਕਾਸ ਦੀ ਕੀਤੀ ਸੀ ਪਰ ਪਿਛਲੇ ਇਕ ਸਾਲ ਦੌਰਾਨ ਪੂਰੇ ਸੰਸਾਰ ਨੇ ਦੇਖਿਆ ਹੈ ਕਿ ਇਸ ਸਰਕਾਰ ਨੂੰ ਲੋਕਾਂ ਦੇ ਹੱਕਾਂ ਅਤੇ ਇਨਸਾਨੀ ਜ਼ਿੰਦਗੀ ਦੀ ਸੁਰੱਖਿਆ ਦੀ ਪ੍ਰਵਾਹ ਨਹੀਂ ਹੈ। ਇਸ ਸਮੁੱਚੇ ਹਾਲਾਤ ਬਾਰੇ ਟਿੱਪਣੀ ਸਾਡੇ ਕਾਲਮਨਵੀਸ ਬੂਟਾ ਸਿੰਘ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ**

ਪਿਛਲੇ ਸਾਲ 5 ਅਗਸਤ ਨੂੰ ਆਰ.ਐਸ.ਐਸ.-ਭਾਜਪਾ ਸਰਕਾਰ ਨੇ 'ਜੰਮੂ ਐਂਡ ਕਸ਼ਮੀਰ ਪੁਨਰਗਠਨ ਬਿੱਲ-2019' ਪਾਸ ਕਰ ਕੇ ਜੰਮੂ ਕਸ਼ਮੀਰ ਦਾ ਵਿਸ਼ੇਸ਼ ਦਰਜਾ ਖਤਮ ਕਰ ਦਿੱਤਾ ਸੀ। ਹੁਣ ਸਾਲ 2020 ਵਿਚ ਇਸ ਦਿਨ (5 ਅਗਸਤ) ਤੋਂ ਐਨ ਦੋ ਦਿਨ ਪਹਿਲਾਂ ਜੰਮੂ ਕਸ਼ਮੀਰ ਦੇ ਜਨ-ਜੀਵਨ ਉਪਰ ਮੁੜ ਮੁਕੰਮਲ ਪਾਬੰਦੀ ਥੋਪ ਦਿੱਤੀ ਗਈ ਹੈ। ਇਸੇ ਦਿਨ, ਅਯੁੱਧਿਆ ਵਿਚ ਰਾਮ ਮੰਦਰ ਦਾ ਨੀਂਹ ਪੱਥਰ ਨਰਿੰਦਰ ਮੋਦੀ ਕੋਲੋਂ ਰਖਵਾ ਕੇ ਘੱਟਗਿਣਤੀ ਮੁਸਲਿਮ ਭਾਈਚਾਰੇ ਨੂੰ ਜ਼ਲੀਲ ਕੀਤਾ ਜਾ ਰਿਹਾ ਹੈ। ਇਤਿਹਾਸਕ ਤੌਰ 'ਤੇ ਜੰਮੂ ਕਸ਼ਮੀਰ ਵੱਖਰੀ ਰਿਆਸਤ ਸੀ। ਇਸ ਦੀ ਨਿਆਰੀ ਹਸਤੀ ਮਿਟਾ ਕੇ ਇਸ ਉਪਰ ਭਾਰਤ ਦਾ ਮੁਕੰਮਲ ਕਬਜ਼ਾ ਸਥਾਪਤ ਕਰਨ ਦੇ ਆਰ.ਐਸ.ਐਸ. ਦੇ ਮੁੱਖ ਏਜੰਡੇ ਨੂੰ ਅੰਜਾਮ ਦਿੱਤਾ ਗਿਆ। ਪਾਰਲੀਮੈਂਟ ਵਿਚ ਬਹੁਗਿਣਤੀ ਦੀ ਧੌਂਸ ਨਾਲ ਅਤੇ ਵਿਰੋਧੀ

**ਬੂਟਾ ਸਿੰਘ**
**ਫੋਨ: +91-94634-74342**


ਧਿਰ ਦੀ ਬੁੜਬੁੜ ਨੂੰ ਸਹਿਜੇ ਹੀ ਦਬਾ ਕੇ ਬਸਤੀਵਾਦੀ ਮਨਸੂਬਾ ਪੂਰਾ ਕਰ ਲਿਆ ਗਿਆ। ਉਂਜ, ਵਿਰੋਧੀ ਧਿਰ ਨੂੰ ਜੇ ਕੋਈ ਉਜ਼ਰ ਸੀ ਤਾਂ ਸਿਰਫ ਆਰ.ਐਸ.ਐਸ.-ਭਾਜਪਾ ਦੇ ਤਰੀਕੇ ਬਾਰੇ ਸੀ। 'ਮੁੱਖਧਾਰਾ' ਦੀਆਂ ਕੁਝ ਪਾਰਟੀਆਂ ਇਸ ਨੂੰ ਸਹਿੰਦੇ-ਸਹਿੰਦੇ ਅੰਜਾਮ ਦੇਣਾ ਚਾਹੁੰਦੀਆਂ ਸਨ, ਆਰ.ਐਸ.ਐਸ.-ਭਾਜਪਾ ਨੇ ਇੱਕੋ ਝਟਕੇ ਨਾਲ ਵਿਸ਼ੇਸ਼ ਦਰਜੇ ਦਾ ਭੋਗ ਪਾ ਦਿੱਤਾ। ਕਸ਼ਮੀਰੀਆਂ ਨੂੰ ਸਵੈਨਿਰਣੇ ਦਾ ਹੱਕ ਦੇਣ ਲਈ ਕੋਈ ਵੀ ਤਿਆਰ ਨਹੀਂ ਸੀ। ਪਿਛਲੇ ਇਕ ਸਾਲ ਤੋਂ ਕਸ਼ਮੀਰ ਵਿਚ ਸੂਚਨਾ ਬਲੈਕਆਊਟ ਹੈ ਅਤੇ ਇਹ ਬਾਕੀ ਦੁਨੀਆ ਨਾਲੋਂ ਪੂਰੀ ਤਰ੍ਹਾਂ ਕੱਟਿਆ ਹੋਇਆ ਹੈ। ਦੁਨੀਆ ਦਾ ਸਭ ਤੋਂ ਜ਼ਿਆਦਾ ਫੌਜੀ ਤਾਇਨਾਤੀ ਵਾਲਾ ਇਹ ਖੇਤਰ ਫੌਜੀ ਅਤੇ ਨੀਮ-ਫੌਜੀ ਤਾਕਤਾਂ ਦੀਆਂ ਬੰਦੂਕਾਂ ਦੇ ਸਾਏ ਹੇਠ ਖੁੱਲ੍ਹੀ ਜੇਲ੍ਹ ਵਾਂਗ ਹੈ। ਜੰਮੂ ਕਸ਼ਮੀਰ ਪ੍ਰਸ਼ਾਸਨ ਵੱਲੋਂ ਸਾਬਕਾ ਰਿਆਸਤ ਦੇ ਇਲਾਕਿਆਂ ਨੂੰ ਫੌਜ ਦੁਆਰਾ ਵਿਕਾਸ ਲਈ 'ਯੁੱਧਨੀਤਕ ਇਲਾਕੇ' ਨੋਟੀਫਾਈ ਕੀਤੇ ਜਾਣ ਨਾਲ ਫੌਜ ਦਾ ਪਸਾਰਾ ਹੋਰ ਵੀ ਦੂਰ-ਦੂਰ ਤੱਕ ਹੋ ਗਿਆ ਹੈ। ਹਰ ਪਾਸੇ ਤਬਾਹੀ, ਬਰਬਾਦੀ, ਸਦਮੇ ਅਤੇ ਖਾਮੋਸ਼ੀ ਦਾ ਆਲਮ ਹੈ। ਉਹ 'ਵਿਕਾਸ' ਅਤੇ ਸਦਭਾਵਨਾ ਕਿਤੇ ਨਜ਼ਰ ਨਹੀਂ ਆ ਰਿਹਾ ਜਿਸ ਦੇ ਸਬਜ਼ਬਾਗ ਦਿਖਾਏ ਗਏ ਸਨ।

ਪਿਛਲੇ ਸਾਲ ਹੀ ਅਮਿਤ ਸ਼ਾਹ ਨੇ ਫਰਮਾਨ ਸੁਣਾ ਦਿੱਤਾ ਸੀ ਕਿ ਜੰਮੂ ਕਸ਼ਮੀਰ ਦਿੱਲੀ ਦਰਬਾਰ ਦਾ ਕੇਂਦਰ ਸ਼ਾਸਿਤ ਇਲਾਕਾ ਰਹੇਗਾ ਅਤੇ ਹਾਲਾਤ 'ਆਮ' ਹੋਣ 'ਤੇ ਹੀ ਇਸ ਨੂੰ ਮੁੜ ਮੁਕੰਮਲ ਰਾਜ ਦਾ ਦਰਜਾ ਦਿੱਤਾ ਜਾਵੇਗਾ। ਹਾਲਾਤ 'ਆਮ' ਹੋਣ ਦਾ ਫੈਸਲਾ ਕਿਉਂਕਿ ਆਰ.ਐਸ.ਐਸ.-ਭਾਜਪਾ ਦੀ ਮਰਜ਼ੀ ਨਾਲ ਹੋਣਾ ਹੈ, ਇਸ ਲਈ ਸਾਲ ਬਾਅਦ ਵੀ ਕਸ਼ਮੀਰ ਦੀ ਖੁੱਲ੍ਹੀ ਜੇਲ੍ਹ ਖਤਮ ਨਹੀਂ ਕੀਤੀ ਗਈ। ਤਾਲਾਬੰਦੀ ਦੌਰਾਨ ਘਰਾਂ ਵਿਚ 55 ਦਿਨ ਬੰਦ ਰਹਿਣ ਨੇ ਹੀ ਭਾਰਤ ਦੇ ਲੋਕਾਂ ਨੂੰ ਅਹਿਸਾਸ ਕਰਵਾ ਦਿੱਤਾ ਸੀ ਕਿ ਤਾਲਾਬੰਦੀ ਦੇ ਕਿਸੇ ਸਮਾਜ ਅਤੇ ਆਰਥਿਕਤਾ ਲਈ ਮਾਇਨੇ ਕੀ ਹਨ? ਉਨ੍ਹਾਂ ਨੂੰ ਇਕ ਸਾਲ ਤੋਂ ਘਰਾਂ ਵਿਚ ਕੈਦ ਕਸ਼ਮੀਰੀਆਂ ਦੇ ਦਰਦ ਨੂੰ ਵੀ ਸਮਝਣਾ ਹੋਵੇਗਾ।

ਦਰਅਸਲ, ਆਰ.ਐਸ.ਐਸ.-ਭਾਜਪਾ ਹਾਈਕਮਾਨ ਕਸ਼ਮੀਰ ਦੇ ਰਵਾਇਤੀ ਭਾਰਤ ਪੱਖੀ ਸਿਆਸਤਦਾਨਾਂ ਨੂੰ ਗੈਰਪ੍ਰਸੰਗਿਕ ਬਣਾ ਕੇ ਆਪਣੇ ਹੱਥਠੋਕੇ ਨਵੇਂ ਰਾਜਨੀਤਕ ਨੁਮਾਇੰਦੇ ਸ਼ਿੰਗਾਰਨ ਦੀ ਕਵਾਇਦ 'ਚ ਜੁਟੀ ਹੋਈ ਹੈ। ਇਕ ਸਾਬਕਾ ਵਜ਼ੀਰ ਅਲਤਾਫ ਹੁਸੈਨ ਦੀ ਛਤਰੀ ਹੇਠ ਪੀ.ਡੀ.ਪੀ. ਦੇ ਨਾਰਾਜ਼ ਅਨਸਰਾਂ ਅਤੇ ਸੱਤਾ ਲਈ ਲਾਲਾਂ ਸੁੱਟ ਰਹੇ ਹੋਰ ਦਲਬਦਲੂਆਂ ਨੂੰ ਲੈ ਕੇ 'ਅਪਨਾ ਪਾਰਟੀ' ਖੜ੍ਹੀ ਕੀਤੀ ਗਈ ਹੈ। ਤਮਾਮ ਚਾਣਕੀਆ ਤਿਕੜਮਬਾਜ਼ੀਆਂ ਅਤੇ ਫੌਜ ਦੇ ਬਾਵਜੂਦ ਸੰਘ ਬ੍ਰਿਗੇਡ ਨੂੰ ਪਾਬੰਦੀਆਂ ਹਟਾਏ ਜਾਣ 'ਤੇ ਕਸ਼ਮੀਰੀ ਅਵਾਮ ਦਾ ਪ੍ਰਤੀਕਰਮ ਭੈਭੀਤ ਕਰ ਰਿਹਾ ਹੈ।

ਕਸ਼ਮੀਰੀਆਂ ਦੇ ਵਿਕਾਸ ਦੀ ਵਾਹਦ ਦਾਅਵੇਦਾਰ ਸਰਕਾਰ ਨੂੰ ਲੋਕਾਂ ਦੇ ਹੱਕਾਂ ਅਤੇ ਇਨਸਾਨੀ ਜ਼ਿੰਦਗੀ ਦੀ ਸੁਰੱਖਿਆ ਦੀ ਬਿਲਕੁਲ ਪ੍ਰਵਾਹ ਨਹੀਂ ਹੈ। ਇਸ ਦੀ ਇੱਕੋ-ਇੱਕ ਤਰਜੀਹ ਕਸ਼ਮੀਰੀ ਅਵਾਮ ਦੀ ਆਜ਼ਾਦੀ ਦੀ ਜਮਹੂਰੀ ਰੀਝ ਨੂੰ ਕੁਚਲਣਾ ਹੈ। ਨਾਬਾਲਗ ਬੱਚਿਆਂ ਸਮੇਤ ਨੌਜਵਾਨਾਂ ਦੀ ਗੈਰਕਾਨੂੰਨੀ ਨਜ਼ਰਬੰਦੀ, ਹਿਰਾਸਤ ਵਿਚ ਤਸੀਹੇ, ਜ਼ਮਾਨਤ ਅਤੇ ਨਿਰਪੱਖ ਮੁਕੱਦਮੇ ਦਾ ਹੱਕ ਖੋਹਣਾ ਆਮ ਹੈ। ਯੂ.ਏ.ਪੀ.ਏ. ਅਤੇ ਪਬਲਿਕ ਸੇਫਟੀ ਐਕਟ ਵਰਗੇ ਕਾਲੇ ਕਾਨੂੰਨਾਂ ਰਾਹੀਂ ਹਰ ਆਲੋਚਕ ਆਵਾਜ਼ ਦਾ ਗਲਾ ਘੁੱਟ ਦਿੱਤਾ ਗਿਆ ਹੈ। ਆਰ.ਐਸ.ਐਸ.-ਭਾਜਪਾ ਅਤੇ ਇਸ ਦੀਆਂ ਕਠਪੁਤਲੀਆਂ ਨੂੰ ਛੱਡ ਕੇ ਕਿਸੇ ਵੀ ਹੋਰ ਪਾਰਟੀ ਦੇ ਰਾਜਨੀਤਕ ਆਗੂ, ਮਨੁੱਖੀ ਹੱਕਾਂ ਦੀਆਂ ਜਥੇਬੰਦੀਆਂ, ਕੌਮਾਂਤਰੀ ਆਬਜ਼ਰਵਰਾਂ ਅਤੇ ਨਿਰਪੱਖ ਪੱਤਰਕਾਰਾਂ ਨੂੰ ਉਥੇ ਜਾ ਕੇ ਕਸ਼ਮੀਰੀ ਅਵਾਮ ਨਾਲ ਆਜ਼ਾਦਾਨਾ ਗੱਲਬਾਤ ਕਰਨ ਦੀ ਇਜਾਜ਼ਤ ਨਹੀਂ ਹੈ। ਇਹਤਿਹਾਤੀ ਨਜ਼ਰਬੰਦੀ ਤਹਿਤ ਪਿਛਲੇ ਸਾਲ ਗੈਰਕਾਨੂੰਨੀ ਤੌਰ 'ਤੇ ਗ੍ਰਿਫਤਾਰ ਕੀਤੇ ਬੇਸ਼ੁਮਾਰ ਕਸ਼ਮੀਰੀ, ਖਾਸ ਕਰ ਕੇ ਨਾਬਾਲਗ ਬੱਚੇ ਅਤੇ ਨੌਜਵਾਨ ਅਜੇ ਵੀ ਨਜ਼ਰਬੰਦ ਹਨ। ਗ੍ਰਹਿ ਮੰਤਰਾਲੇ ਨੇ ਮਾਰਚ ਵਿਚ ਸੰਸਦ ਨੂੰ ਦੱਸਿਆ ਸੀ ਕਿ ਜੰਮੂ ਕਸ਼ਮੀਰ ਵਿਚ 5 ਅਗਸਤ 2019 ਤੋਂ ਲੈ ਕੇ ਫਰਵਰੀ 2020 ਤੱਕ 7357 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਜੰਮੂ ਕਸ਼ਮੀਰ ਕੁਲੀਸ਼ਨ ਆਫ ਸਿਵਲ ਸੁਸਾਇਟੀ ਦਾ ਅੰਦਾਜ਼ਾ ਹੈ ਕਿ ਇਕ ਸਾਲ ਵਿਚ 13000 ਤੋਂ ਜ਼ਿਆਦਾ ਕਸ਼ਮੀਰੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਕਥਿਤ ਦੋਸ਼ੀਆਂ ਨੂੰ ਜ਼ਮਾਨਤ ਅਤੇ ਤੇਜ਼ ਰਫਤਾਰ ਮੁਕੱਦਮੇ ਰਾਹੀਂ ਨਿਆਂ ਦਾ ਹੱਕ ਵੀ ਨਹੀਂ ਦਿੱਤਾ ਜਾ ਰਿਹਾ। ਰਾਜ ਮਨੁੱਖੀ ਅਧਿਕਾਰ ਕਮਿਸ਼ਨ ਅਤੇ ਹੋਰ ਨਜ਼ਰਸਾਨੀ ਕਰਨ ਵਾਲੀਆਂ ਸੰਸਥਾਵਾਂ ਨਾਮਨਿਹਾਦ ਹਨ। ਨਿਰਪੱਖ ਪੱਤਰਕਾਰਾਂ ਉਪਰ ਦੇਸ਼ਧ੍ਰੋਹ ਅਤੇ ਹੋਰ ਸੰਗੀਨ ਧਾਰਾਵਾਂ ਤਹਿਤ ਪਰਚੇ ਦਰਜ ਕਰ ਕੇ ਪ੍ਰੈੱਸ ਦੀ ਆਜ਼ਾਦੀ ਕੁਚਲ ਦਿੱਤੀ ਗਈ। ਪਾਠਕਾਂ ਦੀ ਗਿਣਤੀ ਅਤੇ ਪ੍ਰਕਾਸ਼ਨਾਵਾਂ ਦੀ ਆਮਦਨੀ ਵਿਚ ਬਹੁਤ ਜ਼ਿਆਦਾ ਗਿਰਾਵਟ ਆਈ ਹੈ, ਦਰਜਨਾਂ ਪੱਤਰਕਾਰਾਂ ਦੀ ਨੌਕਰੀ ਚਲੀ ਗਈ ਹੈ। ਸੁਰੱਖਿਆ ਏਜੰਸੀਆਂ ਦੀ ਬੇਤਹਾਸ਼ਾ ਦਖਲਅੰਦਾਜ਼ੀ ਅਤੇ ਨਵੀਂ 'ਜੇ. ਐਂਡ ਕੇ. ਮੀਡੀਆ ਪਾਲਿਸੀ-2020' ਤਹਿਤ ਥੋਪੀ ਸੈਂਸਰਸ਼ਿਪ ਨੇ ਪ੍ਰੈੱਸ ਅਤੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਖਤਮ ਕਰ ਦਿੱਤੀ ਹੈ। ਘੱਟੋ-ਘੱਟ ਛੇ ਉਘੇ ਕਸ਼ਮੀਰੀ ਪੱਤਰਕਾਰਾਂ ਵਿਰੁਧ ਯੂ.ਏ.ਪੀ.ਏ. ਅਤੇ ਆਈ.ਪੀ.ਸੀ. ਦੀਆਂ ਸੰਗੀਨ ਧਾਰਾਵਾਂ ਤਹਿਤ ਕੇਸ ਦਰਜ ਕੀਤੇ ਗਏ ਹਨ। ਜ਼ਿਆਦਾਤਰ ਮੀਡੀਆ ਸਮੂਹ ਖੁੱਲ੍ਹ ਕੇ ਜ਼ਮੀਨੀ ਹਕੀਕਤ ਪੇਸ਼ ਕਰਨ ਤੋਂ ਪਾਸਾ ਵੱਟ ਰਹੇ ਹਨ। ਰਾਜਨੀਤਕ ਵਿਸ਼ਲੇਸ਼ਣਕਾਰਾਂ ਦੇ ਨਾਂ ਹੇਠ ਆਰ.ਐਸ.ਐਸ.-ਭਾਜਪਾ ਪੱਖੀ ਸਾਬਕਾ ਨੌਕਰਸ਼ਾਹ ਅਤੇ ਹੋਰ ਸ਼ਖਸ ਨਿਊਜ਼ ਚੈਨਲਾਂ ਅਤੇ ਅਖਬਾਰੀ ਕਾਲਮਾਂ ਰਾਹੀਂ ਝੂਠ ਨੂੰ ਸੱਚ ਬਣਾ ਕੇ ਪਰੋਸਣ 'ਚ ਜੁਟੇ ਦੇਖੇ ਜਾ ਸਕਦੇ ਹਨ। ਰਾਜਨੀਤਕ ਅਮਲ, ਆਰਥਕ ਤੇ ਸਮਾਜੀ ਜ਼ਿੰਦਗੀ, ਪੜ੍ਹਾਈ, ਸਿਹਤ ਸੇਵਾਵਾਂ ਸਮੇਤ ਕੁਲ ਮਨੁੱਖੀ ਜੀਵਨ ਰੁਕਿਆ ਪਿਆ ਹੈ। ਇਥੋਂ ਤੱਕ ਕਿ 4-ਜੀ ਇੰਟਰਨੈਟ ਸੇਵਾਵਾਂ ਵੀ ਬਹਾਲ ਨਹੀਂ ਕੀਤੀਆਂ ਜਾ ਰਹੀਆਂ। ਅੰਕੜਿਆਂ ਅਨੁਸਾਰ ਭਾਰਤੀ ਰਾਜ ਇੰਟਰਨੈੱਟ ਬੰਦ ਕਰਨ ਦੇ ਮਾਮਲੇ ਵਿਚ ਦੁਨੀਆ ਭਰ ਵਿਚ ਪਹਿਲੇ ਨੰਬਰ 'ਤੇ ਹੈ।

ਐਨੇ ਲੰਮੇ ਲੌਕਡਾਊਨ ਦੇ ਕਸ਼ਮੀਰੀ ਸਮਾਜ ਉਪਰ ਤਬਾਹਕੁਨ ਅਸਰਾਂ ਨੂੰ ਸਮਝਣਾ ਮੁਸ਼ਕਿਲ ਨਹੀਂ। 'ਜੰਮੂ ਕਸ਼ਮੀਰ ਚੈਂਬਰ ਆਫ ਕਾਮਰਸ ਐਂਡ ਇੰਡਸਟਰੀਜ਼' ਨੇ ਮਹਿਜ਼ 10 ਜ਼ਿਲ੍ਹਿਆਂ 'ਤੇ ਆਧਾਰਿਤ ਅੰਦਾਜ਼ਾ ਲਗਾਇਆ ਹੈ। ਇਸ ਅਨੁਸਾਰ 5 ਅਗਸਤ ਤੋਂ ਬਾਅਦ ਕਾਰੋਬਾਰਾਂ ਦਾ 40 ਹਜ਼ਾਰ ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਕਸ਼ਮੀਰੀ ਨੌਜਵਾਨ ਭਿਆਨਕ ਬੇਰੁਜ਼ਗਾਰੀ ਦਾ ਸ਼ਿਕਾਰ ਹਨ। ਆਈ.ਟੀ. ਅਤੇ ਸੈਰਸਪਾਟਾ ਕਾਰੋਬਾਰਾਂ ਵਿਚ ਲੱਖਾਂ ਨੌਜਵਾਨਾਂ ਦਾ ਰੁਜ਼ਗਾਰ ਖਤਮ ਹੋ ਗਿਆ ਹੈ। ਪਿਛਲੇ ਦਿਨੀਂ 'ਜੰਮੂ ਕਸ਼ਮੀਰ ਹਿਊਮਨ ਰਾਈਟਸ ਫੋਰਮ' ਨੇ 'ਜੰਮੂ ਕਸ਼ਮੀਰ: ਮਨੁੱਖੀ ਹੱਕਾਂ ਉਪਰ ਲੌਕਡਾਊਨ ਦਾ ਅਸਰ' ਨਾਂ ਦੀ ਰਿਪੋਰਟ ਜਾਰੀ ਕੀਤੀ ਹੈ। ਮੰਚ ਨੇ ਸਿਵਲੀਅਨ ਸੁਰੱਖਿਆ, ਸਿਹਤ, ਬੱਚੇ ਤੇ ਨੌਜਵਾਨ, ਸਨਅਤ ਤੇ ਮੀਡੀਆ ਪੰਜ ਸ਼੍ਰੇਣੀਆਂ ਤਹਿਤ ਹਾਲਾਤ ਦਾ ਜਾਇਜ਼ਾ ਪੇਸ਼ ਕੀਤਾ ਹੈ। ਰਿਪੋਰਟ ਨੇ ਖੁਲਾਸਾ ਕੀਤਾ ਹੈ ਕਿ ਗਿਆਰਾਂ ਮਹੀਨੇ ਦੇ ਆਰਥਕ, ਸਮਾਜੀ ਅਤੇ ਰਾਜਨੀਤਕ ਪ੍ਰਭਾਵ ਇਸ ਕਦਰ ਤਬਾਹਕੁਨ ਹਨ ਕਿ ਸਨਅਤੀ ਕਾਰੋਬਾਰਾਂ ਦਾ ਬੇਹੱਦ ਨੁਕਸਾਨ ਹੋਇਆ ਹੈ। ਸੇਬ ਬਾਗਾਂ ਵਿਚ ਸੜ ਗਏ। ਸੈਰ-ਸਪਾਟਾ ਅਤੇ ਦਸਤਕਾਰੀ ਉਦਯੋਗ ਲਗਭਗ ਖਤਮ ਹੋ ਗਏ। ਹੋਰ ਬਹੁਗਿਣਤੀ ਕਾਰੋਬਾਰ ਵੀ ਜਾਂ ਤਾਂ ਪੂਰੀ ਤਰ੍ਹਾਂ ਬੰਦ ਹੋ ਗਏ ਜਾਂ ਬੁਰੀ ਤਰ੍ਹਾਂ ਕਰਜ਼ਈ ਹੋ ਗਏ। ਇੰਟਰਨੈੱਟ ਉਪਰ ਨਿਰਭਰ ਕਾਰੋਬਾਰ ਪੂਰੀ ਤਰ੍ਹਾਂ ਠੱਪ ਹਨ। ਨਵੇਂ ਡੋਮੀਸਾਈਲ ਨਿਯਮਾਂ ਕਾਰਨ ਰਿਆਸਤ ਦੇ ਪੱਕੇ ਬਾਸ਼ਿੰਦਿਆਂ ਦੀ ਪਹਿਲੀ ਰੁਜ਼ਗਾਰ ਸੁਰੱਖਿਆ ਨੂੰ ਖੋਰਾ ਲੱਗਿਆ ਹੈ।




ਅਕਸਰ ਬੰਦ, ਨਾਕਿਆਂ ਉਪਰ ਖੱਜਲ-ਖੁਆਰੀ, ਫੋਨ ਅਤੇ ਇੰਟਰਨੈੱਟ ਉਪਰ ਬੰਦਸ਼ਾਂ ਦਾ ਕਸ਼ਮੀਰੀਆਂ ਦੀ ਸਿਹਤ ਉਪਰ ਵੀ ਬਹੁਤ ਘਾਤਕ ਅਸਰ ਪਿਆ ਹੈ। ਮਰੀਜ਼ਾਂ ਨੂੰ ਹਸਪਤਾਲਾਂ ਵਿਚ ਲਿਜਾਣ ਲਈ ਆਵਾਜਾਈ ਸਾਧਨ ਨਾਂਹ ਦੇ ਬਰਾਬਰ ਹਨ। ਮਰੀਜ਼ਾਂ ਅਤੇ ਹੈਲਥ ਅਮਲੇ ਨੂੰ ਥਾਂ-ਥਾਂ ਰੋਕਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪੂਰਾ ਸਮਾਜ ਡੂੰਘੇ ਸਦਮੇ ਅਤੇ ਤਣਾਓ ਵਿਚ ਹੈ। ਬੱਚਿਆਂ ਦੇ ਤਣਾਓ ਮੁਕਤ ਮਾਹੌਲ ਵਿਚ ਜਿਉਣ ਦੇ ਹੱਕ ਨੂੰ ਜਾਣ-ਬੁੱਝ ਕੇ ਅੱਖੋਂ-ਪਰੋਖੇ ਕੀਤਾ ਜਾ ਰਿਹਾ ਹੈ। ਨਿਰਵਿਘਨ ਪੜ੍ਹਾਈ ਦੇ ਹੱਕ ਦਾ ਸਟੇਟ ਵਲੋਂ ਘੋਰ ਉਲੰਘਣ ਕੀਤਾ ਜਾ ਰਿਹਾ ਹੈ। 5 ਅਗਸਤ ਤੋਂ ਲੈ ਕੇ ਪੂਰੇ ਅੱਠ ਮਹੀਨੇ ਵਿਦਿਆਰਥੀ ਪੜ੍ਹਾਈ ਨਹੀਂ ਕਰ ਸਕੇ। ਇਸ ਤੋਂ ਬਾਅਦ ਕਰੋਨਾ ਮਹਾਮਾਰੀ ਕਾਰਨ ਲੌਕਡਾਊਨ ਨੇ ਉਨ੍ਹਾਂ ਨੂੰ ਘਰਾਂ ਵਿਚ ਕੈਦ ਕਰ ਦਿੱਤਾ। ਪ੍ਰਸ਼ਾਸਨ ਵਲੋਂ ਸਕੂਲ, ਕਾਲਜ ਖੋਲ੍ਹ ਦੇਣ ਦਾ ਐਲਾਨ ਕਰਨ ਤੋਂ ਬਾਅਦ ਵੀ ਬਹੁਤ ਸਾਰੇ ਮਾਪਿਆਂ ਨੇ ਆਪਣੇ ਬੱਚੇ ਪੜ੍ਹਨ ਲਈ ਨਹੀਂ ਭੇਜੇ। ਉਹ ਬੇਹੱਦ ਅਸੁਰੱਖਿਅਤ ਮਹਿਸੂਸ ਕਰਦੇ ਸਨ ਕਿ ਮੋਬਾਈਲ ਨੈੱਟਵਰਕ ਬੰਦ ਹੋਣ ਕਾਰਨ ਲੋੜ ਪੈਣ 'ਤੇ ਉਹ ਸੰਪਰਕ ਕਿਵੇਂ ਕਰਨਗੇ। ਰਿਪੋਰਟ ਨੇ ਖੁਲਾਸਾ ਕੀਤਾ ਹੈ ਕਿ ਅਗਸਤ 2019 ਤੋਂ ਲੈ ਕੇ ਮਾਰਚ 2020 ਤੱਕ ਕਸ਼ਮੀਰ ਦੇ ਸਕੂਲ, ਕਾਲਜ ਸਿਰਫ ਦੋ ਹਫਤੇ ਖੁੱਲ੍ਹੇ। ਇੰਟਰਨੈੱਟ ਵਿਵਸਥਾ ਬਹਾਲ ਕਰ ਕੇ ਸਿਰਫ 2ਜੀ ਨੈੱਟਵਰਕ ਮੁਹੱਈਆ ਕੀਤਾ ਗਿਆ ਹੈ ਜਿਸ ਕਾਰਨ ਆਨਲਾਈਨ ਪੜ੍ਹਾਈ ਸੰਭਵ ਹੀ ਨਹੀਂ ਹੈ। ਇਹ ਕਸ਼ਮੀਰੀ ਸਮਾਜ ਨਾਲ ਕੋਹਜਾ ਮਜ਼ਾਕ ਹੈ। ਇਥੇ ਪੜ੍ਹਾਈ ਲਈ ਆਨਲਾਈਨ ਵਿਵਸਥਾ ਭਾਰਤ ਦੀ ਔਸਤ ਆਨਲਾਈਨ ਪਹੁੰਚ ਤੋਂ ਵੀ ਥੱਲੇ ਹੈ। ਚਾਈਲਡ ਰਿਲੀਫ ਐਂਡ ਯੂ ਵਲੋਂ ਕੀਤੇ ਆਨਲਾਈਨ ਸਰਵੇਖਣ ਅਨੁਸਾਰ ਜੰਮੂ ਕਸ਼ਮੀਰ ਦੇ ਸਿਰਫ 27.62 ਫੀਸਦੀ ਪਰਿਵਾਰ ਹੀ ਬਾਕਾਇਦਗੀ ਨਾਲ ਆਨਲਾਈਨ ਪੜ੍ਹਾਈ ਤੱਕ ਪਹੁੰਚ ਕਰਨ ਦੇ ਸਮਰੱਥ ਹਨ ਜਦਕਿ ਭਾਰਤ ਦੀ ਔਸਤ 41 ਫੀਸਦੀ ਹੈ।

**ਆਰ. ਐਸ. ਐਸ. ਨੂੰ ਇਹ ਸੰਤੁਸ਼ਟੀ ਹੋ ਸਕਦੀ ਹੈ ਕਿ ਇਸ ਨੇ ਫੌਜੀ ਤਾਕਤ ਨਾਲ ਆਪਣੇ 'ਅਖੰਡ ਰਾਸ਼ਟਰ' ਦੇ ਸੁਪਨੇ ਨੂੰ ਸਾਕਾਰ ਕਰ ਲਿਆ ਹੈ, ਪਰ ਇਸ ਨੇ ਕਸ਼ਮੀਰ ਨੂੰ ਦੂਜਾ ਫਲਸਤੀਨ ਬਣਾ ਦਿੱਤਾ ਹੈ।**

ਅੰਧਾਧੁੰਦ ਘੇਰਾਬੰਦੀ ਅਤੇ ਤਲਾਸ਼ੀ ਮੁਹਿੰਮਾਂ ਨਾਲ ਕਸ਼ਮੀਰੀ ਸਮਾਜ ਦਾ ਬੇਸ਼ੁਮਾਰ ਜਾਨੀ, ਮਾਲੀ ਅਤੇ ਮਾਨਸਿਕ ਨੁਕਸਾਨ ਹੋ ਰਿਹਾ ਹੈ। ਇਨ੍ਹਾਂ ਕਾਰਵਾਈਆਂ ਦੌਰਾਨ ਬੇਕਸੂਰ ਨਾਗਰਿਕਾਂ ਦੇ ਮਾਲੀ ਨੁਕਸਾਨ ਦੇ ਮੁਆਵਜ਼ੇ ਦਾ ਕੋਈ ਬੰਦੋਬਸਤ ਨਹੀਂ ਹੈ। ਦਫਾ 144 ਲਗਾਉਣ ਸਮੇਂ ਅਦਾਲਤੀ ਦਿਸ਼ਾ-ਨਿਰਦੇਸ਼ਾਂ ਦੀਆਂ ਧੱਜੀਆਂ ਉਡਾਉਣਾ ਆਮ ਹੈ। 'ਅਫਸਪਾ' ਲਾਗੂ ਹੋਣ ਕਾਰਨ ਨੀਮ-ਫੌਜੀ ਤਾਕਤਾਂ/ਫੌਜ ਅਤੇ ਪੁਲਿਸ ਦੀ ਕੋਈ ਜਵਾਬਦੇਹੀ ਨਹੀਂ ਹੈ। ਇਕੱਠੇ ਹੋਣ ਦੀ ਮੁਕੰਮਲ ਮਨਾਹੀ ਕਾਰਨ ਪੀੜਤ ਅਵਾਮ ਤੋਂ ਆਪਣੇ ਹਿੱਤਾਂ ਲਈ ਸਮੂਹਿਕ ਸੋਚ-ਵਿਚਾਰ ਦਾ ਹੱਕ ਵੀ ਖੋਹ ਲਿਆ ਹੈ। ਸਿਤਮਜ਼ਰੀਫੀ ਇਹ ਹੈ ਕਿ ਜਿਨ੍ਹਾਂ ਦੇ ਵਿਕਾਸ ਦੇ ਨਾਂ ਹੇਠ ਉਨ੍ਹਾਂ ਦੀ ਰਿਆਸਤ ਦੇ ਦੋ ਟੁਕੜੇ ਕਰ ਦਿੱਤੇ ਗਏ, ਉਨ੍ਹਾਂ ਨੂੰ ਇਕ ਸਾਲ ਬਾਅਦ ਵੀ ਆਪਣੇ ਮਨ ਦੀ ਗੱਲ ਕਹਿਣ ਦਾ ਹੱਕ ਨਹੀਂ ਦਿੱਤਾ ਜਾ ਰਿਹਾ। ਆਰ.ਐਸ.ਐਸ.-ਭਾਜਪਾ ਦੀ ਚਾਲ ਇਹ ਹੈ ਕਿ ਲੰਮਾ ਸਮਾਂ ਲੰਘ ਜਾਣ 'ਤੇ ਸ਼ਾਇਦ ਕਸ਼ਮੀਰੀ ਅਵਾਮ ਆਪਣੇ ਅਤੀਤ ਨੂੰ ਭੁੱਲ ਜਾਣਗੇ।

'ਕਸ਼ਮੀਰ ਮਸਲੇ' ਬਾਰੇ ਆਰ.ਐਸ.ਐਸ. ਦੀ ਪੁਜ਼ੀਸ਼ਨ ਸ਼ੁਰੂ ਤੋਂ ਹੀ ਕਸ਼ਮੀਰੀ ਲੋਕ ਰਾਇ ਨੂੰ ਫੌਜ ਨਾਲ ਕੁਚਲਣ ਦੀ ਸੀ। ਸ਼ਿਆਮਾ ਪ੍ਰਸਾਦ ਮੁਖਰਜੀ ਦੇ 'ਇਕ ਦੇਸ਼ ਵਿਚ ਦੋ ਵਿਧਾਨ, ਦੋ ਪ੍ਰਧਾਨ, ਦੋ ਨਿਸ਼ਾਨ ਨਹੀਂ ਹੋ ਸਕਦੇ' ਅੰਦੋਲਨ ਦੇ ਸਮੇਂ ਤੋਂ ਹੀ ਇਹ ਆਰ.ਐਸ.ਐਸ. ਦੇ ਵਿਚਾਰਧਾਰਕ ਏਜੰਡੇ ਦਾ ਮਹੱਤਵਪੂਰਨ ਹਿੱਸਾ ਸੀ। 1953 'ਚ ਕਸ਼ਮੀਰ ਦੀ ਸਵੈਨਿਰਣੇ ਦੀ ਤਾਂਘ ਉਪਰ ਠੰਢਾ ਛਿੜਕਣ ਲਈ ਨਹਿਰੂ ਸਰਕਾਰ ਵਲੋਂ ਕੀਤੀ ਧਾਰਾ 370 ਦੀ ਸੰਵਿਧਾਨਕ ਵਿਵਸਥਾ ਆਰ.ਐਸ.ਐਸ. ਦੇ 'ਅਖੰਡ ਭਾਰਤ' ਦੇ ਸੁਪਨੇ ਵਿਚ ਮੁੱਖ ਅੜਿੱਕਾ ਸੀ। ਉਹ ਇਸ ਅੜਿੱਕੇ ਨੂੰ ਖਤਮ ਕਰਨ ਲਈ ਢੁਕਵੇਂ ਮੌਕੇ ਦੀ ਇੰਤਜ਼ਾਰ 'ਚ ਸਨ; ਲੇਕਿਨ ਉਨ੍ਹਾਂ ਨੂੰ ਇਹ ਵੀ ਪਤਾ ਸੀ ਕਿ ਕਸ਼ਮੀਰੀ ਅਵਾਮ ਕਿਸੇ ਵੀ ਧੌਂਸਬਾਜ਼ ਫੇਰਬਦਲ ਨੂੰ ਸਵੀਕਾਰ ਨਹੀਂ ਕਰਨਗੇ। ਇਸੇ ਕਰ ਕੇ, ਮੁਲਕ ਦੇ ਲੋਕਾਂ ਨੂੰ ਧੋਖੇ ਵਿਚ ਰੱਖ ਕੇ ਅਤੇ ਵਿਸ਼ੇਸ਼ 'ਸੁਰੱਖਿਆ ਇੰਤਜ਼ਾਮ' ਦੇ ਨਾਂ ਹੇਠ ਬੇਤਹਾਸ਼ਾ ਨੀਮ-ਫੌਜੀ ਨਫਰੀ ਪੁਲਿਸ ਤੇ ਫੌਜ ਨਾਲ ਲਗਾ ਕੇ ਇਸ ਵਿਸ਼ਵਾਸਘਾਤ ਨੂੰ ਅੰਜਾਮ ਦਿੱਤਾ ਗਿਆ।

ਇਸ ਧੌਂਸਬਾਜ਼ੀ ਦਾ ਸਭ ਤੋਂ ਘਿਨਾਉਣਾ ਪੱਖ ਇਹ ਸੀ ਕਿ ਜਿਸ ਕਸ਼ਮੀਰੀ ਅਵਾਮ ਦੀ ਹੋਣੀ ਦਾ ਫੈਸਲਾ ਕੀਤਾ ਜਾ ਰਿਹਾ ਸੀ, ਉਹ ਇਸ ਅਖੌਤੀ ਜਮਹੂਰੀ ਅਮਲ ਵਿਚੋਂ ਪੂਰੀ ਤਰ੍ਹਾਂ ਬਾਹਰ ਕਰ ਦਿੱਤੇ ਗਏ। ਉਨ੍ਹਾਂ ਦਾ ਆਪਣੀ ਗੱਲ ਕਹਿਣ ਦਾ ਹੱਕ ਖੋਹ ਲਿਆ ਗਿਆ। ਇਥੋਂ ਤੱਕ ਕਿ ਤਿੰਨ ਸਾਬਕਾ ਮੁੱਖ ਮੰਤਰੀਆਂ ਸਮੇਤ ਕਸ਼ਮੀਰ ਦੇ ਲਗਭਗ ਸਾਰੇ ਭਾਰਤ ਪੱਖੀ 'ਚੁਣੇ ਹੋਏ' ਨੁਮਾਇੰਦੇ ਵੀ ਨਜ਼ਰਬੰਦ ਕਰ ਦਿੱਤੇ ਗਏ। ਸੰਵਿਧਾਨਕ ਅਮਲ ਦੀਆਂ ਪੂਰੀ ਬੇਸ਼ਰਮੀ ਨਾਲ ਧੱਜੀਆਂ ਉਡਾਈਆਂ ਗਈਆਂ। ਰਾਜ ਸਭਾ ਵਿਚ ਬਿਲ ਪੇਸ਼ ਕਰਨ ਦੇ ਅਮਲ ਦੌਰਾਨ ਹੀ ਰਾਸ਼ਟਰਪਤੀ ਵਲੋਂ ਬਿਲ ਨੂੰ ਗੈਰਸੰਵਿਧਾਨਕ ਮਨਜ਼ੂਰੀ ਦੇ ਦਿੱਤੀ ਗਈ। ਗਵਰਨਰ ਕੋਲੋਂ ਕਸ਼ਮੀਰ ਦੀ ਤਰਫੋਂ ਦਸਤਖਤ ਕਰਵਾਏ ਗਏ ਜਦਕਿ ਉਹ ਚੁਣਿਆ ਹੋਇਆ ਨੁਮਾਇੰਦਾ ਨਹੀਂ। ਇਹ ਇਲਹਾਕ ਤੋਂ ਬਾਅਦ ਬਣੀ ਸਹਿਮਤੀ ਦੀ ਸ਼ਰੇਆਮ ਉਲੰਘਣਾ ਸੀ ਜਿਸ ਵਿਚ ਇਹ ਤੈਅ ਕੀਤਾ ਗਿਆ ਸੀ ਕਿ ਇਸ ਸੰਵਿਧਾਨਕ ਵਿਵਸਥਾ ਨੂੰ ਕਸ਼ਮੀਰ ਦੇ ਲੋਕਾਂ ਦੀ ਚੁਣੀ ਹੋਈ ਵਿਧਾਨ ਸਭਾ ਦੀ ਸਹਿਮਤੀ ਨਾਲ ਹੀ ਬਦਲਿਆ ਜਾਵੇਗਾ। ਆਰ.ਐਸ.ਐਸ-ਭਾਜਪਾ ਨੇ ਆਪਣੇ ਗੈਰਸੰਵਿਧਾਨਕ ਕਾਰੇ ਨੂੰ ਜਾਇਜ਼ ਠਹਿਰਾਉਣ ਲਈ ਇਹ ਦਲੀਲ ਘੜ ਲਈ ਕਿ ਜੰਮੂ ਕਸ਼ਮੀਰ ਵਿਚ ਇਸ ਵਕਤ ਕੋਈ ਚੁਣੀ ਹੋਈ ਵਿਧਾਨ ਸਭਾ ਨਹੀਂ, ਇਸ ਲਈ ਕੇਂਦਰ ਸਰਕਾਰ ਦਾ ਥਾਪਿਆ ਗਵਰਨਰ ਹੀ ਕਸ਼ਮੀਰੀ ਲੋਕਾਂ ਦੀ ਨੁਮਾਇੰਦਗੀ ਕਰਦਾ ਸੀ। ਇਸ ਤੋਂ ਜ਼ਿਆਦਾ ਬੇਸ਼ਰਮੀ ਕੀ ਹੋ ਸਕਦੀ ਹੈ? ਇਹ ਆਲਮੀ ਰਾਏ ਦਾ ਵੀ ਤ੍ਰਿਸਕਾਰ ਹੈ ਕਿਉਂਕਿ ਦੁਨੀਆ ਭਰ ਦੇ ਜ਼ਿਆਦਾਤਰ ਮੁਲਕ ਜੰਮੂ ਕਸ਼ਮੀਰ ਨੂੰ ਵਿਵਾਦਪੂਰਨ ਖੇਤਰ ਮੰਨਦੇ ਹਨ। ਇਹ ਗੱਲ ਵੱਖਰੀ ਹੈ ਕਿ ਕਈ ਵੱਡੀਆਂ ਤਾਕਤਾਂ ਵਪਾਰਕ ਹਿੱਤਾਂ ਕਾਰਨ ਸਪਸ਼ਟ ਸਟੈਂਡ ਨਹੀਂ ਲੈ ਰਹੀਆਂ। ਸੰਯੁਕਤ ਰਾਸ਼ਟਰ ਦੇ ਅਪਰੈਲ 1948 ਦੇ ਮਤੇ ਵਿਚ ਵੀ ਸਪਸ਼ਟ ਦਰਜ ਹੈ ਕਿ ਰਾਜ ਦਾ ਆਖਰੀ ਦਰਜਾ ਇਸ ਦੇ ਲੋਕਾਂ ਦੀ ਸਹਿਮਤੀ ਨਾਲ ਹੀ ਤੈਅ ਕੀਤਾ ਜਾਵੇਗਾ। ਪਿਛਲੇ ਸਾਲ, ਇਸਲਾਮਿਕ ਰਾਜਾਂ ਤੋਂ ਇਲਾਵਾ ਯੂਰਪੀ ਮੁਲਕਾਂ ਵਲੋਂ ਵੀ ਦੱਬਵੀਂ ਜੀਭ ਨਾਲ ਆਰ.ਐਸ.ਐਸ-ਭਾਜਪਾ ਦੀਆਂ ਮਨਮਾਨੀਆਂ ਵਿਰੁਧ ਨਾਰਾਜ਼ਗੀ ਜ਼ਾਹਿਰ ਕੀਤੀ ਗਈ; ਲੇਕਿਨ ਸੰਘੀਆਂ ਨੂੰ ਕੌਮਾਂਤਰੀ ਰਾਏ, ਨੈਤਿਕ ਮੁੱਲਾਂ ਅਤੇ ਸੰਵਿਧਾਨਕ ਵਿਵਸਥਾਵਾਂ ਦੀ ਕੋਈ ਪ੍ਰਵਾਹ ਨਹੀਂ, ਉਨ੍ਹਾਂ ਦੇ ਰੋਲ ਮਾਡਲ ਹੀ ਇਜ਼ਰਾਈਲ ਵਰਗੇ ਨਸਲਵਾਦੀ ਰਾਜ ਅਤੇ ਸਾਜ਼ਿਸ਼ਾਂ ਰਾਹੀਂ ਸੱਤਾ ਹਥਿਆਉਣ ਵਾਲੇ ਫਾਸ਼ੀਵਾਦੀ ਹਨ।

ਇਤਿਹਾਸ ਗਵਾਹ ਹੈ ਕਿ ਦੁਨੀਆ ਦੀਆਂ ਸਭ ਤੋਂ ਸ਼ਕਤੀਸ਼ਾਲੀ ਸਲਤਨਤਾਂ ਵੀ ਫੌਜੀ ਤਾਕਤ ਦੇ ਜ਼ੋਰ ਕੌਮਾਂ ਦੀ ਆਜ਼ਾਦੀ ਦੀ ਤਾਂਘ ਨੂੰ ਖਤਮ ਨਹੀਂ ਸਕੀਆਂ। ਆਰ.ਐਸ.ਐਸ. ਨੂੰ ਇਹ ਸੰਤੁਸ਼ਟੀ ਹੋ ਸਕਦੀ ਹੈ ਕਿ ਇਸ ਨੇ ਫੌਜੀ ਤਾਕਤ ਨਾਲ ਆਪਣੇ 'ਅਖੰਡ ਰਾਸ਼ਟਰ' ਦੇ ਸੁਪਨੇ ਨੂੰ ਸਾਕਾਰ ਕਰ ਲਿਆ ਹੈ ਲੇਕਿਨ ਇਸ ਨੇ ਕਸ਼ਮੀਰ ਨੂੰ ਦੂਜਾ ਫਲਸਤੀਨ ਬਣਾ ਦਿੱਤਾ ਹੈ। ਸਵੈ-ਸੰਤੁਸ਼ਟੀ ਨਾਲ ਨਸ਼ਿਆਏ ਆਰ.ਐਸ.ਐਸ-ਭਾਜਪਾ ਆਗੂ ਕੁਝ ਵੀ ਦਾਅਵੇ ਕਰਨ, ਇਸ ਦੀਆਂ ਕਸ਼ਮੀਰ, ਬਾਬਰੀ ਮਸਜਿਦ ਅਤੇ ਨਾਗਰਿਕਤਾ ਸੋਧ ਕਾਨੂੰਨ ਸੰਬੰਧੀ ਧੱਕੇਸ਼ਾਹੀਆਂ ਨੇ ਭਾਰਤ ਦਾ ਮਾਹੌਲ ਤਾਂ ਵਿਸਫੋਟਕ ਬਣਾਇਆ ਹੀ ਹੈ, ਪਾਕਿਸਤਾਨ, ਚੀਨ, ਨੇਪਾਲ ਆਦਿ ਗੁਆਂਢੀ ਮੁਲਕਾਂ ਨਾਲ ਵੀ ਸੰਬੰਧ ਵਿਗੜੇ ਹਨ। ਲੱਦਾਖ ਵਿਚ ਚੀਨੀ ਫੌਜ ਦੀ ਹਾਲੀਆ ਘੁਸਪੈਠ ਇਸੇ ਦਾ ਨਤੀਜਾ ਹੈ।

ਜੰਮੂ ਕਸ਼ਮੀਰ ਦੀ ਕੌਮੀ ਹਸਤੀ ਮਿਟਾ ਕੇ 1947 'ਚ ਹੋਈ 'ਗਲਤੀ' ਨੂੰ ਸੁਧਾਰਨ, ਅਤਿਵਾਦ ਨੂੰ ਖਤਮ ਕਰਨ ਅਤੇ ਕਸ਼ਮੀਰ ਮਸਲੇ ਨੂੰ ਸਦਾ ਲਈ ਹੱਲ ਕਰਨ ਦਾ ਜੋ ਦਾਅਵਾ ਕੀਤਾ ਗਿਆ, ਸੱਤ ਦਹਾਕਿਆਂ ਤੋਂ ਸਵੈਨਿਰਣੇ ਲਈ ਲੜ ਰਹੇ ਕਸ਼ਮੀਰੀ ਅਵਾਮ ਇਸ ਨੂੰ ਹਰਗਿਜ਼ ਮਨਜ਼ੂਰ ਨਹੀਂ ਕਰਨਗੇ। ਅਜੇ ਉਹ ਖਾਮੋਸ਼ ਹਨ, ਲੇਕਿਨ ਇਸ ਖਾਮੋਸ਼ੀ ਦਾ ਭਾਵ ਸਹਿਮਤੀ ਨਹੀਂ ਹੈ। ਇਹ ਪਿਛਲੇ ਤਿੰਨ ਦਹਾਕਿਆਂ ਤੋਂ ਫੌਜੀ ਕਬਜ਼ੇ ਰਾਹੀਂ ਵਿਆਪਕ ਮਨੁੱਖੀ ਘਾਣ ਦੇ ਅਨੁਭਵਾਂ ਦੇ ਮੱਦੇਨਜ਼ਰ ਸੁਭਾਵਕ ਸੰਕੋਚ ਹੈ। ਕਾਰਗਿਲ ਦੇ ਲੋਕਾਂ ਨੇ ਸ਼ੁਰੂ ਵਿਚ ਹੀ ਸਟੇਟ ਦਾ ਦਰਜਾ ਘਟਾਏ ਜਾਣ ਦਾ ਵਿਰੋਧ ਕੀਤਾ ਸੀ, ਹੁਣ ਲੇਹ ਦੇ ਲੋਕਾਂ ਅਤੇ ਖੁਦ ਜੰਮੂ ਦੇ ਭਾਜਪਾ ਦੇ ਹਮਾਇਤੀਆਂ ਤੇ ਕਾਰਕੁਨਾਂ ਦੇ ਅੰਦਰੋਂ ਵੀ ਵਿਰੋਧ ਦੇ ਤਕੜੇ ਸੰਕੇਤ ਆਉਣੇ ਸ਼ੁਰੂ ਹੋ ਗਏ ਹਨ। ਇਸੇ ਲਈ ਫੌਜੀ ਘੇਰਾਬੰਦੀ ਵਿਚ ਢਿੱਲ ਨਹੀਂ ਦਿੱਤੀ ਜਾ ਰਹੀ ਤਾਂ ਜੋ ਕਸ਼ਮੀਰੀ ਸਮਾਜ ਦੀ ਜ਼ਮੀਨੀ ਹਕੀਕਤ ਦੀ ਖਬਰ ਬਾਹਰ ਨਾ ਜਾ ਸਕੇ।

# ਦੋ ਟਕਿਆਂ ਦੀ ਨੌਕਰੀ

## ਦਿਲੋਂ ਨਿਕਲੀ ਹੂਕ



ਸੰਤੋਖ ਮਿਨਹਾਸ
ਫੋਨ: 559-283-6376

ਮੈਂ ਜਦੋਂ ਵੀ ਸੈਨਿਕਾਂ ਦੀਆਂ ਲਾਸ਼ਾਂ ਦੇ ਤਾਬੂਤ ਘਰੀਂ ਪਰਤਦੇ ਦੇਖਦਾ ਹਾਂ, ਇਹ ਦ੍ਰਿਸ਼ ਵੇਖ ਕੇ ਬੜਾ ਦੁੱਖ ਹੁੰਦਾ ਹੈ। ਇਹ ਆਮ ਕਰਕੇ ਸਿਪਾਹੀ ਰੈਂਕ ਦੇ ਜਾਂ ਛੋਟੇ ਰੈਂਕ ਦੇ ਜਵਾਨ ਹੁੰਦੇ ਹਨ, ਗਰੀਬ ਘਰਾਂ ਦੇ ਬੱਚੇ। ਉਨ੍ਹਾਂ ਦੇ ਘਰ ਪਰਿਵਾਰ ਦਾ ਗੁਜਾਰਾ ਇਨ੍ਹਾਂ ਬੱਚਿਆਂ ਦੀ ਨੌਕਰੀ 'ਤੇ ਨਿਰਭਰ ਹੁੰਦਾ ਹੈ। ਜਦੋਂ ਕਿਸੇ ਟੀ. ਵੀ. ਚੈਨਲ ਜਾਂ ਕਿਸੇ ਵੀਡੀਓ 'ਤੇ ਉਨ੍ਹਾਂ ਦੇ ਘਰਾਂ ਦੀ ਹਾਲਤ ਵੇਖਦਾ ਹਾਂ ਤਾਂ ਬਹੁਤ ਤਰਸਯੋਗ ਹੁੰਦੀ ਹੈ। ਉਨ੍ਹਾਂ ਦੀ ਸ਼ਹਾਦਤ ਪਿਛੋਂ ਜੋ ਉਨ੍ਹਾਂ ਪਰਿਵਾਰਾਂ ਨਾਲ ਬੀਤਦੀ ਹੈ, ਉਹ ਸੋਚਣ ਲਈ ਮਜਬੂਰ ਕਰਦੀ ਹੈ। ਕਿਵੇਂ ਬੁੱਢੇ ਮਾਂ ਬਾਪ ਦੋ ਡੰਗ ਦੀ ਰੋਟੀ ਨੂੰ ਵੀ ਆਤੁਰ ਹੋ ਜਾਂਦੇ ਹਨ। ਉਨ੍ਹਾਂ ਦੀ ਸਾਰ ਲੈਣ ਵਾਲਾ ਕੋਈ ਨਹੀਂ ਹੁੰਦਾ। ਇੰਨੀ ਦਿਨੀਂ ਸੋਸ਼ਲ ਮੀਡੀਆ ਅਤੇ ਅਖਬਾਰਾਂ ਵਿਚ ਇੱਕ ਖਬਰ ਚਰਚਾ ਵਿਚ ਆਈ ਹੈ ਕਿ ਕਿਵੇਂ ਇੱਕ ਸ਼ਹੀਦ ਸੈਨਿਕ ਦੀ ਮਾਂ ਅੱਸੀ ਸਾਲ ਦੀ ਉਮਰ ਵਿਚ ਵੀ ਆਪਣੀ ਦਵਾਈ ਤੇ ਦੋ ਡੰਗ ਦੀ ਰੋਟੀ ਲਈ ਨਰੇਗਾ ਸਕੀਮ ਅਧੀਨ ਦਿਹਾੜੀ ਕਰਨ ਲਈ ਮਜਬੂਰ ਹੈ। ਇਹ ਤਾਂ ਇੱਕ ਖਬਰ ਹੈ, ਪਤਾ ਨਹੀਂ ਇਸ ਤਰਾਂ ਦੇ ਕਿੰਨੇ ਹਜ਼ਾਰਾਂ ਮਾਪੇ ਆਪਣੀ ਜੂਨ ਕੱਟ ਰਹੇ ਹੋਣਗੇ। ਮਨ ਵਿਚ ਬੜੇ ਸੁਆਲ ਪੈਦਾ ਹੁੰਦੇ ਹਨ।

ਇੱਕ ਵਾਰ ਦੇਸ਼ ਭਗਤੀ ਦੇ ਨਾਂ ਉਤੇ ਸਰਹੱਦ 'ਤੇ ਬਾਲਣ ਬਣਨ ਵਾਲੇ ਇੱਕ ਸੈਨਿਕ ਨੇ ਸਰਹੱਦ 'ਤੇ ਤਾਇਨਾਤ ਆਪਣੀ ਡਿਊਟੀ ਦੌਰਾਨ ਇੱਕ ਸੈਨਿਕ ਦੀ ਦੁਰਦਸ਼ਾ ਨੂੰ ਇੱਕ ਵੀਡੀਓ ਰਾਹੀਂ ਸ਼ੋਸ਼ਲ ਮੀਡੀਆ 'ਤੇ ਨਸ਼ਰ ਕੀਤਾ ਸੀ ਕਿ ਕਿਵੇਂ ਇੱਕ ਸੈਨਿਕ ਨੂੰ ਖਾਣੇ ਦੇ ਨਾਂ 'ਤੇ ਕੀ ਦਿੱਤਾ ਜਾਂਦਾ ਹੈ। ਇੱਕ ਹੋਰ ਸੈਨਿਕ ਨੇ ਆਪਣਾ ਦੁੱਖ ਸਾਂਝਾ ਕਰਦਿਆਂ ਦੱਸਿਆ ਕਿ ਕਿਵੇਂ ਆਮ ਸੈਨਿਕਾਂ ਨੂੰ ਵੱਡੇ ਅਫਸਰਾਂ ਦੇ ਘਰੀਂ ਕੰਮ ਕਰਨਾ ਪੈਂਦਾ ਹੈ। ਆਮ ਸੈਨਿਕ ਨੂੰ ਨੌਕਰੀ ਬਹੁਤ ਔਖੇ ਹਾਲਾਤ ਵਿਚ ਕਰਨੀ ਪੈਂਦੀ ਹੈ। ਸਰਹੱਦਾਂ 'ਤੇ ਡਿਊਟੀ ਕਰਦਿਆਂ ਦੁਸ਼ਮਣ ਦੀ ਗੋਲੀ ਦਾ ਸ਼ਿਕਾਰ ਹੋਣਾ ਹੁਣ ਆਮ ਵਰਤਾਰਾ ਬਣ ਗਿਆ ਹੈ। ਕਈ ਸਾਲਾਂ ਤੋਂ ਗਵਾਂਢੀ ਮੁਲਖਾ ਨਾਲ ਸਬੰਧ ਚੰਗੇ ਨਾ ਹੋਣ ਕਾਰਨ ਬਿਨਾ ਜੰਗ ਲੱਗਿਆਂ ਸੈਨਿਕਾਂ ਦੇ ਤਾਬੂਤ ਘਰੀਂ ਆ ਰਹੇ ਹਨ। ਸਰਕਾਰਾਂ ਵੱਡੇ ਵੱਡੇ ਬਿਆਨ ਦਾਗ ਛੱਡਦੀਆਂ ਹਨ। ਸ਼ਹੀਦ ਦੇ ਰੁਤਬੇ ਦਾ ਖਿਤਾਬ ਦੇ ਕੇ ਸੈਨਿਕਾਂ ਦੇ ਪਰਿਵਾਰਾਂ ਨੂੰ ਵਰਚਾਇਆ ਜਾ ਰਿਹਾ ਹੈ। ਦੇਸ਼ ਦੀ ਖਾਤਰ ਮਰਨ ਵਾਲੇ ਸ਼ਹੀਦਾਂ ਦੀ ਬਹਾਦਰੀ ਦੇ ਗੁਣ ਗਾਏ ਜਾਂਦੇ ਹਨ, ਦੇਸ਼ ਪ੍ਰੇਮ ਦੀ ਛਵੀ ਨੂੰ ਜੋਰ ਸ਼ੋਰ ਨਾਲ ਪ੍ਰਚਾਰਿਆ ਜਾਂਦਾ ਹੈ। ਸੈਨਿਕ ਦੇ ਪਰਿਵਾਰ ਦੀ ਭਲਾਈ ਲਈ ਵੱਡੇ ਵੱਡੇ ਐਲਾਨ ਕੀਤੇ ਜਾਂਦੇ ਹਨ, ਪਰ ਸੈਨਿਕ ਦੇ ਕ੍ਰਿਆਕਰਮ ਪਿਛੋਂ ਪਰਿਵਾਰ ਨੂੰ ਕੋਈ ਨਹੀਂ ਪੁੱਛਦਾ।

ਅਸੀਂ ਆਮ ਹੀ ਛੋਟੇ ਹੁੰਦੇ ਇੱਕ ਕਹਾਵਤ ਸੁਣਦੇ ਹੁੰਦੇ ਸਾਂ, 'ਉਤਮ ਖੇਤੀ, ਮੱਧਮ ਵਪਾਰ, ਨਖਿੱਧ ਚਾਕਰੀ।' ਭਾਵੇਂ ਅੱਜ ਦੇ ਸਮੇਂ ਇਹ ਅਖਾਣ ਆਪਣੇ ਅਰਥ ਗਵਾ ਚੁਕਾ ਹੈ, ਪਰ ਫਿਰ ਮਨੁੱਖੀ ਜੀਵਨ ਦੇ ਜਿਉਣ ਤੇ ਵਿਕਾਸ ਦਾ ਆਧਾਰ ਇਹ ਤਿੰਨੇ ਸਰੋਤ-ਖੇਤੀ, ਵਪਾਰ ਤੇ ਚਾਕਰੀ ਹਨ। ਖੇਤੀ ਦਾ ਉਹ ਉੱਤਮ ਦਰਜੇ ਵਾਲਾ ਰੁਤਬਾ ਹੁਣ ਗਵਾਚ ਗਿਆ ਹੈ। ਖੇਤੀ ਦਾ ਧੰਦਾ ਹੁਣ ਲਾਹੇਵੰਦਾਂ ਨਹੀਂ ਰਿਹਾ। ਹਰ ਸਾਲ ਹਜ਼ਾਰਾਂ ਕਿਸਾਨ ਖੇਤੀ ਤੋਂ ਢਿੱਡ ਨਾ ਭਰਦਾ ਵੇਖ ਕਿਸਾਨੀ ਛੱਡ ਰਹੇ ਹਨ। ਜ਼ਮੀਨ ਦੀ ਮਾਲਕੀ ਵੀ ਹਰ ਸਾਲ ਕਿਸਾਨਾਂ ਕੋਲ ਘਟਦੀ ਜਾ ਰਹੀ ਹੈ। ਇਸ ਲਈ ਹਜ਼ਾਰਾਂ ਕਿਸਾਨ ਮਜ਼ਦੂਰ ਹਰ ਸਾਲ ਖੇਤੀ ਤੋਂ ਵਿਹਲੇ ਹੋ ਰਹੇ ਹਨ। ਬੇਰੁਜ਼ਗਾਰਾਂ ਦੀ ਭੀੜ ਵਧਦੀ ਜਾ ਰਹੀ ਹੈ। ਰੋਟੀ ਰੋਜ਼ੀ ਦੀ ਭਾਲ 'ਚ ਲੋਕ ਪਲਾਇਨ ਕਰ ਰਹੇ ਹਨ।

ਵਪਾਰ ਆਮ ਮਨੁੱਖ ਦੇ ਵਸ ਦਾ ਰੋਗ ਨਹੀਂ ਹੈ। ਵਪਾਰ ਇੱਕ ਖਾਸ ਵਰਗ ਦੀ ਖੇਡ ਹੈ। ਵਪਾਰੀ ਸੋਚ ਦੇ ਲੋਕ ਇਕੱਲੇ ਵਸਤੂਆਂ ਦੇ ਪ੍ਰਸੰਗ ਵਿਚ ਹੀ ਪਾਸਕੂ ਨਹੀਂ ਰੱਖਦੇ, ਸਗੋਂ ਦੁਨੀਆਂ ਵਿਚ ਵਿਚਰਨ ਵੇਲੇ ਹਰ ਰਿਸ਼ਤੇ ਨੂੰ ਆਪਣੀ ਤਕੜੀ ਦੇ ਪੱਲੜੇ ਵਿਚ ਪਰਖਦੇ ਹਨ। ਮਨੁੱਖੀ ਰਿਸ਼ਤਿਆਂ ਨਾਲੋਂ ਬਾਜ਼ਾਰ ਨੂੰ ਤਰਜੀਹ ਦਿੰਦੇ ਹਨ। ਹੁਣ ਬਾਜ਼ਾਰ ਦਾ ਸਾਰੇ ਵਿਸ਼ਵ 'ਤੇ ਕਬਜ਼ਾ ਹੈ ਅਤੇ ਬਾਜ਼ਾਰ ਹੀ ਤੈਅ ਕਰਦਾ ਹੈ ਕਿ ਤੁਸੀਂ ਕੀ ਖਾਣਾ ਹੈ, ਕੀ ਪਹਿਨਣਾ ਹੈ। ਸਾਡੇ ਜਿਉਣ ਢੰਗ ਨੂੰ ਬਾਜ਼ਾਰ ਇੰਨਾ ਪ੍ਰਭਾਵਿਤ ਕਰਦਾ ਹੈ ਕਿ ਮਨੁੱਖ ਨਿਮਾਣਾ ਤੇ ਨਿਤਾਣਾ ਬਣ ਕੇ ਰਹਿ ਗਿਆ ਹੈ। ਆਮ ਮਨੁੱਖ, ਜਿਸ ਕੋਲ ਕੋਈ ਕੰਮ ਚਲਾਉਣ ਲਈ ਨਾ ਕੋਈ ਤਜਰਬਾ ਹੈ ਅਤੇ ਨਾ ਹੀ ਕੋਲ ਕੋਈ ਪੈਸਾ ਹੈ, ਉਸ ਲਈ ਛੋਟਾ-ਮੋਟਾ ਕੰਮ ਕਰਨਾ ਔਖਾ ਹੈ।

ਇਸ ਲਈ ਆਮ ਮਨੁੱਖ ਦੇ ਨਿਰਬਾਹ ਲਈ ਧਨ ਪ੍ਰਾਪਤੀ ਦਾ ਸੋਮਾ ਚਾਕਰੀ ਹੀ ਬਚਦਾ ਹੈ। ਸੰਸਾਰ ਦੀ ਬਹੁਤੀ ਵਸੋਂ ਚਾਕਰੀ 'ਤੇ ਹੀ ਗੁਜ਼ਾਰਾ



ਕਰਦੀ ਹੈ। ਚਾਕਰੀ ਭਾਵ ਨੌਕਰੀ ਵਿਚ ਭਾਵੇਂ ਅਧੀਨਗੀ ਦੀ ਪ੍ਰਵਿਰਤੀ ਹਮੇਸ਼ਾ ਹਾਜ਼ਰ ਰਹਿੰਦੀ ਹੈ, ਪਰ ਮਨੁੱਖ ਇਸ ਨੂੰ ਖਿੜੇ ਮੱਥੇ ਪ੍ਰਵਾਨ ਕਰਦਾ ਹੈ। ਸੰਸਾਰ ਦੀ ਬਹੁਤੀ ਵਸੋਂ ਚਾਕਰੀ ਦੇ ਹੱਥੋਂ ਹੀ ਰੋਟੀ ਖਾਂਦੀ ਹੈ। ਮੈਂ ਕਾਰਪੋਰੇਟ ਜਗਤ ਦੀ ਗੱਲ ਨਹੀਂ ਕਰਦਾ, ਕਿਉਂਕਿ ਚਾਕਰੀ ਵਿਚ ਵੀ ਇੱਕ ਉੱਤਮ ਕਲਾਸ ਪੈਦਾ ਹੋ ਗਈ ਹੈ। ਇਸ ਉੱਤਮ ਕਲਾਸ ਦਾ ਆਮ ਲੋਕਾਂ ਨਾਲ ਕੋਈ ਸਰੋਕਾਰ ਨਹੀਂ ਹੁੰਦਾ। ਇਹ ਉੱਤਮ ਕਲਾਸ ਰਾਜ-ਭਾਗ ਦੀ ਸਲਾਮਤੀ ਲਈ ਚਾਕਰੀ ਦੀਆਂ ਹੇਠੀਆਂ ਕਲਾਸਾਂ ਨੂੰ ਕੰਟਰੋਲ ਕਰਦੀ ਹੈ। ਹੇਠਲੀਆਂ ਚਾਕਰੀਆਂ ਕਰਦੀਆਂ ਸ਼੍ਰੇਣੀਆਂ ਨਾਲ ਉਨ੍ਹਾਂ ਦੀ ਦੁੱਖ-ਸੁੱਖ ਦੀ ਕੋਈ ਸਾਂਝ ਨਹੀਂ ਹੁੰਦੀ। ਉਨ੍ਹਾਂ ਦਾ ਕੰਮ ਇੰਨਾ ਹੁੰਦਾ ਹੈ ਕਿ ਹੇਠਲੀਆਂ ਕਲਾਸਾਂ ਨੂੰ ਕਿਵੇਂ ਨਪੀੜ ਕੇ ਰੱਖਿਆ ਜਾ ਸਕਦਾ ਹੈ ਤਾਂ ਕਿ ਇਹ ਲੋਕ ਸਟੇਟ ਦੀ ਸੇਵਾ ਵਿਚ ਰਹਿਣ, ਖਾਸ ਕਰਕੇ ਭਾਰਤ ਜਿਹੇ ਦੇਸ਼ਾਂ ਵਿਚ।

ਭਾਰਤ, ਜਿੱਥੇ ਆਬਾਦੀ ਬਹੁਤ ਹੈ ਅਤੇ ਗਰੀਬੀ ਦਾ ਕੋਈ ਅੰਤ ਨਹੀਂ। ਲੱਖਾਂ ਲੋਕ ਬੇਰੁਜ਼ਗਾਰ ਫਿਰ ਰਹੇ ਹਨ। ਭਾਵੇਂ ਬਹੁਤੀ ਵਸੋਂ ਕਾਰਖਾਨੇ, ਫੈਕਟਰੀਆਂ ਵਿਚ ਵੀ ਕੰਮ ਕਰਦੀ ਹੈ, ਫਿਰ ਵੀ ਜਦੋਂ ਨੌਜਵਾਨਾਂ ਦਾ ਆਮ ਜੀਵਨ ਵਿਚ ਰੋਟੀ ਦਾ ਕੋਈ ਸਾਧਨ ਨਹੀਂ ਬਣਦਾ ਤਾਂ ਇੱਕ ਫੌਜ ਹੀ ਉਨ੍ਹਾਂ ਨੂੰ ਆਸ ਦੀ ਕਿਰਨ ਦਿਸਦੀ ਹੈ, ਜਿਸ ਵਿਚ ਭਰਤੀ ਹੋ ਕੇ ਆਪਣੇ ਪਰਿਵਾਰ ਲਈ ਸਹਾਰਾ ਬਣ ਸਕਦਾ ਹੈ। ਇਸ ਲਈ ਗਰੀਬ ਪਰਿਵਾਰਾਂ ਦੇ ਹੁੰਦਲਹੇੜ ਬੱਚੇ ਫੌਜ ਵਿਚ ਭਰਤੀ ਹੋਣ ਲਈ ਹਮੇਸ਼ਾ ਤਿਆਰ ਰਹਿੰਦੇ ਹਨ। ਭਾਰਤ ਜਿਹੇ ਦੇਸ਼ ਨੂੰ ਹਮੇਸ਼ਾ ਨਵੀਂ ਭਰਤੀ ਦੀ ਲੋੜ ਰਹਿੰਦੀ ਹੈ। ਜਿਸ ਦੀਆਂ ਸਰਹੱਦਾਂ ਬਹੁਤ ਲੰਮੀਆਂ ਹਨ ਅਤੇ ਗਵਾਂਢੀ ਮੁਲਖਾਂ ਨਾਲ ਸਬੰਧ ਵੀ ਬਹੁਤੇ ਸੁਖਾਵੇਂ ਨਹੀ ਹਨ। ਗਵਾਂਢੀ ਦੇਸ਼ ਪਾਕਿਸਤਾਨ ਹੋਵੇ ਜਾਂ ਚੀਨ, ਸਰਹੱਦ 'ਤੇ ਹਮੇਸ਼ਾ ਜੰਗ ਵਾਲਾ ਮਾਹੌਲ ਬਣਿਆ ਰਹਿੰਦਾ ਹੈ। ਬਿਨਾ ਜੰਗ ਦੁਵੱਲੀ ਗੋਲੀਬਾਰੀ ਕਾਰਨ ਹਰ ਸਾਲ ਸੈਂਕੜੇ ਸੈਨਿਕ ਸ਼ਹੀਦ ਹੋ ਜਾਂਦੇ ਹਨ।

ਇਸ ਨਾਲ ਸਰਕਾਰ ਨੂੰ ਕੋਈ ਫਰਕ ਨਹੀਂ ਪੈਂਦਾ, ਕਿਉਂਕਿ ਸਰਕਾਰ ਦੀ ਰਾਜਨੀਤੀ ਇਨ੍ਹਾਂ ਸ਼ਹੀਦੀਆਂ ਦੇ ਨਾਲ ਹੀ ਚਲਦੀ ਰਹਿੰਦੀ ਹੈ। ਫੌਜ ਲਈ ਦੇਸ਼ ਪ੍ਰੇਮ ਦਾ ਪਾਠ ਇਨ੍ਹਾਂ ਦਾ ਮੂਲ ਮੰਤਰ ਹੈ। ਠੱਗ, ਚੋਰ, ਵਿਭਚਾਰੀ ਲੋਕਾਂ ਦੇ ਰਾਜਨੀਤੀ ਵਿਚ ਸ਼ਾਮਲ ਹੋਣ ਨਾਲ ਇੱਕ ਲੁਟੇਰਾ ਜਮਾਤ ਪੈਦਾ ਹੋ ਗਈ ਹੈ। ਇਹ ਜਮਾਤ ਸੱਤਾ 'ਤੇ ਕਾਬਜ ਰਹਿਣ ਲਈ ਕੋਈ ਵੀ ਢੰਗ-ਤਰੀਕਾ ਅਪਨਾ ਸਕਦੀ ਹੈ। ਇਹ ਆਪਣਾ ਹਿੱਤ ਵੇਖਦੀ ਹੈ, ਭਾਵੇਂ ਲੱਖਾਂ ਲੋਕ ਮਰ ਜਾਣ, ਉਨ੍ਹਾਂ ਨੂੰ ਕੋਈ ਫਰਕ ਨਹੀਂ ਪੈਂਦਾ। ਸਰਹੱਦਾਂ ਦੇ ਮਸਲਿਆਂ ਨੂੰ ਜਾਣ-ਬੁੱਝ ਕੇ ਲਮਕਾਇਆ ਜਾਂਦਾ ਹੈ। ਰਾਸ਼ਟਰਵਾਦ ਦੇ ਨਾਂ 'ਤੇ ਜਨਤਾ ਦਾ ਧਿਆਨ ਅੰਦਰੂਨੀ ਮਸਲਿਆਂ ਤੋਂ ਹਟਾਉਣ ਲਈ ਅਤੇ ਸੱਤਾ 'ਤੇ ਕਾਬਜ਼ ਹੋਣ ਲਈ ਹਮੇਸ਼ਾ ਜੰਗ ਦਾ ਮਾਹੌਲ ਬਣਾ ਕੇ ਰੱਖਿਆ ਜਾਂਦਾ ਹੈ।

ਇਸ ਸਭ ਰਾਜਨੀਤੀ ਦੇ ਵਰਤਾਰੇ ਲਈ ਸਰਹੱਦ 'ਤੇ ਖੜਾ ਸੈਨਿਕ ਬਲੀ ਦਾ ਬਕਰਾ ਬਣਦਾ ਹੈ। ਇੱਕ ਕੇਂਦਰੀ ਮੰਤਰੀ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਸੀ ਕਿ ਸੈਨਿਕ ਤਾਂ ਫੌਜ ਵਿਚ ਭਰਤੀ ਹੀ ਮਰਨ ਲਈ ਹੁੰਦਾ ਹੈ। ਸੁਆਲ ਹੈ ਕਿ ਇੱਕ ਸੈਨਿਕ ਨੂੰ ਜਿਉਣ ਦਾ ਹੱਕ ਨਹੀਂ ਹੈ? ਸ਼ਇਦ ਸੱਤਾ ਵਾਸਤੇ ਸੈਨਿਕ ਮਨੁੱਖ ਨਹੀਂ ਹੈ, ਬਲੀ ਦਾ ਇੱਕ ਬੱਕਰਾ ਹੈ। ਬੱਕਰੇ ਦੇ ਪਰਿਵਾਰ ਨੂੰ ਉਸ ਦੀ ਲੰਮੀ ਉਮਰ ਦੀ ਖੈਰ ਨਹੀਂ ਮੰਗਣੀ ਚਾਹੀਦੀ। ਲਾਸ਼ਾ ਦੇ ਤਾਬੂਤ ਇਸ ਤਰ੍ਹਾਂ ਹੀ ਘਰੀਂ ਆਉਂਦੇ ਰਹਿਣਗੇ ਅਤੇ ਪਿਛੋਂ ਪਰਿਵਾਰ ਆਪਣੀ ਹੋਣੀ ਸੰਗ ਇਸ ਤਰ੍ਹਾਂ ਹੀ ਮਰਦੇ-ਖਪਦੇ ਰਹਿਣਗੇ। ਦੋ ਟਕਿਆਂ ਦੀ ਨੌਕਰੀ ਤਾਬੂਤਾਂ 'ਚ ਇਸ ਤਰ੍ਹਾਂ ਹੀ ਬੰਦ ਹੁੰਦੀ ਰਹੇਗੀ!

# ਭਾਰਤ-ਚੀਨ-ਅਮਰੀਕਾ ਤ੍ਰੈਭੁਜ ਰਾਜਨੀਤੀ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਸਾਡੇ ਮਿੱਤਰ ਵਿੰਨੀ ਮਦਾਨ ਦੀ ਬੇਟੀ ਤਨਵੀ ਮਦਾਨ ਬਰੁਕਲਿੰਗ ਇੰਸਟੀਚਿਊਟ ਯੂ. ਐਸ. ਦੇ ਇੰਡੀਆ ਪ੍ਰਾਜੈਕਟ ਦੀ ਡਾਇਰੈਕਟਰ ਹੈ। ਉਸ ਦੀ ਸੱਜਰੀ ਪੁਸਤਕ ਨਿਰਣਾਇਕ ਤ੍ਰੈਭੁਜ (Fateful Triangle) ਚੀਨ ਰਾਜਨੀਤੀ ਦੇ ਪ੍ਰਸੰਗ ਵਿਚ ਭਾਰਤ ਤੇ ਅਮਰੀਕਾ ਵਿਚਲੇ ਸਿਆਸੀ ਸਬੰਧਾਂ ਦਾ ਵਿਸ਼ਲੇਸ਼ਣ ਕਰਦੀ ਹੈ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਅਮਰੀਕਾ ਨੂੰ ਰਾਜਨੀਤਕ ਪੱਧਰ ਉਤੇ ਵਿਸ਼ਵੀ ਤਵਾਜ਼ਨ ਬਣਾਈ ਰੱਖਣ ਲਈ ਭਾਰਤ ਦੇ ਸਹਿਯੋਗ ਦੀ ਕਿੰਨੀ ਲੋੜ ਹੈ। ਇਹੀ ਵੀ ਕਿ ਇਸੇ ਟੀਚੇ ਨੂੰ ਪ੍ਰਾਪਤ ਕਰਨ ਲਈ ਅਮਰੀਕਾ ਕਿੱਥੋਂ ਤੱਕ ਜਾਣ ਲਈ ਤਿਆਰ ਹੈ।

ਤਨਵੀ ਆਪਣੀ ਧਾਰਨਾ ਚੀਨ ਦੀ ਧੱਕੜਸ਼ਾਹ ਵਿਸਤਾਰਵਾਦ ਦੀ ਨੀਤੀ ਨਾਲ ਸ਼ੁਰੂ ਕਰਦੀ ਹੈ। ਚੀਨ ਦੀ ਇਹ ਨੀਤੀ ਸਿਰਫ ਭਾਰਤ ਜਾਂ ਨੇਪਾਲ ਤੱਕ ਹੀ ਸੀਮਤ ਨਹੀਂ। ਜਪਾਨ, ਤਾਇਵਾਨ, ਆਸਟ੍ਰੇਲੀਆ ਤੇ ਕੈਨੇਡਾ ਦੇ ਪ੍ਰਸੰਗ ਵਿਚ ਚੀਨ ਦੀਆਂ ਹਾਂਗਕਾਂਗ ਵਿਚਲੀਆਂ ਗਤੀਵਿਧੀਆਂ ਅਤੇ ਦੱਖਣੀ ਚੀਨ ਸਾਗਰ ਵਿਚ ਚੀਨ ਦੇ ਤੋਰੇ-ਫੇਰੇ ਇਸ ਦੀ ਉਪਰੋਕਤ ਨੀਤੀ ਦਾ ਪ੍ਰਤੱਖ ਪ੍ਰਮਾਣ ਹਨ। ਤਨਵੀ ਦੀ ਰਚਨਾ ਭਾਰਤ ਨੂੰ ਇਸ ਸਭ ਕਾਸੇ ਤੋਂ ਚੇਤੰਨ ਰਹਿਣ ਦਾ ਸੱਦਾ ਦਿੰਦੀ ਹੈ। ਦਸਦੀ ਹੈ ਕਿ ਇਸ ਪ੍ਰਤੀ ਚੇਤੰਨ ਰਹਿਣਾ ਹੀ ਕਾਫੀ ਨਹੀਂ, ਭਾਰਤ ਨੂੰ ਆਪਣੇ ਦਾਅਵਿਆਂ ਉਤੇ ਦ੍ਰਿੜਤਾ ਨਾਲ ਡਟ ਕੇ ਪਹਿਰਾ ਦੇਣ ਦੀ ਲੋੜ ਹੈ।

ਤਨਵੀ ਵਲੋਂ ਆਪਣੀ ਪੁਸਤਕ ਵਿਚ ਪੇਸ਼ ਕੀਤੀ ਖੋਜ ਤੇ ਵਿਸ਼ਲੇਸ਼ਣ ਚੀਨ ਦੀ ਵਿਸਤਾਰਵਾਦੀ ਧਾਰਨਾ ਨੂੰ ਗਲੋਬਲ ਚਿੰਤਾ ਦੀ ਜੜ੍ਹ ਦਰਸਾਉਂਦੀ ਹੈ। ਅਮਰੀਕਾ ਦਾ ਭਾਰਤੀ ਰਾਜਨੀਤੀ ਪ੍ਰਤੀ ਸੱਜਰਾ ਵਰਤਾਰਾ ਇਸ ਦੀ ਪੁਸ਼ਟੀ ਕਰਦਾ ਹੈ। ਲੇਖਿਕਾ ਦਾ ਮੱਤ ਹੈ ਕਿ ਵਧੇਰੇ ਕਰਕੇ ਸਾਰੇ ਖੋਜੀ ਭਾਰਤ-ਅਮਰੀਕਾ ਸਬੰਧਾਂ ਨੂੰ ਪਾਕਿਸਤਾਨ ਤੇ ਸੋਵੀਅਤ ਦੇਸ਼ ਦੇ ਪ੍ਰਸੰਗ ਵਿਚ ਹੀ ਵੇਖਦੇ ਹਨ। ਜਦ ਕਿ ਇਨ੍ਹਾਂ ਸਬੰਧਾਂ ਦੀ ਥਾਹ ਪਾਉਣ ਲਈ ਚੀਨੀ ਪ੍ਰਸੰਗ ਸਭ ਤੋਂ ਵੱਧ ਮਹੱਤਤਾ ਰੱਖਦਾ ਹੈ। ਭਾਰਤ ਦੀ ਚੀਨ ਪ੍ਰਤੀ ਮਾਮੂਲੀ ਜਿਹੀ ਬੇਰੁਖੀ ਵੀ ਅਮਰੀਕਾ



ਤਨਵੀ ਮਦਾਨ

ਨੂੰ ਭਾਰਤ ਵਲ ਖਿਚਦੀ ਹੈ। ਇਸੇ ਤਰ੍ਹਾਂ ਜਦ ਕਦੀ ਵਾਸ਼ਿੰਗਟਨ ਨੂੰ ਬੀਜਿੰਗ ਪ੍ਰਤੀ ਭਾਰਤ ਦਾ ਝੁਕਾਅ ਮਾੜਾ ਮੋਟਾ ਵਧਦਾ ਨਜ਼ਰ ਆਉਂਦਾ ਹੈ ਤਾਂ ਅਮਰੀਕਾ-ਭਾਰਤ ਸਬੰਧਾਂ ਵਿਚ ਤ੍ਰੇੜ ਆ ਜਾਂਦੀ ਹੈ।

ਜਿੱਥੋਂ ਤੱਕ ਭਾਰਤ ਦਾ ਸਬੰਧ ਹੈ, ਚੀਨ ਦੀ ਵਿਸਤਾਰਵਾਦੀ ਨੀਤੀ ਨਾਲ ਨਿਪਟਣ ਲਈ ਭਾਰਤ 1962-63 ਤੋਂ ਅਮਰੀਕੀ ਸਹਿਯੋਗ ਲੋਚਦਾ ਰਿਹਾ ਹੈ। ਭਾਰਤ ਨੂੰ ਅਜਿਹਾ ਸਹਿਯੋਗ ਹੋਰਨਾਂ ਦੇਸ਼ਾਂ ਤੋਂ ਵੀ ਲੋੜੀਂਦਾ ਸੀ, ਜੋ ਸੋਵੀਅਤ ਰੂਸ ਵਲੋਂ 1971 ਤੋਂ ਪਿਛੋਂ ਪ੍ਰਾਪਤ ਹੋਣਾ ਅਰੰਭ ਹੋਇਆ।

ਜਿੱਥੋਂ ਤਕ ਬਰਤਾਨੀਆ ਦਾ ਸਬੰਧ ਹੈ, ਉਨ੍ਹਾਂ ਨੇ ਵੀ ਭਾਰਤ-ਚੀਨ ਸਬੰਧਾਂ ਦੀ ਵਧਦੀ-ਘਟਦੀ ਸਾਂਝ ਨੂੰ ਕਦੇ ਅੱਖੋਂ ਪਰੋਖੇ ਨਹੀਂ ਕੀਤਾ।

ਤਨਵੀ ਮਦਾਨ ਵਲੋਂ ਦਿੱਤੇ ਉਪਰੋਕਤ ਹਵਾਲਿਆਂ ਦੀ ਬਿਨਾ ਉੱਤੇ ਚੀਨ ਦੇ ਭਾਰਤ ਪ੍ਰਤੀ 15 ਜੂਨ 2020 ਵਾਲੇ ਵਤੀਰੇ ਨੂੰ ਇੱਕ ਚਿਤਾਵਨੀ ਵਜੋਂ ਲੈਣਾ ਲਾਜ਼ਮੀ ਹੈ ਤੇ ਭਾਰਤ ਨੂੰ ਕਿਸੇ ਵੀ ਸਾਂਝੀ ਸੋਚ ਵਾਲੇ ਦੇਸ਼ ਤੋਂ ਮਦਦ ਮੰਗਦਿਆਂ ਸੰਗਣ ਦੀ ਲੋੜ ਨਹੀਂ। ਸਾਂਝੀ ਸੋਚ ਅਪਨਾਏ ਬਿਨਾ ਵਿਸਤਾਰਵਾਦੀ ਧਾਰਨਾ ਵਾਲੇ ਚੀਨ ਨੂੰ ਠੀਕ ਮਾਰਗ ਉੱਤੇ ਲਿਆਉਣਾ ਉੱਕਾ ਹੀ ਸੰਭਵ ਨਹੀਂ। ਜਿੱਥੋਂ ਤੱਕ ਅਮਰੀਕਾ ਦਾ ਸਬੰਧ ਹੈ, ਲੇਖਿਕਾ ਅਨੁਸਾਰ ਅਮਰੀਕਾ ਅਜਿਹੀ ਮਦਦ ਦੇਣ ਤੋਂ ਪਿੱਛੇ ਨਹੀਂ ਹਟੇਗਾ। ਲੇਖਿਕਾ ਦੇ ਮੱਤ ਅਨੁਸਾਰ 15 ਜੂਨ ਵਾਲੇ ਭਾਰਤ-ਚੀਨ ਸਰਹੱਦ ਵਰਤਾਰੇ ਨੇ ਚੀਨ ਦੇ ਦਿਮਾਗ ਵਿਚ ਇੱਕ ਗੱਲ ਤਾਂ ਪਾ ਹੀ ਦਿੱਤੀ ਹੈ ਕਿ ਚੀਨ ਦਾ ਬਹੁਤ ਸਾਰੇ ਫਰੰਟ ਖੋਲ੍ਹ ਕੇ ਸਫਲ ਹੋਣਾ ਸੰਭਵ ਨਹੀਂ। ਚੀਨ ਕਿਹੜੇ ਫਰੰਟ ਤੋਂ ਪਿੱਛੇ ਹਟਦਾ ਹੈ, ਸਮੇਂ ਨੇ ਦੱਸਣਾ ਹੈ।

ਪੁਸਤਕ ਦਾ ਮੂਲ ਮੰਤਵ ਤਨਵੀ ਮਦਾਨ ਵਲੋਂ ਆਪਣੇ ਜੱਦੀ ਪੁਸ਼ਤੀ ਭਾਰਤ ਦੇਸ਼ ਨੂੰ ਚੀਨ ਦੀਆਂ ਚਾਲਾਂ ਤੋਂ ਸੁਚੇਤ ਕਰਨਾ ਵੀ ਹੈ ਤੇ ਅਮਰੀਕਾ ਵਲੋਂ ਮਿਲਣ ਵਾਲੇ ਸੰਭਾਵੀ ਸਹਿਯੋਗ ਤੋਂ ਜਾਣੂ ਕਰਵਾਉਣਾ ਵੀ। ਇਸ ਦਾ ਸਵਾਗਤ ਹੋਣਾ ਚਾਹੀਦਾ ਹੈ।

**'ਨਵਾਂ ਜ਼ਮਾਨਾ' ਉਦੋਂ ਤੇ ਹੁਣ:** ਮੈਂ ਖਾਲਸਾ ਕਾਲਜ ਮਾਹਿਲਪੁਰ (ਹੁਸ਼ਿਆਰਪੁਰ) ਵਿਚ ਪੜ੍ਹਦਾ ਸਾਂ, ਜਦ 1952 ਦੇ ਅੱਧ ਵਿਚਾਲੇ ਇਲਾਕੇ ਦੇ ਅਗਾਂਹਵਧੂ ਸਾਹਿਤ ਵਿਕਰੇਤਾ ਅਮਰ ਸਿੰਘ ਨਿਡਰ ਨੇ ਅਖਬਾਰ 'ਨਵਾਂ ਜ਼ਮਾਨਾ' ਦੇ ਹੋਂਦ ਵਿਚ ਆਉਣ ਦੀ ਖਬਰ ਦਿੱਤੀ। ਉਦੋਂ ਇਸ ਦੀ ਭਾਸ਼ਾ ਰਲੀ ਮਿਲੀ ਉਰਦੂ ਸੀ ਤੇ ਨਾਂ 'ਨਯਾ ਜ਼ਮਾਨਾ।' ਅਮਰ ਸਿੰਘ ਨੇ ਮੇਰੇ ਵਰਗੇ ਵਿਦਿਆਰਥੀਆਂ ਨੂੰ ਪ੍ਰੇਰਨ ਲਈ ਇਹ ਵੀ ਕਹਿਣਾ ਕਿ ਇਸ ਦਾ ਸੰਪਾਦਨ ਪ੍ਰੀਤ ਲੜੀ ਵਾਲਾ ਗੁਰਬਖਸ਼ ਸਿੰਘ ਕਰਦਾ ਹੈ। ਮੈਂ ਉਹਦੇ ਕੋਲੋਂ ਪ੍ਰੀਤ ਲੜੀ ਲੈਂਦਾ ਹੁੰਦਾ ਸਾਂ ਤੇ ਉਹ ਮੈਨੂੰ ਸੋਵੀਅਤ ਦੇਸ਼ ਆਦਿ ਪੜ੍ਹਨ ਲਈ ਦੇ ਛੱਡਦਾ ਸੀ, ਜੋ ਪੜ੍ਹ ਕੇ ਮੈਂ ਉਸ ਨੂੰ ਪਰਤਾ ਦਿੰਦਾ ਸਾਂ। 'ਨਯਾ ਜ਼ਮਾਨਾ' ਵੀ ਇਸੇ ਤਰ੍ਹਾਂ ਦੇਖਦਾ/ਪੜ੍ਹਦਾ ਵਾਪਸ ਕਰਦਾ ਰਿਹਾ।

ਅਸੀਂ ਇਸ ਸਮਾਚਾਰ ਪੱਤਰ ਦੇ ਪੱਕੇ ਪਾਠਕ ਨਾ ਹੋਣ ਦੇ ਬਾਵਜੂਦ ਇਸ ਦੀ ਪਹੁੰਚ ਤੇ ਧਾਰਨਾ ਤੋਂ ਮੁਤਾਸਰ ਸਾਂ। ਅਸੀਂ ਤੋਂ ਮੇਰਾ ਭਾਵ ਮੇਰੇ ਵਰਗੇ ਹੋਰ ਵੀ, ਜਿਨ੍ਹਾਂ ਵਿਚ ਚਾਂਦਸੂ ਵਾਲਾ ਦਰਸ਼ਨ ਸਿੰਘ ਹੀਰ ਵੀ ਸ਼ਾਮਲ ਸੀ, ਜੋ ਹੁਣ ਵਲਾਇਤੀਆ ਹੋ ਚੁਕਾ ਹੈ। ਸਾਡੇ ਵਿਹੰਦਿਆਂ ਵਿਹੰਦਿਆਂ 'ਨਯਾ ਜ਼ਮਾਨਾ' ਦੀ ਕਮਾਂਡ ਗੁਰਬਖਸ਼ ਸਿੰਘ ਪ੍ਰੀਤ ਲੜੀ ਦੇ ਹੱਥਾਂ ਵਿਚੋਂ ਨਿਕਲ ਕੇ ਸਾਥੀ ਸੋਹਣ ਸਿੰਘ ਜੋਸ਼ ਦੇ ਹੱਥਾਂ ਵਿਚ ਚਲੀ ਗਈ, ਜਿਸ ਨੇ ਇਸ ਦੀ ਪਹਿਲਾਂ ਵਾਲੀ ਧਾਰਨਾ ਉੱਤੇ ਰੱਜ ਕੇ ਪਹਿਰਾ ਦਿੱਤਾ। ਜੋਸ਼ ਦੀ ਕਮਾਨ ਥੱਲੇ ਹੀ ਇਹ ਸਮਾਚਾਰ ਪੱਤਰ 1956 ਵਿਚ ਗੁਰਮੁਖੀ ਲਿਪੀ ਵਿਚ 'ਨਵਾਂ ਜ਼ਮਾਨਾ' ਨਾਮਕਰਨ ਥੱਲੇ ਛਪਣਾ ਸ਼ੁਰੂ ਹੋਇਆ ਤੇ ਅੱਜ ਤੱਕ ਛਪ ਰਿਹਾ ਹੈ।

ਬੀ. ਏ. ਦਾ ਇਮਤਿਹਾਨ ਦੇ ਕੇ ਮੈਂ ਦਿੱਲੀ ਚਲਾ ਗਿਆ। ਪਤਾ ਲੱਗਾ ਕਿ ਇਸ ਪਰਚੇ ਦੀ ਕਮਾਨ ਦਿੱਲੀ ਨਿਵਾਸੀ ਪੰਜਾਬੀ ਕਵੀ ਪ੍ਰੀਤਮ ਸਿੰਘ ਸਫੀਰ ਦੇ ਛੋਟੇ ਭਰਾ ਜਗਜੀਤ ਸਿੰਘ ਅਨੰਦ ਕੋਲ ਚਲੇ ਗਈ ਹੈ। ਇਹ ਵੀ ਕਿ ਬਾਬਾ ਗੁਰਬਖਸ਼ ਸਿੰਘ ਬੰਨੂਆਣਾ ਇਸ ਦੀ ਰੂਹ-ਏ-ਰਵਾਂ ਹੈ। ਪਰਚਾ ਤਾਂ ਕਦੀ ਕਦਾਈਂ ਨਜ਼ਰੀਂ ਪੈਂਦਾ, ਪਰ ਖਬਰ ਮਿਲਦੀ ਰਹਿੰਦੀ। ਜਗਜੀਤ ਅਨੰਦ ਨਾਲ ਬਹੁਤਾ ਵਾਹ ਪਰਚੇ ਕਰਕੇ ਨਹੀਂ, ਪਰ ਸੋਵੀਅਤ ਰੂਸ ਦੀਆਂ ਪ੍ਰਚਾਰ ਪੋਥੀਆਂ ਦੇ ਪੰਜਾਬੀ ਅਨੁਵਾਦ ਕਾਰਨ ਪੈਂਦਾ ਰਹਿੰਦਾ। ਉਹ ਤੇਜ਼ ਤਰਾਰ ਤੇ ਬਹੁਪੱਖੀ ਹਸਤੀ ਸੀ, ਢੁਕਵੀਂ ਪੰਜਾਬ ਸ਼ਬਦਾਵਲੀ ਦਾ ਮਾਹਰ। ਇੱਕ ਸਮਾਗਮ ਵਿਚ ਕਾਮਰੇਡ ਏ. ਕੇ. ਗੋਪਾਲਨ ਵਲੋਂ ਕਮਿਊਨਿਸਟ ਪਾਰਟੀ ਦੀਆਂ ਪ੍ਰਾਪਤੀਆਂ ਲਈ ਵਿੱਢੇ ਗਏ ਸੰਘਰਸ਼ ਨਾਲ ਸਬੰਧਤ ਘੋਲ ਲਈ ਵਰਤੇ ਗਏ ਕਿਸੇ ਅੰਗਰੇਜ਼ੀ ਭਾਸ਼ਾ ਦੇ ਵਾਕ ਨੂੰ ਪੰਜਾਬੀ ਭਾਸ਼ਾ ਵਿਚ ਸਮਝਾਉਣ ਸਮੇਂ ਉਹਦਾ ਵਰਤਿਆ ਗਿਆ ਵਾਕ ਮੈਨੂੰ ਅੱਜ ਤੱਕ ਚੇਤੇ ਹੈ। ਉਹ ਇਹ ਕਿ ਇਨ੍ਹਾਂ ਸਿਖਰਾਂ ਨੂੰ ਛੂਹਣ ਲਈ ਪਾਰਟੀ ਨੇ ਬੜੀ ਘਾਲਣਾ ਘਾਲੀ ਹੈ; ਪੈਰ ਥੱਲੇ ਬਟੇਰਾ ਨਹੀਂ ਆਇਆ।

ਮੇਰੇ ਦਿੱਲੀ ਤੋਂ ਚੰਡੀਗੜ੍ਹ ਆ ਜਾਣ ਪਿੱਛੋਂ 'ਨਵਾਂ ਜ਼ਮਾਨਾ' ਦਾ ਐਤਵਾਰਤਾ ਅੰਕ ਮੈਨੂੰ ਲਗਾਤਾਰ ਮਿਲ ਰਿਹਾ ਹੈ। ਸਮਾਂ ਲੱਗੇ ਤਾਂ ਮੈਂ ਜਲੰਧਰ ਵਾਲੇ ਦਫਤਰ ਵੀ ਦਸਤਕ ਦੇ ਆਉਂਦਾ ਹਾਂ। ਅਨੰਦ ਦੇ ਜਿਉਂਦੇ ਜੀ ਅਤੇ ਉਸ ਤੋਂ ਪਿੱਛੋਂ ਜਤਿੰਦਰ ਪੰਨੂੰ ਨੇ ਪਰਚੇ ਦੀ ਸੇਧ ਤੇ ਦ੍ਰਿਸ਼ਟੀਕੋਣ ਨੂੰ ਆਂਚ ਨਹੀਂ ਆਉਣ ਦਿੱਤੀ, ਇਸ ਵਰ੍ਹੇ ਦੇ ਅਰੰਭ ਵਿਚ ਇਸ ਦਾ ਸੰਪਾਦਨ ਚੰਦ ਫਤਿਹਪੁਰੀ ਦੇ ਹੱਥਾਂ ਵਿਚ ਚਲੇ ਜਾਣ ਤੱਕ। ਪਰਚੇ ਦਾ ਸੱਤ ਦਹਾਕੇ ਦਾ ਸਫਰ ਜ਼ਿੰਦਾਬਾਦ!

**ਅੰਤਿਕਾ: ਲੋਕ ਬੋਲੀ**

ਪਿਪਲ ਦਿਆ ਪੱਤਿਆ ਵੇ
ਕੇਹੀ ਖੜ ਖੜ ਲਾਈ ਹੈ,
ਪਤ ਝੜੇ ਪੁਰਾਣੇ ਵੇ
ਰੁੱਤ ਨਵਿਆਂ ਦੀ ਆਈ ਹੈ।

# ਮੱਤੇਵਾੜਾ ਉਦਯੋਗਿਕ ਪਾਰਕ: ਜੰਗਲ, ਜਲ ਤੇ ਜ਼ਮੀਨ ਬਚਾਉਣ ਦੀ ਲੋੜ

ਹਾਲ ਹੀ ਵਿਚ ਪੰਜਾਬ ਸਰਕਾਰ ਨੇ ਮੱਤੇਵਾੜਾ ਜੰਗਲ ਦੇ ਨੇੜੇ 1000 ਏਕੜ ਵਿਚ ਮੱਤੇਵਾੜਾ ਉਦਯੋਗਿਕ ਪਾਰਕ ਬਣਾਉਣ ਦੀ ਯੋਜਨਾ ਦਾ ਖੁਲਾਸਾ ਕੀਤਾ ਹੈ। ਮੱਤੇਵਾੜਾ ਉਦਯੋਗਿਕ ਪਾਰਕ ਬਣਾਉਣ ਦੇ ਪੰਜਾਬ ਸਰਕਾਰ ਦੇ ਐਲਾਨ ਕਰਨ ਦੇ ਨਾਲ ਹੀ ਪੰਜਾਬ ਦੇ ਲੋਕਾਂ ਅਤੇ ਵਾਤਾਵਰਣ ਕਾਰਕੁਨਾਂ ਨੇ ਇਹ ਸਮਝਿਆ ਕਿ ਮੱਤੇਵਾੜਾ ਉਦਯੋਗਿਕ ਪਾਰਕ ਮੱਤੇਵਾੜ ਦੇ ਜੰਗਲ ਨੂੰ ਉਜਾੜ ਕੇ ਬਣਾਇਆ ਜਾਵੇਗਾ, ਜੋ ਪੰਜਾਬ ਦੇ ਵਾਤਾਵਰਣ ਲਈ ਬਹੁਤ ਨੁਕਸਾਨਦੇਹ ਹੋਵੇਗਾ। ਇਸ ਲਈ ਲੋਕਾਂ ਨੇ ਪੰਜਾਬ ਸਰਕਾਰ ਦੇ ਇਸ ਫੈਸਲੇ ਉੱਤੇ ਰੋਸ ਮੁਜਾਹਰੇ ਕਰਕੇ ਇਸ ਫੈਸਲੇ ਨੂੰ ਬਦਲਣ ਉੱਤੇ ਜ਼ੋਰ ਦਿੱਤਾ। ਲੋਕਾਂ ਦੇ ਰੋਸ ਅਤੇ ਵਿਰੋਧ ਨੂੰ ਦੇਖਦਿਆਂ ਪੰਜਾਬ ਸਰਕਾਰ ਨੇ ਸਪਸ਼ਟ



ਡਾ. ਗੁਰਿੰਦਰ ਕੌਰ


ਕੀਤਾ ਹੈ ਕਿ ਮੱਤੇਵਾੜਾ ਉਦਯੋਗਿਕ ਪਾਰਕ ਜੰਗਲ ਦੀ ਜ਼ਮੀਨ ਉੱਤੇ ਨਹੀਂ, ਸਗੋਂ ਪਸ਼ੂ-ਪਾਲਣ ਵਿਭਾਗ ਅਤੇ ਮੁੜ-ਵਸੇਬਾ ਮਹਿਕਮਿਆਂ ਦੀ ਜ਼ਮੀਨ ਸਮੇਤ ਜੰਗਲ ਦੇ ਨੇੜਲੇ ਸੇਖੋਂਵਾਲ, ਮੱਤੇਵਾੜ, ਸਲੇਮਪੁਰ, ਗੜ੍ਹੀਆਂ, ਸੈਲਕਲਾਂ, ਕਾਲੇਵਾਲ ਆਦਿ ਪਿੰਡਾਂ ਤੋਂ ਜ਼ਮੀਨ ਐਕਵਾਇਰ ਕਰਕੇ ਬਣਾਇਆ ਜਾਵੇਗਾ। ਇਸ ਉਦਯੋਗਿਕ ਪਾਰਕ ਲਈ ਸਭ ਤੋਂ ਵੱਧ ਜ਼ਮੀਨ ਸੇਖੋਂਵਾਲ ਪਿੰਡ ਦੀ, ਜੋ 400 ਏਕੜ ਤੋਂ ਉੱਪਰ ਹੈ, ਐਕਵਾਇਰ ਕਰਨ ਦੀ ਵਿਉਂਤ ਹੈ; ਬਾਕੀ ਦੇ ਹਰ ਇਕ ਪਿੰਡ ਦੀ ਜ਼ਮੀਨ 100 ਏਕੜ ਤੋਂ ਘੱਟ ਹੈ।

ਪ੍ਰਸਾਵਤ ਉਦਯੋਗਿਕ ਪਾਰਕ ਵਾਲੀ ਥਾਂ ਮੱਤੇਵਾੜ ਜੰਗਲ ਅਤੇ ਸਤਲੁਜ ਦਰਿਆ ਦੇ ਵਿਚਕਾਰਲੇ ਖੇਤਰ ਵਿਚ ਪੈਂਦੀ ਹੈ। ਉਦਯੋਗਿਕ ਪਾਰਕ ਭਾਵੇਂ ਮੱਤੇਵਾੜ ਜੰਗਲ ਨੂੰ ਉਜਾੜ ਕੇ ਨਹੀਂ ਬਣ ਰਿਹਾ, ਪਰ ਇਸ ਤੋਂ ਪੈਦਾ ਹੋਣ ਵਾਲੇ ਹਵਾ, ਪਾਣੀ ਅਤੇ ਸ਼ੋਰ ਆਦਿ ਸਭ ਤਰ੍ਹਾਂ ਦੇ ਪ੍ਰਦੂਸ਼ਣ ਦਾ ਅਸਰ ਨਾ ਸਿਰਫ ਮੱਤੇਵਾੜ ਦੇ ਜੰਗਲ ਉੱਤੇ ਪਵੇਗਾ, ਸਗੋਂ ਸਤਲੁਜ ਦਰਿਆ ਦੇ ਪਾਣੀ ਦੇ ਨਾਲ ਨਾਲ 1000 ਏਕੜ ਖੇਤੀਯੋਗ ਉਪਜਾਊ ਜ਼ਮੀਨ ਉੱਤੇ ਵੀ ਪਵੇਗਾ, ਜਿਸ ਨਾਲ ਇੱਥੇ ਰਹਿੰਦੇ ਕਿਸਾਨ ਪਰਿਵਾਰਾਂ ਦਾ ਇਕੋ-ਇਕ ਰੁਜ਼ਗਾਰ ਖੇਤੀਬਾੜੀ ਦਾ ਧੰਦਾ ਬਿਲਕੁਲ ਖਤਮ ਹੋ ਜਾਵੇਗਾ। ਕਿਸੇ ਵੀ ਦੇਸ਼/ਰਾਜ ਦੇ ਆਰਥਕ ਵਿਕਾਸ ਅਤੇ ਰੁਜ਼ਗਾਰ ਲਈ ਉੱਥੋਂ ਦਾ ਉਦਯੋਗਿਕ ਵਿਕਾਸ ਭਾਵੇਂ ਅਹਿਮ ਭੂਮਿਕਾ ਨਿਭਾਉਂਦਾ ਹੈ, ਪਰ ਪੰਜਾਬ ਸਰਕਾਰ ਨੇ ਜੋ ਥਾਂ ਇਸ ਉਦਯੋਗਿਕ ਪਾਰਕ ਲਈ ਚੁਣੀ ਹੈ, ਉਸ ਦੇ ਆਲੇ-ਦੁਆਲੇ ਦੇ ਕੁਦਰਤੀ ਤੇ ਸਮਾਜਕ ਵਾਤਾਵਰਣ 'ਤੇ ਪੈਣ ਵਾਲੇ ਪ੍ਰਭਾਵਾਂ ਬਾਰੇ ਵੀ ਵਿਚਾਰ ਕਰ ਲੈਣਾ ਜ਼ਰੂਰੀ ਹੈ।

ਇਸ ਤੱਥ ਤੋਂ ਕੋਈ ਵੀ ਇਨਕਾਰੀ ਨਹੀਂ ਹੋ ਸਕਦਾ ਹੈ ਕਿ ਉਦਯੋਗਾਂ ਵਿਚ ਵਰਤੇ ਜਾਂਦੇ ਬਾਲਣ (ਤੇਲ, ਕੋਇਲਾ ਜਾਂ ਗੈਸ) ਵਾਤਾਵਰਣ ਵਿਚ ਸਲਫਰਡਾਇਆਕਸਾਇਡ, ਨਾਈਟਰੋਜਨ ਆਕਸਾਈਡ ਆਦਿ ਵਰਗੀਆਂ ਗੈਸਾਂ ਅਤੇ ਅੱਧ-ਜਲੇ ਬਾਲਣ, ਧੂੰਏ ਅਤੇ ਧੂੜ ਦੇ ਕਣ ਛੱਡਦੇ ਹਨ, ਜੋ ਆਲੇ-ਦੁਆਲੇ ਦੇ ਵਾਤਾਵਰਣ ਨੂੰ ਪਲੀਤ ਕਰਦੇ ਹਨ। ਇਹ ਗੈਸਾਂ ਅਤੇ ਧੂੰਏ ਅਤੇ ਧੂੜ ਦੇ ਕਣ ਹਰ ਤਰ੍ਹਾਂ ਦੇ ਜੈਵਿਕਾਂ ਲਈ ਹਾਨੀਕਾਰਕ ਹੁੰਦੇ ਹਨ। ਉਦਯੋਗਾਂ ਤੋਂ ਨਿਕਲਣ ਵਾਲੀਆਂ ਗੈਸਾਂ ਹਰ ਤਰ੍ਹਾਂ ਦੀ ਬਨਸਪਤੀ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ। ਉਦਯੋਗਿਕ ਇਕਾਈਆਂ ਦੇ ਆਲੇ-ਦੁਆਲੇ ਵਾਲੇ ਦਰਖੱਤਾਂ ਦੇ ਪੱਤਿਆਂ ਉੱਤੇ ਧੂੜ ਅਤੇ ਧੂੰਏ ਦੇ ਕਣ ਜੰਮ ਜਾਂਦੇ ਹਨ, ਜੋ ਉਨ੍ਹਾਂ ਦੀ ਭੋਜਨ ਬਣਾਉਣ ਦੀ ਪ੍ਰਕਾਸ਼ ਸੰਸ਼ਲੇਸ਼ਣ ਦੀ ਪ੍ਰਕ੍ਰਿਆ ਨੂੰ ਪ੍ਰਭਾਵਿਤ ਕਰਕੇ ਉਨ੍ਹਾਂ ਦੀ ਭੋਜਨ ਬਣਾਉਣ ਦੀ ਸਮਰੱਥਾ ਨੂੰ ਬਹੁਤ ਘਟਾ ਦਿੰਦੇ ਹਨ, ਜਿਸ ਨਾਲ ਦਰਖਤਾਂ/ਬਨਸਪਤੀ ਦਾ ਹਰ ਤਰ੍ਹਾਂ ਦਾ ਵਾਧਾ ਰੁਕ ਜਾਂਦਾ ਹੈ। ਇਹ ਪ੍ਰਕ੍ਰਿਆ ਉਨ੍ਹਾਂ ਦੇ ਉਤਪਾਦਨ (ਲਕੜੀ ਅਤੇ ਫਲਾਂ ਆਦਿ ਦੇ ਰੂਪ ਵਿਚ) ਅਤੇ ਔਸਤ ਉਮਰ ਨੂੰ ਵੀ ਘਟਾ ਦਿੰਦੇ ਹਨ।

ਉਦਯੋਗਾਂ ਤੋਂ ਨਿਕਲਣ ਵਾਲੀਆਂ ਸਲਫਰਡਾਇਆਕਸਾਈਡ ਅਤੇ ਨਾਈਟਰੋਜਨ ਆਕਸਾਈਡ ਜਿਹੀਆਂ ਗੈਸਾਂ ਹਵਾ ਵਿਚ ਦੋ ਤਰ੍ਹਾਂ ਦਾ ਤੇਜ਼ਾਬੀ ਮਾਦਾ ਛੱਡਦੀਆਂ ਹਨ-ਖੁਸ਼ਕ ਤੇ ਨਮੀ ਵਾਲਾ। ਖੁਸ਼ਕ ਤੇਜ਼ਾਬੀ ਮਾਦੇ ਦੇ ਕਣ ਉਦਯੋਗਾਂ ਦੇ ਨੇੜਲੇ ਖੇਤਰਾਂ ਵਿਚ ਬਨਸਪਤੀ ਦੇ ਪੱਤਿਆਂ, ਟਾਹਣੀਆਂ, ਫਲਾਂ ਆਦਿ ਉੱਤੇ ਟਿਕ ਜਾਂਦੇ ਹਨ ਅਤੇ ਉਨ੍ਹਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ, ਪਰ ਨਮੀ ਵਾਲਾ ਤੇਜ਼ਾਬੀ ਮਾਦਾ ਧਰਤੀ ਉੱਤੇ ਤੇਜ਼ਾਬੀ ਮੀਂਹ ਦੇ ਰੂਪ ਵਿਚ ਬਨਸਪਤੀ ਦੇ ਧਰਤੀ ਉੱਤੇ ਹਿੱਸਿਆਂ ਨੂੰ ਨੁਕਸਾਨ ਪਹੁੰਚਾਉਣ ਤੋਂ ਬਿਨਾ ਮਿੱਟੀ ਵਿਚ ਸਿੰਮ ਕੇ ਉਨ੍ਹਾਂ ਦੀਆਂ ਜੜ੍ਹਾਂ ਨੂੰ ਨੁਕਸਾਨ ਪਹੁੰਚਾਉਣ ਪਿਛੋਂ ਪਾਣੀ ਰਾਹੀਂ ਸਾਰੇ ਬੂਟਿਆਂ ਨੂੰ ਹੀ ਸੁਕਾ ਦਿੰਦਾ ਹੈ। ਉਦਯੋਗਿਕ ਇਨਕਲਾਬ ਪਿਛੋਂ 19ਵੀਂ ਸਦੀ ਦੇ ਮੱਧ ਵਿਚ ਯੂਰਪ ਦੇ ਫਿਨਲੈਂਡ, ਨਾਰਵੇ, ਸਵੀਡਨ ਆਦਿ ਦੇਸ਼ਾਂ ਸਮੇਤ ਅਮਰੀਕਾ ਦੇ ਉੱਤਰ-ਪੂਰਬੀ ਤੇ ਕੈਨੇਡਾ ਦੇ ਦੱਖਣ-ਪੂਰਬੀ ਹਿੱਸੇ ਦੇ ਜੰਗਲਾਂ ਨੂੰ ਤੇਜ਼ਾਬੀ ਮਾਦੇ ਵਾਲੇ ਮੀਂਹ ਨੇ ਬਹੁਤ ਨੁਕਸਾਨ ਪਹੁੰਚਾਇਆ ਸੀ ਅਤੇ ਇਨ੍ਹਾਂ ਜੰਗਲਾਂ ਦੇ ਬਹੁਤ ਦਰਖਤ ਸੁੱਕ ਗਏ ਸਨ। ਇਨ੍ਹਾਂ ਤੱਥਾਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਉਦਯੋਗਿਕ ਪਾਰਕ ਦਾ ਮੱਤੇਵਾੜਾ ਜੰਗਲ ਦੇ ਨੇੜੇ ਬਣਨਾ ਜੰਗਲ ਦੀ ਮੌਤ ਨੂੰ ਸੱਦਾ ਦੇਣਾ ਹੈ।

ਇੱਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਇੰਡੀਆ ਸਟੇਟ ਆਫ ਫੌਰੈਸਟ ਰਿਪੋਰਟ 2019 ਅਨੁਸਾਰ ਪੰਜਾਬ ਵਿਚ ਜੰਗਲਾਂ ਥੱਲੇ ਰਕਬਾ ਕੁੱਲ ਰਕਬੇ ਦਾ ਸਿਰਫ 3.67 ਫੀਸਦ ਹੈ, ਜੋ 33 ਫੀਸਦ ਹੋਣਾ ਚਾਹੀਦਾ ਹੈ। ਕੁਦਰਤੀ ਵਾਤਾਵਰਣ ਨੂੰ ਸੰਤੁਲਿਤ ਰੱਖਣ ਲਈ ਪੰਜਾਬ ਵਿਚ ਘੱਟੋ-ਘੱਟ 29.33 ਫੀਸਦ ਹੋਰ ਰਕਬੇ ਉੱਤੇ ਦਰਖਤ ਹੋਣੇ ਚਾਹੀਦੇ ਹਨ। ਪੰਜਾਬ ਵਿਚ ਜੰਗਲਾਂ ਥੱਲੇ



ਰਕਬਾ ਰਾਜਸਥਾਨ ਦੇ ਜੰਗਲਾਂ ਦੇ ਥੱਲੇ (4.36 ਫੀਸਦ) ਰਕਬੇ ਨਾਲੋਂ ਵੀ ਘੱਟ ਹੈ। ਰਾਜਸਥਾਨ ਇਕ ਮਾਰੂਥਲੀ ਰਾਜ ਹੈ। ਅਫਸੋਸ ਦੀ ਗੱਲ ਤਾਂ ਇਹ ਹੈ ਕਿ ਪੰਜਾਬ ਦਾ ਕੋਈ ਵੀ ਜਿਲਾ ਅਜਿਹਾ ਨਹੀਂ ਹੈ, ਜੋ 33 ਫੀਸਦ ਜੰਗਲਾਂ ਥੱਲੇ ਰਕਬੇ ਦੀ ਲੋੜ ਨੂੰ ਪੂਰਾ ਕਰਦਾ ਹੋਵੇ। ਹੁਸ਼ਿਆਰਪੁਰ ਜ਼ਿਲ੍ਹੇ ਵਿਚ ਜੰਗਲਾਂ ਥੱਲੇ ਰਕਬਾ ਬਾਕੀ ਦੇ ਸਾਰੇ ਜਿਲਿਆਂ ਤੋਂ ਵੱਧ ਹੈ, ਜੋ ਕੁੱਲ ਖੇਤਰਫਲ ਦਾ 21.34 ਫੀਸਦ ਹੈ, ਪਰ ਇਹ ਵੀ ਰਾਸ਼ਟਰੀ ਔਸਤ ਰਕਬੇ ਤੋਂ ਵੀ ਘੱਟ ਹੈ।

ਪੰਜਾਬ ਦੇ 10 ਜਿਲਿਆਂ-ਬਰਨਾਲਾ, ਫਤਿਹਗੜ੍ਹ ਸਾਹਿਬ, ਜਲੰਧਰ, ਮੁਕਤਸਰ ਸਾਹਿਬ, ਸੰਗਰੂਰ, ਤਰਨਤਾਰਨ, ਫਿਰੋਜ਼ਪੁਰ, ਮਾਨਸਾ, ਮੋਗਾ ਅਤੇ ਕਪੂਰਥਲਾ ਵਿਚ ਤਾਂ ਜੰਗਲਾਂ ਥੱਲੇ ਰਕਬਾ ਇਕ ਫੀਸਦ ਤੋਂ ਵੀ ਘੱਟ ਹੈ। ਮੱਤੇਵਾੜੇ ਦੇ ਜੰਗਲ ਲੁਧਿਆਣੇ ਜਿਲੇ ਵਿਚ ਪੈਂਦੇ ਹਨ, ਜਿੱਥੇ ਜੰਗਲਾਂ ਥੱਲੇ ਰਕਬਾ ਸਿਰਫ 1.65 ਫੀਸਦ ਹੈ। ਕੇਂਦਰੀ ਵਾਤਾਵਰਣ ਮੰਤਰਾਲੇ ਦੀ ਇਕ ਰਿਪੋਰਟ ਨੇ ਪੰਜਾਬ ਵਿਚ ਦਰਖਤਾਂ ਦੀ ਘਟਦੀ ਗਿਣਤੀ ਦੇ ਚੌਕਾ ਦੇਣ ਵਾਲੇ ਅੰਕੜੇ ਪੇਸ਼ ਕੀਤੇ ਹਨ। ਇਸ ਰਿਪੋਰਟ ਅਨੁਸਾਰ ਪੰਜਾਬ ਵਿਚੋਂ ਪਿਛਲੇ ਇਕ ਦਹਾਕੇ ਦੌਰਾਨ 5.37 ਲੱਖ ਦਰਖਤ ਕੱਟੇ ਗਏ ਹਨ, ਜਿਸ ਅਨੁਸਾਰ ਪਿਛਲੇ ਇਕ ਦਹਾਕੇ ਵਿਚ ਪੰਜਾਬ ਵਿਚੋਂ ਹਰ ਰੋਜ਼ ਔਸਤਨ 147 ਦਰਖਤਾਂ ਦੀ ਕਟਾਈ ਹੁੰਦੀ ਰਹੀ ਹੈ। ਇਸ ਰਿਪੋਰਟ ਉੱਤੇ ਕਿੰਤੂ-ਪ੍ਰੰਤੂ ਵਾਲੀ ਗੱਲ ਦੀ ਕੋਈ ਗੁੰਜ਼ਾਇਸ਼ ਹੀ ਨਹੀਂ ਹੈ, ਕਿਉਂਕਿ ਬਠਿੰਡਾ-ਜ਼ੀਰਕਪੁਰ ਚੁਹ-ਮਾਰਗੀ ਸੜਕ ਅਤੇ ਬਠਿੰਡਾ-ਅੰਮ੍ਰਿਤਸਰ ਸੜਕ ਬਣਾਉਣ ਸਮੇਂ ਵੱਡੀ ਗਿਣਤੀ ਵਿਚ ਦਰਖਤਾਂ ਦਾ ਸਫਾਇਆ ਹੋਇਆ ਹੈ।

ਇਹ ਉਦਯੋਗਿਕ ਪਾਰਕ ਇਕੱਲੇ ਮੱਤੇਵਾੜੇ ਦੇ ਜੰਗਲਾਂ ਦੀ ਹੋਂਦ ਲਈ ਹੀ ਖਤਰਾ ਨਹੀਂ ਖੜ੍ਹਾ ਕਰੇਗਾ, ਇਹ ਤਾਂ ਉਸ ਦੇ ਨਾਲ ਨਾਲ ਸਤਲੁਜ ਦਰਿਆ ਦੇ ਪਾਣੀ, ਜੋ ਪਹਿਲਾਂ ਹੀ ਬਹੁਤ ਪ੍ਰਦੂਸ਼ਿਤ ਹੈ, ਨੂੰ ਹੋਰ ਪ੍ਰਦੂਸ਼ਿਤ ਕਰ ਦੇਵੇਗਾ। ਹੁਣ ਤੱਕ ਦਾ ਇਤਿਹਾਸ ਗਵਾਹ ਹੈ ਕਿ ਜਿੰਨੇ ਵੀ ਉਦਯੋਗ ਦਰਿਆਵਾਂ ਦੇ ਕੰਢੇ ਲੱਗੇ ਹਨ, ਸਭ ਨੇ ਆਪਣਾ ਰਸਾਇਣਾਂ ਨਾਲ ਪ੍ਰਦੂਸ਼ਿਤ ਪਾਣੀ ਬਿਨਾ ਸੋਧੇ ਦਰਿਆਵਾਂ ਵਿਚ ਸਿੱਧੇ ਹੀ ਨਿਕਾਸਿਆ ਹੈ। ਲੁਧਿਆਣਾ ਦਾ ਬੁੱਢਾ ਨਾਲਾ, ਜੋ ਸਤਲੁਜ ਦਰਿਆ ਦੀ ਇਕ ਸਹਾਇਕ ਨਦੀ ਹੈ, ਲੁਧਿਆਣੇ ਦੇ ਉਦਯੋਗਾਂ ਨੇ ਉਸ ਨੂੰ ਨਦੀ ਤੋਂ ਨਾਲੇ ਵਿਚ ਤਬਦੀਲ ਕਰ ਦਿੱਤਾ ਹੈ। ਕੀੜੀ ਅਫਗਾਨਾ ਸ਼ੂਗਰ ਮਿੱਲ ਤੋਂ ਛੱਡੇ ਗਏ ਪ੍ਰਦੂਸ਼ਿਤ ਪਾਣੀ ਨਾਲ ਪਿਛਲੇ ਸਾਲ ਵੱਡੀ ਗਿਣਤੀ ਵਿਚ ਮੱਛੀਆਂ ਮਰਨ ਦੀ ਘਟਨਾ ਵੀ ਇਸ ਵਰਤਾਰੇ ਦਾ ਇਕ ਛੋਟਾ ਜਿਹਾ ਸਬੂਤ ਹੈ। ਉਦਯੋਗਾਂ ਤੋਂ ਦਰਿਆਵਾਂ ਵਿਚ ਨਿਕਾਸੇ ਜਾਂਦੇ ਰਸਾਇਣ-ਭਰਪੂਰ ਪ੍ਰਦੂਸ਼ਿਤ ਪਾਣੀ ਦਾ ਪੁਖਤਾ ਸਬੂਤ ਕਰੋਨਾ ਮਹਾਮਾਰੀ ਨਾਲ ਹੋਏ ਲੌਕਡਾਊਨ ਨਾਲ ਉਦਯੋਗਾਂ ਦੇ ਬੰਦ ਹੋਣ ਨਾਲ ਗੰਗਾ ਅਤੇ ਜਮੁਨਾ ਜਿਹੇ ਦਰਿਆਵਾਂ ਦਾ ਪਾਣੀ ਕੁਦਰਤੀ ਤੌਰ 'ਤੇ ਸਾਫ ਹੋ ਜਾਣਾ ਹੈ, ਜੋ ਸਰਕਾਰ ਵਲੋਂ ਕਰੋੜਾਂ ਰੁਪਏ ਖਰਚ ਕੇ ਸਾਲਾਂ ਬੱਧੀ ਕੀਤੇ ਗਏ ਉਪਰਾਲਿਆਂ ਨਾਲ ਵੀ ਨਹੀਂ ਹੋਇਆ। ਵੈਸੇ ਨੰਗਲ ਡੈਮ ਤੋਂ ਬਾਅਦ ਸਤਲੁਜ ਦਰਿਆ ਹੀ ਹੈ, ਜੋ ਨਾਮਾਤਰ ਪਾਣੀ ਨਾਲ ਪੰਜਾਬ ਵਿਚੋਂ ਦੀ ਲੰਘਦਾ ਹੈ, ਪਰ ਜੋ ਕੁਝ ਵੀ ਬਚਿਆ ਹੈ, ਉਸ ਨੂੰ ਇਸ ਅਖੌਤੀ ਆਰਥਕ ਵਿਕਾਸ ਦੀ ਭੇਟ ਚੜ੍ਹਨ ਤੋਂ ਬਚਾਉਣ ਵਿਚ ਹੀ ਪੰਜਾਬ ਦੀ ਭਲਾਈ ਹੈ।

ਜੰਗਲ ਅਤੇ ਜਲ ਤੋਂ ਬਾਅਦ ਤੀਜੀ ਗੱਲ ਜ਼ਮੀਨ ਦੀ ਹੈ। ਇਸ ਉਦਯੋਗਿਕ ਪਾਰਕ ਲਈ ਜਿਨ੍ਹਾਂ ਪਿੰਡਾਂ ਦੀ ਜ਼ਮੀਨ ਐਕਵਾਇਰ ਕਰਨੀ ਹੈ, ਉਹ ਸਾਰੇ ਪਿੰਡ ਸਤਲੁਜ ਦਰਿਆ ਦੇ ਨਾਲ ਲੱਗਦੇ ਖੇਤਰ ਵਿਚ ਸਥਿਤ ਹਨ, ਜਿਸ ਕਰਕੇ ਧਰਤੀ ਹੇਠਲੇ ਪਾਣੀ ਦਾ ਪੱਧਰ ਕਾਫੀ ਉੱਚਾ ਹੈ ਅਤੇ ਕਿਸਾਨਾਂ ਨੂੰ ਝੋਨੇ ਦੀ ਫਸਲ ਲਈ ਕੋਈ ਮੁਸ਼ਕਿਲ ਨਹੀਂ ਆ ਰਹੀ ਹੈ, ਜਦਕਿ ਪੰਜਾਬ ਦੇ 139 ਵਿਕਾਸ ਬਲਾਕਾਂ ਵਿਚੋਂ 110 ਵਿਕਾਸ ਬਲਾਕਾਂ ਵਿਚ ਧਰਤੀ ਹੇਠਲਾ ਪਾਣੀ ਬਹੁਤ ਡੂੰਘਾ ਚਲਾ ਗਿਆ ਹੈ, ਜਿਸ ਕਰਕੇ ਉਨ੍ਹਾਂ ਨੂੰ ਡਾਰਕ ਜੋਨ ਐਲਾਨਿਆ ਗਿਆ ਹੈ।

ਇਸ ਉਦਯੋਗਿਕ ਪਾਰਕ ਲਈ ਸੇਖੋਂਵਾਲ ਨਾਂ ਦੇ ਪਿੰਡ ਦੀ ਘਰਾਂ ਅਤੇ ਪਸ਼ੂਆਂ ਦੇ ਚਾਰੇ ਲਈ ਸਿਰਫ 100 ਏਕੜ ਜ਼ਮੀਨ ਛੱਡ ਕੇ ਬਾਕੀ ਸਾਰੀ ਜ਼ਮੀਨ ਐਕਵਾਇਰ ਕਰ ਲਈ ਹੈ। ਪਿੰਡ ਦੇ ਲੋਕਾਂ ਕੋਲ ਖੇਤੀ ਤੋਂ ਇਲਾਵਾ ਆਪਣਾ ਜੀਵਨ ਨਿਰਬਾਹ ਕਰਨ ਲਈ ਹੋਰ ਕੋਈ ਰੁਜ਼ਗਾਰ ਨਹੀਂ ਹੈ। ਇਨ੍ਹਾਂ ਲੋਕਾਂ ਦੇ ਰੁਜ਼ਗਾਰ ਬਾਰੇ ਸਰਕਾਰ ਨੇ ਕੋਈ ਯੋਜਨਾ ਉਲੀਕੀ ਹੈ ਜਾਂ ਨਹੀਂ, ਕਿਸੇ ਨੂੰ ਕੋਈ ਪਤਾ ਨਹੀਂ।

ਇਸ ਉਦਯੋਗਿਕ ਪਾਰਕ ਦੇ ਇਸ ਥਾਂ ਉੱਤੇ ਬਣਨ ਨਾਲ ਤਿੰਨ ਕੁਦਰਤੀ ਸਰੋਤ ਜੰਗਲ, ਜਲ ਅਤੇ ਜ਼ਮੀਨ ਪ੍ਰਭਾਵਿਤ ਹੋਣਗੇ। ਇਸ ਲਈ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਰਾਜ ਦੇ ਆਰਥਕ ਵਿਕਾਸ ਲਈ ਉਦਯੋਗਿਕ ਪਾਰਕ ਤਾਂ ਬਣਾਵੇ, ਪਰ ਕੁਦਰਤੀ ਸਰੋਤਾਂ ਦਾ ਉਜਾੜਾ ਨਾ ਕਰੇ। ਪੰਜਾਬ ਸਰਕਾਰ ਨੂੰ ਮੱਤੇਵਾੜਾ ਜੰਗਲ ਅਤੇ ਸਤਲੁਜ ਦਰਿਆ ਦੇ ਵਿਚਕਾਰਲੇ ਪਿੰਡਾਂ ਦੀ ਥਾਂ ਉਸ ਥਾਂ ਉਦਯੋਗਿਕ ਪਾਰਕ ਬਣਾਉਣਾ ਚਾਹੀਦਾ ਹੈ, ਜਿੱਥੇ ਸਰਕਾਰ ਨੇ ਪਹਿਲਾਂ ਤੋਂ ਜ਼ਮੀਨ ਐਕਵਾਇਰ ਕੀਤੀ ਹੋਈ ਹੈ, ਜਿਵੇਂ ਗੋਬਿੰਦਪੁਰ ਮਾਨਸਾ ਥਰਮਲ ਪਲਾਂਟ ਵਾਲੀ ਥਾਂ, ਜੋ ਹੁਣ ਬਿਲਕੁਲ ਖਾਲੀ ਪਈ ਹੈ, ਕਿਉਂਕਿ ਉਹ ਪ੍ਰਾਜੈਕਟ ਹੁਣ ਰੱਦ ਹੋ ਗਿਆ ਹੈ। ਵੈਸੇ ਵੀ ਮਾਨਸਾ ਜਿਲੇ ਦੀ ਮਿੱਟੀ ਰੇਤਲੀ ਹੋਣ ਕਰਕੇ ਉੱਥੇ ਕੁਦਰਤੀ ਤੌਰ 'ਤੇ ਦਰਖਤਾਂ ਦੀ ਘਾਟ ਹੈ। ਪੰਜਾਬ ਸਰਕਾਰ ਨੇ ਇਕ ਸਮੇਂ ਰਾਜ ਦੇ ਉਦਯੋਗਿਕ ਵਿਕਾਸ ਲਈ ਸਾਰੇ ਸ਼ਹਿਰਾਂ ਵਿਚ ਫੋਕਲ ਪੁਆਇੰਟ ਉਸਾਰੇ ਸਨ। ਉਨ੍ਹਾਂ ਫੋਕਲ ਪੁਆਇੰਟਾਂ ਵਾਲੀ ਜ਼ਮੀਨ ਹਾਲੇ ਵੀ ਕਈ ਸ਼ਹਿਰਾਂ ਵਿਚ ਖਾਲੀ ਪਈ ਹੈ। ਸੋ, ਇਹ ਉਦਯੋਗਿਕ ਪਾਰਕ ਉੱਥੇ ਵੀ ਬਣ ਸਕਦਾ ਹੈ, ਜਿਸ ਨਾਲ ਰਾਜ ਦੇ ਨਮੂਨੇ ਦੇ ਤੌਰ 'ਤੇ ਬਚੇ ਹੋਏ ਜੰਗਲ ਅਤੇ ਹੋਰ ਕੁਦਰਤੀ ਸਰੋਤ ਬਚ ਸਕਣ। ਆਰਥਕ ਵਿਕਾਸ ਲਈ ਸਰਕਾਰ ਨੂੰ ਕੁਦਰਤੀ ਤੇ ਲੋਕ-ਪੱਖੀ ਮਾਡਲ ਅਪਨਾਉਣ ਦੀ ਲੋੜ ਹੈ ਤਾਂ ਕਿ ਕੁਦਰਤ ਨਾਲ ਮਨੁੱਖ ਦੀ ਸਾਂਝ ਬਣੀ ਰਹਿ ਸਕੇ।

# ਕਰੋਨਾ ਵਾਇਰਸ, ਪਲੀਤ ਵਾਤਾਵਰਣ ਅਤੇ ਰੁੱਖ ਬੂਟੇ

ਕਰੋਨਾ ਵਾਇਰਸ ਦੇ ਦਿਨੋ ਦਿਨ ਵਧ ਰਹੇ ਮਾਮਲਿਆਂ ਤੇ ਮੌਤਾਂ ਨੇ ਸਾਰੇ ਸੰਸਾਰ ਨੂੰ ਹਿਲਾ ਕੇ ਰੱਖ ਦਿੱਤਾ ਹੈ। ਸੰਘਣੀ ਵਸੋਂ ਵਾਲੇ ਮਹਾਨਗਰਾਂ ਤੋਂ ਆ ਰਹੇ ਸਮਾਚਾਰ ਦਿਲ ਹਿਲਾ ਦੇਣੇ ਵਾਲੇ ਹਨ। ਬਿਜਲਈ ਤੇ ਪ੍ਰਿੰਟ ਮੀਡੀਆ ਵਿਚ ਦਿੱਤੇ ਜਾ ਰਹੇ ਮੌਤਾਂ ਦੇ ਅੰਕੜੇ ਹਰ ਕਿਸੇ

ਗੁਲਜ਼ਾਰ ਸਿੰਘ ਸੰਧੂ

ਦੀ ਨੀਂਦ ਹਰਾਮ ਕਰ ਰਹੇ ਹਨ। ਯੋਗ ਤੇ ਪ੍ਰਭਾਵੀ ਦਵਾਈ ਕਦੋਂ ਬਣੇਗੀ, ਕੁਝ ਪਤਾ ਨਹੀਂ! ਇਸ ਹਾਲਤ ਵਿਚ ਮੀਡੀਆ ਵਲੋਂ ਦਿੱਤੇ ਜਾ ਰਹੇ ਦਿਲਾਸਿਆਂ ਦੀ ਸ਼ਰਨ ਲੈਣੀ ਕੁਦਰਤੀ ਹੈ।

ਨਾਨਕ ਸਿੰਘ ਪੁਸਤਕ ਮਾਲਾ ਵਲੋਂ ਪ੍ਰਕਾਸ਼ਿਤ ਡਾ. ਬਰਜਿੰਦਰ ਸਿੰਘ ਹਮਦਰਦ ਦੀ ਸੱਜਰੀ ਪੁਸਤਕ 'ਪਲੀਤ ਹੋਇਆ ਚੌਗਿਰਦਾ' ਹੀ ਲੈ ਲਵੋ। ਇਸ ਵਿਚ ਹਮਦਰਦ ਦੇ ਲਿਖੇ ਅੱਠ ਦਰਜਨ ਅਜਿਹੇ ਸੰਪਾਦਕੀ ਹਨ, ਜਿਨ੍ਹਾਂ ਦਾ ਸਬੰਧ ਪ੍ਰਦੂਸ਼ਿਤ, ਵਾਤਾਵਰਣ ਤੇ ਇਸ ਦੀ ਸੰਭਾਲ ਦੇ ਯੋਗ ਸੁਝਾਵਾਂ ਨਾਲ ਹੈ। ਇਨ੍ਹਾਂ ਵਿਚ ਝੋਨੇ ਦੀ ਫਸਲ ਤੋਂ ਸੰਕੋਚ ਕਰਨ ਅਤੇ ਖੇਤ ਵਿਚ ਖੜੀਆਂ ਫਸਲਾਂ ਉਤੇ ਕੀਟਨਾਸ਼ਕ ਦਵਾਈਆਂ ਦੀ ਅੰਨ੍ਹੇਵਾਹ ਵਰਤੋਂ ਤੋਂ ਪਰਹੇਜ਼ ਕਰਨ ਉਤੇ ਵਾਰ ਵਾਰ ਜ਼ੋਰ ਦਿੱਤਾ ਗਿਆ ਹੈ।

ਪੰਜਾਬ ਸਰਕਾਰ ਨੂੰ ਸਮੇਂ ਸਮੇਂ ਦਿੱਤੇ ਉਸਾਰੂ ਸੁਝਾਅ ਵਾਲੇ ਸੰਪਾਦਕੀਆਂ ਵਿਚ ਦੋ ਵਰ੍ਹੇ ਪਹਿਲਾਂ 'ਮਿਸ਼ਨ ਤੰਦਰੁਸਤ ਪੰਜਾਬ' ਨਾਂ ਦੇ ਸੰਪਾਦਕੀ ਵਿਚ ਸਰਕਾਰ ਵਲੋਂ ਧਰਤੀ ਹੇਠਲੇ ਪਾਣੀ ਦੇ ਲਗਾਤਾਰ ਨਿਘਾਰ ਵਲ ਧਿਆਨ ਦਿਵਾ ਕੇ ਕੁੱਲ ਜਨਤਾ ਨੂੰ ਆਪਣੇ ਖੁੱਲ੍ਹੇ ਘਰਾਂ ਦੇ ਵਿਹੜਿਆਂ ਵਿਚ ਪ੍ਰਤੀ ਘਰ ਇੱਕ ਬੂਟਾ ਲਾਉਣ ਦੀ ਸਿਫਾਰਸ਼ ਉਤੇ ਮੋਹਰ ਲਾ ਕੇ ਸੰਪਾਦਕ ਨੇ ਵਣ ਵਿਭਾਗ ਨੂੰ ਵੀ ਹਦਾਇਤ ਕੀਤੀ ਹੈ ਕਿ ਜੇ ਕਿਸੇ ਕਾਰਨ ਇੱਕ ਥਾਂ ਤੋਂ ਕਿਸੇ ਰੁੱਖ ਨੂੰ ਕੱਟਣਾ ਲਾਜ਼ਮੀ ਹੋ ਜਾਂਦਾ ਹੈ ਤਾਂ ਇਸ ਦੇ ਬਦਲੇ ਕਿਸੇ ਹੋਰ ਥਾਂ ਉਤੇ ਘੱਟੋ ਘੱਟ ਦੋ ਬੂਟੇ ਲਾਉਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਸਮੁੱਚਾ ਵਾਤਾਵਰਣ ਪਹਿਲਾਂ ਨਾਲੋਂ ਵਧ ਹਰਿਆ-ਭਰਿਆ ਹੋ ਸਕੇ।

ਇਨ੍ਹਾਂ ਸੰਪਾਦਕੀਆਂ ਵਿਚਲੇ ਸੁਝਾਅ ਸਿਰਫ ਸਰਕਾਰਾਂ ਤੇ ਵਣ ਵਿਭਾਗ ਦੇ ਸਮੁੱਚੇ ਅਮਲੇ ਤੱਕ ਹੀ ਸੀਮਤ ਨਹੀਂ, ਸਗੋਂ ਰਾਜ ਦੇ ਬੁੱਧੀਜੀਵੀਆਂ ਵਲੋਂ ਸਮੇਂ ਸਮੇਂ ਕੀਤੇ ਜਾ ਰਹੇ ਉਪਰਾਲਿਆਂ ਦਾ ਸਵਾਗਤ ਵੀ ਸ਼ਾਮਲ ਹੈ। 2019 ਦੇ ਜੂਨ ਮਹੀਨੇ ਦੇ ਅਰੰਭ ਵਿਚ ਜਿਲਾ ਲੁਧਿਆਣਾ ਦੇ ਬੁਧੀਜੀਵੀ ਵਰਗ ਵਲੋਂ ਲੁਧਿਆਣਾ ਜਿਲੇ ਦੇ ਬੁੱਢੇ ਨਾਲੇ ਨੂੰ ਪ੍ਰਦੂਸ਼ਨ ਤੋਂ ਬਚਾਉਣ ਲਈ ਵਿਉਂਤੇ ਗਏ 'ਚੇਤਨਾ ਮਾਰਚ' ਦਾ ਸਵਾਗਤ ਕਰਨਾ ਵੀ ਅਜੀਤ ਸਮਾਚਾਰ ਸਮੂਹ ਦੀ ਸਾਫ ਸੁਥਰੇ ਵਾਤਾਵਰਣ ਵਾਲੀ ਭਾਵਨਾ ਉਤੇ ਮੋਹਰ ਲਾਉਂਦਾ ਹੈ।

ਪੇਂਡੂ ਪੰਜਾਬ ਦੇ ਸਾਢੇ ਚੌਦਾਂ ਲੱਖ ਟਿਊਬਵੈਲਾਂ ਤੇ ਨਗਰ ਨਿਗਮ ਦੀਆਂ ਹਜ਼ਾਰਾਂ ਮੋਟਰਾਂ ਦੀ ਦਿਨ ਬਦਿਨ ਵਧ ਰਹੀ ਵਰਤੋਂ ਵਲ ਧਿਆਨ ਦਿਵਾ ਕੇ ਸਮੁੱਚੀ ਜਨਤਾ ਤੇ ਸਰਕਾਰਾਂ ਨੂੰ ਇਸ ਗੱਲ ਤੋਂ ਸੁਚੇਤ ਕਰਨਾ ਵੀ ਇਨ੍ਹਾਂ ਯਤਨਾਂ ਵਿਚ ਸ਼ਾਮਲ ਹੈ। ਇਨ੍ਹਾਂ ਸੁਝਾਵਾਂ ਦਾ ਜੋੜ-ਤੋੜ ਇਥੇ ਆ ਕੇ ਟੁੱਟਦਾ ਹੈ ਕਿ ਸਰਕਾਰ ਨੂੰ ਫਸਲਾਂ, ਉਦਯੋਗਾਂ ਤੇ ਹਸਪਤਾਲਾਂ ਲਈ ਲੋੜੀਂਦੇ ਪਾਣੀ ਦੀ ਚਿੰਤਾ ਤਾਂ ਹੈ, ਪਰ ਪੀਣ ਵਾਲੇ ਉਸ ਪਾਣੀ ਦੀ ਨਹੀਂ, ਜਿਸ ਨੂੰ ਆਬ-ਏ-ਹਯਾਤ ਮੰਨਿਆ ਜਾਂਦਾ ਹੈ।

ਨਾਨਕ ਸਿੰਘ ਪੁਸਤਕ ਮਾਲਾ ਵਲੋਂ ਅਜੀਤ ਦੇ ਅਜਿਹੇ ਸੰਪਾਦਕੀਆਂ ਨੂੰ ਪੁਸਤਕ ਰੂਪ ਦੇਣ ਦਾ ਯਤਨ ਪਹਿਲਾ ਨਹੀਂ। ਇਸ ਤੋਂ ਪਹਿਲਾਂ ਇਸ ਰੰਗ ਵਿਚ ਰੰਗੀਆਂ ਸੱਤ ਪੁਸਤਕਾਂ ਪ੍ਰਕਾਸ਼ਿਤ ਹੋ ਚੁਕੀਆਂ ਹਨ। ਹਥਲੀ ਪੁਸਤਕ ਦੀ ਵਿਸ਼ੇਸ਼ਤਾ ਇਹ ਹੈ ਕਿ ਅਜੋਕੇ ਪ੍ਰਦੂਸ਼ਿਤ ਵਾਤਾਵਰਣ ਵੱਲ ਉਚੇਚਾ ਧਿਆਨ ਦਿਵਾਉਂਦੀ ਹੈ, ਜਿਸ ਨੂੰ ਕਰੋਨਾ ਵਾਇਰਸ ਦੇ ਫੈਲਾਅ ਨੇ ਉਜਾਗਰ ਕੀਤਾ ਹੈ। ਵਾਤਾਵਰਣ ਦੇ ਸੁਧਾਰ ਵਿਚ ਰੁੱਖਾਂ ਦਾ ਯੋਗਦਾਨ ਦੁਹਰਾਉਣ ਦੀ ਲੋੜ ਨਹੀਂ।

**ਪਸੂ ਛਿੱਕਲੀਆਂ ਦਾ ਮਾਨਵੀ ਮਾਸਕ ਤਕ ਦਾ ਸਫਰ:** 2020 ਦੇ ਸ਼ੁਰੂ ਤੱਕ ਦੁਨੀਆਂ ਭਰ ਦੀ ਜਨਤਾ ਨੂੰ ਪਸੂਆਂ ਦੇ ਮੂੰਹਾਂ ਉਤੇ ਬੰਨ੍ਹੀਆਂ ਛਿੱਕਲੀਆਂ ਦਾ ਗਿਆਨ ਤਾਂ ਸੀ, ਪਰ ਮਨੁੱਖ ਦੇ ਮੂੰਹ ਉਤੇ ਪਹਿਨੇ ਮਾਸਕਾਂ ਦਾ ਨਹੀਂ। ਸਿਵਾਏ ਉਨ੍ਹਾਂ ਦੇ, ਜਿਨ੍ਹਾਂ ਦਾ ਵਾਹ ਚਿਕਿਤਸਕ ਵਿਦਿਆ ਨਾਲ ਪੈਂਦਾ ਸੀ ਜਾਂ ਜਿਹੜੇ ਕਿਸੇ ਦੀਰਘ ਰੋਗ ਦਾ ਸ਼ਿਕਾਰ ਹੋ ਕੇ ਵੱਡੇ ਹਸਪਤਾਲਾਂ ਵਿਚ ਦਾਖਲ ਹੁੰਦੇ ਸਨ। ਪਸੂਆਂ ਦੇ ਛਿੱਕਲੇ ਉਨ੍ਹਾਂ ਨੂੰ ਅਵਾ-ਤਵਾ ਮੂੰਹ ਮਾਰਨ ਤੋਂ ਰੋਕ ਕੇ ਫਸਲ ਬਾੜੀ ਬਚਾਉਣ ਲਈ ਵਰਤੇ ਜਾਂਦੇ ਸਨ ਤੇ ਡਾਕਟਰ ਲੋਕ ਮਾਸਕ ਦੀ ਵਰਤੋਂ ਆਪਣੇ ਆਪ ਆਪਣੇ ਨੂੰ ਮਰੀਜ਼ਾਂ ਤੋਂ ਲੱਗਣ ਵਾਲੀ ਸੰਭਾਲੀ ਲਾਗ ਤੋਂ ਬਚਾਉਣ ਲਈ ਕਰਦੇ ਸਨ।

ਕਰੋਨਾ ਵਾਇਰਸ ਨੇ ਸਾਰੀ ਦੀ ਸਾਰੀ ਮਰਦ-ਔਰਤ ਵੱਸੋਂ ਅਤੇ ਬੱਚੇ ਬੁੱਢਿਆਂ ਲਈ ਮਾਸਕ ਦੀ ਵਰਤੋਂ ਲਾਜ਼ਮੀ ਕਰਕੇ ਪਸੂ ਛਿੱਕਲਿਆਂ ਦੀ ਮਹੱਤਤਾ ਘਟਾ ਦਿੱਤੀ ਹੈ। ਮਰਦ-ਔਰਤ ਤੇ ਬੱਚੇ, ਬੁੱਢੇ ਦੀ ਪਛਾਣ ਉਤੇ ਪੋਚਾ ਫੇਰ ਛੱਡਿਆ ਹੈ। ਹੁਣ ਅਸੀਂ ਸਾਹਮਣੇ ਖਲੋਤੇ ਮਾਨਵ ਨੂੰ ਉਸ ਦੇ ਕੱਦ ਕਾਠ ਜਾਂ ਸਰੀਰਕ ਡੀਨ ਡੌਲ ਤੋਂ ਹੀ ਪਛਾਣ ਸਕਦੇ ਹਾਂ ਤੇ ਉਹ ਵੀ ਪੂਰੇ ਦਾ ਪੂਰਾ ਨਹੀਂ। ਪਸੂ ਛਿੱਕਲੀ ਪਸੂਆਂ ਦੀ ਪਛਾਣ ਨਹੀਂ ਸੀ ਗੰਵਾਉਂਦੀ, ਮਾਨਵੀ ਮਾਸਕ ਨੇ ਤਾਂ ਉਹ ਵੀ ਗਵਾ ਛੱਡੀ ਹੈ। ਅਜੋਕੇ ਵਿਦਿਆਰਥੀਆਂ ਨੂੰ ਡਾਰਵਿਨ ਦਾ ਵਿਕਾਸ ਸਿਧਾਂਤ ਸਮਝਾਉਣ ਲਈ ਨੰਗੇ ਮੂੰਹ ਫਿਰਦੇ ਬਾਂਦਰ ਤਾਂ ਮਿਲ ਜਾਣਗੇ, ਬੰਦੇ ਨਹੀਂ। ਬੰਦੇ ਦਾ ਮੂੰਹ ਵਿਖਾਉਣ ਲਈ ਕੋਈ ਮਾਸਕ ਬਿਨ ਮੂੰਹ ਜਾਂ ਮ੍ਰਿਤਕ ਦੇਹ ਲੱਭਣੀ ਪਵੇਗੀ। ਅਸ਼ਕੇ ਮਾਸਕ ਸਭਿਆਚਾਰ ਦੇ!

**ਅੰਤਿਕਾ: ਸ਼ਿਵ ਕੁਮਾਰ**

ਕੁਝ ਰੁਖ ਜਦ ਵੀ ਰਲ ਕੇ ਝੁਮਣ
ਤੇਜ਼ ਵਗਣ ਜਦ ਵਾਵਾਂ।
ਮੇਰਾ ਵੀ ਇਹ ਦਿਲ ਕਰਦਾ ਏ
ਰੁਖ ਦੀ ਜੂਨੇ ਆਵਾਂ।
ਜੇ ਤੁਸੀਂ ਮੇਰਾ ਗੀਤ ਹੈ ਸੁਣਨਾ
ਮੈਂ ਰੁੱਖਾਂ ਵਿਚ ਗਾਵਾਂ।
ਰੁੱਖ ਜਾਂ ਮੇਰੀ ਮਾਂ ਵਰਗੇ ਨੇ
ਜਿਉਂ ਰੁੱਖਾਂ ਦੀਆਂ ਛਾਂਵਾਂ।
ਸਾਵੀ ਬੋਲੀ ਸਭ ਰੁੱਖਾਂ ਦੀ
ਦਿਲ ਕਰਦੈ ਲਿਖ ਜਾਵਾਂ।

# ਰੁੱਸਣ-ਮਨਾਉਣ ਦੀ ਰੰਗਤਾ

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਸਬੰਧਾਂ ਦੀ ਸੁਗੰਧੀ ਬਿਖੇਰਦਿਆਂ ਵੱਖ ਵੱਖ ਤਰ੍ਹਾਂ ਦੇ ਸਬੰਧਾਂ ਦੀ ਪਰਿਭਾਸ਼ਾ ਪੇਸ਼ ਕੀਤੀ ਸੀ, "ਸਬੰਧ ਹਾਲਾਤ, ਔਕੜਾਂ, ਮੁਸ਼ਕਿਲਾਂ ਅਤੇ ਆਫਤ ਮੌਕੇ ਹੀ ਪਰਖੇ ਜਾਂਦੇ।...ਸਬੰਧ ਜਦ ਕਿਸੇ ਕੈੜ, ਨਿੱਜੀ ਲਾਭ, ਮੁਫਾਦ, ਫਾਇਦੇ ਜਾਂ ਲਾਲਚ ਵਿਚ ਗ੍ਰਸੇ ਹੋਣ ਤਾਂ ਇਨ੍ਹਾਂ ਨੂੰ ਤਿੜਕਦਿਆਂ ਦੇਰ ਨਹੀਂ ਲੱਗਦੀ; ਪਰ ਜਦੋਂ ਸਬੰਧ ਉਮਰ, ਰੰਗ, ਨਸਲ, ਜਾਤ, ਉਚ-ਨੀਚ, ਧਨ-ਦੌਲਤ ਜਾਂ ਰੁਤਬਿਆਂ ਤੋਂ ਉਪਰ ਹੋਣ ਤਾਂ ਇਹ ਸਦੀਵ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਰੁੱਸਣ ਅਤੇ ਮਨਾਉਣ ਦੀ ਬਾਤ ਛੇੜੀ ਹੈ। ਉਹ ਕਹਿੰਦੇ ਹਨ, "ਰੁੱਸਣਾ ਤੇ ਮੰਨਣਾ, ਦੋ ਵਿਰੋਧੀ ਪ੍ਰਕ੍ਰਿਆਵਾਂ, ਜਿਨ੍ਹਾਂ ਦਾ ਮਾਨਸਿਕਤਾ ਨਾਲ ਸਬੰਧ। ਦੋਹਾਂ ਦਾ ਜੀਵਨ ਵਿਚ ਹੋਣਾ ਅਤੇ ਇਨ੍ਹਾਂ ਸੰਗ ਜਿਉਣਾ ਬਹੁਤ ਹੀ ਅਹਿਮ, ਪਰ ਇਨ੍ਹਾਂ ਵਿਚਲਾ ਸੰਤੁਲਨ ਹੀ ਜੀਵਨ ਨੂੰ ਨਰੋਈ ਸੇਧ, ਸੰਦੇਸ਼ ਅਤੇ ਦ੍ਰਿਸ਼ਟੀ ਦੇ ਸਕਦਾ, ਜਿਸ ਨਾਲ ਜੀਵਨ ਨੂੰ ਨਵੀਆਂ ਬੁਲੰਦੀਆਂ ਨਸੀਬ ਹੁੰਦੀਆਂ।" ਇਹ ਕਹਿੰਦਿਆਂ ਕਿ ਰੁੱਸਣਾ ਜੇ ਜੀਵਨ-ਸ਼ੈਲੀ ਦਾ ਅਨਿਖੜਵਾਂ ਅੰਗ ਹੈ ਤਾਂ ਮਨਾਉਣਾ ਵੀ ਜੀਵਨ-ਜਾਚ ਲਈ ਅਕੀਦਤ ਤੇ ਇਬਾਦਤ ਹੈ, ਡਾ. ਭੰਡਾਲ ਨੇ ਨਸੀਹਤ ਕੀਤੀ ਹੈ, "ਰੁੱਸਿਆਂ ਨੂੰ ਜੇ ਨਾ ਮਨਾਇਆ ਜਾਵੇ ਤਾਂ ਦਰਾੜ ਵਧਦੀ ਜਾਂਦੀ ਅਤੇ ਫਿਰ ਇਸ ਨੂੰ ਮਿਟਾਉਣਾ ਅਸੰਭਵ ਹੁੰਦਾ, ਪਰ ਰਤਾ ਕੁ ਕੋਸ਼ਿਸ਼ ਕੀਤਿਆਂ ਮਨਾ ਲਿਆ ਜਾਵੇ ਤਾਂ ਰੋਸਿਆਂ ਦੀ ਉਮਰ ਬਹੁਤ ਛੋਟੀ ਹੋ ਜਾਂਦੀ।" -ਸੰਪਾਦਕ***

## ਸ਼ਬਦ ਜੋਤ



**ਡਾ. ਗੁਰਬਖਸ਼ ਸਿੰਘ ਭੰਡਾਲ**
**ਫੋਨ: 216-556-2080**

ਰੁੱਸਣਾ, ਨਾਬਰੀ ਦੀ ਨਿਸ਼ਾਨੀ, ਅਣਗੌਲੇ ਜਾਣ ਦਾ ਸ਼ਿਕਵਾ, ਨਿਰਮੋਹੇਪਣ ਦਾ ਸ਼ਿਕਾਰ ਹੋਣ ਜਾਂ ਆਪਣਿਆਂ ਦੀ ਅਵੱਗਿਆ ਦਾ ਦਸਤੂਰ।

ਰੁੱਸਣਾ, ਤਨਜ਼ ਕੱਸਣਾ, ਤ੍ਰਿਸਕਾਰਨਾ, ਤਾਅਨਾ ਮਾਰਨਾ, ਨਿਹੋਰਾ ਮਾਰਨਾ, ਬੇਲੋੜੀ ਦਖਲਅੰਦਾਜ਼ੀ, ਪ੍ਰੇਸ਼ਾਨ ਦਾ ਬਹਾਨਾ, ਖੁਦਮੁਖਤਿਆਰੀ ਦੀ ਉਲੰਘਣਾ ਜਾਂ ਕਿਸੇ ਦੀ ਨਿੱਜਤਾ ਤੋਂ ਓਪਰਾ ਸਮਝਣਾ।

ਰੁੱਸਣਾ, ਰੰਜਿਸ਼ ਕਾਰਨ, ਰੇੜਕਾ ਪਾਉਣਾ, ਝਗੜਾ ਕਰਨ ਜਾਂ ਕਿਸੇ ਨੂੰ ਨੀਵਾਂ, ਨੀਚ, ਹੀਣਾ ਸਮਝਣ ਜਾਂ ਮਾਤਹਿਤਤਾ ਵਿਚੋਂ ਵੀ ਪੈਦਾ ਹੁੰਦਾ।

ਰੁੱਸਣ ਦੇ ਬਹੁਤ ਸਾਰੇ ਕਾਰਨ, ਬਹਾਨੇ ਜਾਂ ਸ਼ਰਾਰਤਾਂ। ਤੁਸੀਂ ਕਿਸ ਗੱਲ ਤੋਂ ਰੁੱਸਦੇ ਹੋ, ਹਰੇਕ ਲਈ ਵੱਖੋ-ਵੱਖਰੇ ਪੈਮਾਨੇ। ਰੁੱਸਣਾ, ਕਿਸੇ ਚੀਜ਼ ਦੀ ਅਪ੍ਰਾਪਤੀ, ਜਿੱਦ ਪੁਗਾਉਣਾ, ਕੁਝ ਹਾਸਲ ਨਾ ਹੋਣਾ ਜਾਂ ਹੈਂਕੜ ਪੁਗਾਉਣ ਲਈ ਵੀ ਹੁੰਦਾ।

ਰੁੱਸਣਾ, ਜੀਵਨ ਦਾ ਬਹੁਤ ਅਹਿਮ ਵਰਤਾਰਾ। ਬਹੁਤ ਸਾਰੀਆਂ ਫੋਕੀਆਂ/ਅਸਲੀ-ਫਹਿਮੀਆਂ, ਗਲਤ/ਸਹੀ ਧਾਰਨਾਵਾਂ ਜਾਂ ਵਿਰੋਧੀ ਵਿਚਾਰਾਂ ਦਾ ਪ੍ਰਗਟਾਵਾ। ਇਸ ਤੋਂ ਬਿਨਾ ਜੀਵਨ ਵਿਚ ਨੀਰਸਤਾ ਤੇ ਬੇ-ਰੰਗਤਾ।

ਬੱਚਾ ਰੁੱਸਦਾ ਹੈ, ਮਨਪਸੰਦ ਖਿਡੌਣਾ ਲੈਣ, ਮਨ-ਭਾਉਂਦੀ ਚੀਜ ਖਾਣ ਲਈ। ਮਾਪਿਆਂ ਜਾਂ ਭੈਣ-ਭਰਾ ਨਾਲ ਕਿਸੇ ਖਾਸ ਮੌਕੇ ਜਾਂ ਥਾਂ 'ਤੇ ਜਾਣ ਦੀ ਜਿੱਦ ਕਰਨਾ ਜਾਂ ਮਾਪਿਆਂ ਦਾ ਚਹੇਤਾ ਬਣਨਾ।

ਰੁੱਸਦੇ ਹਾਂ ਅਸੀਂ ਕਈ ਵਾਰ ਖੁਦ ਨਾਲ, ਪਰਿਵਾਰਕ ਮੈਂਬਰਾਂ ਨਾਲ, ਸਮਾਜ ਨਾਲ, ਸਿਸਟਮ ਨਾਲ ਜਾਂ ਦੁਨਿਆਵੀ ਵਰਤਾਰਿਆਂ ਨਾਲ।

ਰੁੱਸਣ ਦਾ ਮਜ਼ਾ ਹੀ ਤਾਂ ਆਉਂਦਾ ਜੇ ਕੋਈ ਮਨਾਉਣ ਵਾਲਾ ਹੋਵੇ, ਗਲ ਨਾਲ ਲਾਉਣ ਵਾਲਾ ਹੋਵੇ, ਭਾਵਨਾਵਾਂ ਨੂੰ ਸਮਝਣ ਤੇ ਸਮਝਾਉਣ ਵਾਲਾ ਹੋਵੇ। ਰੋਸੇ 'ਚੋਂ ਹਾਸਿਆਂ ਦੀ ਜਰਖੇਜ਼ਤਾ ਨੂੰ ਮਾਣਨ ਦਾ ਚਾਹਵਾਨ ਹੋਵੇ।

ਰੁੱਸਦੇ ਹਾਂ ਜੀਵਨ ਸਾਥੀ ਨਾਲ, ਮਾਪਿਆਂ ਨਾਲ, ਭੈਣ-ਭਰਾਵਾਂ ਨਾਲ ਜਾਂ ਸੰਗੀ-ਸਾਥੀਆਂ ਨਾਲ ਹੀ, ਕਿਉਂਕਿ ਰੁੱਸਿਆ ਤਾਂ ਆਪਣਿਆਂ ਨਾਲ ਹੀ ਜਾਂਦਾ ਜਾਂ ਜਿਨ੍ਹਾਂ 'ਤੇ ਮਾਣ ਹੋਵੇ। ਬਿਗਾਨਿਆਂ 'ਤੇ ਕਿਸੇ ਦੇ ਰੋਸੇ ਦਾ ਕੀ ਅਸਰ?

ਰੁੱਸਣ ਲਈ ਬਹੁਤ ਸਾਰੇ ਕਾਰਨ ਹੋ ਸਕਦੇ ਜਾਂ ਕਾਰਨ ਬਣਾਏ ਵੀ ਜਾ ਸਕਦੇ, ਪਰ ਮਨਾਉਣ ਲਈ ਸਿਰਫ ਨਿੱਕੇ ਜਿਹੇ ਬਹਾਨੇ ਦੀ ਲੋੜ। ਆਪਣੇ ਤਾਂ ਮਨ-ਮਨਾਈ ਲਈ ਦੇਰ ਨਹੀਂ ਲਾਉਂਦੇ। ਜਿਹੜੇ ਇਕ ਵਾਰ ਰੁੱਸ ਕੇ ਮੰਨਦੇ ਹੀ ਨਹੀਂ, ਉਹ ਆਪਣੇ ਹੀ ਨਹੀਂ ਹੁੰਦੇ।

ਰੁੱਸਣਾ ਜੇ ਜੀਵਨ-ਸ਼ੈਲੀ ਦਾ ਅਨਿਖੜਵਾਂ ਅੰਗ ਹੈ ਤਾਂ ਮਨਾਉਣਾ ਵੀ ਜੀਵਨ-ਜਾਚ ਲਈ ਅਕੀਦਤ ਤੇ ਇਬਾਦਤ। ਰੁੱਸਿਆਂ ਨੂੰ ਜੇ ਨਾ ਮਨਾਇਆ ਜਾਵੇ ਤਾਂ ਦਰਾੜ ਵਧਦੀ ਜਾਂਦੀ ਅਤੇ ਫਿਰ ਇਸ ਨੂੰ ਮਿਟਾਉਣਾ ਅਸੰਭਵ ਹੁੰਦਾ, ਪਰ ਰਤਾ ਕੁ ਕੋਸ਼ਿਸ਼ ਕੀਤਿਆਂ ਮਨਾ ਲਿਆ ਜਾਵੇ ਤਾਂ ਰੋਸਿਆਂ ਦੀ ਉਮਰ ਬਹੁਤ ਛੋਟੀ ਹੋ ਜਾਂਦੀ।

ਰੁੱਸਣਾ ਇਕ ਕਲਾ, ਕਿਉਂਕਿ ਰੁੱਸਣਾ ਜੇ ਬਹੁਤ ਢੁਕਵੇਂ ਸਮੇਂ, ਠੋਸ ਕਾਰਨ ਜਾਂ ਚੰਗੇ ਮੌਕੇ 'ਤੇ ਹੋਵੇ ਤਾਂ ਇਸ ਦਾ ਅਸਰ ਬਹੁਤ ਗਹਿਰਾ ਅਤੇ ਰੋਸਿਆਂ ਵਿਚੋਂ ਵੀ ਪ੍ਰਾਪਤੀ ਦਾ ਮਾਣ ਕਰ ਸਕਦੇ ਹੋ; ਪਰ ਇਸ ਤੋਂ ਵੀ ਜਰੂਰੀ ਹੁੰਦਾ ਹੈ ਕਿ ਆਪਣੀ ਹੈਂਕੜ, ਫੋਕੀ ਆਕੜ ਤੇ ਹੰਕਾਰ ਨੂੰ ਪਾਸੇ ਰੱਖ, ਨਿਮਰ ਹੋ ਕੇ ਆਪਣਿਆਂ ਨੂੰ ਮਨਾਉਣ ਲਈ ਹਰ ਹੀਲਾ ਵਰਤੀਏ। ਰੋਸਿਆਂ ਤੇ ਮਨ-ਮਨਾਈ ਵਿਚ ਹੀ ਰਿਸ਼ਤਈ ਸਥਿਰਤਾ ਤੇ ਸਦੀਵਤਾ ਦਾ ਪੈਗਾਮ ਹੁੰਦਾ।

ਰੁੱਸਣਾ ਰੋਸਿਆਂ, ਗਿਲੇ-ਸ਼ਿਕਵਿਆਂ, ਬੇਰੁਖੀ, ਬੇਲਿਹਾਜ਼ੀ, ਬੇਰੁਹਮਤੀ ਅਤੇ ਬੇਗਾਨਗੀ ਵਿਚੋਂ ਹੀ ਪੈਦਾ ਹੁੰਦਾ। ਇਨ੍ਹਾਂ ਨੂੰ ਬਹੁਤ ਹੀ ਘੱਟ ਸਮੇਂ ਅਤੇ ਨਿੱਕੇ ਜਹੇ ਹੰਭਲੇ ਨਾਲ ਹੀ ਦੂਰ ਕਰ ਲਿਆ ਜਾਂਦਾ।

ਕਈ ਵਾਰ ਰੁੱਸਣਾ ਪਲ ਭਰ ਦਾ, ਪਰ ਕਈ ਵਾਰ ਰੁੱਸਣਾ ਉਮਰਾਂ ਦਾ। ਪਹਿਲ ਕਰਨ ਅਤੇ ਦੋਸਤੀ ਦਾ ਹੱਥ ਵਧਾਉਣ ਤੋਂ ਨਾਬਰੀ ਕਾਰਨ, ਅਸੀਂ ਨਰੋਏ ਰਿਸ਼ਤਿਆਂ ਤੇ ਸਬੰਧਾਂ ਨੂੰ ਸਾਰੀ ਉਮਰ ਲਈ ਗਵਾ ਬਹਿੰਦੇ।

ਬੱਚਿਆਂ ਦਾ ਰੁੱਸਣਾ ਸਭ ਤੋਂ ਵਧੀਆ, ਉਹ ਝੱਟ 'ਚ ਰੁੱਸਦੇ ਅਤੇ ਅਗਲੇ ਪਲ ਮੰਨ ਵੀ ਜਾਂਦੇ। ਉਨ੍ਹਾਂ ਦਾ ਪਾਕ ਮਨ ਰੁੱਸਣ ਤੇ ਮਨਾਉਣ ਵਿਚਲੇ ਦੁਫੇੜ ਤੋਂ ਬੇਲਾਗ। ਉਹ ਨਿਰਛੱਲ ਅਤੇ ਸਾਰਿਆਂ ਦੇ ਆਪਣੇ। ਇਸੇ ਕਰਕੇ ਬੱਚੇ ਦੇ ਰੋਸੇ ਵਿਚਲਾ ਭੋਲਾਪਣ, ਉਨ੍ਹਾਂ ਨੂੰ ਰੁੱਸਣ ਵੀ ਨਹੀਂ ਦਿੰਦਾ। ਉਹ ਸਿਰਫ ਰੁੱਸਣ ਦਾ ਸਵਾਂਗ ਹੀ ਰਚਾਉਂਦੇ।

ਰੁੱਸਣਾ, ਸਮਾਜਕ ਵਰਤਾਰੇ ਦਾ ਕੇਹਾ ਰੰਗ-ਢੰਗ ਕਿ ਪਰਿਵਾਰਕ ਸਮਾਗਮਾਂ ਵਿਚ ਨੇੜਲੇ ਅਕਸਰ ਹੀ ਗਿਲੇ-ਸ਼ਿਕਵੇ ਜਾਹਰ ਕਰਦੇ। ਭਾਈਚਾਰਾ ਜਾਂ ਹੋਰ ਰਿਸ਼ਤੇਦਾਰ ਉਨ੍ਹਾਂ ਦੀ ਨਾਰਾਜ਼ਗੀ ਦੂਰ ਕਰ, ਭਾਈਚਾਰਕ ਸਾਂਝ ਦਾ ਸਬੂਤ ਬਣਦੇ। ਪੰਜਾਬੀ ਭਾਈਚਾਰੇ ਵਿਚ ਫੁੱਫੜ, ਚਾਚਾ-ਤਾਇਆ ਜਾਂ ਜਵਾਈ ਦਾ ਵਿਆਹ ਆਦਿ ਮੌਕਿਆਂ 'ਤੇ ਬਿਨਾ ਕਿਸੇ ਕਾਰਨ ਤੋਂ ਰੁੱਸਣਾ ਵੀ ਜਰੂਰੀ ਤੇ ਮਿੰਨਤਾਂ ਕਰਵਾ ਕੇ ਮੰਨ ਵੀ ਜਾਣਾ ਹੁੰਦਾ।

ਕੁਝ ਲੋਕ ਰੁੱਸਦੇ, ਪਰ ਕੁਝ ਲੋਕ ਰੁਸਾਉਂਦੇ ਵੀ। ਉਨ੍ਹਾਂ ਦੀ ਕੋਸ਼ਿਸ਼ ਰੁੱਸਣ ਨਾਲੋਂ ਰੁਸਾਉਣ ਵੱਲ ਜ਼ਿਆਦਾ ਪ੍ਰੇਰਿਤ, ਕਿਉਂਕਿ ਨਿੱਕੀ ਜਿਹੀ ਹੁੱਜਤ ਜਾਂ ਸ਼ਰਾਰਤ ਨਾਲ ਉਹ ਕਿਸੇ ਨੂੰ ਰੁਸਾ ਕੇ ਨਿੱਜੀ ਮੁਫਾਦ ਦੀ ਪੂਰਤੀ ਕਰਦੇ। ਰੁਸਾਉਣ ਲਈ ਕਈ ਕੋਝੀਆਂ ਚਾਲਾਂ ਚੱਲਦੇ, ਕਪਟ ਤੋਲਦੇ, ਕਰਤੂਤਾਂ ਕਰਦੇ ਅਤੇ ਕੁਤਾਹੀਆਂ ਰਾਹੀਂ ਆਪਣੀ ਕਮੀਨਗੀ ਨੂੰ ਲੁਕਾਉਣ ਲਈ ਰਸਾਉਣ ਜਿਹੀ ਹਰਕਤ ਕਰਦੇ।



ਰੁੱਸੋ ਜਰੂਰ, ਪਰ ਮੰਨ ਜਾਣ ਲਈ ਤਿਆਰ ਰਹੋ। ਸਦੀਵੀ ਰੁੱਸਣਾ ਬਹੁਤ ਘਾਤਕ ਹੁੰਦਾ ਏ ਖੁਦ, ਸਮਾਜ ਅਤੇ ਪਰਿਵਾਰ ਲਈ। ਟੁੱਟ ਕੇ ਜੀਵਿਆ ਨਹੀਂ ਜਾ ਸਕਦਾ। ਸਿਰਫ ਜੁੜ ਕੇ ਜਿਉਣ ਦਾ ਲੁਤਫ ਹੁੰਦਾ। ਆਪਣੇ ਹੀ ਆਪਣਿਆਂ ਦੀਆਂ ਬਾਹਾਂ ਹੁੰਦੇ। ਆਪਣਿਆਂ ਤੋਂ ਬਿਨਾ ਤਾਂ ਸਾਰੇ ਬੇਗਾਨੇ। ਆਪਣੇ ਹੀ ਆਪਣਿਆਂ ਲਈ ਸਲਾਹਾਂ ਹੁੰਦੇ, ਰਾਹਾਂ ਹੁੰਦੇ, ਬਲਾਵਾਂ ਉਤਾਰਦੇ ਅਤੇ ਸਿਰ ਤੋਂ ਸ਼ਗਨਾਂ ਦਾ ਪਾਣੀ ਵਾਰਦੇ। ਆਪਣਿਆਂ ਤੋਂ ਬਿਨਾ ਕੌਣ ਮਨਾਉਂਦਾ ਏ ਸ਼ਗਨ? ਕਿਸ ਦੇ ਮੋਢੇ 'ਤੇ ਸਿਰ ਰੱਖ ਕੇ ਰੋ ਸਕਦੇ ਹੋ? ਕਿਸ ਨੂੰ ਦਰਦ ਸੁਣਾ ਸਕਦੇ ਹੋ? ਕੌਣ ਤੁਹਾਡੇ ਦੁੱਖਾਂ ਦੀ ਦਵਾ ਬਣੇਗਾ? ਕੌਣ ਤੁਹਾਡੇ ਲਈ ਦੁਆ ਕਰੇਗਾ? ਕਿਹੜੀਆਂ ਅਸੀਸਾਂ ਤੁਹਾਡੀ ਝੋਲੀ ਵਿਚ ਨਿਆਮਤਾਂ ਪਾਉਣਗੀਆਂ?

ਜੇ ਬਚਪਨੇ ਤੋਂ ਮਾਸੂਮੀਅਤ ਰੁੱਸ ਜਾਵੇ ਤਾਂ ਖਰਵੇਪਣ ਵਿਚ ਰੁੱਲ ਜਾਂਦਾ ਬਚਪਨਾ। ਮਾਂ ਰੁੱਸ ਜਾਵੇ ਤਾਂ ਰੋਂਦੀ ਏ ਮਮਤਾ, ਕੁੱਛੜ ਰੁੱਸ ਜਾਵੇ ਰੋਂਦੂ ਹੋ ਜਾਂਦਾ ਬੱਚਾ ਅਤੇ ਗਿੱਲੇ ਪੋਤੜਿਆਂ ਵਿਚ ਗਲ ਜਾਂਦੇ ਬੱਚੇ ਦੇ ਸੋਹਲ ਅੰਗ। ਸੁੱਕੀ ਜਗਾ 'ਤੇ ਪਾਉਣ ਵਾਲੀ ਮਾਂ ਦੀ ਅਣਹੋਂਦ, ਸਾਰੀ ਉਮਰ ਚਸਕਦੀ ਰਹਿੰਦੀ। ਮਾਂ ਦੀਆਂ ਲੋਰੀਆਂ ਤੇ ਬਾਤਾਂ ਰੁੱਸ ਜਾਣ ਤਾਂ ਝਿੜਕਾਂ ਵਿਚ ਰੁੱਸ ਜਾਂਦੇ ਤੋਤਲੇ ਬੋਲ।

ਬੱਚੇ ਦੇ ਮੋਢੇ ਤੋਂ ਬਸਤਾ ਰੁੱਸ ਜਾਵੇ ਤਾਂ ਮਾਯੂਸ ਹੋ ਜਾਂਦੀ ਕਲਮ, ਕਾਇਦਾ, ਕਿਤਾਬ ਅਤੇ ਕਾਪੀਆਂ। ਫੱਟੀ ਤੋਂ ਪੂਰਨੇ ਰੁੱਸ ਜਾਣ ਤਾਂ ਅਲੋਪ ਹੋ ਜਾਂਦੇ ਹਰਫ। ਹਰਫ ਗੁੰਮਿਆਂ ਤੋਂ ਇਬਾਰਤ ਦੇ ਕੀ ਅਰਥ ਰਹਿ ਜਾਂਦੇ? ਜੇ ਹਰਫਾਂ ਵਿਚੋਂ ਅਰਥ ਰੁੱਸ ਜਾਣ ਤਾਂ ਹਰਫਾਂ ਵਿਚ ਨਹੀਂ ਜਗਦੇ ਚਿਰਾਗ, ਆਲੇ-ਦੁਆਲੇ ਪਸਰਿਆ ਰਹਿੰਦਾ ਹਨੇਰ ਅਤੇ ਮਨ-ਮਸਤਕ ਧੁੰਦਲਾਏ ਵਿਚਾਰਾਂ ਵਿਚ ਜਿਉਣ ਲਈ ਮਜ਼ਬੂਰ। ਕਦੇ ਅੱਖਰਾਂ ਦੀ ਰੁਸਵਾਈ ਨੂੰ ਹੰਢਾਉਣ ਵਾਲਿਆਂ ਦੀ ਚੀਸ ਨੂੰ ਫਰੋਲਣਾ, ਤੁਹਾਨੂੰ ਦਰਦ-ਦਰਦ ਹੋ ਕੇ ਜਿਉਣ ਦੀ ਮੁਥਾਜੀ ਸਮਝ ਆ ਜਾਵੇਗੀ।

ਪੇਟ ਕੋਲੋਂ ਰੋਟੀ ਰੁੱਸ ਜਾਵੇ ਤਾਂ ਮਰ ਜਾਂਦੀ ਹੈ ਭੁੱਖ। ਪਿਆਸੇ ਕੋਲੋਂ ਪਾਣੀ ਰੁੱਸ ਜਾਵੇ ਤਾਂ ਉਸ ਦੇ ਅੰਦਰਲੇ ਮਾਰੂਥਲ ਵਿਚ ਕਿਵੇਂ ਮੌਲ ਸਕਦੀ ਏ ਜ਼ਿੰਦਗੀ? ਤਨ ਤੋਂ ਲਿਬਾਸ ਰੁੱਸ ਜਾਵੇ ਤਾਂ ਤਿੱਖੜ ਦੁਪਹਿਰਾਂ ਤੇ ਜੇਠ ਦੀਆਂ ਲੂਆਂ ਵਿਚ ਤਪਦਾ ਏ ਪਿੰਡਾ ਅਤੇ ਪੋਹ-ਮਾਘ ਦੀ ਠੰਢ ਚੀਰਦੀ ਏ ਹੱਡ। ਤੇਜ ਤੁਫਾਨਾਂ, ਕਹਿਰਵਾਨ ਝੱਖੜਾਂ ਅਤੇ ਕਾਲੀਆਂ ਬੋਲੀਆਂ ਹਨੇਰੀਆਂ ਵਿਚ ਰੁਲ ਜਾਂਦੀ ਏ ਕਾਇਨਾਤੀ ਦਿੱਖ। ਰੱਖੜੀ ਤੋਂ ਵੀਰ ਦਾ ਗੁੱਟ ਰੁੱਸ ਜਾਵੇ ਤਾਂ ਭੈਣਾਂ ਨੂੰ ਮਾਪਿਆਂ ਦਾ ਘਰ ਨਹੀਂ ਪੋਂਹਦਾ। ਵੀਰਨੇ ਨੂੰ ਮਾਰਨ ਵਾਲੀ ਹਾਕ ਵੀ ਗੁੰਮਸੁਦੀ ਹੰਢਾਉਂਦੀ, ਹਵਾ ਵਿਚ ਭਟਕ ਜਾਂਦੀ।

ਜਦ ਬੁੱਢੇ ਮਾਪਿਆਂ ਕੋਲੋਂ ਡੰਗੋਰੀ ਰੁੱਸ ਕੇ ਦੂਰ ਚਲੀ ਜਾਵੇ ਅਤੇ ਵਾਪਸ ਪਰਤਣਾ ਵੀ ਯਾਦ ਹੀ ਨਾ ਰਹੇ ਤਾਂ ਘਰ ਦੀਆਂ ਸਰਦਲਾਂ ਵਿਚ ਸੁੰਨ ਵਰਤਦੀ। ਘਰ ਦੀਆਂ ਸਲਾਬੀਆਂ ਕੰਧਾਂ 'ਤੇ ਟੰਗੇ ਕੈਲੰਡਰ ਵਿਚੋਂ ਮਿੱਟ ਜਾਂਦੀਆਂ ਨੇ ਤਾਰੀਖਾਂ। ਮਾਪਿਆਂ ਦੇ ਦੀਦਿਆਂ ਵਿਚੋਂ ਰੁੱਸ ਕੇ ਦੂਰ ਚਲੇ ਜਾਂਦੀ ਏ ਉਡੀਕ। ਉਹ ਜਿਉਂਦੇ ਜੀਅ ਸਿਵਾ ਸੇਕਦਿਆਂ, ਆਹਾਂ ਵਿਚ ਦੁਆਵਾਂ ਨੂੰ ਪੌਣਾਂ ਹੱਥ ਭੇਜ, ਸੁਕਰ ਤੇ ਸਕੂਨ ਨੂੰ ਹਾਣ ਬਣਾਉਂਦੇ।

ਜਦ ਕੰਧਾਂ ਕੋਲੋਂ ਛੱਤ ਰੁੱਸ ਜਾਂਦੀ ਤਾਂ ਕੁਝ ਵੀ ਓਹਲਾ ਨਾ ਰਹਿੰਦਾ। ਦਿਨੇ ਸੂਰਜ ਦੀ ਅੱਖ ਦੇਖਦੀ। ਰਾਤ ਨੂੰ ਚੰਦਰਮਾ ਅਤੇ ਤਾਰੇ ਝਾਤੀਆਂ ਮਾਰਦੇ, ਛੱਤਹੀਣ ਘਰ ਦੇ ਨੰਗੇਜ਼ ਨੂੰ ਦੇਖ ਕੇ ਸ਼ਰਮਸਾਰ ਹੁੰਦੇ। ਘਰ ਵਿਚੋਂ ਕਮਰੇ ਰੁੱਸਦੇ ਤਾਂ ਘਰ, ਘਰ ਹੀ ਨਹੀਂ ਰਹਿੰਦਾ। ਕਮਰੇ ਵਿਚਲਾ ਰੌਸ਼ਨਦਾਨ ਰੁੱਸ ਜਾਵੇ ਤਾਂ ਬਾਹਰਲੀ ਤਾਜ਼ੀ ਹਵਾ ਦਾ ਬੁੱਲਾ ਅਤੇ ਰੋਸ਼ਨੀ ਵਰਜਿੱਤ ਹੋ ਜਾਂਦੀ। ਜੇ ਕਮਰੇ ਵਿਚ ਹੋਣ ਵਾਲਾ ਚੋਹਲ-ਮੋਹਲ, ਪਿਆਰ ਭਿੱਜੀਆਂ ਬਾਤਾਂ, ਨਿੱਕੀਆਂ ਅਛੋਹ ਸ਼ਰਾਰਤਾਂ, ਸਪਰਸ਼ ਤੇ ਸਹਿਹੋਂਦ ਨਾਲ ਸੰਦਲੀ ਪਲਾਂ ਨੂੰ ਮਾਣਨ ਦੀ ਰੁੱਤ ਹੀ ਰੁੱਸ ਜਾਵੇ ਤਾਂ ਕਮਰੇ ਦੀ ਕਰਮ-ਯੋਗਤਾ 'ਤੇ ਹੀ ਪ੍ਰਸ਼ਨ ਪੈਦਾ ਹੁੰਦਾ। ਜੇ ਵਿਹੜੇ ਨਾਲੋਂ ਚੌਂਕਾ-ਚੁੱਲ੍ਹਾ ਰੁੱਸ ਜਾਵੇ ਤਾਂ ਬੁਝ ਜਾਂਦੀ ਹੈ ਚੁਗਲੀਆਂ ਕਰਦੀ ਚੁੱਲ੍ਹੇ ਦੀ ਅੱਗ, ਪਰਾਤ ਵਿਚ ਨਹੀ ਭੁੜਕਦਾ ਆਟਾ, ਤਵੇ 'ਤੇ ਫੁੱਲਦੀ ਨਹੀਂ ਰੋਟੀ, ਉਦਾਸ ਹੋ ਜਾਂਦੀਆਂ ਨੇ ਓਟੇ ਦੀਆਂ ਚਿੜੀਆਂ। ਨਿਆਣਿਆਂ ਦੇ ਹੱਥੋਂ ਖੁੱਸ ਜਾਂਦੀ ਹੈ ਆਟੇ ਦੀ ਚਿੜੀ। ਸਵਾਣੀ ਨੂੰ ਆਉਣ ਵਾਲਾ ਰੱਜ, ਜਦ ਉਸ ਦੇ ਨਾਲ ਹੀ ਰੁੱਸ ਜਾਵੇ ਤਾਂ ਘਰ ਦੀ ਧੰਨਭਾਗਤਾ ਨੂੰ ਲੱਗ ਜਾਂਦੀ ਏ ਨਜ਼ਰ। ਇਸ ਨੂੰ ਉਤਾਰਨ ਲਈ ਕੋਈ ਆਪਣਾ ਹੀ ਬਹੁੜੇ ਤਾਂ ਨਜ਼ਰ ਉਤਰਦੀ। ਦਰ ਜਦ ਘਰ ਨਾਲੋਂ ਰੁੱਸਦੇ ਤਾਂ ਦਸਤਕ ਬੇਵਾ ਹੋ ਜਾਂਦੀ। ਅਛੋਪਲੇ ਜਿਹੇ ਬੂਹਾ ਖੋਲ੍ਹ ਕੇ ਅੰਦਰ ਵਾਲਾ ਜਾਂ ਝਾਤ ਮਾਰਨ ਵਾਲਾ ਕੋਈ ਨਹੀਂ ਹੁੰਦਾ। ਚੁਗਾਠਾਂ ਨੂੰ ਥਿੰਧਿਆਈ ਤੋਂ ਬਿਨਾ ਜਿਉਣਾ ਬਹੁਤ ਔਖਾ ਹੁੰਦਾ। ਆਖਰ ਉਹ ਜ਼ਰਜਰੀ ਹੋ, ਕਿਸੇ ਸਿਵੇ ਦਾ ਬਾਲਣ ਬਣ, ਆਖਰੀ ਸਫਰ ਵੀ ਤੈਅ ਕਰ ਜਾਂਦੀਆਂ।

ਜਦ ਤਾਸੀਰ, ਧਰਤ ਨਾਲ ਰੁੱਸਦੀ ਤਾਂ ਖੇਤ ਫ਼ਸਲ ਵਿਹੂਣੇ ਹੋ ਜਾਂਦੇ। ਆੜ ਦੇ ਪਾਣੀਆਂ ਨੂੰ ਮਿਲਦਾ ਸਰਾਪ, ਭੜੋਲਿਆਂ ਨੂੰ ਸੱਖਣੇਪਣ ਦਾ ਸੰਤਾਪ। ਖੇਤ ਵਿਚ ਉਗਦੀਆਂ ਖੁਦਕੁਸ਼ੀਆਂ। ਟਾਹਲੀ 'ਤੇ ਲਟਕਦੀ ਖੇਤ-ਕਰਮੀ ਦੀ ਲਾਸ਼। ਮਾਲਕ ਵਿਹੂਣੀ ਬਲਦਾਂ ਦੀ ਜੋਗ ਉਸ ਦੀਆਂ ਤਲੀਆਂ ਨੂੰ ਚੱਟਦਿਆਂ, ਤਰਲੇ ਕਰਦੀ ਕਿ ਉਨ੍ਹਾਂ ਦਾ ਮਾਲਕ ਬਚ ਜਾਵੇ। ਇਹ ਰੋਸਾ ਕੀ ਦਾ ਕੀ ਕਰ ਜਾਂਦਾ, ਜਦ ਕਿਸੇ ਨੂੰ ਸਮਝ ਆਉਂਦੀ ਤਾਂ ਉਸ ਸਮੇਂ ਤੀਕ ਬਹੁਤ ਦੇਰ ਹੋ ਚੁਕੀ ਹੁੰਦੀ।

ਜਦ ਪਾਣੀ, ਦਰਿਆ ਕੋਲੋਂ ਰੁੱਸਦਾ ਤਾਂ ਇਸ 'ਚ ਉਗਦੇ ਬਰੇਤੇ, ਗਵਾਚ ਜਾਂਦੇ ਕੰਢੇ, ਕਿਧਰੇ ਨਹੀਂ ਥਿਆਉਂਦੇ ਲੁੱਢਣ ਮਲਾਹ, ਸੱਸੀ ਦਾ ਘੜਾ, ਅਟਕ ਦਰਿਆ ਦਾ ਅਟਕਣਾ, ਸਰਸੇ ਦੇ ਪਾਣੀਆਂ 'ਚੋਂ ਲੰਘ ਰਹੀ ਖਾਲਸਈ ਫੌਜ। ਦਰਿਆਵਾਂ ਵਿਚ ਵਗ ਰਹੀ ਅੰਮ੍ਰਿਤਧਾਰਾ, ਜ਼ਹਿਰ ਬਣ ਕੇ ਮੌਤ ਦਾ ਵਣਜ ਕਰਨ ਜੋਗੀ ਰਹਿ ਜਾਂਦੀ। ਇਸ ਰੋਸੇ ਕਾਰਨ ਹੀ ਲੁਪਤ ਹੋ ਜਾਣੇ ਨੇ ਦਰਿਆਵਾਂ ਦੇ ਕੰਢਿਆਂ 'ਤੇ ਮੌਲੀਆਂ ਸਭਿਆਤਾਵਾਂ ਦੇ ਨਕਸ਼, ਅਧਿਆਤਮਕ ਕੇਂਦਰਾਂ ਦੀ ਆਸਥਾ, ਜੀਵਨ-ਲੋਰ ਬਖਸ਼ਣ ਵਾਲੀ ਬੰਦਗੀ ਅਤੇ ਬਹਾਰ-ਬਰਕਤਾਂ ਨਾਲ ਰੰਗੀਆਂ ਵਾਦੀਆਂ ਦੀ ਹਰਿਆਵਲ।

ਜਦ ਪਹਾੜਾਂ ਨਾਲੋਂ ਬਿਰਖ ਤੇ ਜੰਗਲੀ ਜੀਵ ਰੁੱਸਦੇ ਤਾਂ ਮੌਤ ਦਾ ਖੌਫ ਚੌਗਿਰਦੇ ਵਿਚ ਪਸਰਦਾ। ਪਰਬਤਾਂ ਦੀ ਟੀਸੀਆਂ 'ਤੇ ਚੜ੍ਹ ਕੇ ਕੂਕਦੀ ਏ ਮਾਨਵਤਾ, ਜੋ ਮਨੁੱਖ ਨੂੰ ਮਨੁੱਖ ਬਣਨ ਦੀ ਤਾਕੀਦ ਕਰਦੀ।

ਰੁੱਸਵਾਈ ਵਿਚ ਸੁੱਕ ਜਾਂਦਾ ਹੈ ਨੈਣਾਂ ਦਾ ਨੀਰ, ਜਾਗਦੀਆਂ ਰਹਿੰਦੀਆਂ ਅੱਖਾਂ, ਭੁੱਲ ਜਾਂਦਾ ਖਾਣ-ਪੀਣ। ਕਾਂਗੜ ਤੇ ਕੁਰੰਗ ਹੋਏ ਸਰੀਰ ਨੂੰ ਸਿਵੇ ਵਾਂਗ ਮੱਚਣਾ ਅਸਾਨ ਹੋ ਜਾਂਦਾ।

ਰੁੱਸੇ ਨੂੰ ਮਨਾਉਣਾ ਤਾਂ ਰੱਬ ਨੂੰ ਮਨਾਉਣਾ ਆ। ਉਸ ਦੀਆਂ ਰਹਿਮਤਾਂ ਨੂੰ ਸਦਾ ਲਈ ਕਮਾਉਣਾ ਆ। ਜ਼ਿੰਦ ਦੇ ਬਗੀਚੇ ਸੂਹੇ ਪਲ ਉਪਜਾਉਣਾ ਆ। ਜੀਵਨੀ ਪਲਿੱਤਣ ਨੂੰ ਸੁਰਖ ਬਣਾਉਣਾ ਆ। ਜੀਵਨ-ਹਨੇਰਿਆਂ 'ਚ ਸੂਰਜ ਉਗਾਉਣਾ ਆ। ਰੁੱਸਿਆਂ ਖੇੜਿਆਂ ਨੂੰ ਮੋੜ ਕੇ ਲਿਆਣਾ ਆ। ਗਵਾਚ ਚੁਕੇ ਆਪੇ ਦਾ ਮੁੜ ਤੋਂ ਥਿਆਉਣਾ ਆ ਅਤੇ ਖੁਦ ਵਿਚੋਂ ਖੁਦ ਦਾ ਦੀਦਾਰ 'ਕੇਰਾਂ ਪਾਉਣਾ ਆ। ਆਪਣੇ ਅੰਤਰੀਵ ਨੂੰ ਰਾਜ਼ਦਾਰ ਬਣਾਉਣਾ ਆ।

ਰੁੱਸਣ-ਮਨਾਉਣ ਦੀ ਨਿਰੰਤਰਤਾ ਵਿਚ ਨਿੱਭਣ ਵਾਲੇ ਰਿਸ਼ਤੇ ਦੁਨੀਆਂ ਦੇ ਸਭ ਤੋਂ ਹੁਸੀਨ, ਸੁੰਦਰ ਤੇ ਸਥਿਰ ਰਿਸ਼ਤੇ। ਭਾਵੇਂ ਇਹ ਪਤੀ-ਪਤਨੀ, ਮਿੱਤਰ-ਮੰਡਲੀ, ਵਾਗੀਆਂ ਦੀ ਢਾਣੀ ਜਾਂ ਭਾਈਚਾਰਕ ਸਬੰਧ ਹੋਣ।

ਰੁੱਸਣ-ਮਨਾਉਣ ਦਾ ਵਰਤਾਰਾ, ਵਿਚਾਰਾਂ ਦੀ ਵਿਭਿੰਨਤਾ, ਦ੍ਰਿਸ਼ਟੀਕੋਣ ਵਿਚਲਾ ਅੰਤਰ, ਕਰਮ-ਧਾਰਨਾ ਦਾ ਫਰਕ, ਸਮਾਜਕ ਜਾਂ ਪਰਿਵਾਰਕ ਸੋਝੀ ਦਾ ਵਖਰੇਵਾਂ ਜਾਂ ਵੱਖੋ-ਵੱਖਰੇ ਧਰਾਤਲੀ ਵੱਖਰਤਾ, ਆਦਿ ਕਰਕੇ ਹੁੰਦਾ।

ਰੁੱਸਣਾ/ਮੰਨਣਾ, ਦੋ ਜੀਆਂ ਦਰਮਿਆਨ ਮਿੱਠਾ-ਮਿੱਠਾ ਤਕਰਾਰ; ਪਰਿਵਾਰਕ ਖੜਕਾਰ, ਜਿਸ ਵਿਚੋਂ ਪੈਦਾ ਹੋਈ ਸੁਰ ਨੂੰ ਸੰਗੀਤਕਤਾ ਦਾ ਰੁਤਬਾ ਦੇ ਦਿੱਤਾ ਜਾਵੇ ਤਾਂ ਜੀਵਨ ਵਿਚੋਂ ਜ਼ਿੰਦਾਦਿਲੀ ਅਤੇ ਜਜ਼ਬਿਆਂ ਨੂੰ ਰਾਹਤ ਮਿਲਦੀ।

ਨੈਣਾਂ ਨਾਲ ਸੁਪਨੇ ਰੁੱਸ ਜਾਂਦੇ ਤਾਂ ਤਿੜਕ ਜਾਂਦਾ ਮਨੁੱਖ। ਬਹੁਤ ਕੁਝ ਅੰਦਰੋਂ ਅਤੇ ਬਾਹਰੋਂ ਟੁੱਟਦਾ। ਇਸ ਟੁੱਟ-ਭੱਜ ਵਿਚ ਸ਼ਰੀਕ ਹੁੰਦਾ-ਪਰਿਵਾਰ, ਭਾਈਚਾਰਾ ਅਤੇ ਸਮਾਜ। ਟੁੱਟੇ ਸੁਪਨਿਆਂ ਦਾ ਦਰਦ ਸਿਰਫ ਉਹੀ ਜਾਣ ਸਕਦੇ, ਜਿਨ੍ਹਾਂ ਦੇ ਰੁੱਸੇ ਹੋਏ ਸੁਪਨਿਆਂ ਨੂੰ ਮਨਾਉਣ ਲਈ ਕਿਸੇ ਨੇ ਪਹਿਲ ਨਹੀਂ ਕੀਤੀ। ਸੁਪਨਿਆਂ ਦੀ ਬਰਬਾਦੀ, ਬੇ-ਗਰਜ਼ਤਾ ਅਤੇ ਬੇ-ਲਿਹਾਜ਼ੀ ਵਿਚੋਂ ਬੰਦਿਆਈ ਦਾ ਪਤਨ ਅਰੰਭ ਹੋਇਆ।

ਨੈਣਾਂ ਨਾਲ ਨੀਰ ਰੁੱਸ ਜਾਵੇ ਤਾਂ ਬੇਨੀਰ ਹੋ ਜਾਂਦੀਆਂ ਨੇ ਅੱਖਾਂ, ਖਾਰਾ ਪਾਣੀ ਨਹੀਂ ਧੋਂਦਾ ਮੁਖੜਾ। ਨਾ ਹੀ ਅੰਦਰਲੇ ਦਰਦਾਂ ਨੂੰ ਨੈਣਾਂ ਥੀਂ ਵਹਿ ਕੇ ਮਿਲਦੀ ਏ ਰਾਹਤ। ਫਿਰ ਉਹ ਹਿੱਕ ਵਿਚ ਜੰਮ, ਧੁਖਦੇ-ਧੁਖਦੇ, ਮਨੁੱਖ ਨੂੰ ਅੰਦਰੋਂ ਰਾਖ ਕਰ, ਹੋਂਦ 'ਤੇ ਹੀ ਪ੍ਰਸ਼ਨ ਚਿੰਨ੍ਹ ਬਣਦੇ।

ਜਦ ਪੈਰਾਂ ਕੋਲੋਂ ਪੈੜ ਰੁੱਸ ਜਾਂਦੀ ਤਾਂ ਉਦਾਸ ਹੋ ਜਾਂਦਾ ਸਫਰ। ਅਲੋਪ ਹੋ ਜਾਂਦੀਆਂ ਉਗਣ ਵਾਲੀਆਂ ਮੰਜਿਲਾਂ ਅਤੇ ਸੁੰਨ ਹੋ ਜਾਂਦੀ ਦਿਸਹੱਦਿਆਂ 'ਤੇ ਸਿਲਾਲੇਖ ਉਕਰਨ ਦੀ ਤਮੰਨਾ। ਇਹ ਰੁੱਸਣਾ, ਬਹੁਤ ਕੁਝ ਦੇ ਗਵਾਚਣ ਦਾ ਸਬੱਬ ਬਣਦਾ।

ਜਦ ਸੱਜਣ ਕੋਲੋਂ ਸੱਜਣ ਰੁੱਸਦਾ ਤਾਂ ਤਨਹਾਈ ਦਾ ਆਲਮ ਆਲੇ-ਦੁਆਲੇ ਵਿਚ ਤੈਰਦਾ। ਆਪਣਿਆਂ ਤੋਂ ਦੂਰੀ ਦੀ ਬੇਬੱਸੀ ਕਾਰਨ ਖੁਦ ਨੂੰ ਕੋਂਹਦਾ। ਅੰਦਰੋਂ ਅੰਦਰੀਂ ਰੋਂਦਾ। ਕਦੇ ਗਮ ਵਿਚ ਖੁਦ ਨੂੰ ਡਬੋਂਦਾ ਅਤੇ ਕਦੇ ਆਪਣੀ ਅਸਲੀਅਤ ਨੂੰ ਖੁਦ ਤੋਂ ਹੀ ਲਕੋਂਦਾ।

ਜਦ ਜ਼ਿੰਦ-ਸਾਜ਼ ਨਾਲ ਸਾਹ-ਸੁਰ ਹੀ ਰੁੱਸ ਜਾਵੇ ਤਾਂ ਜੀਵਨ, ਜੀਵਨ ਹੀ ਨਹੀਂ ਰਹਿੰਦਾ। ਮਨੁੱਖ ਨਾਲ ਉਸ ਦੀਆਂ ਭਾਵਨਾਵਾਂ ਹੀ ਰੁੱਸ ਜਾਣ ਤਾਂ ਮਨੁੱਖ ਰੋਬੋਟ ਹੁੰਦਾ ਅਤੇ ਰੋਬੋਟ ਬਣ ਕੇ ਜੀਵਿਆ ਨਹੀਂ ਜਾ ਸਕਦਾ।

ਜਦ ਕਰਮ ਵਿਚੋਂ ਧਰਮ ਰੁੱਸ ਜਾਵੇ ਤਾਂ ਅਧਾਰਮਿਕਤਾ ਹਾਵੀ ਹੁੰਦੀ। ਇਹ ਅਧਾਰਮਿਕਤਾ ਹੀ ਸਭ ਤੋਂ ਵੱਡੀ ਦੁਸ਼ਮਣ ਅਤੇ ਹੈਵਾਨੀਅਤ ਦੀ ਅਲੰਬਰਦਾਰ।

*(ਬਾਕੀ ਅਗਲੇ ਸਫੇ 'ਤੇ)*

***ਸਭ ਤੋਂ ਖਤਰਨਾਕ ਹੁੰਦਾ ਹੈ ਬੰਦੇ ਦਾ ਆਪਣੇ ਆਪ ਤੋਂ ਹੀ ਰੁੱਸ ਜਾਣਾ। ਬੇਜ਼ਾਰ ਹੋ ਜਾਣਾ। ਜੀਵਨ ਤੋਂ ਰੁੱਸ ਕੇ ਮੌਤ ਦੀਆਂ ਦੁਆਵਾਂ ਮੰਗਣੀਆਂ ਅਤੇ ਆਪਣੀ ਕਬਰ ਦੀ ਖੁਦ ਹੀ ਖੁਦਾਈ ਕਰਨਾ। ਇਸ ਦੀ ਮੰਨ-ਮਨਾਈ ਬਹੁਤ ਜਰੂਰੀ, ਕਿਉਂਕਿ ਇਸ ਨਾਲ ਹੀ ਮਨੁੱਖ ਖੁਦ ਦੇ ਸਭ ਤੋਂ ਕਰੀਬ ਹੁੰਦਾ। ਅੰਤਰੀਵ 'ਚੋਂ ਖੁਦ ਦੀ ਪਛਾਣ ਕਰਦਾ। ਆਤਮਾ ਦੀ ਮੰਨ ਕੇ, ਆਪਣੀ ਸਾਰਥਕਤਾ ਨੂੰ ਸਦੀਵਤਾ ਬਣਨ ਵੱਲ ਉਤਸ਼ਾਹਿਤ ਕਰਦਾ। ਕਦੇ ਵੀ ਆਪਣੇ ਆਪ ਨਾਲ ਨਾ ਰੁੱਸੋ। ਭਾਵੇਂ ਇਹ ਜਹਾਨ ਰੁੱਸ ਜਾਵੇ।***

# ਸੰਮਾਂ ਤੋਂ ਸੈੱਲ ਫੋਨਾਂ ਦੀ ਰਹਿਤਲ 'ਤੇ ਪਹੁੰਚੀ ਪੇਂਡੂ ਜਵਾਨੀ

ਕਰੋਨਾ 'ਚ ਘਿਰਿਆ, ਫਸਿਆ ਕਾਫੀ ਲੰਬਾ ਸਮਾਂ ਭਾਰਤ ਰਹਿਣਾ ਪਿਐ। ਘੇਰਾ ਕੁਝ ਕਰੋਨਾ ਬੰਦਿਸ਼ਾਂ ਦਾ ਸੀ, ਕੁਝ ਉਮਰ ਦੀਆਂ ਸੀਮਾਵਾਂ ਦਾ। ਵਿਹਲ ਓੜਕਾਂ ਦੀ ਸੀ। ਜੁਲਾਈ 'ਚ ਫਲਾਈਟ ਦਿੱਲਿਓਂ ਲੈਣੀ ਸੀ। ਪੰਜਾਬ 'ਚ ਮੁੜ ਸਖਤ ਲੌਕਡਾਊਨ ਲੱਗਣ ਦੇ ਖਦਸ਼ਿਆਂ ਨੇ ਹਰਿਆਣੇ ਦੇ ਸਾਹਿਬ-ਏ-ਇਕਬਾਲ, ਜਾਇਦਾਦ-ਏ-ਇਕਬਾਲ ਤਕੜੇ ਕਿਸਾਨ ਰਿਸ਼ਤੇਦਾਰਾਂ ਕੋਲ ਬੜਾ ਖੁੱਲ੍ਹ ਕੇ ਮਿਲਣ-ਗਿਲਣ ਦਾ ਮੌਕਾ ਮਿਲਿਆ। ਨਜ਼ਦੀਕੀ ਰਿਸ਼ਤਦਾਰੀਆਂ ਵੱਲੋਂ ਨਾ ਆਉਣ ਦੇ ਲੰਮੇ ਸਮੇਂ ਦੇ ਉਲ੍ਹਾਮੇ ਲਾਹੇ। ਪਹਿਲਾਂ ਭੱਜ-ਭਜਾਈ 'ਚ ਕਈ ਵਾਰੀ ਜਾ ਨਹੀਂ ਸੀ ਹੁੰਦਾ। ਖੁੱਲ੍ਹੀਆਂ ਡੁੱਲ੍ਹੀਆਂ ਮਿਲਖਾਂ, ਜਿਆਦਾਂ ਦੇ ਮਾਲਕਾਂ ਨਾਲ ਗਹਿਗੱਚ ਮੇਲ ਮਿਲਾਪ ਹੋਏ। ਉਨ੍ਹਾਂ ਦੀ ਖੁੱਲ੍ਹੀ ਡੁੱਲ੍ਹੀ ਮਹਿਮਾਨ ਨਿਵਾਜੀ ਖੂਬ ਮਾਣੀ। ਸੋਚ



ਪ੍ਰਿੰ. ਬਲਕਾਰ ਸਿੰਘ ਬਾਜਵਾ
ਫੋਨ: 91-95305-17132

ਵਰਤਮਾਨ ਤੋਂ ਅੱਸੀ ਸਾਲ ਪੁਰਾਣੀ ਰਹਿਤਲੀ ਸਿਮ੍ਰਤੀਆਂ 'ਚ ਘੁੰਮਣ ਲੱਗ ਪੈਂਦੀ। ਖਾਣ ਪੀਣ ਦੇ ਵਸੀਲੇ ਝਰਨੇ ਵਾਂਗ ਵਗਦੇ ਸਨ।

ਨਵੀਂ ਪੁਸ਼ਤ ਦੀ ਜੀਵਨ ਸ਼ੈਲੀ ਦੀ ਕਸਰਤ, ਬਾਹਰ ਘੁੰਮਣ ਫਿਰਨ ਵੱਲ ਕੋਈ ਰੁਚੀ ਨਹੀਂ ਸੀ। ਉਨ੍ਹਾਂ ਵਿਚ ਖੇਡਣ-ਮੱਲਣ ਦਾ ਕੋਈ ਸ਼ੌਕ ਨਹੀਂ ਸੀ। ਆਪੋ ਆਪਣੇ ਸੈੱਲਾਂ ਨਾਲ ਇਉਂ ਚੁੰਬੜੇ ਰਹਿੰਦੇ, ਜਿਵੇਂ ਸ਼ਹਿਦ ਦੀਆਂ ਮੱਖੀਆਂ ਛੱਜੇ ਦੁਆਲੇ ਭਿਣ-ਭਣਾਉਂਦੀਆਂ ਫਿਰਦੀਆਂ ਹਨ। 'ਭੱਈਏ 20, ਚੁੱਲ੍ਹੇ 21' ਵਾਂਗ 10 ਬੱਚਿਆਂ ਕੋਲ 12, 13 ਸੈੱਲ ਹਨ। ਮੰਮੀ ਡੈਡੀ ਦੇ ਵੀ ਸੈੱਲ ਵਰਤੀ ਜਾਂਦੇ। ਬੈੱਡਾਂ, ਸੋਫਿਆਂ 'ਤੇ ਟੇਢੇ-ਮੇਢੇ ਹੋ ਗੇਮਾਂ, ਸਨੈਪ ਚੈਟ, ਫੋਟੋਆਂ ਤੇ ਹੋਰ ਅਨੇਕ ਰੰਗਾਂ ਵਿਚ ਗਲਤਾਨ ਹੋਏ ਵੇਖਦਾ। ਬੜੀ ਮੁਸ਼ਕਿਲ ਨਾਲ ਕਈ ਵਾਰੀ ਗੱਲੀਂ ਬਾਤੀਂ ਲਾਉਣਾ ਅਤੇ ਕਹਿਣਾ 'ਗੂਗਲ' ਬਾਬੇ ਤੋਂ ਆਪਣੀ ਪੜ੍ਹਾਈ ਤੇ ਕੁਦਰਤੀ ਵਰਤਾਰਿਆਂ ਬਾਰੇ ਸਵਾਲ ਪੁੱਛਿਆ ਕਰੋ, ਆਪਸ ਵਿਚ ਚਰਚੇ ਕਰਿਆ ਕਰੋ। ਸਹਿਮਤ ਜ਼ਰੂਰ ਹੋ ਜਾਂਦੇ, ਪਰ ਫਿਰ ਵੀ ਉਹ ਬਾਹਰ ਦੀ ਅਸਲ ਜ਼ਿੰਦਗੀ ਤੋਂ ਅਣਭਿੱਜ ਸੋਸ਼ਲ ਮੀਡੀਆ ਦੀ ਦੁਨੀਆਂ ਵਿਚ ਹੀ ਗੁਆਚੇ ਰਹਿੰਦੇ। ਬਾਹਰਲੀ ਅਸਲ ਦੁਨੀਆਂ ਉਨ੍ਹਾਂ ਨੂੰ ਬੇਗਾਨੀ, ਉਪਰੀ ਤੇ ਨੀਰਸ ਲੱਗਦੀ। ਜੇ ਕਿਤੇ ਨਿੱਕੇ ਮੋਟੇ ਕੰਮ ਲਈ ਬਾਹਰ ਭੇਜਣਾ ਪੈਂਦਾ ਤਾਂ ਭੱਜ ਕੇ ਮੋਟਰ ਸਾਈਕਲਾਂ ਦੀਆਂ ਚਾਬੀਆਂ ਜਾ ਚੁੱਕਦੇ। ਵੱਡੇ, ਜੋ ਸਿਹਤ ਬਾਰੇ ਚੇਤੰਨ ਸਨ, ਜ਼ਰੂਰ ਖੇਤਾਂ ਵੱਲ ਪੈਦਲ ਜਾਂਦੇ। ਵਾਹੀ ਜੋਤੀ ਲਈ ਟਰੈਕਟਰ, ਟਰਾਲੀਆਂ, ਪੱਠੇ ਕੁਤਰਨ ਵਾਲੀਆਂ ਤੇ ਹੋਰ ਕਈ ਤਰ੍ਹਾਂ ਦੀਆਂ ਮਸ਼ੀਨਾਂ, ਕੰਬਾਈਨਾਂ, ਕੰਪਿਊਟਰ ਲੈਵਲਰ, ਇਤਿਆਦਿ। ਵੱਡੇ ਸਾਰੇ ਸ਼ੈੱਡ ਵਿਚ ਇਉਂ ਸਜੇ ਖਲੋਤੇ ਨਜ਼ਰੀਂ ਪੈਂਦੇ ਜਿਵੇਂ ਪਹਿਲੇ ਸਮਿਆਂ 'ਚ ਸਰਦੇ-ਪੁੱਜਦੇ ਘੋੜ ਜੱਟਾਂ ਦੇ ਘਰੀਂ ਧੌਣੀ ਦੇ ਵਧੀਆ ਬੌਲਦ, ਗੱਡੇ, ਗੜਬੈਲਾਂ। ਉਨ੍ਹਾਂ ਦੀਆਂ ਟੱਲੀਆਂ, ਹਰਮੇਲਾਂ ਛਣਕਦੀਆਂ ਅੱਜ ਵੀ ਕੰਨੀਂ ਪੈਂਦੀਆਂ। ਉਹ ਸ਼ਾਨਾਂਮੱਤੇ ਦ੍ਰਿਸ਼ ਅੱਜ ਵੀ ਅੱਖਾਂ 'ਚ ਰੂਪਮਾਨ ਹੋ ਜਾਂਦੇ ਨੇ।

ਲੌਕਡਾਊਨ ਕਰਕੇ ਸਕੂਲ, ਕਾਲਜ ਬੰਦ ਸਨ। ਨੌਜਵਾਨ ਘਰਾਂ 'ਚ ਹੀ ਵਿਚਰਦੇ। ਔਨਲਾਈਨ ਪੜ੍ਹਾਈ ਦੀ ਕਾਰਵਾਈ ਜਿਹੀ ਜ਼ਰੂਰ ਪੂਰੀ ਕੀਤੀ ਜਾਂਦੀ, ਸਕੂਲਾਂ ਨੇ ਫੀਸਾਂ ਜੁ ਲੈਣੀਆਂ ਨੇ। ਸਮੁੱਚੇ ਤੌਰ 'ਤੇ ਜੋ ਸਾਹਮਣੇ ਵਾਪਰਦਾ, ਉਹ ਵਾਚਣੋਂ, ਤੋਲਣੋਂ, ਤੁਲਨਾ ਕਰਨੋਂ ਰਹਿ ਨਾ ਹੁੰਦਾ। ਪਹਿਲੀ ਉਹ ਰਹਿਤਲ ਸੰਮਾਂ ਵਾਲੀ ਡਾਂਗ ਵਾਲੀ ਸੀ। ਮੌਜੂਦਾ ਸੈੱਲ ਫੋਨਾਂ ਅਤਿ ਆਧੁਨਿਕ ਤਕਨੀਕਾਂ ਦੁਆਲੇ ਘੁੰਮਦੀ ਦਿੱਸਦੀ।

ਇਨ੍ਹਾਂ ਪਰਿਵਾਰਾਂ ਦੇ ਮੁੱਛ-ਫੁੱਟ ਜਵਾਨੀ ਚੜ੍ਹਦੇ ਗੱਭਰੂਆਂ ਤੇ ਮੁਟਿਆਰਾਂ ਦੇ ਰੋਜ਼ਾਨਾ ਦੇ ਚਿਹਨ ਚਕਰ ਸੈੱਲਾਂ 'ਤੇ ਹੀ ਕੇਂਦ੍ਰਿਤ ਰਹਿੰਦੇ। ਇਨ੍ਹਾਂ ਦੀ ਤੁਲਨਾ 80 ਸਾਲ ਪਹਿਲਾਂ ਦੇ ਗਭਰੀਟਾਂ, ਗੱਭਰੂਆਂ, ਮੁਟਿਆਰਾਂ ਨਾਲ ਆਪ-ਮੁਹਾਰੇ ਹੋ ਜਾਂਦੀ। ਇਸ ਤਰ੍ਹਾਂ ਸੰਮਾਂ ਵਾਲੀ ਡਾਂਗ, ਖੂੰਡਾ ਅਤੇ ਸੈੱਲ ਫੋਨਾਂ ਵਾਲੀ ਜੀਵਨ ਰਹਿਤਲ ਵਾਲੇ ਦੋ ਮਨਜ਼ਰ ਵਾਚਣ ਦਾ ਸਬੱਬ ਬਣਿਆ-ਪਹਿਲਾ ਸਿਮ੍ਰਤੀ ਵਿਚੋਂ ਅਤੇ ਦੂਜਾ ਅੱਖੀਂ ਡਿੱਠਾ। ਖਿਆਲ ਆਉਂਦਾ, ਪੇਂਡੂ ਜਵਾਨੀ ਕਿੱਥੋਂ ਕਿੱਥੇ ਪਹੁੰਚ ਗਈ ਹੈ! ਸਾਡੇ ਪਿੰਡਾਂ 'ਚ ਕਦੀ ਸ਼ਾਸਤਰ ਅਤੇ ਸ਼ਸਤਰ ਕਾਰਨ ਰੱਬ ਵੱਸਦਾ ਹੁੰਦਾ ਸੀ। ਸ਼ਸਤਰ ਹੁੰਦੇ ਸਨ ਜਵਾਨਾਂ ਦੀ ਸੰਮਾਂ ਵਾਲੀ ਡਾਂਗ ਤੇ ਬਾਬਿਆਂ ਦੇ ਖੂੰਡੇ ਅਤੇ ਸ਼ਾਸਤਰ ਹੁੰਦਾ ਬਾਬੇ ਨਾਨਕ ਦੀ ਬਾਣੀ। ਉਦੋਂ ਜੀਵਨ ਦੀ ਲੋੜ ਸੀ, ਡਾਂਗ ਤੇ ਖੂੰਡਾ। ਡਾਂਗ ਤਾਕਤਵਰ, ਦਲੇਰ, ਜੋਸ਼ੀਲੇ, ਰੋਹਬੀਲੇ ਗੱਭਰੂਆਂ ਦਾ ਪਰੰਪਰਕ ਚਿੰਨ੍ਹ ਹੁੰਦਾ। ਤਾਕਤ ਨਾਲ ਹੀ ਉਦੋਂ ਮਾਲ ਡੰਗਰ, ਫਸਲ-ਵਾੜੀ ਦੀ ਰਾਖੀ ਕੀਤੀ ਜਾ ਸਕਦੀ ਸੀ। ਮੋਹਵੰਤੇ ਗੱਭਰੂ ਆਪਣੇ ਦਿਲਬਰ ਦਾ ਨਾਂ ਵੀ ਉਸੇ ਡਾਂਗ 'ਤੇ ਖੁਣਵਾ ਲੈਂਦੇ। ਲੋਕ ਗੀਤ ਬੋਲਦਾ, 'ਨਾਂ ਲਿਖ ਲਿਆ ਜੈ ਕੋਰੇ ਤੇਰਾ, ਕੋਕੇ ਵਾਲੀ ਡਾਂਗ ਦੇ ਉੱਤੇ।'

ਬਾਬੇ ਦਾ ਖੂੰਡਾ ਡਰ ਭਉ, ਬੇਬਾਕੀ, ਸਪਸ਼ਟਤਾ, ਸਮਾਜਕ ਕਦਰਾਂ ਕੀਮਤਾਂ ਦਾ ਰਖਵਾਲਾ, ਵੱਡਿਆਂ ਦੇ ਹੁਕਮਾਂ, ਆਦੇਸ਼ਾਂ ਦਾ ਪਾਲਕ ਚਿੰਨ੍ਹ। ਪਰਿਵਾਰ ਤੇ ਭਾਈਚਾਰੇ 'ਤੇ ਇਸ ਦਾ ਚੰਗਾ ਦਬਦਬਾ ਹੁੰਦਾ। ਦਇਆ, ਦ੍ਰਿੜਤਾ, ਦਲੇਰੀ ਉਸ 'ਚੋਂ ਡਲਕਦੀ। ਤਾਂ ਹੀ ਵਿਦੇਸ਼ੀ ਜਰਵਾਣਿਆਂ ਵੱਲੋਂ ਅਗਵਾ ਕਰਕੇ ਲਿਜਾਈਆਂ ਜਾ ਰਹੀਆਂ ਪੰਜਾਬਣਾਂ ਪੁਕਾਰ ਉਠਦੀਆਂ, 'ਮੋੜੀਂ ਬਾਬਾ ਡਾਂਗ ਵਾਲਿਆ, ਰੰਨ ਗਈ ਬਸਰੇ ਨੂੰ।' ਇਨ੍ਹਾਂ ਸ਼ਸਤਰਾਂ ਨੂੰ ਆਪਣੀ ਸੂਹਜ, ਸੂਝ ਤੇ ਸ਼ੌਕ ਦੇ ਵੇਗ 'ਚ ਪਿੱਤਲ ਦੇ ਸੰਮ, ਕੋਕੇ ਜੜੇ ਹੁੰਦੇ; ਪਰ ਅੱਜ ਦੇ ਹਾਈ ਟੈਕ ਦੌਰ ਵਿਚ ਇਹ ਦੋਵੇਂ ਸ਼ਸਤਰ ਛੁੱਟ ਗਏ ਹਨ। ਸਟੇਜੀ ਗੀਤਾਂ ਵਿਚ ਕਲਾਕਾਰ ਜ਼ਰੂਰ ਖੂੰਡਾ/ਡਾਂਗ ਲੈ ਗੀਤ ਗਾਉਂਦੇ ਤੇ ਭੰਗੜੇ ਪਾਉਂਦੇ ਹਨ। ਦੂਜੇ ਪਾਸੇ, ਅੱਜ ਹੱਥਾਂ 'ਚ ਆ ਗਏ ਹਨ ਸੈੱਲ ਫੋਨ! ਘੱਟ ਹੀ ਕੋਈ ਨਜ਼ਰੀਂ ਪੈਂਦਾ ਹੈ, ਜਿਸ ਕੋਲ ਸੈੱਲ ਨਹੀਂ। ਸ਼ਾਇਦ ਸਮੇਂ ਦੀ ਤੇਜ਼ਗਤੀ ਵਾਲੀ ਭੱਜ ਦੌੜ 'ਚ ਲੋੜ ਵੀ ਬਣ ਚੁਕਾ ਹੈ, ਪਰ ਫਿਰ ਵੀ ਜ਼ਰੂਰੀ ਹੱਦਾਂ ਟੱਪ ਚੁਕੈ ਅਤੇ ਜਵਾਨੀ ਨੂੰ ਭੂਤ ਬਣ ਚੁੰਬੜਿਆ ਪ੍ਰਤੀਤ ਹੁੰਦੈ।

ਨਤੀਜਾ ਇਹ ਜਵਾਨ ਭੱਜਦੇ ਇਉਂ ਲੱਗਦੇ ਨੇ, ਜਿਵੇਂ ਲੱਤਾਂ ਲੱਕ ਕੋਲੋਂ ਘੁੱਟ ਕੇ ਬੱਧੀਆਂ, ਟੰਗੀਆਂ ਹੋਈਆਂ ਹਨ। ਕੁਝ ਕੁ 'ਤੇ ਮੋਟਾਪਾ ਟੀਨ



ਏਜ 'ਚ ਹੀ ਵਾਹਵਾ ਪ੍ਰਗਟ ਹੋਇਆ ਦਿਸਦਾ। ਘੰਟਿਆਂ ਬੱਧੀ ਅੱਧ-ਖੁੱਲ੍ਹੇ ਚਾਕੂ ਵਾਂਗ ਟੇਢੇ ਹੋ ਸੈੱਲ ਵੇਖਦਿਆਂ ਛਾਤੀ, ਮੋਢੇ ਅੰਦਰ ਨੂੰ ਕੁੰਗੜ ਗਏ ਹੋਏ ਹਨ। ਤੁਰਦੇ-ਫਿਰਦੇ ਇਉਂ ਲੱਗਦੇ ਹਨ, ਜਿਉਂ ਟੀ. ਬੀ. ਦੇ ਮਰੀਜ਼ ਹੋਣ। ਛੋਟੀ ਉਮਰੇ ਹੀ ਮੋਟੇ ਸ਼ੀਸ਼ੇ ਵਾਲੀਆਂ ਐਨਕਾਂ ਲੱਗੀਆਂ ਹੋਈਆਂ ਹਨ। ਸੈੱਲ ਤੋਂ ਹਟ ਕੇ ਟੀ. ਵੀ. ਲਾ ਬੈਠਦੇ ਹਨ। ਪਰ ਹਾਂ, ਸੈੱਲਾਂ ਨੂੰ ਤਕਨੀਕੀ ਤੌਰ 'ਤੇ ਚੰਗੀ ਤਰ੍ਹਾਂ ਹੈਂਡਲ ਕਰ ਲੈਂਦੇ ਹਨ। ਸਾਨੂੰ ਆਪਣੇ ਫੋਨ ਦੀ ਕਿਸੇ ਸਮੱਸਿਆ ਲਈ ਉਨ੍ਹਾਂ ਕੋਲੋਂ ਸਿੱਖਣਾ ਪੈਂਦਾ। ਤੀਸਰੀ 'ਚ ਪੜ੍ਹਦੇ ਮੁੰਡੇ ਨੇ ਫੋਟੋ ਚੈਟ ਐਪ ਤੋਂ ਵੱਖਰੇ ਵੱਖਰੇ, ਨਿਵੇਕਲੇ ਜਿਹੇ ਹਾਰ ਸ਼ਿੰਗਾਰ, ਟੋਪੀਆਂ, ਲਿਪਸਟਿਕਾਂ ਲਾ ਦਾਦਾ-ਦਾਦੀ, ਭੂਆ-ਫੁਫੜ, ਮੰਮੀ-ਡੈਡੀ, ਭੈਣ-ਭਰਾਵਾਂ ਦੀਆਂ ਫੋਟੋਆਂ ਨਾਲ ਕਾਰਟੂਨੀ ਸੈਸ਼ਨ ਲਾਇਆ। ਖੂਬ ਹਾਸੜ ਮੱਚਿਆ। ਇਹ ਕਲਾ ਉਨ੍ਹਾਂ ਦੇ ਖੱਬੇ ਹੱਥ ਦੇ ਕ੍ਰਿਸ਼ਮੇ ਹਨ। ਅਸੀਂ ਨਹੀਂ ਕਰ ਸਕਦੇ। ਭਾਂਤ ਸੁਭਾਂਤੀ ਨਾਟਕੀ ਮੂਰਤਾਂ ਬਣਾ ਬਣਾ ਵੱਖੀਂ ਪੀੜਾਂ ਪਾ ਦਿੰਦੇ ਹਨ।

ਉਦੋਂ ਵੇਖਦਾ ਹੁੰਦਾ ਸੀ, ਮਾਂਵਾਂ ਵੱਲੋਂ ਚੜ੍ਹਦੀ ਜਵਾਨੀ ਦੇ ਗਭਰੀਟਾਂ ਨੂੰ ਖੂਬ ਦੁੱਧ, ਘਿਉ, ਮੱਖਣ, ਅਧਰੇੜਕੇ ਪਿਆਏ ਜਾਂਦੇ। ਲੋਕ ਧਾਰਾ ਸੀ: ਪੁੱਤ ਤੇ ਵਹਿੜਕੇ ਨੂੰ ਖੁਆਇਆ ਵਿਅਰਥ ਨਹੀਂ ਜਾਂਦਾ। ਜਦੋਂ ਕਿ ਅਜੋਕੀ ਨੌਜਵਾਨ ਪੁਸ਼ਤ ਇਨ੍ਹਾਂ ਚੀਜ਼ਾਂ ਤੋਂ ਦੂਰ ਭੱਜਦੀ ਹੈ। ਉਹ ਜਵਾਨੀ ਦੀ ਪਹਿਲੀ ਉਮਰੇ, ਬਜ਼ੁਰਗਾਂ ਨਾਲ ਬੇਲਿਆਂ ਤੇ ਰੱਖਾਂ ਵਿਚ ਡੰਗਰ ਚਾਰਦੇ। ਦੇਸੀ ਖੇਡਾਂ ਖੇਡਦੇ। ਮਸਤੀ 'ਚ ਆਏ ਕੂਕਾਂ ਮਾਰਦੇ, ਰਾਂਝੇਟੜੇ ਦੇ ਨਿੱਕੇ-ਵੱਡੇ ਭਰਾ ਲੱਗਦੇ। ਉਨ੍ਹਾਂ ਤੋਂ ਵੱਡੇ ਸ਼ੇਰ ਦੂਲੇ ਰੱਜ ਕੇ ਹਲ ਵਾਹੁੰਦੇ, ਧੁੱਪਾਂ 'ਚ ਫਲੇ ਹੱਕਦੇ, ਗੋਡੀਆਂ ਕਰਦੇ, ਧਾਰਾਂ ਕੱਢਦੇ, ਬੂਰੀਆਂ ਚੁੰਘਦੇ, ਵਾਢੀਆਂ ਕਰਦੇ ਤੇ ਟੋਕਿਆਂ 'ਤੇ ਭਰੀਆਂ ਦੀਆਂ ਭਰੀਆਂ ਚਰੀਆਂ, ਬਾਜਰੇ, ਕਮਾਦ ਕੁਤਰਦੇ। ਕੰਮਾਂ ਤੋਂ ਵਿਹਲੇ ਹੋ ਵਗਦੇ ਖੂਹਾਂ 'ਤੇ ਨਹਾਉਣ ਤੋਂ ਪਹਿਲਾਂ ਤੇਲ ਮਲਦੇ, ਡੰਡ ਬੈਠਕਾਂ ਮਾਰਦੇ। ਮੀਂਹਾਂ ਪਿੱਛੋਂ ਕਬੱਡੀ, ਛਾਲਾਂ, ਘੋਲਾਂ ਦੇ ਅਖਾੜੇ ਲੱਗ ਜਾਂਦੇ। ਕਈ ਵਾਰੀ ਕਿਸੇ ਹਵੇਲੀ ਵਿਚ ਪਏ ਭਾਰੇ ਸੁਹਾਗੇ, ਪੱਥਰ, ਵੇਲਣੇ ਦੀਆਂ ਲੱਠਾਂ, ਆਇਰਨ ਚੁੱਕਣ ਦਾ ਪਿੜ ਬੱਝ ਜਾਂਦਾ। ਦੁਆਲੇ ਪਿੰਡ ਦੇ ਵੜਾਰੂ ਆ ਜੁੜਦੇ। ਤਕੜਿਆਂ ਦੀ ਬੱਲੇ-ਬੱਲੇ, ਵਾਹ-ਵਾਹ ਹੁੰਦੀ। ਮੋਹਰੀਆਂ ਨੂੰ ਚੰਗਾ ਸਲਾਹਿਆ ਜਾਂਦਾ। ਮਜ਼ਬੂਤ ਪੱਟਾਂ ਤੇ ਸੋਹਣੇ ਡੌਲਿਆਂ ਵਾਲੇ ਜਵਾਨਾਂ ਨੂੰ ਵੇਖ ਭੁੱਖ ਲਹਿੰਦੀ। ਅਜਿਹੇ ਪੱਟਾਂ 'ਤੇ ਖੁਣਵਾਈਆਂ ਮੋਰਨੀਆਂ ਤੇ ਹੱਥ ਵਿਚ ਫੜੀ ਸੰਮਾਂ ਵਾਲੀ ਡਾਂਗ ਅਤੇ ਬਜ਼ੁਰਗਾਂ ਦੇ ਹੱਥਾਂ ਵਿਚ ਖੂੰਡੇ ਯਾਦਗਾਰੀ ਪਰੰਪਰਕ ਚਿੱਤਰ ਪੇਸ਼ ਕਰਦੇ। ਪੰਜਾਬ ਦਾ ਅਲਬੇਲਾ ਕਵੀ ਪੂਰਨ ਸਿੰਘ ਇਨ੍ਹਾਂ ਨੂੰ ਹੀ 'ਬੇਪ੍ਰਵਾਹ ਪੰਜਾਬ ਦੇ ਮੌਤ ਨੂੰ ਮਖ਼ੌਲਾਂ ਕਰਨ, ਮਰਨ ਥੀਂ ਨਹੀਂ ਡਰਦੇ।

ਪਿਆਰ ਨਾਲ ਇਹ ਕਰਨ ਗੁਲਾਮੀ
ਜਾਨ ਕੋਹ ਆਪਣੀ ਵਾਰ ਦਿੰਦੇ,
ਪਰ ਟੈਂ ਨਾ ਮੰਨਣ ਕਿਸੇ ਦੀ
ਖਲੋ ਜਾਣ ਡਾਂਗਾਂ ਮੋਢੇ 'ਤੇ ਉਲਾਰ ਕੇ।

ਇਨ੍ਹਾਂ ਠਾਠਾਂ ਮਾਰਦੇ ਜ਼ੋਰਾਵਰ ਤੇ ਫੁਰਤੀਲੇ ਗੱਭਰੂਆਂ ਨੂੰ ਅੰਗਰੇਜ਼ ਆਪਣੀ ਫੌਜ ਵਿਚ ਹੱਸ ਕੇ ਭਰਤੀ ਕਰਦੇ ਅਤੇ ਮਾਣ ਮਹਿਸੂਸ ਕਰਦੇ। ਜਦੋਂ ਕਿ ਅੱਜ-ਕੱਲ੍ਹ ਭਰਤੀ ਸਮੇਂ ਸਾਡੇ ਗੱਭਰੂ ਸਰੀਰਕ ਮਾਪ ਦੰਡ ਪੂਰੇ ਕਰਨੋਂ ਵੀ ਰਹਿ ਜਾਂਦੇ ਹਨ। ਬਾਕੀ ਦੌੜ, ਦਮ-ਖਮ ਵੱਲੋਂ ਬਾਹਰ ਹੋ ਜਾਂਦੇ ਨੇ। ਪੰਜਾਬੀ ਰੈਜੀਮੈਂਟਾਂ ਦਾ ਨਿਸ਼ਚਿਤ ਕੋਟਾ ਵੀ ਪੂਰਾ ਨਹੀਂ ਹੁੰਦਾ। ਇਨ੍ਹਾਂ ਗੱਭਰੂਆਂ ਬਾਰੇ ਧਨੀ ਰਾਮ ਚਾਤ੍ਰਿਕ ਦੀ ਕਵਿਤਾ 'ਮਾਰਦਾ ਦਮਾਮੇ ਜੱਟ ਮੇਲੇ ਆ ਗਿਆ' ਦਾ ਅਨੰਦ ਮਾਣੋਂ,

ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ
ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ
ਮੀਂਹਾਂ ਦੀ ਉਡੀਕ ਤੇ ਸਿਆੜ ਕੱਢ ਕੇ...
ਸੰਮਾਂ ਵਾਲੀ ਡਾਂਗ ਉੱਤੇ ਤੇਲ ਲਾਇ ਕੇ
ਪੱਗ, ਝੱਗਾ, ਚਾਦਰਾ ਨਵਾਂ ਸਵਾਇ ਕੇ...।

ਇੱਕ ਕਲਾਕਾਰ ਬੀਬੀ 'ਸਤਿ ਗੁਰ ਤੇਰੀ ਲੀਲਾ ਨਿਆਰੀ ਏ' ਗੀਤ ਛੇੜਦੀ ਹੈ। ਮੈਨੂੰ ਨੱਚਣਾ ਨਈਂ ਆਉਂਦਾ, ਪਰ ਜਦੋਂ ਹੱਥ 'ਚ ਖੂੰਡਾ ਫੜ ਲੈਂਦੀ ਹੈ ਤਾਂ ਬੋਲ ਉੱਠਦੇ, 'ਅੱਜ ਫੜ ਕੇ ਖੂੰਡੇ ਨੂੰ, ਭੰਗੜਾ ਪਾਵਾਂ ਜਗਤ ਹਿਲਾਵਾਂ।' ਹੋਇਆ ਨਾ ਸਭਿਆਚਾਰ 'ਚ ਖੂੰਡੇ ਦਾ ਜਲਵਾ! ਨਾਲ ਹੀ ਬਾਪੂ ਦੇ ਪਟਵਾਰੀ ਹੋਣ ਦਾ ਵੀ ਰੋਹਬ ਝਾੜਦੀ ਹੈ, 'ਬਾਪੂ ਪਟਵਾਰੀ ਟੌਅਰ ਨਵਾਬੀ।' ਯੁਗਾਂਤਰਾਂ ਤੋਂ ਹੀ ਜੱਟ ਪਟਵਾਰੀ ਨੂੰ ਡੀ. ਸੀ. ਤੋਂ ਉੱਤੇ ਸਮਝਦੇ। ਕਿਉਂ? ਕਿਉਂਕਿ ਉਹਦੀ ਕਲਮ ਵਿਚ ਜੱਟ ਦੀ ਜੀਵਿਕਾ, ਜਿੰਦ ਜਾਨ ਜ਼ਮੀਨ ਦੇ ਅਨੇਕ ਮਸਲੇ ਵਿਗਾੜਨ ਤੇ ਸੁਆਰਨ ਦੀ ਜਾਦੂਮਈ ਕਲਮੀ ਕਲਾ ਹੁੰਦੀ ਐ। ਜੋ ਅੱਜ ਵੀ ਬਰਕਰਾਰ ਹੈ। ਆਪਣੇ ਮੁੱਖ ਵਿਸ਼ੇ ਵੱਲ ਮੁੜਦਾ ਹਾਂ।

ਇਨ੍ਹਾਂ ਦੋਵੇਂ ਦ੍ਰਿਸ਼ਾਂ ਦੀ ਅਸਲੀਅਤਾਂ 'ਚੋਂ ਮੇਰੀ ਕਲਮ ਪ੍ਰੋ. ਪੂਰਨ ਸਿੰਘ ਦੀ ਕਵਿਤਾ 'ਪੰਜਾਬ ਨੂੰ ਕੂਕਾਂ ਮੈਂ' ਗੂੰਜ ਉੱਠਦੀ ਐ,

ਆ ਪੰਜਾਬ-ਪਿਆਰ ਤੂੰ ਮੁੜ ਆ...
ਤੇਰੇ ਤੂਤ ਦਿਸਣ ਮੁੜ ਸਾਵੇ,
ਮੁੜ ਆਵਣ ਬੂਟਿਆਂ ਨਾਲ
ਤੇਰੀਆਂ ਦੋਸਤੀਆਂ,
ਤੇਰੇ ਪਿੱਪਲਾਂ ਹੇਠ ਹੋਣ ਮੁੜ ਮੇਲੇ।
ਸੁਹਣੀਆਂ ਛਾਤੀਆਂ ਮੁੜ ਉਭਰਨ,
ਧੜਕਣ, ਕੰਬਣ,
ਦਿਲ ਦਰਿਆ ਹੋਣ ਰੱਬ ਦੀ ਜੋਤਵਾਲੇ
ਰੱਬ ਦੀ ਦਇਆ
ਆ ਪੰਜਾਬ ਸਦਕੇ ਤੂੰ ਮੁੜ, ਫਿਰ ਆ।

ਸਾਡਾ ਵੀ ਮਨ ਲੋਚਦੈ, ਉਹ ਸਵਰਗ ਮੁੜ ਆਵੇ, ਜੋ 'ਸਵਰਗ' ਗੀਤ 'ਜਿਉਂਦੇ ਜੀ ਆ ਸੋਹਣਿਆ, ਤੈਨੂੰ ਸਵਰਗ ਵਿਖਾਵਾਂ, ਜੁੜੀਆਂ ਹੋਈਆਂ ਨੀ ਰੌਣਕਾਂ ਪਿੱਪਲਾਂ ਦੀਆਂ ਛਾਂਵਾਂ' ਨੇ ਚਿਤਰਿਆ ਸੀ। ਇਹ ਗੀਤ ਅਮਰਜੀਤ ਗੁਰਦਾਸਪੁਰੀ ਨੇ ਆਪਣੀ ਸੁਰੀਲੀ ਲੰਮੀ ਹੇਕ ਵਿਚ ਗਾ ਕੇ ਸਰੋਤਿਆਂ ਨੂੰ ਉਨ੍ਹਾਂ ਸਮਿਆਂ ਦੇ ਸਾਖਸ਼ਾਤ ਦਰਸ਼ਨ ਕਈ ਵਾਰ ਕਰਵਾਏ ਹਨ; ਪਰ ਜਾਪਦੈ, ਹੁਣ ਸਾਡੀ ਸਭਿਅਤਾ ਤੇ ਸਭਿਆਚਾਰ ਏਨੇ ਅੱਗੇ ਵਧ ਚੁਕੇ ਕਿ ਪਿੱਛੇ ਮੁੜਨਾ ਸੰਭਵ ਨਹੀਂ। ਜਿਵੇਂ 'ਕੂੰਡਾ ਬਨਾਮ ਖੂੰਡਾ' ਗੀਤ ਵਿਚ ਗਗਨ ਚੀਮਾ ਆਪਣੀ ਮੰਤਰ ਮੁਗਧ ਕਰ ਦੇਣ ਵਾਲੀ ਮਿੱਠੀ, ਸੁਰੀਲੀ ਲੋਕ ਗੀਤ ਸੁਰ ਵਿਚ ਪੇਸ਼ ਕਰਦੀ ਹੈ, "ਉਹ ਦਿਨ ਨਹੀਂ ਆਉਣੇ ਮੁੜ ਕੇ, ਬਹਿੰਦਾ ਸੀ ਟੱਬਰ ਜੁੜ ਕੇ...ਗੱਡਿਆਂ ਨੂੰ ਗੱਡੀਆਂ ਪੈ ਗਈਆਂ...ਕੂੰਡੇ ਦੀ ਚਟਣੀ ਸੀ ਤੇ ਖੂੰਡੇ ਦਾ ਡਰ ਹੁੰਦਾ ਸੀ।"

ਫਿਰ ਵੀ ਚਾਹਤ, ਹੇਰਵਾ ਇਸ ਪੁੱਠੇ ਚਕਰ 'ਚੋਂ ਨਿਕਲ ਪਿਛਲੇ ਪਿਆਰੇ ਖੂੰਡੇ ਸੁਹਿਰਦ, ਸਾਦਾ, ਸਹਿਜ ਸਭਿਆਚਾਰ ਵੱਲ ਜਾਣ ਦੇ ਸੁਫਨੇ ਲੈਂਦਾ ਹੀ ਰਹਿੰਦੈ। ਸੁਫਨੇ ਲਵਾਂਗੇ ਤਾਂ ਹੀ ਜੀਵਤ ਰਹਾਂਗੇ! ਵੈਸੇ ਦੂਰਦਰਸ਼ੀ, ਨਿਰਪੱਖ ਵਿਗਿਆਨੀ ਤੇ ਸਮਾਜ ਸ਼ਾਸਤਰੀ ਭਵਿੱਖਵਾਣੀ ਕਰਦੇ ਹਨ ਕਿ 2050 ਤੱਕ ਸਾਨੂੰ ਮੌਜੂਦਾ ਰੁਝਾਨ ਨੂੰ ਪਿੱਛੇ ਵੱਲ ਮੋੜਨਾ ਹੀ ਪੈਣਾ, ਜੇ ਜੀਵਤ ਰਹਿਣੈ! ਜੇ ਬਚੇ ਰਹਿਣੈ ਤਾਂ 'ਸਾਨੂੰ ਕੁਦਰਤ ਦੀ ਗੋਦ ਵੱਲ ਮੁੜਨਾ ਹੀ ਪੈਣੈ!' ਜੋ ਕੰਧ 'ਤੇ ਉੱਕਰਿਆ ਸੱਚ ਵੀ ਹੈ!

# ਰੁੱਸਣ-ਮਨਾਉਣ ਦੀ ਰੰਗਤਾ

(ਪਿਛਲੇ ਸਫੇ ਦੀ ਬਾਕੀ)

ਜੇ ਮਨੁੱਖ ਨਾਲ ਸਾਂਝੀਵਾਲਤਾ, ਸਦਭਾਵਨਾ, ਸਮੁੱਚਤਾ ਅਤੇ ਸਦ-ਅਚਾਰ ਰੁੱਸ ਜਾਣ ਤਾਂ ਸਮਾਜ ਨੂੰ ਦਰਪੇਸ਼ ਸਮੱਸਿਆਵਾਂ ਸਮਝ ਆ ਜਾਂਦੀਆਂ। ਜੋ ਕੁਝ ਵੀ ਅਜੋਕੇ ਸਮਾਜ ਵਿਚ ਹੋ ਰਿਹਾ ਹੈ, ਇਸ ਲਈ ਮਨੁੱਖ ਹੀ ਜ਼ਿੰਮੇਵਾਰ।

ਜੇ ਨੈਣਾਂ ਨਾਲ ਨਜ਼ਰ ਰੁੱਸ ਜਾਵੇ ਤਾਂ ਦੁਨੀਆਂ ਵਿਚ ਅੰਧੇਰ ਛਾ ਜਾਂਦਾ। ਜੇ ਕੰਨਾਂ ਨਾਲ ਅਵਾਜ਼ ਰੁੱਸ ਜਾਵੇ ਤਾਂ ਆਲੇ-ਦੁਆਲੇ ਵਿਚ ਚੁੱਪ ਦਾ ਵਾਸਾ। ਜੇ ਜੀਭ ਕੋਲੋਂ ਬੋਲ ਰੁੱਸ ਜਾਣ ਤਾਂ ਬੰਦਾ ਅਵਾਕ ਹੋ ਜਾਂਦਾ। ਸਾਹ ਹੀ ਰੁੱਸ ਜਾਣ ਤਾਂ ਮਨੁੱਖ ਲਾਸ਼ ਬਣ ਜਾਂਦਾ, ਪਰ ਲਾਸ਼ ਬਣਨ ਤੋਂ ਪਹਿਲਾਂ ਜ਼ਰੂਰੀ ਹੈ ਕਿ ਕੁਝ ਅਜਿਹਾ ਕਰ ਜਾਈਏ ਕਿ ਸਾਡੇ ਮਰਨ 'ਤੇ, ਨੜੋਏ ਵਿਚ ਸ਼ਾਮਲ ਲੋਕਾਂ ਨੂੰ ਮਰਸੀਏ 'ਤੇ ਮਾਣ ਤਾਂ ਹੋਵੇ।

ਪੌਣ ਨਾਲ ਸੁਗੰਧੀ ਰੁੱਸ ਜਾਵੇ ਤਾਂ ਬਹਾਰਾਂ ਵੀ ਪਤਝੱੜ ਲੱਗਦੀਆਂ। ਸਰਘੀ ਵੀ ਸ਼ਾਮ ਦਾ ਰੂਪ ਧਾਰਦੀ। ਪੁੰਨਿਆ ਵੀ ਮੱਸਿਆ ਜਾਪਦੀ। ਤਾਰਿਆਂ ਦੀਆਂ ਖਿੱਤੀਆਂ ਵਿਚ ਸੱਜਣ ਨਹੀਂ ਨਜ਼ਰ ਆਉਂਦਾ। ਕੋਈ ਨਹੀਂ ਭੇਜਦਾ ਪੌਣਾਂ ਹੱਥ ਸੁਨੇਹੇ। ਨਾ ਹੀ ਦੂਰ ਤੋਂ ਆਉਂਦੀ ਪੈੜਚਾਲ ਵਿਚੋਂ ਆਪਣਿਆਂ ਦੇ ਨਕਸ਼ ਦਿੱਸਦੇ।

ਸੋਚ ਵਿਚੋਂ ਸੁਪਨੇ, ਸਿਆਣਪ, ਸੰਵੇਦਨਾ, ਸਰੋਕਾਰ, ਸਲੀਕਾ, ਸੂਖਮਤਾ, ਸਪੱਸ਼ਟਤਾ, ਸੁਹਜ, ਸਹਿਜ ਅਤੇ ਸੰਜਮ ਰੁੱਸ ਜਾਵੇ ਤਾਂ ਬਚਦਾ ਹੀ ਕੀ ਆ? ਮਨੁੱਖ ਦੇ ਮਨੁੱਖ ਹੋਣ ਲਈ ਕੁਝ ਤਾਂ ਚਾਹੀਦਾ ਹੈ ਤਾਂ ਕਿ ਉਹ ਇਨਸਾਨ ਬਣਨ ਲਈ ਕਦਮ ਉਠਾਵੇ।

ਜੇ ਕਰਮ ਨਾਲ ਸਿਰੜ, ਸਾਧਨਾ, ਸਮਰਪਣ, ਸਿਦਕ ਹੀ ਰੁੱਸ ਜਾਵੇ ਤਾਂ ਉਪਲਬੱਧੀਆਂ ਬਖਸ਼ਿਸ਼ ਨਹੀਂ ਬਣਦੀਆਂ। ਪ੍ਰਾਪਤੀਆਂ ਲਈ ਇਨ੍ਹਾਂ ਗੁਣਾਂ ਦੀ ਨਾਰਾਜ਼ਗੀ ਬਹੁਤ ਮਹਿੰਗੀ ਪੈਂਦੀ।

ਮਨ ਨਾਲ ਜੇ ਕੋਮਲਤਾ, ਸੱਚਾਈ, ਸਾਦਗੀ, ਸੁਹੱਪਣ, ਸੁੰਦਰ ਵਿਚਾਰ ਜਾਂ ਸਮ-ਦ੍ਰਿਸ਼ਟੀ ਹੀ ਰੁੱਸ ਜਾਵੇ ਤਾਂ ਮਨੁੱਖ ਵਿਚੋਂ ਇਨਸਾਨੀਅਤ ਦੇ ਅੰਸ਼ ਨਹੀਂ ਦਿਸਦੇ। ਉਹ ਅਮਾਨਵੀ ਵਰਤਾਰੇ ਦਾ ਵਿਕਰਾਲ ਰੂਪ ਹੁੰਦਾ।

ਮੈਂ ਵੀ ਰੁੱਸਿਆ ਤੇ ਸੱਜਣ ਵੀ ਰੁੱਸੇ, ਆਈ ਰੁੱਤ-ਰੁੱਸਵਾਈ। ਤੇ ਪੋਟਾ ਪੋਟਾ ਕਰਕੇ ਕੱਟ ਰਹੇ ਹਾਂ ਮਰਨਹਾਰੀ ਤਨਹਾਈ। ਮੇਰੀ 'ਮੈਂ' ਨੇ ਮੇਰੇ ਤੋਂ ਖੋਹ ਲਈ ਰਹਿਮਤ-ਖ਼ੁਦਾਈ, ਤੇ ਪੱਲੇ ਦੇ ਵਿਚ ਰਹਿ'ਗੀ ਹੁਣ ਤਾਂ ਹੌਕਿਆਂ ਦੀ ਪਰਵਾਈ। ਰੁੱਸ ਕੇ ਭਵਾਏ ਮੁਖੜਿਆਂ ਨੇ ਤਾਂ ਪੀੜਾਂ ਪੱਲੇ ਪਾਈਆਂ। ਅੱਧ ਵਿਚਕਾਰੇ ਰਹਿ ਗਈਆਂ, ਜੋ ਸੱਧਰਾਂ ਮਨ ਉਗਾਈਆਂ। ਰੁੱਸਣ ਦੇ ਨਾਲ ਹਾਸੇ ਰੁੱਸੇ ਤੇ ਹੌਕੇ ਹਾਣ ਹੰਢਾਉਂਦੇ। ਨਾ ਕੋਈ ਹਾਕ-ਹੁੰਗਾਰਾ ਬਣ ਕੇ, ਉਮੀਦ-ਆਸ ਪੁਗਾਉਂਦੇ। ਰੁੱਸ ਗਈ ਜ਼ਿੰਦਗੀ ਪੱਲੇ ਰਹਿੰਦਾ ਦੱਸੋ ਕੀ? ਜਦ ਖ਼ੁਦ ਦਾ ਖ਼ੁਦ ਤੋਂ ਹੀ ਉਕਤਾਅ ਜਾਂਦਾ ਏ ਜੀਅ। ਕਦੇ ਰੁੱਸੇ ਨਾ ਮਹਿਕ ਸਾਹਾਂ ਤੋਂ, ਨਾ ਪੈਰਾਂ ਤੋਂ ਪੈੜਾਂ। ਨਾ ਕੋਈ ਦੁਆ-ਅਸੀਸ ਹੀ ਰੁੱਸੇ ਅਤੇ ਨਾ ਮਿਹਰਾਂ ਤੇ ਖ਼ੈਰਾਂ। ਨਾ ਕੰਧਾਂ ਤੋਂ ਛੱਤਾਂ ਰੁੱਸਣ ਅਤੇ ਨਾ ਕਮਰੇ ਤੋਂ ਖਿੜਕੀ। ਨਾ ਵਿਹੜੇ ਤੋਂ ਚੌਂਕਾ ਰੁੱਸੇ ਅਤੇ ਨਾ ਹੀ ਦਰ ਤੋਂ ਬਿੜਕੀ।

ਬਹੁਤ ਦਰਦੀਲਾ ਹੁੰਦਾ ਏ ਕੁਦਰਤ ਦਾ ਬੰਦੇ ਕੋਲੋਂ ਰੁੱਸ ਜਾਣਾ। ਇਸ ਰੁਸਵਾਈ ਕਾਰਨ ਮਨੁੱਖ ਨੂੰ ਆਪਣੀਆਂ ਕਮੀਨਗੀਆਂ, ਕਰਤੂਤਾਂ ਜਾਂ ਕਮਜ਼ੋਰੀਆਂ ਦਾ ਭਾਰ ਢੋਣ ਲਈ ਮਜਬੂਰ ਹੋਣਾ ਪੈਂਦਾ।

ਰੁੱਸਣਾ ਤੇ ਮੰਨਣਾ, ਦੋ ਵਿਰੋਧੀ ਪ੍ਰਕ੍ਰਿਆਵਾਂ, ਜਿਨ੍ਹਾਂ ਦਾ ਮਾਨਸਿਕਤਾ ਨਾਲ ਸਬੰਧ। ਦੋਹਾਂ ਦਾ ਜੀਵਨ ਵਿਚ ਹੋਣਾ ਅਤੇ ਇਨ੍ਹਾਂ ਸੰਗ ਜਿਉਣਾ ਬਹੁਤ ਹੀ ਅਹਿਮ, ਪਰ ਇਨ੍ਹਾਂ ਵਿਚਲਾ ਸੰਤੁਲਨ ਹੀ ਜੀਵਨ ਨੂੰ ਨਰੋਈ ਸੇਧ, ਸੰਦੇਸ਼ ਅਤੇ ਦ੍ਰਿਸ਼ਟੀ ਦੇ ਸਕਦਾ, ਜਿਸ ਨਾਲ ਜੀਵਨ ਨੂੰ ਨਵੀਆਂ ਬੁਲੰਦੀਆਂ ਨਸੀਬ ਹੁੰਦੀਆਂ।

ਰੁੱਸਣ-ਮਨਾਉਣ ਤੋਂ ਬੇਲਾਗ ਜਦ ਕੋਈ ਹੁੰਦਾ ਤਾਂ ਫਿਰ ਰੁਸਵਾਈ ਵੀ ਖਾਮੋਸ਼ੀ ਤੋੜਨ ਲਈ ਮਜਬੂਰ ਹੋ ਜਾਂਦੀ ਅਤੇ ਜ਼ਿੰਦਗੀ ਦੀ ਖਫ਼ਤ ਨੂੰ ਮੁਖਾਤਬ ਹੋਣ ਲੱਗਦੀ। ਇਸ ਵਿਚੋਂ ਹੀ ਜੀਵਨ-ਤੋਰ ਨੂੰ ਨਵੀਂ ਮੁਹਾਰ ਮਿਲੀ।

ਰੁੱਸਣਾ/ਮੰਨਣਾ ਜੀਵਨ ਦੇ ਬਦਲਦੇ ਰੰਗਾਂ ਦੀ ਨਿਸ਼ਾਨੀ ਅਤੇ ਇਸ ਤੋਂ ਬਿਨਾ ਬੇਰੰਗ ਹੋ ਜਾਂਦਾ ਏ ਜੀਵਨੀ ਤੋਰ ਦਾ ਮੁਹਾਂਦਰਾ ਅਤੇ ਮੁਖੜਾ।

ਰੁਸਵਾਈ ਨੂੰ ਸਮਝਣ ਤੋਂ ਅਸਮਰਥ ਮਨੁੱਖ ਦਰਅਸਲ ਖ਼ੁਦ ਤੋਂ ਬੇਖ਼ਬਰ ਹੁੰਦਾ। ਇਸ ਬੇਖ਼ਬਰੀ ਕਾਰਨ ਹੀ ਆਖਰ ਨੂੰ ਮਨੁੱਖ ਵਿਚੋਂ ਮਨੁੱਖ ਹੀ ਮਨਫ਼ੀ ਹੋ ਜਾਂਦਾ।

ਅਜਿਹੇ ਰੁੱਸਣ ਨਾਲ ਪੈਦਾ ਹੋਈ ਦਰਾੜ ਦੀ ਕਦੇ ਭਰਪਾਈ ਨਹੀਂ ਹੁੰਦੀ, ਜਦ ਕੋਈ ਰੋਸਿਆਂ ਨੂੰ ਆਪਣਾ ਜੀਵਨ-ਕਰਮ ਬਣਾ, ਇਸ ਨੂੰ ਹੋਰ ਡੂੰਘਾ ਕਰਨ ਪ੍ਰਤੀ ਹਰ ਦਮ ਕੋਸ਼ਿਸ਼ ਵਿਚ ਰਹੇ।

ਪਰ ਸਭ ਤੋਂ ਖਤਰਨਾਕ ਹੁੰਦਾ ਹੈ ਬੰਦੇ ਦਾ ਆਪਣੇ ਆਪ ਤੋਂ ਹੀ ਰੁੱਸ ਜਾਣਾ। ਬੇਜ਼ਾਰ ਹੋ ਜਾਣਾ। ਜੀਵਨ ਤੋਂ ਰੁੱਸ ਕੇ ਮੌਤ ਦੀਆਂ ਦੁਆਵਾਂ ਮੰਗਣੀਆਂ ਅਤੇ ਆਪਣੀ ਕਬਰ ਦੀ ਖ਼ੁਦ ਹੀ ਖ਼ੁਦਾਈ ਕਰਨਾ। ਇਸ ਦੀ ਮੰਨ-ਮਨਾਈ ਬਹੁਤ ਜ਼ਰੂਰੀ, ਕਿਉਂਕਿ ਇਸ ਨਾਲ ਹੀ ਮਨੁੱਖ ਖ਼ੁਦ ਦੇ ਸਭ ਤੋਂ ਕਰੀਬ ਹੁੰਦਾ। ਅੰਤਰੀਵ 'ਚੋਂ ਖ਼ੁਦ ਦੀ ਪਛਾਣ ਕਰਦਾ। ਆਤਮਾ ਦੀ ਮੰਨ ਕੇ, ਆਪਣੀ ਸਾਰਥਕਤਾ ਨੂੰ ਸਦੀਵਤਾ ਬਣਨ ਵੱਲ ਉਤਸ਼ਾਹਿਤ ਕਰਦਾ। ਕਦੇ ਵੀ ਆਪਣੇ ਆਪ ਨਾਲ ਨਾ ਰੁੱਸੋ। ਭਾਵੇਂ ਇਹ ਜਹਾਨ ਰੁੱਸ ਜਾਵੇ।

# ਦਲਦਲ ਵਿਚ ਕਿਸਾਨ

*ਪੰਜਾਬ ਹੀ ਨਹੀਂ, ਸਮੁੱਚੇ ਭਾਰਤ ਦੇ ਕਿਸਾਨ ਅੱਜ ਸੰਕਟ ਵਿਚੋਂ ਲੰਘ ਰਹੇ ਹਨ। ਬੰਗਾ ਦੇ ਸਿੱਖ ਨੈਸ਼ਨਲ ਕਾਲਜ ਵਿਚ ਪੜ੍ਹਾਉਂਦੇ ਰਹੇ ਪ੍ਰੋਫੈਸਰ (ਡਾ.) ਦਵਿੰਦਰ ਕੁਮਾਰ ਨੇ ਚਿਰ ਪਹਿਲਾਂ ਕਿਸਾਨ ਦੇ ਇਨ੍ਹਾਂ ਹਾਲਾਤ ਬਾਰੇ ਆਪਣੇ ਨਾਟਕ 'ਦਲਦਲ' ਵਿਚ ਬਾਤ ਛੇੜੀ ਸੀ, ਜਿਸ ਬਾਰੇ ਚਰਚਾ ਉਘੇ ਰੰਗਕਰਮੀ ਡਾ. ਸਾਹਿਬ ਸਿੰਘ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ*

**ਕਲਾ ਪਰਿਕਰਮਾ**

ਡਾ. ਸਾਹਿਬ ਸਿੰਘ
ਫੋਨ: +91-98880-11096

ਖੇਤੀ ਬਾਰੇ ਨਵੇਂ ਆਰਡੀਨੈਂਸ ਲਾਗੂ ਹੋ ਰਹੇ ਹਨ। ਦਮਾਮੇ ਮਾਰਦੇ ਜੱਟ ਨੂੰ ਘੇਰਨ ਲਈ ਨਵਾਂ ਜਾਲ ਬੁਣਿਆ ਜਾ ਰਿਹਾ ਹੈ। ਘੱਟੋ-ਘੱਟ ਸਮਰਥਨ ਮੁੱਲ ਮਿਲਦਾ ਸੀ ਤਾਂ ਵੀ ਉਸ ਦੀ ਫਸਲ ਘੱਟੇ ਕੌਡੀਆਂ ਹੀ ਰੁਲਦੀ ਸੀ, ਹੁਣ ਉਸ ਨੂੰ ਵਪਾਰੀਆਂ ਦੇ ਅੱਗੇ ਨਿਹੱਥੇ ਕਰ ਸੁੱਟਣ ਦੀ ਪ੍ਰਕਿਰਿਆ ਆਰੰਭ ਕਰ ਦਿੱਤੀ ਗਈ ਹੈ। ਉਹ ਦਲਦਲ 'ਚ ਫਸਿਆ ਹੈ ਪਰ ਉਹ ਮਾਸੂਮ ਹੈ। ਐਨੀ ਛੇਤੀ ਚਾਲਾਂ ਉਸ ਦੇ ਸਮਝ ਨਹੀਂ ਆਉਂਦੀਆਂ। ਉਸ ਨੂੰ ਇਸ ਤਰ੍ਹਾਂ ਦਾ ਬਣਾ ਦਿੱਤਾ ਗਿਆ ਹੈ ਕਿ ਉਹ ਆਪਣੀ ਮਾਸੂਮੀਅਤ, ਭੋਲਾਪਣ ਅਤੇ ਪੱਟਾਂ ਦੇ ਜ਼ੋਰ ਨੂੰ ਹੀ ਆਪਣੀ ਅਸਲੀ ਤਾਕਤ ਸਮਝਣ ਦੇ ਭਰਮ 'ਚ ਜੀਵੇ ਅਤੇ ਡਾਢੇ ਬੜੀ ਸੌਖ ਨਾਲ ਆਪਣੀ ਖੇਡ ਖੇਡ ਸਕਣ। ਪੰਜਾਬੀ ਰੰਗਮੰਚ ਉਸ ਦੇ ਦਰਦ ਨੂੰ ਸਮਝਣ, ਬਿਆਨਣ, ਇਸ ਦਾ ਇਲਾਜ ਲੱਭਣ ਲਈ ਲੋੜੀਂਦੀ ਭੂਮਿਕਾ ਨਿਭਾਉਂਦਾ ਰਿਹਾ ਹੈ। ਵੀਹਵੀਂ ਸਦੀ ਦੇ ਆਖਰੀ ਦਹਾਕੇ 'ਚ ਨਵਾਂ ਸ਼ਹਿਰ ਦੇ ਸਮਰੱਥ ਨਾਟਕਕਾਰ ਡਾ. ਦਵਿੰਦਰ ਕੁਮਾਰ ਨੇ ਨਾਟਕ 'ਦਲਦਲ' ਲਿਖਿਆ ਸੀ।

ਅਜਮੇਰ ਔਲਖ ਦੇ ਨਾਟਕਾਂ 'ਚ ਦਰਸ਼ਕ ਮਾਲਵੇ ਦੇ ਕਿਸਾਨ ਦੀ ਦਰਦ ਕਹਾਣੀ ਦੇਖ ਚੁੱਕੇ ਹਨ, ਦਵਿੰਦਰ ਕੁਮਾਰ ਉਸੇ ਦਰਦ ਦਾ ਦੁਆਬੀਆ ਰੰਗ ਲੈ ਕੇ ਹਾਜ਼ਰ ਸੀ। ਦੁਆਬੇ ਦੀ ਕਿਸਾਨੀ ਦਾ ਸੰਕਟ ਵੱਖਰੇ ਪਾਸਾਰ ਸਮੋਈ ਬੈਠਾ ਹੈ। ਦੁਆਬੇ ਦੇ ਕਿਸਾਨ ਕੋਲ ਇਕ ਪਾਸੇ ਜ਼ਮੀਨ ਥੋੜ੍ਹੀ ਹੈ; ਦੂਜਾ, ਉਹ ਅਜੇ ਸੀਰੀ ਬਣਨ ਦੇ ਅਭਿਆਸ 'ਚ ਨਹੀਂ ਸੀ ਪਿਆ; ਤੀਜਾ, ਮਹੱਤਵਪੂਰਨ ਪੱਖ ਇਹ ਕਿ ਵਿਦੇਸ਼ ਜਾ ਕੇ ਵੱਸਣ ਦਾ ਰੁਝਾਨ ਵੀ ਮਾਲਵੇ ਤੋਂ ਪਹਿਲਾਂ ਦੁਆਬੇ 'ਚ ਆਪਣੇ ਪੈਰ ਪਸਾਰਦਾ ਹੈ। ਜ਼ਿਮੀਂਦਾਰ ਅਤੇ ਜੱਟ ਵਿਚਲਾ ਪਾੜਾ ਦੁਆਬੇ 'ਚ ਬਹੁਤ ਘੱਟ ਹੈ। ਇਥੇ ਜ਼ਿਆਦਾ 'ਜੱਟ' ਹੀ ਹਨ। ਡਾ. ਦਵਿੰਦਰ ਕੁਮਾਰ ਉਨ੍ਹਾਂ ਜੱਟਾਂ ਦੀ ਹੋਣੀ ਬਿਆਨਦਾ ਹੈ। ਉਹ ਜੱਟ ਦਲਦਲ ਬਣੀ ਜ਼ਮੀਨ ਨੂੰ ਮੁੜ ਉਪਜਾਊ ਬਣਾਉਣ ਲਈ ਮਿਹਨਤ ਕਰਦਾ ਹੈ, ਦਲਦਲ ਸੰਗ ਘੁਲਦਾ ਹੈ। ਇਸ ਉਤੇ ਜਿੱਤ ਵੀ ਹਾਸਲ ਕਰਦਾ ਹੈ ਪਰ ਇਸ ਸਭ ਕੁਝ ਦੌਰਾਨ ਉਸ ਦੀ ਆਪਣੀ ਜ਼ਿੰਦਗੀ ਦਲਦਲ ਬਣ ਜਾਂਦੀ ਹੈ। ਜ਼ਿੰਦਗੀ ਦੇ ਸੁਭਾਵਿਕ ਖੂਬਸੂਰਤ ਪਲ, ਖੁਸ਼ੀਆਂ, ਚਾਅ ਉਸ ਲਈ ਬੋਝ ਬਣ ਜਾਂਦੇ ਹਨ ਅਤੇ ਉਹ ਆਪਣੀਆਂ ਨਿੱਕੀਆਂ-ਨਿੱਕੀਆਂ ਗਰਜ਼ਾਂ ਪੂਰੀਆਂ ਕਰਨ ਲਈ ਕਰਜ਼ੇ ਦੀ ਦਲਦਲ 'ਚ ਧਸਦਾ ਜਾਂਦਾ ਹੈ ਤੇ ਆਖਰ ਖੁਦ ਦਲਦਲ ਹੋ ਜਾਂਦਾ ਹੈ। ਡਾ. ਦਵਿੰਦਰ ਕੁਮਾਰ ਦਾ ਇਹ ਨਾਟਕ ਕਿਸਾਨੀ ਜ਼ਿੰਦਗੀ ਦਾ ਹਕੀਕੀ ਚਿਤਰਨ ਹੈ।

ਕਰਮਾ ਛੋਟੀ ਕਿਸਾਨੀ ਦਾ ਪ੍ਰਤੀਨਿਧ ਪਾਤਰ ਹੈ। ਉਸ ਦਾ ਮੁੰਡਾ ਗੇਜਾ ਮਿਹਨਤੀ ਹੈ ਪਰ ਤੰਗੀਆਂ ਤੁਰਸ਼ੀਆਂ ਕਾਰਨ ਖਿਝਿਆ ਰਹਿੰਦਾ ਹੈ। ਗੇਜੇ ਦੀ ਪਤਨੀ ਦੇਬੋ ਜ਼ਿੰਮੇਵਾਰ ਲਾਣੇਦਾਰਨੀ ਹੈ ਪਰ ਉਸ ਦੇ ਚਾਅ ਕਮਜ਼ੋਰ ਆਰਥਿਕਤਾ ਦੀ ਭੇਟ ਚੜ੍ਹ ਰਹੇ ਹਨ। ਜਵਾਨ ਮੁੰਡਾ ਅਤੇ ਕੁੜੀ ਨਾਟਕ ਦੇ ਪਾਤਰ ਹਨ ਪਰ ਮੰਚ ਉਤੇ ਉਨ੍ਹਾਂ ਦਾ ਸਿਰਫ ਜ਼ਿਕਰ ਹੁੰਦਾ ਹੈ। ਸ਼ਾਹ, ਹੌਲਦਾਰ, ਮੈਨੇਜਰ ਨਿੱਕੇ ਤੇ ਨਿਗੂਣੇ ਖਲਨਾਇਕਾਂ ਦੇ ਰੂਪ 'ਚ ਹਾਜ਼ਰ ਹਨ। ਨਾਟਕ ਦਾ ਆਰੰਭ ਬੜਾ ਦਿਲਚਸਪ ਹੈ। 1993 ਦੀ ਗੱਲ ਹੈ। ਕਲਾ ਸੰਪਰਕ, ਨਵਾਂ ਸ਼ਹਿਰ ਦੀ ਟੀਮ ਟੈਗੋਰ ਥੀਏਟਰ ਚੰਡੀਗੜ੍ਹ 'ਚ ਇਹ ਨਾਟਕ ਖੇਡਣ ਆਈ ਸੀ। ਚੰਡੀਗੜ੍ਹੀਏ ਸਜ-ਧਜ ਕੇ ਪਹੁੰਚੇ। ਧਨੀਰਾਮ ਚਾਤ੍ਰਿਕ ਦਾ ਗੀਤ 'ਤੂੜੀ ਤੰਦ ਸਾਂਭ ਹਾੜ੍ਹੀ ਵੇਚ ਵੱਟ ਕੇ' ਚੱਲ ਰਿਹਾ ਹੈ। ਰਾਜਧਾਨੀ 'ਚ ਬੈਠਾ, ਪਿੰਡ ਦੇ ਸੰਕਟ ਤੋਂ ਨਿਰਲੇਪ ਦਰਸ਼ਕ ਸ਼ਾਇਦ ਪਿੰਡ ਦੀ ਇਹ ਤਸਵੀਰ ਮਨ 'ਚ ਵਸਾ ਕੇ ਬੈਠਾ ਹੈ। ਉਹ ਸੁਣ ਇਹੀ ਰਿਹਾ ਹੈ ਪਰ ਜੋ ਦੇਖ ਰਿਹਾ ਹੈ, ਉਹ ਇਨ੍ਹਾਂ ਬੋਲਾਂ ਨਾਲ ਇਕ ਸੁਰ ਨਹੀਂ ਹੋ ਰਿਹਾ। ਮੰਚ ਉਤੇ ਜੋ ਨੱਚ ਰਹੇ ਹਨ, ਉਨ੍ਹਾਂ ਦੀਆਂ ਪੱਗਾਂ ਘਸੀਆਂ ਹੋਈਆਂ ਹਨ। ਝੱਗੇ ਫਿੱਕੇ ਪਏ ਹੋਏ ਹਨ, ਚਾਦਰੇ ਧਰਤੀ ਨਹੀਂ ਸੁੰਭਰ ਰਹੇ ਸਗੋਂ ਨੰਗ ਢੱਕਣ ਦੀ 'ਮਿੰਨਤ' ਕਰ ਰਹੇ ਹਨ।



*ਨਾਟਕ 'ਦਲਦਲ' ਦੀ ਇਕ ਝਲਕ।*

ਸੂਤਰਧਾਰ ਹਾਜ਼ਰ ਹੁੰਦਾ ਹੈ, ਖੁਦ ਨਾਟਕਕਾਰ ਡਾ. ਦਵਿੰਦਰ ਕੁਮਾਰ ਪਰੇਸ਼ਾਨੀ ਮੁਕਾਉਣ ਲਈ ਨਹੀਂ, ਵਧਾਉਣ ਲਈ ਆਇਆ ਹੈ। ਮੰਚ ਉਤੇ ਪਿੰਡ ਹਾਜ਼ਰ ਹੁੰਦਾ ਹੈ। ਪਿੰਡ ਦਾ ਇਕ ਘਰ ਸਾਹਮਣੇ ਆਉਂਦਾ ਹੈ। ਕਰਮਾਂ ਕਹੀ ਨਾਲ ਬੱਠਲ 'ਚ ਮਿੱਟੀ ਭਰ ਰਿਹਾ ਹੈ। ਉਸ ਦਾ ਪੁੱਤ ਗੇਜਾ ਬੱਠਲ ਸਿਰ 'ਤੇ ਚੁੱਕ-ਚੁੱਕ ਮਿੱਟੀ ਇਕ ਪਾਸੇ ਲਿਜਾ ਰਿਹਾ ਹੈ। ਜੱਟ ਮਿੱਟੀ ਨਾਲ ਘੁਲ ਰਿਹਾ ਹੈ। ਮਿੱਟੀ ਉਸ ਦੀ ਜਾਨ ਹੈ, ਉਸ ਦੀ ਦੋਸਤ ਹੈ, ਉਸ ਦੀ ਹੋਂਦ ਦਾ ਚਿੰਨ੍ਹ ਹੈ। ਉਹ ਇਸੇ ਮਿੱਟੀ ਨੂੰ ਇਧਰੋਂ ਪੁੱਟ ਉਧਰ ਲਾ ਰਿਹਾ ਹੈ ਤਾਂ ਕਿ ਚੋਂਦੀਆਂ ਛੱਤਾਂ ਦੇ ਮਘੋਰੇ ਭਰੇ ਜਾ ਸਕਣ ਤੇ ਉਸ ਦੇ ਸਿਰ 'ਤੇ ਕੋਈ ਆਫਤ ਨਾ ਚੋਵੇ।

ਦੇਬੋ ਪੇਕੇ ਗਈ ਹੋਈ ਹੈ। ਗੇਜਾ ਦੇਬੋ ਦੀ ਚੁੰਨੀ ਸਿਰ 'ਤੇ ਲੈ ਕੇ ਮੱਝ ਚੋਣ ਦੀ ਕੋਸ਼ਿਸ਼ ਕਰ ਰਿਹਾ ਹੈ ਪਰ ਮੱਝ ਲੱਤ ਮਾਰ ਗਈ। ਦੇਬੋ ਪਰਤ ਆਈ ਹੈ। ਉਸ ਕੋਲ ਖੁਸ਼ਖਬਰੀ ਹੈ। ਉਹ ਕੁੜੀ ਦੇ ਵਿਆਹ ਦਾ ਪੱਕ-ਠੱਕ ਕਰ ਕੇ ਆਈ ਹੈ। ਖੁਸ਼ਖਬਰੀ ਆਈ ਹੈ ਪਰ ਫਿਕਰ ਵੀ ਨਾਲ ਲਿਆਈ ਹੈ। ਵਿਆਹ ਲਈ ਪੈਸੇ ਕਿਥੋਂ ਆਉਣ? ਇਹ ਫਿਕਰ ਨਾਟਕ ਦਰਸ਼ਕ ਦੇ ਲੜ ਲਾ ਦਿੰਦਾ ਹੈ।

ਬਾਕੀ ਦਾ ਨਾਟਕ ਇਸ ਫਿਕਰ ਦੀ ਪੰਡ ਖੋਲ੍ਹਦਾ ਹੈ। ਪਿੰਡ ਦੇ ਨਾਈਆਂ ਦਾ ਮੁੰਡਾ ਛਿੰਦਾ ਅਰਬ ਤੋਂ ਆਇਆ ਹੈ। ਉਸ ਤੋਂ ਕਰਜ਼ਾ, ਸ਼ਾਹ ਤੋਂ ਕਰਜ਼ਾ, ਸੁਸਾਇਟੀ ਤੋਂ ਕਰਜ਼ਾ... ਇਕ ਲੜੀ ਚੱਲਦੀ ਹੈ। ਇਹ ਲੜੀ ਗੇਜੇ ਦੀ ਉਲਝੀ ਮਾਨਸਿਕਤਾ ਨੂੰ ਛਿੰਦੇ ਦੇ ਕਤਲ ਦੀ ਕੋਸ਼ਿਸ਼ ਤਕ ਲੈ ਜਾਂਦੀ ਹੈ। ਗੇਜਾ ਹੁਣ ਹਵਾਲਾਤ 'ਚ ਹੈ। ਕਰਮਾਂ ਅਰਧ ਪਾਗਲ ਹੋਇਆ ਫਿਰ ਰਿਹਾ ਹੈ। ਉਸ ਨੂੰ ਖੁੱਸੀ ਜ਼ਮੀਨ ਦਾ ਹੇਰਵਾ ਸਤਾ ਰਿਹਾ ਹੈ। ਉਹ ਵਾਰ-ਵਾਰ ਬੋਲ ਰਿਹਾ ਹੈ, 'ਖੂਹ ਪੂਰਨਾ ਤਾਂ ਪਾਪ ਹੁੰਦਾ ਹੈ ਨਾ!' ਇਹ ਸੰਵਾਦ ਇਸ ਨਾਟਕ ਦਾ ਹਾਸਲ ਹੈ। ਲੋਕ ਮਨਾਂ 'ਚ ਚਿਰਾਂ ਤੋਂ ਵੱਸੀਆਂ ਘੁੰਡੀਆਂ ਜਦੋਂ ਬਾਹਰੀ ਸੰਕਟ ਨਾਲ ਟਕਰਾਓ ਦੀ ਸਥਿਤੀ 'ਚ ਆਉਂਦੀਆਂ ਹਨ ਤਾਂ ਅਵਚੇਤਨ 'ਚ ਪਈਆਂ ਰੂੜੀਆਂ ਜਾਗਦੀਆਂ ਹਨ। ਉਹ ਉਸ ਸੰਕਟ ਪਿੱਛੇ ਕਾਰਜਸ਼ੀਲ ਅਸਲ ਤਾਕਤਾਂ ਨਾਲ ਮੱਥਾ ਲਾਉਣ ਲਈ ਤਿਆਰ ਨਹੀਂ ਹੁੰਦਾ ਅਤੇ ਪੁੰਨ ਪਾਪ ਦੀ ਕੰਠ ਕੀਤੀ ਵਿਆਖਿਆ ਨੂੰ ਜੱਫੀ ਪਾ ਲੈਂਦਾ ਹੈ ਤੇ ਕਰਮੇ ਵਾਂਗ ਆਖਰ ਮੌਤ ਦੇ ਲੜ ਲੱਗਦਾ ਹੈ।

ਨਾਟਕਕਾਰ ਦਾ ਇਹ ਇਸ਼ਾਰਾ ਪੰਜਾਬੀ ਨਾਟਕਕਾਰੀ 'ਚ ਇਨਕਲਾਬੀ ਪਹਿਲਕਦਮੀ ਹੈ। ਉਹ ਦਲਦਲ ਦਾ ਗਹਿਗੱਚ ਵਿਸ਼ਲੇਸ਼ਣ ਪੇਸ਼ ਕਰ ਰਿਹਾ ਹੈ। ਜਿਥੇ ਦਲਦਲ 'ਚ ਫਸੇ ਪਾਤਰ ਆਪਸ ਵਿਚ ਹੀ ਗੁੱਥਮ-ਗੁੱਥਾ ਹੋ ਰਹੇ ਹਨ ਅਤੇ ਦਿਸ਼ਾਹੀਣ ਪੈਰ ਦਲਦਲ ਦੇ ਹੋਰ ਅੰਦਰ ਧੱਸਦੇ ਜਾ ਰਹੇ ਹਨ। 1993 'ਚ ਲਿਖਿਆ ਨਾਟਕ 2020 ਵਿਚ ਇੰਨਬਿੰਨ ਖੇਡਿਆ ਜਾ ਸਕਦਾ ਹੈ। ਅੱਜ ਦੇ ਆਰਡੀਨੈਂਸ ਵੀ ਨਿਮਨ ਕਿਸਾਨੀ, ਛੋਟੇ ਵਪਾਰੀ, ਛੋਟੇ ਦੁਕਾਨਦਾਰ, ਜ਼ਰਾ ਕੁ ਸੁਖਾਲੇ ਦਿਸਦੇ ਵਿਦੇਸ਼ੋਂ ਪਰਤੇ ਲੋਕ ਤੇ ਸਮੁੱਚੇ ਪੇਂਡੂ ਭਾਈਚਾਰੇ ਲਈ ਮੁਸ਼ਕਿਲਾਂ ਦਾ ਪਹਾੜ ਲੈ ਕੇ ਹਾਜ਼ਰ ਹਨ।



## ਨਵੇਂ ਨਾਟਕ ਦਾ ਰਾਹ...

*ਨਾਟਕਕਾਰ ਡਾ. ਦਵਿੰਦਰ ਕੁਮਾਰ ਅੱਜਕੱਲ੍ਹ ਆਪਣਾ ਨਵਾਂ ਨਾਟਕ ਲਿਖਣ ਵਿਚ ਰੁੱਝੇ ਹੋਏ ਹਨ। ਹੁਣ ਤੱਕ ਉਹ ਨੌਂ ਨਾਟਕ ਅਤੇ ਤਿੰਨ ਆਲੋਚਨਾ ਕਿਤਾਬਾਂ ਲਿਖ ਚੁੱਕੇ ਹਨ। ਉਹ ਬੰਗਾ ਦੇ ਸਿੱਖ ਨੈਸ਼ਨਲ ਕਾਲਜ ਵਿਚ ਪੜ੍ਹਾਉਂਦੇ ਰਹੇ ਹਨ ਅਤੇ ਉਥੋਂ ਅਸਿਸਟੈਂਟ ਪ੍ਰੋਫੈਸਰ ਵਜੋਂ ਰਿਟਾਇਰ ਹੋਏ ਹਨ। ਅੱਜਕੱਲ੍ਹ ਉਹ ਮੰਡੀ ਗੋਬਿੰਦਗੜ੍ਹ ਦੀ ਦੇਸ਼ ਭਗਤ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵਿਚ ਪ੍ਰੋਫੈਸਰ ਹਨ। ਉਨ੍ਹਾਂ ਦੀਆਂ ਲਿਖਤਾਂ ਮੁੱਖ ਰੂਪ ਵਿਚ ਸਮਾਜਿਕ ਮਸਲਿਆਂ ਅਤੇ ਮਨੁੱਖੀ ਹੱਕਾਂ ਉਤੇ ਕੇਂਦਰਤ ਰਹਿੰਦੀਆਂ ਹਨ। -ਅਵਨੀਤ ਕੌਰ*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 15 ਅਗਸਤ 2020 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-442



*ਭੇਸ ਧਾਰ ਕੇ ਬਹੁਤੇ ਫਿਰਦੇ, ਵਿਹਲੀਆਂ ਖਾਣ ਦੀ ਬਿਰਤੀ,*
*ਖੇਤੀ ਵਾਲੇ ਸੰਦ ਦੱਸਦੇ ਨੇ, ਇਹ ਬਾਬਾ ਜੀ ਹਨ ਕਿਰਤੀ!*

## ਕੈਪਸ਼ਨ ਮੁਕਾਬਲਾ-440



ਹੋ ਜਾਂਦੀ ਜਦ ਸਿਖਰ ਦੁਪਹਿਰ
ਸੂਰਜ ਆਪਣਾ ਰੰਗ ਦਿਖਾਵੇ।
ਇਧਰੋਂ-ਉਧਰੋਂ ਹੋ ਕੇ 'ਕੱਠੇ
ਮਿੱਤਰਾਂ ਦੀ ਢਾਣੀ ਬਣ ਜਾਵੇ।
ਗੁਲਾਬੀ ਕੁਲਫੀ ਚੂਸਣ ਦਾ ਫਿਰ
ਵੱਖਰਾ ਇੱਕ ਨਜ਼ਾਰਾ ਆਵੇ।
**-ਜਗਮੀਤ ਸਿੰਘ ਪੰਧੇਰ**

---

ਮੇਲਾ ਦੇਖਣ ਆਏ ਰਲ ਕੇ
ਚਾਚੇ ਸੰਗ ਭਤੀਜੇ ਚਾਰ,
ਥੱਕ ਕੇ ਇੱਕ ਪਾਸੇ ਜਾ ਬੈਠੇ
ਖਾਂਦੇ ਕੁਲਫੀ ਠੰਡੀ ਠਾਰ।
ਬੈਠ ਕੇ ਭੁੰਜੇ ਸੈਲਫੀ ਖਿੱਚੀ
ਰਾਜਸਥਾਨੀ ਹੈ ਪਰਿਵਾਰ।
ਮਜ਼ਾ ਕਰੇ ਨਾਲੇ ਚੂਸੇ ਖਿੱਚੇ
ਮੌਸਮ ਜਾਪੇ ਖੁਸ਼ ਗਵਾਰ।
**-ਸੇਵਾ ਸਿੰਘ ਨੂਰਪੁਰੀ**

---

ਪਾਣੀ ਠੰਡਾ ਮਿਲੇ ਨਾ ਛੇਤੀ
ਦੂਰ ਦੂਰ ਤੱਕ ਗਰਮੀ ਦੀ ਮਾਰ।
ਖਾਹ ਕੇ ਕੁਲਫੀ ਬਰਫ ਵਾਲੀ
ਬਸ, ਸੀਨਾ ਲੈਂਦੇ ਠਾਰ।
**-ਗੋਰਾ ਪ੍ਰਜਾਪਤ, ਨਿਊ ਯਾਰਕ**

---

ਸਿਖਰ ਦੁਪਹਿਰੇ ਗਰਮੀ ਵਿਚ
ਠੰਡੀ ਕੁਲਫੀ ਲੱਗੇ ਸਵਾਦ।
ਰੰਗ-ਬਰੰਗੀ ਕੁਲਫੀ ਦੇਖ ਕੇ
ਆ ਗਿਆ ਬਚਪਨ ਯਾਦ।
**-ਇੰਦਰਜੀਤ ਮੰਗਾ ਪਿਟਸਬਰਗ**

---

ਗਰਮੀ 'ਚ ਹੋਵੇ ਅੱਤ ਦਾ ਤਾਪਮਾਨ।
ਥਾਰ ਦੇ ਟਿੱਬਿਆਂ 'ਚ ਵੱਸਦਾ ਰਾਜਸਥਾਨ।
ਕੰਮ ਤੋਂ ਫੁਰਸਤ ਦੇ ਪਲਾਂ ਵਿਚ
ਸਸਤੀ ਬਰਫੀਲੀ ਕੁਲਫੀ ਆਵੇ ਯਾਦ।
ਇਕ ਵਾਰ ਤਾਂ ਕਾਲਜੇ ਪਾ ਜਾਵੇ ਠੰਡ
ਰਲ-ਮਿਲ ਖਾਣ ਦਾ ਆਪਣਾ ਹੀ ਸਵਾਦ।
**-ਅਮਰਜੀਤ ਸਿੰਘ ਤੂਰ, ਚੰਡੀਗੜ੍ਹ**

---

ਅਸੀਂ ਕਿਰਤੀ ਲੋਕ ਹਾਂ
ਧੁੱਪ ਦੇਖੀਏ ਨਾ ਛਾਂ,
ਮਾਰੂਥਲ ਹੈ ਚਾਹੇ ਸਾਡੀ ਭੂਮੀ
ਸਾਨੂੰ ਜਾਪੇ ਸਾਡੀ ਮਾਂ।
ਮਾਂ ਦੀ ਗੋਦੀ ਵਿਚ ਕੁਨਬਾ ਸਾਡਾ
ਜਦ ਇਕੱਠਾ ਹੋ ਬਹਿ ਜਾਵੇ,
ਹੋ ਜਾਈਏ ਬੇਫਿਕਰੇ, ਮਾਂ ਨੂੰ ਦੇਖ ਕੇ
ਠੰਡ ਕਾਲਜੇ ਪੈ ਜਾਵੇ।
**-ਵਿਨੋਦ ਗਰਗ ਬਰਨਾਲਾ**

---

ਅੱਧੇ ਟਾਈਮ ਦੀ ਸਿਫਟ ਮੁਕਾ ਕੇ
ਰਲ-ਮਿਲ ਬੈਠ ਥਕੇਵਾਂ ਲਾਹੁੰਦੇ।
ਉਪਰੋਂ ਸੂਰਜ ਪਿਆ ਅੱਗ ਵਰਾਵੇ
'ਬਚੀਏ ਕਿਵੇਂ?' ਤਰਕੀਬ ਬਣਾਉਂਦੇ।
ਕੁੱਲ ਮਿਲਾ ਕੇ ਹੱਲ ਕੱਢ ਲਿਆ
ਕੁਲਫੀ ਖਾ ਕੇ ਠੰਡ ਕਾਲਜੇ ਪਾਉਂਦੇ।
**-ਗੁਰਦੇਵ ਸਿੰਘ ਢਪਾਲੀ, ਬਠਿੰਡਾ**

---

ਆਜੋ ਮਿੱਤਰੋ ਕੁਲਫੀਆਂ ਖਾਈਏ
ਸਾਰੇ ਬਹਿ ਜੋ ਬੰਨ ਕੇ ਘੇਰਾ।
ਸਦਾ ਲਈ ਇਹ ਦਿਨ ਨ੍ਹੀਂ ਰਹਿਣੇ
ਕੱਟ ਲੋ ਗਰਮੀ ਕਰਕੇ ਜੇਰਾ।
**-ਕੇਵਲ ਸਿੰਘ ਪੰਧੇਰ**

---

ਮਸਤੀ ਮਾਰਨ ਸ਼ਹਿਰ ਵਿਚ ਆਏ
ਗਰਮੀ ਨੇ ਸਭ ਬੜੇ ਸਤਾਏ।
ਠੰਡੀਆਂ ਠਾਰ ਕੁਲਫੀਆਂ ਖਾ ਕੇ
ਮਿੱਤਰ ਮੰਡਲੀ ਜਸ਼ਨ ਮਨਾਏ।
**-ਪੋਰਿੰਦਰ ਸਿੰਗਲਾ ਢਪਾਲੀ, ਬਠਿੰਡਾ**

---

ਸੂਹੇ ਰੰਗ ਦੀਆਂ ਕੁਲਫੀਆ ਖਾਂਦੇ
ਸੂਹਾ ਸੂਰਜ ਸਿਰ 'ਤੇ ਆਇਆ।
ਕੁਦਰਤ ਤੇਰੀ ਮਾਲਕਾ
ਕੈਸਾ ਸੰਜੋਗ ਮਿਲਾਇਆ।
**-ਹਰਜਿੰਦਰ ਸਿੰਘ ਕਲਿਆਣ, ਬਠਿੰਡਾ**

---

ਨਹਾ, ਧੋ ਕੇ ਮੇਲੇ ਵਿਚ ਪਹੁੰਚੇ
ਲੱਗੀ ਪਿਆਸ ਨਾ ਲੱਭੇ ਪਾਣੀ।
ਲਾਲ ਕੁਲਫੀਆਂ ਲੈ ਚੂਸਣ ਲੱਗੇ
ਮਸਤੀ ਕਰਦੀ ਬੈਠੀ ਢਾਣੀ।
**-ਦਵਿੰਦਰ ਕੌਰ**

---

ਹੋਵੇ ਬੀਕਾਨੇਰ ਜਾਂ ਮੁਲਤਾਨ
ਕਹਾਵਤ ਅਤਿਕਥਨੀ ਨਹੀਂ ਹੋਵੇਗੀ,
"ਚਾਰ ਚੀਜ਼ ਹੈ, ਤੋਹਫਾ-ਏ-ਮੁਲਤਾਨ,
ਗਰਮੀ, ਗਰਦਾ, ਗੁੜ
ਔਰ ਹੈ ਗੋਰਿਸਤਾਨ।"
ਗੋਡੇ ਨਾ ਟੇਕੋ ਧੁੱਪ ਦੀ ਮੁਸੀਬਤ ਮੂਹਰੇ
ਹਰ ਮੁਸ਼ਕਿਲ ਦਾ ਹੱਲ ਉਸੇ 'ਚ ਹੁੰਦਾ।
**-ਦਰਸ਼ਨਪਾਲ ਦੋਸਾਂਝ**

ਸ਼ਰਧਾਂਜਲੀ

# ਚਾਨਣ ਦਾ ਵਣਜਾਰਾ: ਡਾ. ਜਸਵੰਤ ਸਿੰਘ

ਪਰਲੋਕ ਵਿਚ ਸਵਰਗ ਦੀ ਪ੍ਰਾਪਤੀ ਲਈ ਭਾਰਤ ਦੇ ਅਨੇਕਾਂ ਲੋਕ ਜਿਉਂਦੇ-ਜੀਅ ਧਾਰਮਿਕ ਅਸਥਾਨਾਂ ਉਤੇ ਕਈ ਕਿਸਮਾਂ ਦਾ ਦਾਨ-ਪੁੰਨ ਕਰਦੇ ਹਨ, ਪਰ ਇਸ ਦੇ ਉਲਟ ਕੁਝ ਅਜਿਹੇ ਰੌਸ਼ਨ-ਦਿਮਾਗ ਚਿਹਰੇ ਵੀ ਹਨ, ਜੋ ਲਿਤਾੜੇ ਜਾ ਰਹੇ ਨੀਵੇਂ ਤੇ ਨਿਤਾਣੇ ਲੋਕਾਂ ਦਾ ਸਹਾਰਾ ਬਣ ਕੇ ਇਸ ਧਰਤੀ 'ਤੇ ਹੀ ਸਵਰਗ ਦੀ ਸਿਰਜਣਾ ਕਰ ਦਿੰਦੇ ਹਨ। ਅਜਿਹੇ ਹੀ ਲੋਕਾਂ ਵਿਚੋਂ ਇਕ ਸਨ-ਡਾ. ਜਸਵੰਤ ਸਿੰਘ, ਜਿਨ੍ਹਾਂ ਨੇ ਭਾਰਤ ਤੋਂ ਕੈਨੇਡਾ ਅਤੇ ਅਮਰੀਕਾ ਜਾ ਕੇ ਸਿੱਖਿਆ ਅਤੇ ਲਾਇਬਰੇਰੀ ਵਿਗਿਆਨ ਵਿਚ ਪੀਐੱਚ.ਡੀ. ਪੱਧਰ ਦੀਆਂ ਉਚੇਰੀਆਂ ਡਿਗਰੀਆਂ ਪ੍ਰਾਪਤ ਕੀਤੀਆਂ। ਉਨ੍ਹਾਂ ਜਿੱਥੇ ਵੱਖ-ਵੱਖ ਪੱਧਰ 'ਤੇ ਲਾਇਬਰੇਰੀ-ਸੇਵਾਵਾਂ ਨਿਭਾਈਆਂ ਅਤੇ ਸੇਵਾ-ਮੁਕਤੀ ਤੋਂ ਬਾਅਦ ਪੰਜਾਬ ਦੇ ਪਿੰਡਾਂ ਵਿਚ ਮੋਬਾਇਲ ਲਾਇਬਰੇਰੀ-ਸੇਵਾ ਸ਼ੁਰੂ ਕੀਤੀ, ਉਥੇ ਪਬਲਿਕ ਲਾਇਬਰੇਰੀਆਂ ਦਾ ਨਿਰਮਾਣ ਵੀ ਕੀਤਾ।

**ਡਾ. ਐੱਮ. ਪੀ. ਸਤੀਜਾ**
ਫੋਨ: +91-98774-86160

**ਡਾ. ਸੁਖਦੇਵ ਸਿੰਘ**
ਫੋਨ: +91-78887-05824

ਭਾਰਤੀ ਸਮਾਜ ਵਿਚ ਹਜ਼ਾਰਾਂ ਸਾਲਾਂ ਤੋਂ ਹੀ ਦੋ ਪ੍ਰਮੁੱਖ ਵਿਰੋਧੀ ਤਾਕਤਾਂ ਰਹੀਆਂ ਹਨ: ਇਕ ਅਗਿਆਨ ਤੇ ਅਨਪੜ੍ਹ ਲੋਕਾਂ ਤੋਂ ਸਦਾ ਆਪਣਾ ਨਿੱਜੀ ਲਾਭ ਲੈਣ ਦੀ ਤਾਕ ਵਿਚ ਹੈ ਅਤੇ ਦੂਜੀ ਉਨ੍ਹਾਂ ਹੀ ਲੋਕਾਂ ਨੂੰ ਸਿਖਿਅਤ ਤੇ ਜਾਗਰੂਕ ਬਣਾਉਣ ਵਿਚ ਦਿਨ-ਰਾਤ ਜੁਟੀ ਹੋਈ ਹੈ। ਡਾ. ਜਸਵੰਤ ਸਿੰਘ ਦਾ ਸਬੰਧ ਦੂਜੀ ਧਿਰ ਨਾਲ ਸੀ। ਪਰਵਾਸੀ ਲਾਇਬਰੇਰੀਅਨ ਤੇ ਪੰਜਾਬ ਵਿਚ ਮੋਬਾਇਲ (ਚਲਦੀ-ਫਿਰਦੀ) ਲਾਇਬਰੇਰੀ ਦੇ ਮੋਢੀ ਨਿਰਮਾਤਾ ਡਾ. ਜਸਵੰਤ ਸਿੰਘ ਦਾ ਦਿਹਾਂਤ 16 ਮਈ 2020 ਨੂੰ ਰੌਕਵੇ (ਯੂ. ਐੱਸ. ਏ.) ਵਿਚਲੇ ਘਰ ਵਿਖੇ ਹੋਇਆ। ਬਜ਼ੁਰਗ ਅਵਸਥਾ ਕਾਰਨ ਕੁਝ ਚਿਰ ਪਹਿਲਾਂ ਹੀ ਉਨ੍ਹਾਂ ਆਪਣੀ ਧੀ ਅਮਰਦੀਪ ਕੋਲ ਰਹਿਣਾ ਸ਼ੁਰੂ ਕੀਤਾ ਸੀ। ਉਹ ਆਪਣੀ ਲਾਇਬਰੇਰੀਅਨ ਪਤਨੀ ਜਸਜੀਤ ਕੌਰ, ਬੇਟੀ ਅਮਰਦੀਪ ਕੌਰ ਗਿੱਲ ਤੇ ਉਸ ਦੇ ਪਰਿਵਾਰ ਅਤੇ ਕੀਤੇ ਗਏ ਅਨੇਕਾਂ ਨੇਕ ਕਾਰਜਾਂ ਰਾਹੀਂ ਹਮੇਸ਼ਾ ਜੀਵਤ ਰਹਿਣਗੇ। ਉਨ੍ਹਾਂ ਜਿਉਂਦੇ-ਜੀਅ ਹੀ ਆਪਣੇ ਮ੍ਰਿਤਕ ਸਰੀਰ ਨੂੰ ਮੈਡੀਕਲ ਖੋਜ ਵਾਸਤੇ ਦਾਨ ਦੇਣ ਦਾ ਫੈਸਲਾ ਕਰ ਲਿਆ ਸੀ।

ਦਸ ਭੈਣ-ਭਾਈਆਂ ਵਿਚੋਂ ਸਭ ਤੋਂ ਵੱਡੇ ਜਸਵੰਤ ਸਿੰਘ ਦਾ ਜਨਮ ਚੜ੍ਹਦੇ ਪੰਜਾਬ ਦੇ ਮਾਲਵੇ ਖੇਤਰ ਵਿਚਲੇ ਸ਼ਹਿਰ ਜਗਰਾਓਂ ਵਿਖੇ 20 ਮਈ 1932 ਨੂੰ ਮਾਤਾ ਭਾਗਵੰਤੀ ਅਤੇ ਪਿਤਾ ਅਨੰਤ ਰਾਮ ਦੇ ਘਰ ਹੋਇਆ। ਉਨ੍ਹਾਂ ਮੁਢਲੀ ਸਿੱਖਿਆ ਜਿਲਾ ਸੰਗਰੂਰ ਦੇ ਕਸਬਾ ਅਹਿਮਦਗੜ੍ਹ ਤੋਂ ਪ੍ਰਾਪਤ ਕੀਤੀ। 1953 ਵਿਚ ਲੁਧਿਆਣਾ ਦੇ ਸਰਕਾਰੀ ਕਾਲਜ ਤੋਂ ਗ੍ਰੈਜੂਏਸ਼ਨ ਦੀ ਪੜ੍ਹਾਈ ਮੁਕੰਮਲ ਹੋਣ ਉਪਰੰਤ, ਉਨ੍ਹਾਂ ਕਲਕੱਤਾ ਦੇ ਭਵਾਨੀਪੁਰ ਵਿਖੇ ਸਥਿਤ ਖਾਲਸਾ ਹਾਈ ਸਕੂਲ ਵਿਚ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਅਧਿਆਪਨ ਦੌਰਾਨ ਹੀ ਉਨ੍ਹਾਂ ਕਲਕੱਤਾ ਯੂਨੀਵਰਸਿਟੀ ਤੋਂ ਐੱਮ. ਐੱਸਸੀ. (ਭੂਗੋਲ) ਅਤੇ ਬੀ. ਟੀ. (ਜਿਸ ਨੂੰ ਹੁਣ ਬੀ. ਐੱਡ. ਕਿਹਾ ਜਾਂਦਾ ਹੈ) ਦੀ ਪੜ੍ਹਾਈ ਪੂਰੀ ਕੀਤੀ। ਇਸ ਪਿਛੋਂ ਉਹ ਮੁੜ ਪੰਜਾਬ ਵੱਲ ਪਰਤੇ ਅਤੇ ਮਾਲਵਾ ਟਰੇਨਿੰਗ ਕਾਲਜ, ਲੁਧਿਆਣਾ ਵਿਚ ਬਤੌਰ ਅਧਿਆਪਕ ਨਿਯੁਕਤ ਹੋ ਗਏ।

ਇਟਲੀ ਅਤੇ ਫਰਾਂਸ ਦੇ ਰਸਤੇ ਰਾਹੀਂ ਜਸਵੰਤ ਸਿੰਘ 1960 ਵਿਚ ਇੰਗਲੈਂਡ ਪਹੁੰਚੇ, ਜਿੱਥੇ ਉਨ੍ਹਾਂ 1964 ਵਿਚ ਕੈਨੇਡਾ ਜਾਣ ਤੋਂ ਪਹਿਲਾਂ ਪੂਰਬੀ ਲੰਡਨ ਵਿਚ ਤਿੰਨ ਸਾਲ ਲਈ ਪੜ੍ਹਾਇਆ। ਕੈਨੇਡਾ ਦੀ ਐਲਬਰਟਾ ਯੂਨੀਵਰਸਿਟੀ ਤੋਂ ਭੂਗੋਲ ਦੀ ਗ੍ਰੈਜੂਏਸ਼ਨ ਡਿਗਰੀ ਦੌਰਾਨ ਉਨ੍ਹਾਂ ਕੈਨੇਡਾ ਦੇ ਪੱਛਮੀ ਪ੍ਰਾਂਤ ਐਲਬਰਟਾ ਦੇ ਸਿਲਵਰ ਲੇਕ ਅਤੇ ਐਡਮਿੰਟਨ ਵਿਚਲੇ ਵਿਦਿਅਕ ਅਦਾਰਿਆਂ ਵਿਚ ਸਮਾਜਕ ਸਿੱਖਿਆ ਅਤੇ ਕੈਨੇਡੀਅਨ ਇਤਿਹਾਸ ਪੜ੍ਹਾਇਆ। ਸੰਨ 1970 ਵਿਚ ਵੈਸਟਰਨ ਮਿਸ਼ੀਗਨ ਯੂਨੀਵਰਸਿਟੀ, ਕੈਲਮਜ਼ੂ (ਮਿਸ਼ੀਗਨ) ਤੋਂ ਸਕਾਲਰਸ਼ਿਪ ਮਿਲਣ ਉਪਰੰਤ ਉਹ ਯੂ. ਐੱਸ. ਏ. ਪਹੁੰਚ ਗਏ। ਮਿਸ਼ੀਗਨ ਰਹਿੰਦਿਆਂ ਉਨ੍ਹਾਂ ਲਾਇਬਰੇਰੀ ਵਿਗਿਆਨ ਵਿਚ ਪੋਸਟ ਗ੍ਰੈਜੂਏਟ ਤੇ ਪੀਐੱਚ. ਡੀ. ਦੀਆਂ ਉਚ-ਅਕਾਦਮਿਕ ਡਿਗਰੀਆਂ ਹਾਸਲ ਕੀਤੀਆਂ। ਉਥੇ ਲਾਇਬਰੇਰੀ ਵਰਗੀਕਰਨ ਦੇ ਜਗਤ ਦੀ ਪ੍ਰਸਿੱਧ ਹਸਤੀ ਡਾ. ਜੌਹਨ ਪੀ. ਕੌਮਾਰੋਮੀ (1937-1991) ਉਨ੍ਹਾਂ ਦੇ ਅਧਿਆਪਕ ਸਨ।

ਸਾਲ 1971 ਵਿਚ ਲਾਇਬਰੇਰੀ ਵਿਗਿਆਨ ਦੀ ਮਾਸਟਰ ਡਿਗਰੀ ਪ੍ਰਾਪਤ ਕਰਨ ਉਪਰੰਤ ਜਸਵੰਤ ਸਿੰਘ ਨੇ ਮਿਸ਼ੀਗਨ ਦੇ ਆਨਟੌਨਆਗਨ ਪਬਲਿਕ ਸਕੂਲਾਂ ਵਿਚ ਬਤੌਰ ਲਾਇਬਰੇਰੀਅਨ ਸੇਵਾਵਾਂ ਨਿਭਾਈਆਂ। 1975 ਵਿਚ ਉਹ ਮਿਸ਼ੀਗਨ ਦੇ ਉਸ ਰਿਜ਼ੀਨਲ ਐਜੂਕੇਸ਼ਨਲ ਮੀਡੀਆ ਸੈਂਟਰ ਦੇ ਨਿਰਦੇਸ਼ਕ ਬਣੇ, ਜਿਸ ਦੇ ਖੇਤਰ ਅਧੀਨ 24 ਜਿਲਿਆਂ ਦੇ ਸਕੂਲ ਆਉਂਦੇ ਸਨ। ਇਸ ਆਦਰਯੋਗ ਅਹੁਦੇ ਦੌਰਾਨ ਹੀ ਉਨ੍ਹਾਂ ਵੈਸਟਰਨ ਮਿਸ਼ੀਗਨ ਯੂਨੀਵਰਸਿਟੀ ਤੋਂ 1982 ਵਿਚ ਪੀਐੱਚ. ਡੀ. (ਸਿੱਖਿਆ) ਦੀ ਡਿਗਰੀ ਪ੍ਰਾਪਤ ਕੀਤੀ। ਪੱਕੇ ਤੌਰ 'ਤੇ ਵੱਸਣ ਦੇ ਇਰਾਦੇ ਨਾਲ ਉਹ ਪਰਿਵਾਰ ਸਮੇਤ 1983 ਵਿਚ ਪੰਜਾਬ ਨੂੰ ਪਰਤੇ। 1984 ਵਿਚ ਉਹ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਿੱਖਿਆ ਵਿਭਾਗ ਵਿਚ ਬਤੌਰ ਰੀਡਰ ਨਿਯੁਕਤ ਹੋਏ, ਜਿੱਥੇ ਉਨ੍ਹਾਂ ਅਗਸਤ 1986 ਤਕ ਆਪਣੀਆਂ ਸੇਵਾਵਾਂ ਦਿੱਤੀਆਂ। ਇਸ ਪਿਛੋਂ (1986 ਵਿਚ) ਉਹ ਮਿਸ਼ੀਗਨ ਸੂਬੇ ਦੇ ਲੈਨਸਿੰਗ ਸ਼ਹਿਰ ਨੂੰ ਵਾਪਸ ਪਰਤ ਗਏ। ਸਤੰਬਰ 1986 ਤੋਂ ਫਰਵਰੀ 1999 ਤਕ ਉਨ੍ਹਾਂ ਨੇ ਮਿਸ਼ੀਗਨ ਦੇ ਗਰੈਂਡ ਲੈੱਜ ਵਿਚਲੇ ਲੈੱਜ ਪਬਲਿਕ ਸਕੂਲਾਂ ਵਿਚ ਲਾਇਬਰੇਰੀਅਨ ਦੇ ਤੌਰ 'ਤੇ ਕੰਮ ਕੀਤਾ। ਉਹ ਦੋ ਸਾਲ ਸਟੇਟ ਮੀਡੀਆ ਐਸੋਸੀਏਸ਼ਨ ਦੇ ਪ੍ਰਧਾਨ ਵੀ ਰਹੇ। ਸਿੱਖਿਆ ਦੇ ਖੇਤਰ ਵਿਚ ਉਨ੍ਹਾਂ ਵੱਲੋਂ ਪਾਏ ਅਹਿਮ ਯੋਗਦਾਨ ਨੂੰ ਪਛਾਣਦਿਆਂ ਮਿਸ਼ੀਗਨ ਐਜੂਕੇਸ਼ਨ ਐਸੋਸੀਏਸ਼ਨ ਨੇ ਉਨ੍ਹਾਂ ਨੂੰ ਏਲਜ਼ਾਬੈੱਥ ਸਿੱਡਲ ਖਿਤਾਬ ਨਾਲ ਨਿਵਾਜਿਆ। ਇਸ ਖਿਤਾਬ ਦੇ ਨਾਲ-ਨਾਲ ਉਹ ਸੰਯੁਕਤ ਰਾਸ਼ਟਰ ਸੰਘ ਦੇ ਲੋਏ ਲਾਸਾਲ ਅਵਾਰਡ ਦੇ ਵੀ ਧਾਰਨੀ ਬਣੇ ਸਨ।

ਪੰਜਾਬ ਦੇ ਪੇਂਡੂ ਖੇਤਰਾਂ ਵਿਚ ਲੋਕ ਲਾਇਬਰੇਰੀ ਸੇਵਾਵਾਂ ਨੂੰ ਸਥਾਪਿਤ ਕਰਨ ਦੇ ਮੱਦੇਨਜ਼ਰ ਡਾ. ਜਸਵੰਤ ਸਿੰਘ ਸੇਵਾ ਮੁਕਤ ਹੋ ਗਏ। ਦਿਹਾਤੀ ਖੇਤਰਾਂ ਵਿਚ ਲੋਕ ਲਾਇਬਰੇਰੀ ਸੇਵਾਵਾਂ ਦੀ ਜ਼ਮੀਨੀ ਹਕੀਕਤ ਨੂੰ ਜਾਣਨ ਪਿਛੋਂ ਉਨ੍ਹਾਂ ਲੁਧਿਆਣਾ ਜਿਲੇ ਦੇ ਜੁੜਾਹਾਂ, ਫੱਲੇਵਾਲ ਤੇ ਰੰਗੂਵਾਲ ਪਿੰਡਾਂ ਲਈ ਨਵੰਬਰ 2003 ਨੂੰ ਇਕ ਬੱਸ ਵਿਚ ਮੋਬਾਇਲ ਲਾਇਬਰੇਰੀ ਦੀ ਸ਼ੁਰੂਆਤ ਕੀਤੀ, ਜਿਸ ਨੂੰ ਪਹੀਆਂ ਵਾਲੀ ਲਾਇਬਰੇਰੀ ਵੀ ਕਿਹਾ ਜਾਂਦਾ ਸੀ। ਪੁਸਤਕਾਂ ਪ੍ਰਤੀ ਬੱਚਿਆਂ ਦੀ ਦਿਲਚਸਪੀ ਨੂੰ ਵੇਖਦਿਆਂ ਇਸ ਮੋਬਾਇਲ ਲਾਇਬਰੇਰੀ ਦੀ ਸੇਵਾ ਪੱਖੋਵਾਲ ਤਹਿਸੀਲ ਦੇ ਗੁੱਜਰਵਾਲ, ਕਾਲਖ ਤੇ ਧੂਲਕੋਟ ਪਿੰਡਾਂ ਤਕ ਵਧਾ ਦਿੱਤੀ ਗਈ ਸੀ।

ਜ਼ਿਕਰਯੋਗ ਹੈ ਕਿ ਉਕਤ ਲਾਇਬਰੇਰੀ ਦੇ ਕਰੀਬ 1500 ਸਰਗਰਮ ਮੈਂਬਰ ਸਨ। ਇਸ ਅਮਰੀਕਨ-ਮਾਡਲ ਲਾਇਬਰੇਰੀ ਦੀਆਂ ਸੇਵਾਵਾਂ ਉਪਰੋਕਤ ਪਿੰਡਾਂ ਦੇ ਵਸਨੀਕਾਂ ਲਈ ਬਿਲਕੁਲ ਮੁਫਤ ਸਨ ਅਤੇ ਇਹ ਬਿਨਾ ਕਿਸੇ ਭੇਦਭਾਵ ਦੇ ਨਿਰਪੱਖ ਤਰੀਕੇ ਪ੍ਰਦਾਨ ਕੀਤੀਆਂ ਜਾਂਦੀਆਂ ਸਨ। 26 ਫੁੱਟ ਲੰਮੀ ਇਸ ਏਅਰ-ਕੰਡੀਸ਼ਨਡ ਬੱਸ ਵਿਚ ਵੱਖ-ਵੱਖ ਵਿਸ਼ਿਆਂ ਉਤੇ ਰੰਗਦਾਰ ਤਸਵੀਰਾਂ ਸਮੇਤ ਕੋਈ 3,000 ਪੁਸਤਕਾਂ ਅਤੇ ਬਾਲ-ਰਸਾਲੇ ਮੌਜੂਦ ਸਨ। ਬੱਸ ਵਿਚ ਬੈਠਣ ਲਈ ਪਾਠਕਾਂ ਵਾਸਤੇ ਫੋਲਡਿੰਗ ਕੁਰਸੀਆਂ ਦਾ ਪ੍ਰਬੰਧ ਸੀ। ਹਰੇਕ ਉਕਤ ਪਿੰਡ ਵਿਚ ਇਹ ਬੱਸ ਕਰੀਬ ਇਕ ਘੰਟਾ ਰੁਕਦੀ ਸੀ ਤਾਂ ਜੋ ਪਾਠਕ ਅਸਾਨੀ ਨਾਲ ਕਿਤਾਬਾਂ ਨੂੰ ਫਰੋਲ/ਪੜ੍ਹ ਸਕਣ। ਇਸ ਲਾਇਬਰੇਰੀ ਸਦਕਾ ਹੀ ਡਾ. ਜਸਵੰਤ ਸਿੰਘ ਨੇ ਪੰਜਾਬ ਵਿਚ ਇਸ ਭਰਮ ਨੂੰ ਤੋੜਿਆ ਕਿ ਬੱਚੇ ਕਿਤਾਬਾਂ ਨਹੀਂ ਪੜ੍ਹਦੇ। ਇਕ ਵਾਰ ਕਿਸੇ ਪਿੰਡ ਦੇ ਇਕ ਬਜ਼ੁਰਗ ਨੇ ਆਖਿਆ ਸੀ ਕਿ ਪਹੀਆਂ ਵਾਲੀ ਲਾਇਬਰੇਰੀ ਨੇ ਨਵੇਂ ਪੋਚ ਅੰਦਰ ਚੰਗੇਰੀਆਂ ਪੁਸਤਕਾਂ ਪੜ੍ਹਨ ਦੀ ਇਕ ਨਵੀਂ ਰੂਹ ਫੂਕ ਦਿੱਤੀ ਹੈ। ਇਹ ਮੋਬਾਇਲ ਲਾਇਬਰੇਰੀ ਅਨੰਤ ਮੈਮੋਰੀਅਲ ਚੈਰੀਟੇਬਲ ਟਰੱਸਟ (ਰਜਿ.), ਜੁੜਾਹਾਂ ਅਤੇ ਅਨੰਤ ਐਜੂਕੇਸ਼ਨ ਐਂਡ ਰੂਰਲ ਡਿਵਲਪਮੈਂਟ ਫਾਉਂਡੇਸ਼ਨ, ਯੂ. ਐੱਸ. ਏ. ਦੇ ਸਾਂਝੇ ਸਹਿਯੋਗ ਨਾਲ ਚਲਾਈ ਜਾਂਦੀ ਸੀ। 40 ਲੱਖ ਦੀ ਲਾਗਤ ਵਾਲੀ ਇਹ ਬੱਸ-ਲਾਇਬਰੇਰੀ ਮਾਰਚ 2009 ਤਕ ਲੁਧਿਆਣਾ ਜਿਲੇ ਦੇ ਪੇਂਡੂ ਖੇਤਰਾਂ ਵਿਚ ਪੁਸਤਕ ਸੱਭਿਆਚਾਰ ਨੂੰ ਉਨਤ ਕਰਦੀ ਰਹੀ।

ਅੰਤ, ਇਹ ਮਹਾਨ-ਕਾਰਜ ਕਰਨ ਵਾਲੀ ਵਾਹਨ (ਮੋਬਾਇਲ ਲਾਇਬਰੇਰੀ ਬੱਸ) ਅੰਨ੍ਹੀ-ਬੋਲੀ ਨੌਕਰਸ਼ਾਹੀ ਵਲੋਂ ਦੂਜੇ ਵਪਾਰਕ ਵਾਹਨਾਂ ਵਾਂਗ ਲਾਏ ਭਾਰੀ ਵਾਹਨ-ਕਰ ਕਾਰਨ ਸਦਾ ਲਈ ਬੰਦ ਕਰ ਦਿੱਤੀ ਗਈ। ਇਸ ਘਟਨਾ ਤੋਂ ਨਿਰਾਸ਼ ਹੋ ਕੇ ਬਾਅਦ 'ਚ ਡਾ. ਜਸਵੰਤ ਸਿੰਘ ਨੇ ਆਪਣੇ ਪਿੰਡ ਜੁੜਾਹਾਂ ਵਿਚ ਪੱਕੇ ਤੌਰ 'ਤੇ ਲੋਕ ਲਾਇਬਰੇਰੀ ਬਣਾਉਣ ਦਾ ਫੈਸਲਾ ਕਰ ਲਿਆ ਸੀ। ਸਾਲ 2010 ਵਿਚ ਅਨੰਤ ਮੈਮੋਰੀਅਲ ਚੈਰੀਟੇਬਲ ਟਰੱਸਟ ਵੱਲੋਂ ਆਧੁਨਿਕ ਦਿੱਖ ਅਤੇ ਸਾਜੋ-ਸਮਾਨ ਨਾਲ ਲੈਸ ਇਕ ਨਵੀਂ ਲੋਕ ਲਾਇਬਰੇਰੀ ਇਮਾਰਤ ਦੀ ਉਸਾਰੀ ਕੀਤੀ ਗਈ, ਜਿਸ ਨੂੰ ਉਨ੍ਹਾਂ ਆਪਣੀ ਮਰਹੂਮ ਮਾਤਾ ਭਾਗਵੰਤੀ ਦਾ ਨਾਂ ਦਿੱਤਾ। ਚਾਰ ਹਜ਼ਾਰ ਦੇ ਕਰੀਬ ਪੁਸਤਕ ਸੰਗ੍ਰਿਹ ਵਾਲੀ ਇਹ ਭਾਗਵੰਤੀ ਯਾਦਗਾਰੀ ਪਬਲਿਕ ਲਾਇਬਰੇਰੀ ਅੱਜ ਵੀ ਜੁੜਾਹਾਂ ਸਮੇਤ ਨੇੜਲੇ ਪਿੰਡਾਂ ਦੇ ਲੋਕਾਂ ਦੀਆਂ ਸੂਚਨਾਤਮਕ ਲੋੜਾਂ ਦੀ ਪੂਰਤੀ ਕਰਦਿਆਂ ਸਾਖਰਤਾ ਸੁਧਾਰ ਦੇ ਨਾਲ-ਨਾਲ ਪੁਸਤਕਾਂ ਪੜ੍ਹਨ ਦੀ ਜਾਗ ਲਾ ਰਹੀ ਹੈ। ਇਸ ਤੋਂ ਇਲਾਵਾ ਇਸ ਲਾਇਬਰੇਰੀ ਵਿਚ ਆਧੁਨਿਕ ਕੁਸ਼ਲਤਾਵਾਂ ਨੂੰ ਬੜਾਵਾ ਦੇਣ ਲਈ ਇਕ ਛੋਟਾ ਹੁਨਰ ਵਿਕਾਸ ਕੇਂਦਰ (ਸਕਿਲ ਡਿਵੈਲਪਮੈਂਟ ਸੈਂਟਰ) ਵੀ ਹੈ। ਉਪਰੋਕਤ ਸਾਰੇ ਕੰਮਾਂ ਵਿਚ ਡਾ. ਜਸਵੰਤ ਸਿੰਘ ਦੀ ਧਰਮ ਪਤਨੀ ਸ੍ਰੀਮਤੀ ਜਸਜੀਤ ਕੌਰ ਵੀ ਵੱਧ-ਚੜ੍ਹ ਕੇ ਹਿੱਸਾ ਲਿਆ ਕਰਦੇ ਸਨ।



**_ਡਾ. ਜਸਵੰਤ ਸਿੰਘ ਨੇ ਯੂ. ਐੱਸ. ਏ. ਦੀਆਂ ਯੂਨੀਵਰਸਿਟੀਆਂ ਤੋਂ ਦੋ ਉਚ-ਅਕਾਦਮਿਕ ਡਿਗਰੀਆਂ (ਪੀਐੱਚ. ਡੀ.) ਹਾਸਲ ਕੀਤੀਆਂ ਸਨ: ਇਕ ਸਿੱਖਿਆ ਦੇ ਖੇਤਰ ਵਿਚ ਅਤੇ ਦੂਜੀ ਲਾਇਬਰੇਰੀ ਵਿਗਿਆਨ ਦੇ। ਇਸ ਤੋਂ ਇਲਾਵਾ ਉਨ੍ਹਾਂ ਕੋਲ ਪੜ੍ਹਾਉਣ ਅਤੇ ਲਾਇਬਰੇਰੀ ਸੇਵਾਵਾਂ ਪ੍ਰਦਾਨ ਕਰਨ ਦਾ ਸਾਲਾਂ-ਬੱਧੀ ਤਜਰਬਾ ਸੀ, ਜਿਸ ਕਾਰਨ ਉਨ੍ਹਾਂ ਨੂੰ ਪੰਜਾਬ ਵਿਚ ਨਿੱਘਰਦੀ ਜਾ ਰਹੀ ਸਿੱਖਿਆ, ਪੁਸਤਕਾਂ ਨਾ ਪੜ੍ਹਨ ਦੇ ਸੱਭਿਆਚਾਰ ਅਤੇ ਇਨ੍ਹਾਂ ਦੇ ਮਾਰੂ-ਪ੍ਰਭਾਵਾਂ ਨੂੰ ਸਮਝਣ ਵਿਚ ਦੇਰ ਨਾ ਲੱਗੀ। ਉਨ੍ਹਾਂ ਦੇ ਕਿਤਾਬਾਂ ਅਤੇ ਸਿੱਖਿਆ ਪ੍ਰਤੀ ਜਨੂਨ ਨੇ ਹਰ ਮਿਲਣ ਵਾਲੇ ਸ਼ਖਸ ਨੂੰ ਪ੍ਰਭਾਵਿਤ ਤੇ ਪ੍ਰੇਰਿਤ ਕੀਤਾ ਸੀ।_**

ਪੰਜਾਬ ਵਿਚ ਸਾਖਰਤਾ ਅਤੇ ਪੁਸਤਕ ਸੱਭਿਆਚਾਰ ਨੂੰ ਵਿਕਸਿਤ ਕਰਨ ਲਈ ਡਾ. ਜਸਵੰਤ ਸਿੰਘ ਨੇ ਹਮ-ਖਿਆਲੀਏ ਪਰਵਾਸੀ ਪੰਜਾਬੀਆਂ ਨੂੰ ਆਪਣੇ-ਆਪਣੇ ਪਿੰਡਾਂ ਵਿਚ 'ਭਾਗਵੰਤੀ ਯਾਦਗਾਰੀ ਪਬਲਿਕ ਲਾਇਬਰੇਰੀ' ਦੀ ਤਰਜ ਉਤੇ ਪੇਂਡੂ ਲੋਕ ਲਾਇਬਰੇਰੀਆਂ ਸਥਾਪਿਤ ਕਰਨ ਲਈ ਪ੍ਰੇਰਿਆ ਸੀ। ਇਸ ਦੇ ਨਾਲ-ਨਾਲ ਉਨ੍ਹਾਂ ਇਨ੍ਹਾਂ ਭਵਿੱਖਤ ਲਾਇਬਰੇਰੀਆਂ ਦੀਆਂ ਨਵੀਆਂ ਇਮਾਰਤਾਂ ਬਣਾਉਣ ਵਿਚ ਮਾਰਗ-ਦਰਸ਼ਨ ਕਰਨ ਦੀ ਇੱਛਾ ਵੀ ਜਾਹਰ ਕੀਤੀ ਸੀ। ਇਸ ਦੇ ਨਤੀਜੇ ਵਜੋਂ ਨਵੰਬਰ 2011 ਵਿਚ ਜਿਲਾ ਮੋਗਾ ਦੇ ਪਿੰਡ ਲੋਪੋਂ ਵਿਚ 'ਲੋਪੋਂ ਪਬਲਿਕ ਲਾਇਬਰੇਰੀ' ਦੀ ਇਮਾਰਤ ਹੋਂਦ ਵਿਚ ਆਈ, ਜੋ ਡਾ. ਜਸਵੰਤ ਸਿੰਘ ਦੇ ਕਰੀਬੀ ਸੱਜਣ ਇੰਜੀਨੀਅਰ ਬਲਦੇਵ ਸਿੰਘ ਧਾਲੀਵਾਲ ਵਲੋਂ ਸਥਾਪਿਤ ਕੀਤੀ ਗਈ ਹੈ। ਇਹ ਲਾਇਬਰੇਰੀ ਬੂਟਾ ਸਿੰਘ ਠੇਕੇਦਾਰ ਚੈਰੀਟੇਬਲ ਟਰੱਸਟ (ਰਜਿ.), ਲੋਪੋਂ ਦੇ ਸਹਿਯੋਗ ਨਾਲ ਲਹਿਰਾਉਂਦੇ ਖੇਤਾਂ ਤੇ ਵੇਲ-ਬੂਟਿਆਂ ਸੰਗ ਆਪਣੀਆਂ ਸੇਵਾਵਾਂ ਪ੍ਰਦਾਨ ਕਰ ਰਹੀ ਹੈ। ਇਸ ਲਾਇਬਰੇਰੀ ਦੀ ਇਮਾਰਤ ਇਕ ਯੋਜਨਾਬੱਧ ਨਕਸ਼ੇ 'ਤੇ ਆਧਾਰਤ ਹੈ, ਜਿਸ ਨੂੰ ਗਰੀਨ ਬਿਲਡਿੰਗ ਦਾ ਨਾਂ ਦਿੱਤਾ ਗਿਆ ਹੈ।

ਬੱਚਿਆਂ ਵਿਚ ਸਾਹਿਤ ਦੀ ਚੇਟਕ ਲਾਉਣ ਲਈ ਇਹ ਲਾਇਬਰੇਰੀ ਅਨੇਕਾਂ ਕਿਸਮਾਂ ਦੇ ਕਾਰਜਕ੍ਰਮ ਨਿਭਾਉਂਦੀ ਹੈ, ਜਿਵੇਂ ਕਿ ਬਾਲ ਮੇਲਾ, ਕਵੀ ਦਰਬਾਰ ਤੇ ਪੁਸਤਕ ਪ੍ਰਦਰਸ਼ਨੀਆਂ। ਅਜਿਹੀ ਇਕ ਵੱਡੀ ਲਾਇਬਰੇਰੀ ਪਿੰਡ ਸੰਗ ਢੇਸੀਆਂ (ਨਵਾਂ ਸ਼ਹਿਰ) ਵਿਖੇ ਪਰਵਾਸੀ ਪੰਜਾਬੀ ਜੋਗਿੰਦਰ ਕਲਸੀ ਵਲੋਂ ਸਾਲ 2009 ਵਿਚ ਸ਼ੁਰੂ ਕੀਤੀ ਗਈ ਸੀ, ਜਿਸ ਦਾ ਨਾਂ 'ਬਾਬਾ ਸੰਗ ਪਬਲਿਕ ਲਾਇਬਰੇਰੀ' ਹੈ। ਇਸ ਲਾਇਬਰੇਰੀ ਦੀ ਇਕ ਖਾਸੀਅਤ ਇਹ ਹੈ ਕਿ ਇਸ ਵਿਚ ਅਹਿਮ ਪੁਸਤਕਾਂ ਤੇ ਬਾਲ ਰਸਾਲਿਆਂ ਤੋਂ ਇਲਾਵਾ ਪੰਜਾਬੀ ਵਿਰਸੇ ਨਾਲ ਸਬੰਧਿਤ ਪੁਰਾਤਨ ਵਸਤਾਂ ਸਾਂਭੀਆਂ ਪਈਆਂ ਹਨ। ਇਸ ਤੋਂ ਇਲਾਵਾ ਇਸੇ ਹੀ ਵਰ੍ਹੇ ਜਿਲਾ ਲੁਧਿਆਣਾ ਦੇ ਪਿੰਡ ਰੌਣੀ ਵਿਖੇ ਸੁਰਿੰਦਰ ਬਿਨੇਪਾਲ (ਟੋਰਾਂਟੋ) ਵੱਲੋਂ 'ਬਾਬਾ ਸੱਜਣ ਸਿੱਧ ਪਬਲਿਕ ਲਾਇਬਰੇਰੀ ਤੇ ਕੰਪਿਊਟਰ ਸੈਂਟਰ' ਸਥਾਪਿਤ ਕੀਤਾ ਗਿਆ, ਜਿਸ ਦੀ ਦੇਖ-ਰੇਖ ਸ. ਅਜੈਬ ਸਿੰਘ ਮੈਮੋਰੀਅਲ ਟਰੱਸਟ (ਰਜਿ.), ਰੌਣੀ ਕਰ ਰਿਹਾ ਹੈ।

ਉਪਰੋਕਤ ਲਾਇਬਰੇਰੀਆਂ ਤੋਂ ਇਲਾਵਾ ਪੰਜਾਬ ਦੇ ਹੋਰ ਕਈ ਖਿੱਤਿਆਂ ਵਿਚ ਨਵੀਆਂ ਪੇਂਡੂ ਲੋਕ ਲਾਇਬਰੇਰੀਆਂ ਵੇਖ ਕੇ ਸੁਖਦ ਅਹਿਸਾਸ ਹੁੰਦਾ ਹੈ। ਇਨ੍ਹਾਂ ਵਿਚ ਸਭ ਤੋਂ ਪਹਿਲੀ ਲਾਇਬਰੇਰੀ ਜਿਲਾ ਲੁਧਿਆਣਾ ਦੇ ਪਿੰਡ ਲਤਾਲਾ ਵਿਚ ਕੁਝ ਨੌਜਵਾਨਾਂ ਨੇ ਪੰਚਾਇਤ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਦੇ ਬਿਲਕੁੱਲ ਨੇੜੇ ਦੇਸ਼-ਭਗਤਾਂ ਦੇ ਨਾਂ 'ਤੇ 2011 ਵਿਚ ਸਥਾਪਿਤ ਕੀਤੀ, ਜਿਸ ਨੂੰ 'ਅਮਰ ਸ਼ਹੀਦ ਪਬਲਿਕ ਲਾਇਬਰੇਰੀ' ਕਿਹਾ ਜਾਂਦਾ ਹੈ। ਦੂਜੀ ਭਾਈ ਘਨੱਈਆ ਜੀ ਵੈਲਫੇਅਰ ਸੁਸਾਇਟੀ (ਰਜਿ.), ਪੱਖੋਵਾਲ ਵੱਲੋਂ ਜਿਲਾ ਲੁਧਿਆਣਾ ਦੇ ਪਿੰਡ ਪੱਖੋਵਾਲ ਵਿਖੇ 'ਮਾਸਟਰ ਕਰਨੈਲ ਸਿੰਘ ਗਰੇਵਾਲ ਯਾਦਗਾਰੀ ਪਬਲਿਕ ਲਾਇਬਰੇਰੀ' ਨਾਂ ਹੇਠ 1997 ਵਿਚ ਸਥਾਪਿਤ ਕੀਤੀ ਗਈ ਅਤੇ ਤੀਜੀ ਚੱਕ ਭਾਈਕਾ (ਲੁਧਿਆਣਾ) ਵਿਖੇ ਸਥਿਤ 'ਸੁੰਦਰ ਮੈਮੋਰੀਅਲ ਪਬਲਿਕ ਲਾਇਬਰੇਰੀ' (2012) ਹੈ।

ਡਾ. ਜਸਵੰਤ ਸਿੰਘ ਵਲੋਂ ਪਿੰਡ-ਪਿੰਡ ਲੋਕ ਲਾਇਬਰੇਰੀਆਂ ਸਥਾਪਤ ਕਰਨ ਦੀ ਇਸ ਲਹਿਰ ਦੇ ਪ੍ਰਭਾਵ ਅਧੀਨ ਅੰਮ੍ਰਿਤਸਰ ਦੇ ਠੇਕੇਦਾਰ ਬਿਸ਼ਨ ਸਿੰਘ ਹੰਸਪਾਲ ਪਬਲਿਕ ਚੈਰੀਟੇਬਲ ਟਰੱਸਟ ਨੇ ਸਾਲ 2010 ਵਿਚ ਅੰਮ੍ਰਿਤਸਰ ਦੇ ਸਰਹੱਦੀ ਪਿੰਡਾਂ ਦੇ ਪੰਜ ਮੁਢਲੇ ਸਕੂਲਾਂ ਵਿਚ ਲਾਇਬਰੇਰੀਆਂ ਦੀ ਉਸਾਰੀ ਕਰਵਾਈ। ਇਹ ਲਾਇਬਰੇਰੀਆਂ ਸਕੂਲੀ ਬੱਚਿਆਂ ਦੇ ਨਾਲ-ਨਾਲ ਪਿੰਡਾਂ ਦੇ ਵਸਨੀਕਾਂ ਲਈ ਹਮੇਸ਼ਾ ਖੁੱਲ੍ਹੀਆਂ ਰਹਿੰਦੀਆਂ ਹਨ। ਇਹ ਪੇਂਡੂ ਲੋਕ ਲਾਇਬਰੇਰੀਆਂ ਇੰਟਰਨੈੱਟ ਸਹੂਲਤ ਸਮੇਤ ਆਧੁਨਿਕ ਸਾਜ਼ੋ-ਸਾਮਾਨ ਨਾਲ ਭਰਪੂਰ ਹਨ। ਹਰੇਕ ਲਾਇਬਰੇਰੀ ਵਿਚ ਹੁਨਰ ਵਿਕਾਸ ਕੇਂਦਰ ਵੀ ਮੌਜੂਦ ਹੈ, ਜੋ ਲਾਇਬਰੇਰੀ ਦੇ ਅਨਿਖੜਵੇਂ ਅੰਗ ਵਜੋਂ ਸਦਾ ਕਾਰਜਸ਼ੀਲ ਹੈ।

ਅਗਸਤ 2012 ਵਿਚ ਇਨ੍ਹਾਂ ਲਾਇਬਰੇਰੀਆਂ ਨੇ ਦੋ-ਭਾਸ਼ੀ (ਅੰਗਰੇਜ਼ੀ-ਪੰਜਾਬੀ) ਰਸਾਲਾ, 'ਪੰਜਾਬ ਦਿਹਾਤੀ ਲਾਇਬਰੇਰੀ ਮੈਗਜ਼ੀਨ' ਪ੍ਰਕਾਸ਼ਿਤ ਕਰਨ ਦੀ ਸ਼ੁਰੂਆਤ ਕੀਤੀ ਸੀ। ਇਨ੍ਹਾਂ ਦਿਹਾਤੀ ਲੋਕ ਲਾਇਬਰੇਰੀਆਂ ਅਤੇ ਉਨ੍ਹਾਂ ਦੇ ਹੁਨਰ ਵਿਕਾਸ ਕੇਂਦਰਾਂ ਨੇ ਪਿੰਡਾਂ ਦੇ ਲੋਕਾਂ, ਖਾਸ ਕਰਕੇ ਜਵਾਨ ਲੜਕੀਆਂ ਨੂੰ ਸਿਖਿਅਤ ਕਰਨ ਦੇ ਨਾਲ-ਨਾਲ ਰੋਜ਼ਗਾਰ ਦੇ ਅਨੇਕਾਂ ਨਵੇਂ ਢੰਗ ਵੀ ਸਿਖਾਏ ਹਨ, ਜਿਸ ਨਾਲ ਉਹ ਸਮਾਜ ਵਿਚ ਸਵੈਮਾਣ ਦੀ ਜ਼ਿੰਦਗੀ ਬਤੀਤ ਕਰ ਰਹੀਆਂ ਹਨ। ਜੇ ਅਜਿਹਾ ਨਾ ਹੁੰਦਾ ਤਾਂ ਉਹ ਅੱਜ ਵੀ ਜਿਮੀਂਦਾਰ ਘਰਾਂ ਵਿਚ ਘੱਟ ਰੇਟਾਂ 'ਤੇ ਗੋਹਾ-ਕੂੜਾ ਕਰਦੀਆਂ ਸ਼ੋਸ਼ਿਤ ਹੋ ਰਹੀਆਂ ਹੁੰਦੀਆਂ।

ਡਾ. ਜਸਵੰਤ ਸਿੰਘ ਤੇ ਪਰਵਾਸੀ ਪੰਜਾਬੀਆਂ ਨੇ ਪੰਜਾਬ ਦੇ ਦਿਹਾਤੀ ਖੇਤਰਾਂ ਵਿਚ ਲਾਇਬਰੇਰੀਆਂ ਅਤੇ ਸਾਖਰਤਾ ਦੇ ਵਿਕਾਸ ਲਈ ਅਨੇਕਾਂ ਸਾਰਥਕ ਕਾਰਜ ਕੀਤੇ ਹਨ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਲੋਕ ਓਨਾ ਚਿਰ ਤਕ ਪੜ੍ਹਨ ਨੂੰ ਤਰਜ਼ੀਹ ਨਹੀਂ ਦੇਣਗੇ, ਜਿੰਨੀ ਦੇਰ ਤਕ ਉਨ੍ਹਾਂ ਨੂੰ ਲਾਇਬਰੇਰੀਆਂ ਅਤੇ ਕਿਤਾਬਾਂ ਨਾਲ ਜੋੜਿਆ ਨਹੀਂ ਜਾਂਦਾ। ਇਹ ਜੋੜ ਪੰਜਾਬ ਦੀ ਧਰਤੀ 'ਤੇ ਅਲੋਪ ਹੈ ਅਤੇ ਇਸ ਵਿਚ ਸਮੇਂ ਦੀਆਂ ਸਰਕਾਰਾਂ ਦੀ ਵੀ ਕੋਈ ਦਿਲਚਸਪੀ ਨਹੀਂ ਹੈ। ਡਾ. ਜਸਵੰਤ ਸਿੰਘ ਨੇ ਯੂ. ਐੱਸ. ਏ. ਦੀਆਂ ਯੂਨੀਵਰਸਿਟੀਆਂ ਤੋਂ ਦੋ ਉਚ-ਅਕਾਦਮਿਕ ਡਿਗਰੀਆਂ (ਪੀਐੱਚ. ਡੀ.) ਹਾਸਲ ਕੀਤੀਆਂ ਸਨ: ਇਕ ਸਿੱਖਿਆ ਦੇ ਖੇਤਰ ਵਿਚ ਅਤੇ ਦੂਜੀ ਲਾਇਬਰੇਰੀ ਵਿਗਿਆਨ ਦੇ। ਇਸ ਤੋਂ ਇਲਾਵਾ ਉਨ੍ਹਾਂ ਕੋਲ ਪੜ੍ਹਾਉਣ ਅਤੇ ਲਾਇਬਰੇਰੀ ਸੇਵਾਵਾਂ ਪ੍ਰਦਾਨ ਕਰਨ ਦਾ ਸਾਲਾਂ-ਬੱਧੀ ਤਜਰਬਾ ਸੀ, ਜਿਸ ਕਾਰਨ ਉਨ੍ਹਾਂ ਨੂੰ ਪੰਜਾਬ ਵਿਚ ਨਿੱਘਰਦੀ ਜਾ ਰਹੀ ਸਿੱਖਿਆ, ਪੁਸਤਕਾਂ ਨਾ ਪੜ੍ਹਨ ਦੇ ਸੱਭਿਆਚਾਰ ਅਤੇ ਇਨ੍ਹਾਂ ਦੇ ਮਾਰੂ-ਪ੍ਰਭਾਵਾਂ ਨੂੰ ਸਮਝਣ ਵਿਚ ਦੇਰ ਨਾ ਲੱਗੀ। ਉਨ੍ਹਾਂ ਦੇ ਕਿਤਾਬਾਂ ਅਤੇ ਸਿੱਖਿਆ ਪ੍ਰਤੀ ਜਨੂਨ ਨੇ ਹਰ ਮਿਲਣ ਵਾਲੇ ਸ਼ਖਸ ਨੂੰ ਪ੍ਰਭਾਵਿਤ ਤੇ ਪ੍ਰੇਰਿਤ ਕੀਤਾ ਸੀ।

1999 ਤੋਂ ਉਹ 'ਪੰਜਾਬ ਲਾਇਬਰੇਰੀ ਐਸੋਸੀਏਸ਼ਨ' ਦੇ ਯਤਨਾਂ ਦੀ ਹਮਾਇਤ ਕਰਦੇ ਆ ਰਹੇ ਸਨ ਤਾਂ ਜੋ ਪੰਜਾਬ ਵਿਚ ਪੰਜਾਬ ਪਬਲਿਕ ਲਾਇਬਰੇਰੀ ਕਾਨੂੰਨ ਲਾਗੂ ਹੋ ਸਕੇ। ਇਸ ਕਾਨੂੰਨ ਵਾਸਤੇ ਉਨ੍ਹਾਂ ਸਮੇਂ ਦੀਆਂ ਸਰਕਾਰਾਂ ਦੇ ਅਨੇਕਾਂ ਮੰਤਰੀਆਂ ਅਤੇ ਉਚ-ਅਧਿਕਾਰੀਆਂ ਨਾਲ ਕਈ-ਕਈ ਮਿਲਣੀਆਂ ਕੀਤੀਆਂ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਇਸ ਕਾਨੂੰਨ ਦੀ ਅਣਹੋਂਦ ਵਿਚ 'ਪੰਜਾਬ ਨੈਸ਼ਨਲ ਨੌਲਿਜ ਕਮਿਸ਼ਨ (2005-2008)' ਦੀ ਉਸ ਰਿਪੋਰਟ ਤੋਂ ਕੋਈ ਵੀ ਫਾਇਦਾ ਨਹੀਂ ਲੈ ਸਕੇਗਾ, ਜਿਸ ਵਿਚ ਲੋਕ ਲਾਇਬਰੇਰੀਆਂ ਨੂੰ ਸਾਖਰਤਾ ਅਤੇ ਆਰਥਕ ਵਿਕਾਸ ਦੀ ਰੀੜ੍ਹ ਦੀ ਹੱਡੀ ਦੇ ਰੂਪ ਵਿਚ ਪੇਸ਼ ਕੀਤਾ ਗਿਆ ਸੀ। ਪਬਲਿਕ ਲਾਇਬਰੇਰੀਆਂ ਦੇ ਮਹੱਤਵ ਤੋਂ ਅਨਜਾਣ 'ਸਮਰੱਥ' ਅਧਿਕਾਰੀਆਂ ਨੇ ਡਾ. ਜਸਵੰਤ ਸਿੰਘ ਦੇ ਪੰਜਾਬ ਪਬਲਿਕ ਲਾਇਬਰੇਰੀ ਕਾਨੂੰਨ ਪ੍ਰਤੀ ਕੀਤੇ ਸਿਰੜੀ ਅਤੇ ਅਹਿਮ ਯਤਨਾਂ ਨੂੰ ਬੂਰ ਨਾ ਪੈਣ ਦਿੱਤਾ। ਉਪਰੋਕਤ ਕਾਨੂੰਨ ਦੀ ਪ੍ਰਾਪਤੀ ਲਈ ਉਨ੍ਹਾਂ ਆਪਣੇ ਸਾਥੀਆਂ ਸਮੇਤ ਪੰਜਾਬ ਅਤੇ ਹਰਿਆਣਾ ਉਚ ਅਦਾਲਤ ਦਾ ਬੂਹਾ ਵੀ ਖੜਕਾਇਆ ਸੀ ਤਾਂ ਜੋ ਉਹ ਅਦਾਲਤ ਪੰਜਾਬ ਸਰਕਾਰ ਨੂੰ ਇਸ ਕਾਨੂੰਨ ਪ੍ਰਤੀ ਜ਼ਿੰਮੇਵਾਰ ਬਣਾ ਸਕੇ, ਪਰ ਅਫਸੋਸ ਅੱਜ ਤਕ ਇਸ ਪਟੀਸ਼ਨ ਦਾ ਕੋਈ ਨਤੀਜਾ ਨਾ ਨਿਕਲ ਸਕਿਆ। ਉਹ ਅਕਸਰ ਕਹਿੰਦੇ ਸਨ, "ਮੇਰੀ ਜ਼ਿੰਦਗੀ ਦਾ ਸੂਰਜ ਇਸ ਕਾਨੂੰਨ ਦੇ ਪਾਸ ਹੋਣ ਤੋਂ ਪਹਿਲਾਂ ਅਸਤ ਹੋਣ ਵਾਲਾ ਨਹੀਂ ਹੈ।"

ਪਰ ਇਹ ਬਹੁਤ ਦੁੱਖ ਦੀ ਗੱਲ ਹੈ ਕਿ ਉਹ ਆਪਣੇ ਇਸ ਪੰਜਾਬ ਪਬਲਿਕ ਲਾਇਬਰੇਰੀ ਕਾਨੂੰਨ ਦੇ ਸੁਪਨੇ ਨੂੰ ਸਾਕਾਰ ਕਰਨ ਤੋਂ ਪਹਿਲਾਂ ਹੀ ਚੱਲ ਵੱਸੇ। ਜਗਤਾਰ ਰਾਹਾ ਅਨੁਸਾਰ, "ਡਾ. ਜਸਵੰਤ ਸਿੰਘ ਕੋਲ ਲੋਕਾਂ ਨਾਲ ਮਿਲ-ਬੈਠਣ ਦਾ ਪੈਦਾਇਸ਼ੀ ਗੁਣ ਸੀ। ਉਹ ਛੋਟੇ ਬੱਚਿਆਂ ਨੂੰ ਬੇਇੰਤਹਾ ਮੁਹੱਬਤ ਕਰਦੇ ਸਨ ਅਤੇ ਉਨ੍ਹਾਂ ਦੇ ਉਜਲ ਭਵਿੱਖ ਲਈ ਸਦਾ ਕਾਰਜਸ਼ੀਲ ਸਨ।" ਡਾ. ਜਸਵੰਤ ਸਿੰਘ ਇਕ ਉਘੇ ਸਮਾਜ-ਸੇਵਕ, ਪਿੰਡਾਂ 'ਚ ਪਬਲਿਕ ਲਾਇਬਰੇਰੀਆਂ ਦੇ ਨਿਰਮਾਤਾ, ਨਿੱਘੇ ਦੋਸਤ ਅਤੇ ਜ਼ਿੰਮੇਵਾਰ ਪਰਿਵਾਰਕ ਵਿਅਕਤੀ ਵਜੋਂ ਯਾਦ ਰੱਖੇ ਜਾਣਗੇ, ਜਿਨ੍ਹਾਂ ਵਿਚ ਜ਼ਿੰਦਗੀ ਜਿਉਣ ਦਾ ਭਰਪੂਰ ਉਤਸ਼ਾਹ ਸੀ। ਉਨ੍ਹਾਂ ਵਿਚ ਪੁਸਤਕਾਂ ਪ੍ਰਤੀ ਪਿਆਰ ਅਤੇ ਤਾ-ਉਮਰ ਸਿੱਖਣ-ਸਿਖਾਉਣ ਦੀ ਚਿਣਗ ਸਮੇਤ ਅਨੇਕਾਂ ਗੁਣ ਸਨ। ਉਨ੍ਹਾਂ ਸਦਾ ਉਸ ਚੜ੍ਹਦੀ ਕਲਾ ਦੇ ਸੰਕਲਪ ਨੂੰ ਰੂਪਮਾਨ ਕੀਤਾ ਹੈ, ਜੋ ਸਾਨੂੰ ਹਮੇਸ਼ਾ ਆਸਵੰਦ ਹੋਣ ਦਾ ਸਬਕ ਸਿਖਾਉਂਦਿਆਂ ਸਦੀਵੀ ਅਨੰਦਮਈ ਅਵਸਥਾ ਲਈ ਪ੍ਰੇਰਿਤ ਕਰਦਾ ਹੈ।

ਸ਼ਖ਼ਸੀਅਤਾਂ

# ਗੁਰੂਦੇਵ ਡਾ. ਹਰਿਭਜਨ ਸਿੰਘ ਦਾ ਸੰਗ-ਸਾਥ

***ਪੰਜਾਬੀ ਕਾਵਿ-ਜਗਤ, ਆਲੋਚਨਾ, ਅਨੁਵਾਦ ਅਤੇ ਅਧਿਆਪਨ ਦੇ ਖੇਤਰਾਂ ਵਿਚ ਡਾ. ਹਰਿਭਜਨ ਸਿੰਘ (18 ਅਗਸਤ 1920-21 ਅਕਤੂਬਰ 2002) ਦਾ ਮੁਕਾਮ ਬਹੁਤ ਉਚਾ ਹੈ। ਇਨ੍ਹਾਂ ਚਾਰੇ ਖੇਤਰਾਂ ਵਿਚ ਨਵੀਂ ਪੈੜਾਂ ਪਾਈਆਂ। ਉਨ੍ਹਾਂ ਦੀ ਬੌਧਿਕ ਸਮਰੱਥਾ ਅਤੇ ਸ਼ਖਸੀਅਤ ਸਭ ਨੂੰ ਕਾਇਲ ਕਰ ਜਾਂਦੀ। ਸਾਲ 2020 ਉਨ੍ਹਾਂ ਦਾ ਜਨਮ ਸ਼ਤਾਬਦੀ ਵਰ੍ਹਾ ਹੈ। ਅਸੀਂ ਆਪਣੇ ਪਾਠਕਾਂ ਨੂੰ ਉਨ੍ਹਾਂ ਦੀਆਂ ਕੁਝ ਖਾਸ ਲਿਖਤਾਂ ਦੇ ਰੂਬਰੂ ਕਰਦੇ ਰਹਾਂਗੇ। ਇਸ ਵਾਰ ਅਸੀਂ ਪ੍ਰੋ. ਸੁਹਿੰਦਰ ਬੀਰ ਦੇ ਲੰਮੇ ਲੇਖ ਦੀ ਪਹਿਲੀ ਕਿਸ਼ਤ ਛਾਪ ਰਹੇ ਹਾਂ। ਇਸ ਵਿਚੋਂ ਡਾ. ਹਰਿਭਜਨ ਸਿੰਘ ਦੀ ਸ਼ਖਸੀਅਤ ਅਤੇ ਰਚਨਾਵਾਂ ਖੂਬ ਝਾਤੀ ਮਾਰਦੀਆਂ ਹਨ। -ਸੰਪਾਦਕ***



ਡਾ. ਹਰਿਭਜਨ ਸਿੰਘ ਨਾਲ ਮੇਰੀ ਪਹਿਲੀ ਮਿਲਣੀ ਦਾ ਵਾਕਿਆ ਇਸ ਤਰ੍ਹਾਂ ਹੈ ਕਿ 1974 ਵਿਚ ਮੈਂ ਸਰਕਾਰੀ ਕਾਲਜ ਗੁਰਦਾਸਪੁਰ ਵਿਖੇ ਬੀ. ਏ. ਭਾਗ ਪਹਿਲਾ ਦਾ ਵਿਦਿਆਰਥੀ ਸਾਂ ਅਤੇ ਕਾਲਜ ਦੇ ਹੋਸਟਲ ਵਿਚ ਹੀ ਰਹਿੰਦਾ ਸਾਂ। ਕਵਿਤਾ ਲਿਖਣ ਦਾ ਸ਼ੌਕ ਸੀ। ਦੋ-ਤਿੰਨ ਸਾਲ ਹੋ ਗਏ ਸਨ ਕਲਮ ਘਸਾਈ ਕਰਦਿਆਂ। ਇਕ ਸ਼ਾਮ ਮੈਂ ਟੈਲੀਵਿਜ਼ਨ 'ਤੇ 'ਜਵਾਂ ਤਰੰਗ' ਪ੍ਰੋਗਰਾਮ ਦੇਖ ਰਿਹਾ ਸਾਂ ਕਿ ਇਕ ਸੂਚਨਾ ਦਾ ਪ੍ਰਸਾਰਣ ਹੋਇਆ। ਸੂਚਨਾ ਸੀ ਕਿ 'ਜਵਾਂ ਤਰੰਗ' ਪ੍ਰੋਗਰਾਮ ਵੱਲੋਂ ਕਵੀ ਦਰਬਾਰ ਕੀਤਾ ਜਾ ਰਿਹਾ ਹੈ, ਜਿਸ ਵਿਚ ਨੌਜਵਾਨ ਕਵੀਆਂ ਪਾਸੋਂ ਉਨ੍ਹਾਂ ਦੀਆਂ ਪੰਜ ਪੰਜ ਕਵਿਤਾਵਾਂ ਭੇਜਣ ਦੀ ਮੰਗ ਕੀਤੀ ਗਈ। ਅਭਿਆਸੀ ਕਵਿਤਾਵਾਂ ਲਿਖ ਲਿਖ ਕੇ ਮੈਂ ਆਪਣੀ ਕਾਪੀ ਭਰੀ ਹੋਈ ਸੀ, ਇਸ ਕਰ ਕੇ ਉਨ੍ਹਾਂ ਵਿਚੋਂ

**ਪ੍ਰੋ. ਸੁਹਿੰਦਰ ਬੀਰ**

ਹੀ ਮੈਂ ਪੰਜ ਕਵਿਤਾਵਾਂ ਚੁਣ ਕੇ 'ਜਵਾਂ ਤਰੰਗ' ਪ੍ਰੋਗਰਾਮ ਨੂੰ ਡਾਕ ਰਾਹੀਂ ਭੇਜ ਦਿੱਤੀਆਂ।

ਪੰਦਰਾਂ ਕੁ ਦਿਨ ਬੀਤੇ ਹੋਣੇ ਹਨ ਕਿ ਦੂਰਦਰਸ਼ਨ ਕੇਂਦਰ ਦਿੱਲੀ ਵੱਲੋਂ ਉਥੇ ਆ ਕੇ ਆਪਣੀਆਂ ਕਵਿਤਾਵਾਂ ਪੇਸ਼ ਕਰਨ ਲਈ ਮੈਨੂੰ ਸੱਦਾ-ਪੱਤਰ ਆ ਗਿਆ। ਚਿੱਠੀ ਵਿਚ ਟੀ. ਏ./ਡੀ. ਏ. ਦਾ ਵੀ ਹਵਾਲਾ ਸੀ, ਜੋ ਸੇਵਾ-ਫਲ ਵਜੋਂ ਦਿੱਤਾ ਜਾਣਾ ਸੀ। ਇਹ ਚਿਠੀ ਕਾਹਦੀ ਸੀ, ਮੇਰੇ ਕਵੀ ਹੋਣ ਦਾ ਪ੍ਰਥਮ ਪ੍ਰਮਾਣ-ਪੱਤਰ ਸੀ। ਅਗਲੇ ਦਿਨ ਮੈਂ ਇਹ ਚਿੱਠੀ ਕਾਲਜ ਦੇ ਪ੍ਰਿੰਸੀਪਲ ਸ. ਕਰਤਾਰ ਸਿੰਘ ਨੂੰ ਦਿਖਾਈ, ਉਨ੍ਹਾਂ ਨੇ ਉਹ ਚਿੱਠੀ ਕਾਲਜ ਦੀ ਸ਼ਾਨ ਸਮਝ ਕੇ ਨੋਟਿਸ ਬੋਰਡ 'ਤੇ ਲਵਾ ਦਿੱਤੀ। ਸਾਰੇ ਕਾਲਜ ਵਿਚ ਮੇਰੇ ਨਾਮ ਦਾ ਡੰਕਾ ਵੱਜ ਗਿਆ।

ਹੋਸਟਲ ਵਿਚ ਰਹਿਣ ਕਰ ਕੇ ਆਪਣੀ ਮਿੱਤਰ-ਮੰਡਲੀ ਨਾਲ ਦਿੱਲੀ ਜਾਣ ਬਾਰੇ ਸਲਾਹ-ਮਸ਼ਵਰਾ ਕਰ ਰਿਹਾ ਸਾਂ। ਡਾ. ਗੁਰਮੀਤ ਮੇਰਾ ਜਮਾਤੀ ਸੀ ਤੇ ਅਸੀਂ ਅਕਸਰ ਇਕੱਠੇ ਰਹਿੰਦੇ ਸਾਂ। ਆਪਸ ਵਿਚ ਸਲਾਹ ਕਰ ਰਹੇ ਸਾਂ ਕਿ ਦਿੱਲੀ ਕਿਥੇ ਰਿਹਾ ਜਾਵੇ? ਕਿਵੇਂ ਜਾਇਆ ਜਾਵੇ? ਮਿੱਤਰ-ਮੰਡਲੀ ਵਿਚ ਹੀ ਸਾਡਾ ਸਾਂਝਾ ਦੋਸਤ ਸੀ, ਕੁਲਵਿੰਦਰ। ਉਹ ਕਦੇ ਕਦੇ ਹੋਸਟਲ ਆਉਂਦਾ ਸੀ, ਉਂਜ ਉਹ ਸ਼ਹਿਰ ਆਪਣੇ ਘਰ ਵਿਚ ਹੀ ਰਹਿੰਦਾ ਸੀ। ਸਾਡੀ ਗੱਲ ਸੁਣ ਕੇ ਕਹਿਣ ਲੱਗਾ, ਤੂੰ ਦਿੱਲੀ ਮੇਰੇ ਮਾਸੜ ਜੀ ਪਾਸ ਰਹਿ ਪਵੀਂ। ਮੈਂ ਉਸ ਨੂੰ ਪੁਛਿਆ ਕਿ ਤੇਰੇ ਮਾਸੜ ਜੀ ਕੀ ਕਰਦੇ ਹਨ? ਕਹਿਣ ਲੱਗਾ, "ਡਾ. ਹਰਿਭਜਨ ਸਿੰਘ ਮੇਰੇ ਮਾਸੜ ਜੀ ਹਨ।" ਇਹ ਸੁਣਦਿਆਂ ਹੀ ਮੇਰੇ ਅੰਦਰ ਖੁਸ਼ੀ ਦੀ ਲਹਿਰ ਦੌੜ ਪਈ। ਪਾਠ-ਕ੍ਰਮ ਵਿਚ ਲੱਗੀ ਹੋਈ ਉਨ੍ਹਾਂ ਦੀ ਸੰਪਾਦਿਤ ਪੁਸਤਕ 'ਕਾਵਿ-ਕੀਰਤੀ' ਅਸੀਂ ਰੋਜ਼ ਪੜ੍ਹਦੇ ਸਾਂ। ਕਿਰਪਾਲ ਸਿੰਘ ਯੋਗੀ ਮੇਰੇ ਅਧਿਆਪਕ ਸਨ ਜੋ ਬਹੁਤ ਹੀ ਨਿਮਰ, ਸੁਹਿਰਦ ਅਤੇ ਜ਼ਮੀਨੀ ਪੱਧਰ 'ਤੇ ਵਿਚਰਨ ਵਾਲੇ ਇਨਸਾਨ ਸਨ। ਉਹ ਅਕਸਰ ਦਿੱਲੀ ਦੇ ਲੇਖਕਾਂ ਦੀਆਂ ਕਹਾਣੀਆਂ 'ਆਰਸੀ' ਦੇ ਹਵਾਲੇ ਨਾਲ ਸਾਨੂੰ ਸੁਣਾਉਂਦੇ ਰਹਿੰਦੇ। ਬਾਵਾ ਬਲਵੰਤ ਦੀ ਸ਼ਾਇਰੀ ਦਾ ਜ਼ਿਕਰ ਕਰਦਿਆਂ ਤਾਂ ਉਹ ਅਸ਼ ਅਸ਼ ਕਰ ਉਠਦੇ। ਇਸ ਦੇ ਬਾਵਜੂਦ ਪੰਜਾਬੀ ਦੇ ਲੇਖਕਾਂ ਬਾਰੇ ਮੈਨੂੰ ਉਸ ਸਮੇਂ ਤਕ ਕੋਈ ਬਹੁਤੀ ਜਾਣਕਾਰੀ ਨਹੀਂ ਸੀ।

ਅਗਲੇ ਦਿਨ ਕੁਲਵਿੰਦਰ ਨੇ ਆਪਣੇ ਬੀਜੀ ਪਾਸੋਂ ਭੈਣ ਦੇ ਨਾਮ ਪੱਤਰ ਲਿਖਵਾ ਕੇ ਮੈਨੂੰ ਦੇ ਦਿੱਤਾ ਤਾਂ ਮੇਰੀ ਦਿੱਲੀ ਰਹਿਣ ਦੀ ਚਿੰਤਾ ਦੂਰ ਹੋ ਗਈ। ਹੁਣ ਮੈਂ ਦਿੱਲੀ ਜਾਣ ਲਈ ਤਿਆਰੀ ਅਰੰਭ ਦਿੱਤੀ। ਨਿੱਕਾ ਜਿਹਾ ਬੈਗ, ਕਵਿਤਾਵਾਂ ਵਾਲੀ ਕਾਪੀ ਤੇ ਚੰਦ ਛਿੱਲੜ ਜੇਬ ਵਿਚ ਪਾ ਲਏ। ਇਸ ਤੋਂ ਪਹਿਲਾਂ ਤਾਂ ਮੈਂ ਲੁਧਿਆਣਾ, ਚੰਡੀਗੜ੍ਹ ਵੀ ਨਹੀਂ ਸੀ ਦੇਖਿਆ, ਦਿੱਲੀ ਤਾਂ ਕੀ ਦੇਖਣੀ ਸੀ! ਜਿਸ ਦਿਨ ਕਵੀ ਦਰਬਾਰ ਸੀ, ਉਸ ਤੋਂ ਇਕ ਦਿਨ ਪਹਿਲਾਂ ਮੈਂ ਦਿੱਲੀ ਜਾਣ ਦਾ ਪ੍ਰੋਗਰਾਮ ਉਲੀਕ ਲਿਆ। ਗੁਰਦਾਸਪੁਰ ਤੋਂ ਸਵੇਰੇ ਸਵਖਤੇ ਬੱਸ ਲਈ ਤੇ ਉਸ ਨੇ ਸ਼ਾਮ ਨੂੰ ਮੈਨੂੰ ਦਿੱਲੀ ਪੁਚਾ ਦਿੱਤਾ। ਪੁੱਛਦਾ-ਪੁਛਾਉਂਦਾ ਕਰੋਲ ਬਾਗ ਦੀ ਉਸ ਗਲੀ ਵਿਚ ਪਹੁੰਚ ਗਿਆ, ਜਿਥੇ ਡਾ. ਸਾਹਿਬ ਰਹਿੰਦੇ ਸਨ। ਗਲੀ ਵਿਚ ਇਕ ਆਦਮੀ ਤੋਂ ਡਾ. ਸਾਹਿਬ ਬਾਬਤ ਪੁੱਛਿਆ ਤਾਂ ਉਹ ਮੈਨੂੰ ਉਨ੍ਹਾਂ ਪਾਸ ਛੱਡ ਆਇਆ।

ਗਲੀ ਵਿਚ ਬੱਚੇ ਖੇਡ ਰਹੇ ਹਨ, ਸਬਜ਼ੀ ਵਾਲਾ ਸਬਜ਼ੀ ਵੇਚ ਰਿਹਾ ਹੈ, ਨਿੱਕੀ ਮੋਟੀ ਆਵਾਜਾਈ ਵੀ ਚਲ ਰਹੀ ਹੈ, ਪਰ ਡਾ. ਸਾਹਿਬ ਆਲੇ-ਦੁਆਲੇ ਤੋਂ ਬੇਖੌਫ, ਆਪਣੇ ਧਿਆਨ ਕਿਸੇ ਕਿਤਾਬ ਵਿਚ ਡੂੰਘੇ ਖੁਭੇ ਹੋਏ ਸਨ। ਮੇਜ਼ 'ਤੇ ਕਿਤਾਬਾਂ ਤੇ ਕਾਗਜ਼ ਪਏ ਹੋਏ ਸਨ। ਮੈਨੂੰ ਉਸ ਵੇਲੇ ਉਨ੍ਹਾਂ ਦੀ ਦਿੱਖ ਮਹਾਂਕਵੀ ਰਬਿੰਦਰ ਨਾਥ ਟੈਗੋਰ ਜਿਹੀ ਲੱਗੀ। ਮੈਂ ਝੁਕ ਕੇ ਉਨ੍ਹਾਂ ਦੇ ਗੋਡੇ ਹੱਥ ਲਾਇਆ, ਚਿੱਠੀ ਫੜਾਈ ਅਤੇ ਆਪਣੇ ਆਉਣ ਦਾ ਮਕਸਦ ਦੱਸਿਆ। ਉਨ੍ਹਾਂ ਨੇ ਆਪਣੀ ਪਤਨੀ ਨੂੰ ਆਵਾਜ਼ ਮਾਰੀ ਤੇ ਮੇਰੇ ਬਾਰੇ ਦੱਸਿਆ। ਬੀਜੀ ਨੇ ਕੁਲਵਿੰਦਰ ਅਤੇ ਉਨ੍ਹਾਂ ਦੇ ਪਰਿਵਾਰ ਦੀ ਸੁੱਖ-ਸਾਂਦ ਪੁੱਛੀ ਤੇ ਖਿੜੇ ਮੱਥੇ ਮੈਨੂੰ ਘਰ ਦੇ ਅੰਦਰ ਲੈ ਗਏ। ਉਨ੍ਹਾਂ ਦੀ ਨਿੱਘੀ ਮਿਲਣੀ ਨਾਲ ਮੇਰੀ ਸਾਰੀ ਥਕਾਵਟ ਦੂਰ ਹੋ ਗਈ। ਸ਼ਾਮ ਤਾਂ ਪਹਿਲਾਂ ਹੀ ਹੋ ਚੁਕੀ ਸੀ, ਹੁਣ ਸੁਰਮਈ ਅਤੇ ਘਸਮੈਲੇ ਰੰਗ ਦੀ ਹੋ ਰਹੀ ਸੀ।

ਡਾ. ਸਾਹਿਬ ਨੇ ਹੱਥਲਾ ਕੰਮ ਨਬੇੜ ਲਿਆ ਅਤੇ ਘਰ ਦੇ ਲਾਗੇ ਪਾਰਕ ਵਿਚ ਘੁੰਮਣ ਲਈ ਮੈਨੂੰ ਤਿਆਰ ਕਰ ਲਿਆ। ਰਸਤੇ ਵਿਚ ਮੈਂ ਡਾ. ਸਾਹਿਬ ਨੂੰ ਦੱਸਿਆ ਕਿ ਤੁਹਾਡੀ ਸੰਪਾਦਿਤ ਪੁਸਤਕ 'ਕਾਵਿ ਕੀਰਤੀ' ਮੈਂ ਕਾਲਜ ਵਿਚ ਪੜ੍ਹਦਾ ਹਾਂ। ਪਾਰਕ ਵਿਚ ਪਹੁੰਚ ਕੇ ਮੈਂ ਉਨ੍ਹਾਂ ਨੂੰ ਆਪਣੀਆਂ ਕਵਿਤਾਵਾਂ ਸੁਣਾਉਣ ਲਈ ਕਿਹਾ ਤਾਂ



ਡਾ. ਹਰਿਭਜਨ ਸਿੰਘ ਅਤੇ ਪ੍ਰੋ. ਸੁਹਿੰਦਰ ਬੀਰ

ਉਨ੍ਹਾਂ ਇਕ ਇਕ ਕਰਕੇ ਸੁਣਾਉਣੀਆਂ ਸ਼ੁਰੂ ਕੀਤੀਆਂ:

ਮੇਰਾ ਬਚਪਨ ਅਜੇ ਨਾ ਆਇਆ!  
ਮੇਰਾ ਬਚਪਨ ਕਦ ਆਵੇਗਾ?  
ਜਦ ਉਮਰਾਂ ਦੀ ਝੋਲੀ ਦੇ ਵਿਚ  
ਦੋ ਤਿੰਨ ਚਾਰ ਜਾਂ ਪੰਜ ਵਰ੍ਹੇ ਸਨ  
ਕਦੇ ਨਾ ਉਗੀ ਮੇਰੀ ਮਾਂ ਦੇ  
ਬੁੱਲਾਂ ਉਤੇ ਹਰੀ ਕਰੂੰਬਲ।

---

ਕਿਹੜੇ ਬਿਰਛ ਨੂੰ ਆਪਣਾ ਆਖ ਬੁਲਾਵਾਂ  
ਕਿਹੜੀ ਕਿਹੜੀ ਛਾਂ ਮੇਰੀ ਮਾਂ ਵਰਗੀ  
ਕਿਹੜਾ ਕਿਹੜਾ ਡਾਹਣਾਂ ਵਾਂਗ ਭਰਾਵਾਂ...?

---

ਜੰਗਲ ਵਿਚ ਪਰਛਾਵੇਂ ਹੀ ਪਰਛਾਵੇਂ ਨੇ  
ਉਮਰਾਂ ਤੁਰੀਆਂ ਜਾਣ ਕੀੜੀਆਂ ਦੀਆਂ ਕਤਾਰਾਂ  
ਏਸ ਰਾਹ ਦੇ ਲੀਕ ਜਾਲ 'ਤੇ  
ਪੈਰ ਅਨੈਣ ਸਹਿਜ ਤੁਰਦਾ ਹੈ  
ਪੈਰ ਸੁਨੈਣ ਉਲਝਦਾ ਜਾਵੇ...।

ਸਾਰੀਆਂ ਕਵਿਤਾਵਾਂ ਉਨ੍ਹਾਂ ਨੂੰ ਜ਼ੁਬਾਨੀ ਯਾਦ ਸਨ। ਮੈਂ ਉਨ੍ਹਾਂ ਦੀਆਂ ਕਵਿਤਾਵਾਂ ਸੁਣ ਕੇ ਅਚੰਭਿਤ ਹੋ ਰਿਹਾ ਸਾਂ। ਮੈਨੂੰ ਉਸ ਵੇਲੇ ਉਹ ਕਿਸੇ ਰਿਸ਼ੀ ਦੇ ਨਿਆਈਂ ਲੱਗ ਰਹੇ ਸਨ। ਮੈਂ ਆਪਣੀ ਕੋਈ ਕਵਿਤਾ ਨਹੀਂ ਸੁਣਾਈ। ਏਨੇ ਵੱਡੇ ਕਵੀ ਨੂੰ ਭਲਾ ਮੈਂ ਕੀ ਸੁਣਾਉਣਾ ਸੀ! ਮੈਂ ਕਵਿਤਾ ਦੇ ਖੇਤਰ ਵਿਚ ਪਹਿਲੀ ਪਲਾਂਘ ਪੁੱਟ ਰਿਹਾ ਸਾਂ, ਪਰ ਉਹ ਇਸ ਖੇਤਰ ਵਿਚ ਵੱਡੀਆਂ ਮੱਲਾਂ ਮਾਰੀ ਬੈਠੇ ਸਨ। ਮੈਨੂੰ ਉਨ੍ਹਾਂ ਇਕ ਗੱਲ ਦੀ ਤਾਕੀਦ ਕੀਤੀ, ਜੋ ਅੱਜ ਵੀ ਯਾਦ ਹੈ, "ਕਾਕਾ! ਪੂਰੀ ਲਗਨ ਨਾਲ ਮਾਤ-ਭਾਸ਼ਾ ਵਿਚ ਦਿਲ ਲਗਾਵੀਂ, ਇਹ ਤੇਰੀ ਮਿਹਨਤ ਨਾਲੋਂ ਕਈ ਗੁਣਾਂ ਵੱਧ ਫਲ ਦੇਵੇਗੀ।"

ਅਗਲੇ ਦਿਨ ਸਵੇਰੇ ਮੈਂ ਕਵੀ ਦਰਬਾਰ ਵਿਚ ਸ਼ਾਮਿਲ ਹੋਣ ਲਈ ਦੂਰਦਰਸ਼ਨ ਕੇਂਦਰ ਚਲਾ ਗਿਆ। ਉਦੋਂ ਪੰਜਾਬ ਤੋਂ ਸਵਿਤੋਜ ਨੇ ਵੀ ਕਵਿਤਾ ਪੜ੍ਹੀ ਸੀ ਤੇ ਪ੍ਰੋਗਰਾਮ ਦਾ ਸੰਚਾਲਨ ਪ੍ਰੋ. ਹਰਚਰਨ ਸਿੰਘ ਸੋਬਤੀ ਨੇ ਕੀਤਾ ਸੀ। ਮੈਂ ਜਿਹੜੀ ਕਵਿਤਾ ਪੜ੍ਹੀ ਸੀ, ਉਸ ਬਾਬਤ ਪ੍ਰੋ. ਸੋਬਤੀ ਨੇ ਮੈਥੋਂ ਕੁਝ ਪ੍ਰੋਫੈਸਰਾਂ ਵਾਲੇ ਗਹਿਰ-ਗੰਭੀਰ ਸੁਆਲ ਵੀ ਪੁੱਛੇ ਸਨ ਪਰ ਮੈਨੂੰ ਉਦੋਂ ਕਵਿਤਾ ਦੇ ਕਾਵਿ ਸ਼ਾਸਤਰੀ ਪੱਖਾਂ ਬਾਰੇ ਕੋਈ ਭਰੋਸੇਯੋਗ ਗਿਆਨ ਨਹੀਂ ਸੀ। ਇਸ ਦੇ ਬਾਵਜੂਦ ਪ੍ਰੋਡਿਊਸਰ ਚਾਵਲਾ ਨੇ ਮੇਰੀ ਕਵਿਤਾ ਦੀ ਤਾਰੀਫ ਕੀਤੀ। ਉਸ ਦੀ ਲਿਖਤ ਮੈਂ ਅੱਜ ਤੱਕ ਸੰਭਾਲ ਕੇ ਰੱਖੀ ਹੋਈ ਹੈ।

ਦੋ ਦਿਨ ਦਿੱਲੀ ਰਹਿਣ ਪਿਛੋਂ ਮੈਂ ਵਾਪਿਸ ਗੁਰਦਾਸਪੁਰ ਲਈ ਚਾਲੇ ਪਾ ਦਿੱਤੇ ਪਰ ਇਕ ਗੱਲ ਨੇ ਮੈਨੂੰ ਬੜਾ ਹੈਰਾਨ-ਪ੍ਰੇਸ਼ਾਨ ਕੀਤਾ ਕਿ ਦਿੱਲੀ ਯੂਨੀਵਰਸਿਟੀ ਦਾ ਪ੍ਰੋਫੈਸਰ ਅਤੇ ਪੰਜਾਬੀ ਦਾ ਸਰਵਉਚ ਲੇਖਕ ਕਰੋਲ ਬਾਗ ਦੀ ਇਕ ਗਲੀ ਵਿਚ ਛੋਟੇ ਜਿਹੇ ਮਕਾਨ ਵਿਚ ਰਹਿ ਰਿਹਾ ਹੈ। ਅੱਜ ਜਦੋਂ ਮੈਂ ਗੁਰੂਦੇਵ ਦੀਆਂ ਸਾਰੀਆਂ ਲਿਖਤਾਂ ਪੜ੍ਹ ਚੁਕਾ ਹਾਂ ਤਾਂ ਉਸ ਸਥਿਤੀ ਬਾਰੇ ਦੇਖਦਾ ਹਾਂ, ਮੈਨੂੰ ਪਤਾ ਲਗਦਾ ਹੈ ਕਿ ਗੁਰੂਦੇਵ ਨੇ ਆਪਣੇ ਜੀਵਨ ਵਿਚ ਬਹੁਤ ਲੰਮਾ ਸਮਾਂ ਸੰਘਰਸ਼ ਕੀਤਾ। ਉਹ ਆਪਣੀ ਮਿਹਨਤ-ਮੁਸ਼ੱਕਤ ਨਾਲ ਹੀ ਅੱਗੇ ਵਧਣਾ ਚਾਹੁੰਦੇ ਸਨ। ਇਹੀ ਸੰਘਰਸ਼ ਦਾ ਸਮਾਂ ਸੀ, ਜਿਸ ਨੇ ਗੁਰੂਦੇਵ ਨੂੰ ਸਾਹਿਤਕਾਰੀ ਦੇ ਖੇਤਰ ਵਿਚ ਉਚਾ ਰੁਤਬਾ ਦਿਵਾਇਆ। 'ਚੋਲਾ ਟਾਕੀਆਂ ਵਾਲਾ' ਅਤੇ 'ਮੱਥਾ ਦੀਵੇ ਵਾਲਾ' ਵਿਚ ਉਨ੍ਹਾਂ ਨੇ ਇਸ ਧਾਰਨਾ ਦਾ ਜ਼ਿਕਰ ਵੀ ਕੀਤਾ ਹੈ ਕਿ ਚੰਗਾ ਕਵੀ/ਲੇਖਕ ਬਣਨ ਲਈ ਉਸ ਪਾਸ ਇਸਤਰੀ, ਦੁੱਖ ਅਤੇ ਮਾਸੂਮੀਅਤ ਦੇ ਅਹਿਸਾਸ ਦਾ ਹੋਣਾ ਜ਼ਰੂਰੀ ਹੁੰਦਾ ਹੈ।

ਹੁਣ ਜਦੋਂ ਮੈਂ 'ਰੁੱਖ ਤੇ ਰਿਸ਼ੀ' ਦਾ ਪਾਠ ਕੀਤਾ ਹੈ ਤਾਂ ਉਸ ਵਿਚ ਇਕ ਤੋਂ ਵੱਧ ਵਾਰ ਇਹ ਜ਼ਿਕਰ ਆਇਆ ਹੈ ਕਿ ਅਜੋਕੇ ਯੁੱਗ ਵਿਚ ਰਿਸ਼ੀ ਦੀ ਭਾਲ ਕਿਵੇਂ ਕਰੋਗੇ? ਰਿਸ਼ੀ ਤਾਂ ਏਨਾ ਆਮ ਹੈ ਕਿ ਉਹ ਦੁਨੀਆਂ ਦੀ ਭੀੜ ਵਿਚ ਗੁਆਚਾ ਹੋਇਆ ਹੈ। ਦੂਜੇ ਪਾਸੇ ਇਸ ਦਾ ਗਹਿਨ ਅਰਥ ਇਹ ਵੀ ਬਣਦਾ ਹੈ ਕਿ ਆਮ ਬੰਦਾ ਵੀ ਗਿਆਨ ਦੀਆਂ ਗਹਿਰਾਈਆਂ ਤੱਕ ਪੁੱਜ ਸਕਦਾ ਹੈ।

ਗਿਆਨ ਅਮੀਰਾਂ ਦਾ ਕੋਈ ਰਾਖਵਾਂ ਸਰਮਾਇਆ ਨਹੀਂ ਹੈ। ਇਹ ਸਾਧਨਾ ਨਾਲ ਕਮਾਇਆ ਜਾ ਸਕਦਾ ਹੈ। ਸਾਰਤਰ ਨੇ ਮਨੁੱਖੀ ਹੋਂਦ ਨੂੰ ਨਿਹੋਂਦ ਦੇ ਰੂਪ ਵਿਚ ਦੇਖਿਆ ਸੀ, ਪਰ ਡਾ. ਹਰਿਭਜਨ ਸਿੰਘ ਨੇ ਸਾਰਤਰ ਦੇ ਫਲਸਫੇ ਨੂੰ ਉਲਟਾ ਕੇ ਲਘੂ-ਮਾਨਵ ਦੀ ਨਿਗੂਣੀ ਹੋਂਦ ਵਿਚੋਂ ਵੀ ਉਚੇਰੀ ਪ੍ਰਤਿਭਾ ਦੀ ਪਛਾਣ ਕੀਤੀ ਹੈ। ਦੁਖੀ ਬੰਦਾ ਹੀ ਅੰਤਰਮੁਖੀ ਹੁੰਦਾ ਹੈ। ਗਿਆਨ ਅੰਤਰਮੁਖਤਾ ਵਿਚੋਂ ਹੀ ਪੈਦਾ ਹੁੰਦਾ ਹੈ।

ਡਾ. ਸਾਹਿਬ ਪਾਸ ਦੋ ਦਿਨ ਰਹਿਣ ਦਾ ਸਮਾਂ ਮੇਰੇ ਲਈ ਯਾਦਗਾਰੀ ਸੀ। ਮੇਰੇ ਜੀਵਨ ਦਾ ਅਨਮੋਲ ਸਰਮਾਇਆ। ਮੈਂ ਪੜ੍ਹਾਈ ਵਿਚ ਤਾਂ ਪਹਿਲਾਂ ਹੀ ਗੰਭੀਰ ਸਾਂ ਪਰ ਦਿੱਲੀ ਫੇਰੀ ਨੇ ਮੈਨੂੰ ਪੜ੍ਹਨ ਵੱਲ ਹੋਰ ਸੁਚੇਤ ਕੀਤਾ। ਮਾਨੋ ਮੇਰਾ ਕਾਇਆ ਕਲਪ ਹੋ ਗਿਆ। ਵਾਪਿਸ ਆ ਕੇ ਮੈਂ ਕਾਲਜ ਮੈਗਜ਼ੀਨ 'ਗੁਰਦਾਸ' ਦਾ ਸੰਪਾਦਕ ਬਣ ਗਿਆ। ਕੁਝ ਲਿਖਣ, ਪੜ੍ਹਨ ਅਤੇ ਬਣਨ ਦੀ ਮੇਰੇ ਵਿਚ ਰੁਚੀ ਉਜਾਗਰ ਹੋ ਗਈ। ਕਾਲਜ ਦੀ ਲਾਇਬਰੇਰੀ ਵਿਚ ਬਹਿਣਾ ਮੇਰਾ ਨਿੱਤਨੇਮ ਹੋ ਗਿਆ। ਮੈਂ ਸੋਚਿਆ ਕਿ ਮੇਰੇ ਭਵਿੱਖ ਦੀ ਘਾੜਤ ਵਿਚ ਲਾਇਬਰੇਰੀ ਦੀ ਭੂਮਿਕਾ ਅਹਿਮ ਹੋ ਸਕਦੀ ਹੈ। ਡਾ. ਸਾਹਿਬ ਦਾ ਕਰੋਲ ਬਾਗ ਦੀ ਭੀੜ-ਭੜੱਕੇ ਵਾਲੀ ਗਲੀ ਵਿਚ ਪੜ੍ਹਨ ਦਾ ਦ੍ਰਿਸ਼ ਮੇਰੀਆਂ ਅੱਖਾਂ ਅੱਗੇ ਘੁੰਮਦਾ ਰਹਿੰਦਾ। ਨਤੀਜਾ ਇਹ ਹੋਇਆ ਕਿ ਮੈਂ 1976 ਵਿਚ ਬੀ. ਏ. ਆਨਰਜ਼ (ਪੰਜਾਬੀ) 'ਚੋਂ ਗੋਲਡ ਮੈਡਲ ਲੈ ਕੇ ਪਾਸ ਹੋਇਆ।

---

ਗੋਲਡ ਮੈਡਲ ਨੇ ਮੇਰਾ ਉਤਸ਼ਾਹ ਹੋਰ ਵਧਾ ਦਿੱਤਾ ਤੇ ਮੈਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵਿਚ ਐਮ. ਏ. ਕਰਨ ਲਈ ਦਾਖਲ ਹੋ ਗਿਆ। ਉਸ ਸਮੇਂ ਵਿਭਾਗ ਦੀ ਵਾਗਡੋਰ ਡਾ. ਦੀਵਾਨ ਸਿੰਘ ਦੇ ਹੱਥ ਵਿਚ ਸੀ। ਦੂਸਰੇ ਸਾਲ ਵਿਚ ਮੈਂ ਉਨ੍ਹਾਂ ਦੀ ਦੇਖ-ਰੇਖ ਅਧੀਨ ਬੁਲ੍ਹੇ ਸ਼ਾਹ ਦੀਆਂ ਕਾਫੀਆਂ ਤੇ ਖੋਜ-ਨਿਬੰਧ ਲਿਖਿਆ। ਇਤਫਾਕ ਵੱਸ ਡਾ. ਹਰਿਭਜਨ ਸਿੰਘ ਮੇਰੀ ਮੌਖਿਕ ਪ੍ਰੀਖਿਆ ਲੈਣ ਆਏ ਅਤੇ ਮੈਨੂੰ ਗੰਭੀਰਤਾ ਨਾਲ ਪੜ੍ਹਦੇ ਨੂੰ ਵੇਖ ਕੇ ਸ਼ਾਬਾਸ਼ ਦੇ ਕੇ ਗਏ, ਤੇ ਅੱਗੋਂ ਐਮ.ਫਿਲ. ਕਰਨ ਦੀ ਤਾਕੀਦ ਕਰ ਗਏ। 1978 ਵਿਚ ਮੈਂ ਯੂਨੀਵਰਸਿਟੀ ਵਿਚੋਂ ਦੂਸਰੀ ਪੁਜੀਸ਼ਨ ਲੈ ਕੇ ਫਸਟ ਕਲਾਸ ਵਿਚ ਪਾਸ ਹੋ ਗਿਆ। ਨਾਲ ਹੀ ਐਮ.ਫਿਲ. ਵਿਚ ਮੈਂ ਦਾਖਲਾ ਲੈ ਲਿਆ। ਯੂਨੀਵਰਸਿਟੀ ਵਿਚੋਂ ਮੈਂ ਫਿਰ ਫਸਟ ਰਹਿ ਕੇ 'ਓ'(ਆਊਟਸਟੈਂਡਿੰਗ) ਗਰੇਡ ਵਿਚ ਇਹ ਜਮਾਤ ਵੀ ਪਾਸ ਕਰ ਲਈ। 1980 ਵਿਚ ਡਾ. ਦੀਵਾਨ ਸਿੰਘ ਨੇ ਪੀਐਚ.ਡੀ. ਕਰਨ ਲਈ ਮੈਨੂੰ ਫੈਲੋਸ਼ਿਪ ਦੇ ਦਿੱਤੀ। ਮੈਨੂੰ 250 ਰੁਪਏ ਫੈਲੋਸ਼ਿਪ ਮਿਲਣ ਲੱਗ ਪਈ ਤੇ ਮੈਂ ਆਪਣੇ ਪੈਰਾਂ 'ਤੇ ਤੁਰਨ ਲਗ ਪਿਆ। 'ਸ਼ਿਵ ਕੁਮਾਰ-ਕਾਵਿ: ਥੀਮ ਅਤੇ ਰੂਪਾਕਾਰ' ਦੇ ਵਿਸ਼ੇ ਤੇ ਪੀਐਚ.ਡੀ. ਦਾ ਖੋਜ-ਕਾਰਜ ਅਰੰਭ ਕਰ ਦਿੱਤਾ। ਥੀਮ ਦੇ ਨਵੇਂ ਸੰਕਲਪ ਦੇ ਸੰਚਾਲਕ ਡਾ. ਹਰਿਭਜਨ ਸਿੰਘ ਹੀ ਸਨ, ਜਿਨ੍ਹਾਂ ਨੇ ਰੂਸੀ ਰੂਪਵਾਦ ਦੇ ਪ੍ਰਭਾਵ ਅਧੀਨ ਪੰਜਾਬੀ ਸਮੀਖਿਆ ਵਿਚ ਰੂਪਵਾਦ ਦਾ ਤਹਿਲਕਾ ਮਚਾਇਆ ਹੋਇਆ ਸੀ। ਮੈਂ ਵਿਸ਼ਾ ਤਾਂ ਨਵਾਂ ਲੈ ਲਿਆ ਪਰ ਇਸ ਨੇ ਮੈਨੂੰ ਬੜਾ ਭੰਬਲਭੂਸੇ ਵਿਚ ਪਾਇਆ ਹੋਇਆ ਸੀ। ਮਨ ਕਰਦਾ ਕਿ ਡਾ. ਹਰਿਭਜਨ ਸਿੰਘ ਨੂੰ ਮਿਲਾਂ ਅਤੇ ਆਪਣਾ ਸੰਕਟ ਦੂਰ ਕਰਾਂ, ਪਰ ਉਹ ਉਸ ਸਮੇਂ ਪੰਜਾਬੀ ਚਿੰਤਨ ਦੀ ਰੂਹ-ਏ-ਰਵਾਂ ਸਨ। ਜਦੋਂ ਉਹ ਅੰਮ੍ਰਿਤਸਰ ਆਉਂਦੇ ਤਾਂ ਵੱਡੇ ਵੱਡੇ ਬੰਦੇ ਘੇਰਾ ਪਾ ਕੇ ਬਹਿ ਜਾਂਦੇ। ਮੇਰੀ ਉਨ੍ਹਾਂ ਨਾਲ ਦੂਰੋਂ ਦੂਰੋਂ ਹੀ ਦੁਆ-ਸਲਾਮ ਹੁੰਦੀ।

1980 ਦੇ ਅੰਤਲੇ ਮਹੀਨਿਆਂ ਵਿਚ ਉਹ ਅੰਮ੍ਰਿਤਸਰ ਵਿਖੇ, ਪਰਿਵਾਰ ਸਮੇਤ ਕਿਸੇ ਨਿਜੀ ਕੰਮ ਲਈ ਆਪਣੇ ਰਿਸ਼ਤੇਦਾਰ ਪਾਸ ਆਏ। ਮੈਨੂੰ ਪਤਾ ਲੱਗਾ ਤਾਂ ਮੈਂ ਉਨ੍ਹਾਂ ਨੂੰ ਸਤਨਾਮ ਸਿੰਘ ਦੇ ਘਰ ਜਾ ਮਿਲਿਆ ਤੇ ਆਪਣੇ ਸ਼ੰਕੇ ਨਵਿਰਤ ਕਰਨ ਦੀ ਬੇਨਤੀ ਕੀਤੀ। ਉਹ ਕਹਿਣ ਲੱਗੇ, 'ਕੱਲ੍ਹ ਨੂੰ ਮੈਂ ਸਵੇਰੇ ਜਲੰਧਰ ਜਾਣਾ ਏ ਤੇ ਤੂੰ ਮੇਰੇ ਨਾਲ ਹੀ ਚੱਲੀਂ। ਅਗਲੇ ਦਿਨ ਸਵੇਰੇ ਹੀ ਮੈਂ ਸਤਨਾਮ ਸਿੰਘ ਦੇ ਘਰ ਪਹੁੰਚ ਗਿਆ ਤੇ ਉਥੋਂ ਅਸੀਂ ਬੱਸ ਰਾਹੀਂ ਜਲੰਧਰ ਲਈ ਰਵਾਨਾ ਹੋ ਗਏ। ਉਨ੍ਹਾਂ ਨੂੰ ਸਾਥ ਮਿਲ ਗਿਆ ਅਤੇ ਮੈਨੂੰ ਗੁਰੂ। ਜਦੋਂ ਕਿਤਾਬਾਂ, ਕੋਸ਼, ਮਹਾਂਕੋਸ਼ ਜੁਆਬ ਦੇ ਜਾਂਦੇ ਹਨ ਤਾਂ ਦੇਹਧਾਰੀ ਗੁਰੂ ਹੀ ਤੁਹਾਡੀ ਬੇੜੀ ਪਾਰ ਲਾ ਸਕਦਾ ਹੈ। ਡਾ. ਹਰਿਭਜਨ ਸਿੰਘ ਹੋਰਾਂ ਦਾ ਕਥਨ ਹੈ, "ਆਪਣੇ ਧਰਮ ਵਾਲਿਆਂ ਨਾਲ ਕਦਮ ਮਿਲਾ ਕੇ ਤੁਰਦਾ ਮੈਂ ਵੀ ਕਈ ਵਾਰ ਕਹਿ ਦਿੰਦਾ ਰਿਹਾ ਤੇ ਹੁਣ ਵੀ ਕਹਿ ਦਿੰਦਾ ਹਾਂ ਕਿ ਮੇਰਾ ਗੁਰੂ, ਗੁਰੂ ਗ੍ਰੰਥ ਸਾਹਿਬ ਹੈ, ਮੈਨੂੰ ਦੇਹਧਾਰੀ ਗੁਰੂ ਨਹੀਂ ਚਾਹੀਦਾ। ਪਰ ਕੀ ਕਰਾਂ, ਮੈਨੂੰ ਹਮੇਸ਼ਾ ਹੀ ਕਿਸੇ ਦੇਹਧਾਰੀ ਉਸਤਾਦ ਦੀ ਲੋੜ ਰਹੀ ਹੈ। ਕੋਈ ਦੇਹਧਾਰੀ ਹੀ ਮੇਰੀਆਂ ਗੁੰਝਲਾਂ ਖੋਲ੍ਹਣ ਵਿਚ ਸਹਾਈ ਬਣਦਾ ਹੈ। ਕੋਈ ਵੀ ਪੁਸਤਕ ਕਿਸੇ ਅਨੁਭਵੀ ਵਿੱਦਿਆ ਗੁਰੂ ਦੀ ਥਾਂ ਪੂਰ ਨਹੀਂ ਸਕਦੀ।"

ਉਨ੍ਹਾਂ ਦਾ ਵਿਚਾਰ ਬਿਲਕੁੱਲ ਦਰੁਸਤ ਹੈ। ਜੋ ਗੁਰੂ ਦੇ ਸਾਹਮਣੇ ਬੈਠ ਕੇ ਕੋਈ ਆਪਣੇ ਸ਼ੰਕੇ ਨਵਿਰਤ ਕਰ ਸਕਦਾ ਹੈ, ਪੁਸਤਕਾਂ ਵਿਚੋਂ ਉਹ ਨਹੀਂ ਹੋ ਸਕਦੇ।

ਬਸ ਕੰਡਕਟਰ ਆਇਆ ਤੇ ਮੈਂ ਟਿਕਟ ਲੈਣ ਲੱਗਾ ਤਾਂ ਉਨ੍ਹਾਂ ਨੇ ਮੈਨੂੰ ਰੋਕ ਦਿੱਤਾ। ਉਹ ਕਹਿਣ ਲੱਗੇ ਕਿ ਜਦ ਤੂੰ ਪ੍ਰੋਫੈਸਰ ਲੱਗੇਂਗਾ, ਟਿਕਟ ਲੈ ਲਿਆ ਕਰੀਂ। ਮੈਨੂੰ ਕੋਈ ਜੁਆਬ ਨਾ ਅਹੁੜਿਆ। ਬਸ ਵਿਚ ਕੋਈ ਖਾਸ ਗਲਬਾਤ ਨਾ ਹੋ ਸਕੀ। ਬਸ ਦਾ ਸਿਰਫ ਹਾਰਨ ਹੀ ਨਹੀਂ ਸੀ ਵਜਦਾ, ਬਾਕੀ ਸਾਰੀ ਬਸ ਖੜਕੀ ਪਈ ਸੀ। ਜਲੰਧਰ ਪੁੱਜ ਕੇ ਜਦੋਂ ਅਸੀਂ ਪੈਦਲ ਤੁਰਦੇ ਜਾਂ ਰਿਕਸ਼ੇ ਵਿਚ ਬੈਠਦੇ, ਮੇਰੀਆਂ ਪੁੱਛਾਂ ਸ਼ੁਰੂ ਹੋ ਜਾਂਦੀਆਂ। ਜਿਵੇਂ: ਥੀਮ ਕੀ ਹੈ? ਸਾਹਿਤ ਕਿਰਤ ਨਾਲ ਇਸ ਦਾ ਕੀ ਨਾਤਾ ਹੈ? ਰੂਸੀ ਰੂਪਵਾਦੀਆਂ ਨੇ ਥੀਮ ਨੂੰ ਨਵੇਂ ਰੂਪ ਵਿਚ ਕਿਵੇਂ ਪਰਿਭਾਸ਼ਿਤ ਕੀਤਾ ਹੈ? ਮੋਟਿਫ, ਗਤੀਸ਼ੀਲ ਮੋਟਿਫ, ਗਤੀਹੀਣ ਮੋਟਿਫ, ਅਜਨਬੀਕਰਨ, ਵਿਸ਼ਾਹ ਸਿਰਜਣਾ, ਰੂਪਕ, ਮਿਟਾਨਿਮੀ ਆਦਿ ਅਨੇਕਾਂ ਪ੍ਰਸ਼ਨ ਮੇਰੇ ਮਨ ਵਿਚ ਉਸਲਵੱਟੇ ਲੈ ਰਹੇ ਸਨ। ਉਨ੍ਹਾਂ ਨੇ 'ਰੂਸੀ ਰੂਪਵਾਦ' ਬਾਰੇ ਨਵਾਂ ਨਵਾਂ ਖੋਜ-ਪੱਤਰ ਲਿਖਿਆ ਸੀ, ਮੈਨੂੰ ਮਿਸਾਲਾਂ ਦੇ ਦੇ ਕੇ ਸਮਝਾਉਂਦੇ। ਡਾ. ਸਾਹਿਬ ਪੱਛਮੀ ਲਿਖਤਾਂ ਪੜ੍ਹ ਕੇ ਪੰਜਾਬੀ ਵਿਚ ਲਿਆਉਂਦੇ ਸਨ। ਉਨ੍ਹਾਂ ਦੀ ਸਮਝ ਏਨੀ ਡੂੰਘੀ ਸੀ ਕਿ ਉਹ ਅਨੁਵਾਦ ਨਹੀਂ ਸੀ ਕਰਦੇ, ਸਗੋਂ ਉਸ ਦਾ ਪੰਜਾਬੀਕਰਨ ਹੀ ਕਰ ਦਿੰਦੇ ਸਨ। ਉਸ ਵੇਲੇ ਮੇਰੇ ਪ੍ਰਸ਼ਨਾਂ ਦੇ ਸਿਰਫ ਉਹੀ ਜੁਆਬ ਦੇ ਸਕਦੇ ਸਨ ਤੇ ਉਨ੍ਹਾਂ ਨੇ ਮੈਨੂੰ ਇਕ ਸਿਖਾਂਦਰੂ ਵਾਂਗੂੰ ਸਹੀ ਰਸਤਾ ਦਰਸਾਇਆ ਅਤੇ ਮੈਂ ਆਪਣੀ ਮੰਜ਼ਿਲ ਵੱਲ ਸਿੱਧਾ ਤੁਰਨ ਲਗ ਪਿਆ।

1980-81 ਵਿਚ ਮੈਂ ਉਨ੍ਹਾਂ ਨੂੰ ਕਦੇ ਕਾਰਾਂ 'ਤੇ ਉਡਾਰੀਆਂ ਮਾਰਦਿਆਂ ਨਹੀਂ ਸੀ ਵੇਖਿਆ। ਬਸ, ਰਿਕਸ਼ਾ, ਸਕੂਟਰ 'ਤੇ ਬੈਠ ਕੇ ਵੀ ਉਹ ਕਦੇ ਝਿਜਕ ਮਹਿਸੂਸ ਨਹੀਂ ਸੀ ਕਰਦੇ। ਗਿਆਨ ਨੂੰ ਉਹ ਆਪਣੇ ਤਕ ਸੀਮਿਤ ਨਹੀਂ ਸੀ ਰੱਖਦੇ, ਅਕਸਰ ਨਵੇਂ ਪ੍ਰੋਫੈਸਰਾਂ ਨੂੰ ਕਿਹਾ ਕਰਦੇ ਸਨ, "ਮੈਨੂੰ ਮਿੱਧ ਕੇ ਅੱਗੇ ਚਲੇ ਜਾਓ, ਮੈਨੂੰ ਖੁਸ਼ੀ ਹੋਵੇਗੀ।"

---

ਮਈ 1982 ਵਿਚ ਮੈਂ ਪੀਐਚ.ਡੀ. ਦਾ

(ਬਾਕੀ ਅਗਲੇ ਸਫੇ 'ਤੇ)

# ਰੱਖੇਗਾ ਕੋਈ ਜਥੇਦਾਰ ਦੇ ਮੋਢਿਆਂ ਉਤੇ ਹੱਥ?

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਜਿਸ ਵੇਲੇ ਸ੍ਰੀ ਦਰਬਾਰ ਸਾਹਿਬ ਤੋਂ ਆਸਾ ਦੀ ਵਾਰ ਦਾ ਕੀਰਤਨ ਹੋ ਰਿਹਾ ਹੁੰਦਾ ਹੈ, ਉਸ ਵੇਲੇ ਅਸੀਂ ਕੈਲੀਫੋਰਨੀਆ ਵਿਚ ਬੈਠੇ ਸ਼ਾਮ ਦੀ ਚਾਹ ਪੀ ਰਹੇ ਹੁੰਦੇ ਹਾਂ। ਕਰੋਨਾ ਵਾਇਰਸ ਕਾਰਨ ਅਸੀਂ ਸਾਰਾ ਪਰਿਵਾਰ ਘਰੇ ਬੈਠੇ ਕੀਰਤਨ ਸਰਵਣ ਕਰਦੇ ਹਾਂ। ਇਸ ਕਰਕੇ ਟੀ. ਵੀ. ਰਾਹੀਂ ਪ੍ਰਸਾਰਿਤ ਹੋ ਰਿਹਾ ਅੰਮ੍ਰਿਤ ਵੇਲੇ ਦਾ ਕੀਰਤਨ ਵਧੇਰੇ ਇਕਾਗਰਤਾ ਨਾਲ ਸੁਣਦੇ ਹਾਂ। ਕਈ ਦਿਨਾਂ ਤੋਂ ਦੇਖ ਰਿਹਾ ਹਾਂ ਕਿ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੀ ਰੋਜ਼ ਹੀ ਰਾਗੀ ਸਿੰਘਾਂ ਦੇ ਬਿਲਕੁਲ ਪਿੱਛੇ ਆਣ ਵਿਰਾਜਦੇ ਹਨ। ਉਨ੍ਹਾਂ ਦੇ ਆਸੇ-ਪਾਸੇ ਸ਼ਰਧਾਲੂ ਤਾਂ ਹੋਰ ਵੀ ਬੈਠੇ ਹੁੰਦੇ ਹਨ, ਪਰ ਗਿਆਨੀ ਗੁਰਬਚਨ ਸਿੰਘ ਕੀਰਤਨ ਸੁਣਦੇ ਹੋਏ ਏਨੀ ਵਿਸਮਾਦਤ ਮੁਦਰਾ ਵਿਚ ਆਲੇ-ਦੁਆਲੇ ਅਤੇ ਉਪਰ ਹੇਠ ਨੂੰ ਇੰਜ ਸਿਰ ਹਿਲਾਉਂਦੇ ਹਨ, ਜਿਵੇਂ ਉਹ ਉਚਾਰੇ ਜਾ ਰਹੇ ਸ਼ਬਦਾਂ ਦੇ ਅਰਥਾਂ ਵਿਚ ਪੂਰੇ ਗੜੁੱਦ ਹੋ ਰਹੇ ਹੋਣ! ਅਜਿਹਾ ਕਰਦਿਆਂ ਕਦੇ ਉਹ ਆਪਣੇ ਨੇਤਰ ਮੁੰਦ ਲੈਂਦੇ ਨੇ, ਕਦੇ ਉਘਾੜ ਲੈਂਦੇ ਹਨ। ਭਾਵ ਉਹ 'ਵਿਦਵਾਨ ਤੇ ਵਿਲੱਖਣ ਸਰੋਤਾ' ਹੋਣ ਦਾ ਪ੍ਰਭਾਵ ਦੇ ਰਹੇ ਹੁੰਦੇ ਨੇ।

ਇਕ ਸ਼ਰਧਾਲੂ ਸਿੱਖ ਵਜੋਂ ਉਨ੍ਹਾਂ ਵਲੋਂ ਸ੍ਰੀ ਦਰਬਾਰ ਸਾਹਿਬ ਵਿਖੇ ਇੰਜ ਕੀਰਤਨ ਸਰਵਣ ਕਰਨ ਨੂੰ ਸੁਭਾਗਾ ਤੇ ਵਡਭਾਗਾ ਕਿਹਾ ਜਾਣਾ ਚਾਹੀਦਾ ਹੈ, ਕਿਉਂਕਿ ਹਰੇਕ ਗੁਰੂ ਨਾਨਕ ਨਾਮ ਲੇਵਾ ਅਰਦਾਸ ਵਿਚ ਸ੍ਰੀ ਅੰਮ੍ਰਿਤਸਰ ਦੇ ਦਰਸ਼ਨ ਇਸ਼ਨਾਨ ਦੀ ਜਾਚਨਾ ਕਰਦਾ ਹੈ।

ਇੰਜ ਬੀਤੀ ਛੱਬੀ ਜੁਲਾਈ ਦੇ ਸਵੇਰੇ ਅੰਮ੍ਰਿਤ ਵੇਲੇ ਕੀਰਤਨੀ ਜਥੇ ਦੇ ਪਿੱਛੇ ਸਿਰ ਹਿਲਾਉਂਦੇ ਗਿਆਨੀ ਗੁਰਬਚਨ ਸਿੰਘ ਵੱਲ ਦੇਖ ਕੇ ਮੇਰੇ ਜਿਹਨ ਵਿਚ ਦੋ ਗੱਲਾਂ ਆ ਗਈਆਂ-ਪਹਿਲੀ, ਗਿਆਨੀ ਜੀ ਦੇ ਜਥੇਦਾਰੀ-ਕਾਲ ਵੇਲੇ ਵਾਪਰੇ ਬੇਅਦਬੀ ਕਾਂਡ ਉਪਰੰਤ ਸਿਰਸੇ ਵਾਲੇ ਰਾਮ ਰਹੀਮ ਨੂੰ ਦਿੱਤੀ ਮੁਆਫੀ ਅਤੇ ਉਸ ਮੁਆਫੀ ਨੂੰ ਮੰਨ ਲੈਣ ਲਈ ਜਾਰੀ ਕੀਤੇ ਹੁਕਮਨਾਮੇ ਵਾਲਾ ਸਾਰਾ ਕਾਂਡ; ਦੂਜੀ, ਇੱਕ ਪਟਵਾਰੀ ਨੂੰ ਮੰਦਿਰ ਦੇ ਪੁਜਾਰੀ ਵਲੋਂ ਦਿੱਤੀ ਨਸੀਹਤ।

ਪਹਿਲਾਂ ਪੁਜਾਰੀ ਦੀ ਨਸੀਹਤ ਦਾ ਇਕ ਕਿੱਸਾ ਸੁਣ ਲਉ: ਟਾਂਡੇ ਲਾਗਲੇ ਪਿੰਡ ਜਾਜੇ ਦੇ ਮੇਰੇ ਦੋਸਤ ਨੇ ਸ. ਰਜਿੰਦਰ ਸਿੰਘ ਰਾਣਾ, ਜੋ ਅਜ ਕੱਲ ਅਮਰੀਕਾ ਵਸਦੇ ਹਨ, ਮੈਨੂੰ ਅਕਸਰ ਆਪਣੇ ਸੇਵਾ ਮੁਕਤ ਹੋ ਚੁਕੇ ਪਟਵਾਰੀ ਬਾਪ ਦੀ ਧਾਰਮਿਕ ਬਿਰਤੀ ਅਤੇ ਅਸੂਲਪ੍ਰਸਤੀ ਦੀਆਂ ਕਈ ਦਿਲਚਸਪ ਗੱਲਾਂ ਸੁਣਾਉਂਦੇ ਹੁੰਦੇ ਨੇ। ਕਹਿੰਦੇ, ਇਕ ਵਾਰ ਉਨ੍ਹਾਂ ਦੇ ਬਾਪ ਦੀ ਬਦਲੀ ਇਕ ਐਸੇ ਪਿੰਡ ਵਿਚ ਹੋ ਗਈ, ਜਿੱਥੇ ਦਾ ਪਟਵਾਰਖਾਨਾ ਪਿੰਡ ਦੇ ਬਾਹਰਵਾਰ ਸਥਿਤ ਇਕ ਮੰਦਿਰ ਦੇ ਕੰਪਲੈਕਸ ਵਿਚ ਬਣਿਆ ਹੋਇਆ ਸੀ।

ਸ਼ੁੱਧ ਸ਼ਾਕਾਹਾਰੀ ਅਤੇ ਸਨਾਤਨੀ ਵਿਚਾਰਧਾਰਾ ਨੂੰ ਪ੍ਰਨਾਏ ਪਟਵਾਰੀ ਜੀ ਅਜਿਹੀ ਧਾਰਮਿਕ ਥਾਂ ਆਪਣਾ ਦਫਤਰ ਦੇਖ ਕੇ ਗਦ ਗਦ ਹੋ ਗਏ! ਆਮ ਪਟਵਾਰੀਆਂ ਦੀਆਂ ਰਿਸ਼ਵਤਖੋਰੀ ਜਿਹੀਆਂ ਅਲਾਮਤਾਂ ਤੋਂ ਕੋਹਾਂ ਦੂਰ ਰਹਿਣ ਵਾਲੇ ਇਸ ਪਟਵਾਰੀ ਨੂੰ ਮੌਜ ਲੱਗ ਗਈ। ਸਵੇਰੇ ਸ਼ਾਮ ਉਹ ਮੰਦਿਰ ਵਿਚ ਜਾ ਕੇ ਬੜੀ ਸ਼ਰਧਾ ਨਾਲ ਮੰਤਰਾਂ ਦਾ ਜਾਪ ਅਤੇ ਹੋਰ ਪੂਜਾ ਅਰਚਨਾ ਕਰਕੇ ਖੁਸ਼ੀ ਖੁਸ਼ੀ ਦਫਤਰ ਵਿਚ ਕੰਮ ਕਾਜ ਕਰਦੇ।

ਉਨ੍ਹਾਂ ਦੇ ਪਟਵਾਰ ਹਲਕੇ ਵਿਚਲੇ ਤਿੰਨ-ਚਾਰ ਪਿੰਡਾਂ ਦੇ ਕਿਸਾਨ ਭਰਾ ਅਤੇ ਹੋਰ ਲੋੜਵੰਦ ਲੋਕ ਸਾਰਾ ਦਿਨ ਦੇ ਕੰਮ-ਧੰਦੇ ਨਿਪਟਾ ਕੇ ਆਪੋ ਆਪਣੇ ਕੰਮਾਂ ਲਈ ਪਟਵਾਰੀ ਕੋਲ ਆ ਜਾਂਦੇ। ਇਸ ਸਿਲਸਿਲੇ ਦੇ ਚਲਦਿਆਂ ਇਕ ਸ਼ਾਮ ਪਟਵਾਰੀ ਮੰਦਿਰ ਦੇ ਪੁਜਾਰੀਆਂ ਨਾਲ ਮਿਲ ਕੇ ਭਗਵਾਨ ਦੀ ਸੰਧਿਆ ਆਰਤੀ ਵਿਚ ਮਸਰੂਫ ਸੀ। ਸੰਖ ਪੂਰੇ ਜਾ ਰਹੇ ਸਨ, ਟੱਲੀਆਂ ਵੱਜ ਰਹੀਆਂ ਸਨ, ਫੁੱਲ-ਪੱਤੀਆਂ ਦੀ ਵਰਖਾ ਹੋ ਰਹੀ ਸੀ ਅਤੇ ਪਟਵਾਰੀ ਜੀ ਆਸਾ ਦੀ ਵਾਰ ਸੁਣ ਰਹੇ ਸਾਡੇ ਗਿਆਨੀ ਗੁਰਬਚਨ ਸਿੰਘ ਵਾਂਗ ਮੰਤਰ ਮੁਗਧ ਹੋਏ ਆਰਤੀ ਦੀ ਧੁਨ ਦੇ ਨਾਲ ਨਾਲ ਸਿਰ ਹਿਲਾ ਰਹੇ ਸਨ।

ਇੰਨੇ ਨੂੰ ਅਚਾਨਕ ਕੀ ਹੋਇਆ, ਕਿਸੇ ਨੇ ਪਿੱਛਿਓਂ ਆ ਕੇ ਪਟਵਾਰੀ ਦੇ ਮੋਢੇ 'ਤੇ ਹੱਥ ਰੱਖਿਆ।

ਇਕ ਦਮ ਪਿੱਛੇ ਨੂੰ ਭਉਂ ਕੇ ਪਟਵਾਰੀ ਨੇ ਅੱਖਾਂ ਖੋਲ੍ਹੀਆਂ! ਇਸ ਅਸਥਾਨ ਦਾ ਵੱਡਾ ਮੁਖੀਆ ਪੁਜਾਰੀ ਸ੍ਰੀ ਮਹੰਤ ਮਹਾਰਾਜ ਇਨ੍ਹਾਂ ਨੂੰ ਉਠਣ ਦਾ ਇਸ਼ਾਰਾ ਕਰ ਰਿਹਾ ਸੀ। ਹੈਰਾਨ ਹੋਇਆ ਪਟਵਾਰੀ ਸੰਗਤ ਵਿਚੋਂ ਉਠਿਆ ਅਤੇ ਮਹੰਤ ਦੇ ਮਗਰ ਮਗਰ ਬਾਹਰ ਆ ਗਿਆ। ਪਟਵਾਰਖਾਨੇ ਦੇ ਮੂਹਰੇ ਡੱਠੇ ਬੈਂਚਾਂ ਉਪਰ ਬੈਠੇ ਵਿਅਕਤੀਆਂ ਵੱਲ ਹੱਥ ਕਰਕੇ ਮਹੰਤ ਨੇ ਪਟਵਾਰੀ ਨੂੰ ਕਿਹਾ, "ਆਹ ਵਿਚਾਰੇ ਅੰਨਦਾਤੇ ਸਾਰਾ ਦਿਨ ਖੇਤਾਂ ਵਿਚ ਮਿੱਟੀ ਨਾਲ ਮਿੱਟੀ ਹੋ ਕੇ ਮਿਹਨਤ ਕਰਨ ਵਾਲੇ ਥੱਕੇ ਹਾਰੇ ਤੇਰੇ ਕੋਲ ਆਪਣੇ ਕੰਮਾਂ ਲਈ ਆਏ ਬੈਠੇ ਹਨ, ਪਰ ਤੂੰ ਅੰਦਰ ਆਰਤੀ ਵਿਚ ਮਘਨ ਹੋਇਆ ਬੈਠਾ ਐਂ? ਤੈਨੂੰ ਤਨਖਾਹ ਆਰਤੀ ਸੁਣਨ ਦੀ ਮਿਲਦੀ ਹੈ ਕਿ ਇਨ੍ਹਾਂ ਵਿਚਾਰਿਆਂ ਦੇ ਕੰਮ ਕਰਨ ਦੀ?"




ਤਲਖ ਕਲਾਮੀ ਛੱਡ ਕੇ ਫਿਰ ਮਹੰਤ ਜੀ ਨਿਮਰਤਾ ਵਿਚ ਆ ਗਏ, "ਸ੍ਰੀਮਾਨ ਜੀ, ਜਿਨ੍ਹਾਂ ਦੀ ਸੇਵਾ ਲਈ ਤੈਨੂੰ ਇਹ ਨੌਕਰੀ ਮਿਲੀ ਹੋਈ ਹੈ, ਉਨ੍ਹਾਂ ਦੇ ਕੰਮ ਕਰਨਾ ਹੀ ਤੇਰੀ 'ਸੱਚੀ ਆਰਤੀ' ਹੈ। ਭਗਵਾਨ ਜੀ ਤੇਰੀ ਇਸੇ ਆਰਤੀ 'ਤੇ ਪ੍ਰਸੰਨ ਹੋਣਗੇ!"

ਹਾਰਮੋਨੀਅਮ ਦੀਆਂ ਧੁਨਾਂ 'ਤੇ ਝੂਮਦੇ ਦਿਸਦੇ ਗਿਆਨੀ ਗੁਰਬਚਨ ਸਿੰਘ ਵੱਲ ਦੇਖ ਕੇ ਮੈਨੂੰ ਰਹਿ ਰਹਿ ਕੇ ਇਹ ਖਿਆਲ ਆ ਰਿਹਾ ਸੀ ਕਿ ਅਜੋਕੇ ਸਿੱਖ ਸਮਾਜ ਵਿਚ ਉਕਤ ਮਹੰਤ ਜਿਹਾ ਸੂਝਵਾਨ ਤੇ ਜੁਰਅਤ ਵਾਲਾ ਕੋਈ ਸੰਤ, ਬਾਬਾ, ਬ੍ਰਹਮਗਿਆਨੀ, ਆਗੂ, ਰਾਗੀ ਢਾਡੀ ਜਾਂ ਜਥੇਦਾਰ ਹੈ ਈ ਨਹੀਂ, ਜੋ ਤਿੰਨ ਫੁੱਟੀ ਕਿਰਪਾਨ ਲਈ ਫਿਰਦੇ ਇਸ ਜਥੇਦਾਰ ਦੇ ਮੋਢੇ 'ਤੇ ਹੱਥ ਰੱਖ ਸਕੇ?...ਤੇ ਹਲੂਣਾ ਦੇ ਕੇ ਪੁੱਛੇ ਕਿ ਭਾਈ ਜਥੇਦਾਰਾ! ਜਦ ਤੂੰ ਅਕਾਲ ਤਖਤ ਸਾਹਿਬ ਵਿਖੇ 'ਸਿੰਘ ਸਾਹਿਬ' ਵਜੋਂ ਸਜਿਆ ਹੋਇਆ ਸੈਂ, ਉਦੋਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋਈ, ਰੋਸ ਪ੍ਰਗਟਾਉਂਦੀ ਸੰਗਤ ਉਤੇ ਬਾਦਲ ਸਰਕਾਰ ਦੇ ਹੁਕਮਾਂ 'ਤੇ ਚਲਾਈ ਗੋਲੀ ਨਾਲ ਸਿੱਖ ਗੱਭਰੂ ਮਾਰੇ ਗਏ, ਬੇਅਦਬੀ ਦੀਆਂ ਤਾਰਾਂ ਜਿਸ ਰਾਮ ਰਹੀਮ ਦੇ ਡੇਰੇ ਨਾਲ ਜੁੜੀਆਂ, ਪਹਿਲਾਂ ਤੂੰ ਦਿੱਤੀ ਉਸ ਰਾਮ ਰਹੀਮ ਨੂੰ ਮੁਆਫੀ ਤੇ ਫਿਰ ਮੁਆਫੀ ਨੂੰ ਸਿੱਖਾਂ ਵਲੋਂ ਮੰਨ ਲੈਣ ਲਈ ਜਾਰੀ ਕੀਤਾ ਹੁਕਮਨਾਮਾ ਅਤੇ ਹੁਕਮਨਾਮਾ ਪ੍ਰਚਾਰਨ ਲਈ ਨੱਬੇ ਲੱਖ ਰੁਪਏ ਵਿਚ ਗੋਲਕ ਲੁਟਾਈ, ਫਿਰ ਹੁਕਮਨਾਮਾ ਵਾਪਸ ਲੈਣ ਦੀ ਹਾਸੋ ਹੀਣੀ ਕਰਵਾਈ।

ਇਹ ਸਾਰਾ ਘੋਰ ਅਨਰਥ ਤੇਰੇ ਹੱਥੀਂ ਅਤੇ ਤੇਰੀ ਦੇਖ-ਰੇਖ ਹੇਠ ਹੋਇਆ, ਉਸ ਵੇਲੇ ਦੇ ਤੇਰੇ ਭਾਈਵਾਲ ਗਿਆਨੀ ਗੁਰਮੁਖ ਸਿੰਘ ਅਤੇ ਭਾਈ ਇਕਬਾਲ ਸਿੰਘ ਪਟਨਾ ਸਾਹਿਬ ਕਈ ਵਾਰ ਅੰਦਰਲੇ ਸੱਚੇ ਤੱਥ ਸ਼ਰੇਆਮ ਦੱਸ ਚੁਕੇ ਹਨ, ਪਰ ਤੂੰ ਹਾਲੇ ਤੱਕ ਇਹ ਪਾਪਾਂ ਦਾ ਟੋਕਰਾ ਸਿਰ ਉਤੇ ਚੁੱਕੀ ਫਿਰਦਾ ਐਂ!

ਭਾਈ ਸਿੰਘਾ! ਜੇ ਤੂੰ ਅਕਾਲ ਪੁਰਖ ਦੀ ਦਰਗਾਹ ਵਿਚ ਸੁਰਖਰੂ ਹੋ ਕੇ ਜਾਣਾ ਚਾਹੁੰਦਾ ਹੈਂ ਤਾਂ ਕਿਸੇ ਦਿਨ ਬੜੇ ਸਤਿਕਾਰ ਨਾਲ ਪ੍ਰੈਸ ਕਾਨਫਰੰਸ ਸੱਦ ਕੇ ਆਪਣੇ ਨਾਲ ਹੋਈ ਖੱਜਲ ਖੁਆਰੀ ਦਾ ਸਾਰਾ ਚਿੱਠਾ ਖੋਲ੍ਹ ਕੇ ਸੁਣਾ ਦੇਹ। ਗੁਰੂ ਪੰਥ ਬਖਸ਼ਿੰਦ ਹੈ, ਭੁੱਲਾਂ ਗੁਸਤਾਖੀਆਂ ਬਖਸ਼ ਦੇਵੇਗਾ!

ਸਵਾਲ ਮੁੜ ਦੁਹਰਾਉਣ ਲੱਗਾਂ, "ਰੱਖੇਗਾ ਕੋਈ ਗਿਆਨੀ ਗੁਰਬਚਨ ਸਿੰਘ ਦੇ ਮੋਢੇ ਉਤੇ ਹੱਥ?"

## ਗੁਰੂਦੇਵ ਡਾ. ਹਰਿਭਜਨ ਸਿੰਘ ਦਾ ਸੰਗ-ਸਾਥ

*(ਪਿਛਲੇ ਸਫੇ ਦੀ ਬਾਕੀ)*

ਸ਼ੋਧ-ਪ੍ਰਬੰਧ ਜਮਾਂ ਕਰਵਾ ਦਿੱਤਾ ਤੇ ਡਾ. ਜੇ. ਐਸ. ਗਰੇਵਾਲ ਵੱਲੋਂ ਲਿਖਵਾਏ ਜਾ ਰਹੇ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਬਤੌਰ 'ਖੋਜ ਸਹਾਇਕ' ਨਿਯੁਕਤ ਹੋ ਗਿਆ। ਇਤਿਹਾਸ ਤਾਂ ਉਹ ਕਦੇ ਵੀ ਨਾ ਲਿਖਿਆ ਗਿਆ, ਕਿਉਂਕਿ ਡਾ. ਗਰੇਵਾਲ ਦੀ ਮਿਆਦ ਤਾਂ ਤਿੰਨ ਸਾਲ ਸੀ, ਪਰ ਇਹ ਪ੍ਰੋਜੈਕਟ ਨੌਂ ਸਾਲ ਦਾ ਸੀ। ਵਿਭਾਗੀ ਅਧਿਆਪਕਾਂ ਦੀ ਖੁੰਦਕ ਕਰ ਕੇ ਮੈਨੂੰ 31 ਮਾਰਚ 1983 ਨੂੰ ਸੇਵਾ-ਮੁਕਤ ਕਰ ਦਿੱਤਾ ਗਿਆ। ਯੂਨੀਵਰਸਿਟੀ ਦੀ ਰਾਜਨੀਤੀ ਤੋਂ ਨਿਰਾਸ਼ ਹੋ ਕੇ ਆਪਣਾ ਸਾਜ਼ੋ-ਸਮਾਨ ਲੈ ਕੇ ਪਿੰਡ ਪਲਾਸੌਰ (ਤਰਨ ਤਾਰਨ) ਵਿਖੇ ਚਲਾ ਗਿਆ। ਮੇਰੀ ਗੈਰ ਹਾਜ਼ਰੀ ਵਿਚ ਇਕ ਦਿਨ ਡਾ. ਸਾਹਿਬ ਯੂਨੀਵਰਸਿਟੀ ਵਿਖੇ ਆਏ ਤੇ ਮੇਰੇ ਬਾਰੇ ਡਾ. ਸਤਿੰਦਰ ਸਿੰਘ ਪਾਸੋਂ ਪੁੱਛ-ਪੜਤਾਲ ਕੀਤੀ। ਉਨ੍ਹਾਂ ਨੂੰ ਪਤਾ ਲੱਗਾ ਕਿ ਮੈਂ ਰੁਜ਼ਗਾਰਹੀਣ ਹੋ ਕੇ ਘਰ ਬੈਠਾ ਹਾਂ। ਕੁਝ ਦਿਨ ਬਾਅਦ ਮੈਨੂੰ ਵੀ ਇਸ ਦੀ ਖਬਰ ਮਿਲ ਗਈ। ਮੇਰੇ ਬਾਰੇ, ਉਨ੍ਹਾਂ ਦਾ ਚਿੰਤਤ ਹੋਣਾ ਮੈਨੂੰ ਚੰਗਾ ਲੱਗਾ। ਉਨ੍ਹੀਂ ਦਿਨੀਂ ਵਿਚ ਨੌਕਰੀ ਮਿਲਣੀ ਬਹੁਤ ਹੀ ਕਠਿਨ ਕਾਰਜ ਸੀ।

ਕੁਝ ਦਿਨ ਪਿਛੋਂ ਡੀ. ਏ. ਵੀ. ਚੰਡੀਗੜ੍ਹ ਵਿਖੇ ਲੈਕਚਰਾਰ ਦੀ ਆਸਾਮੀ ਨਿਕਲੀ ਤਾਂ ਮੈਂ ਬਿਨਾ ਕਿਸੇ ਨੂੰ ਦੱਸੇ ਅਪਲਾਈ ਕਰ ਦਿੱਤਾ। ਅੰਮ੍ਰਿਤਸਰ ਤੋਂ ਮੇਰਾ ਮਨ ਉਪਰਾਮ ਹੋ ਚੁਕਾ ਸੀ। ਜੂਨ 1983 ਦੇ ਪਹਿਲੇ ਹਫਤੇ ਡੀ. ਏ. ਵੀ. ਕਾਲਜ, ਚੰਡੀਗੜ੍ਹ ਲਈ ਦਿੱਲੀ ਵਿਖੇ ਇੰਟਰਵਿਊ ਆ ਗਈ। ਮੈਂ ਆਪਣਾ ਗੋਲਡ ਮੈਡਲ, ਸਰਟੀਫਿਕੇਟ ਤੇ ਖੋਜ-ਪੱਤਰ ਲੈ ਕੇ ਡੀ. ਏ. ਵੀ. ਮੈਨੇਜਮੈਂਟ ਦਿੱਲੀ ਦੇ ਦਫਤਰ ਵਿਚ ਮਿਥੇ ਸਮੇਂ 'ਤੇ ਪੁੱਜ ਗਿਆ। ਮੇਰੀ ਖੁਸ਼ੀ ਦੀ ਕੋਈ ਹੱਦ ਨਾ ਰਹੀ, ਜਦੋਂ ਮੈਂ ਦੇਖਿਆ ਕਿ ਡਾ. ਹਰਿਭਜਨ ਸਿੰਘ ਪ੍ਰਧਾਨ ਦੇ ਕਮਰੇ ਵਿਚ ਦਾਖਲ ਹੋ ਰਹੇ ਹਨ। ਉਨ੍ਹਾਂ ਨਾਲ ਪ੍ਰੋ. ਵਿਸ਼ਵਾ ਨਾਥ ਤਿਵਾੜੀ ਅਤੇ ਪ੍ਰੋ. ਗੋਸਲ ਵੀ ਹਾਜ਼ਰ ਸਨ। ਦੋਵੇਂ ਪੰਜਾਬ ਯੂਨੀਵਰਸਿਟੀ ਦੀਆਂ ਨਾਮਵਰ ਹਸਤੀਆਂ ਸਨ। ਇਨ੍ਹਾਂ ਬਾਬਤ ਮੈਨੂੰ ਦੇਵਿੰਦਰ ਜੌਹਲ ਨੇ ਦੱਸਿਆ, ਜੋ ਮੇਰੇ ਨਾਲ ਹੀ ਇੰਟਰਵਿਊ ਦੇ ਰਿਹਾ ਸੀ। ਮੈਂ ਇਨ੍ਹਾਂ ਦੋਵਾਂ ਸੱਜਣਾਂ ਨੂੰ ਕਦੇ ਨਹੀਂ ਸਾਂ ਮਿਲਿਆ। ਮੈਂ ਇਕੱਲਾ ਹੀ ਪੀਐਚ.ਡੀ. ਸਾਂ, ਬਾਕੀ ਦੇ ਸਾਰੇ ਉਮੀਦਵਾਰ ਐਮ.ਫਿਲ. ਹੀ ਸਨ। ਜੌਹਲ ਨੇ ਸਾਰਾ ਮਾਹੌਲ ਦੇਖ ਕੇ ਮੈਨੂੰ ਪਹਿਲਾਂ ਹੀ ਕਹਿ ਦਿੱਤਾ ਕਿ ਅੱਜ ਤੈਨੂੰ ਨੌਕਰੀ ਮਿਲ ਜਾਣੀ ਹੈ। ਮੈਂ ਵੀ ਵਿਚੋ ਵਿਚ ਆਸਵੰਦ ਸਾਂ, ਪਰ ਜਿੰਨਾ ਚਿਰ ਨੌਕਰੀ ਮਿਲ ਨਾ ਜਾਏ, ਤਦ ਤਕ ਭਰੋਸਾ ਨਹੀਂ ਹੁੰਦਾ। ਪ੍ਰੋ. ਤਿਵਾੜੀ ਦਾ ਇਕ ਚਹੇਤਾ ਵੀ ਸੀ, ਜਿਸ ਨੂੰ ਉਹ ਨੌਕਰੀ ਦਿਵਾਉਣਾ ਚਾਹੁੰਦੇ ਸਨ, ਉਹ ਐਮ. ਏ. ਪਾਸ ਹੀ ਸੀ। ਮੈਨੂੰ ਇਸ ਗੱਲ ਦਾ ਵੀ ਵਿਸ਼ਵਾਸ ਸੀ ਕਿ ਜਿਸ ਸਭਾ-ਸੁਸਾਇਟੀ ਵਿਚ ਡਾ. ਹਰਿਭਜਨ ਸਿੰਘ ਸ਼ੁਮਾਰ ਹੋਣ, ਉਸ ਸਭਾ ਵਿਚ ਫੈਸਲਾ ਉਹੀ ਹੁੰਦਾ ਹੈ, ਜੋ ਡਾ. ਸਾਹਿਬ ਚਾਹੁਣ ਪਰ ਅੱਜ ਵਿਸ਼ਵਾ ਨਾਥ ਤਿਵਾੜੀ ਨਾਲ ਪੇਚਾ ਸੀ, ਜਿਸ ਬਾਰੇ ਭੂਸ਼ਨ ਨੇ ਕਦੇ ਕਿਹਾ ਸੀ, 'ਵਿਸ਼ਵਾ ਨਾਥ ਤਿਵਾੜੀ, ਖੇਲ ਤੇ ਖਿਲਾੜੀ।' ਇਸ ਲਈ ਮੈਂ ਡਰਿਆ ਹੋਇਆ ਵੀ ਸਾਂ ਕਿ ਕਿਤੇ ਪ੍ਰੋ. ਤਿਵਾੜੀ ਅੱਜ ਮੇਰੇ ਰੁਜ਼ਗਾਰ 'ਤੇ ਲੱਤ ਨਾ ਮਾਰ ਜਾਣ।

ਖੈਰ! ਸਵੇਰੇ ਦਸ ਵਜੇ ਇੰਟਰਵਿਊ ਸ਼ੁਰੂ ਹੋਈ ਤੇ ਮੇਰੀ ਵਾਰੀ ਆਉਣ 'ਤੇ ਮੈਨੂੰ ਅੰਦਰ ਬੁਲਾਇਆ ਗਿਆ। ਡਾ. ਹਰਿਭਜਨ ਸਿੰਘ ਨੇ ਮੋਹਰੀ ਵਾਂਗ ਕਮੇਟੀ ਦੀ ਵਾਗਡੋਰ ਸੰਭਾਲੀ ਹੋਈ ਸੀ। ਉਨ੍ਹਾਂ ਮੇਰਾ ਗੋਲਡ ਮੈਡਲ ਅਤੇ ਬਾਕੀ ਦੀਆਂ ਸਾਰੀਆਂ ਡਿਗਰੀਆਂ ਇਕ ਇਕ ਕਰ ਕੇ ਗਿਣਵਾ ਦਿੱਤੀਆਂ। ਫਿਰ ਰੂਪਵਾਦ, ਸ਼ਿਵ ਕੁਮਾਰ ਤੇ ਡਾ. ਨੇਕੀ ਦੀ ਕਵਿਤਾ ਬਾਰੇ ਸੰਖੇਪ ਗੱਲਬਾਤ ਕੀਤੀ। ਮੈਂ ਆਪਣੀ ਸਮਰੱਥਾ ਮੁਤਾਬਿਕ ਪ੍ਰਸ਼ਨਾਂ ਦੇ ਜੁਆਬ ਦਿੱਤੇ। ਸਾਰਾ ਕੁਝ ਸਹੀ ਚਲਦਾ ਦੇਖ ਕੇ ਪ੍ਰੋ. ਤਿਵਾੜੀ ਨੂੰ ਲੱਗਾ ਕਿ ਇਹ ਮੁੰਡਾ ਤਾਂ ਸਿਲੈਕਟ ਹੋ ਚੱਲਿਆ। ਉਸ ਨੇ ਬੜੀ ਹੀ ਫੁਰਤੀ ਨਾਲ ਮੈਨੂੰ ਸੁਆਲ ਪੁੱਛਿਆ, "ਕਾਕਾ! ਤੂੰ ਤਾਂ ਬਹੁਤ ਪੜ੍ਹਿਆ ਲਿਖਿਆ ਏਂ। ਏਨੀਆਂ ਵੱਡੀਆਂ ਵੱਡੀਆਂ ਡਿਗਰੀਆਂ ਲਈ ਫਿਰਦਾ ਏਂ, ਤੂੰ ਤਾਂ ਜਲਦੀ ਹੀ ਕਿਸੇ ਯੂਨੀਵਰਸਿਟੀ ਵਿਚ ਚਲੇ ਜਾਵੇਂਗਾ, ਕਾਲਜ ਵਿਚ ਸਾਡੀਆਂ ਕਲਾਸਾਂ ਤਾਂ ਰੁਲਦੀਆਂ ਹੀ ਰਹਿਣਗੀਆਂ।"

ਇਹ ਸ਼ਬਦ ਪ੍ਰੋ. ਤਿਵਾੜੀ ਨੇ ਪ੍ਰਿੰਸੀਪਲ ਆਰੀਆ ਦੀ ਹਾਜ਼ਰੀ ਵਿਚ ਕਹੇ, ਜਿਵੇਂ ਉਹ ਖੁਦ ਹੀ ਕਾਲਜ ਦੇ ਪ੍ਰਿੰਸੀਪਲ ਹੋਣ। ਇਹ ਸੁਆਲ ਨਹੀਂ ਸੀ, ਭੱਥੇ ਵਿਚੋਂ ਕੱਢਿਆ ਹੋਇਆ ਕੋਈ ਬਾਣ ਸੀ ਜੋ ਇਕ ਦਮ ਮੇਰੇ ਕਲੇਜੇ ਵਿਚ ਲੱਗਾ। ਮੈਂ ਬੇਰੁਜ਼ਗਾਰ ਸੀ ਤੇ ਏਨਾ ਵੱਡਾ ਬਾਇਓ-ਡਾਟਾ ਲੈ ਕੇ ਵਿਹਲਾ ਫਿਰ ਰਿਹਾ ਸਾਂ। ਅੱਜ ਮੇਰੀ ਕਿਸਮਤ ਦਾ ਫੈਸਲਾ ਹੋ ਰਿਹਾ ਸੀ। ਅੰਦਰ ਹੋ ਰਹੇ ਨਾਟਕ ਦੇ ਡਾਇਰੈਕਟਰ ਤਾਂ ਡਾ. ਹਰਿਭਜਨ ਸਿੰਘ ਸਨ ਪਰ ਪ੍ਰੋ. ਤਿਵਾੜੀ ਆਪਣਾ ਰੋਲ ਬਾਖੂਬੀ ਨਿਭਾ ਰਿਹਾ ਸੀ। ਬਾਕੀ ਹਾਜ਼ਰੀਨ ਤਾਂ ਸਾਰੇ ਦਰਸ਼ਕ ਹੀ ਸਨ। ਪ੍ਰੋ. ਹਰਿਭਜਨ ਸਿੰਘ ਦੀ ਹਾਜ਼ਰੀ ਕਰ ਕੇ ਮੇਰੇ ਅੰਦਰ ਵੀ ਜੋਸ਼ ਆ ਗਿਆ। ਮੈਂ ਕਿਹਾ, 'ਤੁਸੀਂ ਮੈਨੂੰ ਨੌਕਰੀ ਦਿਓ, ਮੈਂ ਕਾਲਜ ਵਿਚ ਸ਼ਹੀਦ ਹੋਵਾਂਗਾ।'

ਮੇਰੀ ਇਹ ਗੱਲ ਸੁਣਦਿਆਂ ਹੀ ਸਾਰਿਆਂ ਨੇ ਇਕ ਆਵਾਜ਼ ਵਿਚ ਕਿਹਾ ਕਿ ਇਸ ਬੱਚੇ ਨੂੰ ਨੌਕਰੀ ਦਿਓ। ਹੁਣ ਪ੍ਰੋ. ਤਿਵਾੜੀ ਪਾਸ ਮੇਰੇ ਲਈ ਕੋਈ ਕਿੰਤੂ-ਪ੍ਰੰਤੂ ਨਹੀਂ ਸੀ ਬਚਿਆ। ਮੇਰੀ ਚੋਣ ਹੋ ਗਈ। ਮੈਂ ਜੇਤੂ ਹੋ ਕੇ ਨਿਕਲਿਆ। ਇਹ ਜਿੱਤ ਮੇਰੀ ਨਹੀਂ ਸੀ, ਡਾ. ਹਰਿਭਜਨ ਸਿੰਘ ਦੀ ਸੀ, ਜਿਨ੍ਹਾਂ ਮੇਰੀ ਅਕਾਦਮਿਕਤਾ ਨੂੰ ਮਾਨਤਾ ਦਿਵਾਈ।

ਦੂਜੇ-ਚੌਥੇ ਦਿਨ ਪ੍ਰੋ. ਨਾਹਰ ਸਿੰਘ (ਜੋ ਕਾਲਜ ਵਿਚ ਵਿਭਾਗ ਦਾ ਮੁਖੀ ਸੀ) ਦਾ ਫੋਨ ਆ ਗਿਆ, "ਪਿੰਡ ਕੀ ਕਰਦਾ, ਆ ਕੇ ਜੁਆਇਨ ਕਰ।" ਮੈਂ ਰੱਬ ਦਾ ਲੱਖ ਲੱਖ ਸ਼ੁਕਰ ਕੀਤਾ ਤੇ ਚੰਡੀਗੜ੍ਹ ਦਾ ਹੋ ਗਿਆ।

ਜੁਆਇਨਿੰਗ ਪਿਛੋਂ ਮੈਂ ਪਹਿਲੀ ਵਾਰ ਪ੍ਰਿੰਸੀਪਲ ਕੇ. ਐਸ. ਆਰੀਆ ਦੇ ਦਫਤਰ ਵਿਚ ਉਨ੍ਹਾਂ ਨੂੰ ਮਿਲਣ ਗਿਆ। ਮੈਨੂੰ ਚਾਹ ਦਾ ਕੱਪ ਪਿਲਾਉਂਦਿਆਂ ਕਹਿਣ ਲੱਗੇ, "ਵੋਹ ਜਿਸ ਸ਼ਖਸ ਨੇ ਆਪ ਕੀ ਸਿਲੇਕਸ਼ਨ ਕੀ ਹੈ, ਵੋਹ ਦਰਵੇਸ਼ ਆਦਮੀ ਹੈ। ਉਨਕੋ ਕਾਲਜ ਮੇਂ ਬੁਲਾਓ। ਨਏ ਬੱਚੋਂ ਕੋ ਆਸ਼ੀਰਵਾਦ ਦਿਲਾਨਾ ਹੈ।" ਮੈਂ ਹੈਰਾਨ ਸੀ, ਪ੍ਰਿੰਸੀਪਲ ਆਰੀਆ ਨੂੰ ਉਨ੍ਹਾਂ ਬਾਰੇ ਕਿਵੇਂ ਪਤਾ ਹੈ? ਮੈਨੂੰ ਲੱਗਾ, ਸਿਆਣੇ ਬੰਦੇ ਝੱਟ ਪੱਟ ਵਿਚ ਹੀ ਜ਼ਿੰਦਗੀ ਦੀਆਂ ਰਮਜ਼ਾਂ ਸਮਝ ਜਾਂਦੇ ਹਨ। ਉਹ ਰਮਜ਼ ਇੰਟਰਵਿਊ ਦੀ ਸੀ।

ਕੁਝ ਦਿਨ ਬਾਅਦ ਕਾਲਜ ਵਿਚ ਮੈਂ ਸਾਹਿਤਕ ਪ੍ਰੋਗਰਾਮ ਉਲੀਕਿਆ। ਡਾ. ਸਾਹਿਬ ਨੇ ਆਪਣੇ ਗਿਆਨ ਨਾਲ ਸਭ ਨੂੰ ਸਰਸ਼ਾਰ ਕੀਤਾ। ਪ੍ਰੋਗਰਾਮ ਨੇ ਕਾਲਜ ਵਿਚ ਆਪਣੀ ਅਮਿੱਟ ਯਾਦ ਛੱਡੀ। ਡਾ. ਕੇਸਰ ਸਿੰਘ ਕੇਸਰ ਵੀ ਉਸ ਪ੍ਰੋਗਰਾਮ ਵਿਚ ਸ਼ਾਮਿਲ ਹੋਏ। ਵਿਦਿਆਰਥੀਆਂ ਨੂੰ ਬੇਮਿਸਾਲ ਉਤਸ਼ਾਹ ਮਿਲਿਆ। ਮੇਰੇ ਵਿਦਿਆਰਥੀ ਗੁਰਭੇਜ ਸਿੰਘ ਗੁਰਾਇਆ, ਡਾ. ਭੀਮਇੰਦਰ ਸਿੰਘ, ਕਪਿਲ ਦੇਵ, ਬਲਦੇਵ ਨਾਰੰਗ ਆਦਿ ਡਾ. ਸਾਹਿਬ ਦੀ ਸਾਦ-ਮੁਰਾਦੀ ਸ਼ਖਸੀਅਤ ਤੋਂ ਪ੍ਰਭਾਵਿਤ ਹੋ ਕੇ ਸਾਧਨਾ 'ਚ ਜੁਟੇ ਰਹੇ। ਉਚੇ ਅਹੁਦਿਆਂ 'ਤੇ ਪਹੁੰਚੇ ਤੇ ਹੁਣ ਮਾਣ-ਮੱਤੀਆਂ ਪ੍ਰਾਪਤੀਆਂ ਕਰ ਰਹੇ ਹਨ।

*(ਬਾਕੀ ਅਗਲੇ ਅੰਕ ਵਿਚ)*

## ਨੇਕ ਇਆਤਿਕਾਦ ਤੇ ਮੁਕੱਦਸ ਰੂਹਾਂ



ਸਰਬਜੀਤ ਕੌਰ ਸਰਬ

ਕੋਈ ਸਮਾਂ ਸੀ, ਜਦੋਂ ਰੱਬ ਦੀ ਬਣਾਈ ਇਸ ਕੁਦਰਤ ਵਿਚ ਨੇਕ ਇਆਤਿਕਾਦ (ਵਿਸ਼ਵਾਸਯੋਗ) ਤੇ ਮੁਕੱਦਸ ਰੂਹਾਂ ਦਾ ਇਸ ਧਰਤੀ 'ਤੇ ਵਾਸ ਸੀ। ਇਹ ਉਹ ਸਮਾਂ ਸੀ, ਜਦੋਂ ਇੱਥੇ ਰੱਬ ਵੱਸਦਾ ਸੀ, ਉਨ੍ਹਾਂ ਨੇਕਬਖਤ ਰੂਹਾਂ ਨੇ ਇਸ ਧਰਤੀ ਨੂੰ ਸਵਰਗ ਬਣਾਇਆ ਸੀ। ਸਮਾਂ ਨਿਕਲਦਾ ਗਿਆ ਤੇ ਇਨਸਾਨ ਦਾ ਦਬਦਬਾ ਬਣਦਾ ਗਿਆ ਅਤੇ ਮੁਕੱਦਸ ਰੂਹਾਂ ਦੀ ਗਿਣਤੀ ਘਟਦੀ ਗਈ। ਇਨਸਾਨ ਨੇ ਧਰਤੀ ਨੂੰ ਸਵਰਗ ਨਾ ਰਹਿਣ ਦਿੱਤਾ, ਇਨਸਾਨੀ ਰੂਪ ਵਿਚ ਸ਼ੈਤਾਨਾਂ ਨੇ ਜਨਮ ਲੈ ਲਿਆ। ਇਨਸਾਨ ਨੂੰ ਗਲਤੀ ਦਾ ਪੁਤਲਾ ਮੰਨਿਆ ਜਾਂਦਾ ਹੈ, ਪਰ ਇਸ ਵਲੋਂ ਕੀਤੀਆਂ ਅਨੇਕਾਂ ਗਲਤੀਆਂ ਉਸ ਸੱਚ ਕਰਤਾਰ ਦੇ ਘਰ ਵੀ ਪ੍ਰਵਾਨ ਨਹੀਂ ਕੀਤੀਆਂ ਜਾ ਸਕਦੀਆਂ। ਬਿਮਾਰੀਆਂ ਦੀ ਆੜ ਵਿਚ ਹੋ ਰਹੇ ਗਲਤ ਕੰਮਾਂ ਦਾ ਲੇਖਾ-ਜੋਖਾ ਇਕ ਨਾ ਇਕ ਦਿਨ ਹੋ ਕੇ ਰਹੇਗਾ। ਇਨਸਾਨ, ਇਨਸਾਨ ਨੂੰ ਹੀ ਮਾਰ ਰਿਹਾ ਹੈ, ਅੱਜ ਬੋਲੀ ਇਨਸਾਨ ਦੇ ਅੰਗਾਂ ਦੀ ਪੈ ਰਹੀ ਹੈ, ਝੂਠ ਦਾ ਪਸਾਰ ਦਿਨੋ ਦਿਨ ਵੱਧ ਰਿਹਾ ਹੈ।

ਸਿਆਣੇ ਆਖਦੇ ਹਨ, ਸਮਾਂ ਆਪਣੀ ਚਾਲ ਚਲਦਾ ਰਹਿੰਦਾ ਹੈ, ਪਰ ਜੋ ਵੀ ਨਾਬੂਦ (ਬਰਬਾਦ) ਕਰਨ ਵਾਲਾ ਸਮਾਂ ਹੁੰਦਾ ਹੈ, ਉਸ ਦੀ ਚਾਲ ਬਹੁਤ ਧੀਮੀ ਮੰਨੀ ਜਾਂਦੀ ਹੈ। ਅੱਜ ਦਾ ਸਮਾਂ ਵੀ ਮਨੁੱਖ ਦੀ ਹੋਂਦ ਨੂੰ ਨਾਬੂਦ ਕਰਨ ਵਾਲਾ ਹੈ, ਹਰ ਪਾਸੇ ਇਕ ਖਾਮੋਸ਼ੀ ਛਾਈ ਪਈ ਹੈ, ਜਿਸ ਦਾ ਅਸਰ ਬੱਚੇ ਤੋਂ ਲੈ ਕੇ ਇਕ ਬਜ਼ੁਰਗ ਤੱਕ ਪੈ ਰਿਹਾ ਹੈ। ਇਸ ਸਮੇਂ ਨੂੰ ਅੱਖੀਂ ਵੇਖ ਕੇ ਇਕ ਗੱਲ ਪੂਰੀ ਤਰ੍ਹਾਂ ਸਪੱਸ਼ਟ ਹੋ ਜਾਂਦੀ ਹੈ ਕਿ ਅਸੀਂ ਕਲਯੁਗ ਦੇ ਹੀ ਵਾਸੀ ਹਾਂ। ਹਰ ਪਾਸੇ ਮਚੀ ਹਾਹਾਕਾਰ ਵੀ ਮਨੁੱਖੀ ਦਿਲਾਂ ਨੂੰ ਨਾਰਸਾ (ਬੇ-ਅਸਰ) ਕਰ ਰਹੀ ਹੈ, ਅੱਜ ਦੇ ਮਨੁੱਖੀ ਕਲਬ (ਦਿਲ) ਵਿਚ ਸਿਰਫ 'ਮੈਂ ਤੇ ਮੇਰੀ' ਨੇ ਜਗ੍ਹਾ ਲਈ ਹੋਈ ਹੈ।

ਉਹ ਨੇਕ ਇਆਤਿਕਾਦ ਤੇ ਮੁਕੱਸਦ ਰੂਹਾਂ ਦਾ ਸਮਾਂ ਬਹੁਤ ਪਿੱਛੇ ਲੰਘ ਗਿਆ, ਜਿਨ੍ਹਾਂ ਨੇ ਆਪਣੀਆਂ ਜਾਨਾਂ ਆਪਣੀ ਕੌਮ ਦੀ ਰੱਖਿਆ ਅਤੇ ਉਨ੍ਹਾਂ ਮਜ਼ਲੂਮਾਂ ਦੀ ਸੇਵਾ ਵਿਚ ਲਾ ਦਿੱਤੀਆਂ, ਜੋ ਨਾਚਾਰ (ਬੇਵਸ) ਸਨ, ਪਰ ਅਜੋਕੇ ਬਸ਼ਰ (ਮਨੁੱਖ) ਦੇ ਮਨ ਵਿਚ ਇਨ੍ਹਾਂ ਮੁਕੱਦਸ ਰੂਹਾਂ ਦਾ ਇਕ ਕਿਣਕਾ ਵੀ ਨਜ਼ਰ ਨਹੀਂ ਪੈਂਦਾ। ਮਨੁੱਖ ਆਪਣੇ ਆਪ ਨੂੰ ਉਚਾ ਕਰਨ ਲਈ ਗਰੀਬ ਨੂੰ ਪੌੜੀ ਬਣਾ ਰਿਹਾ ਹੈ, ਗਰੀਬ ਆਦਮੀ ਰੋਟੀ ਲਈ ਦਿਨੋ-ਦਿਨ ਮੁਥਾਜ ਬਣ ਰਿਹਾ ਹੈ।

ਇਸੇ ਕਾਲ ਚੱਕਰ ਵਿਚ ਅੱਜ ਜ਼ਿੰਦਗੀ ਲੰਘ ਰਹੀ ਹੈ, ਦੁਨਿਆਵੀ ਮੋਹ ਦੇ ਚੱਕਰ ਤੋਂ ਮੁਕਤ ਹੋਣ ਲਈ ਅਨੇਕਾਂ ਪੈਗੰਬਰੀ ਅਜ਼ਮਤਾ ਨੇ ਕਠੋਰ ਤਪ ਕਰ ਕੇ ਮੁਕਤੀ ਪ੍ਰਾਪਤੀ ਕੀਤੀ। ਇਨ੍ਹਾਂ ਮੁਕੱਦਸ ਰੂਹਾਂ ਵਿਚੋਂ ਹੀ ਮਹਾਤਮਾ ਬੁੱਧ ਇਕ ਸਨ, ਜਿਨ੍ਹਾਂ ਨੇ ਦੁਨੀਆਂ ਨੂੰ ਦੁੱਖਾਂ ਦਾ ਘਰ ਕਹਿ ਕੇ ਸੰਬੋਧਤ ਕੀਤਾ। ਘਰ ਬਾਰ ਤਿਆਗ ਕੇ ਉਸ ਸੱਚ ਦੀ ਖੋਜ ਵਿਚ ਨਿਕਲ ਪਏ ਤੇ ਆਖਿਰਕਾਰ ਮੁਕਤੀ ਦਾ ਰਾਹ ਲੱਭ ਕੇ ਲੋਕਾਂ ਨੂੰ ਵੀ ਉਸ ਰਸਤੇ 'ਤੇ ਪਾਇਆ; ਪਰ ਅੱਜ ਦੇ ਸਮੇਂ ਕੋਈ ਵੀ ਇਨਸਾਨ ਮੁਕਤੀ ਦਾ ਰਾਹ ਨਹੀਂ ਲੱਭ ਰਿਹਾ, ਸਗੋਂ ਇਸ ਸੰਸਾਰਕ ਮੋਹ ਵਿਚ ਉਹ ਦਿਨੋਂ ਦਿਨ ਬੱਝਦਾ ਜਾ ਰਿਹਾ ਹੈ। ਉਸ ਸੱਚੇ ਨੂੰ ਭੁੱਲ ਕੇ ਆਪਣੀ ਇੱਛਾਵਾਂ ਦੀ ਪੂਰਤੀ ਲਈ ਹਰ ਚੰਗਾ-ਮਾੜਾ ਕੰਮ ਕਰ ਰਿਹਾ ਹੈ। ਇਸ ਵਲੋਂ ਕੀਤੇ ਇਨ੍ਹਾਂ ਕੰਮਾਂ ਦਾ ਲੇਖਾ ਇਕ ਦਿਨ ਉਸ ਸੱਚ ਦੀ ਕਚਹਿਰੀ ਵਿਚ ਦੇਣਾ ਪੈਣਾ ਹੈ।

ਮਦਹੋਸ਼ ਕਰਨੇ ਵਾਲੀ ਹੈ,
ਦਾਸਤਾਨ ਆਜ ਕੀ।
ਮਜ਼ਕੂਰ ਮੇ ਹੈ ਜ਼ਿੰਦਗੀ
ਏਕ ਬਾਰ ਫਿਰ ਇਨਸਾਨ ਕੀ।
ਨਾ ਕੋਈ ਮੁਖਾਲਫਿਤ ਹੈ 'ਸਰਬ'
ਏਸ ਗਸ਼ਤ ਗੁਫਤਾਰ ਕਾ।

# ਨਿਰਪੱਖ ਸੰਜੀਦਗੀ ਸਵਾਲਾਂ ਦੇ ਘੇਰੇ ਵਿਚ

ਵਿਚਾਰ-ਚਰਚਾ

***'ਪੰਜਾਬ ਟਾਈਮਜ਼' ਵਿਚ ਖਾਲਿਸਤਾਨ ਅਤੇ ਸਿੱਖ ਸਿਆਸਤ ਬਾਰੇ ਸ਼ੁਰੂ ਹੋਈ ਬਹਿਸ ਦੌਰਾਨ ਹਰ ਅੰਕ ਵਿਚ ਨਵੇਂ ਨੁਕਤੇ ਜੁੜ ਰਹੇ ਹਨ। ਇਸ ਬਹਿਸ ਦੀ ਸ਼ੁਰੂਆਤ ਸੀਨੀਅਰ ਪੱਤਰਕਾਰ ਕਰਮਜੀਤ ਸਿੰਘ ਚੰਡੀਗੜ੍ਹ ਦੇ ਲੇਖ ਤੋਂ ਹੋਈ ਸੀ ਅਤੇ ਇਸ ਵਿਚ ਵੱਖ-ਵੱਖ ਵਿਚਾਰਾਂ ਵਾਲੇ ਵਿਦਵਾਨ ਸੱਜਣਾਂ ਨੇ ਆਪੋ-ਆਪਣਾ ਯੋਗਦਾਨ ਪਾਇਆ ਹੈ। ਇਸ ਵਾਰ ਕਰਮਜੀਤ ਸਿੰਘ ਨੇ ਅਵਤਾਰ ਸਿੰਘ ਯੂ. ਕੇ. ਦੇ ਲੇਖ ਨੂੰ ਆਧਾਰ ਬਣਾ ਕੇ ਸਿੱਖ ਸਿਆਸਤ ਨਾਲ ਜੁੜੇ ਵਿਦਵਾਨਾਂ ਬਾਰੇ ਕੁਝ ਖਾਸ ਟਿੱਪਣੀਆਂ ਆਪਣੇ ਇਸ ਲੇਖ ਵਿਚ ਕੀਤੀਆਂ ਹਨ, ਜੋ ਅਸੀਂ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ***

ਮੈਂ ਸ. ਅਵਤਾਰ ਸਿੰਘ ਇੰਗਲੈਂਡ ਦਾ ਲੇਖ 'ਸਿੱਖ ਬੌਧਿਕਤਾ ਦਾ ਮਿਆਰ ਨਿਘਾਰ ਵਲ ਕਿਉਂ?' ਸਿਰਲੇਖ ਹੇਠ ਪੜ੍ਹਿਆ। ਉਨ੍ਹਾਂ ਨਿਰਪੱਖਤਾ ਦਾ ਪੱਲਾ ਫੜਦਿਆਂ ਅਪੀਲ ਭਾਵੇਂ ਦੋਵਾਂ ਧਿਰਾਂ ਨੂੰ ਕੀਤੀ ਕਿ ਉਹ ਆਪਣੀਆਂ ਲਿਖਤਾਂ ਨੂੰ ਖਾਲਸਈ ਮਿਆਰਾਂ ਮੁਤਾਬਿਕ ਰੱਖਣ, ਪਰ ਸਾਰੀ ਰਚਨਾ ਨੂੰ ਹੀ ਇੱਕ ਧਿਰ ਦੇ ਹੱਕ ਵਿਚ ਇੰਜ ਭੁਗਤਾ ਦਿੱਤਾ ਗਿਆ, ਜਿਸ ਨਾਲ ਦੂਜੀ ਧਿਰ ਆਪਣੇ ਆਪ ਹੀ ਬਿਪਰਨ ਕੀ ਰੀਤ ਦੀ ਪੈਰੋਕਾਰ ਬਣਾ ਦਿੱਤੀ ਗਈ। ਇਸ ਨਾਲ ਸ. ਅਵਤਾਰ ਸਿੰਘ ਦੀ ਨਿਰਪੱਖ ਸੰਜੀਦਗੀ ਵੀ ਸਵਾਲਾਂ ਦੇ ਘੇਰੇ ਵਿਚ ਆ ਗਈ ਹੈ। ਇੱਕ ਪਲ ਲਈ ਇਉਂ ਵੀ ਮਹਿਸੂਸ ਹੋਇਆ, ਜਿਵੇਂ ਬੋਲੀ ਤਾਂ ਸ. ਅਵਤਾਰ ਸਿੰਘ ਦੀ ਆਪਣੀ ਹੈ, ਪਰ ਚੱਪੂ ਕੋਈ ਹੋਰ ਧਿਰ ਚਲਾ ਰਹੀ ਹੈ।

ਪ੍ਰਭਸ਼ਰਨਦੀਪ ਸਿੰਘ ਨੇ ਸ. ਅਵਤਾਰ ਸਿੰਘ ਦੀਆਂ ਦਲੀਲਾਂ ਦੇ ਇੱਕ-ਇੱਕ ਕਰ ਕੇ

**ਕਰਮਜੀਤ ਸਿੰਘ ਚੰਡੀਗੜ੍ਹ**
ਫੋਨ: +91-99150-91063

ਢੁਕਵੇਂ, ਪ੍ਰਭਾਵਸ਼ਾਲੀ, ਸਿਲਸਿਲੇਵਾਰ ਅਤੇ ਜਾਨਦਾਰ ਜਵਾਬ ਦਿੱਤੇ ਹਨ, ਪਰ ਸੰਤ ਜਰਨੈਲ ਸਿੰਘ ਬਾਰੇ ਸ. ਅਵਤਾਰ ਸਿੰਘ ਦੀ ਇਹ ਟਿੱਪਣੀ ਠੀਕ ਨਹੀਂ ਕਿ 'ਸਿੱਖ ਇਤਿਹਾਸ ਵਿਚ ਸੰਤ ਜਰਨੈਲ ਸਿੰਘ ਦੀ ਸਤਿਕਾਰਤ ਥਾਂ ਨੂੰ ਅਜਮੇਰ ਸਿੰਘ ਦੇ ਹੀ ਕਾਰਜ ਨੇ ਨਿਸ਼ਚਿਤ ਕੀਤਾ।' ਅਵਤਾਰ ਸਿੰਘ ਇਥੇ ਬੜੀ ਵੱਡੀ ਭੁੱਲ ਕਰ ਰਹੇ ਹਨ, ਜਦੋਂ ਕਿ ਸਿੰਗਾਪੁਰ ਸੁਪਰੀਮ ਕੋਰਟ ਦੇ ਜੱਜ ਡਾ. ਚੂਹੜ ਸਿੰਘ ਸਿੱਧੂ ਨੇ 1997 ਵਿਚ ਹੀ ਸੰਤ ਜੀ ਉਤੇ ਪੁਸਤਕ ਲਿਖ ਦਿੱਤੀ ਸੀ। ਸੰਤ ਜਰਨੈਲ ਸਿੰਘ ਨੂੰ 'ਸ਼ਹੀਦ ਤੇ ਸੰਤ' ਦੇ ਰੁਤਬੇ ਨਾਲ ਨਿਵਾਜਦਿਆਂ ਉਨ੍ਹਾਂ ਨੇ ਲਾਰਡ ਮੈਕਾਲੇ ਦੀਆਂ ਯਾਦਗਾਰੀ ਸਤਰਾਂ ਦਾ ਹਵਾਲਾ ਦਿੱਤਾ, ਜੋ ਰੋਮ ਦੇ ਮਹਾਨ ਨਾਇਕ ਹੋਰੇਸ਼ੀਅਸ ਦੀ ਯਾਦ ਵਿਚ ਲਿਖੀਆਂ ਗਈਆਂ ਸਨ। ਹੋਰੇਸ਼ੀਅਸ ਨੇ ਰੋਮ ਸ਼ਹਿਰ ਦੀ ਰਾਖੀ ਲਈ ਆਪਣੇ ਕੁਝ ਹੀ ਸਾਥੀ ਯੋਧਿਆਂ ਦੀ ਮਦਦ ਨਾਲ ਅਟਰੂਸਨ (Etruscan) ਹਮਲਾਵਰਾਂ ਦਾ ਡਟ ਕੇ ਮੁਕਾਬਲਾ ਕੀਤਾ ਤੇ ਰੋਮ ਸ਼ਹਿਰ ਨੂੰ ਦੁਸ਼ਮਣਾਂ ਤੋਂ ਬਚਾਇਆ।

ਕਮਾਲ ਦੀਆਂ ਇਹ ਸਤਰਾਂ ਕੁਝ ਇਸ ਤਰ੍ਹਾਂ ਹਨ, ਜੋ ਸੰਤ ਜਰਨੈਲ ਸਿੰਘ ਦੀ ਅਗਵਾਈ ਵਿਚ ਲੜਨ ਵਾਲੇ ਸਿੰਘਾਂ ਦੀ ਯਾਦ ਨੂੰ ਵੀ ਸਾਡੇ ਦਿਲਾਂ ਵਿਚ ਰੌਸ਼ਨ ਕਰ ਦਿੰਦੀਆਂ ਹਨ,

To every man upon this earth
Death cometh soon or late
And how can a man die better
Than facing fearful odds
For the ashes of his fathers
and the temples of his gods
Lord Macaulay (1800-1859)

ਖੁੱਲੇ ਅਰਥ:
ਮੌਤ ਤਾਂ ਇੱਕ ਦਿਨ ਹਰ ਕਿਸੇ ਨੂੰ ਆਉਣੀ ਹੈ
ਪਰ ਉਹ ਬੰਦਾ ਕਦੇ ਨਹੀਂ ਮਰਦਾ
ਜੋ ਭਿਆਨਕ ਮੁਸ਼ਕਿਲਾਂ ਦਾ ਸਾਹਮਣਾ ਕਰਦਾ ਸ਼ਹੀਦ ਹੁੰਦਾ ਹੈ।
ਤੇ ਜੋ ਆਪਣੇ ਪੁਰਖਿਆਂ ਦੀਆਂ ਯਾਦਾਂ ਨੂੰ ਸੱਜਰੀ ਸਵੇਰ ਵਾਂਗ ਤਾਜ਼ਾ ਰੱਖਦਾ ਹੈ।
ਤੇ ਜਿਸ ਨੂੰ ਰੱਬ ਦੀ ਦਰਗਾਹ ਵਿਚ ਸ਼ਰਮਸਾਰ ਨਹੀਂ ਹੋਣਾ ਪੈਂਦਾ।

ਮੈਂ ਆਪਣੀ ਸਿਫਤ ਆਪ ਕਰਨ ਦੇ ਹੱਕ ਵਿਚ ਨਹੀਂ ਹਾਂ, ਪਰ ਮੈਂ ਜੁਝਾਰੂ ਲਹਿਰ ਦੇ ਪਤਨ ਦੇ ਤੁਰੰਤ ਪਿਛੋਂ ਸੰਤ ਜਰਨੈਲ ਸਿੰਘ, ਅਕਾਲੀ ਦਲ, ਅਕਾਲੀ ਕਲਚਰ ਅਤੇ ਜੁਝਾਰੂ ਲਹਿਰ ਦੇ ਆਪਸੀ ਰਿਸ਼ਤਿਆਂ ਨੂੰ ਲੈ ਕੇ 40 ਸਫਿਆਂ ਦਾ ਲੰਮਾ ਲੇਖ 1995 ਵਿਚ ਲਿਖਿਆ ਸੀ, ਜੋ ਭਾਈ ਹਰਸਿਮਰਨ ਸਿੰਘ ਦੀ ਤਿੰਨ ਜਿਲਦਾਂ ਵਿਚ ਲਿਖੀ ਪੁਸਤਕ 'ਮਹਾਂਪੁਰਸ਼' ਦੀ ਭੂਮਿਕਾ ਵਜੋਂ ਪੇਸ਼ ਕੀਤਾ ਗਿਆ ਸੀ। ਇਸ ਭੂਮਿਕਾ ਵਿਚ ਸੰਤ ਜਰਨੈਲ ਸਿੰਘ ਦੀ ਸਿੱਖੀ ਦਰਦ ਵਿਚ ਰਤੜੀ ਸ਼ਖਸੀਅਤ ਅਤੇ ਕੁਝ ਰੂਹਾਨੀ ਤੇ ਇਤਿਹਾਸਕ ਰਾਜ਼ ਪੜ੍ਹਨ ਦੀ ਕੋਸ਼ਿਸ਼ ਕੀਤੀ ਗਈ ਸੀ। ਇਹ ਉਹ ਸਮਾਂ ਸੀ, ਜਦੋਂ ਇਸ ਮਹਾਨ ਸ਼ਖਸੀਅਤ ਨੂੰ ਸਿੱਖ ਇਤਿਹਾਸ ਦੇ ਦਾਇਰੇ ਵਿਚੋਂ ਬਾਹਰ ਕੱਢ ਕੇ ਹਰ ਦਾਨਿਸ਼ਵਰ ਆਪਣੇ ਆਪਣੇ ਢੰਗ ਨਾਲ ਖਲਨਾਇਕ ਸਿੱਧ ਕਰਨ ਦੇ ਯਤਨ ਕਰ ਰਿਹਾ ਸੀ। ਮਗਰੋਂ ਜੁਝਾਰੂ ਲਹਿਰ ਦੇ ਦਾਨਿਸ਼ਵਰ ਸ. ਨਰੈਣ ਸਿੰਘ ਚੌੜਾ ਨੇ ਸੰਤ ਜੀ ਦੇ ਲੈਕਚਰਾਂ ਨੂੰ ਇੱਕ ਥਾਂ ਇਕੱਠਾ ਕਰ ਕੇ ਵੱਡ-ਅਕਾਰੀ ਪੁਸਤਕ ਪੇਸ਼ ਕੀਤੀ, ਜਦੋਂ ਕਿ ਬਾਹਰ ਦੇ ਦੇਸ਼ ਵਿਚ ਵੀ ਇੱਕ ਸਿੰਘ ਨੇ ਸੰਤ ਜੀ ਦੇ ਲੈਕਚਰਾਂ ਦਾ ਅੰਗਰੇਜ਼ੀ ਅਨੁਵਾਦ ਕਰ ਕੇ ਪੁਸਤਕ ਭੇਟ ਕੀਤੀ। ਬਾਕੀ ਹੋਰ ਕਈ ਦਾਨਿਸ਼ਵਰ ਲੇਖਕਾਂ ਬਾਰੇ ਪ੍ਰਭਸ਼ਰਨਦੀਪ ਸਿੰਘ ਆਪਣੇ ਜਵਾਬ ਵਿਚ ਜ਼ਿਕਰ ਕਰ ਹੀ ਚੁਕੇ ਹਨ।

ਜੱਗ ਜਾਣਦਾ ਹੈ ਕਿ ਸ. ਅਜਮੇਰ ਸਿੰਘ ਨੇ ਇੱਕ ਚੈਨਲ ਨਾਲ ਇੰਟਰਵਿਊ ਵਿਚ ਖਾਲਿਸਤਾਨ

***ਜੱਗ ਜਾਣਦਾ ਹੈ ਕਿ ਸ. ਅਜਮੇਰ ਸਿੰਘ ਨੇ ਇੱਕ ਚੈਨਲ ਨਾਲ ਇੰਟਰਵਿਊ ਵਿਚ ਖਾਲਿਸਤਾਨ ਅਤੇ ਖਾਲਿਸਤਾਨੀਆਂ ਬਾਰੇ ਜੋ ਟਿੱਪਣੀਆਂ ਕੀਤੀਆਂ, ਜੋ ਖਾਲਿਸਤਾਨੀਆਂ ਉਤੇ ਫੁੱਲਾਂ ਦੀ ਬਾਰਿਸ਼ ਕੀਤੀ, ਜੁਝਾਰੂ ਲਹਿਰ ਵਿਚ ਕੁਰਬਾਨੀਆਂ ਕਰਨ ਵਾਲੇ ਅਤੇ ਫਾਂਸੀ 'ਤੇ ਚੜ੍ਹਨ ਵਾਲਿਆਂ ਨੂੰ 'ਬੇਸਮਝੀ' ਦਾ ਖਿਤਾਬ ਦਿੱਤਾ ਤੇ ਉਨ੍ਹਾਂ ਦੀ ਸੁਚੱਜੀ ਰਣਨੀਤੀ ਨੂੰ 'ਐਵੇਂ ਜਥੇਬੰਦੀਆਂ ਬਣਾਈ ਜਾਂਦੇ ਸਨ' ਵਰਗੀ ਟਿੱਪਣੀ ਕਰ ਕੇ ਲਹਿਰ ਨੂੰ ਰੱਦ ਕੀਤਾ, ਤਾਂ ਕੀ ਇਹੋ ਜਿਹੀ ਵਿਦਵਤਾ ਸੈਂਕੜੇ ਕਿਰਦਾਰਕੁਸ਼ੀਆਂ ਦੇ ਬਰਾਬਰ ਨਹੀਂ ਰੱਖੀ ਜਾਣੀ ਚਾਹੀਦੀ?***




*ਇਕ ਚੈਨਲ ਨਾਲ ਇੰਟਰਵਿਊ ਦੌਰਾਨ ਅਜਮੇਰ ਸਿੰਘ (ਖੱਬੇ)*

ਅਤੇ ਖਾਲਿਸਤਾਨੀਆਂ ਬਾਰੇ ਜੋ ਟਿੱਪਣੀਆਂ ਕੀਤੀਆਂ, ਜੋ ਖਾਲਿਸਤਾਨੀਆਂ ਉਤੇ ਫੁੱਲਾਂ ਦੀ ਬਾਰਿਸ਼ ਕੀਤੀ, ਜੁਝਾਰੂ ਲਹਿਰ ਵਿਚ ਕੁਰਬਾਨੀਆਂ ਕਰਨ ਵਾਲੇ ਅਤੇ ਫਾਂਸੀ 'ਤੇ ਚੜ੍ਹਨ ਵਾਲਿਆਂ ਨੂੰ 'ਬੇਸਮਝੀ' ਦਾ ਖਿਤਾਬ ਦਿੱਤਾ ਤੇ ਉਨ੍ਹਾਂ ਦੀ ਸੁਚੱਜੀ ਰਣਨੀਤੀ ਨੂੰ 'ਐਵੇਂ ਜਥੇਬੰਦੀਆਂ ਬਣਾਈ ਜਾਂਦੇ ਸਨ' ਵਰਗੀ ਟਿੱਪਣੀ ਕਰ ਕੇ ਲਹਿਰ ਨੂੰ ਰੱਦ ਕੀਤਾ, ਤਾਂ ਕੀ ਇਹੋ ਜਿਹੀ ਵਿਦਵਤਾ ਸੈਂਕੜੇ ਕਿਰਦਾਰਕੁਸ਼ੀਆਂ ਦੇ ਬਰਾਬਰ ਨਹੀਂ ਰੱਖੀ ਜਾਣੀ ਚਾਹੀਦੀ?

ਇੱਕ ਹੋਰ ਜਾਣਕਾਰੀ।

ਸਵਾਲ ਹੈ ਕਿ ਸ. ਅਜਮੇਰ ਸਿੰਘ ਨੂੰ ਇਥੇ ਅਤੇ ਵਿਦੇਸ਼ਾਂ ਵਿਚ ਕੌਣ ਸਨਮਾਨਿਤ ਕਰਦੇ ਹਨ?

ਇਸ ਦਾ ਇੱਕੋ-ਇੱਕ ਜਵਾਬ ਹੈ: ਖਾਲਿਸਤਾਨੀ ਅਤੇ ਉਨ੍ਹਾਂ ਦੇ ਹਮਦਰਦ।

ਸ. ਅਜਮੇਰ ਸਿੰਘ ਦੀਆਂ ਕਿਤਾਬਾਂ ਕਿਨ੍ਹਾਂ ਦੇ ਘਰਾਂ ਦਾ ਸ਼ਿੰਗਾਰ ਹਨ? ਕੌਣ ਇਹ ਕਿਤਾਬਾਂ ਪੜ੍ਹਦੇ ਹਨ?

ਇੱਕੋ ਜਵਾਬ ਹੈ: ਖਾਲਿਸਤਾਨੀ ਅਤੇ ਉਨ੍ਹਾਂ ਦੇ ਹਮਦਰਦ।

ਸ. ਅਜਮੇਰ ਸਿੰਘ ਵਿਦੇਸ਼ਾਂ ਵਿਚ ਬਹੁਤਾ ਕਰ ਕੇ ਕਿਨ੍ਹਾਂ ਦੇ ਘਰਾਂ ਵਿਚ ਠਹਿਰਦੇ ਹਨ? ਕੌਣ ਉਨ੍ਹਾਂ ਦਾ ਮਾਣ ਸਤਿਕਾਰ ਕਰਦੇ ਹਨ? ਕਿਨ੍ਹਾਂ ਨੇ ਉਨ੍ਹਾਂ ਨੂੰ ਡਾਲਰਾਂ ਨਾਲ ਨਿਵਾਜਿਆ ਅਤੇ ਕੌਣ ਹਨ, ਜੋ ਉਨ੍ਹਾਂ ਦੇ ਹੱਕ ਵਿਚ ਥਾਂ-ਥਾਂ ਸੈਮੀਨਾਰ ਕਰਵਾਉਂਦੇ ਹਨ?

ਜਵਾਬ ਹੈ: ਖਾਲਿਸਤਾਨ ਦੇ ਸਮਰਥਕ।

ਕੌਣ ਉਨ੍ਹਾਂ ਦੀਆਂ ਕਿਤਾਬਾਂ ਨੂੰ ਘਰ-ਘਰ ਪਹੁੰਚਾਉਂਦੇ ਹਨ? ਕੌਣ ਉਨ੍ਹਾਂ ਦੀਆਂ ਕਿਤਾਬਾਂ ਨੂੰ ਪ੍ਰੋਮੋਟ ਕਰਦੇ ਹਨ?

ਜਵਾਬ ਇਹੋ ਹੈ ਕਿ ਖਾਲਿਸਤਾਨੀ ਅਤੇ ਉਨ੍ਹਾਂ ਦੇ ਹਮਦਰਦ।

ਤਾਂ ਫਿਰ ਉਸ ਵਿਦਵਤਾ ਨੂੰ, ਉਸ ਕਥਿਤ ਮਿਹਨਤ ਨੂੰ ਕੀ ਨਾਂ ਦਿੱਤਾ ਜਾਵੇ, ਜਿਸ ਵਿਦਵਤਾ ਨਾਲ ਜੁੜਿਆ ਵਿਦਵਾਨ ਅੱਜ ਆਪਣੇ ਹੀ ਭਰਾਵਾਂ ਨਾਲ ਦੋ ਮਿੰਟ ਵੀ ਨਹੀਂ ਬਹਿ ਸਕਦਾ, ਜਿਸ ਨੂੰ 'ਖਾਲਿਸਤਾਨੀ ਤਾਂ ਡਿਸਗਸਟਿੰਗ ਦੀ ਹੱਦ ਤੱਕ' ਲਗਦੇ ਹਨ? ਇਸ ਦਾ ਜਵਾਬ ਅਸੀਂ ਉਨ੍ਹਾਂ ਪਾਠਕਾਂ ਉਤੇ ਹੀ ਛੱਡਦੇ ਹਾਂ, ਜੋ ਬੰਦਿਆਂ ਨੂੰ ਦਿਬ ਦ੍ਰਿਸ਼ਟੀ ਨਾਲ ਦੇਖਣ ਦੀ ਕਾਬਲੀਅਤ ਰੱਖਦੇ ਹਨ ਅਤੇ ਜਿਨ੍ਹਾਂ ਕੋਲ ਅਦਿਸ ਤੇ ਮਹੀਨ ਵਰਤਾਰਿਆਂ ਨੂੰ ਬਹੁਤ ਚਿਰ ਪਹਿਲਾਂ ਹੀ ਮਹਿਸੂਸ ਕਰਨ ਦੀ ਵਿਵੇਕ ਸੋਝੀ ਹੁੰਦੀ ਹੈ, ਨਾ ਕਿ ਸ. ਅਜਮੇਰ ਸਿੰਘ ਦੀ ਅੰਨ੍ਹੀ ਸ਼ਰਧਾ ਵਿਚ ਡੁੱਬੇ ਉਨ੍ਹਾਂ ਭਰਾਵਾਂ ਨੂੰ, ਜਿਨ੍ਹਾਂ ਨੇ ਅੱਜ ਕੱਲ੍ਹ ਆਪਣੇ ਆਪ ਨੂੰ ਖੁਦ ਹੀ ਡਿਸਗਸਟਿੰਗ ਕਹਿਣਾ ਸ਼ੁਰੂ ਕਰ ਦਿੱਤਾ ਹੈ ਅਤੇ ਜੋ ਘਟਨਾਵਾਂ ਤੇ ਵਰਤਾਰਿਆਂ ਨੂੰ ਬੁੱਤ ਬਣਾ ਕੇ ਆਪਣੀ ਵਿਦਵਤਾ ਦਾ ਪ੍ਰਕਾਸ਼ ਕਰ ਰਹੇ ਹਨ। ਚਾਹੀਦਾ ਤਾਂ ਇਹ ਹੈ ਕਿ ਸ਼ਰਧਾ ਨੂੰ ਗੁਰ-ਗਿਆਨ ਦੇ ਅਧੀਨ ਰੱਖ ਕੇ ਹੀ ਕਿਤਾਬਾਂ ਅਤੇ ਬੰਦਿਆਂ ਦੇ ਵਿਸ਼ਲੇਸ਼ਣ ਕੀਤੇ ਜਾਣ, ਪਰ ਇਹ ਰੁਝਾਨ ਪੈਦਾ ਕਰਨ ਵਿਚ ਅਜੇ ਕੁਝ ਦੇਰ ਲੱਗੇਗੀ।

ਸ. ਅਵਤਾਰ ਸਿੰਘ ਉਤੇ ਇਹ ਗਿਲਾ ਹੈ ਕਿ ਉਨ੍ਹਾਂ ਨੇ ਪ੍ਰਭਸ਼ਰਨਦੀਪ ਸਿੰਘ ਦੀ ਭਾਸ਼ਾ ਉਤੇ ਤਾਂ ਆਪਣੀ ਸਾਰੀ ਊਰਜਾ ਖਰਚ ਕਰ ਦਿੱਤੀ, ਪਰ ਤਿੰਨ ਸਾਲ ਤੋਂ ਵੀ ਪਹਿਲਾਂ ਸ. ਅਜਮੇਰ ਸਿੰਘ ਵਲੋਂ ਖਾਲਿਸਤਾਨ ਅਤੇ ਖਾਲਿਸਤਾਨੀਆਂ ਬਾਰੇ ਵਰਤੀ ਭਾਸ਼ਾ ਉਤੇ ਟਿੱਪਣੀ ਕਰਨ ਲਈ ਏਨੀ ਲੰਮੀ ਚੁੱਪ ਧਾਰੀ ਰੱਖੀ; ਤੇ ਚੁੱਪ ਦਾ ਇਹ ਆਲਮ ਅਜੇ ਵੀ ਜਾਰੀ ਹੈ, ਹਾਲਾਂਕਿ ਬਹਿਸ ਦੀ ਕਹਾਣੀ ਦਾ ਅਰੰਭ ਸਮਾਂ ਤਾਂ ਉਥੋਂ ਹੀ ਸ਼ੁਰੂ ਹੋਇਆ ਸੀ।

ਕੀ ਕਾਰਨ ਹੈ ਕਿ ਪ੍ਰਭਸ਼ਰਨਦੀਪ ਸਿੰਘ ਬਾਰੇ ਟਿੱਪਣੀ ਕਰਨ ਲਈ ਏਨੀ ਕਾਹਲ ਤੇ ਫੁਰਤੀ (?) ਅਤੇ ਸ. ਅਜਮੇਰ ਸਿੰਘ ਵਲੋਂ ਕੀਤੀ ਕਿਰਦਾਰਕੁਸ਼ੀ ਬਾਰੇ ਟਿੱਪਣੀ ਲਈ ਤਿੰਨ ਸਾਲ ਤੋਂ ਵੀ ਉਪਰ ਦੀ ਦੇਰੀ (?); ਨਿਰਪੱਖਤਾ ਦਾ ਕਿਤੇ ਨਾ ਕਿਤੇ ਘਾਣ ਤਾਂ ਹੋਇਆ ਹੀ ਹੈ!

ਸ. ਅਵਤਾਰ ਸਿੰਘ ਨੇ ਨੇਸ਼ਨ-ਸਟੇਟ ਬਾਰੇ ਸ. ਅਜਮੇਰ ਸਿੰਘ ਦੀ ਸਮਝ ਨਾਲ ਸਿਰਫ ਦੋ ਸਤਰਾਂ ਲਿਖ ਕੇ ਹੀ ਅਸਹਿਮਤੀ ਤਾਂ ਪ੍ਰਗਟ ਕਰ ਦਿੱਤੀ, ਪਰ ਨਾਲ ਹੀ ਇਸ ਦਿਲਚਸਪ ਪਰ ਅਫਸੋਸਨਾਕ ਗੁੰਜਾਇਸ਼ ਨੂੰ ਵੀ ਬਣਾਈ ਰੱਖਿਆ ਕਿ ਖੌਰੇ ਆਉਣ ਵਾਲੇ ਕੱਲ੍ਹ ਨੂੰ ਸਾਨੂੰ (ਸ. ਅਵਤਾਰ ਸਿੰਘ ਨੂੰ) ਇਹ ਪਤਾ ਲੱਗੇ ਕਿ ਸ. ਅਜਮੇਰ ਸਿੰਘ ਤਾਂ 'ਬਹੁਤ ਅਗਾਂਹ' ਦੀਆਂ ਗੱਲਾਂ ਕਰ ਰਹੇ ਸਨ ਅਤੇ ਉਹ ਗੱਲਾਂ ਉਦੋਂ ਸਾਡੀ ਪਕੜ ਵਿਚ ਹੀ ਨਹੀਂ ਆਈਆਂ।

ਕੇਂਦਰੀ ਨੁਕਤਾ ਤਾਂ ਨੇਸ਼ਨ-ਸਟੇਟ ਦਾ ਹੀ ਹੈ, ਜਿਸ ਲਈ ਏਨੀਆਂ ਵੱਡੀਆਂ ਅਤੇ ਹੈਰਾਨਕੁਨ ਕੁਰਬਾਨੀਆਂ ਹੋਈਆਂ। ਪਿਛਲੇ ਦੋ ਸੌ ਸਾਲਾਂ ਵਿਚ ਇੱਕੋ ਨਿਸ਼ਾਨੇ ਨੂੰ ਲੈ ਕੇ ਏਨੀਆਂ ਸ਼ਹਾਦਤਾਂ ਦੀ ਮਿਸਾਲ ਹੀ ਕਿਤੇ ਨਹੀਂ ਮਿਲਦੀ। ਸਰਦਾਰ ਅਵਤਾਰ ਸਿੰਘ ਜਿਨ੍ਹਾਂ ਨੇ ਨੇਸ਼ਨ-ਸਟੇਟ ਬਾਰੇ ਸਾਡੀ ਸਮਝ ਅਨੁਸਾਰ ਕਾਫੀ ਕੁਝ ਪੜ੍ਹਿਆ ਹੈ, ਉਨ੍ਹਾਂ ਨੂੰ ਖੁੱਲ੍ਹ ਕੇ ਸਾਡੀ ਧਿਰ ਦੇ ਹੱਕ ਵਿਚ ਨੇਸ਼ਨ-ਸਟੇਟ ਬਾਰੇ ਆਪਣੇ ਗਿਆਨ ਦਾ ਇਸਤੇਮਾਲ ਕਰਨਾ ਚਾਹੀਦਾ ਸੀ, ਪਰ ਉਹ ਤਾਂ ਬਹਿਸ ਨੂੰ ਹੋਰ ਪਾਸੇ ਹੀ ਲੈ ਗਏ। ਆਪਣੀ ਰਚਨਾ ਵਿਚ ਉਨ੍ਹਾਂ ਨੇ ਨੇਸ਼ਨ-ਸਟੇਟ ਦੇ ਕਿੰਨੇ ਸਾਰੇ ਵਿਦਵਾਨਾਂ ਦਾ ਜ਼ਿਕਰ ਵੀ ਕੀਤਾ ਹੈ, ਪਰ ਆਖਰ ਵਿਚ ਉਨ੍ਹਾਂ ਨੂੰ ਭੁਗਤਾ ਦਿੱਤਾ ਸ. ਅਜਮੇਰ ਸਿੰਘ ਦੇ ਹੱਕ ਵਿਚ, ਜਦੋਂ ਕਿ ਇਨ੍ਹਾਂ ਵਿਦਵਾਨਾਂ ਦੇ ਗਿਆਨ ਨੂੰ ਖਾਲਿਸਤਾਨ ਦੇ ਹੱਕ ਵਿਚ ਸਿੱਧ ਕਰਨਾ ਬਣਦਾ ਸੀ, ਕਿਉਂਕਿ ਉਹ ਖੁਦ ਵੀ ਇਸ ਨਿਸ਼ਾਨੇ ਉਤੇ ਖੜ੍ਹੇ ਹਨ। ਸ. ਅਜਮੇਰ ਸਿੰਘ ਦੀ ਸਿਫਤ ਸਲਾਹ ਤਾਂ ਉਨ੍ਹਾਂ ਨੇ ਕਰ ਦਿੱਤੀ ਹੈ, ਪਰ ਸਾਡੀ ਧਿਰ ਲਈ ਵੀ ਦੋ ਸ਼ਬਦ ਲਿਖਣੇ ਚਾਹੀਦੇ ਸਨ ਕਿ ਨਹੀਂ?

**ਹੁਣ 'ਬਹੁਤ ਅਗਾਂਹ' ਦੀ ਥਿਊਰੀ ਬਾਰੇ ਕੁਝ ਸ਼ਬਦ:**

ਜਦੋਂ ਸ. ਅਜਮੇਰ ਸਿੰਘ ਨੇ ਆਪਣੀ ਪਹਿਲੀ ਕਿਤਾਬ ਲਿਖੀ ਤਾਂ ਉਨ੍ਹਾਂ ਨੇ ਕਿਤਾਬ ਦੇ ਟਾਈਟਲ ਉਤੇ ਸੰਨ 1947 ਨੂੰ ਮਿਲੀ ਆਜ਼ਾਦੀ ਉਤੇ ਛੋਟਾ ਸਿਰਲੇਖ ਦਿੰਦਿਆਂ ਇਹ ਟਿੱਪਣੀ ਕੀਤੀ ਕਿ ਇਸ ਆਜ਼ਾਦੀ ਨੇ ਸਿੱਖਾਂ ਨੂੰ ਇੱਕ ਗੁਲਾਮੀ ਤੋਂ ਦੂਜੀ ਗੁਲਾਮੀ ਵੱਲ ਧੱਕ ਦਿੱਤਾ। ਦੂਜੇ ਸ਼ਬਦਾਂ ਵਿਚ, ਸਿੱਖ ਅੰਗਰੇਜ਼ਾਂ ਤੋਂ ਤਾਂ ਭਾਵੇਂ ਆਜ਼ਾਦ ਹੋ ਗਏ, ਪਰ ਬਿਪਰਨ ਕੀ ਰੀਤ ਦੇ ਹਾਕਮਾਂ ਦੇ ਗੁਲਾਮ ਬਣ ਗਏ। ਇਸ ਟਿੱਪਣੀ ਨੇ ਖਾਲਿਸਤਾਨੀ ਮਨਾਂ ਵਿਚ ਉਮੀਦ ਦੀ ਕਿਰਨ ਜਗਾਈ, ਨਵਾਂ ਹੁਲਾਰਾ ਦਿੱਤਾ ਕਿ ਇਹ ਨਵਾਂ ਉਠਿਆ ਵਿਦਵਾਨ ਇੱਕ ਦਿਨ ਸਿੱਖਾਂ ਦੀ ਆਜ਼ਾਦੀ ਦੀ ਗੱਲ ਵੀ ਕਰੇਗਾ।

ਪਰ ਅੱਜ ਅਸੀਂ ਕੀ ਵੇਖ ਰਹੇ ਹਾਂ? ਜਦੋਂ ਉਹ ਇਹ ਕਹਿੰਦੇ ਹਨ ਕਿ ਅਸੀਂ ਭਾਰਤ ਵਿਚ ਚੇਤੰਨ ਨਾਗਰਿਕ ਵਜੋਂ ਰਹਿਣਾ ਚਾਹੁੰਦੇ ਹਾਂ ਤਾਂ ਇਹ 'ਨਵਾਂ ਪ੍ਰਾਜੈਕਟ' 'ਬਹੁਤ ਅਗਾਂਹ' ਵੱਲ ਜਾਣ ਦੀ ਸੋਝੀ ਦੇ ਰਿਹਾ ਹੈ ਜਾਂ 'ਬਹੁਤ ਹੀ ਪਿਛਾਂਹ ਵੱਲ' ਪੰਥ ਨੂੰ ਧੱਕ ਰਿਹਾ ਹੈ? ਇਹ ਗੱਲਾਂ ਹਨ, ਜਿਨ੍ਹਾਂ ਨੇ ਪ੍ਰਭਸ਼ਰਨਦੀਪ ਸਿੰਘ ਅਤੇ ਸਾਥੀਆਂ ਨੂੰ ਅਗਾਊਂ ਚਿਤਾਵਨੀ ਦੇਣ ਲਈ ਮੈਦਾਨ ਵਿਚ ਉਤਰਨਾ ਪਿਆ। ਇਸ ਲਈ ਪ੍ਰਭਸ਼ਰਨਦੀਪ ਸਿੰਘ ਤੇ ਸਾਥੀਆਂ ਨੂੰ ਵਧਾਈ ਦਿੱਤੀ ਜਾਣੀ ਚਾਹੀਦੀ ਸੀ ਕਿ ਉਨ੍ਹਾਂ ਨੇ ਸ. ਅਜਮੇਰ ਸਿੰਘ ਦੀਆਂ ਕਿਤਾਬਾਂ ਵਿਚ 'between the lines' ਨੂੰ ਸਭ ਤੋਂ ਪਹਿਲਾਂ ਪੜ੍ਹਿਆ, ਪਛਾਣਿਆ ਅਤੇ ਪੇਸ਼ ਕੀਤਾ, ਪਰ ਜੇ ਅਜੇ ਵੀ ਕੁਝ ਵੀਰ ਭਰਮਜਾਲ ਦੀ ਉਮਰ ਵਿਚ ਵਾਧਾ ਕਰਨਾ ਚਾਹੁੰਦੇ ਹਨ ਤਾਂ ਅਸੀਂ ਇਹੋ ਕਹਾਂਗੇ ਕਿ ਭਲਾ ਅੱਕਾਂ ਦੇ ਫਲ ਵਿਚ ਵੀ ਰਸ ਕਿਸੇ ਨੇ ਚਖਿਆ ਹੈ!

ਸ. ਅਜਮੇਰ ਸਿੰਘ ਦੀਆਂ ਕਿਤਾਬਾਂ ਵਿਚ ਦਿੱਤੇ ਗਿਆਨ ਨੂੰ ਇੱਕ ਪਲ ਲਈ ਭੁੱਲ ਜਾਓ, ਪਰ ਸਿਰਫ ਤੇ ਸਿਰਫ ਇਹ ਦੇਖੋ ਕਿ ਇਹ ਗਿਆਨ ਕਿਹੜੀ ਦਿਸ਼ਾ ਵਿਚ ਆਖਿਰਕਾਰ ਜਾ ਰਿਹਾ ਹੈ? ਸਾਨੂੰ ਕਿਸ ਮੰਜ਼ਿਲ ਵੱਲ ਜਾਣ ਲਈ ਪ੍ਰੇਰਨਾ ਦਿੱਤੀ ਜਾ ਰਹੀ ਹੈ? ਇਸੇ ਨੁਕਤੇ ਤੋਂ ਤਾਂ ਸਾਰੀ ਬਹਿਸ ਸ਼ੁਰੂ ਹੋਣੀ ਚਾਹੀਦੀ ਹੈ, ਪਰ ਇਸੇ ਨੁਕਤੇ ਨੂੰ ਵੀ ਘੱਟੇ ਕੌਡੀਆਂ ਰੋਲਿਆ ਜਾ ਰਿਹਾ ਹੈ। ਪ੍ਰਭਸ਼ਰਨਦੀਪ ਸਿੰਘ ਦਾ ਕਸੂਰ ਇਹ ਹੈ ਕਿ ਉਹ ਇਸੇ ਨੁਕਤੇ ਉਤੇ ਵਾਰ-ਵਾਰ ਘੜੀ-ਮੁੜੀ ਜ਼ੋਰ ਦੇ ਰਹੇ ਹਨ ਅਤੇ ਸੁਭਾਵਿਕ ਹੈ ਕਿ ਕਈ ਵਾਰ ਭਾਸ਼ਾ ਦੀ ਸੁਰ ਉਚੀ ਹੋ ਜਾਂਦੀ ਹੈ; ਹਾਲਾਂਕਿ ਸਾਨੂੰ ਬਹਿਸ ਦੌਰਾਨ ਸੰਜਮ ਤੇ ਧੀਰਜ ਹਰ ਹਾਲਤ ਵਿਚ ਬਣਾਈ ਰੱਖਣਾ ਚਾਹੀਦਾ ਹੈ।

ਸ. ਅਜਮੇਰ ਸਿੰਘ ਕਰ ਕੀ ਰਹੇ ਹਨ? ਉਨ੍ਹਾਂ ਨੇ ਨੇਸ਼ਨ-ਸਟੇਟ ਦੇ ਨਾਇਕਾਂ (ਖਾਲਿਸਤਾਨ) ਦਾ ਵਿਰੋਧ ਕੀਤਾ, ਵਿਰੋਧ ਹੀ ਨਹੀਂ ਕੀਤਾ, ਸਗੋਂ ਇਸ ਨਿਸ਼ਾਨੇ ਬਾਰੇ ਨਵੇਂ ਉਭਰ ਰਹੇ ਨੌਜਵਾਨਾਂ ਵਿਚ ਦੁਬਿਧਾ ਪੈਦਾ ਕਰ ਦਿੱਤੀ। ਸ. ਅਜਮੇਰ ਸਿੰਘ ਨੇ ਜਦੋਂ ਮਹਿਸੂਸ ਕਰ ਲਿਆ ਕਿ ਕਿਤਾਬਾਂ ਲਿਖ ਕੇ ਉਨ੍ਹਾਂ ਨੇ ਸਿੱਖ ਮਨਾਂ ਵਿਚ ਆਪਣੀ ਇਤਿਹਾਸਕ ਥਾਂ ਬਣਾ ਲਈ ਹੈ ਅਤੇ ਉਹ ਹੁਣ ਖਾਲਿਸਤਾਨੀਆਂ ਵਿਚ ਅਥਾਰਟੀ ਬਣ ਗਏ ਹਨ ਤੇ ਨੇਸ਼ਨ-ਸਟੇਟ ਖਿਲਾਫ ਆਪਣੀ ਵਿਦਵਤਾ ਦਾ ਲੋਹਾ ਵੀ ਖਾਲਿਸਤਾਨੀ ਮਨਾਂ ਵਿਚ ਮੰਨਵਾ ਸਕਦੇ ਹਨ ਤਾਂ ਉਨ੍ਹਾਂ ਨੇ ਆਪਣੇ ਇਸ ਪ੍ਰਾਜੈਕਟ ਦਾ ਢੰਗ ਨਾਲ ਪ੍ਰਚਾਰ ਸ਼ੁਰੂ ਕਰ ਦਿੱਤਾ-ਕਦੇ ਸੰਭਲ ਕੇ, ਕਦੇ ਸਪਸ਼ਟ, ਕਦੇ ਧੁੰਦਲਾ ਰੱਖ ਕੇ ਅਤੇ ਕਦੇ ਗੋਲ-ਮੋਲ ਸ਼ਬਦਾਂ ਵਿਚ, ਪਰ ਪ੍ਰਭਸ਼ਰਨਦੀਪ ਸਿੰਘ ਅਤੇ ਸਾਥੀਆਂ ਨੂੰ ਪਤਾ ਲੱਗ ਗਿਆ ਕਿ ਸ. ਅਜਮੇਰ ਸਿੰਘ ਗੱਲ ਨੂੰ ਕਿਹੜੇ ਪਾਸੇ ਵੱਲ ਲਿਜਾ ਰਹੇ ਹਨ। ਇਥੋਂ ਹੀ ਤਾਂ ਸਾਡੀ ਧਿਰ ਵਜੂਦ ਵਿਚ ਆਈ ਅਤੇ ਸ. ਅਜਮੇਰ ਸਿੰਘ ਦੀਆਂ ਪੁਜ਼ੀਸ਼ਨਾਂ ਦਾ ਸਿਧਾਂਤਕ ਵਿਰੋਧ ਅਰੰਭ ਕਰ ਦਿੱਤਾ, ਜੋ ਜਾਰੀ ਰਹੇਗਾ। ਅਸਾਂ ਖੜੋਤ ਨੂੰ ਤੋੜਿਆ ਹੈ ਅਤੇ ਖਾਲਿਸਤਾਨ ਬਾਰੇ ਅਕਾਦਮਿਕ ਦੁਨੀਆਂ ਵਿਚ ਆਪਣੇ ਕਦਮ ਰੱਖੇ ਹਨ। ਤਿੰਨ ਸਾਲ ਪਹਿਲਾਂ ਬਹੁਤ ਲੋਕਾਂ ਨੂੰ ਸਾਡੀ ਗੱਲ ਦੀ ਸਮਝ ਹੀ ਨਹੀਂ ਸੀ ਆ ਰਹੀ ਅਤੇ ਲੁਕਵਾਂ ਪ੍ਰਚਾਰ ਇਹ ਹੋ ਰਿਹਾ ਸੀ ਕਿ ਅਸੀਂ ਏਕਤਾ ਨੂੰ ਨੁਕਸਾਨ ਪਹੁੰਚਾ ਰਹੇ ਹਾਂ, ਪਰ ਹੁਣ ਕਾਫਲਾ ਵੱਡਾ ਹੋ ਗਿਆ ਹੈ ਅਤੇ ਬਹਿਸ ਦਾ ਪੱਧਰ ਵੀ ਉਚਾ ਹੋ ਰਿਹਾ ਹੈ। ਦੁਬਿਧਾ ਅਤੇ ਭਰਮ ਜਾਲ ਟੁੱਟ ਰਿਹਾ ਹੈ। ਲੋਕ ਕਿਤਾਬਾਂ ਦਾ ਵਿਸ਼ਲੇਸ਼ਣ ਕਰ ਰਹੇ ਹਨ ਅਤੇ ਹੋਰ ਕਿਤਾਬਾਂ ਵੀ ਪੜ੍ਹ ਰਹੇ ਹਨ। ਸਿਰਫ ਇੱਕ ਪਾਸੜ ਗਿਆਨ ਨਾਲ ਹੀ ਜੁੜਨ ਅਤੇ ਗੁਮਰਾਹ ਹੋ ਰਹੇ ਦੋਸਤਾਂ ਨੂੰ ਬਨਦੀ ਚੁਣੌਤੀ ਦਿੱਤੀ ਜਾ ਰਹੀ ਹੈ। ਮੰਜ਼ਿਲ ਦੂਰ ਹੈ, ਪਰ ਏਨੀ ਵੀ ਦੂਰ ਨਹੀਂ ਕਿ ਹਰ ਗੱਲ ਅਸੰਭਵ ਹੋਵੇ।

***ਸ. ਅਜਮੇਰ ਸਿੰਘ ਕਰ ਕੀ ਰਹੇ ਹਨ? ਉਨ੍ਹਾਂ ਨੇ ਨੇਸ਼ਨ-ਸਟੇਟ ਦੇ ਨਾਇਕਾਂ (ਖਾਲਿਸਤਾਨ) ਦਾ ਵਿਰੋਧ ਕੀਤਾ, ਵਿਰੋਧ ਹੀ ਨਹੀਂ ਕੀਤਾ, ਸਗੋਂ ਇਸ ਨਿਸ਼ਾਨੇ ਬਾਰੇ ਨਵੇਂ ਉਭਰ ਰਹੇ ਨੌਜਵਾਨਾਂ ਵਿਚ ਦੁਬਿਧਾ ਪੈਦਾ ਕਰ ਦਿੱਤੀ। ਸ. ਅਜਮੇਰ ਸਿੰਘ ਨੇ ਜਦੋਂ ਮਹਿਸੂਸ ਕਰ ਲਿਆ ਕਿ ਕਿਤਾਬਾਂ ਲਿਖ ਕੇ ਉਨ੍ਹਾਂ ਨੇ ਸਿੱਖ ਮਨਾਂ ਵਿਚ ਆਪਣੀ ਇਤਿਹਾਸਕ ਥਾਂ ਬਣਾ ਲਈ ਹੈ ਅਤੇ ਉਹ ਹੁਣ ਖਾਲਿਸਤਾਨੀਆਂ ਵਿਚ ਅਥਾਰਟੀ ਬਣ ਗਏ ਹਨ ਤੇ ਨੇਸ਼ਨ-ਸਟੇਟ ਖਿਲਾਫ ਆਪਣੀ ਵਿਦਵਤਾ ਦਾ ਲੋਹਾ ਵੀ ਖਾਲਿਸਤਾਨੀ ਮਨਾਂ ਵਿਚ ਮੰਨਵਾ ਸਕਦੇ ਹਨ ਤਾਂ ਉਨ੍ਹਾਂ ਨੇ ਆਪਣੇ ਇਸ ਪ੍ਰਾਜੈਕਟ ਦਾ ਢੰਗ ਨਾਲ ਪ੍ਰਚਾਰ ਸ਼ੁਰੂ ਕਰ ਦਿੱਤਾ-ਕਦੇ ਸੰਭਲ ਕੇ, ਕਦੇ ਸਪਸ਼ਟ, ਕਦੇ ਧੁੰਦਲਾ ਰੱਖ ਕੇ ਅਤੇ ਕਦੇ ਗੋਲ-ਮੋਲ ਸ਼ਬਦਾਂ ਵਿਚ, ਪਰ ਪ੍ਰਭਸ਼ਰਨਦੀਪ ਸਿੰਘ ਅਤੇ ਸਾਥੀਆਂ ਨੂੰ ਪਤਾ ਲੱਗ ਗਿਆ ਕਿ ਸ. ਅਜਮੇਰ ਸਿੰਘ ਗੱਲ ਨੂੰ ਕਿਹੜੇ ਪਾਸੇ ਵੱਲ ਲਿਜਾ ਰਹੇ ਹਨ।***

# ਖਾਲਿਸਤਾਨ ਬਨਾਮ ਖਾਲਿਸਤਾਨੀ: ਅਜਮੇਰ ਸਿੰਘ ਬਨਾਮ ਪ੍ਰਭਸ਼ਰਨ ਭਰਾ ਤੇ ਹਰਿੰਦਰ ਸਿੰਘ ਮਹਿਬੂਬ

**ਪ੍ਰਤੀਕਰਮ**

***'ਪੰਜਾਬ ਟਾਈਮਜ਼' ਵਿਚ ਖਾਲਿਸਤਾਨ ਬਾਰੇ ਚੱਲ ਰਹੀ ਬਹਿਸ ਬਾਰੇ ਡਾ. ਹਰਪਾਲ ਸਿੰਘ ਪੰਨੂ ਨੇ ਆਪਣੀ ਇਸ ਸੰਖੇਪ ਜਿਹੀ ਲਿਖਤ ਵਿਚ ਕਰਾਰੀਆਂ ਚੋਟਾਂ ਮਾਰੀਆਂ ਹਨ। ਇਸ ਲਿਖਤ ਦਾ ਲਹਿਜਾ ਸਾਖੀ ਵਾਲਾ ਹੈ, ਪਰ ਉਨ੍ਹਾਂ ਦੇ ਸਰਲ ਜਿਹੇ ਜਾਪਦੇ ਸਵਾਲਾਂ ਦੀ ਧਾਰ ਬੜੀ ਤਿੱਖੀ ਹੈ। ਅਸਲ ਵਿਚ ਉਨ੍ਹਾਂ ਇਸ ਬਹਿਸ ਵਿਚੋਂ ਬਾਹਰ ਖਲੋ ਕੇ ਇਹ ਟਿੱਪਣੀ ਕੀਤੀ ਹੈ। -ਸੰਪਾਦਕ***

ਪੰਜਾਬ ਟਾਈਮਜ਼ ਨੇ 'ਸਿੱਖਾਂ ਦੀ ਹੋਣੀ ਤੇ ਹਸਤੀ' ਜਾਂ ਕਹੋ ਕਿ ਗਰਮ ਸਿਆਸਤ ਦੇ ਨਫੇ-ਨੁਕਸਾਨ ਬਾਰੇ ਪਹਿਲੀ ਵਾਰ ਛੇ ਮਹੀਨੇ ਲੰਮੀ ਬਹਿਸ ਅਜ ਤੋਂ ਦਸ ਸਾਲ ਪਹਿਲਾਂ ਅਕਤੂਬਰ 2010 ਵਿਚ ਡਾ. ਪ੍ਰੇਮ ਸਿੰਘ ਦੇ ਅਜਮੇਰ ਸਿੰਘ ਦੀਆਂ ਲਿਖਤਾਂ ਦੇ ਰਿਵਿਊ ਨਾਲ ਸ਼ੁਰੂ ਕੀਤੀ ਸੀ। ਇਸ ਵਾਰ ਉਨ੍ਹਾਂ ਹੀ ਮਸਲਿਆਂ 'ਤੇ ਇਹ ਬਹਿਸ ਸੀਨੀਅਰ ਪੱਤਰਕਾਰ ਸ. ਕਰਮਜੀਤ ਸਿੰਘ ਦੇ ਖਾਲਿਸਤਾਨ ਦੇ ਐਲਾਨਨਾਮੇ ਦੀ ਵਡਿਆਈ ਨਾਲ ਸ਼ੁਰੂ ਹੋਈ, ਜੋ ਅਜੇ ਚੱਲ ਸੋ ਚੱਲ ਜਾਰੀ ਹੈ। ਖਾਲਿਸਤਾਨ ਦੀ ਕੀ ਰੂਪ-ਰੇਖਾ ਹੋਵੇ, ਕਿਸ ਬਿਧ ਪ੍ਰਾਪਤੀ ਹੋਵੇ, ਸਿਆਸੀ ਵਿਧਾਨ ਦੇ ਕੀ ਨੈਣ-ਨਕਸ਼ ਹੋਣ, ਆਦਿ ਮਸਲੇ ਨਜਿੱਠਣ ਦੀ ਥਾਂ

**ਡਾ. ਹਰਪਾਲ ਸਿੰਘ ਪੰਨੂ**
**ਫੋਨ: 91-94642-51454**


ਵਿਚਾਰ-ਵਟਾਂਦਰੇ ਦਾ ਰੁਖ ਵਿਅਕਤੀਗਤ ਉਪਮਾ ਅਤੇ ਨਿੰਦਿਆ ਦੀ ਭੇਟ ਚੜ੍ਹ ਗਿਆ, ਜਿਵੇਂ ਕਿ ਅਕਸਰ ਸਿੱਖ ਚਿੰਤਕਾਂ ਵਿਚ ਹੋਇਆ ਕਰਦਾ ਹੈ। ਪ੍ਰਭਸ਼ਰਨਦੀਪ ਦਾ ਐਲਾਨਨਾਮਾ ਦੇਖੋ, "ਅਜਮੇਰ ਸਿੰਘ ਜੇ ਐਲਾਨ ਕਰਦਾ ਹੈ ਕਿ ਉਹ ਖਾਲਿਸਤਾਨੀ ਹੈ, ਫਿਰ ਉਸ ਦਾ ਸਾਰਾ ਕੁਝ ਸਹੀ, ਨਹੀਂ ਫਿਰ ਸਭ ਕੁਝ ਗਲਤ।"

ਪਾਠਕੋ, ਮੇਰੇ ਵਾਂਗ ਸ਼ਾਇਦ ਤੁਸੀਂ ਵੀ ਨੋਟ ਕੀਤਾ ਹੋਣਾ, ਇਸ ਸੰਵਾਦ ਵਿਚਲੇ ਕੁਝ ਵਿਚਾਰਕਾਂ ਨੇ ਵਿਅੰਗਮਈ ਲਹਿਜੇ ਵਿਚ ਇਹ ਰਾਇ ਦਿੱਤੀ ਕਿ ਸੰਤ ਜਰਨੈਲ ਸਿੰਘ ਦਾ ਅਸਲੀ ਤੇ ਵਡਾ ਵਿਆਖਿਆਕਾਰ ਅਜਮੇਰ ਸਿੰਘ ਹੈ, ਪਰ ਪ੍ਰਭਸ਼ਰਨਦੀਪ ਅਨੁਸਾਰ ਉਨ੍ਹਾਂ ਦਾ ਅਸਲੀ ਵਿਆਖਿਆਕਾਰ ਹਰਿੰਦਰ ਸਿੰਘ ਮਹਿਬੂਬ ਹੈ। ਸਾਲ 1972 ਵਿਚ ਜਦ ਮੈਂ ਐਮ. ਏ. ਦਾ ਵਿਦਿਆਰਥੀ ਸਾਂ, ਜਲਾਵਤਨ ਨੋਬਲ ਇਨਾਮਯਾਫਤਾ ਰੂਸੀ ਗਲਪਕਾਰ ਸਿਕੰਦਰ ਸੋਲਜ਼ੇਨਿਤਸਿਨ ਨੇ ਰੂਸ ਦੀ ਸਰਕਾਰ ਦੇ ਨਾਮ ਖੁੱਲ੍ਹਾ ਖਤ ਲਿਖਿਆ ਸੀ। ਉਸ ਵਿਚਲੇ ਕੁਝ ਵਾਕ ਮੈਨੂੰ ਭੁੱਲੇ ਨਹੀਂ, "ਕਮਿਊਨਿਸਟ ਮੈਨੀਫੈਸਟੋ ਦਾ ਮੂਲਮੰਤਰ ਹੈ-ਦੁਨੀਆਂ ਭਰ ਦੇ ਮਿਹਨਤਕਸ਼ੋ ਇਕ ਹੋ ਜਾਓ। ਦੁਨੀਆਂ ਭਰ ਦੇ ਮਿਹਨਤਕਸ਼ ਜਦੋਂ ਇਕੱਠੇ ਹੋਣਗੇ ਦੇਖੀ ਜਾਇਗੀ, ਰੂਸ ਅਤੇ ਚੀਨ ਜਿਹੜੇ ਦੋਵੇਂ ਕਮਿਊਨਿਸਟ ਦੇਸ਼ ਹਨ, ਇਨ੍ਹਾਂ ਦੀਆਂ ਤੋਪਾਂ ਇਕ ਦੂਜੇ ਦੀ ਸਰਹੱਦ ਉਤੇ ਕੜਕਣੋਂ ਕਿਉਂ ਨਹੀਂ ਰੁਕਦੀਆਂ? ਕਈ ਸਾਲ ਮੈਂ ਇਹ ਭੇਦ ਜਾਣਨਾ ਚਾਹਿਆ, ਜੋ ਹੁਣ ਪਤਾ ਲੱਗਾ ਹੈ। ਚੀਨ ਆਖਦਾ ਹੈ ਕਿ ਮਾਰਕਸ ਦੀ ਪਵਿੱਤਰ ਸੱਚਾਈ ਉਸ ਦੇ ਗ੍ਰੰਥ ਵਿਚ ਪੰਨਾ 322 ਉਤੇ ਦਰਜ ਹੈ, ਜਦੋਂ ਕਿ ਰੂਸ ਅਨੁਸਾਰ ਇਹ ਪੰਨਾ 233 ਉਪਰ ਲਿਖੀ ਹੈ। ਕੁਝ ਬੰਦੇ ਅਕਸਰ ਇਸੇ ਕਾਰਨ ਗੋਲੀਆਂ ਨਾਲ ਮੌਤ ਦੇ ਮੂੰਹ ਜਾ ਪੈਂਦੇ ਹਨ। ਆਪਣੇ ਦੇਸ਼ ਦੁਆਲੇ ਤੁਸੀਂ ਖੁਦ ਲੋਹੇ ਦੀਆਂ ਉਚੀਆਂ ਕੰਧਾਂ ਉਸਾਰ ਲਈਆਂ ਹਨ, ਇਨ੍ਹਾਂ ਨੂੰ ਗਿਰਾ ਦਿਉਗੇ ਤਾਂ ਦੇਖੋਗੇ ਦੁਨੀਆਂ ਵਿਚ ਤਾਂ ਕਦੋਂ ਦਾ ਸੂਰਜ ਚੜ੍ਹ ਚੁਕਿਆ ਹੈ।"

ਪ੍ਰਭਸ਼ਰਨਦੀਪ ਅਨੁਸਾਰ ਹਰਿੰਦਰ ਸਿੰਘ ਮਹਿਬੂਬ ਨੇ ਅਜਮੇਰ ਸਿੰਘ ਤੋਂ ਕਿਤੇ ਪਹਿਲਾਂ 'ਝਨਾਂ ਦੀ ਰਾਤ' ਵਿਚ ਅਪਣੀ ਸ਼ਾਹਕਾਰ ਕਵਿਤਾ ਸੰਤ ਜਰਨੈਲ ਸਿੰਘ ਉਪਰ ਉਦੋਂ ਲਿਖ ਦਿੱਤੀ ਸੀ, ਜਦੋਂ ਅਜਮੇਰ ਸਿੰਘ ਅਜੇ ਸਿੱਖ ਸਰੂਪ ਵਿਚ ਵੀ ਨਹੀਂ ਸੀ ਆਇਆ। ਸਤਿਬਚਨ ਜੀ। ਜਦੋਂ ਇਹੀ ਕਿਤਾਬ ਭਾਰਤੀ ਸਾਹਿਤ ਅਕਾਦਮੀ ਪਾਸ ਮਹਿਬੂਬ ਸਾਹਿਬ ਨੇ ਭੇਜੀ, ਇਸ ਵਿਚੋਂ ਸੰਤ ਜਰਨੈਲ ਸਿੰਘ ਵਾਲੀ ਕਵਿਤਾ ਕੱਟ ਲਈ। ਇਨਾਮ ਮਿਲ ਗਿਆ, ਬੱਲੇ ਬੱਲੇ ਹੋ ਗਈ। ਜਦੋਂ ਭੇਦ ਖੁੱਲ੍ਹਿਆ, ਕਾਂਗਰਸੀ ਵਰਕਰਾਂ ਨੇ ਅਕਾਦਮੀ ਮਾਹਿਰਾਂ ਦੀਆਂ ਕਾਰਾਂ ਇੱਟਾਂ ਨਾਲ ਭੰਨੀਆਂ। ਡਾ. ਸਤਿੰਦਰ ਸਿੰਘ ਨੂਰ ਅਤੇ ਡਾ. ਜਸਬੀਰ ਸਿੰਘ ਆਹਲੂਵਾਲੀਆ ਦੀਆਂ ਕਾਰਾਂ ਫੱਟੜ ਹੋ ਗਈਆਂ। ਸ. ਮਹਿਬੂਬ ਨੇ ਕਹਿ ਦਿੱਤਾ, "ਮੈਂ ਤਾਂ ਸਾਬਤ ਕਿਤਾਬਾਂ ਨੂਰ ਨੂੰ ਫੜਾਈਆਂ ਸਨ, ਉਸ ਨੇ ਸੰਤ ਜੀ ਨਾਲ ਸਬੰਧਿਤ ਵਰਕੇ ਪਾੜ ਦਿੱਤੇ ਹੋਣੇ। ਮੈਂ ਕੀ ਕਰਾਂ?"

ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਮਨਾ ਲਿਆ ਕਿ ਇੱਕ ਲੱਖ ਰੁਪਏ ਦੀ ਗੱਲ ਹੈ, ਮਹਿਬੂਬ ਸਾਹਿਬ ਰਕਮ ਸਮੇਤ ਸਨਮਾਨ ਚਿੰਨ੍ਹ ਅਕਾਦਮੀ ਦੇ ਮੱਥੇ ਵਿਚ ਮਾਰਨ; ਇਕ ਲੱਖ ਰੁਪਏ ਅਤੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਮਹਿਬੂਬ ਸਾਹਿਬ ਨੂੰ ਸਨਮਾਨ ਦਿਵਾ ਦਿੰਦੇ ਹਾਂ। ਦਿੱਲੀ ਦਾ ਇਨਾਮ ਵੱਡਾ ਕਿ ਤਖਤ ਸਾਹਿਬ ਦਾ? ਮਹਿਬੂਬ ਸਾਹਿਬ ਮੰਨੇ ਨਹੀਂ।


ਵਾਰਿਸ ਸ਼ਾਹ


ਰੂਸੀ ਸੰਤ ਗੁਰਜਿਫ



ਹਰਿੰਦਰ ਸਿੰਘ ਮਹਿਬੂਬ

ਵਾਰਿਸ ਸ਼ਾਹ ਹੀਰ ਦੇ ਵਿਆਹ ਦਾ ਪ੍ਰਸੰਗ ਛੇੜਦਿਆਂ ਉਨ੍ਹਾਂ ਗਹਿਣਿਆਂ ਦੀ ਤਫਸੀਲ ਵਿਸਥਾਰ ਨਾਲ ਦਿੰਦਿਆਂ ਲਿਖਦਾ ਹੈ ਕਿ ਕੋਈ ਗਹਿਣਾ ਅਜਿਹਾ ਨਹੀਂ, ਜੋ ਪ੍ਰਚੱਲਤ ਹੋਵੇ ਤੇ ਪਿਤਾ ਚੂਚਕ ਨੇ ਨਾ ਘੜਾਇਆ ਹੋਵੇ; ਤਾਂ ਵੀ,

ਵਾਰੇਸ਼ਾਹ ਮੀਆਂ ਗਹਿਣਾ ਚਾਕ ਆਹਾ,
ਇਕ ਸੋਈ ਬਦਰੰਗ ਕਰਾਇਓ ਨੇ।
ਬਾਕੀ ਗਹਿਣੇ ਤਾਂ ਹੀਰ ਨੂੰ ਚਾਹੀਦੇ ਹੀ ਨਹੀਂ ਸਨ, ਉਸ ਨੂੰ ਸਿਰਫ ਰਾਂਝਾ ਚਾਹੀਦਾ ਸੀ, ਇਹੋ ਗਹਿਣਾ ਪਹਿਨਾਇਆ ਨਹੀਂ ਗਿਆ ਤਾਂ ਬਾਕੀ ਕੀ ਕਰਨੇ ਸਨ? ਵਾਰਿਸ ਦਾ ਬੈਂਤ ਇਸ ਲਈ ਯਾਦ ਆਇਆ ਕਿ ਮਹਿਬੂਬ ਸਾਹਿਬ ਦੀ ਉਚਤਮ ਪ੍ਰਾਪਤੀ ਪ੍ਰਭਸ਼ਰਨਦੀਪ ਅਨੁਸਾਰ ਸੰਤ ਜਰਨੈਲ ਸਿੰਘ ਉਪਰ ਲਿਖਿਤ ਕਵਿਤਾ ਸੀ, ਕੇਂਦਰ ਸਰਕਾਰ ਤੋਂ ਇਨਾਮ ਲੈਣ ਵਾਸਤੇ ਉਸੇ ਕਵਿਤਾ ਦੇ ਵਰਕੇ ਪਾੜ ਕੇ ਮੁਲੰਕਣ ਲਈ ਭੇਜੀ ਤੇ ਇਨਾਮ ਪਾਇਆ, ਬਦਨਾਮੀ ਪਾਈ।

ਤੁਹਾਡੇ ਬੋਲ ਜੇ ਤੁਹਾਡੇ ਕਿਰਦਾਰ ਨਾਲ ਮੇਲ ਨਹੀਂ ਖਾਂਦੇ ਤਾਂ ਜਦੋਂ ਤੁਸੀਂ ਕੁਝ ਬੋਲਣ ਲਗਦੇ ਹੋ, ਕਿਰਦਾਰ ਉਸ ਵਿਰੁੱਧ ਇੰਨਾ ਸ਼ੋਰ ਕਰਨ ਲਗਦਾ ਹੈ ਕਿ ਤੁਹਾਡੇ ਬੋਲ ਸੁਣਨੋਂ ਹਟ ਜਾਂਦੇ ਹਨ। ਮਹਿਬੂਬ ਸਾਹਿਬ ਉਸ ਡਾ. ਗੰਡਾ ਸਿੰਘ ਵਿਚ ਨੁਕਸ ਛਾਂਟਦੇ ਹਨ, ਜਿਸ ਨੇ ਦਰਬਾਰ ਸਾਹਿਬ 'ਤੇ ਹੋਏ 1984 ਹਮਲੇ ਦੇ ਰੋਸ ਵਜੋਂ ਸਨਮਾਨ ਸਰਕਾਰ ਦੇ ਮੂੰਹ 'ਤੇ ਵਗਾਹ ਮਾਰਿਆ ਸੀ।

ਸਾਲ 2000 ਵਿਚ ਸ. ਗੁਰਤੇਜ ਸਿੰਘ ਨੇ ਸ੍ਰੀ ਦਸਮ ਗ੍ਰੰਥ ਵਿਰੁੱਧ 'ਪੰਜਾਬੀ ਟ੍ਰਿਬਿਊਨ' ਵਿਚ ਲੇਖ ਛਪਵਾਇਆ, ਜਿਸ ਦਾ ਮੈਂ ਯਥਾਯੁਕਤ ਜਵਾਬ ਲਿਖਿਆ। ਮਹਿਬੂਬ ਸਾਹਿਬ ਨੇ ਮੇਰੇ ਖਿਲਾਫ, ਗੁਰਤੇਜ ਸਿੰਘ ਦੇ ਹੱਕ ਵਿਚ ਲਿਖਣਾ ਹੀ ਸੀ; ਲਿਖਿਆ, ਛਪਿਆ ਪਰ ਨਾਲ ਮੇਰੇ ਕੋਲ ਫੋਨ ਆ ਗਿਆ, "ਤੂੰ ਹੁਣ ਮੇਰੀਆਂ ਦਲੀਲਾਂ ਦੇ ਖਿਲਾਫ ਵੀ ਲਿਖੇਂਗਾ, ਲਿਖ ਦਈਂ, ਪਰ ਉਸ ਵਿਚ ਇਹ ਗੱਲ ਨਾ ਪਾਈਂ ਕਿ ਸੰਤ ਜਰਨੈਲ ਸਿੰਘ ਦਸਮ ਗ੍ਰੰਥ ਦਾ ਸਤਿਕਾਰ ਕਰਦੇ ਸਨ।"

ਮੈਂ ਕਿਹਾ, "ਸਿਰਫ ਸਤਿਕਾਰ ਨਹੀਂ, ਕਥਾ ਕਰਿਆ ਕਰਦੇ ਸਨ। ਦਮਦਮੀ ਟਕਸਾਲ ਦਸਮ ਗ੍ਰੰਥ ਦੀ ਸਾਰੀ ਬਾਣੀ ਗੁਰੂਕ੍ਰਿਤ ਮੰਨਦੀ ਤੇ ਪ੍ਰਚਾਰਦੀ ਹੈ।"

ਮਹਿਬੂਬ ਸਾਹਿਬ, ਸ਼ਹੀਦ ਸੰਤ ਨੂੰ ਵੀ ਟੁਕੜਿਆਂ ਵਿਚ ਵੰਡ ਕੇ ਸਿਰਫ ਉਨ੍ਹਾਂ ਹਿੱਸਿਆਂ ਦਾ ਸਤਿਕਾਰ ਕਰਦੇ ਹਨ, ਜੋ ਸਹੀ ਲਗਦੇ ਹਨ। ਮੇਰੇ ਵਿਸ਼ਵਾਸ ਅਤੇ ਮੇਰੀ ਵਿੱਦਿਆ ਅਨੁਸਾਰ ਅਕਾਲਪੁਰਖ, ਗੁਰੂ, ਸ਼ਬਦ ਅਤੇ ਸ਼ਹੀਦ ਟੁਕੜਿਆਂ ਵਿਚ ਨਹੀਂ ਵੰਡੇ ਜਾ ਸਕਦੇ। ਇਨ੍ਹਾਂ ਨੂੰ ਪੂਰਨ ਰੂਪ ਵਿਚ ਮੰਨੋ ਜਾਂ ਪੂਰਨ ਰੱਦ ਕਰੋ।

ਤਰਸ਼ਿਅਮ ਓਰਗਾਨਮ ਦਾ ਕਰਤਾ ਉਸਪੈਂਸਕੀ, ਰੂਸੀ ਸੰਤ ਗੁਰਜਿਫ ਦਾ ਮੁਰੀਦ ਸੀ। ਉਹ ਆਪਣੇ ਮੁਰਸ਼ਦ ਸੰਤ ਬਾਰੇ ਲਿਖਦਾ ਹੈ, "ਨਿੰਦਕ-ਪ੍ਰਸ਼ੰਸਕ, ਹਮਾਇਤੀ-ਵਿਰੋਧੀ, ਪੱਤਰਕਾਰ ਅਕਸਰ ਮਿਲਣ ਆਉਂਦੇ, ਸਵਾਲ ਪੁੱਛਦੇ, ਅਗਲੇ ਦਿਨ ਅਖਬਾਰਾਂ, ਰਸਾਲਿਆਂ ਵਿਚ ਉਨ੍ਹਾਂ ਦੀਆਂ ਰਿਪੋਰਟਾਂ ਛਪਦੀਆਂ, ਲੰਮੇ ਲੇਖ ਛਪਦੇ। ਪੜ੍ਹ ਕੇ ਗੁਰਜਿਫ ਕਿਹਾ ਕਰਦਾ, 'ਇਹ ਕੁਝ ਤਾਂ ਮੈਂ ਕਿਹਾ ਨਹੀਂ ਸੀ!' ਅਸੀਂ ਪੁਛਦੇ, 'ਹੋਰ ਕੀ ਕਿਹਾ ਸੀ?' ਆਖਦਾ, ਮੈਂ ਕੱਚੀਆਂ ਖੱਲਾਂ ਵੇਚਦਾ ਹਾਂ। ਇਥੋਂ ਖਰੀਦ ਕੇ ਲੋਕ ਆਪੋ ਆਪਣੇ ਟਿਕਾਣਿਆਂ ਉਤੇ ਜਾ ਕੇ ਆਪੋ-ਆਪਣੇ ਰੰਗ ਦੇ, ਆਪੋ-ਆਪਣੇ ਮੇਚ ਦੇ ਜੁੱਤੇ ਬਣਾ ਕੇ ਪਹਿਨ ਲੈਂਦੇ ਹਨ, ਵੇਚਦੇ ਰਹਿੰਦੇ ਹਨ।"

ਸ. ਮਹਿਬੂਬ ਦੇ 'ਸਹਿਜੇ ਰਚਿਓ ਖਾਲਸਾ' ਪਿਛੋਂ ਜਿਨ੍ਹਾਂ ਨੇ ਵੱਡ-ਆਕਾਰੀ, ਸਿੱਖ ਸਿਧਾਂਤ-ਮੂਲਕ ਗ੍ਰੰਥ ਰਚੇ, ਉਨ੍ਹਾਂ ਵਿਚ ਹਰਸਿਮਰਨ ਸਿੰਘ ਅਤੇ ਅਤਿੰਦਰਪਾਲ ਸਿੰਘ ਹਨ। ਇਹ ਤਿੰਨੇ ਜਣੇ ਪੰਥ ਨੂੰ ਕੀ ਕਹਿਣਾ ਚਾਹੁੰਦੇ ਹਨ, ਇਸ ਦੀ ਵਿਆਖਿਆ ਪ੍ਰਭਸ਼ਰਨਦੀਪ ਕਰ ਦੇਣ ਤਾਂ ਪਾਠਕਾਂ ਨੂੰ ਵੀ ਕੁਝ ਪਤਾ ਲੱਗ ਜਾਵੇ। ਅਜਮੇਰ ਸਿੰਘ ਨਾਲ ਕੋਈ ਸਹਿਮਤ ਹੋਵੇ ਜਾਂ ਨਹੀਂ, ਪਤਾ ਤਾਂ ਲਗਦਾ ਹੈ ਕਿ ਅਗਲਾ ਗੱਲ ਕੀ ਕਰ ਰਿਹਾ ਹੈ।

ਜਿਹੜੇ ਸਿੱਖ ਚਿੰਤਕ ਤੁਰਤ ਖਾਲਿਸਤਾਨ ਚਾਹੁੰਦੇ ਹਨ, ਉਹ ਵਿਦੇਸ਼ੀ ਅਟਾਰੀਆਂ ਤੋਂ ਖਾਲਿਸਤਾਨ ਦੇ ਐਲਾਨ ਕਰਨ ਦੀ ਥਾਂ ਗਦਰੀ ਬਾਬਿਆਂ ਵਾਂਗ ਭਾਰਤ ਵਿਚ ਆ ਕੇ ਆਪਣੇ ਜਲਵੇ ਦਿਖਾਉਣ ਤਾਂ ਸ਼ਾਇਦ ਹਮਾਤੜ ਵੀ ਜੈਕਾਰਾ ਛੱਡਣ ਦੀ ਹਿੰਮਤ ਜੁਟਾ ਪਾਉਣ।

# ਪ੍ਰਭਸ਼ਰਨ ਭਰਾ ਇੱਕਤਰਫਾ ਦੌੜ ਦੇ ਦੋ ਨਵੇਂ ਚੈਂਪੀਅਨ ਦੌੜਾਕ

**ਪ੍ਰਤੀਕਰਮ**

**ਸੰਪਾਦਕ ਜੀ,**

ਕੁਝ ਸਮਾਂ ਪਹਿਲਾਂ ਤਕ ਸਾਡੇ ਕਈ ਮਿੱਤਰ ਪੰਜਾਬ ਦੀ ਖਾੜਕੂ ਸਿੱਖ ਸਿਆਸਤ ਵਿਚ ਵਨ ਵੇਅ ਰੇਸ ਦੇ ਦੌੜਾਕ ਸ. ਅਜਮੇਰ ਸਿੰਘ ਅਤੇ ਸ. ਗੁਰਤੇਜ ਸਿੰਘ ਵਰਗੇ ਵਿਦਵਾਨਾਂ ਨੂੰ ਮੰਨਦੇ ਸਨ ਪਰ ਪਿਛਲੇ ਦੋ ਕੁ ਦਹਾਕਿਆਂ ਦੌਰਾਨ ਅੱਧੀ ਦਰਜਨ ਕਿਤਾਬਾਂ ਲਿਖ ਕੇ ਅਜਮੇਰ ਸਿੰਘ ਦੀ ਝੰਡੀ ਬਹੁਤ ਉਚੀ ਹੋ ਗਈ। ਸ਼ਾਇਦ ਉਸ ਦੀ ਇਸੇ ਝੰਡੀ ਨੂੰ ਸਾਰਾ ਜੋਰ ਲਾ ਕੇ ਪੁਟਣ ਲਈ ਹੁਣ ਪਿਛਲੇ ਕੁਝ ਸਮੇਂ ਤੋਂ ਪ੍ਰਭਸ਼ਰਨ ਭਰਾਵਾਂ ਦੇ ਰੂਪ ਵਿਚ ਦੋ ਨਵੇਂ ਪਰ ਅਜਮੇਰ ਤੋਂ ਵੀ ਜਹਿਰੀ

**ਹਰਜੀਤ ਦਿਓਲ, ਬਰੈਂਪਟਨ**
**ਫੋਨ: 905-676-9242**

ਤੇ ਫੁਰਤੀਲੇ ਵੰਨ ਵੇਅ ਦੌੜਾਕ ਅਚਾਨਕ ਹੀ ਫੇਸਬੁਕ ਅਤੇ ਅਖਬਾਰਾਂ ਅੰਦਰ ਉਜਾਗਰ ਹੋ ਗਏ ਹਨ।

ਇੱਕ ਵਾਰ ਫਿਰ ਸਾਨੂੰ 'ਪੰਜਾਬ ਟਾਈਮਜ਼' ਵਿਚ ਇਨ੍ਹਾਂ ਨਵੇਂ 'ਇੱਕਤਰਫਾ' ਵਨ ਵੇਅ ਦੌੜਾਕਾਂ ਦੇ ਕੁਝ ਹੋਰ ਲੇਖ ਪੜ੍ਹਨ ਨੂੰ ਮਿਲੇ ਹਨ। ਇਨ੍ਹਾਂ ਨੂੰ ਇੱਕਤਰਫਾ ਕਹਿਣ ਤੋਂ ਮੇਰਾ ਭਾਵ ਹੈ ਕਿ ਇਹ ਬੜੀ ਸ਼ਿੱਦਤ ਨਾਲ ਤਸਵੀਰ ਦਾ ਇੱਕੋ ਪਾਸਾ ਬਿਆਨਦੇ ਹਨ ਤੇ ਦੂਜਾ ਪਾਸਾ ਦੇਖਣ ਦੀ ਕਦੇ ਜ਼ਹਿਮਤ ਨਹੀਂ ਕਰਦੇ। ਬੇਹੱਦ ਉਲਝਿਆ ਸਿੱਖ ਸੰਘਰਸ਼ ਜਿਹਾ ਵਿਵਾਦਗ੍ਰਸਤ ਅਤੇ ਗੁੰਝਲਦਾਰ ਵਿਸ਼ਾ (ਜਿਸ ਉਪਰ ਬਹੁਤ ਹੀ ਨਿਰਪੱਖ ਤੇ ਵਿਵੇਕਸ਼ੀਲ ਚਿੰਤਨ ਦੀ ਲੋੜ ਹੈ) ਇਹ ਉੱਚ ਸਿਖਿਅਤ ਵਿਦਵਾਨ ਕਿਉਂ ਇੱਕੋ ਰੰਗ ਦੀ ਐਨਕ ਨਾਲ ਦੇਖ ਕੇ ਇੱਕਪਾਸੜ ਨਜ਼ਰੀਆ ਰੱਖਦੇ ਹਨ? ਸਮਝ ਤੋਂ ਬਾਹਰ ਹੈ!

ਮੁਮਕਿਨ ਹੈ, ਪ੍ਰਸਿੱਧ ਮਨੋਵਿਸ਼ਲੇਸ਼ਕ ਸਿਗਮੰਡ ਫਰਾਇਡ ਦੁਆਰਾ ਪੇਸ਼ ਕੀਤੇ ਗਰੁੱਪ ਸਾਇਕਾਲੋਜੀ ਅਤੇ ਈਗੋ ਦੇ ਵਿਸ਼ਲੇਸ਼ਣ ਦੁਆਰਾ ਇਸ ਪਹੇਲੀ ਦਾ ਉੱਤਰ ਮਿਲ ਸਕੇ। ਇਸ ਮਨੋਵਿਗਿਆਨੀ ਅਨੁਸਾਰ ਮਨੁੱਖ ਵਿਚ ਕਿਸੇ ਸੰਗਠਿਤ ਗਰੁੱਪ ਜਾਂ ਗਿਰੋਹ ਵਿਚ ਸ਼ਾਮਲ ਹੋਇਆਂ ਇੱਕ ਤਰ੍ਹਾਂ ਦੀ ਇੱਜੜ ਪ੍ਰਵਿਰਤੀ (ਦ ਹਰਡ ਇੰਸਟਿੰਕਟ) ਜਨਮ ਲੈਂਦੀ ਹੈ, ਜੋ ਬੌਧਿਕ ਸਰਗਰਮੀ ਨੂੰ ਖੋਰਾ ਲਾਉਂਦਿਆਂ ਜ਼ਜਬਾਤੀ ਵੇਗ 'ਚ ਇਜ਼ਾਫਾ ਕਰਦੀ ਹੈ। ਸੱਚ ਭਾਵੇਂ ਕਿੰਨਾ ਵੀ ਕੌੜਾ ਹੋਵੇ, ਉਸ ਵੱਲ ਪਿੱਠ ਕਰਕੇ ਖੜੋਣ ਨਾਲ ਉਸ ਨੂੰ ਝੁਠਲਾਇਆ ਨਹੀਂ ਜਾ ਸਕਦਾ। ਆਪਣੀਆਂ ਅੱਖਾਂ ਬੰਦ ਕਰਨ ਨਾਲ ਰਾਤ ਨਹੀਂ ਪੈ ਜਾਂਦੀ।

ਜਨਾਬ ਪ੍ਰਭਸ਼ਰਨਬੀਰ ਨੂੰ ਇੱਕ ਜਾਗਰੂਕ ਇਨਸਾਨ ਹੋਣ ਨਾਤੇ ਹਿੰਦੁਸਤਾਨ ਵਿਚ ਡਰ ਦੀ ਸਿਆਸਤ ਦਾ ਬੜਾ ਫਿਕਰ ਹੋਣਾ ਵੀ ਚਾਹੀਦਾ ਹੈ। ਹਿੰਦੁਸਤਾਨ ਦੀ ਏਕਤਾ ਤੇ ਅਖੰਡਤਾ ਨੂੰ ਬਚਾਉਣ ਦੇ ਨਾਂ 'ਤੇ ਧਾਰਮਕ ਨਫਰਤ ਤੇ ਸੌੜੀ ਸਿਆਸਤ ਦਾ ਸੀਮਿੰਟ ਲਾ ਕੇ ਇਸ ਦੀ ਰੂਹਾਨੀ ਵਿਰਾਸਤ ਨੂੰ ਪਿਛਲੇ ਪੰਜ-ਚਾਰ ਵਰ੍ਹਿਆਂ ਤੋਂ ਜਿਸ ਤਰ੍ਹਾਂ ਕੋਹਿਆ ਜਾ ਰਿਹਾ ਹੈ, ਉਸ ਨੂੰ ਵੇਖ ਕੇ ਰਾਮ-ਕ੍ਰਿਸ਼ਨ ਪਰਮ ਹੰਸ, ਸਵਾਮੀ ਵਿਵੇਕਾਨੰਦ, ਮਹਾਤਮਾ ਗਾਂਧੀ, ਸੁਭਾਸ਼ ਚੰਦਰ ਬੋਸ, ਪੰਡਿਤ ਨਹਿਰੂ, ਗਦਰੀ ਬਾਬਿਆਂ ਅਤੇ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਦੀਆਂ ਰੂਹਾਂ ਅਸਮਾਨ ਵਿਚ ਜੇ ਕਿਧਰੇ ਹੋਈਆਂ, ਤਾਂ ਜਰੂਰ ਹੀ ਜ਼ਾਰ-ਜ਼ਾਰ ਰੋ ਰਹੀਆਂ ਹੋਣਗੀਆਂ, ਪਰ ਡਰ ਦੀ ਸਿਆਸਤ ਦੀ ਚਿਤਾਵਨੀ ਦਿੰਦਿਆਂ ਇਹ ਦੋਵੇਂ ਨਿੱਕੇ ਵੀਰ ਪੰਜਾਬ 'ਚ ਵਾਪਰੇ ਕਾਲੇ ਦੌਰ ਦੌਰਾਨ ਜਿਸ ਤਰ੍ਹਾਂ ਹਿੰਸਾ ਅਤੇ ਡਰਾਵੇ ਦੀ ਲਹਿਰ ਦਾ ਆਗਾਜ਼ ਹੋਇਆ, ਉਸ ਪਾਸੋਂ ਜਮਾਂ ਈ ਪੱਲਾ ਝਾੜ ਲੈਂਦੇ ਹਨ। ਉਹ ਆਪਣੇ ਲੇਖ ਵਿਚ ਲਿਖਦੇ ਹਨ, "1984 ਤੋਂ ਆਨੀ-ਬਹਾਨੀਂ ਸਿੱਖ ਨੌਜਵਾਨਾਂ ਨੂੰ ਗ੍ਰਿਫਤਾਰ ਕਰ ਉਨ੍ਹਾਂ ਨੂੰ ਜਲੀਲ ਕੀਤਾ ਗਿਆ।"

ਇਸ ਵਿਚ ਕੋਈ ਸ਼ੱਕ ਨਹੀਂ ਕਿ ਪੁਲਿਸ ਨੇ ਬੇਹਿਸਾਬ ਜ਼ਿਆਦਤੀਆਂ ਕੀਤੀਆਂ, ਪਰ ਜਿਨ੍ਹਾਂ ਕੁਕਰਮਾਂ ਨੂੰ ਇਨ੍ਹਾਂ 'ਆਨੀ ਬਹਾਨੀਂ' ਕਹਿ ਟਾਲਣ ਦੀ ਕੋਸ਼ਸ਼ ਕੀਤੀ ਹੈ, ਉਸ ਨਾਲ ਇਨ੍ਹਾਂ ਦੀ ਇਮਾਨਦਾਰ ਸੋਚ ਦਾ ਪਰਦਾਫਾਸ਼ ਹੁੰਦਾ ਹੈ। ਹੁਣ ਸੋਚਣਾ ਬਣਦਾ ਹੈ ਕਿ ਹਕੂਮਤ ਦੀ ਧੱਕੇਸ਼ਾਹੀ ਨਾਲ ਖਾੜਕੂ ਲਹਿਰ ਪੈਦਾ ਹੋਈ ਜਾਂ ਬੇਮੁਹਾਰ ਖਾੜਕੂ ਲਹਿਰ ਕਰਕੇ ਹਕੂਮਤ ਨੂੰ ਧੱਕੇਸ਼ਾਹੀ ਕਰਨ ਦਾ ਮੌਕਾ ਦਿੱਤਾ ਗਿਆ। ਪਹਿਲਾਂ ਮੁਰਗੀ ਪੈਦਾ ਹੋਈ ਕਿ ਅੰਡਾ?

ਅੱਗੇ ਉਨ੍ਹਾਂ ਗੁਰੂ ਤੇਗ ਬਹਾਦਰ ਜੀ ਦੇ ਕਥਨ ਦਾ ਹਵਾਲਾ ਦੇ ਕੇ ਲਿਖਿਆ ਹੈ ਕਿ ਸਿੱਖ ਨਾ ਭੈਅ ਮੰਨਦਾ ਹੈ, ਨਾ ਭੈਅ ਦਿੰਦਾ ਹੈ, ਪਰ ਪੰਜਾਬ 'ਚ ਉਸ ਦੌਰਾਨ ਹੱਦੋਂ ਵੱਧ ਭੈਅ ਦਿੱਤਾ ਵੀ ਗਿਆ ਅਤੇ ਮੰਨਿਆ ਵੀ ਗਿਆ। ਭੈਅ ਮੰਨਦੇ ਹੋਏ ਹੀ ਪਵਿੱਤਰ ਧਰਮ ਸਥਾਨ ਨੂੰ ਪਨਾਹਗਾਰ ਬਣਾ ਹਥਿਆਰਾਂ ਦੇ ਜਖੀਰੇ ਜਮਾਂ ਕੀਤੇ ਗਏ। ਇਨ੍ਹਾਂ ਵਿਦਵਾਨਾਂ ਵਿਚੋਂ ਸ. ਗੁਰਤੇਜ ਸਿੰਘ ਵਰਗੇ ਕਈ ਵਿਦਵਾਨ ਅਜ ਤਕ ਮੇਜਰ ਜਨਰਲ ਜਸਵੰਤ ਸਿੰਘ ਭੁੱਲਰ ਨੂੰ ਆਈ ਬੀ ਦਾ ਕੈਟ ਦੱਸੀ ਜਾਂਦੇ ਹਨ ਅਤੇ ਦੋਸ਼ ਲਾਉਂਦੇ ਹਨ ਕਿ ਪਵਿੱਤਰ ਧਰਮ ਅਸਥਾਨ ਦੀ ਤਬਾਹੀ ਅਤੇ ਤੀਸਰੇ ਘੱਲੂਘਾਰੇ ਲਈ ਸਰਕਾਰ ਨੂੰ ਬਹਾਨਾ ਦੇਣ ਲਈ ਖਤਰਨਾਕ ਹਥਿਆਰ ਖੁਫੀਆ ਏਜੰਸੀਆਂ ਦੇ ਸਹਿਯੋਗ ਨਾਲ ਜਨਰਲ ਭੁੱਲਰ ਨੇ ਪਹੁੰਚਾਏ। ਪਿਛਲੇ ਮਹੀਨੇ ਹੀ ਕਿਸੇ ਚੈਨਲ 'ਤੇ ਬਹਿਸ ਦੌਰਾਨ ਹਜਾਰਾ ਸਿੰਘ ਮਿਸੀਸਾਗਾ ਨੇ ਜਦੋਂ ਉਨ੍ਹਾਂ ਨੂੰ ਸਵਾਲ ਕੀਤਾ ਕਿ ਸਿੰਘਾਂ ਨੇ ਸਰਕਾਰੀ ਅਸਲਾ ਅੰਦਰ ਆਉਣ ਤੋਂ ਰੋਕਿਆ ਕਿਉਂ ਨਾ? ਤਾਂ ਉਹ ਬਹਿਸ ਵਿਚਾਲੇ ਛੱਡ ਕੇ ਚਲੇ ਗਏ।

'ਪੰਜਾਬ ਟਾਈਮਜ਼' ਦੇ ਇਸੇ ਅੰਕ ਵਿਚ ਪ੍ਰਭਸ਼ਰਨਦੀਪ ਸਿੰਘ ਹੁਰੀਂ ਆਪਣੇ ਆਦਰਸ਼ ਮਹਾਪੁਰਖਾਂ ਦੀ ਸਕੂਲੀ ਪੜ੍ਹਾਈ ਤੋਂ ਕੋਰੇ ਹੋਣ ਦੀ ਵਕਾਲਤ ਕਰਦਿਆਂ ਆਧੁਨਿਕ ਸਿੱਖਿਆ ਨੂੰ ਭਰਮਜਾਲ ਗਰਦਾਨ ਦਿੱਤਾ ਹੈ, ਹਾਲਾਂਕਿ ਦੋਵੇਂ ਭਰਾ ਆਪ ਇਸੇ ਸਿੱਖਿਆ ਦੇ ਚੈਂਪੀਅਨ ਬਣਨ ਲਈ ਆਪਣੇ ਪਿਆਰੇ ਪੰਜਾਬ ਨੂੰ ਸੁਖਬੀਰ ਅਤੇ ਅਮਨਿੰਦਰ ਸਿੰਘ ਵਰਗੇ ਠੱਗਾਂ ਦੇ ਹਵਾਲੇ ਕਰਕੇ ਇਥੇ ਪੱਛਮੀ ਦੇਸ਼ਾਂ ਵਿਚ ਆਏ ਬੈਠੇ ਹਨ ਅਤੇ ਆਪਣੀ ਵਿਦਵਤਾ ਦੀਆਂ ਤਲਵਾਰਾਂ ਘੁਮਾ ਰਹੇ ਹਨ। ਅਜਮੇਰ ਸਿੰਘ ਵੱਖਵਾਦੀ ਸਿਆਸਤ ਦਾ ਰੁਸਤਮ ਹੈ।

ਅਜਿਹੀ ਹਾਲਤ ਵਿਚ ਇਨ੍ਹਾਂ ਦੇ ਇਥੇ ਬੈਠਿਆਂ, ਇਨ੍ਹਾਂ ਵਲੋਂ ਉਸ ਦੀ ਆਲੋਚਨਾ, ਦੱਸੋ! ਕਿਸ ਸੋਝੀਵਾਨ ਸੱਜਣ ਨੂੰ ਕਾਇਲ ਕਰੇਗੀ। ਅਜਮੇਰ ਸਿੰਘ ਪੱਛਮੀ ਦੇਸ਼ਾਂ ਵਿਚ ਬਾਰ ਬਾਰ ਆਉਂਦਾ ਹੈ ਅਤੇ ਵਖਵਾਦ ਤੇ ਹਿੰਦੂਆਂ ਨਾਲ ਨਫਰਤ ਦਾ ਛੱਟਾ ਦੇ ਕੇ ਵਾਪਸ ਪੰਜਾਬ ਪਰਤ ਤਾਂ ਜਾਂਦਾ ਹੈ। ਇਹ ਖੁਦ ਹੀ ਦੱਸਣ ਕਿ ਅਜੋਕੀ ਗੰਦੀ ਰਾਜਨੀਤੀ ਦੀ ਘੁੰਮਣਘੇਰੀ 'ਚ ਫਸੇ ਪਿਛੇ ਬੈਠੇ ਸਿੱਖ ਭਰਾਵਾਂ ਦਾ ਫਿਕਰ ਉਸ ਨੂੰ ਜਿਆਦਾ ਹੈ ਕਿ ਇਨ੍ਹਾਂ ਨੂੰ? ਫਿਰ ਵੀ ਪੰਜਾਬ ਵਾਪਸ ਨਹੀਂ ਜਾਣਾ ਤਾਂ ਨਾ ਜਾਣ, ਪਰ ਸੰਤਾਂ ਦੇ ਆਧੁਨਿਕ ਵਿਦਿਆ ਤੋਂ ਕੋਰੇ ਹੋਣ ਨੂੰ ਵਡਿਆ ਕੇ ਸਿੱਖਾਂ ਦੀ ਨੌਜਵਾਨ ਪੀੜ੍ਹੀ ਨੂੰ ਗੁਮਰਾਹ ਤਾਂ ਨਾ ਕਰਨ। ਅਜਿਹਾ ਕਰਨਾ ਇਨ੍ਹਾਂ ਨੂੰ ਸ਼ੋਭਦਾ ਨਹੀਂ। ਸਾਨੂੰ ਡਾਰਵਿਨ ਦਾ ਇਹ ਸਿਧਾਂਤ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ, "ਨਾ ਹੀ ਸਭ ਤੋਂ ਤਾਕਤਵਰ ਅਤੇ ਨਾ ਹੀ ਸਭ ਤੋਂ ਬੁੱਧੀਮਾਨ ਪ੍ਰਜਾਤੀਆਂ ਆਪਣੀ ਹੋਂਦ ਕਾਇਮ ਰੱਖਣ 'ਚ ਕਾਮਯਾਬ ਹੁੰਦੀਆਂ ਹਨ, ਐਪਰ ਵਕਤ ਅਨੁਸਾਰ ਆਪਣੇ ਆਪ ਨੂੰ ਢਾਲ ਸਕਣ ਵਾਲੀਆਂ ਜੀਵ ਪ੍ਰਜਾਤੀਆਂ ਹੀ ਵਿਪਦਾਵਾਂ ਵਿਚੋਂ ਪਾਰ ਲੰਘਣ ਦੇ ਸਮਰੱਥ ਹੁੰਦੀਆਂ ਹਨ।" ਆਉਣ ਵਾਲੇ ਚੈਲੰਜ ਭਰੇ ਸਮਿਆਂ ਦੌਰਾਨ ਹਰ ਸੰਕਟ ਦਾ ਟਾਕਰਾ ਵਿਗਿਆਨਕ ਸਿੱਖਿਆ ਨਾਲ ਲੈਸ ਹੋ ਕੇ ਹੀ ਕੀਤਾ ਜਾ ਸਕਦਾ ਹੈ।

ਆਪਣੇ ਸਮੇਂ ਦੇ ਉੱਘੇ ਚਿੰਤਕ ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਨੇ ਲਿਖਿਆ ਸੀ ਕਿ ਜਦ ਇਮਾਰਤ ਦੀਆਂ ਉਪਰਲੀਆਂ ਹਵਾਦਾਰ ਮੰਜ਼ਿਲਾਂ ਬਣ ਜਾਣ ਤਾਂ ਹੇਠਲੀ ਹਨੇਰੀ ਮੰਜ਼ਿਲ ਵਿਚ ਬੈਠੇ ਰਹਿਣਾ ਮੂਰਖਤਾ ਹੈ। ਆਓ, ਸਮੇਂ ਨਾਲ ਬਦਲਦਿਆਂ ਆਜ਼ਾਦ ਸੋਚ ਦੇ ਧਾਰਨੀ ਬਣੀਏ ਅਤੇ ਸਿੱਖੀ ਸਦਾਚਾਰ ਦੀਆਂ ਉੱਚ ਕਦਰਾਂ ਕੀਮਤਾਂ ਦਾ ਪ੍ਰਗਟਾਵਾ ਕਰਦਿਆਂ ਦੁਨੀਆਂ ਦੇ ਹਰ ਕੋਨੇ ਨੂੰ ਸਿੱਖ ਗੁਰੂ ਸਾਹਿਬਾਨ ਦੀ ਸਪਿਰਟ ਦੇ ਆਸ਼ੇ ਅਨੁਸਾਰ 'ਸਭੇ ਸਾਂਝੀਵਾਲ ਸਦਾਇਨ' ਖਾਲਿਸਤਾਨ ਵਿਚ ਤਬਦੀਲ ਕਰਨ ਦਾ ਉਪਰਾਲਾ ਕਰੀਏ।

ਗੁਰਬਾਣੀ ਵਿਆਖਿਆ

# ਅਮੁਲ ਗੁਣ ਅਮੁਲ ਵਾਪਾਰ

**ਡਾ. ਗੋਬਿੰਦਰ ਸਿੰਘ ਸਮਰਾਓ**
ਫੋਨ: 408-634-2310

ਕਈ ਵਾਰ ਸ਼ਰਧਾਲੂਆਂ ਨੂੰ ਗੁਰੂ ਸਾਹਿਬ ਦਾ ਕੋਈ ਵਿਚਾਰ ਸਮਝ ਨਹੀਂ ਆਉਂਦਾ ਤਾਂ ਉਹ ਉਸ ਨੂੰ ਰੱਬੀ ਜਾਂ ਦੈਵੀ ਗੱਲ ਮੰਨਣ ਲੱਗ ਪੈਂਦੇ ਹਨ। ਕਾਰਨ ਇਹ ਹੁੰਦਾ ਹੈ ਕਿ ਗੁਰੂ ਸਾਹਿਬ ਦਾ ਨਜ਼ਰੀਆ ਕਾਇਨਾਤੀ ਹੁੰਦਾ ਹੈ ਤੇ ਸ਼ਰਧਾਲੂ ਉਸ ਨੂੰ ਆਪਣੀ ਤੁੱਛ ਦੁਨਿਆਵੀ ਨਜ਼ਰ ਨਾਲ ਦੇਖਦੇ ਹਨ। ਜਿਸ ਨੂੰ ਜਿਸ ਪੱਧਰ ਦੇ ਰੁਝਾਨ ਦਰਪੇਸ਼ ਹੋਣ, ਉਸੇ ਪੱਧਰ ਦੀ ਉਸ ਦੀ ਸੋਚ ਬਣ ਜਾਂਦੀ ਹੈ। ਜਿਸ ਪੱਧਰ ਤੀਕ ਜਿਸ ਦੀਆਂ ਗਿਆਨ ਇੰਦਰੀਆਂ ਵਿਕਸਿਤ ਹੋਣ, ਉਸੇ ਪੱਧਰ ਤੀਕ ਉਸ ਦੀ ਸੋਚ ਦੇ ਘੋੜੇ ਦੌੜਦੇ ਹਨ। ਹਰ ਵੇਲੇ ਆਪਣੇ ਤੇ ਆਪਣੇ ਪਰਿਵਾਰ ਦੇ ਭਲੇ ਬਾਰੇ ਸੋਚਣ ਵਾਲੇ ਆਮ ਵਿਅਕਤੀਆਂ ਦੀ ਸੋਚ ਆਪਣੇ ਲਾਭ-ਹਾਨੀ ਤੀਕ ਹੀ ਸੀਮਤ ਹੁੰਦੀ ਹੈ। ਨਿੱਜ ਤੋਂ ਉੱਪਰ ਉਠ ਕੇ ਸੋਚਣ ਵਾਲੇ ਸਮਾਜ ਸੁਧਾਰਕ ਤੇ ਫਿਲਾਸਫਰ ਵੱਡੇ ਦਾਇਰੇ ਦੀ ਸਾਰ ਰੱਖਦੇ ਹਨ। ਜੋ ਇਸ ਤੋਂ ਵੀ ਉਪਰ ਸੰਸਾਰ ਪੱਧਰ 'ਤੇ ਸੋਚਦੇ ਹਨ, ਉਹ ਆਪਣੇ ਆਪ ਨੂੰ ਪੂਰੇ ਬ੍ਰਹਿਮੰਡ ਦੇ ਵਾਸੀ ਸਮਝਦੇ ਹਨ ਤੇ ਪੂਰਾ ਬ੍ਰਹਿਮੰਡ ਹੀ ਉਨ੍ਹਾਂ ਦੀ ਸੋਚ ਦਾ ਵਿਸ਼ਾ ਹੁੰਦਾ ਹੈ। ਅਜਿਹੇ ਵਿਅਕਤੀ ਬ੍ਰਹਮ ਗਿਆਨੀ, ਵਿਗਿਆਨੀ ਤੇ ਯੁਗ-ਪੁਰਸ਼ ਦਾ ਦਰਜਾ ਰੱਖਦੇ ਹਨ। ਉਹ ਆਪਣੇ ਵਿਚਾਰਾਂ ਨਾਲ ਸੰਸਾਰ ਨੂੰ ਅਗਲੇ ਪੜਾਅ ਦੀ ਸੇਧ ਦਿੰਦੇ ਹਨ। ਕਿਉਂਕਿ ਉਹ ਸੁਆਰਥ ਤੋਂ ਉਪਰ ਹੁੰਦੇ ਹਨ, ਇਸ ਲਈ ਦੁਨਿਆਵੀ ਲੋਕਾਂ ਨੂੰ ਉਨ੍ਹਾਂ ਦੀਆਂ ਗੱਲਾਂ ਕਿਸੇ ਹੋਰ ਜਗਤ ਦੀਆਂ ਲਗਦੀਆਂ ਹਨ। ਉਹ ਅਜਿਹੇ ਵਿਅਕਤੀਆਂ ਦੇ ਵਿਚਾਰਾਂ ਨੂੰ ਸਮਝਣ ਦੀ ਥਾਂ ਉਨ੍ਹਾਂ ਨੂੰ ਕਰਾਮਾਤੀ ਪੁਰਸ਼ ਮੰਨਦੇ ਹਨ ਤੇ ਉਨ੍ਹਾਂ ਅੱਗੇ ਸਿਰ ਝੁਕਾਉਂਦੇ ਹਨ।

ਜਿਵੇਂ ਇਕ ਸਵਾਣੀ ਆਪਣੀ ਰਸੋਈ ਵਿਚ ਕੰਮ ਕਰਦੀ ਹੈ। ਉਸ ਨੂੰ ਰਸੋਈ ਦੇ ਰਾਸ਼ਣ ਭੰਡਾਰ ਦਾ ਪੂਰਾ ਗਿਆਨ ਹੁੰਦਾ ਹੈ। ਉਹ ਜਾਣਦੀ ਹੈ ਕਿ ਕਿਹੜੀ ਚੀਜ਼ ਖਤਮ ਹੋਈ ਹੈ ਤੇ ਕਿਹੜੀ ਨਹੀਂ। ਉਸ ਨੂੰ ਪਤਾ ਹੈ ਕਿ ਸਭ ਚੀਜ਼ਾਂ ਪੈਸਿਆਂ ਦੇ ਮੁੱਲ ਆਉਂਦੀਆਂ ਹਨ ਅਤੇ ਦੁਕਾਨ ਤੋਂ ਮਿਲਦੀਆਂ ਹਨ। ਜੇ ਕਿਸੇ ਜਰੂਰੀ ਵਸਤ ਦੀ ਥੁੜ੍ਹ ਹੋ ਜਾਵੇ ਜਾਂ ਉਸ ਦਾ ਮੁੱਲ ਵਧ ਜਾਵੇ ਤਾਂ ਉਹ ਦੁਕਾਨਦਾਰਾਂ ਨੂੰ ਦੋਸ਼ ਦਿੰਦੀ ਹੈ। ਉਸ ਨੂੰ ਨਹੀਂ ਪਤਾ ਕਿ ਉਸ ਦੇ ਵਰਤਣ ਵਾਲੀਆਂ ਵਸਤਾਂ ਕਿਥੋਂ ਆਉਂਦੀਆਂ ਹਨ। ਇਹੀ ਸਥਿਤੀ ਕਿਸਾਨਾਂ, ਮਜ਼ਦੂਰਾਂ, ਦਫਤਰੀ ਕਰਮਚਾਰੀਆਂ ਤੇ ਹੋਰ ਦੂਜੇ ਕੰਮ ਕਰਨ ਵਾਲਿਆਂ ਦੀ ਹੈ। ਉਹ ਨਾ ਆਪਣੇ ਕੰਮ ਤੋਂ ਅੱਗੇ ਸੋਚਦੇ ਹਨ ਤੇ ਨਾ ਉਨ੍ਹਾਂ ਕੋਲ ਅਜਿਹਾ ਕਰਨ ਦੀ ਵਿਹਲ ਹੁੰਦੀ ਹੈ। ਬਾਰੀਕ-ਪੱਧਰ (Micro-level) ਦੀਆਂ ਗਿਣਤੀਆਂ-ਮਿਣਤੀਆਂ ਵਿਚ ਉਲਝੇ ਰਹਿਣਾ ਹੀ ਉਨ੍ਹਾਂ ਦਾ ਸੰਸਾਰ ਹੈ।

ਇਹ ਲੋਕ ਡੂੰਘੀ ਦਾਰਸ਼ਨਿਕ ਸੋਚ ਤੋਂ ਦੂਰ ਹੁੰਦੇ ਹਨ। ਇਸ ਲਈ ਕੁਝ ਅਪਵਾਦਾਂ ਨੂੰ ਛੱਡ ਕੇ ਅਜਿਹੇ ਲੋਕ ਗੁਰੂ ਸਾਹਿਬ ਦੀ ਸੋਚ ਤੋਂ ਵੀ ਦੂਰ ਹਨ। ਦੂਰ ਹੀ ਨਹੀਂ, ਸਗੋਂ ਕਈ ਵਾਰੀ ਉਹ ਉਨ੍ਹਾਂ ਦੀ ਸੋਚ ਤੋਂ ਉਲਟ ਪਾਸੇ ਵਿਖਾਈ ਦਿੰਦੇ ਹਨ। ਚਾਹੇ ਉਹ ਗੁਰੂ ਸਾਹਿਬ ਦੀ ਗੱਲ ਦਾ ਦਮ ਵੀ ਭਰਨ ਤਾਂ ਵੀ ਉਹ ਉਨ੍ਹਾਂ ਦੀ ਅਵਸਥਾ ਦਾ ਜਾਇਜ਼ਾ ਨਹੀਂ ਲਾ ਸਕਦੇ। ਜਦੋਂ ਬਚਪਨ ਤੇ ਗਭਰੈਲ ਅਵਸਥਾ ਵਿਚ ਗੁਰੂ ਸਾਹਿਬ ਆਪਣੇ ਅੰਦਰ ਆਪਣੀ ਵਿਚਾਰਧਾਰਾ ਨੂੰ ਸਿਰਜਣ ਦੀ ਖਾਮੋਸ਼ ਜੱਦੋ-ਜਹਿਦ ਕਰ ਰਹੇ ਸਨ ਤਾਂ ਇਹੀ ਲੋਕ ਉਨ੍ਹਾਂ ਨੂੰ ਵਿਹਲੜ, ਨਿਖੱਟੂ ਤੇ ਬਾਵਲਾ ਕਹਿ ਕੇ ਤ੍ਰਿਸਕਾਰਦੇ ਸਨ। ਜਦੋਂ ਗੁਰੂ ਸਾਹਿਬ ਕਿਸੇ ਕੰਮ ਨੂੰ ਵੱਖਰੇ ਤੇ ਬੇਧਿਆਨੇ ਅੰਦਾਜ਼ ਵਿਚ ਕਰਦੇ ਤਾਂ ਇਹੀ ਲੋਕ ਉਨ੍ਹਾਂ ਦੀ ਆਲੋਚਨਾ ਕਰਦੇ। ਕਿਹੜਾ ਐਸਾ ਨੇੜਲਾ ਇਨਸਾਨ ਹੋਵੇਗਾ, ਜਿਸ ਨੇ ਉਨ੍ਹਾਂ 'ਤੇ ਹੱਥ ਨਾ ਚੁੱਕਿਆ ਹੋਵੇ ਤੇ ਸ਼ਿਕਾਇਤਾਂ ਨਾ ਕੀਤੀਆਂ ਹੋਣ? ਇਨ੍ਹਾਂ ਹੀ ਬੇਧਿਆਨੀਆਂ ਨੂੰ ਇਹ ਲੋਕ ਬਾਅਦ ਵਿਚ ਉਨ੍ਹਾਂ ਦੀਆਂ ਵਡਿਆਈਆਂ ਤੇ ਕਰਾਮਾਤਾਂ ਕਹਿ ਕੇ ਸਰਾਹੁਣ ਲੱਗੇ। ਆਮ ਲੋਕਾਂ ਦੀ ਦੁਨਿਆਵੀ ਪਹੁੰਚ ਅਨੁਸਾਰ ਨਾਨਕ ਜਾਂ ਨਿਖੱਟੂ ਸੀ ਜਾਂ ਪੀਰ। ਇਸ ਲਈ ਨਾ ਲੋਕਾਂ ਨੇ ਗੁਰੂ ਸਾਹਿਬ ਨੂੰ ਪਹਿਲਾਂ ਸਮਝਿਆ, ਨਾ ਬਾਅਦ ਵਿਚ। ਗੁਰੂ ਸਾਹਿਬ ਨੂੰ ਵੀ ਸ਼ਾਇਦ ਉਨ੍ਹਾਂ ਦੀ ਸਮਝ-ਸਤਹਿ ਦਾ ਪਤਾ ਸੀ। ਇਸੇ ਲਈ ਉਨ੍ਹਾਂ ਨੇ ਅਜਿਹੇ ਲੋਕਾਂ ਨੂੰ "ਘਾਲ ਖਾਇ ਕਿਛੁ ਹਥਹੁ ਦੇਹਿ ਨਾਨਕ ਰਾਹੁ ਪਛਾਣਹਿ ਸੇਇ" ਦਾ ਇਕ ਅਤਿ ਸਾਧਾਰਣ ਤੇ ਸੰਖੇਪ ਗੁਰ ਦੱਸ ਕੇ ਆਪਣੀ ਸੋਚ ਦਾ ਲਾਭ ਦਿੱਤਾ। ਜਰੂਰੀ ਨਹੀਂ ਕਿ ਅੱਜ ਵੀ ਸਭ ਲੋਕ ਉਨ੍ਹਾਂ ਦੇ ਵਿਚਾਰਾਂ ਦੀਆਂ ਸਿਖਰਲੀਆਂ ਉਚਾਈਆਂ 'ਤੇ ਚੜ੍ਹਨ ਦੀ ਸਮਰੱਥਾ ਰੱਖਦੇ ਹੋਣ, ਪਰ ਇਸ ਗੁਰ ਦੀ ਪਾਲਣਾ ਨਾਲ ਉਹ ਵੀ ਆਪਣੇ ਪੱਧਰ ਇਸ ਸਿੱਖੀ ਸਿਧਾਂਤ ਦਾ ਲਾਹਾ ਲੈ ਸਕਦੇ ਹਨ।

ਗੁਰੂ ਸਾਹਿਬ ਕਿਸੇ ਇਕ ਕਾਰੋਬਾਰੀ ਇਨਸਾਨ, ਕਿਸਾਨ ਜਾਂ ਦੁਕਾਨਦਾਰ ਦੀ ਗੱਲ ਨਹੀਂ ਸਨ ਕਰਦੇ। ਉਹ ਸਾਰੇ ਜਗਤ ਦੀ ਗੱਲ ਕਰਦੇ ਸਨ। ਸਮੁੱਚਾ ਬ੍ਰਹਿਮੰਡ ਉਨ੍ਹਾਂ ਦਾ ਖੇਤ ਸੀ, ਸਮੁੱਚੀ ਕੁਦਰਤ ਉਨ੍ਹਾਂ ਦਾ ਉਦਯੋਗ ਸੀ ਤੇ ਸਾਰੇ ਜੀਅ ਜੰਤ ਇਸ ਦੇ ਉਪਭੋਗਤਾ ਸਨ। ਉਹ ਸੰਸਾਰ ਪੱਧਰ ਤੇ ਸੋਚਦੇ ਸਨ, ਜਦੋਂ ਕਿ ਆਮ ਆਦਮੀ ਇਸ ਨੂੰ ਸੰਸਾਰਕ ਪੱਧਰ 'ਤੇ ਲਿਆ ਕੇ ਸਮਝਦਾ ਸੀ। ਇਸ ਲਈ ਜਦੋਂ ਆਮ ਆਦਮੀ ਉਨ੍ਹਾਂ ਦੇ ਵਿਚਾਰਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦਾ, ਉਹ ਉਨ੍ਹਾਂ ਦੇ ਮਿਆਰ ਤੀਕ ਨਾ ਪਹੁੰਚ ਸਕਦਾ। ਇਸ ਲਈ ਉਹ ਉਨ੍ਹਾਂ ਦੇ ਉਪਦੇਸ਼ਾਂ ਨੂੰ ਆਪਣੀ ਸੋਝੀ ਅਨੁਸਾਰ ਢਾਲ ਕੇ ਸਮਝਦਾ। ਗੁਰੂ ਸਾਹਿਬ ਸੱਚ ਦੀ ਗੱਲ ਕਰਦੇ, ਆਮ ਆਦਮੀ ਪਰਮਾਤਮਾ ਦੀ ਗੱਲ ਸਮਝਦਾ। ਉਹ ਨਿਯਮ ਦੀ ਗੱਲ ਕਰਦੇ, ਆਮ ਆਦਮੀ ਕਿਸੇ ਸਾਸ਼ਕੀ ਹੁਕਮ ਦੀ ਗੱਲ ਸਮਝਦਾ। ਉਹ ਧਿਆਉਣ ਅਰਥਾਤ ਧਿਆਨ ਦੇਣ ਦੀ ਗੱਲ ਕਰਦੇ, ਆਮ ਆਦਮੀ ਜਪਣ ਦੀ ਗੱਲ ਸਮਝਦਾ। ਉਹ ਕੁਦਰਤ ਨੂੰ ਕਰਤਾਰ ਕਹਿੰਦੇ ਅਤੇ ਕਰਤਾਰ ਨੂੰ "ਉਹ" ਕਹਿ ਕੇ ਸੰਬੋਧਨ ਕਰਦੇ, ਪਰ ਆਮ ਆਦਮੀ ਇਸ ਨੂੰ ਕਿਸੇ ਮਨੁੱਖ-ਰੂਪੀ ਰੱਬ ਲਈ ਵਰਤਿਆ ਸੰਬੋਧਨੀ ਸ਼ਬਦ ਸਮਝਦਾ। ਉਹ ਵਾਰ ਵਾਰ ਕਹਿੰਦੇ ਕਿ ਕੁਦਰਤ ਬੇਅੰਤ ਹੈ ਤੇ ਇਸ ਦੇ ਰਾਜ਼ ਕਿਸੇ ਨੂੰ ਨਹੀਂ ਪਤਾ, ਆਮ ਆਦਮੀ ਸਮਝਦਾ ਕਿ ਗੁਰੂ ਸਾਹਿਬ ਨੂੰ ਤਾਂ ਪਤਾ ਹਨ, ਪਰ ਹੋਰ ਕਿਸੇ ਨੂੰ ਨਹੀਂ ਪਤਾ। ਗੁਰੂ ਸਾਹਿਬ ਨੇ ਕਿਹਾ ਖੋਜੋ, ਆਮ ਆਦਮੀ ਨੇ ਸਮਝਿਆ ਮੰਨੋ। ਗੁਰੂ ਸਾਹਿਬ ਨੇ ਖੋਜ ਵਿਧੀ ਦੱਸੀ, ਪਰ ਆਮ ਆਦਮੀ ਨੇ ਉਸ ਨੂੰ ਮੁਕਤੀ ਦਾ ਰਾਹ ਸਮਝ ਲਿਆ। ਗੁਰੂ ਸਾਹਿਬ ਨੇ ਕੁਦਰਤ ਦੀ ਵਿਸ਼ਾਲਤਾ ਦਾ ਵਰਣਨ ਕਰ ਕੇ ਮਨੁੱਖੀ ਗਿਆਨ ਦੀ ਤੁੱਛਤਾ ਦਰਸਾਈ, ਪਰ ਆਮ ਆਦਮੀ ਨੇ ਇਸ ਨੂੰ ਉਨ੍ਹਾਂ ਦੀ ਅਦੁੱਤੀ ਜਾਣਕਾਰੀ ਤੇ ਪਰਮਾਤਮਾ ਨਾਲ ਨੇੜਤਾ ਸਮਝਿਆ। ਹੋਰ ਤਾਂ ਹੋਰ, ਗੁਰੂ ਸਾਹਿਬ ਨੇ ਆਪਣੇ ਵਲੋਂ ਗੂੜ੍ਹ-ਗਿਆਨ ਨੂੰ ਆਮ ਲੋਕਾਂ ਦੀ ਭਾਸ਼ਾ ਵਿਚ ਦੇਣ ਦੀ ਕੋਸ਼ਿਸ਼ ਕੀਤੀ, ਪਰ ਆਮ ਲੋਕਾਂ ਨੇ ਇਸ ਨੂੰ ਆਪਣੀ ਸਮਝ ਦੀ ਭਾਸ਼ਾ ਵਿਚ ਬਦਲ ਕੇ ਮਾਮੂਲ (Trivial) ਬਣਾ ਲਿਆ।

ਇਸ ਗੱਲ ਦੀ ਬੜੀ ਲੋੜ ਸੀ ਕਿ ਗੁਰੂ ਸਾਹਿਬ ਦੇ ਸੱਚੇ ਵਿਚਾਰਾਂ ਨੂੰ ਉਨ੍ਹਾਂ ਦੇ ਬਣਦੇ ਅਰਥਾਂ ਵਿਚ ਆਮ ਲੋਕਾਂ ਤੀਕ ਪਹੁੰਚਾਇਆ ਜਾਂਦਾ, ਪਰ ਇਸ ਤਰ੍ਹਾਂ ਨਾ ਹੋਇਆ। ਸਿੱਖੀ ਵਿਚਾਰਧਾਰਾ ਸਿੱਖ ਧਰਮ ਬਣ ਗਈ। ਧਰਮ ਬਣਨ ਨਾਲ ਇਸ ਵਿਚ ਕਰਮ-ਕਾਂਡ ਪ੍ਰਵੇਸ਼ ਕਰ ਗਏ ਤੇ ਇਨ੍ਹਾਂ ਨੂੰ ਨੇਪਰੇ ਚਾੜ੍ਹਨ ਲਈ ਸਿੱਖ ਵਿਦਵਾਨਾਂ, ਪੁਜਾਰੀਆਂ ਤੇ ਪ੍ਰਚਾਰਕਾਂ ਆਦਿ ਦੀ ਵਿਚੋਲੀਆ ਜਮਾਤ ਆ ਗਈ। ਇਸ ਜਮਾਤ ਵਿਚ ਆਪਣੀ ਹੋਂਦ ਤੇ ਹਿੱਤਾਂ ਨੂੰ ਪਹਿਲ ਦੇਣ ਦਾ ਰੁਝਾਨ ਪੈਦਾ ਹੋ ਗਿਆ। ਇਸ ਨੇ ਪਰੰਪਰਾਗਤ ਧਰਮਾਂ ਦੇ ਰੂੜੀਵਾਦ ਨੂੰ ਤਾਂ ਨਿਸ਼ਾਨਾ ਬਣਾਈ ਰੱਖਿਆ, ਪਰ ਆਪਣੇ ਧਰਮ ਵਿਚ ਆਈਆਂ ਕੁਰੀਤੀਆਂ ਨੂੰ ਗੁਰੂ ਸਾਹਿਬ ਦੀਆਂ ਆਲੋਚਨਾਤਮਕ ਟਿੱਪਣੀਆਂ ਤੋਂ ਬਾਹਰ ਰੱਖਿਆ। ਸਿੱਖੀ ਦੂਜੇ ਧਰਮਾਂ ਵਾਂਗ ਇਕ ਹੋਰ ਧਰਮ ਦਾ ਰੂਪ ਧਾਰਨ ਕਰ ਗਈ। ਅਜੋਕੇ ਵਿਦਵਾਨਾਂ, ਪੁਜਾਰੀਆਂ ਤੇ ਪ੍ਰਚਾਰਕਾਂ ਨੇ ਸਿੱਖੀ ਲਈ ਜੋ ਕ੍ਰਾਂਤੀਕਾਰੀ ਤੇ ਇਤਿਹਾਸਕ ਭੂਮਿਕਾ ਨਿਭਾਉਣੀ ਸੀ, ਉਹ ਨਹੀਂ ਨਿਭਾਈ। ਉਨ੍ਹਾਂ ਨੇ ਆਪਣੀ ਸਮਝ ਨੂੰ ਹੋਰ ਅੱਗੇ ਤਾਂ ਕੀ ਵਰਤਣਾ ਸੀ, ਜਿੰਨੀ ਅਕਲ ਗੁਰੂ ਸਾਹਿਬ ਨੇ ਵਰਤਣ ਲਈ ਕਿਹਾ ਸੀ, ਓਨੀ ਵੀ ਨਹੀਂ ਵਰਤੀ।

ਇਹ ਕੋਈ ਮਹਿਜ ਕਹਿਣ ਜਾਂ ਉਲਾਂਭਾ ਦੇਣ ਵਾਲੀ ਗੱਲ ਨਹੀਂ। ਉਨ੍ਹਾਂ ਦੀ ਸੌੜੀ ਤੇ ਭਗਤੀ ਭਾਵ ਵਾਲੀ ਸੋਚ ਦਾ ਰੰਗ ਉਨ੍ਹਾਂ ਦੇ ਟੀਕਿਆਂ ਤੋਂ ਦੇਖਿਆ ਜਾ ਸਕਦਾ ਹੈ। ਇਸ ਦੀ ਮਿਸਾਲ ਉਨ੍ਹਾਂ ਦੀ 26ਵੀਂ ਪਉੜੀ ਦੀ ਵਿਆਖਿਆ ਹੈ, ਜੋ ਪਉੜੀ ਦੀਆਂ ਤੁਕਾਂ ਸਮੇਤ ਹੇਠ ਦਿੱਤੀ ਗਈ ਹੈ,

ਅਮੁਲ ਗੁਣ ਅਮੁਲ ਵਾਪਾਰ॥
ਅਮੁਲ ਵਾਪਾਰੀਏ ਅਮੁਲ ਭੰਡਾਰ॥
ਅਮੁਲ ਆਵਹਿ ਅਮੁਲ ਲੈ ਜਾਹਿ॥
ਅਮੁਲ ਭਾਇ ਅਮੁਲਾ ਸਮਾਹਿ॥
ਅਮੁਲੁ ਧਰਮੁ ਅਮੁਲੁ ਦੀਬਾਣੁ॥
ਅਮੁਲੁ ਤੁਲੁ ਅਮੁਲੁ ਪਰਵਾਣੁ॥
ਅਮੁਲੁ ਬਖਸੀਸ ਅਮੁਲੁ ਨੀਸਾਣੁ॥
ਅਮੁਲੁ ਕਰਮੁ ਅਮੁਲੁ ਫੁਰਮਾਣੁ॥
ਅਮੁਲੋ ਅਮੁਲੁ ਆਖਿਆ ਨ ਜਾਇ॥
ਆਖਿ ਆਖਿ ਰਹੇ ਲਿਵ ਲਾਇ॥
ਆਖਹਿ ਵੇਦ ਪਾਠ ਪੁਰਾਣ॥
ਆਖਹਿ ਪੜੇ ਕਰਹਿ ਵਖਿਆਣ॥
ਆਖਹਿ ਬਰਮੇ ਆਖਹਿ ਇੰਦ॥
ਆਖਹਿ ਗੋਪੀ ਤੈ ਗੋਵਿੰਦ॥
ਆਖਹਿ ਈਸਰ ਆਖਹਿ ਸਿਧ॥
ਆਖਹਿ ਕੇਤੇ ਕੀਤੇ ਬੁਧ॥
ਆਖਹਿ ਦਾਨਵ ਆਖਹਿ ਦੇਵ॥
ਆਖਹਿ ਸੁਰਿ ਨਰ ਮੁਨਿ ਜਨ ਸੇਵ॥
ਕੇਤੇ ਆਖਹਿ ਆਖਣਿ ਪਾਹਿ॥
ਕੇਤੇ ਕਹਿ ਕਹਿ ਉਠਿ ਉਠਿ ਜਾਹਿ॥
ਏਤੇ ਕੀਤੇ ਹੋਰਿ ਕਰੇਹਿ॥
ਤਾ ਆਖਿ ਨ ਸਕਹਿ ਕੇਈ ਕੇਇ॥
ਜੇਵਡੁ ਭਾਵੈ ਤੇਵਡੁ ਹੋਇ॥
ਨਾਨਕ ਜਾਣੈ ਸਾਚਾ ਸੋਇ॥
ਜੇ ਕੋ ਆਖੈ ਬੋਲੁਵਿਗਾੜੁ॥
ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ॥੨੬॥

ਇਸ ਪਉੜੀ ਦੀ ਵਿਆਖਿਆ ਕਰਦਿਆਂ ਉੱਘੇ ਸਿੱਖ ਵਿਦਵਾਨ ਪ੍ਰੋ. ਸਾਹਿਬ ਸਿੰਘ ਲਿਖਦੇ ਹਨ ਕਿ ਅਕਾਲ ਪੁਰਖ ਦੇ ਗੁਣ ਅਮੋਲਕ ਹਨ, ਭਾਵ ਰੱਬ ਦੇ ਗੁਣਾਂ ਦਾ ਮੁੱਲ ਨਹੀਂ ਪੈ ਸਕਦਾ। ਇਨ੍ਹਾਂ ਗੁਣਾਂ ਦਾ ਵਪਾਰ ਕਰਨਾ ਅਮੋਲਕ ਹੈ। ਜੋ ਇਸ ਸੰਸਾਰ ਵਿਚ ਅਕਾਲ ਪੁਰਖ ਦੇ ਗੁਣਾਂ ਦਾ ਵਪਾਰ ਕਰਨ ਆਉਂਦੇ ਹਨ, ਉਹ ਸਭ ਅਮੋਲਕ ਹਨ। ਜੋ ਉਸ ਦਾ ਸੌਦਾ ਖਰੀਦ ਕੇ ਲੈ ਜਾਂਦੇ ਹਨ ਅਤੇ ਜੋ ਉਸ ਦੇ ਪ੍ਰੇਮ ਵਿਚ ਲੀਨ ਰਹਿੰਦੇ ਹਨ, ਉਹ ਵੀ ਅਮੋਲਕ ਹਨ। ਅਕਾਲ ਪੁਰਖ ਦੇ ਕਾਨੂੰਨ ਤੇ ਰਾਜ ਪ੍ਰਬੰਧ ਅਮੋਲਕ ਹਨ। ਉਸ ਦੇ ਤੱਖੜੀਆਂ ਤੇ ਵੱਟੇ, ਜਿਨ੍ਹਾਂ ਨਾਲ ਉਹ ਜੀਵਾਂ ਦੇ ਚੰਗੇ ਮੰਦੇ ਕੰਮਾਂ ਨੂੰ ਤੋਲਦਾ ਹੈ, ਵੀ ਅਮੋਲਕ ਹਨ। ਅਕਾਲ ਪੁਰਖ ਦੀ ਬਖਸ਼ਿਸ਼ ਦੇ ਨਿਸ਼ਾਨ ਵੀ ਅਮੋਲਕ ਹਨ। ਉਹ ਅੰਦਾਜ਼ਿਆਂ ਤੋਂ ਪਰ੍ਹੇ ਹੈ ਤੇ ਉਸ ਦਾ ਅੰਦਾਜ਼ਾ ਲਾਉਣ ਵਾਲੇ ਰਹਿ ਜਾਂਦੇ ਹਨ।

ਉਹ ਅੱਗੇ ਲਿਖਦੇ ਹਨ ਕਿ ਵੇਦਾਂ ਦੇ ਮੰਤਰ ਤੇ ਵਿਦਵਾਨ ਪੁਰਸ਼ ਅਕਾਲ ਪੁਰਖ ਦਾ ਅੰਦਾਜ਼ਾ ਲਾਉਂਦੇ ਹਨ। ਉਨ੍ਹਾਂ ਤੋਂ ਬਿਨਾ ਬ੍ਰਹਮਾ, ਇੰਦਰ, ਸ਼ਿਵ ਜਿਹੇ ਕਈ ਦੇਵਤੇ ਤੇ ਕ੍ਰਿਸ਼ਨ, ਗੋਪੀਆਂ, ਸਿੱਧ, ਬੁੱਧ, ਮੁਨੀ, ਸੇਵਕ ਤੇ ਰਾਖਸ਼ ਵੀ ਉਸ ਦਾ ਅੰਦਾਜ਼ਾ ਲਾਉਣ ਦਾ ਯਤਨ ਕਰ ਗਏ। ਕਈ ਅੰਦਾਜ਼ੇ ਲਾ ਰਹੇ ਹਨ ਤੇ ਕਈ ਐਵੇਂ ਈ ਉਠ ਕੇ ਚਲੇ ਜਾਂਦੇ ਹਨ। ਜੇ ਅਕਾਲ ਪੁਰਖ ਇੰਨੇ ਹੋਰ ਵਿਦਵਾਨ ਵੀ ਪੈਦਾ ਕਰ ਦੇਵੇ ਤਾਂ ਵੀ ਉਹ ਉਸ ਦਾ ਅਨੁਮਾਨ ਨਾ ਲਾ ਸਕਣ, ਕਿਉਂਕਿ ਉਹ ਜਿੰਨਾ ਚਾਹੁੰਦਾ ਹੈ, ਉੱਡਾ ਵੱਡਾ ਹੋ ਜਾਂਦਾ ਹੈ। ਅਕਾਲ ਪੁਰਖ ਨੂੰ ਸਿਰਫ ਅਕਾਲ ਪੁਰਖ ਹੀ ਜਾਣ ਸਕਦਾ ਹੈ, ਉਹ ਸਦਾ ਸਥਿਰ ਰਹਿਣ ਵਾਲਾ ਹਰੀ ਆਪ ਹੀ ਜਾਣਦਾ ਹੈ ਕਿ ਉਹ ਕਿੰਨਾ ਕੁ ਵੱਡਾ ਹੈ। ਜੇ ਕੋਈ ਬੜਬੋਲਾ ਮਨੁੱਖ ਦੱਸਣ ਦੀ ਕੋਸ਼ਿਸ਼ ਕਰੇ ਕਿ ਉਹ ਕਿੰਨਾ ਕੁ ਵੱਡਾ ਹੈ ਤਾਂ ਉਹ ਮਨੁੱਖ ਮੂਰਖਾਂ-ਸਿਰ-ਮੂਰਖ ਗਿਣਿਆ ਜਾਵੇਗਾ।

ਆਪਣੀ ਆਦਤ ਮੁਤਾਬਿਕ ਇਹ ਵਿਦਵਾਨ ਅਕਾਲ ਪੁਰਖ, ਪ੍ਰਭੂ, ਪਰਮਾਤਮਾ ਆਦਿ ਸ਼ਬਦ ਤਾਂ ਜਿੱਥੇ ਨਾ ਵੀ ਲਿਖੇ ਹੋਣ, ਉਥੇ ਵੀ ਆਪਣੇ ਕੋਲੋਂ ਲਿਖ ਲੈਂਦਾ ਹੈ; ਪਰ ਇਸ ਪਉੜੀ ਵਿਚ ਤਾਂ ਉਸ ਨੇ ਕੁਦਰਤ ਦੇ ਬੇਲਾਗਤ ਭਾਵ ਮੁਫਤ ਜਾਂ ਅਮੁੱਲ ਆਰਥਕ ਨਿਜ਼ਾਮ ਨੂੰ ਅਕਾਲ ਪੁਰਖ ਦੇ ਗੁਣ ਦੱਸ ਕੇ ਬਹੁਤਾ ਹੀ ਭਗਤੀ ਭਾਵ ਪੈਦਾ ਕੀਤਾ ਹੈ। ਇਸ ਮੰਤਵ ਲਈ ਉਸ ਨੇ ਹਿੰਦੂ ਦੇਵੀ-ਦੇਵਤਿਆਂ ਤੇ ਮਿਥਿਹਾਸਕ ਪਾਤਰਾਂ ਨੂੰ ਇਕ ਵਾਰ ਫਿਰ ਸਜੀਵ ਜਾਮਾ ਪਹਿਨਾ ਕੇ ਗੁਰਬਾਣੀ ਵਿਚ ਪੱਕੀ ਮਾਨਤਾ ਦਿੱਤੀ ਹੈ। ਇਸ ਕਾਰਜ ਵਿਚ ਇਹ ਇੱਕਲਾ ਨਹੀਂ, ਸਗੋਂ ਦੂਜੇ ਸਭ ਵਿਆਖਿਆਕਾਰ ਵੀ ਉਨੀ-ਇੱਕੀ ਦੇ ਫਰਕ ਨਾਲ ਇਸ ਦੇ ਨਾਲ ਹਨ।

ਛੱਬੀ ਤੁਕਾਂ ਵਾਲੀ ਇਹ ਕਾਵਿ-ਕ੍ਰਿਤੀ ਜਪੁਜੀ ਦੀ ਸਭ ਤੋਂ ਲੰਮੀ ਪਉੜੀ ਹੈ। ਵਿਸ਼ੇ ਵਸਤੂ ਪੱਖੋਂ ਇਹ ਪਿਛਲੀ ਪਉੜੀ ਨਾਲ ਜੁੜੀ ਹੋਈ ਹੈ, ਜਿਸ ਵਿਚ ਗੁਰੂ ਸਾਹਿਬ ਨੇ ਫੁਰਮਾਇਆ ਸੀ ਕਿ ਦੁਨਿਆਵੀ ਦਾਤਾਂ ਦੇ ਸਿਲਸਿਲੇ ਵਿਚ ਕੁਦਰਤ ਨਿਰਵੈਰ ਤੇ ਉਦਾਸੀਨ ਹੈ। ਉਹ ਕਿਸੇ ਨਾਲ ਨਾ ਭੇਦ ਭਾਵ ਵਰਤਦੀ ਹੈ ਤੇ ਨਾ ਹੀ ਦਖਲਅੰਦਾਜ਼ੀ ਕਰਦੀ ਹੈ। ਉਸ ਦੇ ਖੁੱਲ੍ਹੇ ਭੰਡਾਰਾਂ ਨੂੰ ਕੋਈ ਜਿੰਨਾ ਜੀ ਚਾਹੇ ਵਰਤੇ ਤੇ ਜਿਵੇਂ ਚਾਹੇ ਵਰਤੇ, ਉਹ ਨਹੀਂ ਵਰਜਦੀ; ਪਰ ਇਸ ਦੀ ਵਿਤਰਣ ਪ੍ਰਣਾਲੀ ਦੀਆਂ ਸਭ ਗਤੀਵਿਧੀਆਂ ਨਿਯਮਾਂ ਅਨੁਸਾਰ ਵਰਤਦੀਆਂ ਹਨ। ਇਸ ਲਈ ਕੁਦਰਤ ਦੇ ਕਰਮ ਜਾਂ ਮਿਹਰਬਾਨੀ ਦੇ ਘੇਰੇ ਵਿਚ ਕੁਝ ਨਹੀਂ ਰਹਿੰਦਾ। ਉਸ ਕੋਲ ਦਾਤਾਂ ਦੇ ਵੱਡੇ ਭੰਡਾਰ ਹਨ, ਪਰ ਉਹ ਜੀਵਾਂ ਦੇ ਖਾਣ ਵਰਤਣ ਦੀ ਕੋਈ ਵਸਤ ਉਨ੍ਹਾਂ ਕੋਲ ਨਹੀਂ ਪਹੁੰਚਾਉਂਦੀ। ਸਵੇਰੇ ਉਠੋ ਤਾਂ ਦੁੱਧ ਵਾਲੀ ਬਾਲਟੀ ਖਾਲੀ ਪਾਈਦੀ ਹੈ। ਮੱਝ ਚੋਵੋ ਤਾਂ ਇਹ ਭਰਦੀ ਹੈ, ਨਹੀਂ ਤਾਂ ਨਹੀਂ। ਕਰਮ ਤਾਂ ਉਦੋਂ ਹੋਵੇ ਜੇ ਉਹ ਹਰ ਰੋਜ ਇਸ ਨੂੰ ਆਪ ਭਰ ਜਾਵੇ। ਉਸ ਦੇ ਅਮੁਕ ਭੰਡਾਰ ਹਨ, ਪਰ ਹਨ ਤਾਲੇ ਦੇ ਅੰਦਰ। ਮਿਹਨਤ ਲਾ ਕੇ ਮੁੱਲ ਤਾਰੋ, ਭਾਵ ਕਰਮ (ਕੰਮ) ਕਰੋ, ਤਾਂ ਪ੍ਰਾਪਤ ਹੁੰਦੇ ਹਨ, ਨਹੀਂ ਤਾਂ ਸਿਰ ਪਟਕਿਆਂ ਵੀ ਨਹੀਂ ਮਿਲਦੇ। ਕਰਮ ਜੀਵ ਕਰਦਾ ਹੈ, ਕੁਦਰਤ ਬਰਾਬਰ ਤੋਲਦੀ ਹੈ। ਇਸ ਲਈ ਕੁਦਰਤ ਦੇ ਕਰਮ ਬਾਰੇ ਕੋਈ ਕੀ ਲਿਖੇ, ਭਾਵ ਉਸ ਦਾ ਕੋਈ ਅਹਿਸਾਨ ਹੋਵੇ ਤਾਂ ਲਿਖਿਆ ਜਾਵੇ! ਇਸ ਪਉੜੀ ਵਿਚ ਉਹ ਕੁਦਰਤ ਦੀ ਬ੍ਰਹਿਮੰਡੀ ਆਰਥਕਤਾ ਨੂੰ ਹੋਰ ਨੇੜਿਓਂ ਵਰਣਨ ਕਰਦੇ ਹਨ।

> ***ਇਸ ਗੱਲ ਦੀ ਬੜੀ ਲੋੜ ਸੀ ਕਿ ਗੁਰੂ ਸਾਹਿਬ ਦੇ ਸੱਚੇ ਵਿਚਾਰਾਂ ਨੂੰ ਉਨ੍ਹਾਂ ਦੇ ਬਣਦੇ ਅਰਥਾਂ ਵਿਚ ਆਮ ਲੋਕਾਂ ਤੀਕ ਪਹੁੰਚਾਇਆ ਜਾਂਦਾ, ਪਰ ਇਸ ਤਰ੍ਹਾਂ ਨਾ ਹੋਇਆ। ਸਿੱਖੀ ਵਿਚਾਰਧਾਰਾ ਸਿੱਖ ਧਰਮ ਬਣ ਗਈ। ਧਰਮ ਬਣਨ ਨਾਲ ਇਸ ਵਿਚ ਕਰਮ-ਕਾਂਡ ਪ੍ਰਵੇਸ਼ ਕਰ ਗਏ ਤੇ ਇਨ੍ਹਾਂ ਨੂੰ ਨੇਪਰੇ ਚਾੜ੍ਹਨ ਲਈ ਸਿੱਖ ਵਿਦਵਾਨਾਂ, ਪੁਜਾਰੀਆਂ ਤੇ ਪ੍ਰਚਾਰਕਾਂ ਆਦਿ ਦੀ ਵਿਚੋਲੀਆ ਜਮਾਤ ਆ ਗਈ। ਇਸ ਜਮਾਤ ਵਿਚ ਆਪਣੀ ਹੋਂਦ ਤੇ ਹਿੱਤਾਂ ਨੂੰ ਪਹਿਲ ਦੇਣ ਦਾ ਰੁਝਾਨ ਪੈਦਾ ਹੋ ਗਿਆ।***

ਆਪਣੇ ਵਰਣਨ ਵਿਚ ਗੁਰੂ ਸਾਹਿਬ ਨੇ 'ਅਮੁਲ' ਦਾ ਸੰਕਲਪ ਵਰਤਿਆ ਹੈ। ਅਮੁਲ ਦਾ ਅਰਥ ਅਨਮੋਲ ਨਹੀਂ, ਸਗੋਂ ਬਿਨਾ ਮੁੱਲ ਭਾਵ ਬਿਨਾ ਲਾਗਤ ਤੋਂ ਅਰਥਾਤ ਬਿਨਾ ਕੁਝ ਖਰਚ ਕੀਤਿਆਂ ਪ੍ਰਾਪਤ ਹੋਣ ਵਾਲੀ ਵਸਤ ਹੈ। ਇਕ ਦੁਰਲੱਭ ਹੀਰਾ ਅਨਮੋਲ ਹੈ, ਪਰ ਹਰ ਥਾਂ ਮਿਲਣ ਵਾਲੀ ਹਵਾ ਅਮੁਲ ਹੈ। ਕੁਦਰਤ ਦੀਆਂ ਦਾਤਾਂ ਦੇ ਅਥਾਹ ਭੰਡਾਰ ਹਨ, ਜੋ ਇਸ ਦੀ ਸਥਾਪਨਾ ਸਮੇਂ ਤੋਂ ਹੀ ਅਮੁਲ ਹਨ, ਭਾਵ ਸਾਰਿਆਂ ਦੇ ਵਰਤਣ ਲਈ ਖੁੱਲ੍ਹੇ ਹਨ। ਇਹ ਉਦੋਂ ਵੀ ਇਵੇਂ ਹੀ ਪਏ ਸਨ, ਜਦੋਂ ਇਨ੍ਹਾਂ ਨੂੰ ਵਰਤਣ ਵਾਲਾ ਕੋਈ ਜੀਵ-ਜੰਤੂ ਪੈਦਾ ਨਹੀਂ ਸੀ ਹੋਇਆ ਤੇ ਹੁਣ ਵੀ ਉਵੇਂ ਹਨ, ਜਦੋਂ ਸਭ ਇਨ੍ਹਾਂ ਨੂੰ ਬੇਪ੍ਰਵਾਹ ਹੋ ਕੇ ਵਰਤ ਰਹੇ ਹਨ।

ਗੁਰੂ ਸਾਹਿਬ ਅਨੁਸਾਰ ਕੁਦਰਤ ਦੀ ਆਰਥਕਤਾ (Economy) ਇਕ ਸੱਚੇ ਤੌਰ 'ਤੇ ਅਮੁਲ ਭਾਵ ਮੁਫਤ ਆਰਥਕਤਾ ਹੈ। ਇਸ ਵਿਚ ਨਾ ਕੋਈ ਉਤਪਾਦਕ ਹੈ, ਨਾ ਦੁਕਾਨਦਾਰ ਤੇ ਨਾ ਕਿਰਾਇਆ ਭਾੜਾ। ਇਸ ਦੀ ਮੰਡੀ ਚਾਰੇ ਪਾਸੇ ਪਸਰੀ ਪਈ ਹੈ। ਇਸ ਮੰਡੀ ਵਿਚ ਨਾ ਕੋਈ ਤੱਕੜੀ ਹੈ ਤੇ ਨਾ ਵੱਟਾ। ਨਾ ਰੁਪਿਆ ਪੈਸਾ ਹੈ, ਨਾ ਮੁਲ-ਭਾਅ। ਨਾ ਕੋਈ ਢੋਅ ਢੁਆਈ ਦਾ ਕੰਮ ਹੈ, ਨਾ ਵਾਹਨ। ਹੋਰ ਤਾਂ ਹੋਰ, ਇਸ ਵਿਚ ਕੋਈ ਬੋਰੀਆਂ, ਪੱਲੀਆਂ, ਰੱਸੀਆਂ, ਬਾਲਟੀਆਂ, ਗਾਗਰਾਂ ਤੇ ਹੋਰ ਬਾਰਦਾਨੇ ਦੀਆਂ ਵਸਤਾਂ ਵੀ ਨਹੀਂ, ਜਿਨ੍ਹਾਂ ਵਿਚ ਭਰ ਜਾਂ ਬੰਨ੍ਹ ਕੇ ਪਦਾਰਥਾਂ ਦੀ ਢੋਆ-ਢੁਆਈ ਹੋ ਸਕੇ। ਸਾਰਾ ਵਿਤਰਣ ਬੂਹੇ ਤੇ ਹੀ ਨਹੀਂ ਸਗੋਂ ਨੱਕ, ਹੱਥ, ਮੂੰਹ ਥਾਣੀ ਜੀਵਾਂ ਕੋਲ ਸਿੱਧਾ ਹੋ ਜਾਂਦਾ ਹੈ। ਇਸ ਦਾ ਬੇਲਾਗਤ ਬੰਦੋਬਸਤ, ਬੇਲਾਗਤ ਨਿਪਟਾਰੇ, ਬੇਲਾਗਤ ਵਣਜ-ਨਿਸ਼ਾਨ (Trade Mark) ਤੇ ਬੇਲਾਗਤ ਪ੍ਰਸ਼ਾਸਨੀ ਨਿਯਮ ਹਨ। ਇਸ ਵਿਚ ਇੰਨਾ ਕੁਝ ਮੁਫਤ ਹੈ ਕਿ ਵਰਣਨ ਨਹੀਂ ਕੀਤਾ ਜਾ ਸਕਦਾ। ਇਸ ਬੇਲਾਗਤ ਆਰਥਕਤਾ ਦੇ ਵਿਸਥਾਰ ਦੇ ਅੰਦਾਜ਼ੇ ਬਹੁਤ ਲੋਕ ਲਾ ਚੁਕੇ ਹਨ। ਇਨ੍ਹਾਂ ਵਿਚ ਪੜ੍ਹੇ-ਲਿਖੇ ਵੇਦਾਂ ਦਾ ਪਾਠ ਕਰਨ ਵਾਲੇ ਵੇਦਾਚਾਰੀਏ ਵੀ ਸ਼ਾਮਲ ਹਨ। ਇਨ੍ਹਾਂ ਗ੍ਰੰਥਾਂ ਵਿਚ ਵੱਖ ਵੱਖ ਦੇਵੀ-ਦੇਵਤਿਆਂ ਜਿਵੇਂ ਬ੍ਰਹਮਾ, ਸ਼ਿਵ, ਇੰਦਰ ਅਤੇ ਕ੍ਰਿਸ਼ਨ, ਗੋਪੀ, ਸਿੱਧ-ਪੁਰਖਾਂ, ਰਿਸ਼ੀਆਂ ਮੁਨੀਆਂ ਤੇ ਮਹਾਤਮਾ ਬੁੱਧ ਅਤੇ ਕਈ ਹੋਰ ਅਵਤਾਰਾਂ ਦੇ ਹਵਾਲਿਆਂ ਨਾਲ ਅਨੁਮਾਨ ਲਾਏ ਗਏ ਹਨ। ਕਈਆਂ ਨੇ ਕੁਝ ਕਿਹਾ ਹੈ ਤੇ ਕਈ ਬਿਨਾ ਕਹੇ ਹੀ ਚਲੇ ਗਏ ਹਨ। ਜੇ ਇੰਨੇ ਕਹਿਣ ਵਾਲੇ ਹੋਰ ਵੀ ਆ ਜਾਣ, ਉਹ ਵੀ ਇਸ ਆਰਥਕਤਾ ਦਾ ਅੰਦਾਜ਼ਾ ਨਾ ਲਾ ਸਕਣ। ਇਸ ਆਰਥਕ ਪ੍ਰਬੰਧ ਦਾ ਜਿੰਨਾ ਵੱਡਾ ਅੰਦਾਜ਼ਾ ਲਾਇਆ ਜਾਂਦਾ ਹੈ, ਇਹ ਉਨਾ ਹੀ ਵੱਡਾ ਹੋ ਜਾਂਦਾ ਹੈ। ਜੋ ਕੋਈ ਇਸ ਗੱਲ ਨੂੰ ਸਮਝਦਾ ਹੋਵੇ, ਨਾਨਕ ਤਾਂ ਉਸੇ ਨੂੰ ਸੱਚਾ ਜਾਣੇ, ਪਰ ਜੇ ਕੋਈ ਉਪਰੋਕਤ ਸੱਚਾਈ ਦੇ ਬੋਲਾਂ ਨੂੰ ਤੋੜ-ਮੋੜ ਕੇ ਪੇਸ਼ ਕਰੇ ਤਾਂ ਉਸ ਨੂੰ ਮੂਰਖਾਂ ਦੇ ਮੂਰਖਾਂ ਦਾ ਸਰਦਾਰ ਜਾਣਿਆ ਜਾਵੇ।

ਗੁਰੂ ਸਾਹਿਬ ਦੀ ਲਿਖਤ ਨੂੰ ਸੱਚੀ ਸਾਬਤ ਕਰਨ ਲਈ ਕਿਸੇ ਪ੍ਰਮਾਣ ਦੀ ਲੋੜ ਨਹੀਂ। ਕੁਦਰਤ ਦੇ ਭੰਡਾਰ ਇੰਨੇ ਵਿਸ਼ਾਲ ਤੇ ਬੇਲਾਗਤ ਹਨ ਕਿ ਇਨ੍ਹਾਂ ਦਾ ਅੰਦਾਜ਼ਾ ਲਾਉਣਾ ਮੁਸ਼ਕਿਲ ਹੈ। ਇਸ ਧਰਤੀ ਦੇ ਹੀ ਭੰਡਾਰ ਲਈਏ, ਇਨ੍ਹਾਂ ਵਿਚ ਇਸ ਦੁਆਲੇ ਉਸਰਿਆ 200 ਮੀਲ ਉਚਾ ਹਵਾ ਮੰਡਲ ਹੈ। ਯੁਗਾਂ ਯੁਗਾਂਤਰਾਂ ਤੋਂ ਅਸੰਖ ਜੀਵ ਇਸ ਨੂੰ ਵਰਤਦੇ ਆ ਰਹੇ ਹਨ, ਪਰ ਇਹ ਨਹੀਂ ਘਟਿਆ। ਹਵਾ ਨਾ ਸਿਰਫ ਸਾਹ ਲੈਣ ਲਈ, ਸਗੋਂ ਉਡਾਣਾਂ ਭਰਨ ਲਈ ਵੀ-ਹਰ ਇਕ ਲਈ ਮੁਫਤ ਹੈ। ਇਸ ਰਾਹੀਂ ਬਣਿਆ ਹਵਾ ਦਾ ਦਬਾਅ ਸਭ ਲਈ ਬਰਾਬਰ ਹੈ, ਜਿਸ ਕਾਰਨ ਸਭ ਜੀਵਾਂ ਦੀਆਂ ਰਗਾਂ ਵਿਚ ਖੂਨ ਦੌੜਦਾ ਹੈ। ਇਹ ਦਬਾਅ ਨਾ ਹੋਵੇ ਤਾਂ ਖੂਨ ਸ਼ਰੀਰ ਦੇ ਹਰ ਦੁਆਰ 'ਚੋਂ (ਦਸਵੇਂ ਨੂੰ ਛੱਡ ਕੇ!) ਬਾਹਰ ਰਿਸਣ ਲੱਗੇ। ਇਸ ਦੀ ਮੁਫਤ ਆਕਸੀਜਨ ਨਾਲ ਸਭ ਦੇ ਚੁੱਲ੍ਹੇ-ਗੈਸਾਂ ਬਲਦੀਆਂ ਹਨ ਤੇ ਮੁਫਤ ਨਾਈਟ੍ਰੋਜਨ ਰਾਹੀਂ ਸਭ ਦੀਆਂ ਫਸਲਾਂ ਵਧਦੀਆਂ ਫੁੱਲਦੀਆਂ ਹਨ। ਇਸੇ ਹਵਾ ਵਿਚ ਤੈਰ ਕੇ ਬੱਦਲ ਆਉਂਦੇ ਹਨ ਤੇ ਸਭ ਲਈ ਬਰਾਬਰ ਬਰਸਦੇ ਹਨ। ਪਾਣੀ ਦੇ ਅਥਾਹ ਸੋਮੇ ਕੁਦਰਤ ਦੇ ਦੂਜਾ ਭੰਡਾਰ ਹਨ। ਸਾਗਰਾਂ, ਝੀਲਾਂ, ਦਰਿਆਵਾਂ ਤੇ ਗਲੇਸ਼ੀਅਰਾਂ ਵਿਚ ਅਸੀਮਤ ਪਾਣੀ ਜਮ੍ਹਾਂ ਹੈ। ਕੋਈ ਜਿੰਨਾ ਮਰਜੀ ਪੀਵੇ, ਨਹਾਵੇ, ਤੈਰੇ ਤੇ ਜਹਾਜ-ਕਿਸ਼ਤੀਆਂ ਚਲਾਵੇ, ਸਭ ਮੁਫਤ। ਧਰਤੀ ਦਾ ਵਿਸ਼ਾਲ ਪਟ ਵੀ ਇਕ ਅਮੁੱਲੀ ਦਾਤ ਹੈ। ਇਹ ਵੀ ਬੇਲਾਗਤ ਦਾਤ ਕੁਦਰਤ ਵਲੋਂ ਸਭ ਦੇ ਬਰਾਬਰ ਵਰਤੋਂ ਲਈ ਹੈ, ਭਾਵੇਂ ਇਸ ਉਤੇ ਲੋਕਾਂ ਨੇ ਨਿੱਜੀ ਕਬਜੇ ਕੀਤੇ ਹੋਏ ਹਨ। ਧਰਤੀ 'ਤੇ ਪੈਦਾ ਹੋਣ ਵਾਲੇ ਵਣ, ਦਰਖਤ ਤੇ ਪੇੜ-ਪੌਦੇ ਵੀ ਕੁਦਰਤ ਦੀਆਂ ਅਮੁੱਲ ਦਾਤਾਂ ਵਿਚ ਸ਼ਾਮਲ ਹਨ। ਇਸ ਤੋਂ ਇਲਾਵਾ ਧਰਤੀ ਦੇ ਅੰਦਰ ਪਾਇਆ ਜਾਣ ਵਾਲਾ ਰੇਤਾ, ਬਜਰੀ, ਪੱਥਰ, ਲੋਹਾ, ਕੋਲਾ, ਸੋਨਾ, ਪੈਟਰੋਲੀਅਮ, ਯੂਰੇਨੀਅਮ, ਤੇਲ, ਗੈਸ ਆਦਿ ਵੀ ਅਮੁਲ ਪਦਾਰਥ ਹੀ ਹਨ।

ਗੁਰੂ ਸਾਹਿਬ ਦੀ ਗੱਲ ਸਹੀ ਹੈ ਕਿ ਜਿਉਂ ਜਿਉਂ ਮਨੁੱਖ ਹੋਰ ਅੱਗੇ ਸੋਚਦਾ ਹੈ, ਅਮੁੱਲ ਦਾਤਾਂ ਦਾ ਦਾਇਰਾ ਹੋਰ ਵਧਦਾ ਜਾਂਦਾ ਹੈ। ਜਿਸ ਚੀਕਣੀ ਮਿੱਟੀ (Clay) ਨੂੰ ਪਹਿਲਾਂ ਉਹ ਬੇਕਾਰ ਸਮਝ ਕੇ ਉਸ ਦੇ ਭਾਂਡੇ ਬਣਾਉਂਦਾ ਸੀ, ਅੱਜ ਪਤਾ ਲੱਗਾ ਹੈ ਕਿ ਇਸ ਦਾ ਇਕ ਤਿਹਾਈ ਭਾਗ ਅਲਮੀਨੀਅਮ ਹੈ। ਇਸ ਨੂੰ ਮਿੱਟੀ ਦਾ ਬਿਜਲਈ ਵਿਸ਼ਲੇਸ਼ਣ ਕਰਕੇ ਸਿੱਧਾ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਅਲਮੀਨੀਅਮ ਇਕ ਸਸਤੀ, ਹਲਕੀ ਪਰ ਸਖਤ ਧਾਤੂ ਹੈ, ਜੋ ਮਸ਼ੀਨੀ ਉਦਯੋਗ ਵਿਚ ਲੋਹੇ ਦੀ ਥਾਂ ਲੈ ਰਹੀ ਹੈ। ਇਸੇ ਤਰ੍ਹਾਂ ਧਰਤੀ ਤੇ ਬਿਖਰੇ ਫਜ਼ੂਲ ਸਮਝੇ ਜਾਂਦੇ ਪੱਥਰਾਂ, ਕੰਕਰਾਂ ਖਾਸ ਤੌਰ 'ਤੇ ਕੁਆਰਟਜ਼ (Quartz) ਪੱਥਰਾਂ ਤੋਂ ਸਿਲੀਕਾਨ (Silicon) ਪ੍ਰਾਪਤ ਹੁੰਦਾ ਹੈ, ਜੋ ਕਿ ਅਜੋਕੀ ਇਲੈਕਟ੍ਰਾਨਿਕ ਤੇ ਕੰਪਿਊਟਰ ਸਨਅਤ ਵਿਚ ਵਰਤਿਆ ਜਾਂਦਾ ਹੈ। ਮਨਸੂਈ ਬੌਧਿਕਤਾ (Artificial Intelligence) ਦਾ ਸੋਮਾ ਇਹੀ ਪੱਥਰ ਕੰਕਰ ਹਨ। ਮਾਰੂਥਲਾਂ ਤੇ ਸਮੁੰਦਰਾਂ ਦੇ ਪਾਣੀਆਂ ਹੇਠੋਂ ਖੋਜੇ ਪੈਟਰੋਲੀਅਮ ਵਿਚ ਪੈਟਰੋਲ, ਡੀਜ਼ਲ, ਪਲਾਸਟਿਕ ਆਦਿ ਦੇ ਲਾਭਦਾਇਕ ਪਦਾਰਥ ਪਾਏ ਗਏ ਹਨ, ਜਿਨ੍ਹਾਂ ਨੇ ਅਜੋਕੀ ਸਭਿਅਤਾ ਦੀ ਨੁਹਾਰ ਬਦਲ ਦਿੱਤੀ ਹੈ। ਧੁਪ ਜੋ ਪਹਿਲਾਂ ਪ੍ਰਕਾਸ਼, ਗਰਮੀ ਤੇ ਸੇਕ ਦਾ ਸਾਧਨ ਸੀ, ਹੁਣ ਬਿਜਲੀ ਬਣਾਉਣ ਦੇ ਕੰਮ ਆਉਂਦੀ ਹੈ। ਪਹਿਲਾਂ ਮਨੁੱਖ ਧਰਤੀ ਦੇ ਖਜਾਨਿਆਂ ਨੂੰ ਹੀ ਗਿਣਤੀ ਵਿਚ ਲੈਂਦਾ ਸੀ, ਪਰ ਆਧੁਨਿਕ ਖੋਜਾਂ ਅਨੁਸਾਰ ਪੁਲਾੜੀ ਪਿੰਡ ਵੀ ਅਜਿਹੇ ਹੀ ਪਦਾਰਥਾਂ ਨਾਲ ਭਰੇ ਪਏ ਹਨ। ਵੱਡੀ ਗੱਲ ਇਹ ਕਿ ਅੱਜ ਮਨੁੱਖ ਨੇ ਇਨ੍ਹਾਂ ਅਮੁਲ ਕੁਦਰਤੀ ਸੁਗਾਤਾਂ ਦਾ

(ਬਾਕੀ ਅਗਲੇ ਸਫੇ 'ਤੇ)

## ਗੁਰਬਾਣੀ ਵਿਚਾਰ

# ਮਾਇਆ ਦਾ ਸੰਕਲਪ

ਗੁਰੂ ਗ੍ਰੰਥ ਸਾਹਿਬ 'ਚ ਮਾਇਆ ਪਦ 827 ਵਾਰ ਆਇਆ ਹੈ। ਨਾਮੁ ਤੋਂ ਬਾਅਦ ਇਸ ਪਦ ਦੀ ਵਰਤੋਂ ਬਾਣੀ ਵਿਚ ਸਭ ਤੋਂ ਵਧੀਕ ਹੋਈ ਹੈ। ਗੁਰਬਾਣੀ 'ਚ ਮਾਇਆ ਲਈ ਕਈ ਪਦ ਵਰਤੇ ਗਏ ਹਨ, ਜਿਵੇਂ ਕਿ ਛਲ, ਨਕਟੀ, ਮਾਖੀ, ਅਵਿਦਿਆ, ਚੰਚਲਾ, ਮੋਹਨੀ, ਨਾਗਿਨੀ ਤੇ ਬਿਖਿਆ ਆਦਿ।

ਮਾਈ ਮਾਇਆ ਛਲੁ॥
ਤ੍ਰਿਣ ਕੀ ਅਗਨਿ ਮੇਘ ਕੀ ਛਾਇਆ
ਗੋਬਿਦ ਭਜਨ ਬਿਨੁ ਹੜ ਕਾ ਜਲੁ॥
(ਟੋਡੀ ਮ: 5, ਪੰਨਾ 717)



ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ॥
ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ॥
(ਵਾਰ ਗੂਜਰੀ ਮ: 3, ਪੰਨਾ 510)

**ਹਰਦੇਵ ਸਿੰਘ ਵਿਰਕ**
ਫੋਨ: 91-94175-53347

ਮਾਇਆ ਮੋਹੁ ਅਗਿਆਨ ਹੈ ਬਿਖਮੁ ਅਤਿ ਭਾਰੀ॥ (ਵਾਰ ਗੂਜਰੀ ਮ: 3, ਪੰਨਾ 509)

ਗੁਰਬਾਣੀ ਇਕ ਅਥਾਹ ਸਮੁੰਦਰ ਹੈ ਅਤੇ ਇਸ ਦੀ ਵਿਚਾਰ ਕੋਈ ਵਿਰਲਾ ਟਾਂਵਾਂ ਹੀ ਕਰ ਸਕਦਾ ਹੈ, ਜਿਵੇਂ ਕਿ ਫੁਰਮਾਨ ਹੈ,

ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥ (ਰਾਮਕਲੀ ਮ: 1, ਪੰਨਾ 935)

ਆਪਣੀ ਤੁੱਛ ਬੁੱਧੀ ਅਨੁਸਾਰ ਵਿਚਾਰਣ ਤੋਂ ਜਾਪਦਾ ਹੈ ਕਿ ਮਾਇਆ ਸ਼ਬਦ ਦੋ ਭਾਵ-ਅਰਥਾਂ ਵਿਚ ਵਧੇਰੇ ਵਰਤਿਆ ਗਿਆ ਹੈ। ਪਹਿਲੀ ਵਰਤੋਂ ਦੁਨਿਆਵੀ ਹੈ, ਜਿਸ ਵਿਚ ਮਾਇਆ, ਧਨ ਦੌਲਤ ਲਈ ਵਰਤਿਆ ਗਿਆ ਹੈ। ਦੁਨੀਆਂਦਾਰੀ ਅਤੇ ਜੀਵਨ ਦੇ ਨਿਰਬਾਹ ਲਈ ਮਾਇਆ ਅਤੀ ਜਰੂਰੀ ਹੈ। ਦੁਨੀਆਂ ਦਾ ਸਾਰਾ ਅਰਥਚਾਰਾ ਮਾਇਆ 'ਤੇ ਆਧਾਰਿਤ ਹੈ। ਮਾਇਆ ਦੀ ਪ੍ਰਾਪਤੀ ਲਈ ਲੁੱਟ-ਖਸੁੱਟ ਚੱਲ ਰਹੀ ਹੈ। ਸਮਾਜਕ ਪੱਧਰ ਤੋਂ ਲੈ ਕੇ ਰਾਜਸੀ ਪੱਧਰ ਤੱਕ ਮਾਇਆ ਦਾ ਬੋਲਬਾਲਾ ਹੋ ਗਿਆ ਹੈ। ਗੁਰਬਾਣੀ ਵਿਚੋਂ ਜੋ ਸੇਧ ਮਿਲਦੀ ਹੈ, ਉਸ ਅਨੁਸਾਰ ਮਾਇਆ ਦੁਨਿਆਵੀ ਲੋੜਾਂ ਲਈ ਜਰੂਰੀ ਹੈ। ਗੁਰੂ ਅਰਜਨ ਦੇਵ ਜੀ ਤਾਂ ਕਹਿੰਦੇ ਹਨ ਕਿ ਮਾਇਆ ਦੀ ਬਹੁਤਾਤ ਵੀ ਮਾੜੀ ਹੈ ਅਤੇ ਘਾਟ ਵੀ, ਕਿਉਂਕਿ ਦੋਵੇਂ ਹਾਲਤਾਂ ਵਿਚ ਮਨੁੱਖ ਭਟਕਦਾ ਫਿਰਦਾ ਹੈ,

ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ॥
ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ॥
ਦੁਹੂ ਬਿਵਸਥਾ ਤੇ ਜੋ ਮੁਕਤਾ
ਸੋਈ ਸੁਹੇਲਾ ਭਾਲੀਐ॥
(ਮਾਰੂ ਮ: 5, ਪੰਨਾ 1019)

ਬਾਬਾ ਨਾਨਕ ਤਾਂ ਫੁਰਮਾਨ ਕਰਦੇ ਹਨ ਕਿ ਮਾਇਆ ਇਕੱਤਰ ਕਰਨ ਲਈ ਬੰਦਾ ਕਈ ਕਿਸਮ ਦੀਆਂ ਹੇਰਾ-ਫੇਰੀਆਂ ਅਤੇ ਪਾਪ ਵੀ ਕਰਦਾ ਹੈ, ਪਰ ਮਾਇਆ ਮਰਨ ਉਪਰੰਤ ਉਸ ਦੇ ਸਾਥ ਨਹੀਂ ਜਾਂਦੀ,

ਇਸੁ ਜਰ ਕਾਰਣਿ ਘਣੀ ਵਿਗੁਤੀ
ਇਨਿ ਜਰ ਘਣੀ ਖੁਆਈ॥
ਪਾਪਾ ਬਾਝਹੁ ਹੋਵੈ ਨਾਹੀ
ਮੁਇਆ ਸਾਥਿ ਨ ਜਾਈ॥
(ਰਾਗ ਆਸਾ, ਮ: 1, ਪੰਨਾ 417)

ਇਸ ਸ਼ਬਦ ਵਿਚ 'ਜਰ' ਮਾਇਆ ਲਈ ਵਰਤਿਆ ਗਿਆ ਹੈ। ਬਾਬਾ ਨਾਨਕ ਬਾਬਰ ਦੇ ਹੱਲੇ ਦਾ ਸੰਕੇਤ ਵੀ ਅੱਗੇ ਜਾ ਕੇ ਕਰਦੇ ਹਨ। ਸੋ ਮਾਇਆ (ਧਨ ਅਤੇ ਦੌਲਤ) ਲੁੱਟਣ ਲਈ ਰਾਜੇ ਮਹਾਰਾਜੇ ਪਾਪ ਕਰਦੇ ਹਨ, ਪਰ ਮਾਇਆ ਸਾਥ ਨਹੀਂ ਜਾਂਦੀ। ਗੁਰਮਤਿ ਵਿਚ ਮਾਇਆ ਦੀ ਸਹੀ ਵਰਤੋਂ ਦੀ ਖੁੱਲ੍ਹ ਹੈ, ਕਿਉਂਕਿ ਗ੍ਰਹਿਸਥੀ ਜੀਵਨ ਦੀਆਂ ਲੋੜਾਂ ਪੂਰੀਆਂ ਕਰਨ ਲਈ ਮਾਇਆ ਜਰੂਰੀ ਹੈ। ਸਿੱਖੀ ਪਰੰਪਰਾ ਕਿਰਤੀ ਮਨੁੱਖ ਦੀ ਵਡਿਆਈ ਕਰਦੀ ਹੈ। ਬਾਬੇ ਨਾਨਕ ਨੇ ਜੀਵਨ ਦੇ ਆਖਰੀ ਸਾਲਾਂ ਵਿਚ ਕਿਰਤ ਕੀਤੀ ਅਤੇ ਪਰਿਵਾਰ ਦੀ ਪਰਵਰਿਸ਼ ਅਤੇ ਲੰਗਰ ਲਈ ਖੇਤੀ ਕਿੱਤਾ ਅਪਨਾਇਆ ਸੀ।

'ਮਾਇਆ' ਪਦ ਦੀ ਦੂਜੀ ਵਰਤੋਂ ਬਹੁ-ਪੱਖੀ ਹੈ। ਗੁਰਬਾਣੀ ਵਿਚ ਮਾਇਆ ਦੇ ਵਿਕਰਾਲ ਰੂਪ ਦਾ ਜ਼ਿਕਰ ਵੀ ਮਿਲਦਾ ਹੈ। ਬ੍ਰਹਿਮੰਡ ਦੀ ਉਤਪਤੀ ਅਤੇ ਵਿਕਾਸ ਵਿਚ ਮਾਇਆ ਦਾ ਨਿੱਗਰ ਰੋਲ ਹੈ। ਇਸ ਨੂੰ ਮਾਇਆ ਜਾਲ ਵੀ ਕਿਹਾ ਗਿਆ ਹੈ ਅਤੇ ਇਹ ਪਰਮਾਤਮਾ ਨੇ ਖੁਦ ਆਪ ਪੈਦਾ ਕੀਤੀ ਹੈ,

ਰੰਗੀ ਰੰਗੀ ਭਾਤੀ ਕਰਿ ਕਰਿ
ਜਿਨਸੀ ਮਾਇਆ ਜਿਨਿ ਉਪਾਈ॥
(ਜਪੁਜੀ ਸਾਹਿਬ, ਪੰਨਾ 6)

ਨਿਰੰਕਾਰਿ ਅਕਾਰੁ ਉਪਾਇਆ॥
ਮਾਇਆ ਮੋਹੁ ਹੁਕਮਿ ਬਣਾਇਆ॥
(ਮਾਰੂ ਸੋਲਹੇ ਮ: 4, ਪੰਨਾ 1065)

ਸੋ, ਇਹ ਇਕ ਵਿਡੰਬਨਾ ਹੈ ਕਿ ਮਾਇਆ, ਜੋ ਜੀਵ ਨੂੰ ਪਰਮਾਤਮਾ ਤੋਂ ਨਿਖੇੜਦੀ ਹੈ ਅਤੇ ਭੰਬਲਭੂਸੇ ਵਿਚ ਪਾਈ ਰੱਖਦੀ ਹੈ, ਉਹ ਰੱਬ ਨੇ ਆਪ ਹੀ ਪੈਦਾ ਕੀਤੀ ਹੈ। ਮਾਇਆ ਅਤੇ ਹਉਮੈ ਦੋ ਸਕੀਆਂ ਭੈਣਾਂ ਹਨ। ਗੁਰਬਾਣੀ ਦੇ ਗਿਆਨ ਤੋਂ ਮਾਇਆ ਅਤੇ ਹਉਮੈ ਤੋਂ ਛੁਟਕਾਰਾ ਮਿਲ ਜਾਂਦਾ ਹੈ। ਜੋ ਵਿਡੰਬਨਾ ਪਰਮਾਤਮਾ ਪੈਦਾ ਕਰਦਾ ਹੈ, ਉਸ ਤੋਂ ਖਹਿੜਾ ਛੁਡਾਣ ਦਾ ਰਾਹ ਵੀ ਗੁਰਬਾਣੀ ਦੱਸਦੀ ਹੈ।

ਮਾਇਆ ਕਿਸ ਨੋ ਆਖੀਐ
ਕਿਆ ਮਾਇਆ ਕਰਮ ਕਮਾਇ॥
ਦੁਖਿ ਸੁਖਿ ਏਹੁ ਜੀਉ ਬਧੁ ਹੈ
ਹਉਮੈ ਕਰਮ ਕਮਾਇ॥
(ਸਿਰੀ ਰਾਗ ਮ: 3, ਪੰਨਾ 673)

ਮਾਇਆ ਦੇ ਲੱਛਣ ਵੀ ਅਜੀਬ ਤਰ੍ਹਾਂ ਦੇ ਹਨ। ਜੋ ਮਨੁੱਖ ਇਸ ਨੂੰ ਪ੍ਰੀਤ ਕਰਦੇ ਹਨ, ਇਹ ਉਨ੍ਹਾਂ ਨੂੰ ਛਲਾਵਾ ਦਿੰਦੀ ਹੈ। ਗੁਰਮੁਖਿ ਜਨ ਮਾਇਆ ਨੂੰ ਤਿਆਗ ਦਿੰਦੇ ਹਨ, ਪਰ ਇਹ ਉਨ੍ਹਾਂ ਦੀ ਦਾਸੀ ਬਣਨਾ ਲੋਚਦੀ ਹੈ, ਇਹ ਵੀ ਇਕ ਵਿਡੰਬਨਾ ਹੈ,

ਗਹੁ ਕਰ ਪਕਰੀ ਨ ਆਈ ਹਾਥਿ॥
ਪ੍ਰੀਤਿ ਕਰੀ ਚਾਲੀ ਨਹੀ ਸਾਥਿ॥
ਕਹੁ ਨਾਨਕ ਜਉ ਤਿਆਗਿ ਦਈ॥
ਤਬ ਓਹ ਚਰਣੀ ਆਇ ਪਈ॥
(ਰਾਮਕਲੀ ਮ: 5, ਪੰਨਾ 891)

ਮਾਇਆ ਦਾ ਭਾਰਤੀ ਸੰਕਲਪ ਪੱਛਮੀ ਧਰਮਾਂ ਵਿਚ ਉਪਲੱਬਧ ਨਹੀਂ, ਜਿਸ ਕਰਕੇ ਪਦਾਰਥਵਾਦੀ ਯੁੱਗ ਦੀ ਆਮਦ ਯੂਰਪ ਵਿਚ ਹੋਈ। ਯੂਰਪੀਨ ਦੇਸ਼ਾਂ ਨੇ ਵਿਗਿਆਨ ਅਤੇ ਤਕਨਾਲੋਜੀ ਦੇ ਬਲਬੂਤੇ ਸਾਰੇ ਵਿਸ਼ਵ ਭਰ ਵਿਚ ਆਪਣੀ ਧਾਂਕ ਜਮਾਈ। ਹੁਣ ਅਮਰੀਕਾ ਵੀ ਇਹੋ ਕੁਝ ਕਰ ਰਿਹਾ ਹੈ। ਪੂਰਬੀ ਧਰਮਾਂ, ਹਿੰਦੂ, ਬੁਧ ਅਤੇ ਸਿੱਖ-ਸਭ ਵਿਚ ਮਾਇਆ ਦਾ ਸੰਕਲਪ ਮਿਲਦਾ ਹੈ। ਸਿਧਾਂਤਕ ਪੱਖੋਂ ਵਿਚਾਰਿਆਂ ਮਾਇਆ ਦਾ ਸੰਕਲਪ ਗੁਰੂ ਗ੍ਰੰਥ ਸਾਹਿਬ ਅਤੇ ਹਿੰਦੂ ਗ੍ਰੰਥਾਂ ਵਿਚ ਸਮਾਨ-ਅਰਥੀ ਭਾਸਦਾ ਹੈ, ਪਰ ਗੁਰਬਾਣੀ ਵਿਚ ਇਸ ਦਾ ਸਪਸ਼ਟ ਨਿਖੇੜਾ ਵੀ ਮਿਲਦਾ ਹੈ। ਗੁਰੂ ਅਮਰਦਾਸ ਅਨੰਦ ਸਾਹਿਬ ਵਿਚ ਇਸ ਦਾ ਜ਼ਿਕਰ ਕਰਦੇ ਹਨ,

ਏਹੁ ਮਾਇਆ ਜਿਤੁ ਹਰਿ ਵਿਸਰੈ
ਮੋਹੁ ਉਪਜੈ ਭਾਉ ਦੂਜਾ ਲਾਇਆ॥
ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ
ਤਿਨੀ ਵਿਚੇ ਮਾਇਆ ਪਾਇਆ॥
(ਰਾਮਕਲੀ ਮ: 3, ਪੰਨਾ 921)

ਸੋ, ਗੁਰੂ ਗ੍ਰੰਥ ਸਾਹਿਬ ਵਿਚ ਮਾਇਆ ਦਾ ਸੰਕਲਪ ਹਿੰਦੂ ਗ੍ਰੰਥਾਂ ਤੋਂ ਭਿੰਨ ਹੈ, ਕਿਉਂਕਿ ਸਿੱਖੀ ਵਿਚ ਮਾਇਆ ਅੰਦਰ ਰਹਿ ਕੇ ਵੀ ਪ੍ਰਭੂ ਪ੍ਰਾਪਤੀ ਸੰਭਵ ਹੈ।

ਮਾਇਆ ਅਤੇ ਮਨ ਦੀ ਪ੍ਰਤਿਕ੍ਰਿਆ ਬਾਰੇ ਵੀ ਗੁਰਬਾਣੀ ਵਿਚ ਸੰਕੇਤ ਮਿਲਦੇ ਹਨ। ਮਾਇਆ ਅਤੇ ਹਉਮੈ ਮਨ ਨੂੰ ਆਪਣੇ ਵੱਸ ਵਿਚ ਕਰ ਲੈਂਦੀਆਂ ਹਨ। ਮਨ ਦੇ ਵਿਕਾਰ ਇਨ੍ਹਾਂ ਦੀ ਪ੍ਰਤਿਕ੍ਰਿਆ ਰਾਹੀਂ ਪ੍ਰਗਟ ਹੁੰਦੇ ਹਨ,

ਤਨੁ ਜਲਿ ਬਲਿ ਮਾਟੀ ਭਇਆ
ਮਨ ਮਾਇਆ ਮੋਹਿ ਮਨੂਰੁ॥
(ਸਿਰੀ ਰਾਗ ਮ: 1, ਪੰਨਾ 19)

ਆਖਣੁ ਸੁਨਣਾ ਪਉਣ ਕੀ ਬਾਣੀ
ਇਹੁ ਮਨੁ ਰਤਾ ਮਾਇਆ॥
(ਸਿਰੀ ਰਾਗ ਮ: 1, ਪੰਨਾ 24)

ਮਾਇਆ ਵਿਚ ਗ੍ਰਸਿਆ ਮਨੁੱਖ 'ਮਾਇਆਧਾਰੀ' ਕਹਿਲਾਉਂਦਾ ਹੈ। ਉਸ ਦੇ ਕਾਰ-ਵਿਹਾਰ ਵਿਚ ਮਾਇਆ ਹਾਵੀ ਹੋ ਜਾਂਦੀ ਹੈ। ਮਾਇਆਧਾਰੀ ਸਮਾਜ ਵਿਚ ਲੁੱਟ-ਖਸੁੱਟ ਕਰਦੇ ਹਨ ਅਤੇ ਬਖੇੜੇ ਪੈਦਾ ਹੋ ਜਾਂਦੇ ਹਨ। ਗੁਰਬਾਣੀ ਵਿਚ ਮਾਇਆਧਾਰੀ ਨੂੰ ਅੰਨਾ-ਬੋਲਾ ਅਤੇ ਮੂਰਖ ਕਿਹਾ ਗਿਆ ਹੈ,

ਮਾਇਆਧਾਰੀ ਅਤਿ ਅੰਨਾ ਬੋਲਾ॥
ਸਬਦੁ ਨ ਸੁਣਈ ਬਹੁ ਰੋਲ ਘਚੋਲਾ॥
(ਗਉੜੀ ਮ: 3, ਪੰਨਾ 313)

ਮਾਇਆ ਕਾਰਨਿ ਪਾਵਈ ਮੂਰਖ ਲੋਗ ਅਜਾਨ॥
(ਸਲੋਕ ਮ: 9, ਪੰਨਾ 1427)

ਇਸ ਮਾਇਆ ਜਾਲ ਤੋਂ ਬਚਣ ਦੇ ਸਾਧਨ ਵੀ ਗੁਰਬਾਣੀ ਵਿਚ ਦਰਸਾਏ ਗਏ ਹਨ। ਗੁਰੂ ਅਮਰਦਾਸ ਜੀ ਬਿਆਨ ਕਰਦੇ ਹਨ ਕਿ ਮਾਇਆ ਬੰਦੇ ਦੀ ਸੁੱਧ-ਬੁੱਧ ਗਵਾ ਦਿੰਦੀ ਹੈ, ਪਰ ਸ਼ਬਦ ਦੀ ਕਮਾਈ ਨਾਲ ਮਾਇਆ ਦੇ ਮੋਹ ਤੋਂ ਛੁਟਕਾਰਾ ਮਿਲ ਜਾਂਦਾ ਹੈ, ਜਿਸ ਉਪਰੰਤ ਮਨ ਅਤੇ ਤਨ-ਦੋਵੇਂ ਹੀ ਨਿਰਮਲ ਅਥਵਾ ਪਵਿੱਤਰ ਹੋ ਜਾਂਦੇ ਹਨ। ਐਸੇ ਜਨ ਸਮਾਜ ਲਈ ਪਰਉਪਕਾਰੀ ਸਿੱਧ ਹੁੰਦੇ ਹਨ, ਕਿਉਂਕਿ ਉਹ ਖੁਦਗਰਜੀ ਤੋਂ ਮੁਕਤ ਹੋ ਚੁਕੇ ਹੁੰਦੇ ਹਨ।

ਮਾਇਆ ਮੋਹਿ ਸਭ ਸੁਧਿ ਗਵਾਈ
ਕਰਿ ਅਵਗਣ ਪਛੋਤਾਵਣਿਆ॥
(ਮਾਝ ਮ: 3, ਪੰਨਾ 116)

ਗੁਰ ਕੈ ਸਬਦਿ ਰਿਦੈ ਦਿਖਾਇਆ॥
ਮਾਇਆ ਮੋਹੁ ਸਬਦਿ ਜਲਾਇਆ॥
(ਮਾਝ ਮ: 3, ਪੰਨਾ 120)

ਨਿਰਮਲ ਨਾਮੁ ਵਸਿਆ ਮਨਿ ਆਏ॥
ਮਨੁ ਤਨੁ ਨਿਰਮਲੁ ਮਾਇਆ ਮੋਹੁ ਗਵਾਏ॥
(ਮਾਝ ਮ: 3, ਪੰਨਾ 121)

ਉਪਰਲੀਆਂ ਦੋਹਾਂ ਤੁਕਾਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਸ਼ਬਦ ਰਾਹੀਂ ਹਿਰਦੇ ਵਿਚ ਪ੍ਰਭੂ ਦਾ ਵਾਸਾ ਹੋ ਜਾਵੇ ਤਾਂ ਮਾਇਆ ਮੋਹ ਤੋਂ ਬੰਦ-ਖਲਾਸੀ ਹੋ ਜਾਂਦੀ ਹੈ। ਇਸੇ ਤਰ੍ਹਾਂ ਨਾਮ ਦੀ ਪ੍ਰਾਪਤੀ, ਜੋ ਪ੍ਰਭੂ ਪ੍ਰਾਪਤੀ ਦੇ ਤੁੱਲ ਹੈ, ਵੀ ਸਹਾਈ ਹੁੰਦੀ ਹੈ।

# ਅਮੁਲ ਗੁਣ ਅਮੁਲ ਵਾਪਾਰ

*(ਪਿਛਲੇ ਸਫੇ ਦੀ ਬਾਕੀ)*

ਮੋਟਾ ਮੋਟਾ ਅਨੁਮਾਨ ਵੀ ਲਾ ਲਿਆ ਹੈ। ਇਸੇ ਅਨੁਮਾਨ ਕਾਰਨ ਅਜੋਕੇ ਸਮੇਂ ਵਿਚ ਪੁਲਾੜੀ ਦੌੜ ਵਿਚ ਵਾਧਾ ਹੋਇਆ ਹੈ। ਇਸ ਲਈ ਜਿੰਨਾ ਮਨੁੱਖ ਕੁਦਰਤ ਦੇ ਅਮੁੱਲ ਖਜਾਨਿਆਂ ਵਲ ਵਧੇਰੇ ਸੋਚਦਾ ਹੈ ਭਾਵ ਖੋਜਦਾ ਹੈ, ਉਨੇ ਹੀ ਉਹ ਹੋਰ ਵਿਸ਼ਾਲ ਤੇ ਹੋਰ ਅਹਿਮ ਬਣੀ ਜਾਂਦੇ ਹਨ।

ਸਮੂਹ ਸਿੱਖ ਸ਼ਰਧਾਲੂਆਂ ਲਈ ਵੱਡੀ ਤੇ ਮਾਣ ਵਾਲੀ ਗੱਲ ਇਹ ਹੈ ਕਿ ਗੁਰੂ ਸਾਹਿਬ ਦੁਨੀਆਂ ਦੇ ਪਹਿਲੇ ਚਿੰਤਕ ਸਨ, ਜਿਨ੍ਹਾਂ ਨੇ ਕੁਦਰਤ ਦੀਆਂ ਦਾਤਾਂ ਨੂੰ ਅਮੁਲ ਕਿਹਾ ਤੇ ਇਨ੍ਹਾਂ ਬਾਰੇ ਇੰਨੇ ਵਿਸਥਾਰ ਨਾਲ ਲਿਖਿਆ। ਯੂਨਾਨੀ ਫਿਲਾਸਫਰ ਸਿਰਫ ਰਾਜ ਤੇ ਨੈਤਿਕਤਾ ਬਾਰੇ ਲਿਖਦੇ ਰਹੇ, ਰੋਮਨ ਕਾਨੂੰਨ ਬਾਰੇ ਸੋਚਦੇ ਰਹੇ ਅਤੇ ਇਸਾਈ ਤੇ ਇਸਲਾਮੀ ਚਿੰਤਕ ਰੱਬ ਦੀਆਂ ਦੁਨਿਆਵੀ ਰਹਿਮਤਾਂ ਦੇ ਗੁਣ ਗਾਉਂਦੇ ਰਹੇ, ਪਰ ਕੁਦਰਤ ਦੇ ਵਡਮੁੱਲੇ ਖਜਾਨਿਆਂ ਨੂੰ ਨਿਰਪੱਖ ਹੋ ਕੇ ਕਿਸੇ ਨੇ ਨਾ ਵਿਚਾਰਿਆ। ਹੈਲਿਨਿਕ ਦਾਰਸ਼ਿਕ ਐਪੀਕੂਰਸ (Epicurus) ਕੁਦਰਤ ਦੀਆਂ ਖੁੱਲ੍ਹੀਆਂ ਨਿਆਮਤਾਂ ਨੂੰ ਮਾਣਨ ਦੀ ਗੱਲ ਤਾਂ ਕਰਦਾ ਰਿਹਾ, ਪਰ ਉਹ ਗੁਰੂ ਸਾਹਿਬ ਵਾਂਗ ਇਨ੍ਹਾਂ ਦਾ ਵਰਣਨ ਨਾ ਕਰ ਸਕਿਆ। ਗੁਰੂ ਸਾਹਿਬ ਤੋਂ ਬਾਅਦ ਕੁਦਰਤੀ ਭੰਡਾਰਾਂ ਦੇ ਮਹੱਤਵ ਦਾ ਜ਼ਿਕਰ ਸਭ ਤੋਂ ਪਹਿਲਾਂ ਆਦਮ ਸਮਿੱਥ, ਜੇ. ਐਸ. ਮਿਲ, ਰਿਕਾਰਡੋ ਤੇ ਮਾਲਥਸ ਜਿਹੇ ਟਕਸਾਲੀ ਅਰਥ-ਸ਼ਾਸਤਰੀਆਂ ਨੇ ਕੀਤਾ। ਇਨ੍ਹਾਂ ਅਨੁਸਾਰ ਉਤਪਾਦਨ ਦੇ ਚਾਰ ਮੁੱਖ ਥੰਮ ਹਨ-ਕੱਚਾ ਮਾਲ, ਮਜ਼ਦੂਰੀ, ਸਰਮਾਇਆ ਤੇ ਪ੍ਰਬੰਧ। ਉਨ੍ਹਾਂ ਕਿਹਾ ਕਿ ਕੱਚੇ ਮਾਲ ਦਾ ਇਕ-ਮਾਤਰ ਸੋਮਾ ਕੁਦਰਤ ਹੈ। ਇਹ ਅਰਥ-ਸ਼ਾਸ਼ਤਰੀ ਉਤਪਾਦਨੀ ਅਰਥਚਾਰੇ ਦੇ ਵਿਸ਼ੇਸ਼ਗ ਸਨ, ਇਸ ਲਈ ਇਨ੍ਹਾਂ ਨੇ ਕੁਦਰਤੀ ਦਾਤਾਂ ਬਾਰੇ ਹੋਰ ਕੁਝ ਨਾ ਕਿਹਾ।

ਗੁਰੂ ਸਾਹਿਬ ਦੀ ਸੋਚ ਦੀ ਪ੍ਰੋੜ੍ਹਤਾ ਪਿਛੋਂ ਜਾ ਕੇ ਕਾਰਲ ਮਾਰਕਸ ਨੇ ਕੀਤੀ। ਉਸ ਨੇ ਕਿਹਾ ਕਿ ਕੁਦਰਤੀ ਦਾਤਾਂ ਨੂੰ ਆਰਥਕ ਉਤਪਾਦਨ ਲਈ ਕੱਚੇ ਮਾਲ ਵਿਚ ਤਬਦੀਲ ਕਰਨਾ ਮਨੁੱਖੀ ਮਿਹਨਤ ਰਾਹੀਂ ਸੰਭਵ ਹੋਇਆ ਹੈ। ਉਸ ਨੇ ਦਾਸ ਕੈਪੀਟਲ (Das Capital) ਦੇ ਅਰੰਭ ਵਿਚ ਹੀ ਦੱਸਿਆ ਹੈ ਕਿ ਮਨੁੱਖ ਇਨ੍ਹਾਂ ਦਾਤਾਂ ਉਤੇ ਆਪਣੀ ਮਿਹਨਤ ਲਾ ਕੇ ਆਪਣੀਆਂ ਲੋੜਾਂ ਲਈ ਮੁੱਲ-ਯੋਗ ਵਸਤਾਂ ਪੈਦਾ ਕਰਦਾ ਹੈ। ਵਸਤਾਂ ਦੇ ਉਤਪਾਦਨ ਉਤੇ ਲਾਗਤ ਆਈ ਮਿਹਨਤ ਅਨੁਸਾਰ ਹੀ ਇਨ੍ਹਾਂ ਦਾ ਸਮਾਜਕ ਮੁੱਲ ਨਿਰਧਾਰਤ ਹੁੰਦਾ ਹੈ। ਜਦੋਂ ਉਪਭੋਗਤਾ ਬਾਜ਼ਾਰ ਵਿਚੋਂ ਕੋਈ ਵਸਤ ਖਰੀਦਦਾ ਹੈ, ਉਹ ਉਸ ਦਾ ਕੁਦਰਤੀ ਮੁੱਲ ਨਹੀਂ ਉਤਾਰਦਾ, ਭਾਵ ਉਸ ਨੂੰ ਤਾਂ ਉਹ ਉਤਾਰ ਹੀ ਨਹੀਂ ਸਕਦਾ, ਸਗੋਂ ਉਸ ਉਤੇ ਆਈ ਮਿਹਨਤ ਦਾ ਮੁੱਲ ਹੀ ਉਤਾਰਦਾ ਹੈ। ਕੁਦਰਤ ਦੀਆਂ ਦਾਤਾਂ ਕੁਦਰਤ ਦੇ ਤਾਲੇ ਅੰਦਰ ਹਨ, ਜੋ ਮਿਹਨਤ ਵੱਟੇ ਮਿਲਦੀਆਂ ਹਨ। ਮਨੁੱਖੀ ਮਿਹਨਤ ਕੁਦਰਤੀ ਵਸਤ ਨਹੀਂ, ਸਗੋਂ ਮਨੁੱਖੀ ਸਰੀਰ ਦਾ ਗੁਣ ਹੈ। ਇਹ ਹਰ ਇਕ ਸਰੀਰ ਦੀ ਆਪਣੀ ਸ਼ਕਤੀ ਹੈ, ਜਿਸ ਦੀ ਵਰਤੋਂ ਉਸ ਦੇ ਕੰਟਰੋਲ ਵਿਚ ਹੈ। ਇਸੇ ਲਈ ਕੁਦਰਤੀ ਦਾਤਾਂ ਤੋਂ ਬਣੀਆਂ ਚੀਜ਼ਾਂ ਸਮਾਜ ਵਿਚ ਅਮੁੱਲ ਨਹੀਂ। ਇਨ੍ਹਾਂ ਨੂੰ ਮਿਹਨਤ ਦਾ ਮੁੱਲ ਅਦਾ ਕਰ ਕੇ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਕਾਰਲ ਮਾਰਕਸ ਨੇ ਇਹ ਗੱਲ ਕਹਿ ਕੇ ਸੰਸਾਰਕ ਪ੍ਰਸਿੱਧੀ ਪਾ ਲਈ। ਇਹੀ ਗੱਲ ਗੁਰੂ ਸਾਹਿਬ ਨੇ ਸਦੀਆਂ ਪਹਿਲਾਂ ਕਹਿ ਦਿੱਤੀ ਸੀ ਤੇ ਨਾਲ ਮਨੁੱਖੀ ਕਿਰਤ ਦੇ ਸੋਹਲੇ ਵੀ ਗਾ ਦਿੱਤੇ ਸਨ, ਪਰ ਕਿਸੇ ਨੇ ਇਸ ਨੂੰ ਗੌਲਿਆ ਨਹੀਂ। ਉਨ੍ਹਾਂ ਦੇ ਅਜੋਕੇ ਸਿੱਖਾਂ ਤਾਂ ਇਸ ਨੂੰ ਗੁਰੂ ਸਾਹਿਬ ਦੀ ਇਕ ਮਹਾਨ ਪ੍ਰਾਪਤੀ ਮੰਨਣ ਦੀ ਥਾਂ ਮਾਰਕਸ ਨੂੰ ਹੀ ਕੋਸਦੇ ਰਹਿੰਦੇ ਹਨ।

ਇਸ ਤਰ੍ਹਾਂ ਮੱਧ ਕਾਲ ਦੇ ਹਨੇਰੇ ਯੁਗ ਵਿਚ ਕੁਦਰਤ ਨੂੰ ਬ੍ਰਹਿਮੰਡੀ ਅਰਥਚਾਰੇ ਦਾ ਧੁਰਾ ਕਹਿਣ ਕਰਕੇ ਤੇ ਮਨੁੱਖੀ ਕਿਰਤ ਨੂੰ ਸਮਾਜਕ ਆਰਥਕਤਾ ਦਾ ਕੇਂਦਰ ਦੱਸਣ ਕਰਕੇ ਗੁਰੂ ਸਾਹਿਬ ਆਧੁਨਿਕ ਅਰਥ-ਸ਼ਾਸ਼ਤਰ ਦੇ ਪਿਤਾਮਾ ਕਹਾਉਣ ਦੇ ਹੱਕਦਾਰ ਹਨ; ਪਰ ਅਜੋਕੇ ਸਿੱਖ ਵਿਦਵਾਨਾਂ ਨੇ ਉਨ੍ਹਾਂ ਦੀਆਂ ਇਨ੍ਹਾਂ ਉਪਲਭਦੀਆਂ ਨੂੰ ਵੀ ਅੱਧਾ-ਅਧੂਰਾ ਸਮਝ ਕੇ ਪੂਜਾ ਪਾਠ ਦਾ ਵਿਸ਼ਾ ਬਣਾਇਆ ਹੋਇਆ ਹੈ!

# ਜੀਵਨ-ਮੁਕਤ

ਸੰਸਾਰ ਵਿਚ ਵਿਚਰਦਿਆਂ ਸੰਸਾਰ ਦੇ ਪਦਾਰਥਾਂ ਤੋਂ ਨਿਰਲੇਪ ਰਹਿਣਾ, ਜੀਵਨ-ਮੁਕਤ ਕਹਿਲਾਉਂਦਾ ਹੈ। ਹਰ ਜਿਗਿਆਸੂ ਦੀ ਆਖਰੀ ਮੰਜ਼ਿਲ ਮੁਕਤੀ ਪਾਉਣਾ ਹੈ। ਇਹ ਧਰਮ, ਅਰਥ, ਕਾਮ, ਮੋਖ ਵਿਚ ਸਭ ਤੋਂ ਉਤਮ ਮੰਨੀ ਜਾਂਦੀ ਹੈ। ਰਾਮਾ ਅਵਤਾਰ ਮਾਨਸ ਅਨੁਸਾਰ ਮਨੁੱਖ ਨੂੰ ਤਿੰਨ ਦੁੱਖ ਜਾਂ ਪਾਪ ਚੰਬੜੇ ਹੋਏ ਹਨ। ਦੈਹਿਕ ਦੈਵਿਕ ਭੌਤਿਕ ਤਾਪਾ, ਭਾਵ ਅਧਿਆਤਮਕ, ਭੌਤਿਕ ਤੇ ਦੈਵਿਕ ਦੁੱਖ। ਇਨ੍ਹਾਂ

**ਹਰਸ਼ਿੰਦਰ ਸਿੰਘ, ਆਬਰਨ**
ਫੋਨ: 253-335-5666

ਦੁਖਾਂ ਤੋਂ ਨਿਰਅਸਰ ਹੋ ਜਾਣਾ ਹੀ ਮੁਕਤੀ ਹੈ।

ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਹਰ ਪਾਸੇ ਬ੍ਰਾਹਮਣਵਾਦ ਦਾ ਪਸਾਰਾ ਸੀ। ਮੁਕਤੀ ਦਿਵਾਉਣ ਦਾ ਵਾਅਦਾ ਬ੍ਰਾਹਮਣ ਵੀ ਕਰਦੇ ਸਨ, ਪਰ ਉਨ੍ਹਾਂ ਦਾ ਸੰਕਲਪ ਸੀ ਕਿ ਮੁਕਤੀ ਸਰੀਰ ਦੇ ਨਾਸ਼ ਹੋਣ ਤੋਂ ਬਾਅਦ ਮਿਲਦੀ ਹੈ ਤੇ ਇਸ ਦਾ ਉਪਾਅ ਅਨੇਕਾਂ ਕਿਸਮ ਦੇ ਕਰਮ ਕਾਂਡ ਹਨ। ਪੂਜਾ ਪਾਠ ਕਰਨੇ, ਜਗ ਹਵਨ ਕਰਨੇ, ਮੰਤਰ ਪੜ੍ਹਨੇ, ਬਲੀ ਦੇਣੀ, ਆਦਿ ਮੁਕਤੀ ਦੇ ਸਾਧਨ ਸਨ। ਆਮ ਮਨੁੱਖ ਨੂੰ ਇਹ ਕੰਮ ਕਰਾਉਣ ਲਈ ਬ੍ਰਾਹਮਣਾਂ-ਪੰਡਿਤਾਂ ਕੋਲ ਜਾਣਾ ਪੈਂਦਾ ਸੀ। ਮੁਕਤੀ ਦੇ ਨਾਮ 'ਤੇ ਉਨ੍ਹਾਂ ਨੂੰ ਬਹੁਤ ਲੁਟਿਆ ਜਾਂਦਾ ਸੀ। ਮਰਨ ਪਿਛੋਂ ਕੌਣ ਆ ਕੇ ਦਸਦਾ ਕਿ ਬ੍ਰਾਹਮਣਾਂ ਦੇ ਕੀਤੇ ਉਪਾਵਾਂ ਕਾਰਨ ਮੁਕਤੀ ਮਿਲ ਗਈ? ਨਾਲੇ ਮਰਨ ਪਿਛੋਂ ਜੇ ਮੁਕਤੀ ਮਿਲ ਵੀ ਗਈ ਤਾਂ ਕੀ ਲਾਭ? ਜਿਉਂਦੇ-ਜੀ ਤਾਂ ਤਿੰਨ ਤਾਪ ਦੂਰ ਨਾ ਹੋ ਸਕੇ।

ਭਗਤ ਨਾਮਦੇਵ ਜੀ ਨੂੰ ਪਾਂਡਿਆਂ ਨੇ ਸ਼ੂਦਰ ਤੇ ਨੀਚ ਆਖ ਕੇ ਕੁੱਟਿਆ। ਉਹ ਲਿਖਦੇ ਹਨ, "ਹੇ ਪ੍ਰਭੂ, ਇਨ੍ਹਾਂ ਪਾਂਡਿਆ ਅੱਗੇ ਮੇਰੀ ਪੇਸ਼ ਨਹੀਂ ਜਾਂਦੀ। ਜੇ ਮੈਨੂੰ ਮੁਕਤੀ ਮਰਨ ਉਪਰੰਤ ਹੀ ਮਿਲਣੀ ਹੈ ਤਾਂ ਕਿਸੇ ਨੂੰ ਕੀ ਪਤਾ ਲੱਗੂ?

ਮੂਏ ਹੂਏ ਜਉ ਮੁਕਤਿ ਦੇਹੁਗੇ
ਮੁਕਤਿ ਨ ਜਾਨੈ ਕੋਇਲਾ॥
(ਭਗਤ ਨਾਮਦੇਵ)

ਆਮ ਲੋਕਾਂ ਨੇ ਦੁੱਖਾਂ ਤੋਂ ਛੁਟਕਾਰਾ ਪਾਉਣ ਲਈ ਘਰ-ਪਰਿਵਾਰ ਛੱਡ ਕੇ ਜੰਗਲਾਂ ਵੱਲ ਭੱਜ ਜਾਣਾ ਵੀ ਸੰਸਾਰ ਤੋਂ ਮੁਕਤ ਹੋਣਾ ਹੀ ਸਮਝਿਆ, ਪਰ ਗੁਰਬਾਣੀ ਨੇ ਇਸ ਤਰੀਕੇ ਦਾ ਵੀ ਖੰਡਨ ਕੀਤਾ। ਜੰਗਲਾਂ ਵਿਚ ਜਾ ਕੇ ਮਨ ਨਹੀਂ ਸਾਧਿਆ ਜਾ ਸਕਦਾ। ਦੁਖ, ਸੁਖ, ਤਾਪ ਦਾ ਮੂਲ ਸਬੰਧ ਮਨ ਨਾਲ ਹੈ। ਜਿਸ ਮਨੁੱਖ ਦਾ ਮਨ ਇਨ੍ਹਾਂ ਪਦਾਰਥਾਂ ਦੇ ਅਸਰ ਤੋਂ ਮੁਕਤ ਹੈ, ਉਹ ਅਸਲੀ ਮੁਕਤੀ ਪ੍ਰਾਪਤ ਕਰ ਲੈਂਦਾ ਹੈ।

ਗੁਰਸਿੱਖ ਮਰਨ ਪਿਛੋਂ ਮਿਲਣ ਵਾਲੀ ਕਿਸੇ ਮੁਕਤੀ ਦੀ ਆਸ਼ਾ ਨਹੀਂ ਕਰਦਾ। ਉਹਦਾ ਸਵਰਗ ਤਾਂ ਇਸੇ ਧਰਤੀ 'ਤੇ ਹੈ, ਉਹ ਜਿਉਂਦੇ-ਜੀ ਮਾਣਦਾ ਹੈ, "ਤਹਾ ਬੈਕੁੰਠ ਜਹ ਕੀਰਤਨ ਤੇਰਾ।"

ਗੁਰਸਿਖ ਤਾਂ ਪ੍ਰਭੂ ਚਰਨਾਂ ਦੀ ਪ੍ਰੀਤ ਮੰਗਦਾ ਹੈ। ਬਾਕੀਆਂ ਵਾਂਗ ਸਵਰਗ ਜਾਂ ਮੁਕਤੀ ਨਹੀਂ ਮੰਗਦਾ।

ਸੁਰਗ ਮੁਕਤਿ ਬੈਕੁੰਠ ਸਭਿ ਬਾਂਛਹਿ
ਨਿਤਿ ਆਸਾ ਆਸ ਕਰੀਜੈ॥
ਹਰਿ ਦਰਸਨ ਕੇ ਜਨ ਮੁਕਤਿ ਨ ਮਾਂਗਹਿ
ਮਿਲਿ ਦਰਸਨ ਤ੍ਰਿਪਤਿ ਮਨੁ ਧੀਜੈ॥

ਇਸ ਜੀਵਨ-ਮੁਕਤੀ ਨੂੰ ਪਾਉਣ ਦਾ ਕੀ ਢੰਗ ਹੈ? ਇਸ ਦੇ ਰਸਤੇ ਵਿਚ ਕੀ ਰੁਕਾਵਟ ਹੈ?

ਜੀਵਨ ਮੁਕਤ ਹੋਣ ਲਈ ਪ੍ਰਭੂ ਦੀ ਰਜ਼ਾ ਨੂੰ 'ਸ਼ੁਕਰ ਹੈ' ਆਖ ਕੇ ਮੰਨ ਲੈਣਾ, ਆਪਣਾ ਆਪ ਭਾਵ ਹਉਮੈ ਦਾ ਤਿਆਗ ਕਰ ਦੇਣਾ ਹੀ ਇਕੋ ਇਕ ਸਾਧਨ ਹੈ।

ਪ੍ਰਭ ਕੀ ਆਗਿਆ ਆਤਮ ਹਿਤਾਵੈ॥
ਜੀਵਨ ਮੁਕਤਿ ਸੋਊ ਕਹਾਵੈ॥
ਸਤਿਗੁਰ ਭਾਇ ਚਲਹੁ ਜੀਵਤਿਆ
ਇਵ ਮਰੀਐ ਰਾਮ॥
ਆਪੁ ਤਿਆਗਿ ਹੋਈਐ ਸਭ ਰੇਣਾ
ਜੀਵਤਿਆ ਇਉ ਮਰੀਐ॥

ਦੁੱਖ-ਸੁੱਖ ਬਰਾਬਰ ਕਰ ਕੇ ਜਾਣਨਾ, ਹਰਖ ਸੋਗ ਵਿਚ ਮਨ ਸਥਿਰ ਰੱਖਣਾ, ਉਸਤਤਿ ਨਿੰਦਿਆ, ਮਾਨ ਅਭਿਮਾਨ ਦਾ ਅਸਰ ਨਾ ਕਬੂਲਣਾ, ਬਸ ਇਹ ਹੀ ਜੀਵਨ ਮੁਕਤ ਹੋਣਾ ਹੈ।

ਗੁਰੂ ਤੇਗ ਬਹਾਦਰ ਅਨੁਸਾਰ "ਮੁਕਤਿ ਤਾਹਿ ਤੈ ਜਾਨਿ" ਉਹਨੂੰ ਹੀ ਕਿਹਾ ਜਾ ਸਕਦਾ ਹੈ।

ਸਾਡਾ ਸਿੱਖ ਇਤਿਹਾਸ ਜੀਵਨ ਮੁਕਤਿਆਂ ਨਾਲ ਭਰਿਆ ਪਿਆ ਹੈ। ਗੁਰੂ ਅਰਜਨ ਦੇਵ ਤੱਤੀ ਤਵੀ 'ਤੇ ਬੈਠੇ, ਗੁਰ ਤੇਗ ਬਹਾਦਰ ਦਾ ਸੀਸ ਧੜ ਤੋਂ ਅਲੱਗ ਕਰ ਦਿਤਾ ਗਿਆ, ਭਈ ਮਨੀ ਸਿੰਘ ਦੇ ਬੰਦ ਬੰਦ ਕੱਟੇ ਗਏ, ਭਾਈ ਤਾਰੂ ਸਿੰਘ ਦੀ ਖੋਪਰੀ ਲਾਹ ਦਿੱਤੀ ਗਈ, ਭਾਈ ਮਤੀ ਦਾਸ ਦੇ ਸਰੀਰ ਨੂੰ ਆਰੇ ਨਾਲ ਦੋਫਾੜ ਕੀਤਾ ਗਿਆ, ਸਤੀ ਦਾਸ ਨੂੰ ਇਕ ਖੰਬੇ ਨਾਲ ਬੰਨ੍ਹ ਕੇ, ਰੂਈ ਵਿਚ ਲਪੇਟ ਕੇ ਸਾੜ ਦਿੱਤਾ ਗਿਆ, ਭਾਈ ਦਿਆਲਾ ਜੀ ਨੂੰ ਦੇਗ ਵਿਚ ਉਬਾਲਿਆ ਗਿਆ-ਕਿਸੇ ਇਕ ਨੇ ਵੀ ਸ਼ਿਕਾਇਤ ਨਹੀਂ ਕੀਤੀ। ਭਾਣਾ ਮਿੱਠਾ ਕਰ ਕੇ ਮੰਨਿਆ।


ਮਨ ਤੇ ਤਨ ਪ੍ਰਭੂ ਦੇ ਹਵਾਲੇ ਕੀਤੇ ਬਿਨਾ ਜੀਵਨ ਮੁਕਤ ਨਹੀਂ ਹੋਇਆ ਜਾ ਸਕਦਾ। ਮਨ ਤਾਂ ਮਸਤ ਹਾਥੀ ਦੇ ਵਾਂਗ ਹੈ, ਆਪਣੇ ਆਕਾਰ ਦੇ ਅਹੰਕਾਰ ਵਿਚ ਮਸਤ ਹੈ। ਮੁਕਤ-ਦੁਆਰ ਮੰਨ ਲਓ, ਇਕ ਰਾਈ ਦੇ ਦਾਣੇ ਦੇ ਦਸਵੇਂ ਹਿੱਸੇ ਦੇ ਬਰਾਬਰ ਹੀ ਹੈ। ਮਨ ਇਸ ਦੁਆਰ ਵਿਚੋਂ ਕਿਵੇਂ ਲੰਘ ਸਕਦਾ ਹੈ, ਜਦ ਤਕ ਆਪਣੇ ਹੰਕਾਰ ਦੇ ਅਕਾਰ ਨੂੰ ਨਹੀਂ ਸੁੰਗਾੜਦਾ। ਇਹ ਮਨ ਤਾਂ ਸਿਰਫ ਗੁਰੂ ਦੀ ਪਕੜ ਵਿਚ ਹੀ ਆ ਸਕਦਾ ਹੈ। ਗੁਰੂ ਦੀ ਸ਼ਰਨੀਂ ਪੈਣ ਨਾਲ, ਜੀਵਨ ਮੁਕਤ ਹੋਣ ਲਈ ਕੋਈ ਯਤਨ ਨਹੀਂ ਕਰਨਾ ਪੈਂਦਾ।

ਕਬੀਰ ਮੁਕਤਿ ਦੁਆਰਾ ਸੰਕੁਰਾ
ਰਾਈ ਦਸਏਂ ਭਾਇ॥
ਮਨੁ ਤਉ ਮੈਗਲੁ ਹੋਇ ਰਹਿਓ
ਨਿਕਸੋ ਕਿਉ ਕੈ ਜਾਇ॥
ਕਬੀਰ ਐਸਾ ਸਤਿਗੁਰੁ ਜੇ ਮਿਲੈ
ਤੁਠਾ ਕਰੇ ਪਸਾਉ॥
ਮੁਕਤਿ ਦੁਆਰਾ ਮੋਕਲਾ
ਸਹਜੇ ਆਵਉ ਜਾਉ॥

ਸੋ, ਸਿੱਟਾ ਇਹ ਨਿਕਲਦਾ ਹੈ ਕਿ ਸਤਿਗੁਰੂ ਦੀ ਕਿਰਪਾ ਤੇ ਉਸ ਦੇ ਹੁਕਮ ਰਜਾਈ ਵਿਚ ਚਲ ਕੇ ਹੀ ਜੀਵਣ-ਮੁਕਤ ਦੀ ਅਵਸਥਾ ਪ੍ਰਾਪਤ ਹੋ ਸਕਦੀ ਹੈ।

ਗੁਰ ਪਰਸਾਦੀ ਜੀਵਤੁ ਮਰੈ
ਹੁਕਮੈ ਬੂਝੈ ਸੋਇ॥
ਨਾਨਕ ਐਸੀ ਮਰਨੀ ਜੋ ਮਰੈ
ਤਾ ਸਦ ਜੀਵਣੁ ਹੋਇ॥

# ਪਾਸ਼ ਦੀ ਵਾਰਤਕ ਵਿਚ ਮਿਲਖਾ ਸਿੰਘ ਦੀ ਆਤਮ ਕਥਾ


ਮਿਲਖਾ ਸਿੰਘ: ਬੁਢਾਪੇ 'ਚ ਅਤੇ ਜਵਾਨੀ ਵੇਲੇ

ਪੰਜਾਬੀ ਖੇਡ ਸਾਹਿਤ 1



ਪ੍ਰਿੰ. ਸਰਵਣ ਸਿੰਘ
ਫੋਨ: 91-94651-01651

ਅਵਤਾਰ ਸਿੰਘ ਸੰਧੂ ਉਰਫ ਪਾਸ਼ ਨੂੰ ਕੌਣ ਨਹੀਂ ਜਾਣਦਾ? ਉਹ ਪੰਜਾਬੀ ਦਾ ਨਾਮਵਰ ਨਕਸਲੀ ਕਵੀ ਸੀ। ਉਡਦੇ ਬਾਜਾਂ ਮਗਰ ਉਡਣ ਵਾਲਾ ਬਾਜ, ਸਿਰੇ ਦਾ ਇਨਕਲਾਬੀ; ਪਰ ਇਹ ਗੱਲ ਬਹੁਤ ਘੱਟ ਲੋਕ ਜਾਣਦੇ ਹੋਣਗੇ ਕਿ ਉਹਦੀ ਕਵਿਤਾ ਵਾਂਗ ਉਹਦੀ ਵਾਰਤਕ ਵੀ ਕਮਾਲ ਦੀ ਸੀ। ਉਸ ਨੇ ਵਾਰਤਕ ਦੀ ਇਕੋ ਕਿਤਾਬ ਲਿਖੀ ਤੇ ਉਹ ਵੀ ਮਿਲਖਾ ਸਿੰਘ ਦੇ ਨਾਂ। ਕਾਸ਼! ਉਹ ਖੁੱਲ੍ਹ ਕੇ ਵਾਰਤਕ ਲਿਖਦਾ। ਫਿਰ ਉਸ ਦੀ ਵਾਰਤਕ ਦੀ ਵੀ ਉਹਦੀ ਕਵਿਤਾ ਵਾਂਗ ਮਹਿਮਾ ਹੁੰਦੀ। ਸ਼ਮਸ਼ੇਰ ਸਿੰਘ ਸੰਧੂ ਕੋਲ ਲੇਖਕਾਂ, ਗਾਇਕਾਂ ਤੇ ਖਿਡਾਰੀਆਂ ਦੇ ਬਹੁਤ ਸਾਰੇ ਭੇਤ ਹਨ, ਜੋ ਉਹ ਮੂਡ ਵਿਚ ਆਇਆ ਆਪਣੇ ਮਿੱਤਰਾਂ ਨਾਲ ਸਾਂਝੇ ਕਰਦਾ ਰਹਿੰਦੈ। 'ਫਲਾਈਂਗ ਸਿੱਖ ਮਿਲਖਾ ਸਿੰਘ' ਦੀ ਆਤਮ ਕਥਾ ਲਿਖਣ ਦਾ ਵੇਰਵਾ ਵੀ ਸ਼ਮਸ਼ੇਰ ਸੰਧੂ ਨੇ ਹੀ ਮੈਨੂੰ ਦਿੱਤਾ ਸੀ। ਬੜਾ ਰੋਚਕ ਵੇਰਵਾ ਹੈ ਕਿ ਇਸ ਪੁਸਤਕ ਦਾ ਆਖਰੀ ਕਾਂਡ ਸੁਖਨਾ ਲੇਕ ਦੇ ਕੰਢੇ ਕਿਵੇਂ ਲਿਖਿਆ ਗਿਆ? ਅੰਗਰੇਜ਼ੀ ਦੇ ਇਕ ਵੱਡੇ ਅਖਬਾਰ ਵਿਚ ਲੇਖ ਛਪਿਆ, 'ਪਾਸ਼ ਦੀ ਪ੍ਰੋਜ਼ ਦੇ ਪਰਾਂ ਉਤੇ ਉਡਦਾ ਮਿਲਖਾ ਸਿੰਘ!'

ਪਾਸ਼ ਸ਼ਮਸ਼ੇਰ ਦਾ ਪੱਗ-ਵੱਟ ਨਹੀਂ, ਲੰਗੋਟੀ-ਵੱਟ ਯਾਰ ਸੀ, ਪਰ ਸੀ ਰੁਸੇਵਿਆਂ ਮਨੇਵਿਆਂ ਵਾਲਾ। ਉਨ੍ਹਾਂ ਦੀ ਆਪਸ ਵਿਚ ਤਿੱਖੀ ਤਕਰਾਰ ਵੀ ਹੁੰਦੀ ਰਹਿੰਦੀ ਸੀ। ਉਹ ਬਹਿਸਦੇ ਸਨ, ਰੁੱਸਦੇ ਸਨ ਤੇ ਛੇਤੀ ਮੰਨ ਵੀ ਜਾਂਦੇ ਸਨ। ਸ਼ਮਸ਼ੇਰ ਲਿਖਦੈ, "ਅਸੀਂ ਆਪਸ ਵਿਚ ਲੜ ਵੀ ਪੈਂਦੇ ਸੀ। ਬੜੀ ਵਾਰ ਲੜੇ। ਕਈ ਵਾਰ ਲੜੇ। ਵਾਰ ਵਾਰ ਲੜੇ। ਕਿਸੇ ਕਿਸੇ ਵਾਰੀ ਤਾਂ ਇੰਜ ਹੁੰਦਾ ਸੀ ਕਿ ਬੱਸ ਇਹ ਆਖਰੀ ਲੜਾਈ ਹੈ ਤੇ ਮੁੜ ਇਕ-ਦੂਜੇ ਦੇ ਮੱਥੇ ਨਹੀਂ ਲੱਗਾਂਗੇ, ਪਰ ਕਦੇ ਚਿੱਠੀਆਂ ਰਾਹੀਂ ਸੁਲ੍ਹਾ-ਸਫਾਈ ਹੋ ਜਾਂਦੀ ਸੀ, ਕਦੇ ਆਹਮੋ-ਸਾਹਮਣੇ ਹੁੰਦਿਆਂ ਅੱਖਾਂ ਮਿਲਣ 'ਤੇ। ਅਸੀਂ ਕਿਉਂ ਲੜਦੇ ਸੀ, ਇਹ ਵੀ ਨਹੀਂ ਸੀ ਪਤਾ ਲੱਗਦਾ ਅਤੇ ਏਨਾ ਅਰਸਾ ਬੀਤਣ 'ਤੇ ਵੀ ਕੁਝ ਨਹੀਂ ਸੁੱਝ ਰਿਹਾ ਕਿ ਕਿਉਂ ਲੜਦੇ ਸੀ? ਉਂ ਪਛਤਾਵਾ ਜਿਹਾ ਜ਼ਰੂਰ ਹੈ। ਜੇ ਪਤਾ ਹੁੰਦਾ ਪਾਸ਼ ਨੇ ਸਦਾ ਲਈ ਵਿਛੜ ਜਾਣਾ ਤਾਂ ਸ਼ਾਇਦ ਇਕ ਵਾਰ ਵੀ ਨਾ ਲੜਦੇ!"

ਪਾਸ਼ ਦਾ ਜਨਮ 9 ਸਤੰਬਰ 1950 ਨੂੰ ਨਕੋਦਰ ਨੇੜੇ ਪਿੰਡ ਤਲਵੰਡੀ ਸਲੇਮ ਵਿਚ ਹੋਇਆ ਸੀ ਤੇ ਉਹਦਾ ਕਤਲ ਵੀ ਤਲਵੰਡੀ ਸਲੇਮ ਵਿਚ ਹੀ 23 ਮਾਰਚ 1988 ਨੂੰ ਹੋਇਆ। ਬਾਅਦ ਵਿਚ ਉਹਦੇ ਜੀਵਨ ਤੇ ਰਚਨਾ ਬਾਰੇ ਪੁਸਤਕ 'ਤਲਵੰਡੀ ਸਲੇਮ ਨੂੰ ਜਾਂਦੀ ਸੜਕ' ਲਿਖੀ ਗਈ।

ਪਾਸ਼ ਦੀ ਰਚਨਾ ਪੰਜਾਬੀ ਖੇਡ ਸਾਹਿਤ ਦਾ ਵਧੀਆ ਨਮੂਨਾ ਹੈ। ਮੈਂ ਅੱਜ ਕੱਲ੍ਹ 'ਚੋਣਵਾਂ ਪੰਜਾਬੀ ਖੇਡ ਸਾਹਿਤ' ਪੁਸਤਕ ਤਿਆਰ ਕਰ ਰਿਹਾਂ। 'ਫਲਾਈਂਗ ਸਿੱਖ ਮਿਲਖਾ ਸਿੰਘ' ਪੁਸਤਕ ਵਿਚੋਂ ਪਾਸ਼ ਦੀ ਵਾਰਤਕ ਦੇ ਕੁਝ ਅੰਸ਼ ਹਾਜ਼ਰ ਹਨ। ਮਿਲਖਾ ਸਿੰਘ ਨੇ ਪੁਸਤਕ ਦੇ 'ਧੰਨਵਾਦੀ ਸ਼ਬਦ' ਸਿਰਲੇਖ ਹੇਠਾਂ ਲਿਖਿਆ ਹੈ, "ਪਾਸ਼ ਅਤੇ ਤਰਸੇਮ ਪੁਰੇਵਾਲ ਦਾ ਧੰਨਵਾਦੀ ਹਾਂ, ਜਿਨ੍ਹਾਂ ਇਸ ਪੁਸਤਕ ਨੂੰ ਸਿਰੇ ਚੜ੍ਹਾਉਣ ਵਿਚ ਮੇਰਾ ਹੱਥ ਵਟਾਇਆ।" ਅੱਗੇ ਲਿਖਿਆ ਹੈ, "ਮੈਂ ਇਹ ਪੁਸਤਕ, ਦੇਸ਼ ਦੇ ਉਨ੍ਹਾਂ ਖਿਡਾਰੀਆਂ ਦੇ ਨਾਂ ਸੌਂਪਦਾ ਹਾਂ, ਜਿਹੜੇ ਖੇਡ-ਮੈਦਾਨ ਵਿਚ ਜੌਹਰ ਦਿਖਾਉਂਦੇ-ਦਿਖਾਉਂਦੇ ਕਿਸੇ ਦੁਰਘਟਨਾ ਦਾ ਸ਼ਿਕਾਰ ਹੋ ਕੇ ਰੋਜ਼ੀ ਤੋਂ ਆਹਰੀ ਹੋ ਜਾਂਦੇ ਹਨ ਜਾਂ ਆਪਣੇ ਪਿੱਛੇ ਆਪਣੇ ਗਰੀਬ ਪਰਿਵਾਰ ਛੱਡ ਜਾਂਦੇ ਹਨ। ਮੇਰੇ ਮਰਨ ਬਾਅਦ ਇਸ ਪੁਸਤਕ ਦੀ ਸਾਰੀ ਵੱਟਤ ਮੈਂ 'ਆਲ ਇੰਡੀਆ ਐਥਲੀਟਸ ਵੈਲਫੇਅਰ ਐਸੋਸੀਏਸ਼ਨ' ਦੇ ਨਾਂ ਸਮਰਪਿਤ ਕਰਦਾ ਹਾਂ-ਮਿਲਖਾ ਸਿੰਘ।"

ਹੱਥ ਵਟਾਉਣ ਬਾਰੇ ਦੱਸਣਾ ਉਚਿਤ ਹੋਵੇਗਾ ਕਿ ਮਿਲਖਾ ਸਿੰਘ ਦੇ ਦੋਸਤ ਤਰਸੇਮ ਪੁਰੇਵਾਲ, ਸੰਪਾਦਕ 'ਦੇਸ ਪ੍ਰਦੇਸ' ਨੇ, ਆਪਣੇ ਮੈਗਜ਼ੀਨ ਲਈ ਪੰਜਾਬ ਤੋਂ ਲਿਖਣ ਸਮੱਗਰੀ ਮੁਹੱਈਆ ਕਰਨ ਵਾਲੇ ਪਾਸ਼ ਤੋਂ ਮਾਣਭੱਤੇ ਸਹਿਤ ਮਿਲਖਾ ਸਿੰਘ ਦੀ ਆਤਮ ਕਥਾ ਲਿਖਵਾਈ ਸੀ। ਕਿੰਨੇ ਮਾਣਭੱਤੇ 'ਚ ਲਿਖਵਾਈ, ਇਹ ਮੇਰੇ ਨਾਲੋਂ ਸੰਧੂ ਨੂੰ ਵੱਧ ਪਤੈ। ਲਓ ਪਾਸ਼ ਦੀ ਖੇਡ ਸ਼ੈਲੀ 'ਚ ਮਿਲਖਾ ਸਿੰਘ ਦੀ ਆਤਮ ਕਥਾ ਦੇ ਰੰਗ ਮਾਣੋ:

ਜ਼ਿੰਦਗੀ ਸ਼ਾਇਦ ਧਰਤੀ ਉਪਰ ਵਾਪਰਨ ਵਾਲੀ ਸਭ ਤੋਂ ਵੱਡੀ ਕਰਾਮਾਤ ਹੈ। ਅਸੰਖਾਂ ਤਾਰਿਆਂ, ਧਰਤੀਆਂ ਤੇ ਸੂਰਜਾਂ ਦੀ ਅਨੰਤ ਕਾਲ ਤੋਂ ਖੇਡੀ ਜਾ ਰਹੀ ਇਸ ਖੇਡ ਵਿਚ ਮਨੁੱਖ ਬੱਸ ਇਕ ਛੋਟਾ ਜਿਹਾ ਖਿਡਾਰੀ ਹੈ। ਮਨੁੱਖੀ ਦਿਲ ਦੀ ਇਕ ਇਕ ਧੜਕਣ ਵਿਚ ਉਤਕਾਂ ਦੀ ਤਾਕਤ, ਫੁਰਤੀ ਅਤੇ ਸੰਭਾਵਨਾਵਾਂ ਹਨ। ਕੁਦਰਤ ਦੇ ਇਸ ਭੇਦ ਨੂੰ ਸਮਝ ਕੇ ਮਨ ਵਿਚ ਵਸਾਉਣ ਵਾਲਾ ਵਿਅਕਤੀ ਜ਼ਰੂਰੀ ਨਹੀਂ ਕਿ ਮਿਲਖਾ ਸਿੰਘ ਹੀ ਹੋਵੇ, ਕੋਈ ਵੀ ਹੋਰ ਹੋ ਸਕਦਾ ਹੈ।

ਜ਼ਿੰਦਗੀ ਦੀ ਇਹ ਖੇਡ ਨਾ ਹੀ ਮੈਂ ਸ਼ੁਰੂ ਕੀਤੀ ਹੈ ਤੇ ਨਾ ਹੀ ਇਹ ਮੇਰੇ ਨਾਲ ਖਤਮ ਹੋਣੀ ਹੈ। ਮੈਂ ਤਾਂ ਸਿਰਫ ਇਕ ਸਦੀ ਦਾ ਕੁਝ ਹਿੱਸਾ ਇਸ ਦੇ ਵਿਸ਼ਾਲ ਸਟੇਡੀਅਮ ਵਿਚ ਆਪਣੇ ਜਿਸਮ ਨੂੰ ਲੈ ਕੇ ਧੜਕਿਆ ਹਾਂ ਤੇ ਕਿਸੇ ਦਿਨ ਹੋਰਨਾਂ ਖਿਡਾਰੀਆਂ ਨੂੰ ਕੰਮਾਂ ਕਾਰਾਂ ਵਿਚ ਰੁੱਝੇ ਹੋਏ ਛੱਡ ਕੇ ਮਲਕੜੇ ਜਿਹੇ ਇਸ ਸਟੇਡੀਅਮ ਵਿਚੋਂ ਬਾਹਰ ਨਿਕਲ ਜਾਵਾਂਗਾ।


ਮੈਨੂੰ ਹਾਲੇ ਤਕ ਨਹੀਂ ਪਤਾ ਕਿ ਮੇਰਾ ਜਨਮ ਕਿਹੜੀ ਘੜੀ, ਕਿਹੜੇ ਦਿਨ ਤੇ ਕਿਹੜੇ ਸਾਲ ਵਿਚ ਹੋਇਆ। ਮੈਂ ਤੇਜ਼ੀ ਨਾਲ ਦੌੜ ਰਹੇ ਸਮੇਂ ਵਿਚ ਬਹੁਤ ਹੌਲੀ ਤੁਰ ਰਹੇ ਪਿੰਡ ਵਿਚ ਪੈਦਾ ਹੋਇਆ ਸਾਂ। ਇਕ ਅਜਿਹੇ ਪਿੰਡ ਵਿਚ, ਜਿਥੋਂ ਦੇ ਲੋਕਾਂ ਲਈ ਉਨ੍ਹਾਂ ਦੀਆਂ ਜਨਮ ਤਰੀਕਾਂ ਦਾ ਕੋਈ ਮਹੱਤਵ ਨਹੀਂ ਸੀ। ਉਨ੍ਹਾਂ ਲੋਕਾਂ ਨੂੰ ਸਿਰਫ ਵਾਪਰ ਰਹੇ 'ਹੁਣ' ਨਾਲ ਹੀ ਵਾਸਤਾ ਸੀ। ਬੀਤ ਗਏ ਜਾਂ ਆਉਣ ਵਾਲੇ ਸਮੇਂ ਉਨ੍ਹਾਂ ਲਈ ਧੁੰਦਲੇ ਜਿਹੇ ਸੁਫਨਿਆਂ ਜਿਹੀ ਵਿਸ਼ੇਸ਼ਤਾ ਰੱਖਦੇ ਸਨ। ਸਾਡਾ ਪਿੰਡ ਸ਼ਹਿਰ ਤੋਂ ਕੋਈ ਛੇ ਕੋਹਾਂ ਦੀ ਵਿੱਥ 'ਤੇ ਸੀ। ਮੇਰੇ ਪਿਤਾ ਸ. ਸੰਪੂਰਨ ਸਿੰਘ ਜੀ, ਬੜੇ ਸਿੱਧੇ ਸਾਦੇ ਅਨਪੜ੍ਹ ਵਿਅਕਤੀ ਸਨ...।

ਖੇਤੀਬਾੜੀ ਸਾਡਾ ਖਾਨਦਾਨੀ ਕਿੱਤਾ ਸੀ। ਦੋ ਕੱਚੇ ਕੋਠਿਆਂ ਦਾ ਘਰ ਸੀ ਸਾਡਾ। ਇਕ ਵਿਚ ਡੰਗਰ ਬੱਝਦੇ ਅਤੇ ਉਹਦੇ ਵਿਚ ਹੀ ਚਾਰਾ ਪਿਆ ਰਹਿੰਦਾ, ਦੂਜੇ ਵਿਚ ਅਸੀਂ ਆਪ ਤੇ ਸਾਡਾ ਨਿੱਕਾ ਮੋਟਾ ਸਾਮਾਨ। ਬੱਸ ਏਹੋ ਸਾਡੀ ਦੁਨੀਆਂ ਸੀ। ਅਸੀਂ ਪੰਜ ਭਰਾ ਤੇ ਤਿੰਨ ਭੈਣਾਂ ਸਨ...।

ਤੜਕੇ ਚਾਰ ਕੁ ਵਜੇ ਉਠ ਕੇ ਅਸੀਂ ਸਕੂਲ ਲਈ ਤੁਰ ਪੈਂਦੇ ਸਾਂ ਤੇ ਛੇ ਕੋਹ ਦੀ ਵਾਟ ਕਰਕੇ ਮਸਾਂ ਪ੍ਰਾਰਥਨਾ ਦੇ ਸਮੇਂ ਸਕੂਲ ਪਹੁੰਚਦੇ ਸਾਂ। ਉਸ ਸਮੇਂ ਲੋਕਾਂ ਕੋਲ ਘੜੀਆਂ ਨਹੀਂ ਸਨ ਹੁੰਦੀਆਂ। ਸ਼ਹਿਰ ਨੂੰ ਆਉਂਦੀ ਗੱਡੀ ਤੋਂ ਅੰਦਾਜ਼ਾ ਲਾਇਆ ਜਾਂਦਾ ਸੀ ਕਿ ਸਕੂਲ ਦਾ ਸਮਾਂ ਹੋ ਗਿਆ ਹੈ। ਸਿਆਲਾਂ ਵਿਚ ਸਕੂਲ ਨੂੰ ਜਾਂਦੇ ਹੋਏ ਸਾਡੇ ਹੱਥ ਪੈਰ ਸੁੰਨ ਹੋ ਜਾਂਦੇ ਸਨ। ਕੋਰਾ ਅੱਖਾਂ ਦਿਆਂ ਭਰਵੱਟਿਆਂ 'ਤੇ ਜੰਮ ਜਾਂਦਾ। ਅਸੀਂ ਸੰਘਣੀਆਂ ਧੁੰਦਾਂ ਵਿਚ ਦੀ ਆਪਣੀ ਪਗਡੰਡੀ ਨੂੰ ਲੱਭ ਲੱਭ ਕੇ ਤੁਰੇ ਜਾਂਦੇ। ਗਰਮੀਆਂ ਵਿਚ ਰੇਤ ਦਿਆਂ ਟਿੱਬਿਆਂ 'ਤੇ ਸਾਡੇ ਪੈਰ ਭੁੱਜ ਕੇ ਖਿੱਲਾਂ ਬਣ ਜਾਂਦੇ। ਇਨ੍ਹਾਂ ਤਪਦਿਆਂ ਟਿੱਬਿਆਂ ਉਤੇ ਮੇਰਾ ਬਚਪਨ ਨਿੱਕੀ ਨਿੱਕੀ ਛਾਂ ਦੇ ਟੁਕੜਿਆਂ ਖਾਤਰ ਦੌੜਦਾ ਰਿਹਾ। ਗਰਮ-ਗਰਮ ਰੇਤੇ ਉਤੇ ਚੱਕਵੇਂ ਪੈਰੀਂ ਦੌੜਨਾ ਅਤੇ ਜਿਥੇ ਕਿਤੇ ਥੋੜ੍ਹੀ ਜਿਹੀ ਛਾਂ ਲੱਭਣੀ, ਉਥੇ ਚੌਫਾਲ ਡਿਗ ਕੇ ਆਪਣੇ ਪੈਰਾਂ ਨੂੰ ਠੰਢੇ ਕਰਨ ਦੀ ਕੋਸ਼ਿਸ਼ ਕਰਨੀ। ਸ਼ਾਇਦ ਇਹ ਮੇਰੇ ਜੀਵਨ ਦੀਆਂ ਪਹਿਲੀਆਂ ਦੌੜਾਂ ਸਨ, ਜਿਨ੍ਹਾਂ ਨੇ ਅੱਗੇ ਜਾ ਕੇ ਮੇਰੇ ਦੌੜਾਕ ਬਣਨ ਵਜੋਂ ਜ਼ਿੰਦਗੀ ਦਾ ਆਧਾਰ ਬਣਨਾ ਸੀ...।

ਫਿਰ 1947 ਦਾ ਕਹਿਰ ਸਾਡੀ ਧਰਤੀ ਉਪਰ ਵਾਪਰਿਆ। ਸਾਮਰਾਜ ਦੀ ਚਾਲ ਨੇ ਸਾਡੇ ਦੇਸ਼ ਵਾਸੀਆਂ ਦੇ ਲਹੂਆਂ ਵਿਚ ਜ਼ਹਿਰ ਘੋਲ ਦਿੱਤਾ। ਲੋਕ ਇਨਸਾਨ ਨਾ ਰਹੇ, ਹਿੰਦੂ ਜਾਂ ਮੁਸਲਮਾਨ ਬਣ ਗਏ। ਫਸਾਦਾਂ ਦਿਆਂ ਪੁੜਾਂ ਵਿਚ ਮਨੁੱਖਤਾ ਦੇ ਸੋਹਲ ਰਿਸ਼ਤੇ ਕੁਚਲੇ ਗਏ। ਧਰਤੀ ਬੇਵਸੀ ਜਿਹੀ ਨਾਲ ਅਸਮਾਨ ਵੱਲ ਤੱਕਦੀ ਰਹੀ ਤੇ ਅਸਮਾਨ ਇਨਸਾਨਾਂ ਦੀ ਮੂਰਖਤਾ ਉਤੇ ਹੱਸਦਾ ਰਿਹਾ। ਮੇਰੇ ਮਾਤਾ-ਪਿਤਾ ਤੇ ਭੈਣ-ਭਰਾ ਮਾਰੇ ਗਏ। ਇਨ੍ਹਾਂ ਘਟਨਾਵਾਂ ਨੇ ਮੈਥੋਂ ਮੇਰਾ ਬਚਪਨ ਖੋਹ ਲਿਆ। ਇਕ ਉਦਾਸੀ ਉਮਰ ਭਰ ਮੇਰੇ ਨਾਲ ਤੁਰੀ। ਅੱਜ ਵੀ ਕਦੇ ਕਦੇ ਮੇਰਾ ਗਵਾਚੀ ਚੰਚਲਤਾ ਲਈ ਰੋਣ ਨੂੰ ਦਿਲ ਕਰਦਾ ਹੈ...।

ਇਹ ਮੇਰਾ ਪਰਿਵਾਰਕ ਪਿਛੋਕੜ ਹੈ। ਮੇਰਾ ਬਚਪਨ, ਮੇਰੀ ਜਨਮ ਭੂਮੀ ਤੇ ਮੇਰੇ ਪਰਿਵਾਰ ਦੇ ਮੋਹ ਭਿੱਜੇ ਚਿਹਰੇ ਅੱਜ ਵੀ ਮੇਰੇ ਦਿਲ ਅੰਦਰ



ਅਵਤਾਰ ਸਿੰਘ ਸੰਧੂ ਉਰਫ ਪਾਸ਼

ਟੁਕੜੇ-ਟੁਕੜੇ ਹੋਏ ਪਏ ਹਨ। ਮੈਂ ਇਨ੍ਹਾਂ ਟੁਕੜਿਆਂ ਨੂੰ ਵਾਰ-ਵਾਰ ਜੋੜਨ ਦੇ ਯਤਨ ਕਰਦਾ ਹਾਂ। ਮੇਰੀਆਂ ਸੱਖਣੀਆਂ ਹਥੇਲੀਆਂ ਖੁੱਲ੍ਹਦੀਆਂ ਤੇ ਬੰਦ ਹੁੰਦੀਆਂ ਹਨ। ਕੁਝ ਵੀ ਪਕੜ ਵਿਚ ਨਹੀਂ ਆਉਂਦਾ...।

ਮੈਂ ਪਿੰਡੋਂ ਨਿਕਲ ਕੇ ਰਾਤੋ ਰਾਤ ਕੋਟ ਅੱਦੂ ਸ਼ਹਿਰ ਤੋਂ ਗੱਡੀ ਜਾ ਫੜੀ। ਇਹ ਗੱਡੀ ਪਿਛਿਉਂ ਖੂਨ ਨਾਲ ਲਿਬੜੀ ਹੋਈ ਆਈ ਸੀ। ਮੈਂ ਇਕ ਜ਼ਨਾਨੇ ਡੱਬੇ ਵਿਚ ਚੋਰੀ ਵੜ ਕੇ, ਬਹਿਣ ਵਾਲੇ ਫੱਟੇ ਥੱਲੇ ਪੈ ਗਿਆ। ਕੁਝ ਬੁਰਕੇ ਵਾਲੀਆਂ ਔਰਤਾਂ ਨੇ ਮੈਨੂੰ ਫੱਟੇ ਥੱਲੇ ਪਏ ਨੂੰ ਵੇਖ ਲਿਆ। ਉਨ੍ਹਾਂ ਮੈਨੂੰ ਕੋਈ ਚੋਰ ਸਮਝਿਆ ਤੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਮੈਂ ਉਨ੍ਹਾਂ ਔਰਤਾਂ ਅੱਗੇ ਹੱਥ ਜੋੜੇ ਤੇ ਉਨ੍ਹਾਂ ਦੇ ਪੈਰ ਫੜ ਕੇ ਆਪਣੀ ਜ਼ਿੰਦਗੀ ਦੀ ਭੀਖ ਮੰਗੀ। ਮੈਂ ਰੋਂਦਿਆਂ ਕੁਰਲਾਉਂਦਿਆਂ ਉਨ੍ਹਾਂ ਨੂੰ ਦੱਸਿਆ ਕਿ ਮੈਂ ਮੁਲਤਾਨ ਜਾਣਾ ਹੈ। ਜੇ ਤੁਸੀਂ ਕਿਸੇ ਮੁਸਲਮਾਨ ਨੂੰ ਦੱਸ ਦਿੱਤਾ ਤਾਂ ਉਨ੍ਹਾਂ ਮੈਨੂੰ ਇਥੇ ਹੀ ਵੱਢ ਛੱਡਣਾ ਹੈ। ਔਰਤ ਦਾ ਦਿਲ ਸ਼ੁਰੂ ਤੋਂ ਹੀ ਤਰਸ ਤੇ ਪਿਆਰ ਦਾ ਖਜ਼ਾਨਾ ਮੰਨਿਆ ਜਾਂਦਾ ਹੈ। ਮੇਰੇ ਇੰਜ ਡਡਿਆਉਣ 'ਤੇ ਉਨ੍ਹਾਂ ਨੂੰ ਦਇਆ ਆ ਗਈ ਤੇ ਉਨ੍ਹਾਂ ਨੇ ਮੇਰੇ ਬਾਰੇ ਕਿਸੇ ਨੂੰ ਵੀ ਨਹੀਂ ਦੱਸਿਆ। ਮੈਂ ਬਚ ਕੇ ਮੁਲਤਾਨ ਪਹੁੰਚ ਗਿਆ। ਉਨ੍ਹਾਂ ਮੁਸਲਮਾਨ ਔਰਤਾਂ ਵਿਚ ਵੀ ਮਮਤਾ ਸੀ, ਜਿਨ੍ਹਾਂ ਮੇਰੀ ਹਿਫਾਜ਼ਤ ਕੀਤੀ।

ਉਸ ਵੇਲੇ ਮੇਰੀ ਉਮਰ 14-15 ਸਾਲ ਦੀ ਸੀ। ਮੇਰੇ ਭਰਾ ਨੇ ਮੈਨੂੰ ਆਪਣੀ ਵਹੁਟੀ ਜੀਤੇ ਨਾਲ ਫੌਜੀ ਟਰੱਕ ਵਿਚ ਬਿਠਾ ਦਿੱਤਾ ਤੇ ਅਸੀਂ ਫਿਰੋਜ਼ਪੁਰ ਪਹੁੰਚ ਗਏ। ਮੈਂ ਨਿਆਸਰਿਆਂ ਵਾਂਗ ਫੌਜੀ ਕੈਂਪਾਂ ਵਿਚ ਘੁੰਮਦਾ ਰਿਹਾ। ਕੁਝ ਸਿਪਾਹੀ ਮੈਨੂੰ ਬੂਟ ਪਾਲਿਸ਼ ਕਰਨ ਦਾ ਕੰਮ ਦੇ ਦਿੰਦੇ ਤੇ ਉਸ ਬਦਲੇ ਵਿਚ ਮੈਨੂੰ ਦੋ ਚਾਰ ਰੋਟੀਆਂ ਤੇ ਲੰਗਰ ਵਿਚੋਂ ਥੋੜ੍ਹੀ ਜਿਹੀ ਦਾਲ ਲਿਆ ਦਿੰਦੇ। ਉਸ ਵਿਚੋਂ ਕੁਝ ਮੈਂ ਆਪ ਖਾ ਲੈਂਦਾ ਤੇ ਕੁਝ ਆਪਣੀ ਭਾਬੀ ਲਈ ਲੈ ਜਾਂਦਾ। ਕਿਸੇ ਕਿਸੇ ਦਿਨ ਭੁੱਖੇ ਭਾਣੇ ਵੀ ਸੌਣਾ ਪੈਂਦਾ। ਫਿਰ ਅਸੀਂ ਦਿੱਲੀ ਪਹੁੰਚ ਗਏ...।

ਜਦ ਕੰਮ ਨਾ ਮਿਲਦਾ, ਕੋਲ ਪੈਸਾ ਨਾ ਹੁੰਦਾ, ਤਾਂ ਚੋਰੀ ਵੀ ਕਰਨੀ ਪਈ। ਸ਼ਾਹਦਰੇ ਰੇਲਵੇ ਸਟੇਸ਼ਨ 'ਤੇ ਮਾਲ ਗੱਡੀਆਂ ਆ ਕੇ ਠਹਿਰਦੀਆਂ ਸਨ। ਅਸੀਂ ਕੁਝ ਮੁੰਡਿਆਂ ਨੇ ਰਲ ਕੇ ਉਥੋਂ ਖੰਡ ਦੀ ਬੋਰੀ, ਚਾਵਲ ਜਾਂ ਪੱਥਰ ਦੇ ਕੋਇਲੇ ਚੋਰੀ ਕਰ ਲਿਆਉਣੇ ਤੇ ਬਜ਼ਾਰ ਵਿਚ ਸਸਤੇ ਭਾਅ ਵੇਚ ਦੇਣੇ। ਮੇਰੀ ਡਿਊਟੀ ਆਮ ਤੌਰ 'ਤੇ ਪਹਿਰੇ ਉਤੇ ਲਾਈ ਜਾਂਦੀ। ਮੇਰੇ ਨਾਲ ਦੇ ਮੁੰਡੇ ਮਾਲ ਗੱਡੀ ਦੇ ਡੱਬਿਆਂ ਵਿਚ ਵੜ ਕੇ ਆਪਣਾ ਹੱਥ ਸਾਫ ਕਰਦੇ ਤੇ ਅਸੀਂ ਰਾਤ ਦੇ ਹਨੇਰੇ ਵਿਚ ਅਲੋਪ ਹੋ ਜਾਂਦੇ। ਪੁਲਿਸ ਨੂੰ ਇਸ ਗੱਲ ਦਾ ਪਤਾ ਲੱਗ ਗਿਆ। ਉਨ੍ਹਾਂ ਸਟੇਸ਼ਨ ਦੀ ਨਿਗਰਾਨੀ ਸਖਤ ਕਰ ਦਿੱਤੀ। ਸਾਡਾ ਪਿੱਛਾ ਕੀਤਾ ਗਿਆ ਤੇ ਮੇਰੇ ਕੁਝ ਸਾਥੀ ਫੜੇ ਗਏ। ਮੈਂ ਕੁਝ ਹੋਰ ਮੁੰਡਿਆਂ ਨਾਲ ਭੱਜਣ ਤੇ ਲੁਕਣ ਵਿਚ ਕਾਮਯਾਬ ਹੋ ਗਿਆ...।

ਸੰਨ 1948 ਵਿਚ ਮੈਂ ਸ਼ਾਹਦਰੇ ਤੋਂ ਦਿੱਲੀ ਬਿਨਾ ਟਿਕਟ ਸਫਰ ਕਰ ਰਿਹਾ ਸਾਂ ਕਿ ਰਸਤੇ ਵਿਚ ਪੁਲਿਸ ਦੇ ਸਪੈਸ਼ਲ ਸਟਾਫ ਨੇ ਚੈਕਿੰਗ ਕੀਤੀ ਤੇ ਮੈਂ ਫੜਿਆ ਗਿਆ। ਮੈਜਿਸਟ੍ਰੇਟ ਨੇ ਮੈਨੂੰ ਸੌ ਰੁਪਏ ਜੁਰਮਾਨਾ ਕਰ ਦਿੱਤਾ। ਜੇ ਮੇਰੇ ਕੋਲ ਸੌ ਰੁਪਿਆ ਹੁੰਦਾ ਤਾਂ ਮੈਂ ਬਿਨਾ ਟਿਕਟ ਸਫਰ ਕਾਹਨੂੰ ਕਰਦਾ? ਮੈਨੂੰ ਤਿੰਨ ਮਹੀਨਿਆਂ ਦੀ ਕੈਦ ਸਖਤ ਸੁਣਾਈ ਗਈ। ਦੋ ਸਿਪਾਹੀ ਮੈਨੂੰ ਹੱਥਕੜੀਆਂ ਮਾਰ ਕੇ ਜੇਲ੍ਹ ਲੈ ਗਏ...। ਆਖਰ ਮੇਰੀ ਭੈਣ ਨੂੰ ਪਤਾ ਲੱਗਾ ਤਾਂ ਵਿਚਾਰੀ ਨੇ ਆਪਣੇ ਕੰਨਾਂ ਦੀਆਂ ਵਾਲੀਆਂ ਗਹਿਣੇ ਰੱਖ ਕੇ 100 ਰੁਪਿਆ ਲਿਆ ਤੇ ਉਹ ਸੌ ਰੁਪਿਆ ਜੁਰਮਾਨੇ ਦੇ ਰੂਪ ਵਿਚ ਅਦਾ ਕਰ ਕੇ 20 ਦਿਨਾਂ ਬਾਅਦ ਮੈਨੂੰ ਜੇਲ੍ਹ ਤੋਂ ਬਾਹਰ ਲਿਆਂਦਾ...।

ਨਵੰਬਰ 1952 ਵਿਚ ਸ੍ਰੀਨਗਰ ਵਿਖੇ ਮੇਰੇ ਫੌਜੀ ਭਰਾ ਨੇ ਸਿਫਾਰਸ਼ ਕਰ ਕੇ ਮੈਨੂੰ ਫੌਜ ਵਿਚ ਭਰਤੀ ਕਰਾ ਦਿੱਤਾ। ਪਹਿਲਾਂ ਤਿੰਨ ਵਾਰ ਮੈਂ ਭਰਤੀ ਹੋਣ ਵਿਚ ਅਸਫਲ ਰਿਹਾ ਸਾਂ। ਸ੍ਰੀਨਗਰ ਤੋਂ ਸਾਨੂੰ ਮਿਲਟਰੀ ਦੀ ਗੱਡੀ ਵਿਚ ਬਿਠਾ ਦਿੱਤਾ ਗਿਆ, ਫਿਰ ਪਠਾਨਕੋਟ ਤੋਂ ਸਿਕੰਦਰਾਬਾਦ ਈ. ਐਮ. ਈ. ਸੈਂਟਰ ਪਹੁੰਚ ਗਿਆ। ਜਦੋਂ ਸਾਡੀ ਟ੍ਰੇਨਿੰਗ ਸ਼ੁਰੂ ਹੋਈ ਤਾਂ ਬੜੇ ਸਖਤ ਕੰਮ ਕਰਨੇ ਪਏ। ਏਨੀ ਸਖਤੀ ਹੋਣ ਲੱਗੀ ਕਿ ਦਿਲ ਕੀਤਾ, ਇਥੋਂ ਭੱਜ ਜਾਵਾਂ। ਸਾਡੇ ਗਰੁੱਪ ਵਿਚੋਂ ਦੋ ਮੁੰਡੇ ਪਹਿਲਾਂ ਹੀ ਦੌੜ ਗਏ ਸਨ। ਸ਼ਾਇਦ ਮੈਂ ਵੀ ਭੱਜ ਜਾਂਦਾ, ਪਰ ਅਚਾਨਕ ਇਕ ਦਿਨ ਅਜਿਹੀ ਘਟਨਾ ਵਾਪਰੀ, ਜਿਸ ਨੇ ਮੇਰੀ ਜ਼ਿੰਦਗੀ ਦਾ ਰੁਖ ਹੀ ਪਲਟ ਦਿੱਤਾ।

ਜਨਵਰੀ 1953, ਸਨਿਚਰਵਾਰ ਦੀ ਇਕ ਰਾਤ ਨੂੰ ਗਿਣਤੀ ਸਮੇਂ ਦੱਸਿਆ ਗਿਆ ਕਿ ਕੱਲ੍ਹ ਛੇ ਮੀਲ ਦੀ ਦੌੜ ਹੋਵੇਗੀ। ਇਸ ਦੌੜ ਵਿਚ ਪਿੱਠੂ ਲੱਗਾ ਹੋਇਆ ਅਤੇ ਮਿਲਟਰੀ ਵਾਲੇ ਵੱਡੇ ਬੂਟ ਪਾਏ ਹੋਣਗੇ, ਪੰਜ ਸੌ ਜੁਆਨਾਂ ਵਿਚੋਂ ਜਿਹੜੇ ਦਸ ਪਹਿਲਾਂ ਆ ਜਾਣਗੇ, ਉਨ੍ਹਾਂ ਦਸਾਂ ਜਵਾਨਾਂ ਦੀ ਡਿਊਟੀ ਮਾਫ ਕਰ ਦਿੱਤੀ ਜਾਵੇਗੀ। ਉਨ੍ਹਾਂ ਨੂੰ ਠੀਕ ਢੰਗ ਨਾਲ ਦੌੜਨ ਦੀ ਟ੍ਰੇਨਿੰਗ ਦਿੱਤੀ ਜਾਵੇਗੀ ਅਤੇ ਦੁੱਧ ਦਾ ਗਲਾਸ ਵੀ ਮਿਲਿਆ ਕਰੇਗਾ। ਮੈਂ ਪਹਿਲੇ ਦਸਾਂ ਵਿਚੋਂ ਛੇਵੇਂ ਨੰਬਰ 'ਤੇ ਆਇਆ। ਇਥੋਂ ਖਿਡਾਰੀ ਦੇ ਤੌਰ 'ਤੇ ਮੇਰੀ ਜ਼ਿੰਦਗੀ ਦਾ ਸਫਰ ਆਰੰਭ ਹੁੰਦਾ ਹੈ। ਉਸ ਰਾਤ ਨੂੰ ਹਾਜ਼ਰੀ ਸਮੇਂ ਸਾਡੇ ਨਾਂ ਬੋਲੇ ਗਏ। ਏਡੀ ਵੱਡੀ ਗਿਣਤੀ ਦੇ ਸਾਹਮਣੇ ਇਕ ਸਿਪਾਹੀ ਦਾ ਨਾਂ ਬੋਲਣਾ ਉਸ ਸਮੇਂ ਬੜੀ ਫਖਰ ਦੀ ਗੱਲ ਸੀ। ਉਸ ਸਮੇਂ ਮੈਨੂੰ ਅਥਾਹ ਖੁਸ਼ੀ ਦਾ ਅਹਿਸਾਸ ਹੋਇਆ।

ਖੇਡਾਂ ਵਿਚ ਖਿਡਾਰੀ ਦੇ ਮਨੋਬਲ ਦੀ ਬਹੁਤ ਅਹਿਮ ਥਾਂ ਹੈ। ਚੈਂਪੀਅਨ ਹੋਣਾ ਜਿੰਨਾ ਸਰੀਰਕ ਮਸਲਾ ਹੈ, ਉਨਾ ਹੀ ਮਨੋਵਿਗਿਆਨਕ ਵੀ ਹੈ। ਮੇਰੇ ਉਸਤਾਦਾਂ ਨੇ ਮੇਰੇ ਮਨ ਵਿਚ ਇਹ ਗੱਲ ਪੂਰੀ ਤਰ੍ਹਾਂ ਭਰ ਦਿੱਤੀ ਕਿ ਮੈਂ 400 ਮੀਟਰ ਬਹੁਤ ਹੀ ਚੰਗਾ ਦੌੜ ਸਕਦਾ ਹਾਂ। ਮੈਂ ਕੋਚ ਸਾਹਿਬਾਨ ਦਾ ਲਿਖ ਕੇ ਦਿੱਤਾ ਹੋਇਆ ਕੰਮ ਬੇਹੱਦ ਜੋਸ਼ ਤੇ ਮਿਹਨਤ ਨਾਲ ਕਰਦਾ ਸਾਂ।

ਮੇਰੀ ਦ੍ਰਿੜਤਾ ਦਾ ਕਾਰਨ ਮੇਰੀ ਜ਼ਿੰਦਗੀ ਦਾ ਪਿਛੋਕੜ ਸੀ। ਜਿਸ ਵੇਲੇ ਮੈਂ ਗਰਾਊਂਡ ਵਿਚ ਦੌੜਦਾ, ਮੇਰਾ ਭੂਤਕਾਲ ਤੇ ਭਵਿੱਖ ਮੇਰੇ ਨਾਲ ਦੌੜ ਰਹੇ ਹੁੰਦੇ।

ਇਸ ਤਰ੍ਹਾਂ ਮੈਂ ਉਲੰਪਿਕ ਵਾਸਤੇ ਇੰਡੀਆ ਦੀ ਟੀਮ ਵਿਚ ਚੁਣਿਆ ਗਿਆ।

ਅਸੀਂ ਮੈਲਬੌਰਨ ਪਹੁੰਚ ਗਏ, ਜਿਥੇ ਉਲੰਪਿਕ ਖੇਡਾਂ ਹੋਣ ਵਾਲੀਆਂ ਸਨ। ਇਨ੍ਹਾਂ ਖੇਡਾਂ ਵਿਚ ਜਾ ਕੇ ਮੈਨੂੰ ਏਨਾ ਲਾਭ ਜ਼ਰੂਰ ਹੋਇਆ ਕਿ ਮੈਂ ਦੁਨੀਆਂ ਦੇ ਬਹੁਤ ਸਾਰੇ ਖਿਡਾਰੀਆਂ ਨੂੰ ਤੱਕਿਆ। ਉਨ੍ਹਾਂ ਤੋਂ ਪ੍ਰੇਰਨਾ ਲਈ ਅਤੇ ਸਿੱਖਣ ਦਾ ਯਤਨ ਕੀਤਾ।

ਸੰਨ 1956 ਤੇ 57 ਦਾ ਵਰ੍ਹਾ ਮੇਰੀ ਕਠਿਨ ਤਪੱਸਿਆ ਦਾ ਸਮਾਂ ਸੀ। ਇਸ ਸਮੇਂ ਵਿਚ ਮੈਂ ਇੰਨੀ ਕਰੜੀ ਮਿਹਨਤ ਕੀਤੀ ਕਿ ਆਪਣੇ ਆਪ ਨੂੰ ਮਿੱਟੀ ਵਿਚ ਮਿਲਾ ਦਿੱਤਾ। ਮੇਰੇ ਉਤੇ ਇਸ ਸ਼ੇਅਰ ਦਾ ਡੂੰਘਾ ਪ੍ਰਭਾਵ ਸੀ,


ਮਿਟਾ ਦੇ ਆਪਣੀ ਹਸਤੀ ਅਗਰ ਕੋਈ ਮਰਤਬਾ ਚਾਹੇ,
ਕਿ ਦਾਣਾ ਖਾਕ ਮੇਂ ਮਿਲ ਕਰ ਗੁਲੋ ਗੁਲਜ਼ਾਰ ਹੋਤਾ ਹੈ।

ਗਰਾਊਂਡ ਮੇਰੇ ਲਈ ਪੂਜਾ ਦਾ ਸਥਾਨ ਬਣ ਗਿਆ। ਉਹਦੇ ਨਿੱਕੇ-ਨਿੱਕੇ ਘਾਹ ਵਿਚ ਜ਼ਿੰਦਗੀ ਦਾ ਫਲਸਫਾ ਦਿਸਣ ਲੱਗ ਪਿਆ। ਮਿਹਨਤ ਅਤੇ ਜੀਅ ਤੋੜਵੀਂ ਮਿਹਨਤ, ਮੇਰਾ ਧਰਮ ਬਣ ਗਈ। ਜ਼ਿੰਦਗੀ ਦੇ ਦੂਜੇ ਸਵਾਦ ਮੇਰੀ ਨਿੱਤ-ਕ੍ਰਿਆ ਵਿਚੋਂ ਇਸ ਤਰ੍ਹਾਂ ਅਲੋਪ ਹੋ ਗਏ, ਜਿਵੇਂ ਕੋਈ ਦਿਨ ਚੜ੍ਹੇ ਰਾਤ ਦੇ ਸੁਫਨਿਆਂ ਨੂੰ ਭੁੱਲ ਜਾਵੇ। ਮੇਰਾ ਚਾਅ, ਮੇਰੀ ਹਸਰਤ, ਮੇਰਾ ਈਮਾਨ, ਸਭ ਕੁਝ ਦੌੜ ਦੇ ਮੈਦਾਨ ਨੂੰ ਸਮਰਪਿਤ ਹੋ ਚੁਕਾ ਸੀ। ਦੌੜਨਾ ਤੇ ਨਵੇਂ ਢੰਗਾਂ ਨਾਲ ਦੌੜਨਾ ਮੇਰਾ ਇਸ਼ਕ ਬਣ ਗਿਆ।

ਟੋਕੀਓ ਅਬਦੁੱਲ ਖਾਲਿਕ ਕੋਲ ਥੱਲਵੀਂ ਲੇਨ ਸੀ ਤੇ ਮੇਰੇ ਕੋਲ ਉਤਲੀ। 100 ਮੀਟਰ ਦੋਹਾਂ ਨੇ ਬੜੀ ਤੇਜ਼ੀ ਨਾਲ ਖਤਮ ਕੀਤੇ। ਅਖੀਰਲੇ ਸੌ ਮੀਟਰ ਸਾਡੇ ਦੋਹਾਂ ਦੇ ਕਦਮ ਮਿਲ ਗਏ ਤੇ ਦੋਹਾਂ ਨੇ ਬਰਾਬਰ ਇਕ ਦੂਜੇ 'ਤੇ ਚੜ੍ਹ ਕੇ ਜ਼ੋਰ

(ਬਾਕੀ ਅਗਲੇ ਸਫੇ 'ਤੇ)

# ਚਾਂਦੀ ਦੀਆਂ ਝਾਂਜਰਾਂ ਘੜਾ ਦੇ ਹਾਣੀਆਂ...



ਝਾਂਜਰਾਂ ਔਰਤਾਂ ਵੱਲੋਂ ਗਿੱਟਿਆਂ 'ਤੇ ਪਹਿਨਿਆ ਜਾਣ ਵਾਲਾ ਬਹੁਤ ਹਰਮਨ ਪਿਆਰਾ ਗਹਿਣਾ ਹੈ। ਸਮੇਂ ਦੇ ਬਦਲਣ ਨਾਲ ਗਹਿਣਿਆਂ ਦੇ ਰੂਪ ਬਦਲਦੇ ਰਹਿੰਦੇ ਹਨ। ਕੋਈ ਸਮਾਂ ਹੁੰਦਾ ਸੀ, ਜਦੋਂ ਚਾਂਦੀ ਦੀਆਂ ਝਾਂਜਰਾਂ ਦੀ ਛਣ-ਛਣ ਦੇ ਨਾਲ ਕਿਸੇ ਦੇ ਘਰ ਦੀ ਰੌਣਕ ਨੂੰ ਭਾਗ ਲੱਗਦੇ ਸਮਝੇ ਜਾਂਦੇ ਸਨ ਤੇ ਝਾਂਜਰ ਘਰ ਵਿਚ ਸੈਂਕੜੇ ਬਰਕਤਾਂ ਦੇ ਨਾਲ-ਨਾਲ ਖੁਸ਼ੀਆਂ ਖੇੜਿਆਂ ਦਾ ਪ੍ਰਤੀਕ ਸਮਝੀ ਜਾਂਦੀ ਸੀ। ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਅਨੁਸਾਰ, "ਇਸਤਰੀਆਂ ਦੇ ਪੈਰਾਂ ਦਾ ਇਕ ਗਹਿਣਾ, ਜੋ ਛਣਕਾਰ ਪੈਦਾ ਕਰਦਾ ਹੈ। ਗਿੱਧਾ ਨੱਚਣ ਲੱਗਿਆਂ ਮੁਟਿਆਰਾਂ ਪੈਰਾਂ ਵਿਚ ਝਾਂਜਰ ਪਾ ਲੈਂਦੀਆਂ ਹਨ ਅਤੇ ਜਦੋਂ ਉਹ ਠੁਮਕਦੀਆਂ ਹਨ ਤੇ ਪੈਰਾਂ ਨਾਲ ਧਮਕ ਦਿੰਦੀਆਂ ਹਨ ਤਾਂ ਛਣ ਛਣ ਦੀ ਧੁਨੀ ਅਨੂਠਾ ਰਸ ਪੈਦਾ ਕਰਦੀ ਹੈ।"



**ਡਾ. ਪ੍ਰਿਤਪਾਲ ਸਿੰਘ ਮਹਿਰੋਕ**
**ਫੋਨ: 91-98885-10185**

(ਪੰਜਾਬੀ ਲੋਕਧਾਰਾ ਵਿਸ਼ਵਕੋਸ਼, ਪੰਨਾ 1428)

ਔਰਤਾਂ ਦੇ ਪੈਰਾਂ ਵਿਚ ਪਹਿਨਿਆ ਜਾਣ ਵਾਲਾ ਚਾਂਦੀ ਦਾ ਗਹਿਣਾ ਝਾਂਜਰ ਅਖਵਾਉਂਦਾ ਹੈ। ਤੁਰਨ ਲੱਗਿਆਂ, ਗਿੱਧੇ ਵਿਚ ਨੱਚਣ ਲੱਗਿਆਂ ਕੁੜੀਆਂ ਦੇ ਪੈਰੀਂ ਪਹਿਨੀਆਂ ਝਾਂਜਰਾਂ ਛਣ-ਛਣ ਦੀ ਆਵਾਜ਼ ਪੈਦਾ ਕਰਦੀਆਂ ਹਨ। ਝਾਂਜਰਾਂ ਦੀ ਆਵਾਜ਼ ਸੁਣਨ ਵਾਲੇ ਨੂੰ ਚੰਗੀ ਲੱਗਦੀ ਹੁੰਦੀ ਸੀ। ਕਿਧਰੇ ਕਿਸੇ ਨੂੰ ਝਾਂਜਰ ਪਹਿਨਣ ਲਈ ਸਿਫਾਰਸ਼ ਕੀਤੀ ਜਾਂਦੀ ਸੀ ਤੇ ਕਿਧਰੇ ਮਨਾਹੀ ਵੀ ਕੀਤੀ ਜਾਂਦੀ ਸੀ। ਅਜਿਹਾ ਕੁਝ ਪੰਜਾਬੀ ਦੇ ਲੋਕ ਗੀਤਾਂ ਵਿਚ ਦਰਜ ਹੋਇਆ ਮਿਲਦਾ ਹੈ,

ਬੂਹੇ ਤੇਰੇ 'ਤੇ ਬੈਠਾ ਜੋਗੀ ਧੂਣੀ ਜਰਾ ਤਪਾਵੀਂ
ਹੱਥ ਜੋਗੀ ਦੇ ਕਾਸਾ ਫੜਿਆ ਖੈਰ ਜਰਾ ਕੁ ਪਾਵੀਂ
ਐਧਰ ਜਾਂਦੀ ਔਧਰ ਜਾਂਦੀ ਝੱਟ ਕੁ ਲੰਘਦੀ ਜਾਵੀਂ
ਨੀ ਵਿਚ ਦਰਵਾਜੇ ਦੇ ਝਾਂਜਰ ਨਾ ਖੜਕਾਵੀਂ...।

ਝਾਂਜਰਾਂ ਨੂੰ ਪੰਜੇਬਾਂ ਵੀ ਕਹਿ ਲਿਆ ਜਾਂਦਾ ਹੈ। ਅਜੋਕੀਆਂ ਪੜ੍ਹੀਆਂ-ਲਿਖੀਆਂ ਕੁੜੀਆਂ ਇਨ੍ਹਾਂ ਨੂੰ ਪਾਇਲ ਵੀ ਕਹਿ ਲੈਂਦੀਆਂ ਹਨ। ਪਾਰਖੂ ਲੋਕ ਸਭ ਨਾਲੋਂ ਬਿਹਤਰ ਤੇ ਫੱਬਵੀਂ ਝਾਂਜਰ ਨੂੰ ਗੁਲਸ਼ਨ ਪੱਟੀ ਕਹਿੰਦੇ ਹਨ। ਇਸ ਵਿਚ ਲਗਪਗ ਡੇਢ ਇੰਚ ਚੌੜੀ ਪੱਟੀ ਦੇ ਹੇਠਲੇ ਹਿੱਸੇ ਨਾਲ ਬਹੁਤ ਸੰਘਣੇ ਘੁੰਗਰੂ ਲੱਗੇ ਹੁੰਦੇ ਹਨ। ਇਨ੍ਹਾਂ ਨੂੰ ਬੋਰ ਵੀ ਕਹਿ ਲਿਆ ਜਾਂਦਾ ਹੈ। ਇਨ੍ਹਾਂ ਤੋਂ ਪੈਦਾ ਹੋਣ ਵਾਲੀ ਛਣ-ਛਣ ਦੀ ਆਵਾਜ਼ ਅਤੇ ਦਿੱਖ ਬਾਕੀ ਝਾਂਜਰਾਂ ਦੇ ਮੁਕਾਬਲੇ ਵਧੀਆ ਹੁੰਦੀ ਹੈ। ਝਾਂਜਰ ਦੇ ਉਪਰਲੇ ਹਿੱਸੇ (ਪੱਟੀ) ਵਿਚ ਨਕਾਸ਼ੀ ਕੀਤੀ ਗਈ ਹੁੰਦੀ ਹੈ। ਨਕਾਸ਼ੀ ਦੇ ਨਮੂਨਿਆਂ ਦੀ ਕੋਈ ਹੱਦ ਨਹੀਂ ਹੁੰਦੀ। ਝਾਂਜਰ ਦੇ ਸਿਰਿਆਂ 'ਤੇ ਲੰਮੀਆਂ ਚੂੜੀਆਂ (ਕਬਜ਼ੇ ਵਾਲੇ ਪੇਚ) ਕੱਸੀਆਂ ਜਾਂਦੀਆਂ ਹਨ।

ਝਾਂਜਰ ਪਹਿਨ ਕੇ ਮੜ੍ਹਕ-ਮੜ੍ਹਕ ਕੇ ਚੱਲਦੀਆਂ ਮੁਟਿਆਰਾਂ ਦੀ ਚਾਲ ਵੇਖਣ ਵਾਲੀ ਤੇ ਝਾਂਜਰਾਂ ਦੀ ਛਣਕਾਰ ਸੁਣਨ ਵਾਲੀ ਹੁੰਦੀ ਸੀ। ਗੁਲਸ਼ਨ ਪੱਟੀ ਨਾਲ ਰਲਦੀਆਂ ਮਿਲਦੀਆਂ ਝਾਂਜਰਾਂ ਨੂੰ ਪਟੜੀਆਂ ਵੀ ਕਹਿ ਲਿਆ ਜਾਂਦਾ ਸੀ। ਉਹ ਬਹੁਤ ਭਾਰੀਆਂ ਹੁੰਦੀਆਂ ਸਨ।

ਗੁਲਸ਼ਨ ਪੱਟੀ ਦੇ ਨਾਲ-ਨਾਲ ਹਜ਼ਾਰ ਦਾਣਾ ਨਾਂ ਦੀ ਝਾਂਜਰ ਨੂੰ ਵੀ ਔਰਤਾਂ ਬੜੇ ਚਾਅ, ਪਿਆਰ ਤੇ ਉਤਸ਼ਾਹ ਨਾਲ ਪਹਿਨਦੀਆਂ ਰਹੀਆਂ ਹਨ। ਹਜ਼ਾਰ ਦਾਣਾ ਝਾਂਜਰ ਦੀ ਪੱਟੀ, ਗੁਲਸ਼ਨ ਪੱਟੀ ਦੀ ਪੱਟੀ ਨਾਲੋਂ ਕੁਝ ਘੱਟ ਚੌੜੀ ਹੁੰਦੀ ਸੀ। ਕਹਿੰਦੇ ਹਨ, ਉਸ ਨੂੰ ਇੱਕ ਹਜ਼ਾਰ ਘੁੰਗਰੂ ਲਾਏ ਗਏ ਹੁੰਦੇ ਸਨ, ਇਸੇ ਕਰਕੇ ਉਸ ਨੂੰ 'ਹਜ਼ਾਰ ਦਾਣਾ' ਝਾਂਜਰ ਕਿਹਾ ਜਾਂਦਾ ਸੀ। ਇਸ ਨਾਲ ਲਾਏ ਗਏ ਘੁੰਗਰੂਆਂ 'ਤੇ ਬੜੀ ਕਾਰੀਗਰੀ ਨਾਲ ਨਿੱਕੀਆਂ-ਨਿੱਕੀਆਂ ਗੋਲੀਆਂ ਪਾਈਆਂ ਗਈਆਂ ਹੁੰਦੀਆਂ ਸਨ, ਜਿਨ੍ਹਾਂ ਨਾਲ ਘੁੰਗਰੂਆਂ ਦੀ ਛਣਕਾਰ ਵੱਧ ਜਾਂਦੀ ਸੀ। ਇਸ ਝਾਂਜਰ ਨੂੰ ਚੂੜੀਦਾਰ ਪੇਚ ਨਾਲ ਬੀੜਿਆ ਜਾਂਦਾ ਸੀ।

ਝਾਂਜਰ ਦੀ ਤੀਜੀ ਵੰਨਗੀ ਘੱਟ ਚੌੜੀ ਸਾਧਾਰਨ ਝਾਂਜਰ ਦੀ ਹੁੰਦੀ ਹੈ, ਜਿਸ ਨੂੰ ਸ਼ਕੁੰਤਲਾ ਜਾਂ ਸ਼ਕੁੰਤਲਾ ਚੇਨ ਕਹਿ ਲਿਆ ਜਾਂਦਾ ਹੈ। ਇਸ ਨੂੰ ਘੁੰਗਰੂ ਬਹੁਤ ਘੱਟ ਲੱਗੇ ਹੁੰਦੇ ਹਨ। ਇਸ ਨੂੰ ਪਹਿਨਣ ਉਪਰੰਤ ਬੰਦ ਕਰਨ ਲਈ ਚੂੜੀਦਾਰ ਪੇਚਾਂ ਦੀ ਥਾਂ 'ਤੇ ਹੁੱਕ ਲਾਈ ਹੁੰਦੀ ਹੈ। ਲਗਪਗ ਪਿਛਲੀ ਅੱਧੀ ਸਦੀ ਦੇ ਸਮੇਂ ਤੋਂ ਲੈ ਕੇ ਹੁਣ ਤਕ ਵਧੇਰੇ ਕਰਕੇ ਇਸ ਤੀਜੀ ਵੰਨਗੀ ਵਿਚ ਰੱਖੀ ਜਾਂਦੀ ਰਹੀ ਝਾਂਜਰ (ਸ਼ਕੁੰਤਲਾ) ਨੂੰ ਪਹਿਨਣ ਦਾ ਰਿਵਾਜ ਵਧੇਰੇ ਰਿਹਾ ਹੈ। ਬਹੁਤ ਘੱਟ ਘੁੰਗਰੂਆਂ ਵਾਲੀ ਸ਼ਕੁੰਤਲਾ ਚੇਨ ਨੂੰ ਬਾਲੜੀਆਂ ਵੀ ਬੜੇ ਚਾਅ ਨਾਲ ਪਹਿਨਦੀਆਂ ਹਨ। ਹੁਣ ਕੁੜੀਆਂ ਛਣਕਾਰ ਰਹਿਤ ਤੇ ਘੱਟ ਤੋਂ ਘੱਟ ਭਾਰ ਵਾਲੀ ਸ਼ਕੁੰਤਲਾ ਚੇਨ ਪਹਿਨਣੀ ਪਸੰਦ ਕਰਦੀਆਂ ਹਨ।

ਸੁੰਦਰ ਗਹਿਣਿਆਂ ਨਾਲ ਆਪਣਾ ਸ਼ਿੰਗਾਰ ਕਰਨਾ ਔਰਤ ਦੀ ਯੁੱਗਾਂ ਪੁਰਾਣੀ ਰੀਝ ਹੈ। ਪੈਰਾਂ ਵਿਚ ਉਹ ਝਾਂਜਰਾਂ, ਬਾਂਕਾਂ ਤੇ ਪੰਜੇਬਾਂ ਪਹਿਨਦੀ ਆਈ ਹੈ। ਉਨ੍ਹਾਂ ਦੀਆਂ ਵੰਨਗੀਆਂ ਅਨੁਸਾਰ ਉਨ੍ਹਾਂ ਨੂੰ ਨੇਰਾਂ, ਸ਼ਕੁੰਤਲਾ, ਪਟੜੀਆਂ, ਸਿਕੰਦਰੀਆਂ ਆਦਿ ਵੀ ਕਿਹਾ ਜਾਂਦਾ ਰਿਹਾ ਹੈ। ਨੇਰਾਂ ਬਾਰੀਕ ਜ਼ੰਜੀਰ ਵਾਲੀਆਂ ਦੋ ਘੁੰਗਰੂਆਂ ਨਾਲ ਜੜੀਆਂ ਝਾਂਜਰਾਂ ਹੁੰਦੀਆਂ ਹਨ। ਦੋ ਇੰਚ ਦੇ ਕਰੀਬ ਚੌੜੀਆਂ ਜ਼ਿਆਦਾ ਘੁੰਗਰੂਆਂ ਵਾਲੀਆਂ ਝਾਂਜਰਾਂ ਨੂੰ ਪੰਜੇਬਾਂ ਜਾਂ ਪਟੜੀਆਂ ਕਿਹਾ ਜਾਂਦਾ ਹੈ। ਔਰਤਾਂ ਵਿਚ ਇਹ ਆਮ ਪਹਿਨਿਆ ਜਾਣ ਵਾਲਾ ਗਹਿਣਾ ਹੈ। ਪੁਰਸ਼ ਹਾਸੇ-ਮਜ਼ਾਕ ਵਿਚ ਆਪਣੀ ਪਤਨੀ ਨੂੰ ਝਾਂਜਰਾਂ ਵਾਲੀ ਕਹਿ ਦਿੰਦੇ ਸਨ। ਝਾਂਜਰਾਂ ਪਹਿਨਣ ਦਾ ਚਾਅ ਰੱਖਦੀ ਪਤਨੀ ਆਪਣੇ ਮਾਹੀ ਨੂੰ ਕਹਿੰਦੀ ਹੈ,

ਸਾਡੀ ਇੱਕੋ ਇੱਕ ਰੀਝ ਪੁਗਾ ਦੇ ਹਾਣੀਆਂ
ਮੈਨੂੰ ਚਾਂਦੀ ਦੀਆਂ ਝਾਂਜਰਾਂ ਘੜਾ ਦੇ ਹਾਣੀਆਂ...।
ਜੇ ਤੂੰ ਸੁਨਿਆਰੇ ਕੋਲੋਂ ਨੱਤੀਆਂ ਘੜਾਉਣੀਆਂ
ਮੇਰੀ ਮੁੰਦਰੀ 'ਚ ਨਗ ਜੜਵਾ ਦੇ ਹਾਣੀਆਂ
ਮੈਨੂੰ ਚਾਂਦੀ ਦੀਆਂ ਝਾਂਜਰਾਂ ਘੜਾ ਦੇ ਹਾਣੀਆਂ...।

ਜਦੋਂ ਉਸ ਦਾ ਮਾਹੀ ਉਸ ਦੀ ਇੱਛਾ ਪੂਰੀ ਕਰ ਦਿੰਦਾ ਹੈ ਤਾਂ ਉਸ ਕੋਲੋਂ ਆਪਣੀ ਖੁਸ਼ੀ ਸੰਭਾਲੀ ਨਹੀਂ ਜਾਂਦੀ,

ਮਾਹੀ ਮੇਰੇ ਨੇ ਝਾਂਜਰਾਂ ਭੇਜੀਆਂ, ਮੈਂ ਪਾ ਕੇ ਛਣਕਾਵਾਂ
ਜੇ ਕੋਠੇ 'ਤੇ ਗਿੱਧਾ ਹੋਵੇ, ਬਿਨ ਪੌੜੀ ਚੜ੍ਹ ਜਾਵਾਂ...।

ਪੰਜਾਬਣਾਂ ਦਾ ਝਾਂਜਰ ਨਾਲ ਬਹੁਤ ਗੂੜ੍ਹਾ ਸਬੰਧ ਹੈ। ਕਈ ਮੌਕਿਆਂ 'ਤੇ ਝਾਂਜਰਾਂ ਤੋਂ ਸੱਖਣੇ ਪੈਰਾਂ ਨੂੰ ਚੰਗਾ ਨਹੀਂ ਸੀ ਸਮਝਿਆ ਜਾਂਦਾ। ਪੰਜਾਬੀ ਲੋਕ ਗੀਤਾਂ ਵਿਚ ਝਾਂਜਰ ਦਾ ਜ਼ਿਕਰ ਕਈ ਤਰ੍ਹਾਂ ਨਾਲ ਕੀਤਾ ਗਿਆ ਹੈ,

ਜੱਟੀ ਅੱਡੀਆਂ ਕੂਚਦੀ ਮਰ'ਗੀ
ਬਾਂਕਾਂ ਨਾ ਜੁੜੀਆਂ।

ਕਿਸੇ ਸਮੇਂ ਔਰਤਾਂ ਵੱਧ ਭਾਰ ਵਾਲੀਆਂ ਤੇ ਵੱਧ ਛਣਕਾਰ ਪੈਦਾ ਕਰਨ ਵਾਲੀਆਂ ਝਾਂਜਰਾਂ ਪਹਿਨਣਾ ਪਸੰਦ ਕਰਦੀਆਂ ਸਨ। ਝਾਂਜਰ ਦੀ ਛਣ-ਛਣ ਨੂੰ ਔਰਤ ਦੇ ਇੱਧਰ-ਉੱਧਰ ਜਾਣ ਦੀ ਖਬਰ ਦੇਣ ਵਾਲੇ ਸੂਹੀਏ ਦੇ ਅਰਥ ਵਜੋਂ ਵੀ ਲਿਆ ਜਾਂਦਾ ਰਿਹਾ ਹੈ। ਅਜਿਹੇ ਅਰਥ ਕੱਢਣੇ ਸਮਾਜਕ ਤੌਰ 'ਤੇ ਔਰਤ ਨਾਲ ਵਧੀਕੀ ਸੀ। ਝਾਂਜਰ ਪਹਿਨ ਕੇ ਔਰਤ ਕੋਲੋਂ ਆਪਣੀ ਖੁਸ਼ੀ ਨਹੀਂ ਸੀ ਸੰਭਾਲੀ ਜਾਂਦੀ,

ਝਾਂਜਰਾਂ ਘੜਾ ਦੇ ਮਿੱਤਰਾ
ਤੇਰੇ ਦਰਾਂ ਮੂਹਰੇ ਆ ਕੇ ਖੜਕਾਵਾਂ।

ਪਾਣੀ ਡੋਲ੍ਹ ਗਈ ਝਾਂਜਰਾਂ ਵਾਲੀ
ਕੈਂਠੇ ਵਾਲਾ ਤਿਲਕ ਪਿਆ।

ਦੁੱਧ ਰਿੜਕੇ ਝਾਂਜਰਾਂ ਵਾਲੀ
ਕੈਂਠੇ ਵਾਲਾ ਧਾਰ ਕੱਢਦਾ।

ਅੱਗ ਲਾ ਗਈ ਝਾਂਜਰਾਂ ਵਾਲੀ
ਲੈਣ ਆਈ ਪਾਣੀ ਦਾ ਛੰਨਾ।

ਪੈਰੀਂ ਝਾਂਜਰਾਂ ਗਲੀ ਦੇ ਵਿਚ ਗਾਰਾ
ਘਰ ਤੇਰਾ ਦੂਰ ਮਿੱਤਰਾ।

ਪੰਜਾਬੀ ਲੋਕ ਗੀਤਾਂ ਵਿਚ ਝਾਂਜਰਾਂ ਦੇ ਪ੍ਰਸੰਗ ਵਿਚ ਕਈ ਤਰ੍ਹਾਂ ਦੀ ਨੋਕ-ਝੋਕ ਹੋਈ ਮਿਲਦੀ ਹੈ, ਜਿਨ੍ਹਾਂ ਦਾ ਜ਼ਿਕਰ ਕਰਨਾ ਇੱਥੇ ਕਠਿਨ ਹੈ। ਝਾਂਜਰਾਂ ਦੇ ਪ੍ਰਸੰਗ ਵਿਚ ਵੱਖ ਵੱਖ ਮੌਕਿਆਂ 'ਤੇ ਕੋਈ ਨਾ ਕੋਈ ਸੰਵਾਦ ਰਚਾਇਆ ਜਾਂਦਾ ਰਿਹਾ ਹੈ,

ਸ਼ਾਮ ਘਟਾ ਚੜ੍ਹ ਆਈ ਮੁੰਡਿਆ
ਬੋਰ ਝਾਂਜਰਾਂ ਦੇ
ਪਾਉਂਦੇ ਨੇ ਦੁਹਾਈ ਮੁੰਡਿਆ।

ਗੋਰਿਆਂ ਪੈਰਾਂ ਦੇ ਵਿਚ ਚਾਂਦੀ ਦੀਆਂ ਝਾਂਜਰਾਂ
ਨੱਚਣ ਲੱਗੀ ਨੇ ਲਈਆਂ ਪਾ,
ਆਪੇ ਮੁਟਿਆਰੇ ਨੀ ਤੂੰ ਪਾਈ ਜਾਵੇਂ ਬੋਲੀਆਂ
ਐਨਾਂ ਤੈਨੂੰ ਨੱਚਣੇ ਦਾ ਚਾਅ।

ਸਮਾਜਚਾਰੇ ਵਿਚ ਝਾਂਜਰ ਨੂੰ ਔਰਤ ਦੇ ਪੈਰੀਂ ਪਈ ਬੇੜੀ ਕਹਿ ਕੇ ਤ੍ਰਿਸਕਾਰਿਆ ਵੀ ਜਾਂਦਾ ਰਿਹਾ ਹੈ।

ਦੁਹਾਈ ਪਾਉਂਦੇ ਝਾਂਜਰਾਂ ਦੇ ਬੋਲ ਕੰਨਾਂ ਨੂੰ ਚੁਭਦੇ ਹਨ। ਸਮੇਂ ਦੇ ਬਦਲਣ ਨਾਲ ਉਹ ਨਾਰੀ ਮਨ ਨੂੰ ਵੀ ਚੁਭਣ ਲੱਗ ਪਏ। ਨਾਰੀ ਸੂਝ, ਸੋਚ, ਜਾਗਰੂਕਤਾ ਤੇ ਚੇਤਨਾ ਨੇ ਕਰਵਟ ਲਈ ਤਾਂ ਨਾਰੀ ਨੇ ਝਾਂਜਰ ਪਹਿਨਣ ਉੱਪਰ ਪ੍ਰਸ਼ਨ ਉਠਾਉਣੇ ਸ਼ੁਰੂ ਕਰ ਦਿੱਤੇ ਹਨ। ਵਿਗਿਆਨਕ ਪਹੁੰਚ ਤੇ ਬੌਧਿਕਤਾ ਯੁਕਤ ਸਮੇਂ ਦੇ ਪਾਸਾਰ ਨਾਲ ਕੰਪਿਊਟਰ ਯੁੱਗ ਦੀ ਔਰਤ ਦੇ ਵਿਚਾਰਾਂ ਵਿਚ ਵੱਡੀ ਤਬਦੀਲੀ ਆਈ ਹੈ ਤੇ ਸਮੇਂ ਦੀ ਦ੍ਰਿਸ਼ਾਵਲੀ ਵਿਚ ਵੀ ਵੱਡਾ ਪਰਿਵਰਤਨ ਵਾਪਰਿਆ ਹੈ।

ਔਰਤ ਨੇ ਹੌਲੀ ਹੌਲੀ ਕਲਾਈਆਂ ਵਿਚ ਪਹਿਨੀਆਂ ਜਾਣ ਵਾਲੀਆਂ ਚੂੜੀਆਂ ਅਤੇ ਪੈਰਾਂ ਦੀਆਂ ਝਾਂਜਰਾਂ ਨੂੰ ਗੁਲਾਮ ਸਮਾਜਕ ਵਿਵਸਥਾ ਦੇ ਸੰਕੇਤਾਂ ਵਜੋਂ ਸਮਝਣਾ ਸ਼ੁਰੂ ਕਰ ਦਿੱਤਾ ਤੇ ਉਹ ਅਜਿਹੇ ਗਹਿਣੇ ਪਹਿਨਣ ਤੋਂ ਮੁਨਕਰ ਹੋਣ ਲੱਗੀ ਹੈ। ਗਹਿਣੇ ਦੀ ਇਸ ਵੰਨਗੀ ਦਾ ਮਹੱਤਵ ਬੇਸ਼ੱਕ ਬਣਿਆ ਰਹਿਣਾ ਹੈ, ਪਰ ਸਮਕਾਲ ਦੇ ਪ੍ਰਸੰਗ ਵਿਚ ਇਹ ਔਰਤ ਵੱਲੋਂ ਲਿਆ ਗਿਆ ਕ੍ਰਾਂਤੀਕਾਰੀ ਫੈਸਲਾ ਸਮਝਿਆ ਜਾਣਾ ਚਾਹੀਦਾ ਹੈ। ਔਰਤ ਜੇ ਗੁਲਾਮੀ ਦੇ ਪ੍ਰਤੀਕ ਸਮਝੇ ਜਾਣ ਵਾਲੇ ਇਸ ਗਹਿਣੇ ਨੂੰ ਪਹਿਨਣ ਤੋਂ ਮੁਨਕਰ ਹੋ ਰਹੀ ਹੈ ਤਾਂ ਇਸ ਨੂੰ ਸ਼ੁਭ ਸੰਕੇਤ ਸਮਝਿਆ ਜਾਣਾ ਚਾਹੀਦਾ ਹੈ।

# ਪਾਸ਼ ਦੀ ਵਾਰਤਕ 'ਚ ਮਿਲਖਾ ਸਿੰਘ ਦੀ ਆਤਮ ਕਥਾ

*(ਪਿਛਲੇ ਸਫੇ ਦੀ ਬਾਕੀ)*

ਲਾਉਣਾ ਸ਼ੁਰੂ ਕਰ ਦਿੱਤਾ। ਫਿਨਿਸ਼ ਲਾਈਨ ਤੋਂ ਤਿੰਨ ਚਾਰ ਗਜ ਪਹਿਲਾਂ ਮੇਰੀ ਸੱਜੀ ਲੱਤ ਦਾ ਮਸਲ ਖਿੱਚਿਆ ਗਿਆ। ਮੇਰੀ ਸੱਜੀ ਲੱਤ ਖੱਬੀ ਵਿਚ ਫਸ ਗਈ ਤੇ ਮੈਂ ਭੁੜਕ ਕੇ ਫਿਨਿਸ਼ ਲਾਈਨ ਉਤੇ ਜਾ ਡਿੱਗਿਆ। ਅਬਦੁੱਲ ਖਾਲਿਕ ਵੀ ਉਸੇ ਵਕਤ ਟੇਪ ਨੂੰ ਛੋਹਿਆ। ਕੈਮਰੇ ਦੇ ਫੋਟੋ ਆਉਣ ਤੋਂ ਅੱਧਾ ਘੰਟਾ ਪਿਛੋਂ ਐਲਾਨ ਹੋਇਆ ਕਿ ਮਿਲਖਾ ਸਿੰਘ ਅੱਵਲ ਆਇਆ ਹੈ ਤੇ ਅਬਦੁੱਲ ਖਾਲਿਕ ਦੂਜੇ ਨੰਬਰ 'ਤੇ। ਅਬਦੁੱਲ ਖਾਲਿਕ ਦੀਆਂ ਅੱਖਾਂ 'ਚ ਹੰਝੂ ਭਰ ਆਏ। ਮੈਂ ਸੋਨੇ ਦਾ ਦੂਜਾ ਤਗਮਾ ਜਿੱਤ ਕੇ ਏਸ਼ੀਆ ਦਾ ਬੈਸਟ ਐਥਲੀਟ ਬਣ ਗਿਆ।

ਮੈਂ ਕਮਰੇ ਵਿਚ ਪਹੁੰਚ ਕੇ ਬੀਤੇ ਦੀਆਂ ਸੋਚਾਂ 'ਚ ਖੋ ਗਿਆ: ਪਿੰਡੋਂ ਇਕ ਗੰਵਾਰ ਜਿਹਾ ਮੁੰਡਾ ਲੁਕ-ਲੁਕਾ ਕੇ ਗੱਡੀ ਚੜ੍ਹਦਾ ਹੈ। ਫਟਿਆਂ ਥੱਲੇ ਸਾਹ ਘੜੀਸ ਕੇ ਪਏ ਨੂੰ ਔਰਤਾਂ ਦੇਖ ਲੈਂਦੀਆਂ ਹਨ, ਮੁੰਡਾ ਗਿੜ-ਗੜਾ ਰਿਹਾ ਹੈ...ਮੁੰਡਾ ਆਪਣੇ ਗੋਡੇ 'ਤੇ ਬੂਟ ਰੱਖ ਕੇ ਪਾਲਸ਼ ਨਾਲ ਲਿਸ਼ਕਾ ਰਿਹਾ ਹੈ...ਮੁੰਡਾ ਕਾਰਖਾਨੇ ਵਿਚ ਆਪਣੀ ਚਰਬੀ ਢਾਲ ਰਿਹਾ... ਮੁੰਡੇ ਵਿਚ ਜਿਉਣ ਦੀ ਭਾਵਨਾ ਖੌਰੂ ਪਾ ਰਹੀ ਹੈ...ਹੁਣ ਉਹ ਉੱਚਾ ਉਠਣਾ ਸ਼ੁਰੂ ਕਰਦਾ ਹੈ, ਉਚਾ ਹੀ ਉੱਚਾ...ਦੁਨੀਆਂ ਦੀ ਸ਼ਾਨੋ-ਸ਼ੌਕਤ ਦੇ ਮੀਨਾਰਾਂ ਦੇ ਹਾਣ ਦਾ ਉਹਦਾ ਕੱਦ ਹੋ ਰਿਹਾ ਹੈ...।

1958 ਦੀਆਂ ਕਾਮਨਵੈੱਲਥ ਖੇਡਾਂ ਕਾਰਡਿਫ ਵਿਚ ਹੋਈਆਂ ਸਨ। 400 ਮੀਟਰ ਦੀ ਫਾਈਨਲ ਦੌੜ ਦਾ ਜੋ ਨਜ਼ਾਰਾ ਪਾਸ਼ ਦੀ ਕਲਮ ਨੇ ਪੇਸ਼ ਕੀਤਾ, ਉਹ ਪੰਜਾਬੀ ਖੇਡ ਸਾਹਿਤ ਦਾ ਉੱਤਮ ਨਮੂਨਾ ਹੈ: ਪਹਿਲੀ ਤਿੰਨ ਸੌ ਮੀਟਰ ਦੌੜ ਮੈਂ ਬੜੇ ਜ਼ੋਰ ਨਾਲ ਖਿੱਚੀ। ਜਦ ਮੈਲਸਪੈਂਸ ਨੇ ਮੈਨੂੰ ਵੇਖਿਆ ਕਿ ਮਿਲਖਾ ਸਿੰਘ ਬੜੀ ਤੇਜ਼ੀ ਨਾਲ ਜਾ ਰਿਹੈ ਤਾਂ ਉਸ ਨੇ ਮੈਨੂੰ ਫੜਨ ਦੀ ਕੋਸ਼ਿਸ਼ ਕੀਤੀ। ਜਿਸ ਵੇਲੇ ਤਿੰਨ ਸੌ ਗਜ ਦੌੜ ਚੁੱਕਿਆ ਤਾਂ ਮੈਂ ਸਭ ਤੋਂ ਅੱਗੇ ਸੀ ਤੇ ਜਦ ਮੈਂ ਚੋਰ ਅੱਖ ਨਾਲ ਥੋੜ੍ਹਾ ਪਿਛਾਂਹ ਨੂੰ ਵੇਖਿਆ ਤਾਂ ਮੈਲਸਪੈਂਸ ਦੇ ਪੈਰਾਂ ਦੀ ਆਵਾਜ਼ ਮੇਰੇ ਕੰਨੀਂ ਪਈ। ਉਹ ਮੇਰੇ ਮੋਰਾਂ 'ਤੇ ਚੜ੍ਹ ਆਇਆ ਸੀ। ਮੈਂ ਪਿੱਛੇ ਨੂੰ ਵੇਖਣਾ ਛੱਡ ਦਿੱਤਾ। ਮੈਂ ਉਤਨੇ ਹੀ ਜ਼ੋਰ ਨਾਲ ਅੱਗੇ ਵਧਦਾ ਰਿਹਾ। ਜਦ ਪੰਜਾਹ ਗਜ ਰਹਿ ਗਏ ਤਾਂ ਮੈਨੂੰ ਸਫੈਦ ਧਾਗਾ ਦਿਸਣਾ ਸ਼ੁਰੂ ਹੋ ਗਿਆ। ਮੈਂ ਇਕੱਲਾ ਅਗਾਂਹ ਨੂੰ ਵਧ ਰਿਹਾ ਸੀ, ਪਰ ਮੈਨੂੰ ਮੈਲਸਪੈਂਸ ਦਾ ਡਰ ਸੀ ਕਿ ਹੁਣ ਵੀ ਅੱਗੇ ਨਿਕਲਿਆ, ਹੁਣ ਵੀ ਨਿਕਲਿਆ। ਪਰ ਉਹ ਅੱਗੇ ਨਾ ਨਿਕਲ ਸਕਿਆ ਤੇ ਇਕ ਗਜ ਦੀ ਵਿੱਥ ਅਖੀਰ ਤਕ ਬਣੀ ਰਹੀ। 'ਕਮ ਆਨ ਸਿੰਘ' 'ਕਮ ਆਨ ਸਿੰਘ' ਦਾ ਸ਼ੋਰ ਮੇਰੇ ਕੰਨਾਂ ਵਿਚ ਗੂੰਜ ਰਿਹਾ ਸੀ, ਜਦ ਮੈਂ ਧਾਗਾ ਜਾ ਤੋੜਿਆ। ਫਿਰ ਮੈਨੂੰ ਦੁਨੀਆਂ ਦੀ ਕੋਈ ਹੋਸ਼ ਨਾ ਰਹੀ। ਮੈਂ ਬੇਹੋਸ਼ ਹੋ ਕੇ ਡਿੱਗ ਪਿਆ। ਕੁਝ ਆਵਾਜ਼ਾਂ ਮੇਰੇ ਕੰਨਾਂ ਵਿਚ ਪੈ ਰਹੀਆਂ ਸਨ, ਪਰ ਕੋਈ ਸ਼ਬਦ ਨਹੀਂ ਸੀ ਬਣ ਰਿਹਾ। ਨਾ ਕੁਝ ਅੱਖਾਂ ਤੋਂ ਨਜ਼ਰ ਆ ਰਿਹਾ ਸੀ। ਦੱਸਿਆ ਜਾਂਦਾ ਹੈ ਕਿ ਜਦ ਮੈਂ ਗਰਾਊਂਡ ਵਿਚ ਲੰਮਾ ਪਿਆ ਸੀ ਤਾਂ ਦੋ ਨਰਸਾਂ ਤੇ ਦੋ ਡਾਕਟਰ ਦੌੜ ਕੇ ਗਰਾਊਂਡ ਵਿਚ ਆ ਵੜੇ ਤੇ ਮੈਨੂੰ ਸਟਰੈਚਰ ਵਿਚ ਪਾ ਕੇ ਡਾਕਟਰ ਵਾਲੇ ਕਮਰੇ ਵਿਚ ਲੈ ਗਏ। ਜਾਂਦਿਆਂ ਹੀ ਉਨ੍ਹਾਂ ਮੈਨੂੰ ਆਕਸੀਜਨ ਚੜ੍ਹਾ ਦਿੱਤੀ ਅਤੇ ਠੰਢੇ ਤੌਲੀਏ ਨੂੰ ਮੇਰੇ ਮੂੰਹ, ਲੱਤਾਂ ਅਤੇ ਬਾਹਾਂ ਉਤੇ ਫੇਰਨ ਲੱਗ ਪਏ। ਗੁਲੂਕੋਜ਼ ਦਾ ਪਾਣੀ ਵੀ ਮੇਰੇ ਮੂੰਹ ਵਿਚ ਪਾਇਆ ਗਿਆ। ਪੰਦਰਾਂ ਮਿੰਟਾਂ ਬਾਅਦ ਮੈਨੂੰ ਹੋਸ਼ ਆਈ। ਮੈਨੂੰ ਕਿਹਾ ਗਿਆ ਕਿ ਤੁਸੀਂ ਰੇਸ ਜਿੱਤ ਗਏ ਹੋ ਤੇ ਤੁਹਾਨੂੰ ਟੈਲੀਵਿਜ਼ਨ ਸੈਂਟਰ ਬੁਲਾਇਆ ਜਾ ਰਿਹਾ ਹੈ। ਜਦ ਮੈਂ ਸਟੇਡੀਅਮ ਵਿਚ ਕੱਪੜੇ ਵਾਪਸ ਲੈਣ ਗਿਆ ਤਾਂ ਤਾੜੀਆਂ ਦੀ ਗੂੰਜ ਨੇ ਮੈਨੂੰ ਕੰਬਾਅ ਦਿੱਤਾ। ਖੁਸ਼ੀ ਨਾਲ ਮੁਸਕਰਾਉਂਦੇ ਨੇ ਮੈਂ ਸਟੇਡੀਅਮ ਦਾ ਚੱਕਰ ਲਾਇਆ। ਟੈਲੀਵਿਜ਼ਨ ਵਾਲੇ ਮੈਨੂੰ ਕਮਰੇ ਵਿਚ ਲੈ ਗਏ। ਉਨ੍ਹਾਂ ਪੁੱਛਿਆ, "ਮਿਸਟਰ ਸਿੰਘ, ਇਹ ਦੌੜ ਜਿੱਤਣ ਮਗਰੋਂ ਤੈਨੂੰ ਕੀ ਮਹਿਸੂਸ ਹੁੰਦਾ ਹੈ?"

ਮੈਂ ਉੱਤਰ ਦਿੱਤਾ, "ਮੈਂ ਉਹੀ ਕੁਝ ਮਹਿਸੂਸ ਕਰਦਾ ਹਾਂ ਜੋ ਕੋਈ ਜੇਤੂ ਦੌੜ ਜਿੱਤਣ ਮਗਰੋਂ ਕਰ ਸਕਦਾ ਹੈ।" ਅਗਲਾ ਸਵਾਲ ਸੀ, "ਇਸ ਜਿੱਤ ਦੇ ਵੇਲੇ ਤੂੰ ਆਪਣੇ ਮੁਲਕ ਲਈ ਕੋਈ ਸੰਦੇਸ਼ ਭੇਜਣਾ ਚਾਹੇਂਗਾ?" ਮੈਂ ਜਵਾਬ ਦਿੱਤਾ, "ਐ ਮੇਰੇ ਦੇਸ਼, ਤੇਰੇ ਪੁੱਤਰ ਨੇ ਆਪਣਾ ਫਰਜ਼ ਅਦਾ ਕਰ ਦਿੱਤਾ ਹੈ ਤੇ ਏਹੋ ਮੰਗ ਮੈਂ ਆਪਣੇ ਦੇਸ਼ ਦੇ ਹੋਰ ਨੌਜਵਾਨਾਂ ਤੋਂ ਕਰਾਂਗਾ।"

ਖਾਸ ਗੱਲ ਇਹ ਸੀ ਕਿ ਮਿਲਖਾ ਸਿੰਘ ਤੋਂ ਪਹਿਲਾਂ ਕੋਈ ਹੋਰ ਹਿੰਦੁਸਤਾਨੀ ਖਿਡਾਰੀ ਬ੍ਰਿਟਿਸ਼ ਅੰਪਾਇਰ ਐਂਡ ਕਾਮਨਵੈਲਥ ਗੇਮਜ਼ ਖੇਡਾਂ ਵਿਚ ਅੱਵਲ ਨਹੀਂ ਸੀ ਆਇਆ...।

ਤੇ 1960 ਵਿਚ ਲੱਗੀ ਲਾਹੌਰ ਦੀ ਦੌੜ ਦਾ ਨਜ਼ਾਰਾ ਪਾਸ਼ ਨੇ ਇੰਜ ਬਿਆਨ ਕੀਤਾ: ਸਟਾਰਟਰ ਸਾਡੇ ਪਿੱਛੇ ਇਕ ਟੇਬਲ 'ਤੇ ਖੜ੍ਹਾ ਹੋ ਗਿਆ। ਉਸ 'ਆਨ ਯੂਅਰ ਮਾਰਕ' ਕਿਹਾ ਤੇ ਫਾਇਰ ਕਰ ਦਿੱਤਾ। ਦੌੜ ਸ਼ੁਰੂ ਹੋ ਗਈ। ਚੁੱਪ ਬੈਠੇ ਦਰਸ਼ਕਾਂ ਦੇ ਮੂੰਹ ਖੁੱਲ੍ਹ ਗਏ। 'ਪਾਕਿਸਤਾਨ ਜ਼ਿੰਦਾਬਾਦ' ਤੇ 'ਅਬਦੁੱਲ ਖਾਲਿਕ ਅੱਗੇ ਵਧੇ' ਦੇ ਨਾਅਰੇ ਗੂੰਜਣ ਲੱਗੇ। ਜਿਸ ਵੇਲੇ ਮੇਰਾ ਮੋਢਾ ਉਸ ਦੇ ਮੋਢੇ ਨਾਲ ਮਿਲਿਆ ਤਾਂ ਉਹ ਦੌੜਦੇ-ਦੌੜਦੇ ਸਖਤ ਹੋਣਾ ਸ਼ੁਰੂ ਹੋ ਗਿਆ ਤੇ ਉਸ ਦੀ ਸਪੀਡ ਘਟਣੀ ਸ਼ੁਰੂ ਹੋ ਗਈ। ਮੇਰੇ ਕਦਮ ਜੋਸ਼ ਨਾਲ ਇਉਂ ਉਠ ਰਹੇ ਸਨ, ਜਿਵੇਂ ਮੇਰਾ ਸਾਰਾ ਸਰੀਰ ਹਵਾ ਵਿਚ ਉਡਿਆ ਜਾ ਰਿਹਾ ਹੋਵੇ। 200 ਮੀਟਰ ਦੀ ਦੌੜ ਮੈਂ ਅਬਦੁੱਲ ਖਾਲਿਕ ਤੋਂ 10 ਗਜ ਅੱਗੇ ਖਤਮ ਕੀਤੀ ਤੇ ਵਰਲਡ ਰਿਕਾਰਡ ਮੁਕਾਬਲੇ ਦਾ ਟਾਈਮ 20.7 ਸਕਿੰਟ ਕੱਢਿਆ।

ਦੌੜ ਮਗਰੋਂ ਮੈਨੂੰ ਸਟੇਡੀਅਮ ਦਾ ਇਕ ਚੱਕਰ ਲਾਉਣ ਲਈ ਕਿਹਾ ਗਿਆ। ਮੈਂ ਜਦ ਦੌੜ ਕੇ ਚੱਕਰ ਲਾ ਰਿਹਾ ਸਾਂ ਤਾਂ ਮਾਈਕ ਤੋਂ ਅਨਾਊਂਸ ਕੀਤਾ ਗਿਆ, "ਮਿਲਖਾ ਸਿੰਘ, ਜਿਹੜਾ ਤੁਹਾਡੇ ਅੱਗਿਓਂ ਦੀ ਲੰਘ ਰਿਹਾ ਹੈ, ਇਹ ਦੌੜਿਆ ਨਹੀਂ ਸਗੋਂ ਉਡਿਆ ਹੈ। ਇਸ ਦੀ ਇਹ ਜਿੱਤ ਪਾਕਿਸਤਾਨ ਦੇ ਇਤਿਹਾਸ ਵਿਚ ਲਿਖੀ ਜਾਵੇਗੀ ਤੇ ਅਸੀਂ ਇਸ ਨੂੰ 'ਫਲਾਈਂਗ ਸਿੱਖ' ਦਾ ਖਿਤਾਬ ਦਿੰਦੇ ਹਾਂ।"

ਮੈਂ ਚੱਕਰ ਕੱਟਦਾ ਹੋਇਆ ਔਰਤਾਂ ਦੇ ਪਾਸੇ ਗਿਆ ਤਾਂ ਉਨ੍ਹਾਂ ਮੂੰਹਾਂ ਤੋਂ ਬੁਰਕੇ ਚੁੱਕ ਦਿੱਤੇ ਤਾਂ ਜੋ ਮੈਨੂੰ ਚੰਗੀ ਤਰ੍ਹਾਂ ਵੇਖ ਸਕਣ। ਮਗਰੋਂ ਬੁਰਕੇ ਚੁੱਕਣ ਵਾਲੀ ਘਟਨਾ ਦਾ ਜ਼ਿਕਰ ਬਹੁਤ ਸਾਰੀਆਂ ਅਖਬਾਰਾਂ ਵਿਚ ਹੋਇਆ। ਲਾਹੌਰ ਤੋਂ ਹੀ ਮੈਨੂੰ 'ਫਲਾਈਂਗ ਸਿੱਖ' ਕਿਹਾ ਜਾਣਾ ਸ਼ੁਰੂ ਹੋ ਗਿਆ। ਤੇ ਹੌਲੀ-ਹੌਲੀ ਪੂਰੀ ਦੁਨੀਆਂ ਵਿਚ ਮੇਰਾ ਨਾਂ 'ਫਲਾਈਂਗ ਸਿੱਖ' ਹੀ ਮਸ਼ਹੂਰ ਹੋ ਗਿਆ।

ਅਖੀਰ ਵਿਚ ਪੁਸਤਕ 'ਫਲਾਈਂਗ ਸਿੱਖ ਮਿਲਖਾ ਸਿੰਘ' ਦੇ ਮੁੱਖ ਬੰਦ ਦਾ ਮੁਢਲਾ ਪੈਰਾ ਦੇਣਾ ਵੀ ਵਾਜਬ ਹੋਵੇਗਾ: ਖਿਡਾਰੀ ਹੋਣ ਦਾ ਅਰਥ ਤਪੱਸਵੀ ਹੋਣਾ ਹੈ। 'ਸਪੋਰਟਸਮੈਨਸ਼ਿਪ' ਦੇ ਸਹਿਜ ਅਰਥਾਂ ਨੂੰ ਵਾਚੀਏ ਤਾਂ ਇਹ ਗੁਰੂਆਂ, ਪੀਰਾਂ ਦੇ ਦੱਸੇ ਪੰਜ ਤੱਤਾਂ-ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦਾ ਨਾਸ਼ ਕਰਨਾ ਹੀ ਹੈ। ਵਾਟਰਲੂ ਦੀ ਲੜਾਈ ਕਿਵੇਂ ਵੀ ਜਿੱਤੀ ਗਈ ਹੋਵੇ, ਬੰਦਾ ਬਹਾਦਰ ਦੀਆਂ ਵਿਸ਼ਾਲ ਜਿੱਤਾਂ ਦਾ ਗੁਰੂ ਸਾਹਿਬ ਵੱਲੋਂ ਹੋਲਾ-ਮਹੱਲਾ ਵਿਚ ਪ੍ਰਚਲਿਤ ਕੀਤੀਆਂ ਖੇਡ ਪਰੰਪਰਾਵਾਂ ਨਾਲ ਡੂੰਘਾ ਸਬੰਧ ਹੈ। ਇਸੇ ਤਰ੍ਹਾਂ ਯੂਨਾਨ ਦੀ ਪੂਰਵ-ਵਿਕਸਿਤ ਸਭਿਅਤਾ ਦੇ ਆਧਾਰਾਂ ਨੂੰ ਸਮਝਣ ਲਈ, ਉਥੋਂ ਦੀ ਖੇਡ-ਪਰੰਪਰਾ ਦੇ ਯੋਗਦਾਨ ਤੇ ਮਹੱਤਵ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਜੇ ਅੱਜ ਸਾਰੀ ਦੁਨੀਆਂ, ਦਰਸ਼ਨ, ਵਿਗਿਆਨ ਅਤੇ ਕਲਾ-ਖੇਤਰਾਂ ਵਿਚ ਯੂਨਾਨ ਦੀ ਦੇਣਦਾਰ ਹੈ ਤਾਂ ਇਸ ਦਾ ਸਬੱਬ, ਪ੍ਰਾਚੀਨ ਯੂਨਾਨੀਆਂ ਦਾ ਖੇਡਾਂ ਪ੍ਰਤੀ ਅਦਭੁੱਤ ਨਜ਼ਰੀਆ ਹੀ ਹੈ। ਯੂਨਾਨ ਦੀ ਫਿਲਾਸਫੀ ਦਾ ਮੱਤ ਹੈ, ਸਿਰਫ ਸਿਹਤਮੰਦ ਸਰੀਰ ਵਿਚ ਹੀ ਪਵਿੱਤਰ ਆਤਮਾ ਨਿਵਾਸ ਕਰ ਸਕਦੀ ਹੈ।

ਤੋੜਾ: ਮਿਲਖਾ ਸਿੰਘ ਦਾ ਕਹਿਣਾ ਹੈ ਕਿ ਮੇਰੇ ਘਰ ਕਦੇ ਚੋਰ ਨਹੀਂ ਵੜੇ। ਚੋਰਾਂ ਨੂੰ ਪਤਾ ਹੈ, ਭੱਜਣ ਨਹੀਂ ਦੇਵਾਂਗਾ; ਪਰ ਇਕ ਲਤੀਫਾ ਉਹਦੇ ਬਾਰੇ ਫਿਰ ਵੀ ਜੁੜ ਗਿਆ-ਮਿਲਖਾ ਸਿੰਘ ਦੇ ਘਰ ਇਕ ਵਾਰ ਚੋਰ ਆ ਵੜੇ। ਪਤਨੀ ਨੇ ਜਾਗ ਆ ਜਾਣ 'ਤੇ ਮਿਲਖਾ ਸਿੰਘ ਨੂੰ ਜਗਾਉਣਾ ਚਾਹਿਆ, ਪਰ ਉਹ ਬੇਫਿਕਰੀ ਨਾਲ ਸੁੱਤਾ ਰਿਹਾ ਕਿ ਚੋਰ ਕਿਤੇ ਨਹੀਂ ਦੌੜ ਚੱਲੇ। ਚੋਰ ਦੌੜੇ ਤਾਂ ਉਹ ਸਹਿਜ ਨਾਲ ਉਠਿਆ, ਦੌੜਨ ਵਾਲੇ ਬੂਟ ਕੱਸੇ ਤੇ ਚੋਰਾਂ ਮਗਰ ਦੌੜ ਪਿਆ। ਇਕ ਬੰਦੇ ਨੇ ਰੋਕਦਿਆਂ ਪੁੱਛਿਆ, "ਮਿਲਖਾ ਸਿੰਘ, ਅੱਧੀ ਰਾਤ ਕਿਧਰ ਦੌੜ ਰਹੇ ਓ!"

ਉਹਦਾ ਉੱਤਰ ਸੀ, "ਚੋਰਾਂ ਮਗਰ ਦੌੜਿਆ ਸਾਂ। ਉਨ੍ਹਾਂ ਨੂੰ 400 ਮੀਟਰ ਪਿੱਛੇ ਛੱਡ ਆਇਆਂ!"

## ਜੰਗ-ਏ-ਆਜ਼ਾਦੀ ਹਿੰਦੋਸਤਾਨ

# ਅਗਸਤ ਮਹੀਨੇ ਦੇ ਸੰਗਰਾਮੀ ਅਤੇ ਸ਼ਹੀਦ ਯੋਧੇ

**ਜਦੋਂ ਮਨੁੱਖ ਨੂੰ ਹੋ ਰਹੀਆਂ ਬੇਇਨਸਾਫੀਆਂ ਦੀ ਸਮਝ ਆਉਂਦੀ ਹੈ, ਫਿਰ ਉਹ ਔਕੜਾਂ ਕਬੂਲ ਕੇ ਜਾਨ ਤਲੀ 'ਤੇ ਧਰ ਮੈਦਾਨ-ਏ-ਜੰਗ 'ਚ ਕੁੱਦ ਪੈਂਦਾ ਹੈ। ਹਿੰਦੋਸਤਾਨ ਨੂੰ ਬਸਤੀਵਾਦੀਆਂ ਨੇ ਸੈਂਕੜੇ ਸਾਲ ਲੁੱਟਿਆ, ਇਸ ਲੁੱਟ ਦੇ ਵਿਰੋਧ ਵਿਚ ਸੈਂਕੜੇ ਵਾਰ ਬਗਾਵਤਾਂ ਹੋਈਆਂ। ਹਜ਼ਾਰਾਂ ਇਨਕਲਾਬੀਆਂ ਨੂੰ ਫਾਂਸੀਆਂ ਹੋਈਆਂ ਅਤੇ ਸ਼ਰੇਆਮ ਬੇਰਹਿਮ ਫਰੰਗੀਆਂ ਨੇ ਮਾਂਵਾਂ ਦੇ ਪੁੱਤਰ, ਸੁਹਾਗਣਾਂ ਦੇ ਸੁਹਾਗ, ਭੈਣਾਂ ਦੇ ਭਰਾਵਾਂ ਨੂੰ ਜ਼ਮੀਨਾਂ ਦੀਆਂ ਕੁਰਕੀਆਂ ਕਰਕੇ ਘਰੋਂ ਬੇਘਰ ਕੀਤਾ। ਹਿੰਦੋਸਤਾਨ ਵਿਚੋਂ ਬਸਤੀਵਾਦੀ ਜ਼ਾਲਮਾਂ ਨੂੰ ਕੱਢਣ ਲਈ ਵੈਸੇ ਤਾਂ ਸਾਰਾ ਹਿੰਦੋਸਤਾਨ ਹੀ ਲੜ ਰਿਹਾ ਸੀ, ਪਰ 'ਕੂਕਾ ਲਹਿਰ', ਜੋ ਸਤਿਗੁਰੂ ਰਾਮ ਸਿੰਘ ਦੀ ਰਹਿਨੁਮਾਈ 'ਚ ਸੀ, ਉਸ ਨੇ ਅੰਗਰੇਜ਼ ਦੇ ਤਖਤ ਦੀ ਚੂਲ ਹਿਲਾ ਦਿੱਤੀ। ਫੌਜਾਂ ਦੀਆਂ ਫੌਜਾਂ ਬਾਗੀ ਹੋਈਆਂ, ਜਿਨ੍ਹਾਂ ਵਿਚ ਮੀਆਂ ਮੀਰ ਫੌਜੀ ਛਾਉਣੀ ਦਾ ਬਾਗੀ ਹੋਣਾ ਕਾਲਿਆਂ ਵਾਲੇ ਖੂਹ ਦੇ ਨਾਂ ਥੱਲੇ ਅਜਨਾਲੇ (ਅੰਮ੍ਰਿਤਸਰ) ਦਾ ਅਣਖੀ ਇਤਿਹਾਸ ਰਚਿਆ। ਵੀਹਵੀਂ ਸਦੀ ਦੇ ਪਹਿਲੇ ਦਹਾਕੇ 'ਚ ਗਦਰ ਲਹਿਰ ਦੀ ਸ਼ੁਰੂਆਤ ਨੇ ਅੰਗਰੇਜ਼ ਨੂੰ ਹਿੰਦੋਸਤਾਨ 'ਚੋਂ ਕੱਢਣ ਤੱਕ ਲੜਾਈ ਹੀ ਨਹੀਂ ਲੜੀ, ਸਗੋਂ ਗਦਰੀ ਬਾਬਿਆਂ ਦੀ ਸੋਚ ਦ੍ਰਿਸ਼ਟੀ ਦੀ ਨੀਂਹ ਵੀ ਰੱਖੀ। ਸੰਗਰਾਮੀਆਂ ਅਤੇ ਸ਼ਹੀਦਾਂ ਦੇ ਅਖਣੀ ਵਿਰਸੇ ਨਾਲ ਜੋੜ ਕੇ ਰੱਖਣ ਲਈ ਸ਼ਰਧਾਂਜਲੀ ਵਜੋਂ ਪੇਸ਼ ਹੈ, ਇਹ ਜਾਣਕਾਰੀ:**

ਪਹਿਲੀ ਅਗਸਤ 1857 ਨੂੰ ਮੀਆਂਮੀਰ ਛਾਉਣੀ ਦੀ 26-ਨੇਟਿਵ ਇਨਫੈਂਟਰੀ ਰੈਜੀਮੈਂਟ ਦੇ 282 ਫੌਜੀਆਂ ਨੂੰ ਗੋਲੀਆਂ ਮਾਰ ਕੇ ਕਸਬਾ ਅਜਨਾਲਾ (ਅੰਮ੍ਰਿਤਸਰ) ਦੇ ਖੂਹ 'ਚ ਸੁੱਟ ਦਿੱਤਾ, ਜਿਸ ਨੂੰ ਕਾਲਿਆਂ ਵਾਲੇ ਖੂਹ ਦਾ ਨਾਮ ਦਿੱਤਾ। ਉਹ ਸਾਰੇ ਅੰਗਰੇਜ਼ ਰਾਜ ਤੋਂ ਬਾਗੀ ਫੌਜੀ ਸਨ।

ਪਹਿਲੀ ਅਗਸਤ 1924 ਨੂੰ ਅਰੂੜ ਸਿੰਘ ਪਿੰਡ ਦੇਹਲਾ (ਲਾਇਲਪੁਰ) ਸ਼ਹੀਦੀ ਪਾ ਗਏ। ਉਹ ਪੰਜਵੇਂ ਜੈਤੋਂ ਮੋਰਚੇ 'ਚ ਸ਼ਾਮਲ ਸਨ ਅਤੇ ਨਾਭਾ ਬੀੜ ਜੇਲ੍ਹ ਯਾਤਰਾ ਕੀਤੀ।

ਪਹਿਲੀ ਅਗਸਤ 1947 ਨੂੰ ਪਾਲ ਸਿੰਘ ਪੁੱਤਰ ਉੱਤਮ ਸਿੰਘ, ਪਿੰਡ ਬੋਪਾਰਾਏ, ਪੱਟੀ (ਅੰਮ੍ਰਿਤਸਰ) ਸ਼ਹੀਦ ਹੋ ਗਏ। ਉਨ੍ਹਾਂ ਫੇਰੂ ਮੋਰਚੇ 'ਚ ਹਿੱਸਾ ਲਿਆ ਤੇ ਛੇ ਮਹੀਨੇ ਜੇਲ੍ਹ ਯਾਤਰਾ ਕੀਤੀ।

2 ਅਗਸਤ 1915 ਨੂੰ ਬੂਟਾ ਸਿੰਘ ਪੁੱਤਰ ਸ਼ੇਰ ਸਿੰਘ ਪਿੰਡ ਅਕਲਪੁਰ (ਰਾਏਕੋਟ, ਲੁਧਿਆਣਾ) ਸ਼ਹੀਦੀ ਜਾਮ ਪੀ ਗਏ। ਉਹ ਗਦਰ ਲਹਿਰ 'ਚ ਕੈਨੇਡਾ ਤੋਂ ਦੇਸ਼ ਆਜ਼ਾਦ ਕਰਾਉਣ ਆਏ ਸਨ।

2 ਅਗਸਤ 1924 ਨੂੰ ਜੈਮਲ ਸਿੰਘ ਪਿੰਡ ਜਬਾਲ (ਲਾਇਲਪੁਰ) ਪੰਜਵੇਂ ਜੈਤੋਂ ਮੋਰਚੇ ਦੇ ਮੈਂਬਰ ਨਾਭਾ ਬੀੜ ਜੇਲ੍ਹ 'ਚ ਦਮ ਤੋੜ ਗਏ।

2 ਅਗਸਤ 1960 ਨੂੰ ਮੰਗਲ ਸਿੰਘ ਪੁੱਤਰ ਭਗਤ ਸਿੰਘ ਪਿੰਡ ਤੁੜ (ਤਰਨ ਤਾਰਨ) ਸ਼ਹੀਦੀ ਪਾ ਗਏ। ਉਹ ਗੁਰੂ ਕੇ ਮੋਰਚੇ 'ਚ ਸਨ ਅਤੇ ਦੋ ਸਾਲ ਇੱਕ ਮਹੀਨਾ ਲਾਹੌਰ ਤੇ ਅੰਮ੍ਰਿਤਸਰ ਜੇਲ੍ਹ ਯਾਤਰਾ ਕੀਤੀ।

3 ਅਗਸਤ 1924 ਨੂੰ ਹਾਕਮ ਸਿੰਘ (ਭਾਈ) ਪੁੱਤਰ ਚੂਹੜ ਸਿੰਘ ਪਿੰਡ ਮਹੇਨ (ਅਨੰਦਪੁਰ), ਜੋ ਜੈਤੋਂ ਮੋਰਚਾ-4 'ਚ ਸਨ, ਨਾਭਾ ਜੇਲ੍ਹ 'ਚ ਸਦੀਵੀ ਵਿਛੋੜਾ ਦੇ ਗਏ।

3 ਅਗਸਤ 1924 ਨੂੰ ਹਰਨਾਮ ਸਿੰਘ ਪੁੱਤਰ ਚੂਹੜ ਰਾਮ ਪਿੰਡ ਮਹਾਰ (ਅਨੰਦਪੁਰ ਸਾਹਿਬ) ਨਾਭਾ ਜੇਲ੍ਹ 'ਚ ਨਮੋਨੀਏ ਨਾਲ ਦਮ ਤੋੜ ਗਏ। ਉਹ ਜੈਤੋਂ ਦੇ ਮੋਰਚੇ 'ਚ ਸਨ।

3 ਅਗਸਤ 1960 ਨੂੰ ਗਦਰੀ ਬਾਬਾ ਬੀਰ ਸਿੰਘ ਪੁੱਤਰ ਮਹਿਤਾਬ ਸਿੰਘ ਪਿੰਡ ਤੇ ਡਾਕਖਾਨਾ ਜੌਤਾ (ਤਰਨ ਤਾਰਨ) ਸ਼ਹੀਦੀ ਪਾ ਗਏ। ਉਨ੍ਹਾਂ ਸਾਢੇ ਪੰਜ ਸਾਲ ਪੀਨੈਂਗ, ਕਲਕੱਤਾ, ਦਿੱਲੀ ਅਤੇ ਲਾਹੌਰ ਜੇਲ੍ਹ ਯਾਤਰਾ ਕੀਤੀ।

4 ਅਗਸਤ 1931 ਨੂੰ ਰਾਮ ਕਿਸ਼ਨ ਵਿਸ਼ਵਾਸ ਅਲੀਪੁਰ ਜੇਲ੍ਹ (ਬੰਗਾਲ) 'ਚ ਸ਼ਹੀਦ ਹੋ ਗਏ।

5 ਅਗਸਤ 1871 ਨੂੰ ਨਾਮਧਾਰੀ ਸਿੱਖ ਸੰਗਤ (ਕੂਕਾ ਲਹਿਰ) ਦੇ ਤਿੰਨ ਸਿੰਘ-ਸੰਤ ਮੰਗਲ ਸਿੰਘ, ਸੰਤ ਮਸਤਾਨ ਸਿੰਘ ਤੇ ਸੰਤ ਗੁਰਮੁਖ ਸਿੰਘ ਰਾਏਕੋਟ (ਲੁਧਿਆਣਾ) 'ਚ ਫਾਹੇ ਲਾਏ ਸਨ।

6 ਅਗਸਤ 1924 ਨੂੰ ਸਰਦਾਰ ਸਿੰਘ ਪੁੱਤਰ ਗੋਪਾਲ ਸਿੰਘ ਪਿੰਡ ਬਾਲਕਸਰ (ਜੇਹਲਮ) ਨਾਭਾ ਬੀੜ ਜੇਲ੍ਹ 'ਚ ਸਦੀਵੀ ਵਿਛੋੜਾ ਦੇ ਗਏ। ਉਹ ਜੈਤੋਂ ਅਤੇ ਗੁਰੂ ਕੇ ਬਾਗ ਮੋਰਚੇ 'ਚ ਸ਼ਾਮਲ ਸਨ।

7 ਅਗਸਤ 1962 ਨੂੰ ਭਗਵਾਨ ਸਿੰਘ ਪੁੱਤਰ ਖਜ਼ਾਨ ਸਿੰਘ ਪਿੰਡ ਢੱਢੇਵਾਲ ਮਲੇਰਕੋਟਲਾ (ਸੰਗਰੂਰ) ਸ਼ਹੀਦ ਹੋ ਗਏ। ਉਹ ਪਰਜਾ ਮੰਡਲ ਮੂਵਮੈਂਟ 'ਚ ਸਨ।

8 ਅਗਸਤ 1924 ਨੂੰ ਫੌਜਾ ਸਿੰਘ ਪਿੰਡ ਗਾਗੋਬੂਆ (ਅੰਮ੍ਰਿਤਸਰ) ਨਾਭਾ ਜੇਲ੍ਹ 'ਚ ਵਿਛੋੜਾ ਦੇ ਗਏ। ਉਹ ਜੈਤੋਂ ਮੋਰਚਾ-5 'ਚ ਸ਼ਾਮਲ ਸਨ।

9 ਅਗਸਤ 1915 ਨੂੰ ਹਰਨਾਮ ਸਿੰਘ ਪੁੱਤਰ ਸੰਤ ਸਿੰਘ ਠੱਠੀਖਾਰਾ, ਆਤਮਾ ਸਿੰਘ ਪੁੱਤਰ ਝੰਡਾ ਸਿੰਘ ਠੱਠੀਖਾਰਾ, ਕਾਲਾ ਸਿੰਘ ਪੁੱਤਰ ਗੁਲਾਬ ਸਿੰਘ ਪਿੰਡ ਜਗਤਪੁਰ ਅਤੇ ਚੰਨਣ ਸਿੰਘ ਪੁੱਤਰ ਬੱਲ ਸਿੰਘ ਪਿੰਡ ਬੁੜ ਚੰਦ (ਸਾਰੇ ਅੰਮ੍ਰਿਤਸਰ) ਨੂੰ ਲਾਹੌਰ ਜੇਲ੍ਹ 'ਚ ਫਾਂਸੀ ਦੇ ਦਿੱਤੀ ਗਈ। ਉਹ ਵੱਲਾ ਪੁੱਲ ਸਾਕੇ 'ਚ ਸ਼ਾਮਿਲ ਸਨ।



ਪੱਗੜੀ ਸੰਭਾਲ ਜੱਟਾ ਮੂਵਮੈਂਟ ਦੇ ਆਗੂ ਅਜੀਤ ਸਿੰਘ

9 ਅਗਸਤ 1940 ਨੂੰ ਗੁਰਚਰਨ ਸਿੰਘ ਪੁੱਤਰ ਬਲਵੰਤ ਸਿੰਘ ਪਿੰਡ ਚੋਗਾਵਾਂ, ਅੰਮ੍ਰਿਤਸਰ ਸ਼ਹੀਦੀ ਪਾ ਗਏ। 9 ਅਗਸਤ 1942 ਨੂੰ ਸੁਰਤੀ ਦਮੋਦਰ ਜੀਨਾ ਭਾਈ ਪੁਲਿਸ ਦੀਆਂ ਗੋਲੀਆਂ ਨਾਲ ਸ਼ਹੀਦ ਹੋਏ। ਉਨ੍ਹਾਂ ਭਾਰਤ ਛੱਡੋ ਅੰਦੋਲਨ 'ਚ ਹਿੱਸਾ ਲਿਆ ਸੀ।

9 ਅਗਸਤ 1949 ਨੂੰ ਨੌਜਵਾਨ ਭਾਰਤ ਸਭਾ ਦੇ ਮੈਂਬਰ ਛੱਜੂ ਰਾਮ ਪੁੱਤਰ ਚਿੰਤ ਰਾਮ ਕੋਕਰੀ ਕਲਾਂ, ਮੋਗਾ ਅਤੇ 9 ਅਗਸਤ 1953 ਨੂੰ ਕੇਹਰ ਸਿੰਘ ਪੁੱਤਰ ਬਿਸ਼ਨ ਸਿੰਘ ਪਿੰਡ ਗੋਂਧਰ (ਕਰਨਾਲ) ਸ਼ਹੀਦੀ ਪਾ ਗਏ।

10 ਅਗਸਤ 1938 ਨੂੰ ਕਰਤਾਰ ਸਿੰਘ ਪੁੱਤਰ ਹਰਨਾਮ ਸਿੰਘ ਪਿੰਡ ਚੱਕ ਕਲਾਂ (ਜਲੰਧਰ), ਗੁਰਦਿੱਤ ਸਿੰਘ ਮੰਢਾਲੀ ਫਾਂਸੀ ਅਤੇ ਯੁਗ ਪਲਟਾਊ ਦਲ ਦੇ ਉਜਾਗਰ ਸਿੰਘ ਪ੍ਰਣਾਲੀਆਂ ਨੂੰ ਉਮਰ ਕੈਦ।

10 ਅਗਸਤ 1942 ਨੂੰ ਸ਼ਿੰਦੇ ਹਰੀ ਪੁੱਤਰ ਸਦਾ ਸ਼ਿਵ ਸ਼ਿੰਦੇ ਅਤੇ ਤੰਦੇਲ ਵਾਮਨ ਪੁੱਤਰ ਜੀਤ ਤੰਦੇਲ ਨੂੰ ਬੰਬਈ ਪੁਲਿਸ ਨੇ ਗੋਲੀ ਮਾਰ ਕੇ ਜਖਮੀ ਕਰ ਦਿੱਤਾ, ਜੋ ਬਾਅਦ 'ਚ ਦਮ ਤੋੜ ਗਏ।

10 ਅਗਸਤ 1946 ਨੂੰ ਸ਼ੇਰ ਸਿੰਘ ਪੁੱਤਰ ਵਰਿਆਮਾ, ਪਿੰਡ ਥੋਬਾ (ਅੰਮ੍ਰਿਤਸਰ) ਸ਼ਹੀਦੀ ਜਾਮ ਪੀ ਗਏ। ਉਹ ਕਿਸਾਨ ਮੋਰਚੇ 'ਚ ਸ਼ਾਮਿਲ ਹੋਏ ਤੇ ਨੌਂ ਮਹੀਨੇ ਰਾਵਲਪਿੰਡੀ ਦੀ ਜੇਲ੍ਹ ਯਾਤਰਾ ਕੀਤੀ।

10 ਅਗਸਤ 1954 ਨੂੰ ਦਿਆਲ ਸਿੰਘ ਪੁੱਤਰ ਲਾਲ ਸਿੰਘ ਸ਼ਹੀਦੀ ਪਾ ਗਏ। ਉਨ੍ਹਾਂ ਜੈਤੋਂ ਤੇ ਡੱਸਕਾ ਮੋਰਚੇ 'ਚ ਹਿੱਸਾ ਲਿਆ ਅਤੇ ਜੇਲ੍ਹ ਯਾਤਰਾ ਕੀਤੀ।

10 ਅਗਸਤ 1962 ਨੂੰ ਮਾਤਾ ਕਿਸ਼ਨ ਕੌਰ ਪਿੰਡ ਕਾਉਂਕੇ ਕਲਾਂ (ਲੁਧਿਆਣਾ) ਚੜ੍ਹਾਈ ਕਰ ਗਏ। ਉਹ ਜੈਤੋਂ ਮੋਰਚੇ 'ਚ ਸ਼ਾਮਲ ਹੋਏ ਤੇ ਚਾਰ ਸਾਲ ਨਾਭਾ ਬੀੜ ਦੀ ਜੇਲ੍ਹ ਯਾਤਰਾ ਕੀਤੀ। ਉਹ ਨਿਹੰਗ ਬਾਣੇ 'ਚ ਰਹਿੰਦੇ ਸਨ। 10 ਅਗਸਤ 1966 ਨੂੰ ਕੁਲ ਹਿੰਦ ਕੰਟਰੋਲ ਕਮਿਸ਼ਨ ਦੇ ਮੈਂਬਰ ਡਾ. ਭਾਗ ਸਿੰਘ ਚਲਾਣਾ ਕਰ ਗਏ।

11 ਅਗਸਤ 1908 ਨੂੰ ਖੁਦੀ ਰਾਮ ਬੋਸ ਨੂੰ ਮੁਜ਼ੱਫਰਪੁਰ ਜੇਲ੍ਹ 'ਚ ਫਾਂਸੀ ਹੋਈ। ਉਹ ਸੈਸ਼ਨ ਜੱਜ ਕਿੰਗਸਫੋਰਡ ਨੂੰ ਮਾਰਨ ਦੇ ਯਤਨ ਅਤੇ ਸ੍ਰੀਮਤੀ ਕੈਨੇਡੀ ਤੇ ਉਸ ਦੀ ਧੀ ਨੂੰ ਕਤਲ ਕਰਨ ਦੇ ਦੋਸ਼ੀ ਸਨ। 12 ਅਗਸਤ 1873 ਨੂੰ ਝੰਡਾ ਸਿੰਘ 'ਨਾਮਧਾਰੀ' ਪਿੰਡ ਠੱਟਾ (ਅੰਮ੍ਰਿਤਸਰ) ਨੂੰ ਫਾਂਸੀ ਦਿੱਤੀ।

12 ਅਗਸਤ 1915 ਨੂੰ ਬੂਟਾ ਸਿੰਘ ਪੁੱਤਰ ਸ਼ੇਰ ਸਿੰਘ ਪਿੰਡ ਅਕਾਲ ਗੜ੍ਹ (ਲੁਧਿਆਣਾ) ਸ਼ਹੀਦ ਹੋ ਗਏ। ਉਨ੍ਹਾਂ ਨੰਗਲ ਕਲਾਂ (ਹੁਸ਼ਿਆਰਪੁਰ) ਦੇ ਟਾਊਟ ਜ਼ੈਲਦਾਰ ਦਾ ਕਤਲ ਕੀਤਾ।

12 ਅਗਸਤ 1915 ਨੂੰ ਗਦਰੀ ਆਗੂ ਬੰਤਾ ਸਿੰਘ ਪੁੱਤਰ ਬੂਟਾ ਸਿੰਘ ਪਿੰਡ ਸੰਘਵਾਲ (ਜਲੰਧਰ) ਨੂੰ ਲਾਹੌਰ ਜੇਲ੍ਹ 'ਚ ਫਾਂਸੀ। ਉਹ ਕੈਨੇਡਾ ਤੋਂ 1912 ਨੂੰ ਦੇਸ਼ ਆਜ਼ਾਦ ਕਰਾਉਣ ਲਈ ਵਾਪਿਸ ਗਏ ਸਨ ਅਤੇ ਉਨ੍ਹਾਂ ਦਾ ਘਰ ਆਜ਼ਾਦੀ ਪਸੰਦੀਆਂ ਦਾ ਅੱਡਾ ਸੀ।

12 ਅਗਸਤ 1947 ਨੂੰ ਗੋਕਲ ਚੰਦ ਪੁੱਤਰ ਜੀਵਨ ਮੱਲ ਭਸੀਨ ਪਿੰਡ ਭੇਰਾ ਜ਼ਿਲ੍ਹਾ ਸ਼ਾਹਪੁਰ ਸ਼ਹੀਦ ਹੋ ਗਏ। 13 ਅਗਸਤ 1953 ਨੂੰ ਹਵੇਲੀ ਰਾਮ ਪੁੱਤਰ ਸੀਤਾ ਰਾਮ ਪਿੰਡ ਜੇਠਮਨ ਲਾਹੌਰ ਲਾਠੀ ਚਾਰਜ 'ਚ ਸੱਟਾਂ ਦੀ ਤਾਬ ਨਾ ਝੱਲ ਸਕੇ।

15 ਅਗਸਤ 1930 ਨੂੰ ਅਕਾਲੀ ਬੱਬਰ ਲਹਿਰ 'ਚ ਹਿੱਸਾ ਵਾਲੇ ਭੁੱਲਾ ਸਿੰਘ ਪੁੱਤਰ ਬਸੰਤ ਸਿੰਘ ਸ਼ਹੀਦੀ ਪਾ ਗਏ। 15 ਅਗਸਤ 1947 ਨੂੰ ਪੱਗੜੀ ਸੰਭਾਲ ਜੱਟਾ ਮੂਵਮੈਂਟ ਦੇ ਆਗੂ ਅਜੀਤ ਸਿੰਘ ਡਲਹੌਜੀ ਵਿਖੇ ਸਦੀਵੀ ਵਿਛੋੜਾ ਦੇ ਗਏ।

15 ਅਗਸਤ 1953 ਨੂੰ ਅਖੀ ਰਾਮ ਪੁੱਤਰ ਜਵਾਹਰ ਸਿੰਘ ਪਿੰਡ ਮਿੱਠਾ ਥੱਲ (ਹਿਸਾਰ) ਸਦੀਵੀ ਵਿਛੋੜਾ ਦੇ ਗਏ। ਜਲ੍ਹਿਆਂਵਾਲਾ ਬਾਗ ਦੇ ਸਾਕੇ ਦੌਰਾਨ ਬੇਦੋਸ਼ਿਆਂ 'ਤੇ ਗੋਲੀ ਨਾ ਚਲਾਉਣ ਕਾਰਨ ਨੌਕਰੀ ਤੋਂ ਬਰਖਾਸਤ ਕਰ ਦਿੱਤੇ ਗਏ ਸਨ।

15 ਅਗਸਤ 1955 ਨੂੰ ਕਰਨੈਲ ਸਿੰਘ ਈਸੜੂ ਪੁਰਤਗਾਲੀਆਂ ਦੀਆਂ ਗੋਲੀਆਂ ਨਾਲ ਗੋਆ ਦੀ ਆਜ਼ਾਦੀ ਮੂਵਮੈਂਟ 'ਚ ਸ਼ਹੀਦ ਹੋਏ। 15 ਅਗਸਤ 1969 ਨੂੰ ਗਦਰੀ ਬਾਬਾ ਉਸਮਾਨ ਸਿੰਘ ਪਿੰਡ ਬੱਦੋਵਾਲ (ਲੁਧਿਆਣਾ) ਸਦੀਵੀ ਵਿਛੋੜਾ ਦੇ ਗਏ।

16 ਅਗਸਤ 1941 ਨੂੰ ਬਾਬਾ ਈਸ਼ਰ ਸਿੰਘ ਪੁੱਤਰ ਜੀਂਦ ਸਿੰਘ ਪਿੰਡ ਮਰਹਾਣਾ, ਤਰਨ ਤਾਰਨ ਸ਼ਹੀਦੀ ਪਾ ਗਏ। ਉਹ 1922 'ਚ ਅਮਰੀਕਾ ਤੋਂ ਦੇਸ਼ ਆਜ਼ਾਦ ਕਰਾਉਣ ਲਈ ਵਾਪਿਸ ਪਰਤੇ ਸਨ ਅਤੇ ਕਿਸਾਨੀ ਲਈ ਕੰਮ ਕਰ ਤੋਂ ਇਲਾਵਾ 33 ਸਾਲ ਦੇਸ਼ ਹਿੱਤ ਲਾਏ।

16 ਅਗਸਤ 1947 ਨੂੰ ਗੁਰੂ ਕੇ ਬਾਗ ਮੋਰਚੇ 'ਚ ਹਿੱਸਾ ਲੈਣ ਵਾਲੇ ਦਲੀਪ ਸਿੰਘ ਪੁੱਤਰ ਹੀਰਾ ਸਿੰਘ ਚੱਕ 13/8 ਮੀਆਂ ਚੰਨੂ ਮੁਲਤਾਨ ਅਤੇ ਬੱਬਰ ਅਕਾਲੀ ਮੂਵਮੈਂਟ 'ਚ ਹਿੱਸਾ ਲੈਣ ਵਾਲੇ ਈਸ਼ਰ ਸਿੰਘ ਪੁੱਤਰ ਮੇਵਾ ਸਿੰਘ ਚੱਕ 273 (ਲਾਇਲਪੁਰ) ਸ਼ਹੀਦ ਹੋ ਗਏ।

17 ਅਗਸਤ 1909 ਨੂੰ ਮਦਨ ਲਾਲ ਢੀਂਗਰਾ ਨੂੰ ਲੰਡਨ ਦੀ ਪੈਂਟਨਵਿਲੇ ਜੇਲ੍ਹ 'ਚ ਫਾਂਸੀ। ਉਨ੍ਹਾਂ ਨੇ ਕਰਜ਼ਨ ਵਾਇਲੀ ਨੂੰ ਮਾਰਿਆ ਸੀ। 17 ਅਗਸਤ 1957 ਨੂੰ ਕਿਊ. ਆਈ. ਐਮ. ਵਿਚ ਹਿੱਸਾ ਲੈਣ ਵਾਲੇ ਗੰਗਾ ਰਾਮ ਵਿਛੋੜਾ ਦੇ ਗਏ।

19 ਅਗਸਤ 1942 ਨੂੰ ਭਾਰਤ ਛੱਡੋ ਲਹਿਰ ਦੇ ਇਨਕਲਾਬੀ ਸੁਖਨਾ ਲੁਹਾਰ ਪੁੱਤਰ ਸਿਓ ਪ੍ਰਕਾਸ਼ ਪਿੰਡ ਕਨਸ ਸਰਾਏ, ਜ਼ਿਲਾ ਸ਼ਾਹਬਾਦ (ਬਿਹਾਰ) ਸ਼ਹੀਦ ਹੋ ਗਏ। 19 ਅਗਸਤ 1947 ਨੂੰ ਚਾਰ ਸਾਲ ਜਿਗਰ ਕੈਂਪ ਤੇ ਮੁਲਤਾਨ ਜੇਲ੍ਹ ਯਾਤਰਾ ਕਰਨ ਵਾਲੇ ਰਾਮ ਲਾਲ ਪੁੱਤਰ ਛਾਂਗਾ ਰਾਮ ਪਿੰਡ ਗੱਜਰ (ਗੜ੍ਹਸ਼ੰਕਰ, ਹੁਸ਼ਿਆਰਪੁਰ) ਸ਼ਹੀਦੀ ਪਾ ਗਏ।

19 ਅਗਸਤ 1954 ਨੂੰ ਮਧੋ ਰਾਮ ਪੁੱਤਰ ਖੂਬੀ ਰਾਮ, ਪਿੰਡ ਬਾਹੂ ਅਕਬਰਪੁਰ (ਰੋਹਤਕ) ਸਦੀਵੀ ਵਿਛੋੜਾ ਦੇ ਗਏ। ਉਹ ਸਿਵਲ ਨਾ-ਫੁਰਮਾਨੀ ਲਹਿਰ ਦੇ ਇਨਕਲਾਬੀ ਸਨ। ਸਾਢੇ ਸੱਤ ਸਾਲ ਸਿਆਲਕੋਟ ਜੇਲ੍ਹ ਯਾਤਰਾ ਕੀਤੀ।

19 ਅਗਸਤ 1991 ਨੂੰ ਆਜ਼ਾਦੀ ਘੁਲਾਟੀਏ ਪ੍ਰੀਤਮ ਸਿੰਘ ਘੁੰਦ ਪਿੰਡ ਚੁਗਾਵਾਂ (ਅੰਮ੍ਰਿਤਸਰ) ਸਦੀਵੀ ਵਿਛੋੜਾ ਦੇ ਗਏ।

20 ਅਗਸਤ 1943 ਨੂੰ ਗੁਰਦਿਆਲ ਸਿੰਘ ਪੁੱਤਰ ਰੂੜ ਸਿੰਘ, ਪਿੰਡ ਢੀਂਗਰ, ਬਰਨਾਲਾ (ਸੰਗਰੂਰ) ਸ਼ਹੀਦੀ ਪਾ ਗਏ। 20 ਅਗਸਤ 1947 ਨੂੰ ਜਗਮੇਲ ਸਿੰਘ ਪੁੱਤਰ ਮਾਨ ਸਿੰਘ, ਪਿੰਡ ਪਾਲੀ ਤਹਿਸੀਲ ਰਿਵਾੜੀ (ਗੁੜਗਾਉਂ) ਵਿਛੋੜਾ ਦੇ ਗਏ। 20 ਅਗਸਤ 1946 ਨੂੰ ਅਮਰ ਸਿੰਘ ਪੁੱਤਰ ਲੋਕ ਰਾਮ ਪਿੰਡ ਗੁਭਾਨਾ (ਰੋਹਤਕ) ਸ਼ਹੀਦੀ ਪਾ ਗਏ। ਉਹ ਆਈ. ਐਨ. ਏ. 'ਚ ਹੌਲਦਾਰ ਸਨ।



ਕਰਨੈਲ ਸਿੰਘ ਈਸੜੂ



ਮਦਨ ਲਾਲ ਢੀਂਗਰਾ

21 ਅਗਸਤ 1945 ਨੂੰ ਦਲੀਪ ਸਿੰਘ ਪੁੱਤਰ ਮਨਬੀਰ ਪਿੰਡ ਸਧੇੜ (ਕਾਂਗੜਾ) ਅਤੇ 22 ਅਗਸਤ 1958 ਨੂੰ ਕਾਂਗਰਸ ਮੂਵਮੈਂਟ 'ਚ ਸ਼ਮੂਲੀਅਤ ਕਰਨ ਵਾਲੇ ਨੱਥਾ ਸਿੰਘ ਪੁੱਤਰ ਹੀਰਾ ਸਿੰਘ, ਪਿੰਡ ਭਾਈ ਫੇਰੂ ਤਹਿਸੀਲ ਚੂਨੀਆਂ (ਲਾਹੌਰ) ਸ਼ਹੀਦੀ ਪਾ ਗਏ।

23 ਅਗਸਤ 1943 ਨੂੰ ਆਈ. ਐਨ. ਏ. ਦੇ ਸਿਪਾਹੀ ਜ਼ਹੀਰ ਅਹਿਮਦ ਪਿੰਡ ਜਾਹਿਰ ਮੁਖਲੀਆ (ਸ਼ੇਖੂਪੁਰਾ) ਸ਼ਹੀਦੀ ਪਾ ਗਏ।

24 ਅਗਸਤ 1925 ਨੂੰ ਸੁਦਾਗਰ ਸਿੰਘ ਪਿੰਡ ਕਾਲਾ ਚੱਕ (ਲਾਇਲਪੁਰ) ਨਾਭਾ ਬੀੜ ਜੇਲ੍ਹ 'ਚ ਸ਼ਹੀਦੀ ਪਾ ਗਏ। ਉਹ ਜੈਤੋਂ ਮੋਰਚਾ-5 'ਚ ਸਨ। 24 ਅਗਸਤ 1944 ਨੂੰ ਅਜਾਇਬ ਸਿੰਘ ਪਿੰਡ ਕੱਲਾ (ਅੰਮ੍ਰਿਤਸਰ) ਨੂੰ ਸੈਂਟਰਲ ਜੇਲ੍ਹ, ਦਿੱਲੀ 'ਚ ਫਾਂਸੀ ਦਿੱਤੀ ਗਈ।

25 ਅਗਸਤ 1943 ਨੂੰ ਆਈ. ਐਨ. ਏ. 'ਚ ਸ਼ਾਮਲ ਪ੍ਰਿਥੀ ਸਿੰਘ ਪੁੱਤਰ ਠਾਕਰ ਮੁਨਸ਼ੀ ਰਾਮ, ਪਿੰਡ ਪਦਰਾਣਾ (ਹੁਸ਼ਿਆਰਪੁਰ) ਅਤੇ 25 ਅਗਸਤ 1944 ਨੂੰ ਦੁਰਗਾ ਦਾਸ ਪੁੱਤਰ ਗੰਗਾ ਰਾਮ ਮੱਲ ਪਿੰਡ ਢੋਈਵਾਲਾ (ਦੇਹਰਾਦੂਨ) ਸ਼ਹੀਦੀ ਪਾ ਗਏ।

25 ਅਗਸਤ 1947 ਨੂੰ ਤਰਲੋਕ ਸਿੰਘ ਪੁੱਤਰ ਸ਼ੇਰ ਸਿੰਘ ਪਿੰਡ ਲਾਗਰ (ਸ਼ੇਖੂਪੁਰਾ) ਸਦੀਵੀ ਵਿਛੋੜਾ ਦੇ ਗਏ। ਉਹ ਜੈਤੋਂ ਮੋਰਚੇ 'ਚ ਸਨ, ਜਲ੍ਹਿਆਂਵਾਲਾ ਬਾਗ ਦੀ ਮੀਟਿੰਗ 'ਚ ਹਿੱਸਾ ਲਿਆ ਅਤੇ ਢਾਈ ਸਾਲ ਅਟਕ ਜੇਲ੍ਹ ਦੀ ਯਾਤਰਾ ਕੀਤੀ।

25 ਅਗਸਤ 1948 ਨੂੰ ਮਈਓਜੀ ਕਸਤੱਈਆ ਪੁੱਤਰ ਲਿੰਗਈਆ ਪਿੰਡ ਬੋਹਰਾਨਪਾਲੀ, ਵਾਰੰਗਲ (ਆਂਧਰਾ ਪ੍ਰਦੇਸ਼) ਨਿਜ਼ਾਮ ਦੀਆਂ ਫੌਜਾਂ ਨਾਲ ਲੜਦਿਆਂ ਸ਼ਹੀਦ ਹੋ

(ਬਾਕੀ ਅਗਲੇ ਸਫੇ 'ਤੇ)

### ਅੰਗਰੇਜ਼ ਰਾਜ ਦਾ ਕਹਿਰ

ਹਿੰਦੋਸਤਾਨ ਉਤੇ ਫਰੰਗੀ ਰਾਜ 'ਚ ਕਿੰਨੀਆਂ ਜਵਾਨੀਆਂ, ਗੁਣਵਾਨ, ਪ੍ਰਤਿਭਾਸ਼ਾਲੀ ਅਤੇ ਪਰਿਵਾਰਕ ਮਨੁੱਖਾਂ ਦਾ ਘਾਣ ਹੋਇਆ, ਕੀ ਅਸੀਂ ਕਦੀ ਅੰਦਾਜ਼ਾ ਲਾਇਆ? ਕੀ ਅਸੀਂ ਯਾਦ ਕੀਤਾ ਕਿ ਉਹ ਸਮਾਂ ਕਿਹੋ ਜਿਹਾ ਹੋਵੇਗਾ ਕਿ ਸੱਤ ਸਮੁੰਦਰੋਂ ਪਾਰ ਤੋਂ ਆ ਕੇ ਹਿੰਦੋਸਤਾਨ ਨੂੰ ਆਪਣੀ ਮਰਜ਼ੀ ਅਨੁਸਾਰ ਚਲਾ ਕੇ ਗੋਰੇ ਹੁਕਮਰਾਨ ਕੀ ਕੁਝ ਲੁੱਟ ਕੇ ਲੈ ਗਏ ਤੇ ਕੀ ਕੁਝ ਤਬਾਹ ਕਰ ਗਏ?

### ਕੁਰਬਾਨੀਆਂ

ਸਮੇਂ ਨੇ ਅਣਖੀ ਯੋਧਿਆਂ ਨੂੰ ਜਨਮ ਦਿੱਤਾ, ਜੋ ਘਰਾਂ ਤੋਂ ਬੇਘਰ ਹੋਏ, ਆਪਣੇ ਸੁੱਖ ਅਰਾਮ ਇੱਕ ਪਾਸੇ ਧਰ ਕੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਜਾਨ ਤਲੀ ਉਪਰ ਰੱਖ ਕੇ ਹਿੰਦੋਸਤਾਨ ਦੀ ਜੰਗੇ ਆਜ਼ਾਦੀ ਦੀ ਲਹਿਰ ਵਿਚ ਸ਼ਾਮਿਲ ਹੋਏ।

ਤੁੰਦੀਏ ਬਾਦੇ ਮੁਖਾਲਿਫ ਸੇ<br>
ਨਾ ਘਬਰਾ ਐ ਉਕਾਬ<br>
ਯੇਹ ਤੋ ਚਲਤੀ ਹੈ ਤੁਝੇ<br>
ਊਚਾ ਉਡਾਨੇ ਕੇ ਲੀਏ।<br>
(ਏਲਾਮਾ ਇਕਬਾਲ)

ਸੇਵਾ ਦੇਸ਼ ਜਿੰਦੜੀਏ ਬੜੀ ਔਖੀ<br>
ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ,<br>
ਜਿਨ੍ਹਾਂ ਦੇਸ਼ ਦੀ ਸੇਵਾ ਵਿਚ ਪੈਰ ਪਾਇਆ<br>
ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।<br>
(ਗਦਰੀ ਬਾਬੇ)

ਵੱਖ ਵੱਖ ਲਹਿਰਾਂ ਜਿਵੇਂ ਕੂਕਾ ਲਹਿਰ, ਗਦਰ ਲਹਿਰ, ਬੰਗਾਲ ਲਹਿਰ, ਬੱਬਰ ਅਕਾਲੀ ਲਹਿਰ, ਪੱਗੜੀ ਸੰਭਾਲ ਜੱਟਾ ਲਹਿਰ ਅਤੇ ਅਨੇਕ ਮੋਰਚੇ ਜਿਵੇਂ ਜੈਤੋਂ, ਫੇਰੂ, ਗੁਰੂ ਕੇ ਬਾਗ ਅਤੇ ਨਨਕਾਣਾ ਸਾਹਿਬ ਦਾ ਮੋਰਚਾ ਸਮੇਤ ਆਈ. ਏ. ਅਤੇ ਆਈ. ਐਨ. ਏ. ਦੇ ਫੌਜੀਆਂ, ਦੇਸ਼ ਤੋਂ ਪਰਦੇਸ ਪੜ੍ਹਨ ਗਏ ਵਿਦਿਆਰਥੀਆਂ ਆਦਿ ਨੇ ਆਜ਼ਾਦੀ ਦੇ ਸੰਗਰਾਮ ਵਿਚ ਹਿੱਸਾ ਪਾਇਆ।

# ਵਿੰਡਰੱਸ਼

***ਸੰਸਾਰ ਦੇ ਕਈ ਮੁਲਕਾਂ ਦੇ ਲੋਕਾਂ ਨੇ ਵੱਖ-ਵੱਖ ਸਮਿਆਂ ਦੌਰਾਨ ਬ੍ਰਿਟਿਸ਼ ਰਾਜ ਦਾ ਸਿੱਧਾ ਜਾਂ ਅਸਿੱਧਾ ਜ਼ੁਲਮ ਝੱਲਿਆ ਹੈ। ਸਦੀਆਂ ਬਾਅਦ ਹੁਣ ਜਦੋਂ ਸੰਸਾਰ ਦੇ ਬਹੁਤੇ ਮੁਲਕਾਂ ਅੰਦਰ ਜਮਹੂਰੀਅਤ ਹੈ, ਬ੍ਰਿਟਿਸ਼ ਰਾਜ ਦੇ ਜ਼ੁਲਮ ਅਜੇ ਵੀ ਥੰਮ੍ਹੇ ਨਹੀਂ ਹਨ। ਵਿੰਡਰੱਸ਼ ਘੁਟਾਲਾ ਅਜਿਹੇ ਜ਼ੁਲਮਾਂ ਦਾ ਹੀ ਇਕ ਹੋਰ ਰੂਪ ਹੈ, ਜਿਸ ਬਾਰੇ ਇੰਗਲੈਂਡ ਵੱਸਦੇ ਲਿਖਾਰੀ ਸੁਖਦੇਵ ਸਿੱਧੂ ਨੇ ਚਰਚਾ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ***




**ਸੁਖਦੇਵ ਸਿੱਧੂ**

ਵਲੈਤ ਦੀਆਂ ਕਾਲੋਨੀਆਂ ਦੇ ਸਾਰੇ ਬਾਸ਼ਿੰਦੇ ਬ੍ਰਿਟਿਸ਼ ਰਾਜ ਦੇ ਹੀ ਨਾਗਰਿਕ ਸਨ। ਜਿੱਥੇ ਜਿੱਥੇ ਅੰਗਰੇਜ਼ ਰਾਜ ਮੁੱਕਦਾ ਗਿਆ, ਕਾਮਨਵੈਲਥ ਦੀਆਂ ਸੰਧੀਆਂ ਅਨੁਸਾਰ ਉਨ੍ਹਾਂ ਦੇ ਹੱਕ ਮਿਥੇ ਜਾਂਦੇ ਰਹੇ ਸਨ। ਦੂਜੀ ਆਲਮੀ ਜੰਗ ਨਾਲ ਬੰਦਿਆਂ ਦਾ ਬਹੁਤਾ ਨੁਕਸਾਨ ਹੋਇਆ। ਵਲੈਤ ਦੀ ਆਰਥਕਤਾ ਦੀ ਮਿੱਟੀ ਉੱਡ ਗਈ। ਇਸੇ ਆਰਥਕਤਾ ਨੂੰ ਮੋਢਾ ਦੇਣ ਲਈ ਔਰਤਾਂ ਵੀ ਮਰਦਾਂ ਵਾਲੇ ਕੰਮੀਂ ਜਾ ਲੱਗੀਆਂ ਸਨ। ਵਲੈਤ ਨੂੰ ਮੁੜ ਸੁਰਜੀਤ ਕਰਨ ਲਈ ਕਾਲੋਨੀਆਂ ਤੇ ਰਹਿ ਚੁਕੀਆਂ ਕਾਲੋਨੀਆਂ 'ਚੋਂ ਬੰਦਿਆਂ ਨੂੰ ਸੱਦ ਲਿਆ ਗਿਆ ਸੀ। ਹੋਰ ਮੁਲਕਾਂ ਵਾਂਗ ਮਜ਼ਦੂਰਾਂ ਦੀ ਘਾਟ ਨੂੰ ਹੱਲ ਕਰਨ ਲਈ ਜਮੈਕਾ, ਟ੍ਰਿਨੀਡੈਡ-ਟੋਬੈਗੋ ਅਤੇ ਹੋਰ ਟਾਪੂਆਂ ਤੋਂ ਲੋਕਾਂ ਨੂੰ ਵੀ ਵਲੈਤ 'ਚ ਸੱਦਿਆ ਗਿਆ। ਇਹ ਜਿਸ ਜਹਾਜ਼ 'ਚ ਆਏ, ਉਸ ਦਾ ਨਾਂ ਐੱਮਪਾਇਰ ਵਿੰਡਰੱਸ਼ ਸੀ। ਇਸੇ ਕਰ ਕੇ ਇਸ ਜਹਾਜ 'ਚ ਆਉਣ ਵਾਲੇ ਲੋਕਾਂ ਦਾ ਨਾਂ ਵਿੰਡਰੱਸ਼ੀਏ ਪੈ ਗਿਆ। ਪਿੱਛੇ ਜਿਹੇ ਜਦੋਂ ਇਨ੍ਹਾਂ ਨਾਲ ਸਿਧਾ ਧੱਕਾ ਹੋਇਆ ਤਾਂ ਇਸ ਜਹਾਜ 'ਚ ਆਉਣ ਵਾਲਿਆਂ ਨੂੰ ਜਾਂ ਉਨ੍ਹਾਂ ਨਾਲ ਸਬੰਧਿਤ ਜੀਆਂ ਨੂੰ ਵਿੰਡਰੱਸ਼ ਪੀੜ੍ਹੀ ਦਾ ਨਾਂ ਮਿਲ ਗਿਆ। ਸ਼ੁਰੂ 'ਚ ਇਹ ਜਹਾਜ਼ ਜਰਮਨੀ ਨੇ ਦੱਖਣੀ ਅਮਰੀਕਾ ਨੂੰ ਬੰਦੇ ਭੇਜਣ ਖਾਤਰ ਬਣਾਏ ਸਨ। ਜਿੰਨੀ ਆਸ ਨਾਲ ਜਹਾਜ਼ ਬਣਾਏ ਸਨ, ਓਨੇ ਕਾਮਯਾਬ ਨਾ ਹੋਏ। ਵਪਾਰ ਓਨਾ ਤੁਰਿਆ ਨਾ।

ਉਧਰੋਂ ਜਰਮਨੀ 'ਚ ਵੋਟਾਂ ਪਈਆਂ ਤਾਂ ਹਿਟਲਰ ਜੇਤੂ ਹੋ ਕੇ ਤਾਕਤ 'ਚ ਆ ਗਿਆ। ਜਰਮਨੀ ਦੀ ਫੌਜ ਨੇ ਇਹ ਜਹਾਜ਼ ਲੜਾਈ ਨੂੰ ਵਰਤਣ ਲਈ ਲੈ ਲਿਆ ਸੀ। ਲੜਾਈ ਦੌਰਾਨ ਇਹਦਾ ਕਈ ਵਾਰ ਵਿਰੋਧੀਆਂ ਨੇ ਨੁਕਸਾਨ ਕੀਤਾ ਸੀ। ਜਰਮਨੀ ਯੁੱਧ ਹਾਰ ਗਿਆ। ਸੋਵੀਅਤ ਯੂਨੀਅਨ-ਅਮਰੀਕਾ ਤੇ ਯੂ. ਕੇ. ਦਾ ਆਪਸੀ ਸਮਝੌਤਾ ਹੋ ਗਿਆ। ਵਿੰਡਰੱਸ਼ ਨਾਂ ਦਾ ਇਹ ਜਹਾਜ਼ ਵਲੈਤ ਨੂੰ ਪੈ ਗਿਆ। ਵਿੰਡਰੱਸ਼ ਨਾਂ ਦਾ ਦਰਿਆ ਵਲੈਤ 'ਚ ਗਲੋਸਟਰਸ਼ਾਇਰ ਤੇ ਔਕਸਫੋਰਡਸ਼ਾਇਰ 'ਚ ਪੈਂਦਾ ਹੈ; ਇਹ ਪੈਂਤੀ ਕੁ ਮੀਲ ਵਗਦਾ ਛੋਟਾ ਜਿਹਾ ਦਰਿਆ ਹੈ। ਇਸੇ ਨਾਂ ਦਾ ਛੋਟਾ ਜਿਹਾ ਪਿੰਡ ਵੀ ਹੈ, ਜਿਸ ਵਿਚ ਦੀ ਦਰਿਆ ਵਗਦਾ ਹੈ। ਇਸ ਜਹਾਜ਼ ਦਾ ਨਾਂ ਵਲੈਤ ਦੇ ਇਸੇ ਦਰਿਆ ਵਿੰਡਰੱਸ਼ 'ਤੇ ਰੱਖਿਆ ਗਿਆ ਸੀ।

ਬ੍ਰਿਟਿਸ਼ ਨੈਸ਼ਨਲਿਟੀ ਐਕਟ 1948 ਨੇ ਯੂਨਾਈਟਿਡ ਕਿੰਗਡਮ ਅਤੇ ਕਾਲੋਨੀਆਂ ਦੇ ਬਾਸ਼ਿੰਦਿਆਂ ਨੂੰ ਨਾਗਰਿਕ ਦਾ ਦਰਜਾ ਦਿੱਤਾ। ਜੋ ਵੀ ਉਸ ਸਮੇਂ ਬ੍ਰਿਟੇਨ ਦੀ ਬਸਤੀ ਵਿਚ ਪੈਦਾ ਹੋਇਆ, ਉਹ ਵਿਅਕਤੀ ਵਲੈਤ ਦਾ ਨਾਗਰਿਕ ਸੀ। ਇਸੇ ਤਹਿਤ 1970 ਤੀਕ ਲੱਖਾਂ ਲੋਕ ਕੈਰੇਬੀਅਨ ਤੋਂ ਬ੍ਰਿਟੇਨ ਆ ਗਏ। ਵਲੈਤ 'ਚ 1948 ਵਿਚ ਇਹ ਪੰਜ ਸੌ ਦੇ ਕਰੀਬ ਸਵਾਰੀਆਂ ਲੈ ਕੇ ਟਿਲਬੱਰੀ ਡੌਕਸ ਲੰਡਨ ਆਇਆ। ਇਹਦੇ 'ਚ ਬਹੁਤ ਸਾਰੇ ਬਾਲਾਂ ਨੂੰ ਵੀ ਲਿਆਂਦਾ ਗਿਆ ਸੀ। ਏਦੂੰ ਬਾਅਦ 1971 ਤੀਕ ਇਸ ਜਹਾਜ਼ ਤੇ ਹੋਰ ਯਾਤਰੀ ਆਏ, ਇਹ ਸਾਰੇ ਹੁਣ 'ਵਿੰਡਰੱਸ਼ ਪੀੜ੍ਹੀ' ਕਰ ਕੇ ਮਸ਼ਹੂਰ ਹੋ ਗਈ ਹੈ। ਇਸ ਗੱਲ ਦਾ ਕੋਈ ਪੱਕ ਨਹੀਂ ਹੈ ਕਿ ਕਿੰਨੇ ਲੋਕ ਵਿੰਡਰੱਸ਼ ਪੀੜ੍ਹੀ ਨਾਲ ਸਬੰਧਤ ਹਨ, ਕਿਉਂਕਿ ਬਹੁਤ ਸਾਰੇ ਲੋਕ ਜਦੋਂ ਆਏ ਤਾਂ ਬੱਚੇ ਸਨ। ਉਨ੍ਹਾਂ ਨੇ ਆਪਣੇ ਮਾਪਿਆਂ ਦੇ ਪਾਸਪੋਰਟਾਂ 'ਤੇ ਯਾਤਰਾ ਕੀਤੀ ਅਤੇ ਕਦੇ ਵੀ ਪਾਸਪੋਰਟ ਲਈ ਅਰਜ਼ੀ ਵੀ ਨਹੀਂ ਦਿੱਤੀ, ਪਰ ਇਹ ਗਿਣਤੀ ਹਜ਼ਾਰਾਂ ਵਿਚ ਮੰਨੀ ਜਾਂਦੀ ਹੈ।

ਔਕਸਫੋਰਡ ਯੂਨੀਵਰਸਿਟੀ ਦੇ ਮਾਈਗ੍ਰੇਸ਼ਨ ਅਬਜ਼ਰਵੇਟਰੀ ਦਾ ਅਨੁਮਾਨ ਹੈ, ਯੂ. ਕੇ. ਵਿਚ ਹੁਣ ਪੰਜ ਲੱਖ ਤੋਂ ਵੱਧ ਲੋਕ ਵਸਦੇ ਹਨ, ਜੋ ਕਾਮਨਵੈਲਥ ਦੇਸ਼ਾਂ ਵਿਚ ਪੈਦਾ ਹੋਏ ਸਨ ਅਤੇ 1971 ਤੋਂ ਪਹਿਲਾਂ ਵਲੈਤ ਪਹੁੰਚੇ ਸਨ। ਇਨ੍ਹਾਂ 'ਚ ਵਿੰਡਰੱਸ਼ ਰਾਹੀਂ ਆਉਣ ਵਾਲੇ ਵੀ ਸ਼ਾਮਲ ਸਨ। ਇਹ ਪੀੜ੍ਹੀ ਦੀ ਆਖਰੀ ਆਮਦ 1971 ਦੇ ਇਮੀਗ੍ਰੇਸ਼ਨ ਐਕਟ ਨਾਲ ਹੋ ਗਈ। ਪਹਿਲਾਂ ਤੋਂ ਹੀ ਯੂ. ਕੇ. ਵਿਚ ਰਹਿੰਦੇ ਰਾਸ਼ਟਰ ਮੰਡਲ ਨਾਗਰਿਕਾਂ ਨੂੰ ਰਹਿਣ ਲਈ ਅਣਮਿੱਥੇ ਸਮੇਂ ਲਈ ਛੋਟ ਦਿੱਤੀ ਗਈ ਸੀ।




ਇਸ ਪਿਛੋਂ ਵਿਦੇਸ਼ਾਂ ਵਿਚ ਪੈਦਾ ਹੋਇਆ ਬ੍ਰਿਟਿਸ਼ ਪਾਸਪੋਰਟ ਵਾਲਾ ਤਾਂ ਯੂ. ਕੇ. ਦਾ ਪੱਕਾ ਸ਼ਹਿਰੀ ਸੀ। ਦੂਜੇ ਉਹ ਸਨ, ਜਿਨ੍ਹਾਂ ਕੋਲ ਪਹਿਲਾਂ ਵਰਕ ਪਰਮਿਟ ਹੁੰਦਾ ਸੀ ਅਤੇ ਦੂਜਾ, ਇਹ ਸਾਬਤ ਕਰ ਸਕਦਾ ਸੀ ਕਿ ਕੋਈ ਮਾਂ-ਪਿਓ ਜਾਂ ਦਾਦਾ-ਦਾਦੀ ਯੂ. ਕੇ. ਵਿਚ ਪੈਦਾ ਹੋਏ ਸਨ? ਆਉਣ ਵਾਲੇ ਬਹੁਤ ਸਾਰੇ ਹੱਥੀਂ ਕੰਮ ਕਰਨ ਵਾਲੇ, ਕਲੀਨਰ, ਡਰਾਈਵਰ ਅਤੇ ਨਰਸਾਂ ਬਣ ਗਏ।

ਵਿੰਡਰੱਸ਼ ਘੁਟਾਲਾ 2017 ਵਿਚ ਸਾਹਮਣੇ ਆਇਆ ਸੀ ਕਿ ਰਾਸ਼ਟਰ ਮੰਡਲ ਦੇ ਸੈਂਕੜੇ ਨਾਗਰਿਕ, ਜਿਨ੍ਹਾਂ ਵਿਚੋਂ ਬਹੁਤ ਸਾਰੇ 'ਵਿੰਡਰੱਸ਼' ਪੀੜ੍ਹੀ ਦੇ ਸਨ; ਕਈਆਂ ਨੂੰ ਇਮੀਗ੍ਰੇਸ਼ਨ ਨਜ਼ਰਬੰਦੀ ਵਿਚ ਰੱਖਿਆ ਗਿਆ, ਵਿਦੇਸ਼ ਜਾਣ ਤੋਂ ਵੀ ਰੋਕਿਆ ਗਿਆ ਸੀ। ਗਲਤ ਢੰਗ ਨਾਲ ਨਜ਼ਰਬੰਦ ਰੱਖਿਆ ਗਿਆ। ਕਈਆਂ ਨੂੰ ਮੁਲਕ 'ਚੋਂ ਜ਼ਬਰਦਸਤੀ ਕੱਢਣ ਦੀ ਧਮਕੀ ਦਿੱਤੀ ਗਈ ਸੀ। ਕਈਆਂ ਨੂੰ ਦੇਸ਼ ਨਿਕਾਲਾ ਦਿੱਤਾ ਗਿਆ ਸੀ, ਜਿਨ੍ਹਾਂ ਨੂੰ ਬਚਪਨ ਤੋਂ ਬਾਅਦ ਦੇਖਿਆ ਹੀ ਨਹੀਂ ਸੀ। ਇਨ੍ਹਾਂ ਨੂੰ ਸਾਰੇ ਕਾਨੂੰਨੀ ਹੱਕਾਂ ਤੋਂ ਵਾਂਝੇ ਕਰ ਦਿੱਤਾ ਸੀ। ਕਿਸੇ ਹਿਸਾਬ ਨਾਲ ਉਹ ਬੇਗਾਨੇ ਮੁਲਕ ਹੀ ਜਾ ਰਹੇ ਸਨ। ਵਿਆਪਕ ਸਦਮਾ ਅਤੇ ਰੋਸ ਇਸ ਕਰਕੇ ਸੀ ਕਿ ਬਹੁਤ ਸਾਰੇ ਕਾਲੇ ਬ੍ਰਿਟਿਸ਼ ਲੋਕਾਂ ਨੇ ਬ੍ਰਿਟੇਨ ਦੀ ਡੂੰਘੀ ਕਮਜ਼ੋਰ ਅਤੇ ਪੱਖਪਾਤੀ ਇਮੀਗ੍ਰੇਸ਼ਨ ਪ੍ਰਣਾਲੀ ਰਾਹੀਂ ਆਪਣੀ ਜ਼ਿੰਦਗੀ ਤਬਾਹ ਕਰ ਲਈ।

ਇਨ੍ਹਾਂ ਵਿਅਕਤੀਆਂ ਦੀਆਂ ਕਹਾਣੀਆਂ ਦਾ ਅਖਬਾਰਾਂ 'ਚ ਰੌਲਾ ਸ਼ੁਰੂ ਹੋਇਆ ਅਤੇ ਕੈਰੇਬੀਅਨ ਨੇਤਾਵਾਂ ਨੇ ਇਸ ਮੁੱਦੇ ਨੂੰ ਉਦੋਂ ਪ੍ਰਧਾਨ ਮੰਤਰੀ ਥੈਰੇਸਾ ਮੇਅ ਕੋਲ ਉਠਾਇਆ ਸੀ। ਵੇਲੇ ਦੀ ਸਰਕਾਰ ਨੇ ਵੋਟਰਾਂ ਨੂੰ ਖੁਸ਼ ਕਰਨ ਲਈ ਇਨ੍ਹਾਂ ਬੰਦਿਆਂ ਨੂੰ ਗੈਰਕਾਨੂੰਨੀ ਬਾਸ਼ਿੰਦੇ ਕਹਿ ਕੇ ਪਿੱਛੇ ਮੋੜਨਾ ਸ਼ੁਰੂ ਕਰ ਦਿੱਤਾ। ਇਨ੍ਹਾਂ 'ਚੋਂ ਬਹੁਤ ਸਾਰੇ ਜੁਆਨ ਉਮਰੇ ਇਥੇ ਆਏ ਸਨ। ਜਾਨ ਤੋੜ ਕੇ ਇਥੇ ਕੰਮ ਕੀਤਾ, ਟੈਕਸ ਦਿੱਤੇ। ਗੋਡਿਆਂ ਭਾਰ ਮੁਲਕ ਦੇ ਉੱਠਣ ਵਿਚ ਮਦਦ ਕੀਤੀ। ਪੈਨਸ਼ਨਾਂ ਵੀ ਲੈ ਰਹੇ ਸਨ। ਬਹੁਤ ਸਾਰੇ ਪਲੇ ਇਥੇ ਸਨ, ਅਨੇਕਾਂ ਸਕੂਲ ਵੀ ਵਲੈਤ 'ਚ ਗਏ। ਫਿਰ ਨੌਕਰੀਆਂ ਵੀ ਕੀਤੀਆਂ; ਕਈ ਤਾਂ ਜੰਮੇ ਵੀ ਇਥੇ ਸਨ। ਕਸੂਰ ਸਿਰਫ ਇਹ ਸੀ ਕਿ ਇਨ੍ਹਾਂ ਕੋਲ ਬ੍ਰਿਟਿਸ਼ ਦੀ ਨਾਗਰਿਕਤਾ ਦਾ ਸਬੂਤ ਕੋਈ ਨਹੀਂ ਸੀ। ਬਹੁਤ ਸਾਰਿਆਂ ਨੂੰ ਇਸ ਦੀ ਲੋੜ ਨਹੀਂ, ਨਾ ਉਹ ਕਿਤੇ ਗਏ, ਨਾ ਪਿੱਛੇ ਮੁੜ ਕੇ ਜਾਣਾ ਸੀ। ਇਥੇ ਕੰਮ ਕਰ ਕੇ ਇਥੇ ਹੀ ਟਿਕੇ ਰਹਿਣਾ ਸੀ। ਕੁਝ ਨੇ ਅਣਗਹਿਲੀ ਕਰ ਕੇ ਕਾਗਜ਼ ਨਹੀਂ ਸਨ ਬਣਾਏ, ਕਿਉਂਕਿ ਵਿੰਡਰੱਸ਼ ਪੀੜ੍ਹੀ ਦੇ ਬਹੁਤੇ ਬੱਚੇ ਆਪਣੇ ਮਾਪਿਆਂ ਦੇ ਪਾਸਪੋਰਟਾਂ 'ਤੇ ਬੱਚੇ ਬਣ ਕੇ ਪਹੁੰਚੇ ਸਨ।

ਗ੍ਰਹਿ ਦਫਤਰ (ਹੋਮ ਆਫਿਸ) ਨੇ ਹਜ਼ਾਰਾਂ ਲੈਂਡਿੰਗ ਕਾਰਡਾਂ ਅਤੇ ਹੋਰ ਰਿਕਾਰਡਾਂ ਨੂੰ ਨਸ਼ਟ ਕਰ ਦਿੱਤਾ ਸੀ। ਬਹੁਤਿਆਂ ਕੋਲ ਯੂ. ਕੇ. ਵਿਚ ਰਹਿਣ ਦੇ ਆਪਣੇ ਅਧਿਕਾਰ ਨੂੰ ਸਾਬਤ ਕਰਨ ਲਈ ਦਸਤਾਵੇਜ਼ਾਂ ਦੀ ਘਾਟ ਸੀ। ਗ੍ਰਹਿ ਦਫਤਰ ਨੇ ਸਬੂਤ ਦਾ ਭਾਰ ਵੀ ਵਿਅਕਤੀਆਂ 'ਤੇ ਆਪਣੀ ਰਿਹਾਇਸ਼ ਦੀ 1973 ਦੀ ਭਵਿੱਖਵਾਣੀ ਨੂੰ ਸਾਬਤ ਕਰਨ ਲਈ ਲਾਇਆ। ਗ੍ਰਹਿ ਦਫਤਰ ਨੇ ਹਰ ਸਾਲ ਇੱਥੇ ਘੱਟੋ ਘੱਟ ਇਕ ਅਧਿਕਾਰਤ ਦਸਤਾਵੇਜ਼ ਦੀ ਮੰਗ ਕੀਤੀ, ਜੋ ਉਨ੍ਹਾਂ ਦੇ ਇੱਥੇ ਰਹਿੰਦੇ ਹੋਣ ਦਾ ਸਬੂਤ ਹੋਵੇ। ਦਹਾਕਿਆਂ ਪਹਿਲਾਂ ਦੇ ਦਸਤਾਵੇਜ਼ਾਂ ਨੂੰ ਲੱਭਣ ਦੀ ਕੋਸ਼ਿਸ਼ ਨੇ ਘੇਰਾ ਵਧਾਇਆ ਅਤੇ ਬਹੁਤ ਸਾਰੇ ਮਾਮਲਿਆਂ ਵਿਚ ਉਨ੍ਹਾਂ ਲੋਕਾਂ ਉਤੇ ਅਸੰਭਵ ਬੋਝ, ਜਿਨ੍ਹਾਂ ਨੇ ਕੁਝ ਵੀ ਗਲਤ ਨਹੀਂ ਸੀ ਕੀਤਾ।

ਹੋਮ ਆਫਿਸ ਨੇ ਆਪਣੇ 2010 'ਚ ਵਿੰਡਰੱਸ਼ੀਆਂ ਦੇ ਸਾਰੇ ਲੈਂਡਿੰਗ ਕਾਰਡ ਨਸ਼ਟ ਕਰ ਦਿੱਤੇ। ਉਨ੍ਹਾਂ ਦਾ ਯਕੀਨ ਸੀ ਕਿ ਜੋ ਲੋਕ ਉਨ੍ਹਾਂ ਕਾਲੋਨੀਆਂ ਤੋਂ ਆਏ ਸਨ, ਜਿਨ੍ਹਾਂ ਨੇ ਉਦੋਂ ਬ੍ਰਿਟਿਸ਼ ਰਾਜ ਤੋਂ ਆਜ਼ਾਦੀ ਹਾਸਲ ਨਹੀਂ ਸੀ ਕੀਤੀ, ਉਹ ਸਾਰੇ ਬ੍ਰਿਟਿਸ਼ ਨਾਗਰਿਕ ਹੀ ਸਨ, ਪਰ ਸਰਕਾਰ ਸਬੂਤ ਇਨ੍ਹਾਂ ਤੋਂ ਮੰਗ ਰਹੀ ਸੀ। ਬਹੁਤ ਸਾਰੇ ਅੰਗਰੇਜ਼ ਅਜਿਹੇ ਹਨ, ਜਿਨ੍ਹਾਂ ਕੋਲ ਪਾਸਪੋਰਟ ਨਹੀਂ, ਨਾ ਹੀ ਹੋਮ ਆਫਿਸ ਵਲੋਂ ਕੋਈ ਪ੍ਰਮਾਣ ਪੱਤਰ ਦਿੱਤਾ ਗਿਆ ਹੈ। ਵੇਲੇ ਦੀ ਸਰਕਾਰ ਨੇ ਉਨ੍ਹਾਂ ਨੂੰ ਗੈਰਕਾਨੂੰਨੀ ਕਹਿ ਕੇ ਪਿਛੇ ਮੋੜਨਾ ਸ਼ੁਰੂ ਕਰ ਦਿੱਤਾ ਸੀ। ਕਈ ਤਾਂ ਮੁਲਕ 'ਚੋਂ ਪਹਿਲੀ ਵਾਰ ਬਾਹਰ ਜਾ ਰਹੇ ਸਨ। ਕਈਆਂ ਨੇ ਉਹ ਮੁਲਕ ਪਹਿਲੀ ਵਾਰ ਦੇਖਣਾ ਸੀ, ਜਿੱਥੇ ਉਨ੍ਹਾਂ ਨੂੰ ਭੇਜਿਆ ਗਿਆ ਸੀ।

ਹੋਮ ਆਫਿਸ ਨੇ 2013 'ਚ ਚਿਤਾਵਨੀ ਦੇ ਦਿੱਤੀ ਕਿ ਵਿੰਡਰੱਸ਼ ਪੀੜ੍ਹੀ ਦੇ ਬਹੁਤ ਸਾਰੇ ਵਸਨੀਕਾਂ ਨੂੰ ਗੈਰਕਾਨੂੰਨੀ ਪਰਵਾਸੀ ਮੰਨਿਆ ਜਾ ਰਿਹਾ ਸੀ ਅਤੇ ਕੈਰੇਬੀਅਨ ਮੁਲਕਾਂ 'ਚ ਜਨਮੇ ਬਜ਼ੁਰਗ ਲੋਕਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਸੀ। ਜੋ ਚਿੱਠੀ ਪੱਤਰ ਇਨ੍ਹਾਂ ਨੂੰ ਮਿਲੇ, ਉਸ 'ਚ ਸਾਫ ਕਿਹਾ ਗਿਆ ਸੀ ਕਿ ਉਨ੍ਹਾਂ ਨੂੰ ਯੂ. ਕੇ. ਵਿਚ ਰਹਿਣ ਦਾ ਕੋਈ ਹੱਕ ਨਹੀਂ ਸੀ। ਜਿਨ੍ਹਾਂ ਵਿਚੋਂ ਕੁਝ ਨੂੰ ਯੂ. ਕੇ. ਛੱਡਣ ਦਾ ਪ੍ਰਬੰਧ ਕਰਨ ਲਈ ਕਿਹਾ ਗਿਆ ਸੀ। ਹੈਰਾਨੀ ਦੀ ਗੱਲ ਦੇਖੋ, ਕਰੀਬ ਅੱਧੇ ਪੱਤਰ ਉਨ੍ਹਾਂ ਲੋਕਾਂ ਨੂੰ ਭੇਜੇ ਗਏ, ਜੋ ਆਪਣੇ ਆਪ ਹੀ ਵਲੈਤ 'ਚੋਂ ਮੁੜ ਗਏ ਸਨ ਤੇ ਬਾਕੀ ਦੀ ਸਾਰੀ ਉਮਰ ਆਪਣੇ ਦੇਸ਼ 'ਚ ਬਿਤਾਉਣ ਦਾ ਪੱਕਾ ਕਰ ਚੁਕੇ ਸਨ।

ਮਾਮਲਾ ਲੋਕਾਂ ਦੀ ਨਜ਼ਰ ਚੜ੍ਹ ਗਿਆ ਤਾਂ ਲੋਕਾਂ ਨੇ ਗੱਲ ਚੁੱਕ ਲਈ। ਮੀਡੀਏ ਨੇ ਸਰਕਾਰ ਨੂੰ ਸੁਆਲ ਕਰਨੇ ਸ਼ੁਰੂ ਕੀਤੇ ਤਾਂ ਸਰਕਾਰ ਕੋਲ ਕੋਈ ਜੁਆਬ ਨਹੀਂ ਸੀ। ਸਰਕਾਰ ਨੂੰ ਸੱਚ ਅੱਗੇ ਝੁਕਣਾ ਪੈ ਗਿਆ। ਦਬਾਅ ਪੈਣ ਨਾਲ ਸਰਕਾਰ ਰਾਸ਼ਟਰ ਮੰਡਲ ਨਾਗਰਿਕਾਂ ਦੇ ਬੱਚਿਆਂ ਨੂੰ ਦੇਸ਼ ਨਿਕਾਲੇ ਦੀਆਂ ਧਮਕੀਆਂ ਲਈ ਮੁਆਫੀ ਮੰਗਦੀ ਰਹੀ, ਜਿਨ੍ਹਾਂ ਨੂੰ ਕਈ ਦਹਾਕਿਆਂ ਤੋਂ ਯੂ. ਕੇ. ਵਿਚ ਰਹਿਣ ਅਤੇ ਕੰਮ ਕਰਨ ਦੇ ਬਾਵਜੂਦ ਦੱਸਿਆ ਗਿਆ ਸੀ ਕਿ ਉਹ ਅਧਿਕਾਰਤ ਕਾਗਜ਼ਾਤ ਦੀ ਘਾਟ ਕਾਰਨ ਗੈਰਕਾਨੂੰਨੀ ਢੰਗ ਨਾਲ ਉਥੇ ਰਹਿੰਦੇ ਸਨ। ਕੁਝ ਪਿੱਛੇ ਮੋੜ ਦਿੱਤੇ ਸਨ ਤੇ ਕਈ ਹੋਰਾਂ ਨੂੰ ਮੋੜਿਆ ਜਾਣਾ ਸੀ। ਉਸ ਸਮੇਂ ਤੋਂ, ਰਿਪੋਰਟਾਂ ਅਤੇ ਮੁਆਵਜ਼ੇ ਦੀਆਂ ਯੋਜਨਾਵਾਂ ਦੀਆਂ ਗੱਲਾਂ ਤੁਰੀਆਂ ਤੇ ਫਿਰ ਮੁਆਵਜ਼ੇ ਸ਼ੁਰੂ ਕੀਤੇ ਗਏ, ਪਰ ਇਹ ਕੰਮ ਵੀ ਸਿਰੇ ਨਾ ਚੜ੍ਹਿਆ? ਸਾਈਂ ਦਾ ਨੂਰ ਦੇਖੋ, ਇਨ੍ਹਾਂ 'ਚੋਂ ਕਈ ਲੋਕ ਪਾਰਲੀਮੈਂਟ ਦੇ ਮੈਂਬਰ ਵੀ ਹਨ। ਹੋਰ ਵੱਡੇ ਰੁਤਬਿਆਂ 'ਤੇ ਵੀ ਰਹੇ ਹਨ ਜਾਂ ਅਜੇ ਵੀ ਹਨ।

ਇਸ ਸੰਘਰਸ਼ ਨੇ ਅੰਗਰੇਜ਼ ਦੀਆਂ ਵਿਤਕਰੇ ਵਾਲੀਆਂ ਨੀਤੀਆਂ ਦਾ ਕੱਚਾ ਚਿੱਠਾ ਫਿਰ ਨੰਗਾ ਕਰ ਦਿੱਤਾ ਹੈ। ਐਸੇ ਲੋਕ ਮੇਅਰ ਤੀਕ ਦੇ ਰੁਤਬੇ 'ਤੇ ਵੀ ਰਹੇ। ਹਿੱਕ ਧੱਕੇ ਵਿਰੁਧ ਮੁਹਿੰਮ ਨੇ ਹੰਭਲਾ ਮਾਰ ਲਿਆ ਹੈ। ਇਹ ਧੱਕੇ ਦਾ ਸ਼ਿਕਾਰ ਹੋਏ ਲੋਕਾਂ ਲਈ ਅਪਰੈਲ 2019 'ਚ ਮੁਆਵਜ਼ਾ ਸਕੀਮ ਮਿਥੀ ਗਈ ਹੈ। ਹੁਣ ਤੀਕ ਬਾਰਾਂ ਸੌ ਤੋਂ ਵੱਧ ਲੋਕਾਂ ਨੇ ਇਸ ਲਈ ਅਪਲਾਈ ਕੀਤਾ ਹੈ। ਹੁਣ ਤੀਕ ਸੱਠ ਤੋਂ ਵੱਧ ਲੋਕਾਂ ਨੂੰ ਕਰੀਬ ਚਾਰ ਲੱਖ ਪੌਂਡ ਦੇ ਹਿਸਾਬ ਦਿੱਤਾ ਗਿਆ ਹੈ। ਇਹ ਦੋ ਸੌ ਕਰੋੜ ਪੌਂਡ ਦੇ ਲਾਗੇ ਹੋ ਸਕਦਾ ਹੈ। ਅੰਦਾਜ਼ੇ ਅਨੁਸਾਰ ਵੱਧ ਜਾਣਾ ਹੈ। ਸਰਕਾਰ ਨੇ ਵਿੰਡਰੱਸ਼ ਘੁਟਾਲੇ ਦੇ ਮੂਲ ਕਾਰਨਾਂ ਦਾ ਪਤਾ ਲਾਉਣ ਅਤੇ ਇਸ ਤੋਂ ਸਬਕ ਸਿੱਖਣ ਦਾ ਵਾਅਦਾ ਕੀਤਾ ਸੀ।

---

# ਜੰਗ-ਏ-ਆਜ਼ਾਦੀ ਹਿੰਦੋਸਤਾਨ

*(ਪਿਛਲੇ ਸਫੇ ਦੀ ਬਾਕੀ)*

ਗਏ। ਰਾਜਕਾਰਾਂ ਨੇ ਪਿੰਡ 'ਤੇ ਹਮਲਾ ਕਰਕੇ 75 ਬੱਚੇ, ਔਰਤਾਂ ਅਤੇ ਬੇਕਸੂਰਾਂ ਨੂੰ ਕਤਲ ਕੀਤਾ ਸੀ।

26 ਅਗਸਤ 1942 ਨੂੰ ਚੱਗਣ ਪੁੱਤਰ ਰਾਜਾ ਰਾਮ ਲੁਹਾਰ, ਪਿੰਡ ਨੇਰੀ ਜਲਗਾਉਂ (ਮਹਾਰਾਸ਼ਟਰ) ਜਨਤਕ ਜਲਸੇ 'ਤੇ ਪੁਲਿਸ ਦੀ ਫਾਇਰਿੰਗ ਵਿਚ ਦਮ ਤੋੜ ਗਏ।

26 ਅਗਸਤ 1947 ਨੂੰ ਕਰਤਾਰ ਸਿੰਘ ਪੁੱਤਰ ਬਿਸ਼ਨ ਸਿੰਘ ਪਿੰਡ ਲੰਡੇ ਤਹਿਸੀਲ ਮੋਗਾ (ਫਿਰੋਜ਼ਪੁਰ) ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਜੈਤੋਂ ਮੋਰਚਾ, ਸਾਈਮਨ ਕਮਿਸ਼ਨ ਗੋ ਬੈਕ, ਨੌਜਵਾਨ ਭਾਰਤ ਸਭਾ, ਕਿਰਤੀ ਕਿਸਾਨ ਚੜਿੱਕ ਮੋਰਚੇ 'ਚ ਹਿੱਸਾ ਲਿਆ ਅਤੇ ਲਾਹੌਰ ਬੰਬ ਧਮਾਕੇ ਦੇ ਦੋਸ਼ 'ਚ ਜੇਲ੍ਹ ਯਾਤਰਾ ਕੀਤੀ।

28 ਅਗਸਤ 1940 ਨੂੰ ਸੈਂਟਰਲ ਇੰਡੀਅਨ ਹਾਊਸ ਦੇ ਸਾਧੂ ਸਿੰਘ ਪੁੱਤਰ ਨੌਰੰਗ ਸਿੰਘ, ਪਿੰਡ ਦਦੇਹਰ (ਅੰਮ੍ਰਿਤਸਰ) ਅਤੇ ਅਜਾਇਬ ਸਿੰਘ ਪਿੰਡ ਨੰਦਪੁਰ (ਅੰਮ੍ਰਿਤਸਰ) ਨੂੰ ਬਾਹਰ ਡਿਊਟੀ ਕਰਨ ਤੋਂ ਇਨਕਾਰ ਕਰਨ ਕਰ ਕੇ ਕੋਰਟ ਮਾਰਸ਼ਲ ਕੀਤਾ ਤੇ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ।

28 ਅਗਸਤ 1972 ਨੂੰ ਮੱਸਾ ਸਿੰਘ ਪਿੰਡ ਘੱਲ ਕਲਾਂ (ਲੁਧਿਆਣਾ) ਸਦੀਵੀ ਵਿਛੋੜਾ ਦੇ ਗਏ। ਉਹ ਅਮਰੀਕਾ ਤੋਂ ਗਦਰ ਪਾਰਟੀ 'ਚ ਦੇਸ਼ ਆਜ਼ਾਦ ਕਰਾਉਣ ਲਈ ਵਾਪਿਸ ਆਏ। ਆਖਰੀ ਸਾਹ ਤੱਕ ਲੋਕ ਹਿਤੈਸ਼ੀ ਰਹੇ।

29 ਅਗਸਤ 1924 ਨੂੰ ਹੁਕਮ ਸਿੰਘ ਪੁੱਤਰ ਜੈਮਲ ਸਿੰਘ ਪਿੰਡ ਟੂਬਲ (ਕਪੂਰਥਲਾ) ਸ਼ਹੀਦੀ ਪਾ ਗਏ। ਉਨ੍ਹਾਂ ਜੈਤੋਂ ਮੋਰਚਾ 7 'ਚ ਹਿੱਸਾ ਲਿਆ।

30 ਅਗਸਤ 1924 ਨੂੰ ਸਰਮੁੱਖ ਸਿੰਘ ਪਿੰਡ ਝੰਗ ਬਡਾਲਾ (ਲਾਇਲਪੁਰ) ਨਾਭਾ ਜੇਲ੍ਹ 'ਚ ਦਮ ਤੋੜ ਗਏ। ਉਨ੍ਹਾਂ ਜੈਤੋਂ ਮੋਰਚੇ 'ਚ ਹਿੱਸਾ ਲਿਆ ਸੀ।

31 ਅਗਸਤ 1924 ਨੂੰ 8ਵੇਂ ਜੈਤੋਂ ਮੋਰਚੇ 'ਚ ਸ਼ਾਮਲ ਆਸਾ ਸਿੰਘ ਪਿੰਡ ਨੱਥੂਕੇ (ਲਾਹੌਰ) ਨਾਭਾ ਬੀੜ ਜੇਲ੍ਹ ਯਾਤਰਾ ਸਮੇਂ ਸਦੀਵੀ ਵਿਛੋੜਾ ਦੇ ਗਏ।

## ਅਗਸਤ ਮਹੀਨੇ ਦੇ ਹੋਰ ਸ਼ਹੀਦ

1925 'ਚ ਬਿਸ਼ਨ ਸਿੰਘ ਪੁੱਤਰ ਕਾਕਾ ਸਿੰਘ ਪਿੰਡ ਸਵੱਦੀ (ਲੁਧਿਆਣਾ) ਰਾਵਲ ਪਿੰਡੀ ਜੇਲ੍ਹ 'ਚ ਦਮ ਤੋੜ ਗਏ। 1944 'ਚ ਉਜਾਗਰ ਸਿੰਘ ਪਿੰਡ ਬੁਰਜੀ ਚੰਦਾ ਸਿੰਘ (ਸਿਆਲਕੋਟ) ਅਤੇ ਸੁਰੈਣ ਸਿੰਘ ਠੱਠੀਆਂ ਆਈ. ਐਨ. ਏ. ਦੇ ਕਲੇਵਾ ਐਕਸ਼ਨ 'ਚ ਸ਼ਹੀਦ ਹੋ ਗਏ।

1944 'ਚ ਆਈ. ਐਨ. ਏ. ਦੇ ਸਿਪਾਹੀ ਵਰਿਆਮ ਸਿੰਘ ਪਿੰਡ ਨਾਹਰ ਸਿੰਘ ਚੱਕ ਨੰ.13 (ਸ਼ੇਖੂਪੁਰਾ) ਸ਼ਹੀਦੀ ਪਾ ਗਏ ਅਤੇ ਗੋਪਾਲ ਸਿੰਘ ਪਿੰਡ ਸਾਲਾਗੜ੍ਹੀ (ਧਰਮਸਾਲਾ) ਬਰਮਾ ਲੜਾਈ ਸਮੇਂ ਸ਼ਹੀਦੀ ਪਾ ਗਏ।

1946 'ਚ ਆਈ. ਐਨ. ਏ. ਦੇ ਗੁਰੀਲਾ ਭੀਮ ਸਿੰਘ ਪੁੱਤਰ ਰਾਮੂ ਪਿੰਡ ਚਿਰੀਆ ਚਰਖੀ (ਮਹਿੰਦਰਗੜ੍ਹ) ਅਤੇ 1947 ਵਿਚ ਮੰਗਲ ਸਿੰਘ ਪੁੱਤਰ ਅਤਰ ਸਿੰਘ ਪਿੰਡ ਕਹੋੜਾ (ਹੁਸ਼ਿਆਰਪੁਰ), ਓਮ ਪ੍ਰਕਾਸ਼ ਪੁੱਤਰ ਹਰੀ ਰਾਮ ਪਿੰਡ ਬੱਡੋਮਾਲੀ (ਸਿਆਲਕੋਟ) ਤੇ ਲੈਸ ਨਾਇਕ ਰਾਮ ਨਾਥ ਪੁੱਤਰ ਨੌਬਤ ਰਾਮ ਪਿੰਡ ਰਾਧੀ (ਹਿਸਾਰ) ਸ਼ਹੀਦੀ ਪਾ ਗਏ।

1947 'ਚ ਸੂਬਾ ਸਿੰਘ ਉਰਫ ਭਗਵਾਨ ਸਿੰਘ ਪੁੱਤਰ ਈਸ਼ਰ ਸਿੰਘ ਪਿੰਡ ਕੋਟ ਧਰਮ ਚੰਦ, ਤਰਨ ਤਾਰਨ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਜੈਤੋਂ ਮੋਰਚੇ 'ਚ ਜੇਲ੍ਹ ਯਾਤਰਾ ਕੀਤੀ। 1947 'ਚ ਬੇਲਾ ਸਿੰਘ ਪੁੱਤਰ ਗੰਡਾ ਸਿੰਘ ਪਿੰਡ ਮੱਤੇ ਨੰਗਲ (ਅਜਨਾਲਾ) ਸਦੀਵੀ ਵਿਛੋੜਾ ਦੇ ਗਏ। ਉਹ ਗੁਰੂ ਕੇ ਬਾਗ ਤੇ ਫੇਰੂ ਮੋਰਚੇ 'ਚ ਸ਼ਾਮਲ ਸਨ।

1948 'ਚ ਗਦਰ ਲਹਿਰ ਦੇ ਹਿਤੈਸ਼ੀ ਡਾ. ਨੰਦ ਸਿੰਘ ਸੀਹਰਾ ਪੁੱਤਰ ਦੇਵਾ ਸਿੰਘ ਕਸਬਾ ਫਿਲੌਰ (ਜਲੰਧਰ) ਆਸਨਸੋਲ 'ਚ ਸਦੀਵੀ ਵਿਛੋੜਾ ਦੇ ਗਏ। 1952 'ਚ ਤਾਰਾ ਸਿੰਘ ਪੁੱਤਰ ਮਾਨ ਸਿੰਘ ਪਿੰਡ ਬਰਿਆਣਾ (ਹੁਸ਼ਿਆਰਪੁਰ) ਚੱਲ ਵਸੇ। ਉਨ੍ਹਾਂ ਜੈਤੋਂ ਮੋਰਚੇ 'ਚ ਜੇਲ੍ਹ ਕੱਟੀ।

1954 'ਚ ਬੀਬੀ ਸਵਦੇਸ਼ ਕੁਮਾਰੀ ਪਿਤਾ ਐਮ. ਐਸ. ਸ਼ਾਹ ਸਦੀਵੀ ਵਿਛੋੜਾ ਦੇ ਗਏ। ਉਹ ਅੰਗਰੇਜ਼ ਰਾਜ ਵਿਰੁੱਧ ਲਾਮਬੰਦੀ ਦੇ ਦੋਸ਼ੀ ਸਨ। 1954 'ਚ ਸ਼ਾਮ ਸਿੰਘ ਪੁੱਤਰ ਸਦਾ ਸਿੰਘ ਪਿੰਡ ਚਕਰ (ਲੁਧਿਆਣਾ) ਚੱਲ ਵਸੇ। ਉਨ੍ਹਾਂ ਜੈਤੋਂ ਮੋਰਚੇ 'ਚ ਹਿੱਸਾ ਲਿਆ।

1955 'ਚ ਹਰਨਾਮ ਸਿੰਘ ਪੁੱਤਰ ਸ਼ਾਮ ਸਿੰਘ, ਪਿੰਡ ਚੱਕ ਨੰ. 41 ਜਗਦੇਵ ਕਲਾਂ (ਲਾਇਲਪੁਰ) ਅਕਾਲ ਚਲਾਣਾ ਕਰ ਗਏ। ਉਨ੍ਹਾਂ ਗੁਰੂ ਕੇ ਬਾਗ ਤੇ ਜੈਤੋਂ ਦੇ ਮੋਰਚੇ 'ਚ ਹਿੱਸਾ ਲਿਆ ਸੀ।

1958 'ਚ ਗਦਰ ਪਾਰਟੀ ਦੇ ਮੈਂਬਰ ਕੇਸਰ ਸਿੰਘ ਪੁੱਤਰ ਭੂਪ ਸਿੰਘ ਪਿੰਡ ਠੱਠਗੜ੍ਹ (ਤਰਨ ਤਾਰਨ) ਸਦੀਵੀ ਵਿਛੋੜਾ ਦੇ ਗਏ। 1971 'ਚ ਤਕਰੀਰਾਂ ਦੇ ਧਨੀ ਬੱਬਰ ਅਕਾਲੀ ਰਣ ਸਿੰਘ ਹਰੀਪੁਰ (ਜਲੰਧਰ) ਅਕਾਲ ਚਲਾਣਾ ਕਰ ਗਏ।

## ਬੇਨਤੀ

**ਇੰਡੋ-ਅਮੈਰਿਕਨ ਹੈਰੀਟੇਜ ਫਾਊਂਡੇਸ਼ਨ, ਨਿਊ ਯਾਰਕ ਦੇ ਯਤਨ ਹਨ ਕਿ ਹਿੰਦੋਸਤਾਨ ਦੀ ਆਜ਼ਾਦੀ ਲਈ ਜਿਨ੍ਹਾਂ ਯੋਧਿਆਂ, ਸ਼ਹੀਦਾਂ ਅਤੇ ਸੰਗਰਾਮੀਆਂ ਨੇ ਹਿੱਸਾ ਪਾਇਆ, ਉਨ੍ਹਾਂ ਬਾਰੇ ਵੱਧ ਤੋਂ ਵੱਧ ਜਾਣਕਾਰੀ ਪ੍ਰਾਪਤ ਕਰਕੇ ਅਣਖੀ ਵਿਰਸੇ ਬਾਰੇ ਦੱਸਿਆ ਜਾਵੇ। ਅਸੀਂ ਹਮੇਸ਼ਾ ਬੇਨਤੀ ਕਰਦੇ ਹਾਂ ਕਿ ਜੇ ਭੁੱਲੇ-ਵਿਸਰੇ ਸ਼ਹੀਦਾਂ ਦੀ ਕਿਸੇ ਕੋਲ ਜਾਣਕਾਰੀ ਹੋਵੇ ਤਾਂ ਸਾਡੇ ਨਾਲ ਫੋਨ: 1-347-753-5940 ਰਾਹੀਂ ਸਾਂਝੀ ਕੀਤੀ ਜਾ ਸਕਦੀ ਹੈ, ਤਾਂ ਜੋ ਉਨ੍ਹਾਂ ਨੂੰ ਇਤਿਹਾਸ ਨਾਲ ਜੋੜ ਕੇ ਕੁਰਬਾਨੀ ਦਾ ਰਿਣ ਉਤਾਰਿਆ ਜਾ ਸਕੇ।**

ਰਾਜਸਥਾਨੀ ਲੋਕ ਕਹਾਣੀਆਂ-6





ਵਿਜੇਦਾਨ ਦੇਥਾ
ਅਨੁਵਾਦ: ਡਾ. ਹਰਪਾਲ ਸਿੰਘ ਪੰਨੂ
ਫੋਨ: +91-94642 51454

# ਚੱਲ ਮੇਰੀ ਢੋਲਕ

*ਵਿਜੇਦਾਨ ਦੇਥਾ (ਪਹਿਲੀ ਸਤੰਬਰ 1926-10 ਨਵੰਬਰ 2013) ਰਾਜਸਥਾਨੀ ਲੋਕਧਾਰਾ ਦਾ ਬੜਾ ਅਹਿਮ ਨਾਂ ਹੈ। ਉਹਨੇ ਰਾਜਸਥਾਨੀ ਲੋਕ ਕਹਾਣੀਆਂ ਇਕੱਠੀਆਂ ਕੀਤੀਆਂ। ਇਸ ਤੋਂ ਇਲਾਵਾ ਮੌਲਿਕ ਕਹਾਣੀ ਦੀ ਰਚਨਾ ਵੀ ਕੀਤੀ। ਡਾ. ਹਰਪਾਲ ਸਿੰਘ ਪੰਨੂ ਨੇ ਉਸ ਦੀਆਂ ਇਕੱਠੀਆਂ ਕੀਤੀਆਂ ਰਾਜਸਥਾਨੀ ਲੋਕ ਕਹਾਣੀਆਂ ਨੂੰ ਪੰਜਾਬੀ ਰੂਪ ਦਿੱਤਾ ਹੈ। ਇਸ ਵਾਰ 'ਚੱਲ ਮੇਰੀ ਢੋਲਕ' ਨਾਂ ਦੀ ਲੋਕ ਕਹਾਣੀ ਪਾਠਕਾਂ ਦੇ ਰੂਬਰੂ ਕਰ ਰਹੇ ਹਾਂ। -ਸੰਪਾਦਕ*

ਪਿੰਡ ਵਿਚ ਵਿਧਵਾ ਔਰਤ ਰਹਿੰਦੀ ਸੀ ਜਿਸ ਦਾ ਇੱਕ ਪੁੱਤਰ ਸੀ, ਪੁੱਤਰ ਦਾ ਨਾਮ ਮਰੱਬੀ। ਮਰੱਬੀ ਦੀ ਉਮਰ ਤਾਂ ਛੋਟੀ ਹੀ ਸੀ ਪਰ ਬਚਪਨ ਤੋਂ ਹੀ ਉਸਦਾ ਦਿਮਾਗ ਚਾਰ-ਚੁਫੇਰੇ ਇਉਂ ਘੁੰਮਦਾ, ਜਿਵੇਂ ਹਲਟ ਦੀਆਂ ਟਿੰਡਾਂ। ਇੱਕ ਦਿਨ ਮਾਂ ਨੂੰ ਕਹਿਣ ਲੱਗਾ-ਮਾਂ ਮਾਂ ਮੈਂ ਨਾਨਕੇ ਜਾਊਂਗਾ।

ਮਾਂ ਨੇ ਕਿਹਾ-ਨਾ ਨਾ ਪੁੱਤਰ, ਤੂੰ ਤਾਂ ਅਜੇ ਬਹੁਤ ਛੋਟਾ ਹੈਂ, ਰਸਤੇ ਵਿਚ ਜੰਗਲ ਹੈ, ਉਥੇ ਖੂੰਖਾਰ ਜਾਨਵਰ ਰਹਿੰਦੇ ਨੇ, ਤੈਨੂੰ ਖਾ ਜਾਣਗੇ। ਵੱਡਾ ਹੋਏਂਗਾ ਤਾਂ ਜਾਣ ਦਿਆਂਗੀ।

ਕਈ ਦਿਨ ਦੇ ਮਿੰਨਤਾਂ ਤਰਲੇ ਕਿਸੇ ਕੰਮ ਨਾ ਆਏ ਤਾਂ ਮਰੱਬੀ ਨੇ ਤਰੀਕਾ ਘੜਿਆ। ਉਸ ਨੇ ਸੋਚਿਆ, ਕਿਸੇ ਤਰ੍ਹਾਂ ਕੋਈ ਇਹੋ ਜਿਹੀ ਗੱਲ ਕਰੀਏ ਕਿ ਮਾਂ ਖਿਝ ਜਾਏ। ਮਾਂ ਨੂੰ ਗੁੱਸੇ ਕਰਨ ਲਈ ਕਿਹਾ-ਮਾਂ ਮਾਂ, ਪਿਤਾ ਨੂੰ ਮਰਿਆਂ ਕਿੰਨੇ ਸਾਲ ਬੀਤ ਗਏ ਨੇ, ਤੂੰ ਫੇਰ ਵੀ ਅੱਖਾਂ ਵਿਚ ਸੁਰਮਾ ਕਿਉਂ ਪਾਉਂਦੀ ਹੈਂ?

ਚਪੇੜ ਲਾਉਣ ਲਈ ਮਾਂ ਪਿੱਛੇ ਦੌੜੀ ਤਾਂ ਮਰੱਬੀ ਨਾਨਕੇ ਪਿੰਡ ਵੱਲ ਦੌੜ ਗਿਆ। ਪਿੱਛੇ ਮੁੜ ਕੇ ਨਹੀਂ ਦੇਖਿਆ।

ਰਸਤੇ-ਰਸਤੇ ਜਾਂਦਿਆਂ ਕਾਂ ਮਿਲਿਆ। ਇਕੱਲੇ ਬੱਚੇ ਨੂੰ ਦੇਖ ਕੇ ਉਸ ਦੇ ਮੂੰਹ ਵਿਚ ਪਾਣੀ ਆ ਗਿਆ। ਨੇੜੇ ਆ ਕੇ ਕਹਿਣ ਲੱਗਾ-ਮਰੱਬੀ ਮਰੱਬੀ, ਮੈਂ ਤੈਨੂੰ ਖਾਊਂਗਾ।

ਡਰ ਤਾਂ ਮਰੱਬੀ ਦੇ ਨੇੜਿਉਂ-ਤੇੜਿਉਂ ਵੀ ਨਹੀਂ ਲੰਘਿਆ ਸੀ ਕਦੀ। ਨਿਡਰਤਾ ਨਾਲ ਬੋਲਿਆ-ਕਾਂ ਭਾਈ, ਇਸ ਤਰ੍ਹਾਂ ਕਿਉਂ ਖਾ ਰਿਹੈਂ? ਤੈਨੂੰ ਦਿਸਦਾ ਨਹੀਂ, ਮੈਂ ਕਿੰਨਾ ਮਾੜਚੂ ਹਾਂ? ਨਾਨਕੇ ਘਰ ਚੱਲਿਆਂ ਹਾਂ। ਨਾਨਕੇ ਘਰ ਜਾਣ ਦੇ। ਦੁੱਧ ਮਲਾਈ ਖਾਣ ਦੇ। ਖੀਰ ਪੂੜੇ ਖਾਊਂਗਾ। ਮੋਟਾ ਤਾਜ਼ਾ ਹੋਊਂਗਾ, ਫੇਰ ਰੱਜ ਕੇ ਖਾਈਂ।

ਕਾਂ ਨੇ ਕਿਹਾ-ਪਰ ਤੇਰੇ 'ਤੇ ਕੀ ਇਤਬਾਰ? ਨਾਨਕਿਆਂ ਤੋਂ ਜੇ ਤੂੰ ਆਇਆ ਈ ਨਾ, ਫਿਰ?

ਮਰੱਬੀ ਨੇ ਕਿਹਾ-ਅੱਜ ਤੱਕ ਦੇਖਿਐ ਕੋਈ ਜੋ ਨਾਨਕੇ ਜਾ ਕੇ ਮੁੜਿਆ ਨਾ ਹੋਵੇ? ਨਾਲੇ ਮੈਂ ਵਾਅਦਾ ਵੀ ਤਾਂ ਕਰਦਾ ਹਾਂ। ਹੁਣ ਜਾਣ ਦੇ।

ਕਾਂ ਨੇ ਕਿਹਾ-ਚੰਗਾ ਜਾਹ।

ਜਾਂਦੇ-ਜਾਂਦੇ ਥੋੜ੍ਹੀ ਦੂਰ ਅੱਗੇ ਲੂੰਬੜੀ ਖਲੋਤੀ ਦਿਸੀ। ਇਕੱਲਾ ਦੇਖ ਕੇ ਲੂੰਬੜੀ ਦੇ ਦਿਲ ਵਿਚ ਲਾਲਚ ਆ ਗਿਆ। ਕਹਿੰਦੀ-ਮਰੱਬੀ ਮਰੱਬੀ ਮੈਂ ਤੈਨੂੰ ਖਾਊਂਗੀ।

ਬਿਨਾਂ ਕਿਸੇ ਬੇਚੈਨੀ ਦੇ ਮਰੱਬੀ ਬੋਲਿਆ-ਲੂੰਬੜੀ ਭੈਣ, ਹੁਣੇ ਖਾਣ ਵਿਚ ਕੀ ਫਾਇਦਾ? ਨਾਨਕੇ ਘਰ ਜਾਣ ਦੇ। ਦੁੱਧ ਮਲਾਈ ਖਾਣ ਦੇਹ। ਖੀਰ ਪੂੜੇ ਖਾਊਂਗਾ। ਮੋਟਾ ਤਾਜ਼ਾ ਹੋਊਂਗਾ, ਫੇਰ ਰੱਜ ਕੇ ਖਾਈਂ।

ਲੂੰਬੜੀ ਨੇ ਕਿਹਾ-ਪਰ ਤੇਰਾ ਕੀ ਭਰੋਸਾ? ਨਾਨਕੇ ਘਰੋਂ ਵਾਪਸ ਆਉਣ ਨੂੰ ਤਾਂ ਮੇਰਾ ਵੀ ਜੀ ਨੀ ਕਰਦਾ ਹੁੰਦਾ? ਜੇ ਤੂੰ ਨਾ ਆਇਆ, ਫਿਰ?

ਮਰੱਬੀ ਨੇ ਕਿਹਾ-ਮੇਰੀ ਮਾਂ ਇਕੱਲੀ ਹੈ, ਦੇਰ ਤੱਕ ਉਸ ਨੂੰ ਇਕੱਲੀ ਨਹੀਂ ਨਾ ਛੱਡ ਸਕਦਾ। ਬਸ ਥੋੜ੍ਹੇ ਦਿਨ ਦੀ ਗੱਲ ਹੈ। ਵਾਅਦਾ ਰਿਹਾ।

ਅੱਗੇ ਚਲੋ-ਚਲ, ਤੁਰੀ ਗਿਆ। ਫਿਰ ਰਸਤੇ ਵਿਚ ਗਿੱਦੜ ਮਿਲਿਆ ਜੋ ਦੋ ਦਿਨ ਦਾ ਭੁੱਖਾ ਸੀ। ਦੇਖਿਆ ਛੋਟਾ ਜਿਹਾ ਬੱਚਾ ਇਕੱਲਾ ਜੰਗਲ ਵਿਚ ਤੁਰਿਆ ਜਾਂਦਾ ਹੈ। ਲਾਲਚ ਆ ਗਿਆ। ਬੋਲਿਆ-ਮਰੱਬੀ, ਮੈਂ ਤੈਨੂੰ ਖਾਣਾ ਹੈ।

ਨਿਡਰ ਮਰੱਬੀ ਬੋਲਿਆ-ਗਿੱਦੜ ਮਾਮਾ, ਹੁਣੇ ਕਿਉਂ ਖਾਣ ਦੀ ਸੋਚਣ ਲੱਗੈਂ?

ਗਿੱਦੜ ਨੇ ਪੁੱਛਿਆ-ਹੋਰ ਕਦ ਕੁ ਖਾਵਾਂ?

ਮਰੱਬੀ ਬੋਲਿਆ-ਨਾਨਕੇ ਘਰ ਜਾਣ ਦੇ। ਦੁੱਧ ਮਲਾਈ ਖਾਣ ਦੇ। ਖੀਰ ਪੂੜੇ ਖਾਊਂਗਾ। ਮੋਟਾ ਤਾਜ਼ਾ ਹੋਊਂਗਾ, ਫਿਰ ਰੱਜ ਕੇ ਖਾਈਂ।

ਗਿੱਦੜ ਨੇ ਕਿਹਾ-ਪਰ ਕੀ ਪਤਾ ਲੱਗੇ ਕਿ ਤੂੰ ਆ ਈ ਜਾਏਂਗਾ ਵਾਪਸ?

ਮਰੱਬੀ ਨੇ ਕਿਹਾ-ਤੈਨੂੰ ਲਗਦੈ ਕਿ ਮੈਂ ਝੂਠ ਬੋਲਣ ਵਾਲਾ ਹਾਂ? ਮੈਨੂੰ ਤਾਂ ਪਤਾ ਵੀ ਨਹੀਂ, ਝੂਠ ਹੁੰਦਾ ਕੀ ਹੈ! ਯਕੀਨ ਕਰ, ਹਫਤੇ ਦਸ ਦਿਨ ਬਾਅਦ ਆਇਆ ਕਿ ਆਇਆ।

ਜਾਂਦੇ-ਜਾਂਦੇ ਚੀਤਾ ਟੱਕਰ ਗਿਆ। ਉਸ ਨੂੰ ਵੀ ਭੁੱਖ ਲੱਗੀ ਹੋਈ ਸੀ। ਬੁੱਲ੍ਹਾਂ 'ਤੇ ਜੀਭ ਫੇਰੀ ਜਾਵੇ। ਮਰੱਬੀ ਵਲ ਤੇਜ਼ ਕਦਮੀ ਆਇਆ ਤੇ ਕਿਹਾ-ਬਸ ਤੇਰਾ ਸਮਾਂ ਆ ਗਿਆ। ਹੁਣ ਮੈਂ ਤੈਨੂੰ ਖਾ ਜਾਊਂਗਾ।

ਡਰਦਾ ਤਾਂ ਮਰੱਬੀ ਹੈ ਈ ਨਹੀਂ ਸੀ ਕਦੀ। ਚੀਤੇ ਦੇ ਨੇੜੇ ਆ ਕੇ ਕਹਿਣ ਲੱਗਾ-ਚੀਤੇ ਮਾਮਾ, ਮੈਨੂੰ ਖਾਣ ਵਿਚ ਇੰਨੀ ਜਲਦੀ ਕਿਉਂ ਕਰਨੀ ਹੋਈ? ਨਾਨਕੇ ਘਰ ਜਾਣ ਦੇ। ਦੁੱਧ ਮਲਾਈ ਖਾਣ ਦੇ। ਖੀਰ ਪੂੜੇ ਖਾਊਂਗਾ। ਮੋਟਾ ਤਾਜ਼ਾ ਹੋਊਂਗਾ, ਫਿਰ ਰੱਜ ਕੇ ਖਾਈਂ।

ਚੀਤਾ ਗੱਜਿਆ, ਕਹਿੰਦਾ-ਤੇਰਾ ਕੀ ਪਤਾ ਆਏਂ, ਨਾ ਆਏਂ?

ਮਰੱਬੀ ਨੇ ਕਿਹਾ-ਕਦੀ ਹੋਇਐ ਇਸ ਤਰ੍ਹਾਂ ਕਿ ਕੋਈ ਦੋਹਤਾ ਨਾਨਕੇ ਗਿਆ ਹੋਵੇ, ਉਥੋਂ ਕਦੀ ਆਇਆ ਈ ਨਾ ਹੋਵੇ? ਮੈਂ ਵਾਅਦਾ ਕੀਤਾ।

ਇਉਂ ਸਾਰੇ ਜਾਨਵਰਾਂ ਕੋਲੋਂ ਦੀ ਇਹ ਆਖ ਕੇ ਮਰੱਬੀ ਸੁਰੱਖਿਅਤ ਲੰਘ ਗਿਆ। ਨਾਨਕੀਂ ਬੜਾ ਲਾਡ ਪਿਆਰ ਮਿਲਿਆ। ਚਾਰ ਮਾਮੀਆਂ। ਇੱਕ ਮਾਮੀ ਨੇ ਕਿਹਾ-ਮੇਰੇ ਰਾਜੇ ਦੋਹਤੇ, ਮੇਰੇ ਕੋਲ ਰਹੀਂ। ਦੂਜੀਆਂ ਮਾਮੀਆਂ ਕਹਿਣ-ਨਹੀਂ ਰਾਜੇ ਦੋਹਤੇ, ਸਾਡੇ ਕੋਲ।

ਮਰੱਬੀ ਨੇ ਕਿਹਾ-ਤੁਸੀਂ ਕੋਈ ਰੌਲਾ ਨਾ ਪਾਉ। ਮੈਂ ਇਥੇ ਰਹੂੰਗਾ। ਦੇਖੂੰਗਾ ਕਿਹੜੀ ਮਾਮੀ ਦੇ ਘਰ ਦੁੱਧ ਘਿਉ ਵੱਧ ਹੈ। ਬਸ ਉਸੇ ਘਰ ਰਹੂੰਗਾ। ਗੱਲਾਂ ਕਰਨ ਸਾਰੀਆਂ ਕੋਲ ਆਇਆ ਕਰੂੰਗਾ। ਉਹਨੇ ਦੇਖਿਆ, ਸਭ ਤੋਂ ਵੱਧ ਗਾਵਾਂ ਮੱਝਾਂ ਛੋਟੀ ਮਾਮੀ ਦੇ ਵਾੜੇ ਵਿਚ ਸਨ। ਮਰੱਬੀ ਉਸ ਕੋਲ ਰਹਿਣ ਲੱਗਾ। ਮਾਮੀ ਬੜਾ ਪਿਆਰ ਕਰਦੀ। ਸ਼ਹਿਦ ਪਾ ਕੇ ਦੁੱਧ ਪਿਲਾਂਦੀ। ਮੱਖਣ ਨਾਲ ਨੁੱਚੜਦਾ ਪਰੌਂਠਾ ਖਵਾਂਦੀ। ਮਰੱਬੀ ਤਾਂ ਦੇਖਦੇ-ਦੇਖਦੇ ਦਿਨਾਂ ਵਿਚ ਹੀ ਮੋਟਾ ਹੋਣ ਲੱਗਾ, ਚਿਹਰੇ 'ਤੇ ਰੌਣਕ ਆ ਗਈ।

ਇੱਕ ਦਿਨ ਪੁੱਛਣ ਲੱਗਾ-ਮਾਮੀ ਇੱਕ ਗੱਲ ਦਾ ਪਤਾ ਨਹੀਂ ਲੱਗਦਾ। ਸੌਂਦੀ ਹੈਂ ਤੂੰ ਵਰਾਂਡੇ ਵਿਚ ਪਰ ਸਵੇਰੇ ਦਿਸਦੀ ਹੈਂ ਰਸੋਈ ਵਿਚ। ਰਸੋਈ ਵਿਚ ਹੁਣੇ ਦੇਖੀ, ਫਿਰ ਦਿਸਦੀ ਹੈਂ ਵਾੜੇ ਵਿਚ। ਵਾੜੇ ਵਿਚ ਸੁੱਤੀ, ਬਾਹਰਲੇ ਫਾਟਕ ਕੋਲ ਉਠਦੀ ਹੈਂ। ਫਾਟਕ ਨੇੜੇ ਸੁੱਤੀ, ਸਵੇਰੇ ਚੌਕ ਵਿਚ ਦਿਸਦੀ ਹੈਂ। ਚੌਕ ਵਿਚ ਸੌਂ ਜਾਨੀ ਐਂ, ਬਾਹਰਲੇ ਖੂਹ ਕੋਲ ਲੱਭਦੀ ਹੈਂ। ਇਹ ਕੀ ਗੱਲ ਹੋਈ। ਮੇਰੀ ਸਮਝ ਵਿਚ ਨਹੀਂ ਆਈ। ਤੂੰ ਹੀ ਦੱਸ ਇਹ ਕੀ ਭਾਣਾ ਵਰਤਦਾ ਹੈ।

ਮਾਮੀ ਨੇ ਹਉਕਾ ਲੈ ਕੇ ਕਿਹਾ-ਚੰਗਾ ਹੋਇਆ ਤੂੰ ਮੇਰਾ ਧਿਆਨ ਤਾਂ ਰੱਖਦੈਂ। ਕਿਸੇ ਨੂੰ ਮੇਰੀ ਪਰਵਾਹ ਹੀ ਨਹੀਂ। ਦੋਹਤਿਆ, ਮੇਰੇ ਸਿਰ ਵਿਚ ਜੂੰਆਂ ਬਹੁਤ ਨੇ, ਬੇਅੰਤ ਜੂੰਆਂ। ਉਹ ਮੈਨੂੰ ਘੜੀਸ ਕੇ ਲੈ ਜਾਂਦੀਆਂ ਨੇ। ਕਰਾਂ ਤਾਂ ਮੈਂ ਕੀ ਕਰਾਂ? ਪਤਾ ਨਹੀਂ ਲਗਦਾ।

ਮਰੱਬੀ ਅਕਲਮੰਦ ਸੀ ਸਿਰੇ ਦਾ। ਸੁਣਨਸਾਰ ਭੱਜਾ-ਭੱਜਾ ਮਿਸਤਰੀ ਦੇ ਕਾਰਖਾਨੇ ਗਿਆ। ਉਸ ਪਾਸੋਂ ਵਧੀਆ ਤੰਗਲੀ ਬਣਵਾਈ। ਤਿੱਖੇ ਸੂਤਾਂ ਵਾਲੀ ਤੰਗਲੀ। ਮਾਮੀ ਨੂੰ ਘਰ ਆ ਕੇ ਕਿਹਾ-ਸਾਹਮਣੇ ਨੀਵੀਂ ਪਾ ਕੇ ਖੜ੍ਹ ਜਾਹ। ਮਾਮੀ ਵਾਲ ਅੱਗੇ ਵੱਲ ਸੁੱਟ ਕੇ ਨੀਵੀਂ ਪਾ ਕੇ ਖਲੋਅ ਗਈ। ਮਰੱਬੀ ਲੱਗਾ ਤੰਗਲੀ ਫੇਰਨ ਸਿਰ ਵਿਚ। ਲਉ ਜੀ ਲੱਖਾਂ ਦੀਆਂ ਲੱਖਾਂ ਜੂੰਆਂ ਜ਼ਮੀਨ ਉਪਰ ਕਿਰਨ ਲੱਗੀਆਂ। ਮਰੱਬੀ ਦੇਰ ਤੱਕ ਸਿਰ ਵਿਚ ਤੰਗਲੀ ਫੇਰਦਾ ਰਿਹਾ, ਫੇਰਦਾ ਰਿਹਾ, ਕਿਰਨਮ-ਕਿਰਨੀ ਜੂੰਆਂ ਕਿਰਦੀਆਂ ਰਹੀਆਂ, ਵਿਹੜੇ ਵਿਚ ਢੇਰ ਲੱਗ ਗਿਆ। ਸਿਰ ਵਿਚ ਇੱਕ ਵੀ ਜੂੰਅ ਨਹੀਂ ਬਚੀ। ਮਾਮੀ ਦਾ ਸਿਰ ਹਲਕਾ ਫੁੱਲ ਵਰਗਾ ਹੋ ਗਿਆ। ਮਾਮੀ ਤੋਂ ਬੜੀਆਂ ਅਸੀਸਾਂ ਮਿਲੀਆਂ। ਜੂੰਆਂ ਨਿਕਲ ਗਈਆਂ, ਹੁਣ ਮਾਮੀ ਜਿਥੇ ਰਾਤ ਨੂੰ ਸੌਂਦੀ, ਸਵੇਰੇ ਉਥੇ ਪਈ ਮਿਲਦੀ।


ਜ਼ਮੀਨ 'ਤੇ ਡਿੱਗੀਆਂ ਜੂੰਆਂ ਝਾੜੂ ਨਾਲ ਇਕੱਠੀਆਂ ਕੀਤੀਆਂ। ਚਾਦਰ ਵਿਛਾਈ, ਉਸ ਵਿਚ ਪਾ ਕੇ ਗਠੜੀ ਬੰਨ੍ਹ ਲਈ। ਜੰਗਲ ਵਲ ਤੁਰ ਪਿਆ। ਦੇਖਿਆ ਜੰਡੀ ਦੇ ਰੁੱਖ ਹੇਠ ਮੱਝਾਂ ਆਰਾਮ ਕਰ ਰਹੀਆਂ ਸਨ। ਮਰੱਬੀ ਨੇ ਜੂੰਆਂ ਦੀ ਗਠੜੀ ਮੱਝਾਂ ਉਪਰ ਢੇਰੀ ਕਰ ਦਿੱਤੀ। ਜੂੰਆਂ ਲੜੀਆਂ ਤਾਂ ਮੱਝਾਂ ਇਧਰ ਉਧਰ ਭੱਜਣ ਲੱਗੀਆਂ।

ਸ਼ੇਰ ਇਨ੍ਹਾਂ ਮੱਝਾਂ ਦਾ ਸ਼ਿਕਾਰ ਕਰਨ ਵਾਸਤੇ ਨੇੜੇ ਦੀ ਝਾੜੀ ਪਿਛੇ ਲੁਕਿਆ ਬੈਠਾ ਸੀ। ਦੌੜਦੀ ਮੱਝ ਦਾ ਪਿੱਛਾ ਕਰਨ ਲੱਗਾ ਸੀ ਕਿ ਪੈਰ ਵਿਚ ਕਿੱਕਰ ਦੀ ਸੂਲ ਗੱਡੀ ਗਈ। ਮੱਝਾਂ ਤਾਂ ਦੌੜ ਗਈਆਂ, ਸ਼ੇਰ ਉਥੇ ਹੀ ਖਲੋਤਾ ਰਹਿ ਗਿਆ। ਡਰ ਵਰਗੀ ਕੋਈ ਚੀਜ਼ ਤਾਂ ਮਰੱਬੀ ਦੇ ਨੇੜੇ ਨਹੀਂ ਕਦੀ ਫੜਕੀ। ਖੂਹ ਦੀਆਂ ਟਿੰਡਾਂ ਵਾਂਗ ਉਸ ਦੀ ਅਕਲ ਘੁੰਮਦੀ ਰਹਿੰਦੀ। ਸ਼ੇਰ ਨੇੜੇ ਜਾ ਕੇ ਕਹਿੰਦਾ-ਮਾਮਾ ਜੀ ਪ੍ਰਣਾਮ! ਖਲੋਤੇ ਕਿਉਂ ਹੋ? ਦੌੜਦੇ-ਦੌੜਦੇ ਰੁਕ ਕਿਉਂ ਗਏ?

ਸ਼ੇਰ ਨੇ ਜਵਾਬ ਦਿੱਤਾ-ਪੈਰ ਵਿਚ ਤਿੱਖੀ ਸੂਲ ਡੂੰਘੀ ਖੁਭ ਗਈ। ਦੌੜਨਾ ਤਾਂ ਕੀ, ਮੇਰੇ ਵਾਸਤੇ ਖਲੋਣਾ ਮੁਸ਼ਕਿਲ ਹੋ ਰਿਹਾ ਹੈ ਹੁਣ। ਸਾਰਾ ਸਰੀਰ ਸੁੰਨ ਹੋ ਗਿਆ। ਤੂੰ ਭਾਣਜੇ ਸੂਲ ਕੱਢ ਦਏਂ ਤਾਂ ਜਾਨ ਵਿਚ ਜਾਨ ਆਏ।

ਮਰੱਬੀ ਬੋਲਿਆ-ਸੂਲ ਕੱਢਣੀ ਤਾਂ ਕੋਈ ਮੁਸ਼ਕਿਲ ਨਹੀਂ ਪਰ ਜੇ ਤੂੰ ਮੈਨੂੰ ਖਾ ਗਿਆ, ਫਿਰ?

ਸ਼ੇਰ ਨੇ ਕਿਹਾ-ਵਾਹ ਬਈ ਵਾਹ, ਤੂੰ ਪਾਗਲ ਤਾਂ ਨਹੀਂ ਹੋ ਗਿਆ? ਤੂੰ ਮੇਰਾ ਭਲਾ ਕਰੇਂ ਤੇ ਮੈਂ ਤੈਨੂੰ ਖਾ ਜਾਵਾਂ? ਇਹ ਗੱਲ ਤਾਂ ਸੋਚ ਈ ਨਾ। ਸ਼ੇਰਾਂ ਦੀ ਕੌਮ ਅਹਿਸਾਨ ਨਹੀਂ ਭੁੱਲਦੀ ਹੁੰਦੀ।



ਮਰੱਬੀ ਨੇ ਕਿਹਾ-ਅਹਿਸਾਨ-ਉਹਸਾਨ ਦਾ ਤਾਂ ਮੈਨੂੰ ਨੀ ਪਤਾ ਕੀ ਹੁੰਦਾ। ਤੇਰਾ ਕੰਡਾ ਨਿਕਲ ਗਿਆ, ਤੂੰ ਸੁੱਖ ਦਾ ਸਾਹ ਲਏਂਗਾ, ਫਿਰ ਤੈਨੂੰ ਯਾਦ ਆਏਗਾ ਕਿ ਤੈਨੂੰ ਭੁੱਖ ਲੱਗੀ ਹੋਈ ਹੈ। ਬਸ ਫਿਰ ਮੇਰੇ ਆਲਾ ਕੰਮ ਖਤਮ! ਮੈਂ ਕਿਉਂ ਖਤਰਾ ਮੁੱਲ ਲਵਾਂ?

ਸ਼ੇਰ ਨੇ ਹੱਥ ਜੋੜ ਕੇ ਮਿੰਨਤਾਂ ਸ਼ੁਰੂ ਕਰ ਦਿੱਤੀਆਂ। ਅੱਖਾਂ ਵਿਚ ਹੰਝੂ ਛਲਕ ਆਏ। ਮਰੱਬੀ ਨੂੰ ਤਰਸ ਆ ਗਿਆ। ਸੋਚਿਆ, ਦੇਖੀ ਜਾਊ। ਜਿਹੋ ਜਿਹਾ ਮੌਕਾ ਬਣਿਆ, ਆਪਣੇ ਬਚਾਉ ਵਾਸਤੇ ਵੀ ਸੋਚ ਲਵਾਂਗੇ। ਹੁਣ ਤਾਂ ਸ਼ੇਰ ਦਾ ਦਰਦ ਦੂਰ ਕਰਨ ਵਿਚ ਨੇਕੀ ਹੈ। ਦੁੱਖ ਤਾਂ ਸਭ ਨੂੰ ਇੱਕੋ ਜਿਹਾ ਹੁੰਦੈ। ਲੁਹਾਰ ਕੋਲ ਗਿਆ। ਉਸ ਤੋਂ ਮੋਚਨਾ ਖਰੀਦਿਆ। ਆਪਣੇ ਗੋਡੇ ਉਪਰ ਸ਼ੇਰ ਦਾ ਪੰਜਾ ਰੱਖ ਕੇ ਸੂਲ ਬਾਹਰ ਕੱਢ ਦਿੱਤੀ। ਥੋੜ੍ਹਾ ਕੁ ਲਹੂ ਤਾਂ ਵਗਿਆ ਪਰ ਮਰੱਬੀ ਨੇ ਉਸ ਉਪਰ ਮਿੱਟੀ ਦੀ ਮੁੱਠੀ ਪਾ ਦਿੱਤੀ। ਸਭ ਠੀਕ-ਠਾਕ ਹੋ ਗਿਆ।

ਕੰਡਾ ਨਿਕਲ ਗਿਆ, ਸ਼ੇਰ ਨੂੰ ਬੜਾ ਆਰਾਮ ਮਿਲਿਆ। ਪੰਜੇ ਨਾਲ ਮਰੱਬੀ ਨੂੰ ਪਿੱਠ ਉਪਰ ਥਾਪੀ ਦਿੱਤੀ, ਪੂਰਾ ਅਹਿਸਾਨ ਮੰਨਿਆ। ਫਿਰ ਕਿਹਾ-ਮਰੱਬੀ, ਭੁੱਖ ਨਾਲ ਮੇਰੀ ਜਾਨ ਨਿਕਲ ਰਹੀ ਹੈ। ਕੋਈ ਸ਼ਿਕਾਰ ਹੀ ਲੈ ਆ ਯਾਰ ਮੇਰੇ ਵਾਸਤੇ। ਚੱਕਰ ਆ ਰਹੇ ਨੇ ਭੁੱਖ ਕਰ ਕੇ। ਇਥੇ ਇੱਕ ਥਾਂ ਖਜ਼ਾਨਾ ਦੱਬਿਆ ਹੋਇਆ ਹੈ, ਤੈਨੂੰ ਉਸ ਦੀ ਦੱਸ ਪਾ ਦਿਊਂਗਾ। ਇਹ ਕਹਿ ਕੇ ਸ਼ੇਰ ਉਥੇ ਦਰਖਤ ਹੇਠ ਬੈਠ ਗਿਆ। ਕਮਜ਼ੋਰੀ ਹੋਣ ਕਰ ਕੇ ਖਲੋਤਾ ਨਹੀਂ ਗਿਆ। ਮਰੱਬੀ ਨੂੰ ਤਰਸ ਆਇਆ, ਕਹਿੰਦਾ-ਮਾਮਾ ਜੀ ਇਥੇ ਹੀ ਬੈਠੋ। ਮੈਂ ਕਰਦਾਂ ਕੋਈ ਬੰਦੋਬਸਤ।

ਮਰੱਬੀ ਲੱਗ ਪਿਆ ਸ਼ਿਕਾਰ ਦੀ ਭਾਲ ਕਰਨ। ਇੱਧਰ ਉਧਰ ਫਿਰਦਾ ਰਿਹਾ। ਵੇਖਿਆ, ਤਲਾਬ ਕਿਨਾਰੇ ਗਧਾ ਘਾਹ ਚਰ ਰਿਹਾ ਸੀ। ਸੀ ਵੀ ਮੋਟਾ ਤਾਜ਼ਾ। ਨੇੜੇ ਗਿਆ, ਗਧੇ ਨੂੰ ਕਿਹਾ-ਮਾਮਾ ਜੀ ਹੱਥ ਜੋੜ ਕੇ ਪ੍ਰਣਾਮ।

ਗਧੇ ਨੇ ਗਰਦਨ ਉਚੀ ਕਰ ਕੇ ਮਰੱਬੀ ਵੱਲ ਦੇਖਿਆ, ਬੋਲਿਆ-ਤੂੰ ਮੇਰਾ ਭਾਣਜਾ ਕਿਵੇਂ ਹੋਇਆ? ਦਸੀਂ ਤਾਂ ਜ਼ਰਾ?

ਮਰੱਬੀ ਨੇ ਜਵਾਬ ਦਿੱਤਾ-ਤੁਹਾਡੀ ਇੱਕ ਭੈਣ ਸੀ ਨਾ ਸਫੈਦ ਰੰਗ ਦੀ? ਮੈਂ ਉਸ ਦਾ ਸਭ ਤੋਂ ਛੋਟਾ ਬੇਟਾ ਹਾਂ।

'ਹਾਂ' ਵਿਚ ਉਪਰ ਹੇਠ ਸਿਰ ਹਿਲਾਂਦਿਆਂ ਗਧੇ ਨੇ ਕਿਹਾ-ਯਾਦ ਆਇਆ। ਪਛਾਣ ਲਿਆ। ਠੀਕ-ਠਾਕ ਹੈਂ? ਸਭ ਰਾਜ਼ੀ ਨੇ?

ਮਰੱਬੀ ਨੇ ਕਿਹਾ-ਤੁਹਾਨੂੰ ਮਿਲ ਕੇ ਰਾਜ਼ੀ ਖੁਸ਼ੀ ਦੀ ਕਿਹੜੀ ਘਾਟ ਰਹਿ ਗਈ? ਪਰ ਮਾਮਾ ਇਕੱਲਾ ਘਾਹ ਚਰ ਰਿਹੈਂ, ਤੇਰਾ ਵਿਆਹ ਨਹੀਂ ਹੋਇਆ ਅਜੇ? ਮਾਮੀ ਨਹੀਂ ਹੈ?

ਹਉਕਾ ਲੈ ਕੇ ਗਧਾ ਬੋਲਿਆ-ਏਸ ਜਨਮ ਵਿਚ ਤਾਂ ਵਿਆਹ ਨੀ ਹੋ ਸਕਦਾ।

ਮਰੱਬੀ ਬੋਲਿਆ-ਮੇਰੇ ਹੁੰਦੇ ਫਿਕਰ ਕਿਸ ਗੱਲ ਦਾ? ਮੈਂ ਤਾਂ ਆਪਣੇ ਵਾਸਤੇ ਵੀ ਕੰਨਿਆ ਲੱਭਣ ਲਈ ਘਰੋਂ ਨਿਕਲਿਆ ਹਾਂ। ਮੈਂ ਦੇਖੀ ਹੈ ਇੱਕ ਬੜੀ ਸੁਹਣੀ ਪੂਰੀ ਜਵਾਨ ਗਧੀ। ਤਿੱਖਾ ਨੱਕ, ਮੋਟੀਆਂ ਅੱਖਾਂ, ਪਤਲਾ ਲੱਕ, ਸਾਲੇ ਸਾਲੀਆਂ ਦੀ ਰੌਣਕ ਨਾਲ ਭਰਿਆ ਭਰਾਇਆ ਘਰ, ਸਾਰੇ ਜਣੇ ਪੂਰੇ ਅਕਲਮੰਦ। ਦਹੇਜ ਵੀ ਦੇਣਗੇ ਬਹੁਤ। ਉਸ ਨੂੰ ਦੇਖਣ ਸਾਰ ਮਨ ਵਿਚ ਖਿਆਲ ਆਇਆ ਕਿ ਬਸ, ਮੇਰੇ ਮਾਮੇ ਵਾਸਤੇ ਬਿਲਕੁਲ ਠੀਕ ਹੈ ਇਹ। ਚਲੋ ਚੱਲੀਏ। ਚੱਲ ਕੇ ਪਾਣੀ ਧਾਣੀ ਤਾਂ ਪੀਈਏ ਪਹਿਲਾਂ।

ਵਿਆਹ ਦੀ ਖੁਸ਼ੀ ਵਿਚ ਗਧੇ ਦੀਆਂ ਅੱਖਾਂ ਵਿਚ ਚਮਕ ਆ ਗਈ। ਕਾਸ਼ਣੀ ਰੰਗ ਹੋ ਗਿਆ ਅੱਖਾਂ ਦਾ। ਮਰੱਬੀ ਨੇ ਕਿਹਾ-ਮਾਮਾ, ਤੇਰੀ ਉਮਰ ਤਾਂ ਅਜੇ ਬਹੁਤੀ ਨਹੀਂ ਹੋਈ। ਤੇਰੀਆਂ ਅੱਖਾਂ ਅੰਗਿਆਰਾਂ ਵਾਂਗ ਚਮਕ ਰਹੀਆਂ ਨੇ। ਸ਼ੇਰ ਵਰਗੀ ਤੇਰੀ ਸ਼ਕਲ ਦੇਖ ਕੇ ਸਾਲੀਆਂ ਕਿਤੇ ਡਰ ਈ ਨਾ ਜਾਣ, ਕਿਤੇ ਰਿਸ਼ਤਾ ਹੁੰਦਾ-ਹੁੰਦਾ ਰਹਿ ਈ ਨਾ ਜਾਏ। ਇਉਂ ਕਰਦੇ ਆਂ, ਤੇਰੀਆਂ ਅੱਖਾਂ ਉਪਰ ਪੱਟੀ ਬੰਨ੍ਹ ਦਿੰਨਾ। ਗਧੇ ਨੇ ਵਿਆਹ ਦੇ ਲਾਲਚ ਵਿਚ ਆ ਕੇ ਮਰੱਬੀ ਦੀ ਗੱਲ ਮੰਨ ਲਈ। ਉਹ ਜੋ ਕੁਝ ਕਹਿੰਦਾ ਗਿਆ, ਕਰਦਾ ਗਿਆ। ਅੱਗੇ-ਅੱਗੇ ਮਰੱਬੀ ਪਿੱਛੇ ਪਿੱਛੇ ਅੱਖਾਂ 'ਤੇ ਪੱਟੀ ਬੰਨ੍ਹੀ ਗਧਾ।

ਦੋਵੇਂ ਜਣੇ ਸ਼ੇਰ ਨੇੜੇ ਆ ਗਏ ਤਾਂ ਮਰੱਬੀ ਨੇ ਕਿਹਾ-ਦਰੀਂ ਖੁਆਉਣ ਵੇਲੇ ਸੱਸ ਜੇ ਨੱਕ ਖਿਚ ਦੇਵੇ ਤਾਂ ਡਰੀਂ ਨਾ? ਇੱਕ ਕੰਨ ਫੜ ਕੇ ਗਧਾ ਸ਼ੇਰ ਅੱਗੇ ਲਿਆ ਕੇ ਖੜ੍ਹਾ ਕਰ ਦਿੱਤਾ। ਦੂਜਾ ਕੰਨ ਸ਼ੇਰ ਨੇ ਆਪਣੇ ਪੰਜੇ ਵਿਚ ਘੁੱਟ ਲਿਆ। ਗਧੇ ਦੇ ਸਰੀਰ ਵਿਚ ਤਾਂ ਜਿਵੇਂ ਅੱਗ ਲੱਗ ਗਈ ਹੋਵੇ। ਕੰਨ ਛੁਡਾਉਣ ਸਾਰ ਵਾਪਸ ਭੱਜਣ ਲੱਗਾ। ਭਜਦਾ-ਭਜਦਾ ਤਲਾਬ ਕਿਨਾਰੇ ਆ ਕੇ ਰੁਕਿਆ। ਉਧਰ ਸ਼ੇਰ ਸ਼ਰਮਿੰਦਾ ਹੋਇਆ ਖਲੋਤਾ ਰਿਹਾ। ਪੈਰ ਵਿਚ ਜ਼ਖਮ ਅਜੇ ਰਾਜ਼ੀ ਨਹੀਂ ਹੋਇਆ ਸੀ, ਭੱਜਿਆ ਨਹੀਂ ਗਿਆ। ਮਰੱਬੀ ਨੇ ਸ਼ੇਰ ਨੂੰ ਫਟਕਾਰ ਪਾਈ-ਇੱਕ ਗਧੇ ਦਾ ਸ਼ਿਕਾਰ ਨਹੀਂ ਕੀਤਾ ਗਿਆ, ਮਾਮਾ ਲਾਹਨਤ ਹੈ ਤੇਰੇ 'ਤੇ। ਦੰਦਈਆਂ ਕਢਦਿਆਂ ਸ਼ਰਮਿੰਦਗੀ ਨਾਲ ਸ਼ੇਰ ਬੋਲਿਆ-ਤੇਰੀ ਮਰਜ਼ੀ, ਭਾਣਜੇ ਜਿੰਨਾ ਮਰਜ਼ੀ ਬੁਰਾ ਭਲਾ ਕਹਿ ਲੈ। ਭੁੱਖ ਦੀ ਮਾਰ ਵਿਚ ਆਇਆ ਹੋਇਆ ਹਾਂ, ਸਾਹ ਲੈਣਾ ਵੀ ਔਖਾ ਹੋ ਰਿਹੈ। ਇੱਕ ਵਾਰ ਫਿਰ ਕੋਸ਼ਿਸ਼ ਕਰ, ਐਤਕੀ ਮਰਨੀ ਮਰਜੂੰਗਾ ਪਰ ਸ਼ਿਕਾਰ ਨੂੰ ਭੱਜਣ ਨੀ ਦਿੰਦਾ।

ਮਰੱਬੀ ਵਾਪਸ ਤਲਾਬ ਉਪਰ ਗਿਆ। ਗਧਾ ਪਹਿਲਾਂ ਵਾਲੀ ਥਾਂ 'ਤੇ ਖੜ੍ਹਾ ਸੀ। ਨੇੜੇ ਜਾ ਕੇ ਕਿਹਾ-ਮਾਮਾ ਇਹ ਤੂੰ ਕੀ ਕੀਤਾ? ਤੈਂ ਤਾਂ ਮੇਰੀ ਇੱਜ਼ਤ ਹੀ ਮਿੱਟੀ ਵਿਚ ਮਿਲਾ ਦਿੱਤੀ। ਉਥੋਂ ਭੱਜ ਕਿਉਂ ਆਇਆ? ਮੇਰੇ ਨਾਲ ਇੱਕ ਵਾਰ ਗੱਲ ਤਾਂ ਕਰਦਾ?

ਗਧਾ ਬੋਲਿਆ-ਭਾਣਜੇ ਤੂੰ ਤਾਂ ਮੇਰਾ ਕੰਨ ਹੀ ਚਿਰਵਾ ਦਿੱਤਾ। ਦੇਖ ਲੈ, ਹੁਣ ਤੱਕ ਲਹੂ ਵਗੀ ਜਾਂਦੈ। ਇਹ ਸੱਸ ਸੀ ਕਿ ਕੋਈ ਬਲਾ ਸੀ? ਇਹੋ ਜਿਹੀ ਸੱਸ ਦੀ ਕੁੜੀ ਵੀ ਇਹੋ ਜਿਹੀ ਹੋਣੀ ਐ। ਮੈਨੂੰ ਨੀ ਇਸ ਤਰ੍ਹਾਂ ਦੀ ਲਾੜੀ ਚਾਹੀਦੀ। ਮੈਨੂੰ ਨੀ ਦੁੱਗਣੇ ਦਹੇਜ ਦੀ ਲੋੜ।

ਮਰੱਬੀ ਹਸਦਾ ਹੋਇਆ ਬੋਲਿਆ-ਮਾਮਾ ਇਹ ਦੱਸ, ਤੂੰ ਪਹਿਲੋਂ ਆਪ ਕੰਨ ਕਿਉਂ ਨਹੀਂ ਵਿਨ੍ਹਵਾਏ? ਤੇਰੇ ਕੰਨਾਂ ਵਾਸਤੇ ਸੌ ਤੋਲਿਆਂ ਦੀਆਂ ਸਗਲੀਆਂ, ਵੀਹ ਤੋਲਿਆਂ ਦੀਆਂ ਮੁੰਦਰਾਂ ਬਣਵਾ ਕੇ ਲਿਆਂਦੀਆਂ ਸਨ। ਕੰਨਾਂ ਵਿਚ ਗਲੀ ਤਾਂ ਕੋਈ ਸੀ ਹੀ ਨਹੀਂ, ਫੇਰ ਪਹਿਨਾਉਂਦੀਆਂ ਕਿਵੇਂ? ਕੰਨਾਂ ਵਿਚ ਗਹਿਣੇ ਪੁਆਉਣੇ ਨੇ, ਫਿਰ ਵਿੰਨ੍ਹਣੇ ਤਾਂ ਪੈਣਗੇ ਹੀ। ਉਧਰੋਂ ਕੰਨ ਵਿੰਨ੍ਹਣ ਲੱਗੀਆਂ ਉਧਰ ਤੂੰ ਭੱਜਣ ਲੱਗਾ ਤਾਂ ਕੰਨ ਤਾਂ ਚੀਰਿਆ ਜਾਣਾ ਹੀ ਸੀ ਫਿਰ। ਚਲ ਵਾਪਸ ਚੱਲ। ਸ਼ੁਭ ਮਹੂਰਤ ਦੀ ਘੜੀ ਟਲ ਈ ਨਾ ਜਾਵੇ ਕਿਤੇ। ਅੱਖਾਂ 'ਤੇ ਪੱਟੀ ਬੰਨ੍ਹ ਕੇ ਮਰੱਬੀ ਗਧੇ ਸਣੇ ਫਿਰ ਰਵਾਨਾ ਹੋ ਗਿਆ।

ਇਸ ਵਾਰ ਸ਼ੇਰ ਤਿਆਰ-ਬਰ-ਤਿਆਰ ਬੈਠਾ ਸੀ। ਨੇੜੇ ਆਉਣ ਸਾਰ ਉਹ ਹਮਲਾ ਕੀਤਾ ਕਿ ਗਧਾ ਥਾਈਂ ਢੇਰ ਹੋ ਗਿਆ। ਮਰਦੇ ਸਮੇਂ ਉਸ ਦਾ ਆਖਰੀ ਵਾਕ ਸੀ-ਵਿਆਹ? ਭਾਣਜੇ ਮੇਰਾ ਵਿਆਹ?

ਹੱਸਦਾ ਮਰੱਬੀ ਬੋਲਿਆ-ਇੱਕ ਵਿਆਹ ਤਾਂ ਹੋ ਗਿਆ ਮਾਮਾ, ਦੂਜਾ ਹੋਰ ਕਰਵਾਉਣੈ ਅਜੇ? ਗਧੇ ਦੇ ਪ੍ਰਾਣ ਪੰਖੇਰੂ ਹੋ ਗਏ। ਮਰਿਆ ਹੋਇਆ ਗਧਾ ਦੇਖ ਕੇ ਆਸਮਾਨ ਵਿਚ ਕਾਂ, ਗਿਰਝਾਂ, ਇਲਾਂ ਚੱਕਰ ਕੱਟਣ ਲੱਗੀਆਂ। ਭੁੱਖੇ ਪੰਛੀਆਂ ਨੇ ਝਪਟੇ ਤਾਂ ਕਈ ਮਾਰੇ ਪਰ ਨਾਲ ਸ਼ੇਰ ਖਲੋਤਾ ਦੇਖ ਕੇ ਖਾ ਨਹੀਂ ਸਕੇ ਕੁਝ ਵੀ। ਚੁੰਝ ਮਾਰਨ ਵਾਸਤੇ ਹੌਂਸਲਾ ਕਿੱਥੇ? ਮਰੱਬੀ ਨੇ ਖਾਣ ਲਈ ਬਾਹਲੇ ਭੁੱਖੇ ਪੰਛੀ ਦੇਖੇ ਤਾਂ ਤਰਸ ਆ ਗਿਆ। ਅਕਲ ਤਾਂ ਉਸ ਦੀ ਖੂਹ ਵਾਂਗ ਘੁੰਮਦੀ ਰਹਿੰਦੀ ਸੀ। ਤੁਰੰਤ ਰਸਤਾ ਖੋਜ ਲਿਆ। ਭੁੱਖੇ ਸ਼ੇਰ ਨੇ ਖਾਣ ਵਾਸਤੇ ਗਧੇ ਨੂੰ ਮੂੰਹ ਲਾਇਆ ਹੀ ਸੀ ਕਿ ਮਰੱਬੀ ਬੋਲਿਆ-ਮਾਮਾ ਜੀ, ਇਹ ਕਿਵੇਂ ਖਾਣ ਲੱਗੇ ਹੋ?

ਸ਼ੇਰ ਨੇ ਸਿਰ ਉਚਾ ਕਰ ਕੇ ਪੁੱਛਿਆ-ਹੋਰ ਕਿਵੇਂ ਖਾਵਾਂ?

ਮਰੱਬੀ ਨੇ ਕਿਹਾ-ਜੰਗਲ ਦੇ ਰਾਜਾ ਹੋ ਆਖਰ, ਆਪਣੇ ਰੁਤਬੇ ਵਾਂਗ ਖਾਉ। ਪਹਿਲਾਂ ਦਾਤਣ ਕੁਰਲੀ ਕਰੀਦੀ ਹੈ, ਇਸ਼ਨਾਨ, ਪਾਠ ਪੂਜਾ ਕਰਨ ਪਿੱਛੋਂ ਫਿਰ ਰਾਜਸੀ ਠਾਠ-ਬਾਠ ਨਾਲ ਜਿੰਨਾ ਦਿਲ ਕਰਦੈ ਖਾਉ, ਤੁਹਾਡਾ ਤਾਂ ਹੈ ਸਭ ਕੁਝ।

ਮਰੱਬੀ ਦੀ ਦਲੀਲ ਸ਼ੇਰ ਨੂੰ ਇਕਦਮ ਸਹੀ ਲੱਗੀ। ਬੋਲਿਆ-ਭੁੱਖ ਤਾਂ ਇੰਨੀ ਲੱਗੀ ਹੋਈ ਹੈ ਕਿ ਬਸ ਗੱਲ ਹੀ ਛੱਡ ਪਰ ਰਾਜੇ ਦੀ ਮਰਿਆਦਾ ਦਾ ਵੀ ਖਿਆਲ ਤਾਂ ਰੱਖਣਾ ਪਏਗਾ ਹੀ। ਠੀਕ ਹੈ। ਤੂੰ ਇੱਥੇ ਪਹਿਰੇ 'ਤੇ ਬੈਠ। ਮੈਂ ਪੂਜਾ ਪਾਠ ਕਰ ਕੇ ਆਇਆ। ਖਿਆਲ ਰੱਖੀਂ, ਕਿਸੇ ਜਾਨਵਰ ਨੇ ਮੇਰੇ ਸ਼ਿਕਾਰ ਨੂੰ ਮੂੰਹ ਲਾ ਦਿੱਤਾ, ਫਿਰ ਇਹ ਮੇਰੇ ਕਿਸੇ ਕੰਮ ਦਾ ਨਹੀਂ ਰਹਿਣਾ।

ਮਰੱਬੀ ਨੇ ਕਿਹਾ-ਤੁਸੀਂ ਜਲਦੀ ਆਪਣੀ ਪੂਜਾ ਪਾਠ ਦੀ ਕਿਰਿਆ ਪੂਰੀ ਕਰੋ। ਜਿਉਂ ਹੀ ਸ਼ੇਰ ਅੱਖੋਂ ਪਰ੍ਹੇ ਹੋਇਆ, ਮਰੱਬੀ ਨੇ ਗਧੇ ਦੇ ਕੰਨ, ਅੱਖਾਂ, ਕਲੇਜਾ, ਦਿਮਾਗ ਕੱਢ ਕੇ ਟੁਕੜੇ ਕਰ-ਕਰ ਕੇ ਪੰਛੀਆਂ ਨੂੰ ਖੁਆ ਦਿੱਤੇ।

ਨਹਾ-ਧੋ ਕੇ ਸ਼ੇਰ ਵਾਪਸ ਆਇਆ ਤਾਂ ਮਰੱਬੀ ਜੰਡੀ ਹੇਠ ਚੁਪ-ਚਾਪ ਬੈਠਾ ਸੀ। ਗਧੇ ਨੂੰ ਖਾਣ ਲੱਗਾ ਹੀ ਸੀ ਕਿ ਦੇਖਿਆ, ਅੱਖਾਂ ਤਾਂ ਹਨ ਹੀ ਨਹੀਂ। ਮਰੱਬੀ ਨੂੰ ਕਿਹਾ-ਓਏ ਭਾਣਜੇ, ਇਸ ਦੀਆਂ ਅੱਖਾਂ ਤਾਂ ਹਨ ਨਹੀਂ?

ਮਰੱਬੀ ਬੋਲਿਆ-ਮਾਮਾ ਅੱਖਾਂ ਹੁੰਦੀਆਂ ਤਾਂ ਦੂਜੀ ਵਾਰ ਤੁਹਾਡੇ ਕੋਲ ਤੁਰਿਆ ਆਉਂਦਾ?

ਫਿਰ ਪੁੱਛਿਆ-ਇਸ ਦੇ ਤਾਂ ਕੰਨ ਵੀ ਨਹੀਂ? ਮਰੱਬੀ ਨੇ ਕਿਹਾ-ਜੇ ਕੰਨ ਹੁੰਦੇ ਤਾਂ ਤੁਹਾਡੀ ਦਹਾੜ ਨਾ ਸੁਣ ਲੈਂਦਾ? ਬੇਮੌਤ ਮਰਨ ਲਈ ਕਿਉਂ ਆਉਂਦਾ?

ਫਿਰ ਪੁੱਛਿਆ-ਇਸ ਦਾ ਤਾਂ ਦਿਲ ਜਿਗਰ ਵੀ ਨਹੀਂ ਕਿਧਰੇ?

ਮਰੱਬੀ ਨੇ ਕਿਹਾ-ਦਿਲ ਜਿਗਰ ਹੁੰਦਾ ਤਾਂ ਤੁਹਾਡੇ ਨਾਲ ਮਾੜਾ-ਮੋਟਾ ਮੁਕਾਬਲਾ ਨਾ ਕਰਦਾ? ਦਿਲ ਜਿਗਰ ਤਾਂ ਸਿਰਫ ਸ਼ੇਰਾਂ ਦੇ ਹੁੰਦੇ ਨੇ, ਤਾਂ ਹੀ ਸ਼ਿਕਾਰ ਕਰਦੇ ਨੇ। ਬਾਕੀ ਜਾਨਵਰਾਂ ਦੇ ਦਿਲ ਜਿਗਰ ਹੁੰਦੇ, ਸ਼ੇਰ ਭੁੱਖੇ ਮਰ ਜਾਂਦੇ!

(ਬਾਕੀ ਅਗਲੇ ਸਫੇ 'ਤੇ)

ਸ਼ੇਰ ਨੂੰ ਮਰੱਬੀ ਦੀਆਂ ਸਾਰੀਆਂ ਗੱਲਾਂ ਸਹੀ ਲੱਗੀਆਂ, ਬੋਲਿਆ-ਭਾਣਜੇ, ਤੇਰੀ ਅਕਲ ਦਾ ਕੋਈ ਮੁਕਾਬਲਾ ਨਹੀਂ। ਮੇਰੇ ਸਰੀਰਕ ਬਲ ਵਿਚ ਕੋਈ ਕਮੀ ਹੋਵੇ ਤਾਂ ਹੋਵੇ, ਤੇਰੀ ਅਕਲ ਵਿਚ ਕੋਈ ਕਮੀ ਨਹੀਂ ਪਰ ਇਹ ਦੱਸ, ਇੰਨੀ ਅਕਲ ਦਾ ਤੈਨੂੰ ਭਾਰ ਨੀ ਲੱਗਦਾ ਕਦੇ?

ਮਰੱਬੀ ਹੱਸ ਕੇ ਬੋਲਿਆ-ਜਿਸ ਦਾ ਮਾਮਾ ਹੋਵੇ ਸ਼ੇਰ, ਫਿਰ ਭਾਰ ਕਾਹਦਾ? ਸ਼ੇਰ, ਖਾਈ ਵੀ ਜਾਂਦਾ, ਗੱਲਾਂ ਵੀ ਕਰੀ ਜਾਂਦਾ। ਦਿਮਾਗ ਖਾਣਾ ਚਾਹਿਆ ਤਾਂ ਦੇਖਿਆ, ਗਧੇ ਦੀ ਖੋਪੜੀ ਵਿਚੋਂ ਦਿਮਾਗ ਗਾਇਬ ਹੈ। ਹੈਰਾਨ ਹੋ ਕੇ ਪੁੱਛਿਆ-ਆਹ ਦੇਖ ਭਾਣਜੇ, ਇਸ ਦਾ ਦਿਮਾਗ ਵੀ ਨਹੀਂ। ਕਿਸ ਤਰ੍ਹਾਂ ਦਾ ਗਧਾ ਸੀ ਇਹ, ਸਮਝ ਨਹੀਂ ਆਉਂਦੀ!

ਤੁਹਾਡੀਆਂ ਗੱਲਾਂ ਤੋਂ ਪਤਾ ਲੱਗਦੈ ਮਾਮਾ, ਦਿਮਾਗ ਤਾਂ ਤੁਹਾਡੀ ਖੋਪੜੀ ਵਿਚ ਵੀ ਨਹੀਂ। ਖੁਦ ਸੋਚੋ, ਇੱਕ ਵਾਰ ਪੰਜੇ ਵਿਚੋਂ ਨਿਕਲ ਕੇ ਬਚ ਗਿਆ, ਦਿਮਾਗ ਹੁੰਦਾ ਦੁਬਾਰਾ ਤੁਰਿਆ ਆਉਂਦਾ?

ਮਰੱਬੀ ਦੀ ਹਰ ਗੱਲ ਸਹੀ। ਕੋਈ ਸ਼ੱਕ ਨਹੀਂ। ਸਾਰੀਆਂ ਗੱਲਾਂ ਦਿਲ ਵਿਚ ਬੈਠ ਗਈਆਂ। ਰੱਜ ਕੇ ਜਿੰਨਾ ਖਾ ਸਕਦਾ ਸੀ, ਮਾਸ ਖਾਧਾ। ਪੇਟ ਭਰ ਗਿਆ, ਮੂੰਹ 'ਤੇ ਹੱਥ ਫੇਰਿਆ, ਗੱਜਦੀ ਡਕਾਰ ਲਈ। ਖੁਸ਼ ਹੋ ਕੇ ਮਰੱਬੀ ਨੂੰ ਕਿਹਾ-ਚੱਲ ਮੇਰੇ ਨਾਲ ਹੁਣ। ਤੈਨੂੰ ਦੱਬਿਆ ਹੋਇਆ ਖਜ਼ਾਨਾ ਦਿਖਾਵਾਂ। ਮੈਂ ਵੀ ਤਾਂ ਆਪਣਾ ਬਚਨ ਨਿਭਾਵਾਂ।

ਝਾੜੀ ਕੋਲ ਜਾ ਕੇ ਪੰਜਿਆਂ ਨਾਲ ਸ਼ੇਰ ਨੇ ਜ਼ਮੀਨ ਪੁੱਟੀ। ਹੀਰੇ ਮੋਤੀਆਂ ਨਾਲ ਭਰੀ ਗਾਗਰ ਕੱਢ ਕੇ ਭਾਣਜੇ ਹਵਾਲੇ ਕੀਤੀ ਤੇ ਕਿਹਾ-ਜਦੋਂ ਵਿਆਹ ਧਰ ਲਵੇਂ ਨਾ, ਮੈਨੂੰ ਸੰਧੂਰ ਲਾ ਕੇ ਚਿੱਠੀ ਭੇਜੀਂ। ਮੈਨੂੰ ਜਿੰਨੇ ਮਰਜ਼ੀ ਕੰਮ ਹੋਣ, ਮੈਂ ਸ਼ਗਨ ਪਾਉਣ ਆਊਂਗਾ। ਇਹ ਗੱਲ ਸੁਣ ਕੇ ਮਰੱਬੀ ਖੂਬ ਹੱਸਿਆ, ਕਹਿੰਦਾ-ਅਜੇ ਹੁਣੇ-ਹੁਣੇ ਤਾਂ ਗਧੇ ਦਾ ਵਿਆਹ ਦੇਖ ਕੇ ਹਟੇ ਹਾਂ, ਹੁਣ ਅਗਲੀ ਵਾਰ ਮੇਰਾ ਵਿਆਹ ਦੇਖਾਂਗੇ। ਇਹ ਗੱਲ ਸੁਣ ਕੇ ਸ਼ੇਰ ਵੀ ਉਚੀ ਉਚੀ ਹੱਸਿਆ, ਪਤਾ ਨਾ ਲੱਗੇ ਹੱਸ ਰਿਹੈ ਕਿ ਦਹਾੜ ਰਿਹੈ! ਮਰੱਬੀ ਦੀ ਪਿੱਠ ਉਪਰ ਪੰਜੇ ਨਾਲ ਥਾਪੀ ਦਿੰਦਿਆਂ ਕਿਹਾ-ਭਾਣਜੇ ਤੇਰੀ ਅਕਲ ਦਾ ਕੋਈ ਜਵਾਬ ਨਹੀਂ। ਗੱਲਾਂ ਨਾਲ ਨਿਹਾਲ ਕਰ ਦਿੰਨੈ।

ਹੀਰੇ ਮੋਤੀਆਂ ਦੀ ਭਰੀ ਗਾਗਰ ਲੈ ਕੇ ਮਾਮੀਆਂ ਕੋਲ ਗਿਆ। ਅੱਧੀ ਗਾਗਰ ਚਾਰੇ ਮਾਮੀਆਂ ਵਿਚ ਵੰਡ ਦਿੱਤੀ, ਅੱਧੀ ਮਾਂ ਵਾਸਤੇ ਰੱਖ ਲਈ ਘਰ ਲਿਜਾਣ ਲਈ। ਮਜ਼ਾਕ ਕਰਦਿਆਂ ਛੋਟੀ ਮਾਮੀ ਨੂੰ ਕਿਹਾ-ਦੇਖ ਤੇਰੀਆਂ ਜੂੰਆਂ ਕਿੰਨੀਆਂ ਕੀਮਤੀ ਮਾਮੀ। ਜੂੰਆਂ ਵੇਚ ਕੇ ਹੀਰੇ ਮੋਤੀ ਲਿਆਇਆਂ।

ਦੂਸਰੇ ਦਿਨ ਸਵੇਰ ਸਾਰ ਮਰੱਬੀ ਨੇ ਕਿਹਾ-ਹੁਣ ਮੈਂ ਮਾਂ ਕੋਲ ਜਾਊਂਗਾ ਮਾਮੀ।

ਮਾਮੀ ਨੇ ਲਾਡ ਕਰਦਿਆਂ ਕਿਹਾ-ਇੰਨੀ ਕੀ ਕਾਹਲ? ਅਜੇ ਹੋਰ ਰਹਿ ਕਈ ਦਿਨ? ਨਾਨਕੇ ਮਸਾਂ ਤਾਂ ਆਇਐ। ਰਹੀ ਚੱਲ। ਮੌਜ ਕਰ। ਪਰ ਮਰੱਬੀ ਨਹੀਂ ਮੰਨਿਆ। ਕਿਹਾ-ਰਸਤੇ ਵਿਚ ਕਈ ਦੋਸਤ ਜੰਗਲ ਅੰਦਰ ਮੇਰੀ ਉਡੀਕ ਕਰ ਰਹੇ ਨੇ। ਜਾਣਾ ਹੀ ਪਏਗਾ। ਫਿਰ ਕਿਹਾ-ਮਾਮੀ ਮੇਰੇ ਵਾਸਤੇ ਇੱਕ ਢੋਲਕੀ ਮੜ੍ਹਾ ਦੇ। ਮੈਂ ਢੋਲਕੀ ਵਿਚ ਬੈਠ ਕੇ ਜਾਊਂਗਾ।

ਮਾਮੀ ਨੇ ਵਧੀਆ ਮਜ਼ਬੂਤ ਢੋਲਕ ਮੜ੍ਹਾ ਦਿੱਤੀ। ਮਰੱਬੀ ਅੰਦਰ ਬੈਠ ਗਿਆ। ਪਾਣੀ ਦਾ ਕਸੋਰਾ ਰੱਖ ਦਿੱਤਾ। ਚੂਰੀ ਕੁੱਟ ਕੇ ਪੋਣੇ ਵਿਚ ਬੰਨ੍ਹ ਦਿੱਤੀ। ਆਪਣੇ ਹਿੱਸੇ ਦੇ ਹੀਰੇ ਮੋਤੀ ਨੌਲੀ ਵਿਚ ਪਾਏ ਤੇ ਲੱਕ ਨਾਲ ਬੰਨ੍ਹ ਲਏ। ਅੰਦਰ ਬੈਠ ਕੇ ਕਿਹਾ-ਚਾਰੇ ਮਾਮੀਆਂ ਰਲ ਕੇ ਫੂਕ ਮਾਰੋ। ਮਾਮੀਆਂ ਨੇ ਜ਼ੋਰ ਦੀ ਫੂਕ ਮਾਰੀ। ਢੋਲਕ ਰੁੜ੍ਹਨ ਲੱਗੀ, ਗਰੜ ਗਰੜ, ਦਗੜ ਦਗੜ। ਅੰਦਰ ਬੈਠਾ ਮਰੱਬੀ ਭੁੱਖ ਲਗਦੀ ਚੂਰੀ ਖਾ ਲੈਂਦਾ, ਤਰੇਹ ਲਗਦੀ ਪਾਣੀ ਪੀ ਲੈਂਦਾ। ਗੱਲ ਸੱਚ ਹੋਈ। ਉਸ ਦੇ ਦੋਸਤ ਰਸਤੇ ਵਿਚ ਉਸ ਦੀ ਉਡੀਕ ਕਰ ਰਹੇ ਸਨ! ਪਹਿਲਾਂ ਵਾਲੀ ਥਾਂ ਉਪਰ ਉਹੀ ਚੀਤਾ ਮਿਲਿਆ। ਪੁੱਛਿਆ-ਢੋਲਕੀ ਢੋਲਕੀ, ਕਿਧਰੇ ਮਰੱਬੀ ਦੇਖਿਆ ਇਧਰ ਤੂੰ ਜਿਧਰੋਂ ਆਈ ਹੈ? ਉਸ ਤੱਕ ਕੰਮ ਹੈ ਮੈਨੂੰ।

ਅੰਦਰ ਬੈਠੇ ਮਰੱਬੀ ਨੇ ਚੂਰੀ ਦੀ ਬੁਰਕੀ ਖਾਧੀ, ਪਾਣੀ ਦਾ ਘੁੱਟ ਪੀਤਾ, ਗਲਾ ਫੈਲਾ ਕੇ ਮੋਟੀ ਆਵਾਜ਼ ਵਿਚ ਜਵਾਬ ਦਿੱਤਾ ਤਾਂ ਕਿ ਪਛਾਣਿਆ ਨਾ ਜਾਵਾਂ। ਕਿਹਾ-

ਕਿਹੜਾ ਮਰੱਬੀ ਕਿਹੜਾ ਕੰਮ?
ਚੱਲ ਮੇਰੀ ਢੋਲਕ ਡਮ ਡਮ ਡਮ!

ਢੋਲਕ ਅੱਗੇ ਰੁੜ੍ਹ ਪਈ। ਨਾ ਚੜ੍ਹਾਈ ਚੜ੍ਹਨ ਵੇਲੇ ਰੁਕਦੀ, ਨਾ ਉਤਰਾਈ ਵੇਲੇ ਭੱਜਣ ਲਗਦੀ, ਨਾ ਪੱਥਰ ਰੋਕ ਸਕਦੇ ਨਾ ਟੋਏ ਵਿਘਨ ਪਾਉਂਦੇ। ਗਰੜ ਗਰੜ ਰੁੜ੍ਹਦੀ ਜਾ ਰਹੀ ਸੀ। ਕੁਝ ਦੂਰ 'ਤੇ ਗਿੱਦੜ ਖਲੋਤਾ ਮਿਲਿਆ। ਉਸ ਨੇ ਪੁੱਛਿਆ-ਢੋਲਕੀ ਢੋਲਕੀ ਕਿਤੇ ਮਰੱਬੀ ਦੇਖਿਆ ਹੋਵੇ ਕਿਧਰੇ? ਅੰਦਰ ਬੈਠੇ ਮਰੱਬੀ ਨੇ ਚੂਰੀ ਦੀ ਬੁਰਕੀ ਖਾਈ, ਪਾਣੀ ਦਾ ਘੁੱਟ ਪੀਤਾ, ਆਵਾਜ਼ ਬਦਲ ਕੇ ਮੋਟੇ ਸੁਰ ਵਿਚ ਕਿਹਾ:

ਕੌਣ ਮੁਰੱਬੀ ਕੀ ਹੈ ਕੰਮ?
ਚੱਲ ਮੇਰੀ ਢੋਲਕ ਢੱਮਕ ਢੰਮ!

ਢੋਲਕੀ ਅੱਗੇ ਰੁੜ੍ਹਨ ਲੱਗੀ, ਨਾ ਚੜ੍ਹਾਈ ਦੀ ਪਰਵਾਹ, ਨਾ ਉਤਰਾਈ ਵਿਚ ਤੇਜ਼, ਪੱਥਰ ਟੋਏ ਲੰਘਦੀ ਚਲੋ-ਚਲ ਚਲੋ-ਚਲ ਤੁਰੀ ਗਈ। ਰਸਤੇ ਵਿਚ ਲੂੰਬੜੀ ਮਿਲੀ। ਜਗਿਆਸਾ ਪੂਰਵਕ ਪੁੱਛਿਆ-ਢੋਲਕੀ, ਕਿਤੇ ਮਰੱਬੀ ਦੇਖਿਆ ਹੋਵੇ? ਅੰਦਰ ਬੈਠੇ ਮਰੱਬੀ ਨੇ ਚੂਰੀ ਖਾ ਕੇ ਪਾਣੀ ਪੀ ਕੇ ਮੋਟੀ ਆਵਾਜ਼ ਕਰ ਕੇ ਕਿਹਾ:

ਕਿਹੜਾ ਮਰੱਬੀ ਕਿਹੜਾ ਕੰਮ?
ਚੱਲ ਮੇਰੀ ਢੋਲਕ ਟੱਮ ਟੱਮ ਟੱਮ।

ਬਿਨਾਂ ਰੋਕ ਟੋਕ ਢੋਲਕੀ ਅੱਗੇ ਤੁਰਦੀ ਗਈ। ਆਪਣੀ ਮਸਤੀ ਆਪਣੀ ਚਾਲ, ਤੁਰਦੀ ਰਹੀ। ਜਿਥੇ ਪਹਿਲਾਂ ਮਿਲਿਆ ਸੀ, ਉਥੇ ਕਾਂ ਬੈਠਾ ਦੇਖਿਆ। ਉਸ ਨੇ ਪੁੱਛਿਆ-ਢੋਲਕੀ ਢੋਲਕੀ ਤੂੰ ਕਿਤੇ ਮਰੱਬੀ ਦੇਖਿਆ? ਚੂਰੀ ਖਾ ਕੇ ਪਾਣੀ ਪੀ ਕੇ ਭਾਰੀ ਆਵਾਜ਼ ਕਰਕੇ ਮਰੱਬੀ ਬੋਲਿਆ:

ਕਿਹੜਾ ਮਰੱਬੀ ਕਿਸ ਦੀ ਗੱਲ?



ਚਲ ਮੇਰੀ ਢੋਲਕ ਕੱਲ-ਮੁਕੱਲ!

ਕਾਂ ਬੜਾ ਚਲਾਕ ਸੀ। ਜਿਵੇਂ ਦੂਜਿਆਂ ਨੇ ਇਤਬਾਰ ਕਰ ਲਿਆ, ਕਾਂ ਨੂੰ ਇਤਬਾਰ ਨਹੀਂ ਆਇਆ। ਉਸ ਨੂੰ ਪੂਰਾ ਸ਼ੱਕ ਸੀ ਕਿ ਮਰੱਬੀ ਢੋਲਕੀ ਵਿਚ ਹੀ ਹੈ। ਉਹ ਰੁੜ੍ਹਦੀ ਢੋਲਕੀ ਉਪਰ ਜਾ ਬੈਠਾ ਤੇ ਲੱਗਾ ਚਮੜੇ ਦੇ ਪੁੜੇ 'ਤੇ ਚੁੰਜਾਂ ਮਾਰਨ। ਉਸੇ ਵੇਲੇ ਢੋਲਕੀ ਫੁੱਟ ਗਈ। ਮਰੱਬੀ ਨੇ ਕਿਹੜਾ ਘਬਰਾਉਣਾ ਸੀ! ਹੱਸਦਾ-ਹੱਸਦਾ ਬਾਹਰ ਨਿਕਲਿਆ। ਕਾਂ ਅਸਮਾਨ ਵਿਚ ਉਚੀ ਚੜ੍ਹ ਕੇ ਰੌਲਾ ਪਾਉਣ ਲੱਗਾ-ਮਰੱਬੀ ਲੱਭ ਗਿਆ, ਮਰੱਬੀ ਲੱਭ ਗਿਆ। ਲੂੰਬੜੀ, ਗਿੱਦੜ ਅਤੇ ਚੀਤਾ ਭੱਜੇ-ਭੱਜੇ ਆਏ। ਚਾਰਾਂ ਨੇ ਮਰੱਬੀ ਘੇਰ ਲਿਆ। ਬਿਨਾਂ ਕਿਸੇ ਡਰ ਦੇ ਮਰੱਬੀ ਖਲੋ ਗਿਆ। ਉਸ ਦਾ ਦਿਮਾਗ ਹਲਟ ਦੇ ਚੱਕਰ ਵਾਂਗ ਘੁੰਮਦਾ ਸੀ। ਉਸ ਨੇ ਫਟਾਫਟ ਤਰੀਕਾ ਸੋਚ ਲਿਆ। ਸਾਰਿਆਂ ਨੇ ਇੱਕ ਆਵਾਜ਼ ਵਿਚ ਕਿਹਾ-ਸਹੀ ਕਿਹਾ ਸੀ ਤੂੰ ਮਰੱਬੀ। ਨਾਨਕਿਆਂ ਤੋਂ ਕਾਫੀ ਮੋਟਾ ਤਾਜ਼ਾ ਹੋ ਕੇ ਆਇਐਂ। ਹੁਣ ਤੈਨੂੰ ਛੱਡਾਂਗੇ ਨਹੀਂ।

ਮਰੱਬੀ ਕਹਿੰਦਾ-ਮੈਨੂੰ ਖਾ ਕੇ ਤੁਹਾਡੀ ਭੁੱਖ ਮਿਟੇ, ਹੋਰ ਖੁਸ਼ੀ ਮੈਨੂੰ ਕੀ ਹੋ ਸਕਦੀ ਹੈ! ਪਰ ਇਸੇ ਤਰ੍ਹਾਂ ਮੂਰਖਾਂ ਵਾਂਗੂੰ ਖਾ ਲਉਗੇ?

ਸਾਰਿਆਂ ਨੇ ਪੁੱਛਿਆ-ਹੋਰ ਕਿਵੇਂ ਖਾਈਏ?

ਮਰੱਬੀ ਕੋਲ ਜਵਾਬ ਹੈਗਾ ਸੀ। ਬੋਲਿਆ-ਬਰੀਕ ਪੀਹੀ ਹੋਈ ਮਿਰਚ, ਬਰੀਕ ਪੀਹਿਆ ਹੋਇਆ ਲੂਣ ਤੇ ਸੁਨਿਆਰੇ ਤੋਂ ਤੇਜ਼ਾਬ ਦੀ ਬੋਤਲ ਲਿਆਉ। ਤੇਜ਼ਾਬ ਵਿਚ ਪਹਿਲਾਂ ਮਸਾਲੇ ਭਿਉਂ ਦਿਉ। ਫਿਰ ਮੇਰੇ ਉਪਰ ਲਪੇਟ ਕੇ ਤਲ ਲਉ। ਤੁਹਾਨੂੰ ਖਾਣ ਦਾ ਜ਼ਾਇਕਾ ਆਏਗਾ, ਮੈਨੂੰ ਮਰਨ ਦਾ। ਫਿਰ ਮੈਨੂੰ ਕੋਈ ਤਕਲੀਫ ਨਹੀਂ ਹੋਣੀ।

ਮਰੱਬੀ ਦੀ ਗੱਲ ਕਰਨ ਦੀ ਖੂਬੀ ਇਹ ਹੁੰਦੀ ਕਿ ਹਰ ਕਿਸੇ ਨੂੰ ਉਸ ਦੀ ਗੱਲ ਜਚ ਜਾਂਦੀ। ਤੁਰੰਤ ਸਮਝ ਗਏ। ਉਨ੍ਹਾਂ ਨੇ ਦੇਖਿਆ ਹੋਇਆ ਸੀ ਬੰਦੇ ਇਸੇ ਤਰ੍ਹਾਂ ਮਾਸ ਖਾਂਦੇ ਨੇ। ਬੜਾ ਸੁਆਦ ਆਏਗਾ। ਕਾਂ ਦੀ ਡਿਊਟੀ ਲਾਈ ਕਿ ਤੂੰ ਇਥੇ ਮਰੱਬੀ ਦੀ ਰਖਵਾਲੀ ਕਰ। ਬਾਕੀ ਤਿੰਨਾਂ ਨੇ ਮੰਗ ਤੰਗ ਕੇ ਤੌੜੀ ਲਈ, ਫਿਰ ਮਸਾਲੇ ਲੈ ਕੇ ਖੁਸ਼ੀ-ਖੁਸ਼ੀ ਵਾਪਸ ਆ ਗਏ। ਕਹਿਣ ਲੱਗੇ-ਮਰੱਬੀ, ਬਾਕੀ ਕੰਮ ਤਾਂ ਅਸੀਂ ਨਬੇੜ ਲਿਆ ਪਰ ਸਾਨੂੰ ਮਸਾਲੇ ਬਣਾਉਣੇ ਨਹੀਂ ਆਉਂਦੇ। ਇਹ ਕੰਮ ਤੂੰ ਕਰ।

ਮਰੱਬੀ ਨੇ ਸਾਰੇ ਮਸਾਲੇ ਰਲਾਏ ਅਤੇ ਅੱਕ ਦੀ ਡੰਡੀ ਤੋੜ ਕੇ ਉਸ ਨਾਲ ਘੋਲ ਇੱਕ-ਜਾਨ ਕਰਨ ਲੱਗਾ। ਬੋਲਿਆ-ਮੇਰੀ ਗੱਲ ਮੰਨ ਲਈ ਨਾ ਅੱਜ ਤੁਸੀਂ, ਦੇਖਿਓ ਕਿੰਨਾ ਸੁਆਦ ਮੀਟ ਬਣੇਗਾ। ਸਾਰੀ ਉਮਰ ਯਾਦ ਰੱਖੋਗੇ।

ਚਾਰੇ ਦੋਸਤ ਧਿਆਨ ਨਾਲ ਮਸਾਲਾ ਬਣਾਉਣ, ਰਲਾਉਣ ਅਤੇ ਪਕਾਉਣ ਦਾ ਤਰੀਕਾ ਦੇਖਦੇ ਰਹੇ। ਕੁਝ ਦੇਰ ਬਾਅਦ ਮਰੱਬੀ ਨੇ ਕਿਹਾ-ਮਸਾਲੇ ਦੀ ਇੱਕ-ਇੱਕ ਸਲਾਈ ਆਪੋ-ਆਪਣੀ ਅੱਖ ਵਿਚ ਪਾ ਦੇਖੋ ਕਿ ਕਿਤੇ ਲੂਣ ਮਿਰਚ ਵੱਧ ਜਾਂ ਘੱਟ ਤਾਂ ਨਹੀਂ?

ਇੱਕ ਕਹਿਣ ਲੱਗਾ-ਮੇਰੀਆਂ ਅੱਖਾਂ ਵਿਚ ਪਾ, ਦੂਜਾ ਜ਼ਿੱਦ ਕਰਨ ਲੱਗਾ-ਨਹੀਂ ਮੇਰੀਆਂ ਅੱਖਾਂ ਵਿਚ। ਮੈਨੂੰ ਪਤਾ ਹੈ ਸੁਆਦ ਕੀ ਹੁੰਦੈ। ਸਾਰੇ ਇੱਕ ਦੂਜੇ ਨਾਲ ਬਹਿਸ ਕਰਨ ਲੱਗੇ। ਮਰੱਬੀ ਨੇ ਸਮਝਾਉਂਦਿਆਂ ਕਿਹਾ-ਰੌਲਾ ਕਾਸ ਲਈ ਪਾ ਰੱਖਿਐ? ਸਾਰਿਆਂ ਨੂੰ ਵਾਰੋ-ਵਾਰੀ ਸਰਚਾ ਦਿਊਂਗਾ। ਮੇਰੇ ਵਾਸਤੇ ਤਾਂ ਸਭ ਬਰਾਬਰ। ਲਉ, ਇੱਕੋ ਵਾਰੀ ਸੁਆਦ ਚਖਾ ਦਿੰਨਾ।

ਚਾਰੇ ਜਣੇ ਅੱਖਾਂ ਪਾੜ-ਪਾੜ ਉਥੇ ਬੈਠੇ ਦੇਖੀ ਜਾਂਦੇ ਸਨ। ਮੁਰੱਬੀ ਨੇ ਇੱਕੋ ਝੱਟ ਲੈ ਕੇ ਸਾਰਿਆਂ ਦੀਆਂ ਅੱਖਾਂ ਵਿਚ ਇੱਕੋ ਵਾਰੀ ਤੇਜ਼ਾਬ ਵਿਚ ਰਲਿਆ ਮਸਾਲਾ ਪਾ ਦਿੱਤਾ। ਤੜਾਕ-ਤੜਾਕ ਉਸੇ ਵੇਲੇ ਉਨ੍ਹਾਂ ਸਾਰਿਆਂ ਦੀਆਂ ਅੱਖਾਂ ਫੁੱਟ ਗਈਆਂ। ਇੱਕੋ ਵਾਰ ਚੀਕੇ-ਮਰੱਬੀ ਇੰਨਾ ਤਿੱਖਾ ਮਸਾਲਾ ਕਿਉਂ ਬਣਾ ਦਿੱਤਾ? ਸਾਡੀਆਂ ਤਾਂ ਅੱਖਾਂ ਫੁੱਟ ਗਈਆਂ! ਇਹ ਕੀ ਕੀਤਾ ਤੂੰ?

ਕਾਂ ਨੇ ਉਡਣਾ ਚਾਹਿਆ, ਮਰੱਬੀ ਨੇ ਖੰਭੋਂ ਫੜ ਕੇ ਮਸਾਲੇ ਦੀ ਉਬਲਦੀ ਤੌੜੀ ਵਿਚ ਸੁੱਟ ਦਿੱਤਾ। ਮਸਾਲੇ ਵਿਚ ਘੁਲ ਗਿਆ। ਬਚਿਆ ਮਸਾਲਾ ਅੰਨ੍ਹੇ ਜਾਨਵਰਾਂ ਦੇ ਸਿਰਾਂ ਉਪਰ ਡੋਲ੍ਹ ਦਿੱਤਾ। ਤਿੰਨੇ ਚੀਕੇ, ਮੁਰੱਬੀ ਇੰਨੇ ਤੇਜ਼ ਮਸਾਲੇ ਨੇ ਤਾਂ ਅਸੀਂ ਮਾਰ ਦਿੱਤੇ। ਸਾਡੀ ਜਾਨ ਨਿਕਲ ਰਹੀ ਹੈ।

ਤਿੰਨੇ ਜਣੇ ਬਹੁਤ ਤੇਜ਼ੀ ਨਾਲ ਉਥੋਂ ਭੱਜੇ, ਦਰਖਤਾਂ ਨਾਲ ਟੱਕਰਾਂ ਮਾਰਦੇ ਫਿਰਨ। ਮਰੱਬੀ ਦੇ ਹਾਸੇ ਦੇ ਫੁਹਾਰੇ ਛੁਟ ਗਏ। ਢੋਲਕੀ ਵਿਚ ਬੈਠ ਗਿਆ। ਗਾਉਣ ਲੱਗਾ-ਚਲ ਮੇਰੀ ਢੋਲਕ ਡਮ ਡਮ ਡਮ!

ਬੋਲ ਸੁਣਨ ਸਾਰ ਢੋਲਕੀ ਰੁੜ੍ਹਨ ਲੱਗੀ। ਨਾ ਚੜ੍ਹਾਈ ਵਿਚ ਹੌਲੀ ਹੋਈ, ਨਾ ਉਤਰਾਈ ਵਿਚ ਤੇਜ਼। ਨਾ ਪੱਥਰਾਂ ਦੀ ਰੋਕ, ਨਾ ਟੋਇਆਂ ਦੀ ਟੋਕ। ਗਰੜ ਗਰੜ ਰੁੜ੍ਹਦੀ ਗਈ। ਆਖਰ ਘਰ ਆ ਗਿਆ, ਉਥੇ ਆ ਕੇ ਰੁਕੀ। ਮਾਂ ਬਾਹਰਲੇ ਫਾਟਕ ਕੋਲ ਖਲੋਤੀ ਉਡੀਕ ਰਹੀ ਸੀ। ਪੁੱਤਰ ਨੂੰ ਗਲ ਨਾਲ ਲਾਇਆ। ਸਿਰ 'ਤੇ ਹੱਥ ਫੇਰਿਆ। ਬੋਲੀ-ਪੂਰਾ ਮੋਟਾ ਤਾਜ਼ਾ ਹੋ ਕੇ ਆਇਐਂ। ਛੇਤੀ ਅੰਦਰ ਚੱਲ। ਕਿਤੇ ਨਜ਼ਰ ਵੀ ਨਾ ਲੱਗ ਜਾਵੇ। ਪਹਿਲਾਂ ਡੌਲੇ 'ਤੇ ਕਾਲਾ ਧਾਗਾ ਬੰਨ੍ਹ ਦਿਆਂ, ਮੱਥੇ 'ਤੇ ਕਾਲਾ ਟਿੱਕਾ ਲਾ ਦਿਆਂ!

ਕੁਝ ਦਿਨਾਂ ਬਾਅਦ ਹੀਰੇ ਮੋਤੀ ਵੇਚ ਕੇ ਮਰੱਬੀ ਨੇ ਸ਼ਾਨਦਾਰ ਮਹਿਲ ਬਣਵਾਇਆ। ਧੂਮ-ਧਾਮ ਨਾਲ ਵਿਆਹ ਕੀਤਾ। ਸ਼ੇਰ ਮਾਮੇ ਕੋਲ ਸੰਧੂਰ ਨਾਲ ਲਪੇਟੀ ਚਿੱਠੀ ਭੇਜੀ। ਮਾਮੇ ਨੇ ਚਾਰ ਗਾਗਰਾਂ ਗਹਿਣਿਆਂ ਦੀਆਂ ਭਰ ਕੇ ਭੇਜੀਆਂ। ਸੱਤ ਗੁਆਂਢੀ ਪਿੰਡਾਂ ਨੂੰ ਪੰਜ-ਪੰਜ ਪਕਵਾਨ ਖਵਾਏ। ਸ਼ੇਰ ਮਾਮੇ ਦੀ ਜੈ ਜੈਕਾਰ ਹੋਈ। ਮਰੱਬੀ ਅਤੇ ਉਸ ਦੀ ਮਾਂ ਸਾਲਾਂ ਤੱਕ ਸੁਖੀ ਵਸਦੇ ਰਸਦੇ ਰਹੇ। ਪੋਤੇ-ਪੋਤੀਆਂ ਨਾਲ ਘਰ ਭਰ ਗਿਆ।

###

# ਅੱਖਰ ਦੇਣ ਅਵਾਜ਼ਾਂ

## ਇੰਦਰਾ ਗਾਂਧੀ ਦੇ ਕਤਲ ਵਾਲੀ ਆਥਣ

ਡਾਇਰੀ ਦੇ ਪੰਨੇ



ਨਿੰਦਰ ਘੁਗਿਆਣਵੀ
ਫੋਨ: 91-94174-21700

ਜਦ ਤਾਇਆ ਖੇਤ ਨਾ ਜਾਂਦਾ ਤਾਂ ਤਾਏ ਦਾ ਰੇਡੀਓ ਗੂੰਜਦਾ ਹੀ ਰਹਿੰਦਾ। ਕਿਸਾਨਾਂ ਵਾਸਤੇ 'ਦਿਹਾਤੀ ਪ੍ਰੋਗਰਾਮ' ਉਹ ਆਥਣੇ ਬਿਲਾਨਾਗਾ ਸੁਣਦਾ ਸੀ। ਸਵੇਰੇ ਸਵੇਰੇ ਸ਼ਬਦ ਕੀਰਤਨ ਦਾ ਪ੍ਰਸਾਰਨ ਹੁੰਦਾ ਤਾਂ ਰੇਡੀਓ ਹੋਰ ਵੀ ਪਿਆਰਾ ਪਿਆਰਾ ਲੱਗਣ ਲੱਗ ਪੈਂਦਾ। ਜੇ ਦੁਪਹਿਰ ਵੇਲੇ ਤਾਇਆ ਖੇਤ ਨਾ ਹੁੰਦਾ ਤਾਂ ਢਾਈ ਵਾਲੇ ਲੋਕ ਗੀਤ ਸੁਣਨੇ ਕਦੇ ਨਾ ਭੁੱਲਦਾ। ਉਦੋਂ ਹੀ ਮੇਰੀ ਦਾਦੀ ਨੂੰ ਅਵਾਜ਼ ਦਿੰਦਾ, "ਚਾਹ ਧਰ ਲੈ ਮਾਂ, ਢਾਈ ਵੱਜ'ਗੇ ਐ।" ਕੱਚੀ ਕੰਧ ਦਾ ਪ੍ਰਛਾਵਾਂ ਵਿਹੜੇ ਵੱਲ ਵਧਿਆ ਦੇਖ ਦਾਦੀ ਢਾਈ ਵੱਜ ਜਾਣ ਦੀ ਪੁਸ਼ਟੀ ਕਰਦੀ।

ਇੱਕ ਦਿਨ ਮੈਂ ਤਾਏ ਨੂੰ ਪੁੱਛਿਆ ਕਿ ਇਹ ਰੇਡੀਓ ਕਿੱਥੋਂ ਲਿਆਂਦਾ ਐ। ਤਾਏ ਨੇ ਦੱਸਿਆ ਕਿ ਬਹੁਤ ਸਾਲ ਪਹਿਲਾਂ ਉਹ ਫਿਰੋਜ਼ਪੁਰ ਗਿਆ ਸੀ ਵਿਸਾਖੀ ਵੇਖਣ। ਉਦੋਂ ਵਾਪਸ ਆਉਂਦੇ ਨੇ ਫੌਜੀ ਛਾਉਣੀ ਨੇੜੇ ਇੱਕ ਦੁਕਾਨ ਤੋਂ ਸੱਠਾਂ ਰੁਪੱਈਆਂ 'ਚ ਖਰੀਦਿਆ ਸੀ। ਤਾਏ ਦਾ ਰੇਡੀਓ ਕਦੇ ਖਰਾਬ ਨਾ ਹੁੰਦਾ। ਜਦ ਕਦੇ ਮੌਸਮ ਖਰਾਬ ਹੁੰਦਾ ਤਾਂ ਉਦੋਂ ਰੇਡੀਓ 'ਚੋਂ ਕਰੜ-ਕਰੜ ਕਰਰ-ਕਰਰ...ਦੀ ਅਵਾਜ਼ ਆਉਂਦੀ। ਇਹ ਅਵਾਜ਼ ਸੁਣ ਕੇ ਮੈਨੂੰ ਲਗਦਾ ਕਿ ਜਿਵੇਂ ਜ਼ੋਰਦਾਰ ਹਨੇਰੀ ਝੁੱਲ ਰਹੀ ਹੋਵੇ, ਤੇ ਰੇਡੀਓ ਵਿਚ ਅਵਾਜ਼ ਪਹੁੰਚਾਉਣ ਵਾਲੀਆਂ ਤਾਰਾਂ ਆਪੋ ਵਿਚ ਜੁੜ ਰਹੀਆਂ ਹੋਣ! (ਇਹ ਤਾਂ ਬਹੁਤ ਬਾਅਦ, ਜਦੋਂ ਆਪ ਰੇਡੀਓ ਦਾ ਕਲਾਕਾਰ ਜਾਂ ਵਕਤਾ ਬਣਿਆ, ਤਾਂ ਪਤਾ ਚੱਲਿਆ ਕਿ ਇਹ ਅਕਾਸ਼ਵਾਣੀ ਹੈ ਤੇ ਅਕਾਸ਼ ਵਿਚੋਂ ਦੀ ਹੋ ਕੇ ਅਵਾਜ਼ ਆਉਂਦੀ ਹੈ, ਤਾਰਾਂ ਰਾਹੀਂ ਨਹੀਂ।)

ਲਾਹੌਰ ਰੇਡੀਓ ਉਤੋਂ ਲੋਕ ਗਾਇਕ ਆਸ਼ਕ ਜੱਟ ਦਾ ਗਾਇਆ ਗੀਤ ਦੂਜੇ-ਤੀਜੇ ਦਿਨ ਵੱਜਦਾ ਰਹਿੰਦਾ,

ਮੈਨੂੰ ਪਾਰ ਲੰਘਾਦੇ ਵੇ ਘੜਿਆ
ਮਿੰਨਤਾ ਤੇਰੀਆਂ ਕਰਦੀ,
ਪਿਛਾਂਹ ਮੁੜ'ਜਾ ਸੋਹਣੀਏਂ ਨੀ
ਇੱਥੇ ਕੋਈ ਨਾ ਤੇਰਾ ਦਰਦੀ।

ਪਤਾ ਨਹੀਂ ਤਾਏ ਨੂੰ ਆਸ਼ਕ ਜੱਟ ਦੇ ਇਸ ਗੀਤ ਨੇ ਕਦੋਂ ਦਾ ਪੱਟਿਆ ਹੋਇਆ ਸੀ। ਤਾਇਆ ਆਸ਼ਕ ਜੱਟ ਦੇ ਆਉਣ ਦੀ ਉਡੀਕ ਕਰਦਾ ਰਹਿੰਦਾ। ਜਿਸ ਦਿਨ ਉਸ ਦਾ ਗੀਤ ਨਾ ਆਉਂਦਾ ਤਾਂ ਉਹ ਬੁੜ-ਬੁੜਾਉਂਦਾ ਆਖਦਾ, "ਅੱਜ ਆਇਆ ਈ ਨੀ ਆਸ਼ਕ ਜੱਟ, ਲਗਦੈ ਲੇਟ-ਲੂਟ ਹੋ ਗਿਆ ਹੋਣੈ ਰੇਡੀਓ ਸਟੇਸ਼ਨ ਆਉਂਦਾ ਆਉਂਦਾ।" ਤਾਏ ਕੋਲ ਬੈਠਾ ਮੈਂ ਵੀ ਆਸ਼ਕ ਜੱਟ ਦੀ ਅਵਾਜ਼ ਦਾ ਅਨੰਦ ਲੈਂਦਾ। ਜਦ ਉਹ ਗੀਤ ਦਾ ਅਗਲਾ ਬੋਲ ਚੁੱਕਦਾ,

ਵੇ ਮੈਂ ਪਾਰ ਝਨਾਂ ਤੋਂ ਜਾਣਾ ਵੇ
ਮੈਨੂੰ ਮਿਲਣਾ ਮਾਹੀ ਨਿਮਾਣਾ ਵੇ।

ਤਾਇਆ ਸਿਰ ਮਾਰ-ਮਾਰ ਝੂਮ ਰਿਹਾ ਹੁੰਦਾ। ਜੇ ਮੈਂ ਕੁਝ ਬੋਲਣਾ ਵੀ ਚਾਹੁੰਦਾ ਤਾਂ ਉਹ ਮੁੱਕਾ ਵੱਟ ਕੇ ਇਸ਼ਾਰੇ ਨਾਲ ਹੀ ਚੁੱਪ ਕਰਵਾ ਦਿੰਦਾ ਸੀ।

ਤਾਏ ਦੇ ਰੇਡੀਓ ਦਾ ਮੇਰੇ ਉਤੇ ਹਾਲੇ ਵੀ ਡਾਹਢਾ ਅਸਰ ਹੈ। ਰੇਡੀਓ ਵਿਚੋਂ ਸੁਣੀਆਂ ਧੁਨੀਆਂ ਆਪਣੇ ਵੱਲ ਹਾਕਾਂ ਮਾਰ-ਮਾਰ ਬਚਪਨ ਤੋਂ ਹੀ ਮੈਨੂੰ 'ਆਪਣਾ' ਬਣਾ ਲਿਆ ਸੀ। ਸ਼ਾਮਾਂ ਨੂੰ ਖਬਰਾਂ ਪ੍ਰਸਾਰਿਤ ਹੋਣੀਆਂ, ਤਾਂ ਤਾਇਆ ਕਿਸੇ ਨੂੰ ਕੁਸਕਣ ਤੱਕ ਨਹੀਂ ਸੀ ਦਿੰਦਾ। ਦਾਦੀ ਲਾਗਿਓਂ ਆਖਦੀ, "ਵੇ ਰਾਮਿਆਂ, ਖੂਹੀ 'ਚੋਂ ਪਾਣੀ ਦੀ ਬਾਲਟੀ ਖਿੱਚ ਦੇਹ, ਭਾਂਡੇ ਧੋ ਲਾਂ ਮੈਂ।" ਤਾਇਆ ਉਚੀ ਅਵਾਜ਼ ਵਿਚ ਬੋਲਦਾ, "ਦੋ ਮਿੰਟ ਚੁੱਪ ਕਰ'ਜਾ ਹੁਣ, ਖਬਰਾਂ ਸੁਣ ਲੈਣ ਦੇ, ਪਾਣੀ ਨੂੰ ਅੱਗ ਲੱਗ ਚੱਲੀ ਐ ਏਡੀ ਛੇਤੀ।"

'ਪਾਣੀ ਨੂੰ ਅੱਗ' ਇਹ ਬੋਲ ਮੇਰੇ ਮਨ ਦੇ ਕੋਨੇ ਵਿਚ ਅਚੇਤ ਹੀ ਪਥੱਲਾ ਮਾਰ ਕੇ ਬਹਿ ਗਏ



ਸਨ ਤੇ ਹਾਲੇ ਵੀ ਬੈਠੇ ਹੋਏ ਨੇ। ਹੁਣ ਤਾਇਆ, ਦਾਦੀ, ਰੇਡੀਓ, ਖੂਹੀ, ਸਾਡਾ ਅੱਧ-ਪੱਕਾ ਘਰ, ਕਿਧਰੇ ਵੀ ਨਹੀਂ ਹੈ, ਪਰ 'ਪਾਣੀ ਨੂੰ ਅੱਗ' ਵਾਲੇ ਬੋਲ ਅੱਜ ਵੀ ਸੁਰੱਖਿਅਤ ਹਨ ਜਿਉਂ ਦੀ ਤਿਉਂ।

—

ਆਥਣ ਹੋ ਚੱਲੀ ਸੀ। ਪਰਛਾਂਵੇਂ ਢਲ ਗਏ ਸਨ। ਧੁੱਪ ਨੇ ਵਿਹੜੇ ਵਿਚੋਂ ਆਪਣਾ ਬੋਰੀ-ਬਿਸਤਰਾ ਸਮੇਟ ਲਿਆ ਸੀ। ਦਿਨ ਭਰ ਬੇਰੋਕ ਚਹਿਕਾਰਾ ਪਾਉਂਦੀਆਂ ਚਿੜੀਆਂ ਵੀ ਆਪੋ-ਆਪਣੇ ਟਿਕਾਣੇ ਜਾ ਟਿਕੀਆਂ ਸਨ। ਗੁਰਦੁਆਰਿਓਂ ਹਾਲੇ ਭਾਈ ਜੀ ਨੇ ਰਹਿਰਾਸ ਦਾ ਪਾਠ ਸ਼ੁਰੂ ਕਰਨਾ ਸੀ। ਬੀੜ ਵਾਲੇ ਕੱਚੇ ਪਹੇ 'ਤੇ ਮੁੜੇ ਆਉਂਦੇ ਪਸੂਆਂ ਦੀ ਬਾਂ-ਬਾਂ ਰੋਜ਼ ਵਾਂਗ ਉਚੀ ਹੋ ਗਈ ਸੀ। ਦਾਦੀ ਚੁੱਲ੍ਹੇ-ਚੌਂਕੇ ਵਿਚ ਰੁੱਝੀ ਹੋਈ ਸੀ। ਤਾਇਆ ਮੰਜੇ ਉਤੇ ਚੌਂਕੜੀ ਮਾਰੀ ਬੈਠਾ ਦਾਲ ਦੇ ਤੁੜਕੇ ਲਈ ਨਿੱਕ-ਸੁੱਕ ਚੀਰ ਰਿਹਾ ਸੀ। ਲਾਗੇ ਪਏ ਰੇਡੀਓ 'ਚੋਂ ਸੋਗਮਈ ਸੰਗੀਤ ਵਿਲਕ ਉਠਿਆ ਤਾਂ ਤਾਇਆ ਬੋਲਿਆ, "ਆਹ ਪਤਾ ਨੀ ਅੱਜ ਪੀਪਲੀਆਂ ਜਿਹੀਆਂ ਕਾਹਤੋਂ ਵਜਾਈ ਜਾਂਦੇ ਐ।"

ਮੈਨੂੰ ਚੇਤੇ ਹੈ ਕਿ ਉਨ੍ਹੀਂ ਦਿਨੀਂ ਤੀਰਥ ਸਿੰਘ ਢਿੱਲੋਂ ਦੀਆਂ ਖਬਰਾਂ ਮਸ਼ਹੂਰ ਸਨ, "ਹੁਣ ਤੁਸੀਂ ਤੀਰਥ ਸਿੰਘ ਢਿੱਲੋਂ ਪਾਸੋਂ ਖਬਰਾਂ ਸੁਣੋ।" ਉਸ ਦਾ ਪਹਿਲਾ ਵਾਕ ਇਹੋ ਹੁੰਦਾ ਸੀ। ਸੋ, ਖਬਰਾਂ ਸ਼ੁਰੂ ਹੋਈਆਂ। ਇੰਦਰਾ ਗਾਂਧੀ ਦੇ ਕਤਲ ਦੀ ਪਹਿਲੀ ਖਬਰ ਸੀ। ਖਬਰ ਕੰਨੀਂ ਪੈਂਦੇ ਸਾਰ ਤੁੜਕੇ ਚੀਰੇ ਵਾਲਾ ਭਾਂਡਾ ਪਰ੍ਹੇ ਕਰਦਿਆਂ ਤਾਇਆ ਬੋਲਿਆ, "ਭਾਬੀਏ, ਹੋ ਭਾਬੀਏ, ਇੰਦਰਾ ਗਾਂਧੀ ਮਾਰ'ਤੀ।" (ਉਦੋਂ ਮਾਂਵਾਂ ਨੂੰ ਸਾਡੇ 'ਭਾਬੀ' ਹੀ ਕਿਹਾ ਜਾਂਦਾ ਸੀ, ਜਿਮੀਂਦਾਰ ਬਹੁਤੇ ਪਿਓ ਨੂੰ 'ਚਾਚਾ' ਆਖਦੇ, ਮੇਰਾ ਪਿਓ ਮੇਰੇ ਦਾਦੇ ਨੂੰ ਬਾਅ ਆਖਦਾ ਸੀ)।

"ਹਾਏ ਹਾਏ ਵੇ, ਕੀਹਨੇ ਮਾਰ'ਤੀ? ਵੇ ਲੋਹੜਾ ਪੈ ਗਿਆ ਆਹ ਤਾਂ...।"

ਗੂੜ੍ਹੀ ਹੁੰਦੀ ਜਾ ਰਹੀ ਸ਼ਾਮ ਨੂੰ ਸਾਡੇ ਘਰੇ ਸੋਗ ਪੈ ਗਿਆ ਸੀ। ਮੈਂ ਸਭਨਾਂ ਦੇ ਨੇੜੇ-ਨੇੜੇ ਹੀ ਤੁਰਿਆ ਫਿਰਦਾ ਸਾਂ। ਮੈਨੂੰ ਲੱਗਣ ਲੱਗਿਆ ਕਿ ਜਿਵੇਂ ਇੰਦਰਾ ਗਾਂਧੀ ਹੀ ਨਹੀਂ ਸਗੋਂ ਮੇਰੇ ਤਾਏ ਦੀ ਦਿੱਲੀ ਰਹਿੰਦੀ ਸਕੀ ਮਾਸੀ ਮਾਰ ਦਿੱਤੀ ਹੋਵੇ! ਆਪਣੀ ਮੈਲੀ ਚੁੰਨੀ ਨਾਲ ਦਾਦੀ ਨੇ ਅੱਖਾਂ ਪੂੰਝੀਆਂ ਤੇ ਚੌਂਕੇ ਵਿਚੋਂ ਉਠ ਖਲੋਈ। ਤਾਏ ਤੇ ਦਾਦੀ ਨੂੰ ਪ੍ਰੇਸ਼ਾਨ ਹੋਏ ਦੇਖ ਮੈਂ ਸਾਡੀ ਹਵੇਲੀ ਵੱਲ ਨੂੰ ਭੱਜ ਆਇਆ। ਅੱਗੇ ਮੇਰੀ ਮਾਸੀ ਦਾ ਮੁੰਡਾ ਦੀਪਾ ਨਰਮੇ ਦੀਆਂ ਸੁੱਕੀਆਂ ਛਿਟੀਆਂ ਦਾ ਬਾਲਣ ਤੋੜ-ਤੋੜ ਕੇ ਇਕੱਠਾ ਕਰੀ ਜਾ ਰਿਹਾ ਸੀ, ਸ਼ਾਇਦ ਉਨ੍ਹਾਂ ਦੇ ਤੰਦੂਰ ਤਪਣਾ ਸੀ।

"ਦੀਪਿਆ ਉਏ, ਇੰਦਰਾ ਗਾਂਧੀ ਮਾਰ'ਤੀ।" ਮੇਰੇ ਤੋਂ ਆਪ-ਮੁਹਾਰੇ ਹੀ ਬੋਲ ਹੋ ਗਿਆ।

"ਓਹ ਜਾਂ ਪਰ੍ਹਾਂ, ਆ ਗਿਆ ਵੱਡਾ ਬੀ. ਬੀ. ਸੀ. ਦਾ ਪੱਤਰਕਾਰ, ਗੱਪਾਂ ਦਾ ਪਿਓ।" ਦੀਪਾ ਮੇਰੇ ਵੱਲ ਬਿਨਾ ਦੇਖੇ ਹੀ ਬੋਲਿਆ। ਸਾਡਾ ਇੱਕ ਗੁਆਂਢੀ ਕੋਠੇ 'ਤੇ ਚੜ੍ਹਿਆ ਤੇ ਸਾਡੇ ਵੱਲ ਨੂੰ ਮੁਖਾਤਿਬ ਹੋਇਆ, "ਮਖਾਂ, ਮੁੰਡਿਓ ਇੰਦਰਾ ਮਾਰ'ਤੀ, ਖਬਰ ਆਈ ਐ।" ਦੀਪਾ ਸੁੱਕੀਆਂ ਛਟੀਆਂ ਤੋੜਨੋਂ ਹਟ ਗਿਆ, "ਚਾਚਾ, ਜਿੱਦਣ ਇੰਦਰਾ ਮਰੀ, ਓਦਣ ਤਾਰਾਂ ਖੜਕ ਜਾਣਗੀਆਂ, ਏਹ ਤਾਂ ਐਵੇਂ 'ਫਵਾਹ ਈ ਲਗਦੀ ਐ, ਆਹ ਸਾਡੇ ਆਲਾ ਵੀ ਕਹੀ ਜਾਂਦੈ।"

'ਤਾਰਾਂ ਖੜਕ ਜਾਣਗੀਆਂ' ਇਹ ਸ਼ਬਦ ਓਦਣ ਮੈਂ ਆਪਣੇ ਮਸੇਰ ਦੀਪੇ ਮੂੰਹੋਂ ਪਹਿਲੀ ਵਾਰੀ ਸੁਣਿਆ ਸੀ। ਉਸ ਰਾਤ ਪਿੰਡ ਵਿਚ ਕੁਝ ਬੰਦਿਆਂ ਨੇ ਦਾਰੂ ਪੀ ਕੇ ਲਲਕਾਰੇ ਮਾਰੇ ਸਨ। ਸਾਡੇ ਹਿੰਦੂਆਂ ਦੇ ਘਰ ਬੂਹੇ ਭੇੜ ਤੇ ਸੋਗ ਦੀ ਚਾਦਰ ਲਪੇਟ ਕੇ ਸੌਂ ਗਏ ਸਨ।

# ਕਾਵਿ-ਜਗਤ

## ਗਜ਼ਲ

ਉਮਰ ਦਾ ਕਰ ਤਕਾਜ਼ਾ,
ਭਾਵੇਂ ਮਿੱਤਰ ਕਰਦੇ ਚੌੜ।
ਕੁਝ ਨਵਾਂ ਕਰਨੇ ਨੂੰ ਪਰ
ਮਨ ਫਿਰ ਵੀ ਪੈਂਦਾ ਦੌੜ।

ਕਦੇ ਕਦੇ ਜਦ ਆਵੇ,
ਮਨ ਸਮਝੇ ਫਿਰ ਪਛਤਾਵੇ,
ਕਿਸੇ ਲਈ ਵੀ ਮਿੱਤਰੋ,
ਜਦੋਂ ਮਨ ਦੇ ਅੰਦਰ ਕੌੜ।

ਕਰਦੇ ਜੋ ਉਸਾਰੀਆਂ,
ਸਿਰਜਣ ਮਹਿਲ-ਮਾੜੀਆਂ,
ਖੁਦ ਦਾ ਕੋਠਾ ਪਾਉਣ ਲਈ,
ਜੁੜਿਆ ਨਾ ਕੋਈ ਤੌੜ।

ਲੋਕ ਮਨਾਂ ਵਿਚ ਨਾਬਰੀ ਦਾ,
ਉਚਾ ਬਹੁਤ ਮੁਕਾਮ,
ਤਾਂਹੀਓਂ ਤਾਂ ਦੁਲਾ ਨਾਇਕ ਹੈ,
ਤਾਂ ਹੀਂ ਹੈ ਜੀਊਣਾ ਮੌੜ।

ਇਕੋ ਹੀ ਕੁੱਖ 'ਚੋਂ ਜੰਮ ਕੇ,
ਕਦ ਰਾਹ ਵੱਖਰੇ ਹੋ ਗਏ,
'ਬੀਸਲੇ' ਕੱਦ ਕੁੰਬਲ ਟੁੱਟੀ,
ਬਣਿਆ ਕਦੋਂ ਸੀ ਜੌਹੜ।

***-ਹਰਿੰਦਰ ਸਿੰਘ ਬੀਸਲਾ***
***ਫੋਨ: 1-562-726-7674***

---

## ਬੋਲੀਆਂ

ਘੇਰੇ ਘੇਰੇ ਘੇਰੇ
ਉਜਾੜਦੇ ਜੋ ਮੱਤੇਵਾੜ ਨੂੰ
ਉਹ ਤਾਂ ਮਿੱਤ ਨ੍ਹੀਂ ਪੰਜਾਬ ਸਿਆਂ ਤੇਰੇ।

ਬਾਤਾਂ ਬਾਤਾਂ ਬਾਤਾਂ
ਵੇ ਚਾਨਣ ਦੇ ਜਾਏ ਪੁੱਤਾਂ ਨੂੰ
ਕੀ ਏ ਘੇਰਨਾ ਕਾਲੀਆਂ ਰਾਤਾਂ।

ਨਾਕਾ ਨਾਕਾ ਨਾਕਾ
ਜੇ ਮੰਗ ਲਿਆ ਹੱਕ ਸਿੰਘਾਂ ਨੇ
ਕਿਹੜਾ ਦੇਸ਼ 'ਚ ਮਾਰਿਆ ਡਾਕਾ?

ਖਰਕੇ ਖਰਕੇ ਖਰਕੇ
ਵੇ ਕੌਣ ਸੱਚਾ ਪੁੱਤ ਦੇਸ਼ ਦਾ
ਜ਼ਰਾ ਫੋਲ ਕੇ ਵੇਖ ਲੈ ਵਰਕੇ।

ਮਾਰੂ ਮਾਰੂ ਮਾਰੂ
ਮੰਨਦੇ ਨਾ ਈਨ ਕਿਸੇ ਦੀ
ਸਿੰਘ ਸੱਤ ਪੱਤਣਾ ਦੇ ਤਾਰੂ।

ਧਾਈਆਂ ਧਾਈਆਂ ਧਾਈਆਂ
ਖਾਲਸੇ ਦੀ ਪੱਗ ਦੇ ਉਤੇ
ਸੱਚੇ ਪਾਤਿਸ਼ਾਹ ਕਲਗੀਆਂ ਲਾਈਆਂ।

***-ਹਰਦੇਵ ਸਿੰਘ***

---

## ਨਜ਼ਮ

ਕੁਦਰਤ ਦੇ ਕਾਦਰ ਕਰਤਾ ਨੇ।
ਕੈਸਾ ਇਹ ਇਕ ਖੇਡ ਰਚਾਇਆ
ਜਦ ਪਰਮੇਸ਼ਰ ਸ੍ਰਿਸ਼ਟੀ ਸਾਜੀ
ਬੰਦੇ ਨੂੰ ਇੱਕ ਹੁਕਮ ਸੁਣਾਇਆ।
ਚਉਰਾਸੀ ਲੱਖ ਜੂਨ ਦੇ ਅੰਦਰ
ਤੈਨੂੰ ਮੈਂ ਸਿਕਦਾਰ ਸਜਾਇਆ।
ਸਭ ਜੂਨਾਂ ਤੋਂ ਉੱਤਮ ਤੈਨੂੰ
ਧਰਤੀ ਦਾ ਸਰਦਾਰ ਬਣਾਇਆ।

ਪਰ ਕਾਮ, ਕ੍ਰੋਧ, ਹੰਕਾਰ, ਲੋਭ ਦਾ
ਬੰਦੇ ਨੇ ਝੰਡਾ ਲਹਿਰਾਇਆ।
ਧਰਤੀ ਤੋਂ ਲੈ ਅੰਬਰ ਤੀਕਰ
ਨਫਰਤ ਦਾ ਹੀ ਜਾਲ ਵਿਛਾਇਆ।
ਸੱਚ, ਸੰਜਮ, ਸੰਤੋਖ ਵੀ ਮੁਕਿਆ
ਸਤ ਸਬਰ ਨੂੰ ਮਾਰ ਮੁਕਾਇਆ।
ਬੇਈਮਾਨ ਗੱਦਾਰ ਬੰਦੇ ਨੇ
ਸਿੱਕਾ ਆਪਣਾ ਖੂਬ ਚਲਾਇਆ।

ਧਰਮ ਦੇ ਨਾਂ 'ਤੇ ਧਰਮੀ ਬੰਦਿਆ
ਧਰਮ ਨੂੰ ਮਾਰ ਮੁਕਾਉਣਾ ਚਾਹਿਆ।
ਗੁਰਦੁਆਰੇ, ਮੰਦਿਰ ਮਸਜਿਦ 'ਚੋਂ
ਰੱਬ ਨੂੰ ਕਿਧਰੇ ਬਾਹਰ ਭਜਾਇਆ।
ਕਾਤਲ, ਚੋਰ, ਜੁਆਰੀਏ, ਠੱਗਾਂ
ਸਾਧਾਂ ਦਾ ਜਦ ਭੇਸ ਵਟਾਇਆ।
ਧਰਮ, ਸਮਾਜ ਵੜੇ ਵਿਚ ਖੁੰਦਰਾਂ
ਹਰ ਥਾਂ ਸੀ ਸ਼ੈਤਾਨ ਦਾ ਸਾਇਆ।

ਧਰਮੀ ਬਾਬੁਲ ਧੀ ਆਪਣੀ ਦਾ
ਜਿਸਮ ਦੇਖ ਕੇ ਜਦ ਲਲਚਾਇਆ।
ਪੁੱਤਰਾਂ ਨੇ ਜਦ ਮਾਂ ਆਪਣੀ ਨੂੰ
ਘਰੋਂ ਬਾਹਰ ਕੱਢ ਬੂਹਾ ਲਾਇਆ।
ਔਰਤ ਨੇ ਜਦ ਸ਼ਰਮ ਹਯਾ ਦਾ
ਸਿਰ ਉਤੋਂ ਪੱਲੂ ਸਰਕਾਇਆ।
ਹੱਵਸ ਦਾ ਭੁੱਖਾ ਮਰਦ ਕਮੀਨਾ।
ਗਲੀਆਂ ਵਿਚ ਫਿਰੇ ਹੱਲਕਾਇਆ।

ਫਿਰ ਕੁਦਰਤ ਦਾ ਕਾਦਰ ਮਾਲਕ
ਬੰਦੇ ਵਲ ਤੱਕ ਕੇ ਮੁਸਕਰਾਇਆ।
ਬੰਦਿਆ! ਤੂੰ ਨਹੀ ਬੰਦਾ ਬਣਿਆ
ਤੂੰ ਰੁਤਬਾ ਸ਼ੈਤਾਨ ਦਾ ਪਾਇਆ।
ਜੰਗਲ, ਬੇਲੇ, ਰੁੱਖ ਸਭ ਵੱਢ ਕੇ
ਪ੍ਰਕਿਰਤੀ ਦਾ ਹੁਸਨ ਮੁਕਾਇਆ।
ਪਾਣੀ ਪਿਤਾ ਤੇ ਪਉਣ ਗੁਰੂ ਵਿਚ
ਆਪਣੇ ਹੱਥੀਂ ਜ਼ਹਿਰ ਮਿਲਾਇਆ।

ਹਉਮੈ ਵਿਚ ਤੂੰ ਮੈਨੂੰ ਭੁਲ ਕੇ
ਬੰਦੇ ਤੋਂ ਰੱਬ ਬਣਨਾ ਚਾਹਿਆ।
ਮੈਂ ਹਾਂ ਤੇਰਾ ਸਿਰਜਣਹਾਰਾ
ਮੈਨੂੰ ਹੀ ਤੂੰ ਦਿਲੋਂ ਭੁਲਾਇਆ।
ਜੋ ਬੀਜੇਂਗਾ, ਵੱਢਣਾ ਪੈਣਾ
ਇਹ ਤੈਨੂੰ ਮੈਂ ਯਾਦ ਕਰਵਾਇਆ।
ਬੰਦਾ ਹੈ ਤਾਂ ਬੰਦਾ ਹੀ ਰਹਿ
ਕਈ ਵਾਰੀ ਤੈਨੂੰ ਸਮਝਾਇਆ।

ਜਦ ਜਦ ਵੀ ਤੂੰ ਅੱਤਾਂ ਚੁਕੀਆਂ
ਓਦੋਂ ਹੀ ਤੂਫਾਨ ਹੈ ਆਇਆ।
ਇਹ ਵੀ ਕੰਮ ਤੇਰਾ ਹੈ ਬੰਦਿਆ
ਪਰ ਤੂੰ ਨਾਮ ਮੇਰਾ ਹੈ ਲਾਇਆ।
ਅੰਦਰ ਬੈਠ ਤੇ ਸੋਚ ਬਦਲ ਲੈ
ਤੁਰ ਜਾਣੈ, ਜੋ ਸੰਕਟ ਆਇਆ।
ਜਦ ਵੀ ਤੂੰ ਅਵਾਜ਼ ਹੈ ਮਾਰੀ
ਮੈਂ ਤੈਨੂੰ ਹੈ ਗਲ ਨਾਲ ਲਾਇਆ।

ਹੈ ਕੋਈ ਵਿਰਲਾ ਵਿਰਲਾ ਜਗ 'ਤੇ
ਜਿਸ ਨੇ ਮੇਰਾ ਨਾਮ ਧਿਆਇਆ।
ਉਨ੍ਹਾਂ ਵਿਰਲਿਆਂ ਦੇ ਸਦਕਾ ਹੀ
ਸ੍ਰਿਸ਼ਟੀ ਨੂੰ ਮੈਂ ਸਦਾ ਬਚਾਇਆ।
ਪਤਤਿ ਪਾਵਨ ਪ੍ਰਭੁ ਨਾਮ ਹੈ ਮੇਰਾ
ਮੈਂ ਤੈਨੂੰ ਨਹੀਂ ਕਦੀ ਭੁਲਾਇਆ।
ਆਪਣਾ ਜਗਤ ਬਚਾਵਣ ਦੇ ਲਈ
ਮੈਂ 'ਸੁਰਜੀਤ' ਆਇਆ ਕਿ ਆਇਆ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***
***ਫੋਨ: 916-687-3536***

---

## ਬਦਲਿਆ ਦੌਰ

ਵੱਟਸਐਪ ਨੇ ਡਾਕੀਏ ਖਾ ਲਏ
ਫੇਸਬੁੱਕ ਨੇ ਖੱਤ ਚਬਾ ਲਏ
ਘਰ ਦੇ ਫੋਨ ਆਈ ਫੋਨ ਦਬਾ ਲਏ
ਆਈ ਪੈਡ ਨੇ ਅੱਗੇ ਕੰਪਿਊਟਰ ਭਜਾ ਲਏ
ਟਿੱਕ ਟੋਕ ਨੇ ਵਿਹਲੇ ਕੰਮ ਲਾ ਲਏ
ਯੂ ਟਿਊਬ ਜਿਹੇ ਖੱਬੀ ਖਾਂ ਢਾਹ ਲਏ
ਟਵੀਟਰ ਨੇ ਨੇਤਾ ਭਰਮਾ ਲਏ
ਟਵੀਟ 'ਤੇ ਕਈਆਂ ਭਾਗ ਜਗਾ ਲਏ
ਸੋਸ਼ਲ ਮੀਡੀਆ ਨੇ ਚੈਨਲ ਫਾਹ ਲਏ
ਜ਼ੂਮ 'ਤੇ ਸ਼ਾਇਰਾਂ ਕਵੀ ਦਰਬਾਰ ਸਜਾ ਲਏ
ਲਾਈਕ ਤੇ ਕਮੈਂਟ 'ਤੇ ਸੋਹਲੇ ਗਾ ਲਏ
ਵਾਹ ਵਾਹ ਵਾਲੇ ਸੁਆਦ ਗਵਾ ਲਏ
ਰੇਡੀਓ ਟੇਪਾਂ ਅਜਿਹੇ ਐਪਾਂ ਦਾਅ ਲਏ
'ਸੁਖਵਿੰਦਰਾ' ਇਨ੍ਹਾਂ ਨਾ ਮੁੜ ਕੇ ਸਾਹ ਲਏ।

***-ਸੁਖਵਿੰਦਰ ਸਿੰਘ ਬੋਦਲਾਂ ਵਾਲਾ***
***ਫੋਨ: 360-281-2624***

---

## ਮੀਆਂ

ਟੁੱਟ ਜਾਂਦੇ ਰਿਸ਼ਤੇ ਸਾਕ ਸਬੰਧ ਤਾਈਂ,
ਤੰਗੀਆਂ ਦੇਣ ਜਦੋਂ ਧਾਵਾ ਬੋਲ ਮੀਆਂ।

ਮਿਲਦਾ ਨਾ ਯਾਰ ਇਥੇ ਸੱਚੜਾ ਈ,
ਹਰ ਇੱਕ ਨਾਲ ਨਾ ਦਿਲ ਤੂੰ ਫੋਲ ਮੀਆਂ।

ਬਾਹਰੋਂ ਲੋਚਦੈਂ ਚੰਗਿਆਈ ਲੋਕਾਂ ਕੋਲੋਂ,
ਕਦੇ ਖੁਦ ਅੰਦਰੋਂ ਵੀ ਸੱਚ ਤੂੰ ਬੋਲ ਮੀਆਂ।

ਮੁਹੱਬਤਾਂ ਵੀ ਬਨਾਵਟੀ ਹੋ ਗਈਆਂ ਨੇ,
ਫਿਰ ਥਿਆਵੇ ਨਾ ਜਜ਼ਬਾਤ ਨਿਰੋਲ ਮੀਆਂ।

ਜਿਹਨੂੰ ਦੁਨੀਆਂ ਦੀ ਭੀੜ 'ਚ ਲੱਭਦਾ ਈ,
ਉਹ ਅੰਦਰ ਦੀਆਂ ਰਮਜ਼ਾਂ 'ਚੋਂ ਟੋਲ ਮੀਆਂ।

ਇਸ਼ਕੇ ਦਾ ਡੰਗਿਆਂ ਰਾਹ ਲੱਭਣਾ ਨਹੀਂ,
ਰਾਹ ਪੱਧਰਾ ਪਗਡੰਡੀਆਂ ਤੋਂ ਗੋਲ ਮੀਆਂ।

ਮਨਾਂ ਦੇ ਅੰਦਰ ਜੀਭ ਲਲਚਾਵਦੀਂ ਏ,
ਸ਼ਕਲਾਂ ਤੋਂ ਦਿਸਦੇ ਜਿਹੜੇ ਅਣਭੋਲ ਮੀਆਂ।

ਅਕਸ ਵੀ ਹੁਣ ਓਪਰੇ-ਓਪਰੇ ਜਾਪਦੇ ਨੇ,
ਕੀਤੀ ਜਦੋਂ ਥੋੜ੍ਹੀ ਅਸਾਂ ਨੇ ਪੜਚੋਲ ਮੀਆਂ।

ਪੀੜਾਂ ਨਕਦ ਤੇ ਖੁਸ਼ੀਆਂ ਉਧਾਰੀਆਂ ਨੇ,
ਲੱਗੀ ਟੁੱਟੀ ਦਾ ਇਹੋ ਮੋਲ-ਤੋਲ ਮੀਆਂ।

ਮੱਲ੍ਹਮ ਲੱਗੇ ਤਾਂ ਵੀ ਚੀਸ ਉਠਦੀ ਏ,
ਜਖਮ ਦਿਲ 'ਚ ਕਰ'ਗੇ ਐਸੇ ਖੋਲ ਮੀਆਂ।

ਕਾਗਜ਼ ਸੁਣਦੇ 'ਲਾਲਪੁਰੀ' ਸੁਣਾਂਵਦਾ ਈ,
ਨੈਣਾਂ 'ਚੋਂ ਵਹਿਣ ਭਰ-ਭਰ ਡੋਲ ਮੀਆਂ।

ਕਲਮ ਬਣੀ 'ਰਵਿੰਦਰਾ' ਮਾਸ਼ੂਕ ਡਾਹਢੀ,
ਸਿਹਾਈ ਨੇ ਪਿੱਟ ਦਿੱਤਾ ਏ ਢੋਲ ਮੀਆਂ।

***-ਰਵਿੰਦਰ ਸਿੰਘ ਲਾਲਪੁਰੀ***
***ਫੋਨ: 91-94634-52261***

---

## ਗੁਲੇਲ ਕਰੋਨਾ ਦੀ

ਮਹਾਸ਼ਕਤੀਆਂ ਦੇ ਛਲ-ਕਪਟ
ਦਿੰਦੇ ਦੂਸ਼ਣ ਇਕ ਦੂਜੇ ਨੂੰ
ਤੂੰ ਕੀਤਾ, ਮੈਂ ਨਹੀਂ ਕੀਤਾ
ਜੁਆਬ-ਤਲਬੀ ਸੁਆਲਾਂ ਦੇ ਘੇਰੇ 'ਚ
ਮਹਾਮਾਰੀਆਂ ਆਉਂਦੀਆਂ ਹੀ ਰਹੀਆਂ
ਸਭ ਕਾਬੂ ਕਰ ਜਿੱਤ ਸੀ ਪਾਈ।
ਪੁੱਜ ਗਏ ਬ੍ਰਹਿਮੰਡਾਂ 'ਤੇ
ਪੂਜਦੇ ਸੀ ਜਿਸ ਨੂੰ ਅਪਹੁੰਚ ਕਹਿ ਕੇ।
ਦਿਲ ਆਪੇ ਤੋਂ ਬਾਹਰ ਹੋ ਰਿਹਾ
ਕਿੱਥੇ ਜਾਵਾਂ, ਕਿੱਥੇ ਨਾ ਜਾਵਾਂ?
ਕੀ ਛਿੱਕਲੀ ਦਵਾ ਦਾ ਕੰਮ ਹੈ ਕਰਦੀ?
ਤਾਂਘ ਹੈ ਉਤਪਨ ਹੋ ਰਹੀ
ਉਡ ਕੇ ਮਿਲ ਆਵਾਂ ਯਾਰਾਂ-ਦੋਸਤਾਂ ਨੂੰ।
ਪਰ ਕਹਿੰਦੇ ਨੇ, ਤੂੰ ਨਹੀਂ ਜਾ ਸਕਦਾ
ਅਰਾਮ ਨਾਲ ਬੈਠਾ ਰਹਿ,
ਦੱਸਾਂਗੇ, ਜਦੋਂ ਹਾਲਾਤ ਕਾਰਗਰ ਹੋਏ।
ਤੁਣਕਾ ਹੱਥ ਹੈ ਉਨ੍ਹਾਂ ਦੇ
ਗੁਲੇਲ ਜਿਨ੍ਹੀਂ ਹੈ ਫੜੀ ਹੋਈ।

***-ਦਰਸ਼ਨਪਾਲ ਦੋਸਾਂਝ***

---

## ਆਮ ਜਿਹਾ ਦਿਨ

ਹਾਂ ਅੱਜ
ਇਕ ਆਮ ਜਿਹਾ ਦਿਨ ਹੈ
ਸਵੇਰੇ ਅੱਖ ਖੁੱਲ੍ਹਦੇ ਹੀ
ਮੈਂ ਆਮ ਵਾਂਗ ਫੋਨ ਵਲ ਝਪਟੀ
ਤੂੰ ਨਹੀਂ ਲਿਖਿਆ ਸੀ
ਟੁੱਟਿਆ ਜਿਹਾ, ਸ਼ਾਰਟ ਕੱਟ ਵਾਲਾ
'ਗੁੱਡ ਮੌਰਨਿੰਗ।'
ਜਿਸ ਨੂੰ ਦੇਖ ਕੇ ਲਗਦੈ
'ਇਸ ਬਿਨਾ ਕੀ ਥੁੜ੍ਹਿਆ ਪਿਆ ਸੀ!'
ਪਰ ਜਿਸ ਦਿਨ
ਰੋਮਨ ਦੇ ਇਹ ਛੇ ਅੱਖਰ ਨਹੀਂ ਮਿਲਦੇ
ਉਸ ਦਿਨ
ਸਵੇਰ ਥੁੜ੍ਹੀ-ਥੁੜ੍ਹੀ ਲੱਗਦੀ ਹੈ
ਦਿਨ ਦਾ ਵੀ ਫਿਕਰ ਜਿਹਾ ਲੱਗ ਜਾਂਦੈ
ਔਖੀ-ਸੌਖੀ ਜਿਹੀ ਹੋ ਕੇ
ਮੈਂ ਵੀ ਜਾਣ ਕੇ ਭੇਜਦੀ ਹਾਂ
ਸ਼ਾਰਟ ਕਟ ਵਾਲਾ, 'ਗੁੱਡ ਮੌਰਨਿੰਗ!'

ਪਰ ਛੇ ਨਹੀਂ, ਸੱਤ ਅੱਖਰ
ਫੇਰ ਜਵਾਬ ਦੀ ਉਡੀਕ...।

ਗੁੱਸੇ ਤਾਂ ਸੀ ਮੈਂ
ਪਰ, ਕੀ ਫਰਕ ਪੈਂਦਾ, ਤੂੰ ਬੁਲਾਵੇਂ ਜਾਂ ਮੈਂ!

ਨਾ ਚੰਨ ਦਾ ਧਰਤੀ ਬਿਨਾ ਸਰਦਾ
ਨਾ ਧਰਤੀ ਦਾ ਚੰਨ ਬਿਨਾ
ਪਰ ਤੇਰੇ-ਮੇਰੇ ਵਿਚੋਂ
ਕੌਣ ਧਰਤੀ ਹੈ, ਕੌਣ ਚੰਨ
ਇਹ ਫੈਸਲਾ ਨਹੀਂ ਹੋ ਸਕੇਗਾ
ਹਾਂ ਅੱਜ, ਇਕ ਆਮ ਜਿਹਾ ਦਿਨ ਹੈ।

ਤੇਰੇ ਰੋਸੇ-ਹਾਸੇ ਦੇ ਨਾਲ-ਨਾਲ
ਮੇਰੇ ਚਿਹਰੇ 'ਤੇ ਸਾਰਾ ਦਿਨ
ਸਵੇਰ, ਸ਼ਾਮ ਤੇ ਰਾਤ
ਹੁੰਦੀ ਰਹਿੰਦੀ ਹੈ।
ਤੇ ਰੋਜ਼ ਵਾਂਗ ਛੁਪਾਉਣ ਦਾ
ਮੈਂ ਯਤਨ ਕਰਦੀ ਹਾਂ ਤੇ ਰੋਜ਼ ਵਾਂਗ ਹੀ
ਮਾਂ ਫਿਰ ਵੀ ਮੇਰਾ ਚਿਹਰਾ
ਪੜ੍ਹ ਹੀ ਲੈਂਦੀ ਹੈ।

ਉਸ ਦੀ ਨਜ਼ਰ, ਹਰ ਪਲ
ਮੇਰੀ ਨਜ਼ਰ ਦਾ ਪਿੱਛਾ ਕਰਦੀ ਹੈ
ਰੋਜ਼ ਵਾਂਗ ਉਸ ਨੂੰ ਵਾਰ-ਵਾਰ ਕਹਿੰਦੀ ਹਾਂ
ਨਹੀਂ-ਨਹੀਂ, ਹੋਣਾ ਕੀ ਆ;
ਕੁਝ ਨਹੀਂ ਹੋਇਆ
ਤੇ ਝੂਠ-ਮੂਠੀ ਹੱਸਣ ਦੀ
ਮੈਂ ਕੋਸ਼ਿਸ਼ ਕਰਦੀ ਹਾਂ
ਇਸ ਨਾਟਕ ਨੂੰ ਵੀ
ਸ਼ਾਇਦ ਮਾਂ ਜਾਣਦੀ ਹੋਵੇਗੀ
ਹਾਂ ਅੱਜ, ਇਕ ਆਮ ਜਿਹਾ ਦਿਨ ਹੈ।

ਅੱਜ ਤੱਕ ਮੈਂ ਮਾਂ ਨੂੰ ਤੇ ਮਾਂ ਨੇ ਮੈਨੂੰ
ਸਦਾ ਬੇਚੈਨ ਹੀ ਦੇਖਿਆ ਹੈ
ਉਹ ਖਿਝਦੀ ਹੈ,
"ਦਿਨੇ ਨਾ ਰਾਤ, ਟਿਕ ਜਾਇਆ ਕਰ ਕਦੇ!"
ਇਸ ਹਾਲਤ ਤੋਂ ਹੱਸ ਕੇ ਮੈਂ
ਅਕਸਰ ਆਖਦੀ ਹਾਂ,
"ਕਿਉਂ ਜੰਮਿਆ ਸੀ ਫਿਰ ਮੈਨੂੰ?"
ਉਹ ਆਖਦੀ
ਮੈਂ ਤਾਂ ਮੋੜ ਦਿੱਤਾ ਸੀ, ਤੂੰ ਫੇਰ ਆ ਗਈ!

ਹਾਂ ਸਭ ਖੁਸ਼ ਹੋਏ ਸੀ
ਮਾਸੀ ਨੂੰ ਪੁੱਛਣ 'ਤੇ ਦੱਸਿਆ ਗਿਆ,
"ਚੂਹਾ ਤੇ ਚੂਹੀ ਆਏ ਹਨ।"

ਉਸ ਦਿਨ ਤੋਂ ਅੱਜ ਤੱਕ ਮਾਂ
ਆਪਣੀ ਚੂਹੀ ਦਾ ਚਿਹਰਾ
ਲਗਾਤਾਰ ਪੜ੍ਹ ਰਹੀ ਹੈ।

ਮੈਨੂੰ ਪਤਾ ਹੈ ਮੌਰਨਿੰਗ ਕਿੰਨੀ ਕੁ ਗੁੱਡ ਹੈ
ਮੇਰੀ ਮੌਰਨਿੰਗ, ਦੁਪਹਿਰ, ਸ਼ਾਮ
ਉਲਝੀ ਹੋਈ ਤਾਣੀ ਹੁੰਦੀ ਹੈ
ਮੇਰੇ ਵਾਂਗ ਹੀ।
ਇਕ ਪਲ ਵਿਚ ਕੁਝ ਦੀ ਕੁਝ
ਮੇਰੀ ਪਲੇਟ ਵਿਚ ਪਏ ਰੰਗਾਂ ਵਾਂਗ
ਰਲਦੇ-ਮਿਲਦੇ ਹੋਰ ਦੇ ਹੋਰ, ਤੇਰੇ ਵਾਂਗ
ਤੇਰੇ ਕਰਕੇ ਮੇਰੇ ਵਾਂਗ।

ਬੱਸ ਨਿੱਤ-ਕਰਮ ਚੱਲ ਰਿਹਾ ਹੈ
ਸ੍ਰਿਸ਼ਟੀ ਘੁੰਮ ਰਹੀ ਹੈ
ਜਿਵੇਂ ਮੈਂ ਤੇਰੇ ਦੁਆਲੇ
ਮਾਂ ਦੀਆਂ ਨਜ਼ਰਾਂ ਮੇਰੇ ਦੁਆਲੇ
ਚੰਨ ਧਰਤੀ ਦੁਆਲੇ
ਧਰਤੀ ਸੂਰਜ ਦੁਆਲੇ।
ਹਾਂ ਅੱਜ, ਇੱਕ ਆਮ ਜਿਹਾ ਦਿਨ ਹੈ।

***-ਸ਼ਮਿੰਦਰ, ਸ੍ਰੀ ਮੁਕਤਸਰ ਸਾਹਿਬ***
***ਫੋਨ: 91-75268-08047***

## ਛੋਕਰੇ ਦੀਏ ਪੱਟ ਮੁਬੈਲਾਂ ਨੇ

***(ਪੁਆਧੀ ਰੰਗ ਕੀ ਕਬਤਾ)***

ਮਾਂ ਬਾਪ ਕੇ ਸਿਰ ਪਰ ਹੀ ਬਸ ਪੜਦੀਆਂ ਪੈਲਾਂ ਨੇ।
ਅੱਜ ਕਲ੍ਹ ਕੇ ਛੋਕਰੇ ਦੀਏ ਪੱਟ ਮੁਬੈਲਾਂ ਨੇ।

ਹੋਸ ਸੰਮ੍ਹਾਲਾਂ ਲਿੰਦੀ ਨਾ ਐਂਹ ਕੈਹਰ ਕਮਾ ਦੇਹਾਂ।
ਜੰਮਦਿਆਂ ਕੇ ਹੱਥਾਂ ਮਾ ਜੋ ਸੈੱਟ ਫਕੜਾ ਦੇਹਾਂ।
ਜਦ ਤਿੱਕ ਚੱਲਾ ਚੇਹਰੇ ਉਪਰ ਖੁਸੀਆਂ ਹਾਸੇ ਆਂ।
ਰੁਕ ਜਾਹਾ ਤੋਂ ਦਮ ਲਿੱਕੜਾਂ ਜਾਰ ਉਦਾਸੇ ਆਂ।
ਕਰ ਦਏ ਡੈੱਡ ਦਮਾਕ ਏਨ੍ਹਾਂ ਬਿਗਿਆਨਕ ਬੈਲਾਂ ਨੇ।
ਅੱਜ ਕੱਲ੍ਹ ਕੇ ਛੋਕਰੇ ਦੀਏ ਪੱਟ ਮੁਬੈਲਾਂ ਨੇ।

ਪੈਹਲਾਂ ਛੋਟਾ, ਫੇਰ ਬੜਾ ਫੇਰ ਉਸ ਤੇ ਬੜ੍ਹਕਾ ਬਈ।
ਜੇ ਨਾਂ ਲਿਆਣਿਆਂ ਮਰੂੰਗਾ ਟੈਂਕੀ ਉਪਰ ਚੜ੍ਹਕਾ ਬਈ।
ਨਹੀਂ ਝੇਲਦੇ ਬੇਹਲੜ ਮਾਈ ਬਾਪ ਕੀ ਘੂਰਨੀਆਂ।
ਜੇ ਨੌਅ ਰੱਖਣਾ ਮੰਗਾਂ ਬੀ ਫੇਰ ਪੈਣੀਆਂ ਪੂਰਨੀਆਂ।
ਬੜਾ ਪੈਕ ਬੀ ਲੇਖੇ ਲਾ ਦਿਆ ਰੋਜ ਕੇ ਡੈਲਾਂ ਨੇ।
ਅੱਜ ਕੱਲ੍ਹ ਕੇ ਛੋਕਰੇ ਦੀਏ ਪੱਟ ਮੁਬੈਲਾਂ ਨੇ।

ਟੂੰਟੀਆਂ ਕੰਨ ਮਾ ਸੁੱਡੀ ਰੱਖਾਂ ਸੁਣਦੇ ਗੌਣੇ ਆਂ।
ਕਿਤਨਾ ਬੀ ਕੋਈ ਭੌਂਕੀ ਜਾਹੇ ਸਬ ਅਣਸੌਣੇ ਆਂ।
ਕੱਲਮ ਕੱਲੇ ਬਾਤਾਂ ਮਾਰਾਂ ਫੂਨ ਕੇ ਉਪਰ ਜੀ।
ਹੱਲੇ ਹੋਏ ਦਮਾਕ ਆਲਾ, ਝੱਲ ਮਾਰਾ ਜਿਊਕਰ ਜੀ।
ਦੀਆ ਕੱਢ ਦਬਾਲਾ, ਘਰ ਕਾ ਰੋਜ਼ ਕੀ ਸੈਲਾਂ ਨੇ।
ਅੱਜ ਕੱਲ੍ਹ ਕੇ ਛੋਕਰੇ ਦੀਏ ਪੱਟ ਮੁਬੈਲਾਂ ਨੇ।

ਨੈੱਟ ਚਲਾਮਾ ਸਰਚਾਂ ਮਾਰਾਂ ਪੁੱਠੀਆਂ ਪੁੱਠੀਆਂ ਜੀ।
ਫੇਸਬੁੱਕ ਪਾ ਛਕਲਾਂ ਦੇਖਾਂ, ਜੋ ਆ ਲੁਕੀਆਂ ਜੀ।
ਫਰੈਂਡ ਬਣਾਮਾ ਲਿਖਾਂ ਟੋਟਕੇ ਗਿਣਦੇ ਲੈਕਾਂ ਨੂੰ।
ਬੀਰੋ! ਕਰੋ ਸਲਾਮ ਫੋਕੀਆਂ ਚੈਹਕਾਂ ਮੈਹਕਾਂ ਨੂੰ।
ਪੁਆਧੀ ਨਹੀਂ ਛਕਾਰ ਮਾਰਨਾ ਫੋਕੇ ਫੈਲਾਂ ਨੇ।
ਅੱਜ ਕੱਲ੍ਹ ਕੇ ਛੋਕਰੇ ਦੀਏ ਪੱਟ ਮੁਬੈਲਾਂ ਨੇ।

***-ਚਰਨ ਪੁਆਧੀ, ਅਰਨੌਲੀ***
***ਜਿਲਾ ਕੈਥਲ (ਹਰਿਆਣਾ)***
***ਫੋਨ: 91-99964-25988***

---

## ਜ਼ਿੰਦਗੀ, ਮੌਤ ਤੇ ਰੱਬ

ਜ਼ਿੰਦਗੀ ਕਹੇ ਮੈਂ ਵਿਚ ਅਸਮਾਨੀਂ ਲਾਵਾਂ ਉਡਾਰੀਆਂ।
ਮੌਤ ਕਹੇ ਮੈਂ ਫੜ ਤੇਰੇ ਵਰਗੀਆਂ ਲੱਖਾਂ ਭੁੰਜੇ 'ਤਾਰੀਆਂ।

ਕਸ਼ਮਕਸ਼ ਦੋਹਾਂ 'ਚ ਚੱਲਦੀ ਰਹੀ ਮੁੱਢ ਕਦੀਮ ਤੋਂ
ਫੈਸਲਾ ਹਾਰ-ਜਿੱਤ ਦਾ, ਨਹੀਂ ਕਦੇ ਹੋਇਆ ਹਕੀਮ ਤੋਂ।

ਨਾਸਤਿਕ ਨੂੰ ਨਹੀਂ ਹੈ ਫਿਕਰ ਬਾਹਲਾ ਪਾਪ-ਪੁੰਨ ਦਾ
ਆਸਤਿਕ ਫਿਕਰ 'ਚ ਡੁੱਬਿਆ, ਪੱਕਾ ਰੱਬ ਦੀ ਧੁੰਨ ਦਾ।

ਉਂਜ ਖਿਆਲ ਦੀ ਉਪਜ ਜਾਪਦਾ ਕਾਦਰ ਕੁਦਰਤ ਦਾ
ਪੰਜਾਂ ਤੱਤਾਂ ਦਾ ਸੁਮੇਲ ਸਰੀਰ ਹੈ, ਸੰਗ ਖੇਲ ਸੁਰਤ ਦਾ।

ਰਸਾਇਣਕ ਕਿਰਿਆਵਾਂ ਤੋਂ ਬਣੀ ਸ੍ਰਿਸ਼ਟੀ ਸਾਰੇ ਮੰਨਦੇ
ਵਿਗਿਆਨ ਤੇ ਗੁਰਬਾਣੀ ਵੀ, ਦੋਵੇਂ ਸੰਗ ਹਾਮੀ ਭਰਦੇ।

ਗੋਰਖ ਧੰਧਾ ਧਰਮਾਂ ਨੇ ਖੂਬ ਅੰਧਕਾਰ ਬਣਾਇਆ ਹੈ
ਗੁਰੂਆਂ, ਪੀਰਾਂ, ਫਕੀਰਾਂ ਨੂੰ ਬੱਸ ਸਮਝ ਆਇਆ ਹੈ।

ਰੱਬ ਕਣ ਕਣ ਵਿਚ ਰਚਿਆ ਲੋਕ ਬਾਣੀ ਅੱਜ ਆਖਦੀ
ਬਲਿਹਾਰੀ ਕੁਦਰਤ ਵਸਿਆ ਗੁਰਬਾਣੀ ਸੱਚ ਆਖਦੀ।

***-ਸੇਵਾ ਸਿੰਘ ਨੂਰਪੁਰੀ***

# ਮਾਜੀਦੀ ਰੰਗ: ਰੱਬ ਦੀ ਭਾਲ ਅਤੇ ਇਸ ਦਾ ਸੱਚ

ਵਿਰਾਸਤ-ਏ-ਸਿਨੇਮਾ




ਡਾ. ਕੁਲਦੀਪ ਕੌਰ
ਫੋਨ: +91-98554-04330

***ਡਾ. ਕੁਲਦੀਪ ਕੌਰ ਇਸ ਕਾਲਮ ਰਾਹੀਂ ਸੰਸਾਰ ਸਿਨੇਮਾ ਦੇ ਉਨ੍ਹਾਂ ਫਿਲਮਸਾਜ਼ਾਂ ਦੀ ਸਿਰਜਣਾ ਬਾਰੇ ਸੰਵਾਦ ਰਚਾ ਰਹੇ ਹਨ, ਜਿਨ੍ਹਾਂ ਲਈ ਫਿਲਮਾਂ ਬਣਾਉਣਾ ਸਾਹ ਲੈਣ ਵਾਂਗ ਹੈ। ਐਤਕੀਂ ਇਰਾਨ ਦੇ ਸਰਕਰਦਾ ਫਿਲਮਸਾਜ਼ ਮਾਜਿਦ ਮਾਜੀਦੀ ਦੀ ਫਿਲਮ 'ਕਲਰਜ਼ ਆਫ ਪੈਰਡਾਈਜ਼' ਬਾਰੇ ਚਰਚਾ ਕੀਤੀ ਗਈ ਹੈ। ਮਾਜਿਦ ਮਾਜੀਦੀ ਦੀ ਇਹ ਫਿਲਮ ਰੱਬ ਦੇ ਇਨ੍ਹਾਂ ਰੰਗਾਂ ਦੀ ਖੇਡ ਦੀ ਨਿਆਈਂ ਹੈ। -ਸੰਪਾਦਕ***




ਰੱਬ ਮਨੁੱਖੀ ਸਭਿਅਤਾ ਦਾ ਸਭ ਤੋਂ ਵੱਡਾ ਦਵੰਦ ਰਿਹਾ ਹੈ। ਆਖਿਰ ਕੀ ਹੈ ਰੱਬ? ਬੰਦਾ ਰੱਬ ਨੂੰ ਦਰ-ਦਰ ਕਿਉਂ ਭਾਲਦਾ ਫਿਰਦਾ ਹੈ? ਫਿਰ ਕਿਉਂ ਸਮਾਜ ਅਤੇ ਘਰ-ਪਰਿਵਾਰ ਉਨ੍ਹਾਂ ਬੰਦਿਆਂ ਤੋਂ ਤ੍ਰਹਿੰਦੇ ਹਨ ਜਿਨ੍ਹਾਂ ਵਿਚ ਦੀਨ-ਧਰਮ-ਈਮਾਨ ਤੇ ਰੱਬੀ ਗੁਣਾਂ ਦੀ ਜ਼ਰਾ ਵੀ ਭਿਣਕ ਪੈਂਦੀ ਹੋਵੇ? ਕਿਤੇ ਰੱਬ ਬੰਦੇ ਦੀ ਸਭ ਤੋਂ ਵੱਡੀ ਮਿੱਥ ਤਾਂ ਨਹੀਂ? ਕੀ ਰੱਬ ਨੂੰ ਬੰਦੇ ਦੀ ਕੋਈ ਜ਼ਰੂਰਤ ਹੈ? ਕਿਉਂ ਰੱਬ ਮਨੁੱਖ ਦੀ ਹਸਤੀ ਲਈ ਹੁਣ ਤੱਕ ਵੀ ਇੱਕ ਗੁੰਝਲਦਾਰ ਬੁਝਾਰਤ ਅਤੇ ਗੋਰਖ ਧੰਦਾ ਬਣਿਆ ਹੋਇਆ ਹੈ? ਜਿਵੇਂ ਬੰਦਾ ਰੱਬ ਤੋਂ ਡਰਦਾ ਹੈ, ਕੀ ਰੱਬ ਵੀ ਬੰਦੇ ਤੋਂ ਡਰਦਾ ਹੈ? ਕਿਹੜੀਆਂ ਚੀਜ਼ਾਂ ਨੇ ਜਿਹੜੀਆਂ ਬੰਦੇ ਅਤੇ ਰੱਬ ਦੇ ਵਿਚਕਾਰ ਦੀਵਾਰ ਬਣ ਆ ਖੜ੍ਹਦੀਆਂ ਹਨ? ਕਿਤੇ ਰੱਬ ਕਿਸੇ ਬੰਦੇ ਦਾ ਮੌਤ ਦੇ ਡਰ ਤੋਂ ਨਿਜਾਤ ਪਾਉਣ ਦਾ ਸੰਦ ਤਾਂ ਨਹੀਂ? ਜੇਕਰ ਉਹ ਇੰਨੀ ਹੀ ਓਪਰੀ ਅਤੇ ਅਨੋਖੀ ਪਰ ਜ਼ਰੂਰੀ ਸ਼ੈਅ ਹੈ ਤਾਂ ਉਸ ਦੇ ਨੇੜੇ ਹੋਣ ਦਾ ਦਾਅਵਾ ਕਰਦੇ ਲੋਕ ਖੁਦ ਨੂੰ ਵੀ ਇੱਕ ਛੋਟਾ ਰੱਬ ਹੀ ਕਿਉਂ ਮੰਨ ਲੈਂਦੇ ਹਨ? ਕਿਉਂ ਰੱਬ ਨੂੰ ਪਾਉਣ ਦਾ ਅਸਲ ਰਾਹ ਬੰਦੇ ਦੇ ਦਿਲ ਵਿਚੋਂ ਲੰਘਦਾ ਹੈ? ਜੇਕਰ ਉਹ ਹੀ ਸਰਵ-ਸਮਰੱਥ ਹੈ ਤਾਂ ਉਹ ਬੰਦਿਆਂ ਦੇ ਦਿਲਾਂ ਅੰਦਰ ਨਫਰਤ, ਓਪਰਾਪਣ, ਬੁਰਾਈ, ਝੂਠ, ਮੱਕਾਰੀ ਆਦਿ ਭਰਦਾ ਹੀ ਕਿਉਂ ਹੈ, ਕਿਉਂਕ ਮਨੁੱਖ ਹੋਣ ਦੀ ਪੂਰੀ ਤਕਲੀਫ ਤਾਂ ਇਨ੍ਹਾਂ ਮਾੜੇ ਰੁਝਾਨਾਂ ਦੁਆਰਾ ਹੀ ਨਾਜ਼ਿਲ ਹੁੰਦੀ ਹੈ? ਕੀ ਰੱਬ ਬੰਦਿਆਂ ਨੂੰ ਇਨ੍ਹਾਂ ਦੇ ਚੁੰਗਲ ਵਿਚੋਂ ਆਜ਼ਾਦ ਨਹੀਂ ਕਰ ਸਕਦਾ? ਕਿਤੇ ਇਹ ਤਾਂ ਨਹੀਂ ਕਿ ਰੱਬ ਅਸਲ ਵਿਚ ਸਾਡੇ ਅੰਦਰਲੇ ਡਰਾਂ ਅਤੇ ਸੰਸਿਆਂ ਦੀ ਪਰਛਾਈਂ ਮਾਤਰ ਹੀ ਹੋਵੇ?

ਇਰਾਨੀ ਫਿਲਮਸਾਜ਼ ਮਾਜਿਦ ਮਾਜੀਦੀ ਦੀ ਫਿਲਮ 'ਦਿ ਕਲਰ ਆਫ ਪੈਰਾਡਾਈਜ਼' ਰੱਬ ਦੇ ਇਨ੍ਹਾਂ ਰੰਗਾਂ ਦੀ ਖੇਡ ਦੀ ਨਿਆਈਂ ਹੈ। ਫਿਲਮ ਬਹੁਤ ਹੀ ਸੂਖਮ ਅਤੇ ਸੰਵੇਦਨਸ਼ੀਲ ਤਰੀਕੇ ਨਾਲ ਬਣਾਈ ਗਈ ਹੈ ਜਿਸ ਨੂੰ ਕੁਝ ਹੱਦ ਤੱਕ ਕੈਮਰੇ ਨਾਲ ਸੁਣਾਈ ਕਵਿਤਾ ਦਾ ਲਕਬ ਦਿੱਤਾ



ਜਾ ਸਕਦਾ ਹੈ। ਕਹਾਣੀ ਇਕ ਬੱਚੇ ਮੁਹੰਮਦ (ਮੋਹਿਸਨ ਰਮਜ਼ਾਨੀ) ਦੀ ਹੈ ਜਿਸ ਨੂੰ ਅੱਖਾਂ ਤੋਂ ਦਿਖਾਈ ਨਹੀਂ ਦਿੰਦਾ ਪਰ ਉਹ ਆਪਣੀਆਂ ਧੜਕਣਾਂ ਨਾਲ ਆਪਣੇ ਆਸ-ਪਾਸ ਦੇ ਜੀਅ-ਜੰਤੂਆਂ ਦੀ ਵੇਦਨਾ ਅਤੇ ਦਰਦ ਨਾ ਸਿਰਫ ਮਹਿਸੂਸ ਕਰ ਸਕਦਾ ਹੈ ਸਗੋਂ ਆਪਣੀ ਬਣਦੀ ਸਮਰੱਥਾ ਅਨੁਸਾਰ ਉਨ੍ਹਾਂ ਦੀ ਮਦਦ ਕਰਨ ਦੀ ਕੋਸ਼ਿਸ਼ ਵੀ ਕਰਦਾ ਹੈ। ਉਹ ਖਾਸ ਜ਼ਰੂਰਤਾਂ ਵਾਲੇ ਬੱਚਿਆਂ ਦੇ ਸਕੂਲ ਦੇ ਹੋਸਟਲ ਵਿਚ ਰਹਿੰਦਾ ਹੈ। ਇਸ ਸਕੂਲ ਦਾ ਡਾਇਰੈਕਟਰ ਮਾਜਿਦ ਮਾਜੀਦੀ ਹੀ ਹੈ ਜਿਹੜਾ ਇਨ੍ਹਾਂ ਬੱਚਿਆਂ ਨੂੰ ਬਰੇਲ (ਨੇਤਰਹੀਣਾਂ ਲਈ ਤਿਆਰ ਖਾਸ ਲਿਪੀ) ਰਾਹੀਂ ਪੜ੍ਹਾ ਕੇ ਉਨ੍ਹਾਂ ਦੀ ਜ਼ਿੰਦਗੀ ਵਿਚ ਨਵੇਂ ਰੰਗ ਭਰਨਾ ਚਾਹੁੰਦਾ ਹੈ। ਛੁੱਟੀਆਂ ਵਿਚ ਮੁਹੰਮਦ ਦਾ ਪਿਤਾ ਉਸ ਨੂੰ ਲੈਣ ਆਉਂਦਾ ਹੈ ਪਰ ਅਸਲ ਵਿਚ ਉਹ ਚਾਹੁੰਦਾ ਹੈ ਕਿ ਉਹ ਮੁਹੰਮਦ ਨੂੰ ਕਿਤੇ ਬਹੁਤ ਦੂਰ ਛੱਡ ਆਵੇ, ਕਿਉਂਕਿ ਦੇਖਣ ਦੀ ਸਮਰੱਥਾ ਨਾ ਹੋਣ ਕਾਰਨ ਉਹ ਆਪਣੇ ਮੁੰਡੇ ਨੂੰ ਆਪਣੇ ਉਤੇ ਬੋਝ ਸਮਝਦਾ ਹੈ। ਉਸ ਦੇ ਮਨ ਵਿਚ ਇਹ ਗੱਲ ਵੀ ਘਰ ਕਰ ਚੁੱਕੀ ਹੈ ਕਿ ਉਸ ਦੀ ਵਹੁਟੀ ਦੀ ਮੌਤ ਲਈ ਵੀ ਇਹੀ ਬੱਚਾ ਜ਼ਿੰਮੇਵਾਰ ਹੈ। ਦੂਜਾ ਸੱਚ ਇਹ ਕਿ ਦਰਅਸਲ ਉਹ ਹੁਣ ਇੱਕ ਅਮੀਰ ਔਰਤ ਨਾਲ ਵਿਆਹ ਕਰਵਾ ਕੇ ਖੁਸ਼ਹਾਲੀ ਦੀ ਜ਼ਿੰਦਗੀ ਜਿਊਣਾ ਚਾਹੁੰਦਾ ਹੈ। ਇਸ ਲਈ ਮੁਹੰਮਦ ਦਾ ਉਸ ਦੀ ਜ਼ਿੰਦਗੀ ਵਿਚੋਂ ਰੁਖਸਤ ਹੋਣਾ ਜ਼ਰੂਰੀ ਹੈ, ਕਿਉਂਕਿ ਉਸ ਨੇ ਆਪਣੀ ਹੋਣ ਵਾਲੀ ਪਤਨੀ



ਨੂੰ ਇਸ ਮੁੰਡੇ ਬਾਰੇ ਕੁਝ ਵੀ ਨਹੀਂ ਦੱਸਿਆ ਹੋਇਆ। ਉਹ ਮੁਹੰਮਦ ਨੂੰ ਲੈ ਕੇ ਸਮਾਜ ਵਿਚ ਸ਼ਰਮਿੰਦਗੀ ਮਹਿਸੂਸ ਕਰਦਾ ਹੈ। ਦੂਜੇ ਪਾਸੇ ਮੁਹੰਮਦ ਵਿਚ 'ਕੁਦਰਤ' ਦੇ ਸਾਰੇ ਰੰਗ ਹਨ। ਉਸ ਦਾ ਦਿਲ ਦਰਦਮੰਦੀ ਨਾਲ ਭਰਿਆ ਹੋਇਆ ਹੈ ਜਿਹੜਾ ਦੂਜਿਆਂ ਦਾ ਦੁੱਖ ਅਤੇ ਪੀੜ ਰਤਾ ਵੀ ਨਹੀਂ ਜਰ ਸਕਦਾ। ਉਸ ਨੂੰ ਚਿੜੀਆਂ, ਗੁਟਾਰਾਂ, ਕਬੂਤਰਾਂ, ਪੌਦਿਆਂ ਤੇ ਆਪਣੀ ਦਾਦੀ ਸਾਰਿਆਂ ਦੇ ਦਿਲਾਂ ਦਾ ਅਹਿਸਾਸ ਹੈ।

ਇਹ ਫਿਲਮ ਦੇਖਣ, ਸਮਝਣ, ਮਹਿਸੂਸ ਕਰਨ ਤੋਂ ਅੱਗੇ ਦੀ ਫਿਲਮ ਹੈ। ਮੁਹੰਮਦ ਦੇਖ ਨਹੀਂ ਸਕਦਾ। ਉਸ ਦੀ ਸਾਰੀ ਦੁਨੀਆ ਛੂਹ ਦੇ ਆਲੇ-ਦੁਆਲੇ ਘੁੰਮਦੀ ਹੈ। ਕੀ ਅਸੀਂ ਹੁਣ ਤੱਕ ਦੁਨੀਆ ਨੂੰ ਜਿੰਨਾ ਵੀ ਦੇਖ ਕੇ ਸਮਝਿਆ ਤੇ ਪਰਖਿਆ ਹੈ, ਉਹ ਸਾਰਾ ਝੂਠ ਹੀ ਤਾਂ ਨਹੀਂ? ਕੀ ਛੂਹ ਕੇ ਅਸੀਂ ਚੀਜ਼ਾਂ ਨੂੰ ਜ਼ਿਆਦਾ ਵਧੀਆ ਤਰੀਕੇ ਨਾਲ ਨਹੀਂ ਸਮਝ ਸਕਦੇ?

ਕੀ ਛੂਹ ਸਾਡੀਆਂ ਕਲਪਨਾਵਾਂ ਨੂੰ ਨਵਾਂ ਮੋੜ ਨਹੀਂ ਦੇ ਦਿੰਦੀ? ਇਸ ਫਿਲਮ ਵਿਚ ਮੁਹੰਮਦ ਆਪਣੇ ਅਧਿਆਪਕ ਤੋਂ ਪੁੱਛਦਾ ਹੈ ਕਿ ਜੇ ਰੱਬ ਹਰ ਜਗ੍ਹਾ ਹੈ ਤਾਂ ਉਸ ਨੇ ਮੈਨੂੰ ਉਸ ਨੂੰ ਦੇਖਣ ਤੋਂ ਵਾਂਝਿਆ ਕਿਉਂ ਰੱਖਿਆ ਹੈ? ਜਵਾਬ ਵਿਚ ਉਸ ਦਾ ਅਧਿਆਪਕ ਉਸ ਨੂੰ ਦੱਸਦਾ ਹੈ ਕਿ ਰੱਬ ਚਾਹੁੰਦਾ ਹੈ, ਤੂੰ ਉਸ ਨੂੰ ਛੂਹ ਕੇ ਅਤੇ ਸੁਣ ਕੇ ਦੇਖੇ। ਮੁਹੰਮਦ ਲਈ ਕੁਦਰਤ ਦੀ ਹਰ ਸ਼ੈਅ 'ਰੱਬ' ਬਣ ਜਾਂਦੀ ਹੈ।

ਮੁਹੰਮਦ ਦੀ ਦਾਦੀ ਅਤੇ ਦੋ ਭੈਣਾਂ ਲਈ ਉਹ ਰੱਬ ਦਾ ਬੰਦਾ ਹੈ। ਉਨ੍ਹਾਂ ਲਈ ਉਹ ਭਰਿਆ-ਭੁਕੰਨਾ ਇਨਸਾਨ ਹੈ ਅਤੇ ਉਹ ਉਸ ਨੂੰ ਪਿਤਾ ਦੀ ਬੇਰੁਖੀ ਤੇ ਕੁੜੱਤਣ ਤੋਂ ਬਚਾਉਣ ਦੀ ਹਰ ਸੰਭਵ ਕੋਸ਼ਿਸ਼ ਕਰਦੀਆਂ ਹਨ ਪਰ ਪਿਤਾ ਦਾ ਰੱਬ ਕਿਤੇ ਖੋ ਗਿਆ ਹੈ। ਉਸ ਦਾ ਦਿਲ ਸਵਾਰਥ, ਪੈਸੇ ਦੀ ਹਵਸ ਅਤੇ ਦੁਨੀਆਦਾਰੀ ਨੇ ਅੰਨ੍ਹਾ ਕਰ ਦਿੱਤਾ ਹੈ। ਉਸ ਨੂੰ ਇਹ ਅੰਦਾਜ਼ਾ ਹੀ ਨਹੀਂ ਕਿ ਉਹ ਕਿਵੇਂ ਜਿਉਂ-ਜਿਉਂ ਮੁਹੰਮਦ ਨੂੰ ਖੁਦ ਤੋਂ ਦੂਰ ਕਰ ਰਿਹਾ ਹੈ, ਉਸ ਦੇ ਅੰਦਰਲਾ ਰੱਬ ਉਸ ਨਾਲ ਰੁੱਸ ਰਿਹਾ ਹੈ।

ਇਸ ਸਾਰੇ ਵਰਤਾਰੇ ਵਿਚ ਕੁਦਰਤ ਆਪਣੀ ਚਾਲ ਚੱਲ ਰਹੀ ਹੈ। ਉਨ੍ਹਾਂ ਦੇ ਪਿੰਡ ਅਤੇ ਖੇਤਾਂ ਵਿਚ ਕਣਕਾਂ ਪੱਕ ਰਹੀਆਂ ਹਨ, ਹਵਾ ਆਪਣੀ ਪੂਰੀ ਕੋਮਲਤਾ ਨਾਲ ਵਗ ਰਹੀ ਹੈ, ਧੁੱਪ ਆਪਣਾ ਨਿੱਘ ਸਾਰੇ ਚਿਹਰਿਆਂ ਉਤੇ ਬਿਨਾ ਕਿਸੇ ਭੇਦਭਾਵ ਖਿਲਾਰਦੀ ਜਾ ਰਹੀ ਹੈ। ਰਾਹਾਂ ਵਿਚ ਕੋਈ ਸੰਗੀਤ ਵੱਜਦਾ ਹੈ ਜਿਸ ਨਾਲ ਦਿਲਾਂ ਦੀਆਂ ਸਾਰੀਆਂ ਰਗਾਂ ਖਿੱਚੀਆਂ ਜਾਂ ਰਹੀਆਂ ਹਨ। ਕਿਤੇ ਨਾ ਕਿਤੇ ਕੋਈ ਨਾ ਕੋਈ ਇਸ ਨੂੰ ਦੇਖਦਾ, ਸੁਣਦਾ, ਗਾਉਂਦਾ ਅਤੇ ਮਾਣਦਾ ਹੈ ਪਰ ਪਿਤਾ ਦਾ ਦਿਲ ਦਿਨੋ-ਦਿਨ ਸੁੰਗੜ ਰਿਹਾ। ਆਖਿਰ ਨੂੰ ਉਹ ਦਿਨ ਵੀ ਆਉਂਦਾ ਹੈ ਜਦੋਂ ਮੁਹੰਮਦ ਦੀ ਜਾਨ ਖਤਰੇ ਵਿਚ ਹੈ।

ਉਹ ਤੂਫਾਨ ਵਿਚ ਘਿਰਿਆ ਡੁੱਬ ਰਿਹਾ ਹੈ। ਪਿਤਾ ਸਾਹਮਣੇ ਉਸ ਨੂੰ ਮਰਦਾ ਛੱਡ ਦੇਣ ਦਾ ਮੌਕਾ ਹੈ। ਪਿਤਾ ਦਾ ਇੱਕ ਫੈਸਲਾ ਉਸ ਦੀ ਉਮਰਾਂ ਦੀ ਗਿਲਾਨੀ ਅਤੇ 'ਅੰਨ੍ਹੇ



*ਮਾਜਿਦ ਮਜੀਦੀ*

ਪੁੱਤ' ਦਾ ਪਿਉ ਹੋਣ ਦੀ ਸ਼ਰਮ ਨੂੰ ਧੋ ਸਕਦਾ ਹੈ ਪਰ ਕੁਦਰਤ ਉਸ ਨੂੰ ਇੱਕ ਹੋਰ ਮੌਕਾ ਦਿੰਦੀ ਹੈ। ਪਰਖ ਦੀ ਇਸ ਘੜੀ ਵਿਚ ਉਸ ਨੇ ਖੁਦ ਨੂੰ ਡੁੱਬਣ ਤੋਂ ਬਚਾਉਣਾ ਹੈ ਅਤੇ ਉਹ ਆਪਣੀ ਜਾਨ ਦਾਅ ਤੇ ਲਾ ਕੇ ਮੁਹੰਮਦ ਦੀ ਜਾਨ ਬਚਾ ਲੈਂਦਾ ਹੈ। ਉਸ ਨੂੰ ਭਾਸਦਾ ਹੈ ਕਿ ਉਸ ਨੇ ਆਪਣੇ ਅੰਦਰਲਾ ਰੱਬ ਅੱਜ ਬਚਾ ਲਿਆ।

# ਰੋਮਾਂਚ ਪਸੰਦ ਅਦਾਕਾਰਾ ਰਾਧਿਕਾ ਆਪਟੇ



ਅਦਾਕਾਰਾ ਰਾਧਿਕਾ ਆਪਟੇ ਦਾ ਕਹਿਣਾ ਹੈ ਕਿ ਦਰਸ਼ਕ ਵਜੋਂ ਉਸ ਨੂੰ ਥ੍ਰਿਲਰ ਕਹਾਣੀਆਂ ਬਹੁਤ ਪਸੰਦ ਹਨ ਅਤੇ ਉਸ ਦੀ ਨਵੀਂ ਫਿਲਮ 'ਰਾਤ ਅਕੇਲੀ ਹੈ' ਵੀ ਅਜਿਹੀ ਕਹਾਣੀ ਹੈ ਜਿਸ ਦੇ ਅੰਤ ਤੱਕ ਭੇਤ ਬਰਕਰਾਰ ਰਹਿੰਦਾ ਹੈ। ਇਸ ਫਿਲਮ ਵਿਚ ਉਤਰੀ ਭਾਰਤ ਦੇ ਇੱਕ ਛੋਟੇ ਜਿਹੇ ਕਸਬੇ ਦੇ ਪੁਲਿਸ ਮੁਲਾਜ਼ਮ ਜਿਸ ਦੀ ਭੂਮਿਕਾ ਨਵਾਜ਼ੂਦੀਨ ਸਿੱਦੀਕੀ ਨੇ ਨਿਭਾਈ ਹੈ, ਨੂੰ ਇੱਕ ਸਿਆਸਤਦਾਨ ਦੀ ਮੌਤ ਦੀ ਜਾਂਚ ਸਬੰਧੀ ਤਲਬ ਕੀਤਾ ਜਾਂਦਾ ਹੈ। ਇਹ ਫਿਲਮ 31 ਜੁਲਾਈ ਨੂੰ ਨੈੱਟਫਲਿਕਸ 'ਤੇ ਰਿਲੀਜ਼ ਕੀਤੀ ਗਈ ਹੈ।

ਰਾਧਿਕਾ ਆਪਟੇ ਜਿਸ ਦਾ ਜਨਮ 7 ਸਤੰਬਰ 1985 ਨੂੰ ਹੋਇਆ। ਉਸ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਥੀਏਟਰ ਤੋਂ ਕੀਤੀ। ਉਸ ਦੀ ਪਹਿਲੀ ਹਿੰਦੀ ਫਿਲਮ 'ਵਾਹ! ਲਾਈਫ ਹੋ ਤੋ ਐਸੀ!' ਸੀ ਜੋ ਸਾਲ 2005 ਵਿਚ ਰਿਲੀਜ਼ ਹੋਈ ਸੀ। ਇਸ ਫਿਲਮ ਵਿਚ ਉਸ ਦਾ ਰੋਲ ਤਾਂ ਭਾਵੇਂ ਬਹੁਤ ਛੋਟਾ ਜਿਹਾ ਸੀ ਪਰ ਉਸ ਨੇ ਆਪਣੀ ਅਦਾਕਾਰੀ ਨਾਲ ਸਭ ਦਾ ਧਿਆਨ ਖਿੱਚਿਆ। ਇਸ ਤੋਂ ਬਾਅਦ ਤਾਂ ਫਿਰ ਚੱਲ ਸੋ ਚੱਲ! ਉਸ ਨੇ ਹਿੰਦੀ ਫਿਲਮਾਂ ਤੋਂ ਇਲਾਵਾ ਮਰਾਠੀ, ਤਾਮਿਲ, ਤੇਲਗੂ, ਮਲਿਆਲਮ, ਬੰਗਲਾ ਤੇ ਅੰਗਰੇਜ਼ੀ ਫਿਲਮਾਂ ਵਿਚ ਵੀ ਕੰਮ ਕੀਤਾ। ਰਾਧਿਕਾ ਆਪਟੇ ਦਾ ਜਨਮ ਵੈਲੋਰ (ਤਾਮਿਲ ਨਾਡੂ) ਵਿਚ ਹੋਇਆ। ਉਸ ਦੇ ਮਾਪੇ ਡਾਕਟਰ ਸਨ ਪਰ ਉਸ ਨੂੰ ਹਿਸਾਬ ਅਤੇ ਅਰਥ-ਸ਼ਾਸਤਰ ਵਿਚ ਵਧੇਰੇ ਰੁਚੀ ਸੀ। ਮਗਰੋਂ ਉਸ ਨੇ ਹਿਸਾਬ ਅਤੇ ਅਰਥ ਸ਼ਾਸਤਰ ਦੀ ਗਰੈਜੂਏਸ਼ਨ ਪੁਣੇ ਦੇ ਫਰਗੁਸਨ ਕਾਲਜ ਤੋਂ ਕੀਤੀ। ਉਂਜ, ਉਸ ਨੇ ਅਦਾਕਾਰੀ ਨੂੰ ਆਪਣੇ ਕਰੀਅਰ ਵਜੋਂ ਚੁਣਿਆ।

ਫਿਲਮ ਸਨਅਤ ਵਿਚ ਰਾਧਿਕਾ ਆਪਟੇ ਨੂੰ ਦਲੇਰ ਅਦਾਕਾਰਾ ਵਜੋਂ ਜਾਣਿਆ ਜਾਂਦਾ ਹੈ। ਉਸ ਦੀ ਦਲੇਰੀ ਇਸ ਗੱਲ ਤੋਂ ਝਲਕਦੀ ਹੈ ਕਿ ਉਹਨੇ ਫਿਲਮ ਸਨਅਤ ਵਿਚ ਕੁੜੀਆਂ ਦੇ ਸਰੀਰਕ ਸ਼ੋਸ਼ਣ ਨੂੰ ਮੁੱਦਾ ਬਣਾਇਆ। ਇਸ ਪੱਖੋਂ ਸਾਰੇ ਉਸ ਦੀ ਬਹੁਤ ਤਾਰੀਫ ਕਰਦੇ ਹਨ ਅਤੇ ਕਹਿੰਦੇ ਹਨ ਕਿ ਅਜਹੀਆਂ ਦਲੇਰ ਕੁੜੀਆਂ ਹੀ ਸਮਾਜ ਵਿਚੋਂ ਜ਼ਿਆਦਤੀਆਂ ਖਤਮ ਕਰ ਸਕਦੀਆਂ ਹਨ। ***-ਆਮਨਾ ਕੌਰ***


Tel.: 317-426-5410
Ext 311 or 340
XPressCargo
Cell : 317-701-4230
Fax : 317-308-6424
Pay Every Week
Single upto 42 Cent + Team Upto 50 Cent
100%
OWNER OPERATOR COMPANY
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ
XPressCargo
ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।
2330 Enterprise Park Dr., Indianapolis, IN 46218
Online Application @ www.xpresscargoinc.com